# ਸ੍ਰੀ ਸੂਤਰ ਕ੍ਰਿਤਾਂਗ ਸੂਤਰ
## (SHRI SUTTAR KRITANG SUTTAR)

(ਪੰਜਾਬੀ ਅਨੁਵਾਦ, ਟਿਪਣੀਆਂ ਅਤੇ ਜੈਨ ਧਰਮ ਦੀ ਸੰਖੇਪ ਜਾਣਕਾਰੀ)

ਪ੍ਰੇਰਿਕਾ :
ਜਿਨ ਸ਼ਾਸਕ ਪ੍ਰਭਾਵਿਕਾ ਜੈਨ ਜਯੋਤੀ ਉਪਪ੍ਰਵਤਨੀ,
ਸ੍ਰੀ ਸਵਰਨ ਕਾਂਤਾ ਜੀ ਮਹਾਰਾਜ



ਅਨੁਵਾਦਕ :
ਰਵਿੰਦਰ ਜੈਨ  ਪੁਰਸ਼ੋਤਮ ਜੈਨ

ਪ੍ਰਕਾਸ਼ਕ :
25ਵੀਂ ਮਹਾਵੀਰ ਨਿਰਵਾਨ ਸ਼ਤਾਵਦੀ ਸੰਯੋਜਿਕਾ ਸਮਿਤੀ (ਪੰਜਾਬ)
ਵਿਮਲ ਕੋਲ ਡਿਪੂ, ਪੁਰਾਣਾ ਬਸ ਸਟੈਂਡ
ਮਹਾਵੀਰ ਸਟਰੀਟ, ਮਾਲੇਰਕੋਟਲਾ (ਸੰਗਰੂਰ)

# ਅਭਿਨੰਦਨ

**ਜੈਨ ਅਚਾਰਿਆ 'ਸ੍ਰੀ ਸ਼ੁਸੀਲ ਕੁਮਾਰ ਜੀ ਮਹਾਰਾਜ**

## ਗੋਲਮੇਜ ਕਾਨਫਰੰਸ ਤੇ ਅਹਿੰਸਾ

ਸ੍ਰੀ ਸੁਤੱਰਕ੍ਰਿਤਾਗ ਜੈਨ ਆਗਮ ਤਾਂ ਹੈ ਪਰ ਇਕ ਦਾਰਸ਼ਨਿਕ ਕ੍ਰਿਤ ਵੀ ਹੈ। ਸਾਰੇ ਦਰਸ਼ਨਾਂ ਅਤੇ ਧਰਮਾਂ ਸਿਧਾਂਤਾ ਦਾ ਵਿਵੇਚਨ ਸ੍ਰੀ ਸੂਤਰ ਕ੍ਰਿਤਾਗ ਸੂਤਰ ਦਾ ਵਿਸ਼ੇ ਰਿਹਾ ਹੈ। ਜਿਥੋਂ ਤਕ ਇਸ ਗ੍ਰੰਥ ਦੇ ਸਵਰੂਪ ਦੀ ਗੱਲ ਹੈ ਇਸ ਬਾਰੇ ਆਖਿਆ ਜਾ ਸਕਦਾ ਹੈ ਕਿ ਗੋਲਮੇਜ ਕਾਨਫਰੰਸ ਦੇ ਵਿਚਾਰ ਦਾ ਪੁਰਾਤਨ ਇਤਿਹਾਸ ਸ੍ਰੀ ਸੁਤਰਕ੍ਰਿਤਾਂਗ ਸੂਤਰ ਵਿਚ ਵੇਖਿਆ ਜਾ ਸਕਦਾ ਹੈ, ਜਿਸ ਵਿਚ ਕਿਹਾ ਗਿਆ ਹੈ ਜਿਨੇ ਵੀ ਪਾਵਦੂਕ (ਦਾਰਸ਼ਨਿਕ ਮੱਤ) ਵਾਲੇ ਹਨ ਉਹ ਇਕ ਗੋਲਮੇਜ ਕਾਨਫਰੰਸ ਕਰਕੇ ਬੈਠਦੇ ਹਨ। ਉਥੇ ਪ੍ਰਸ਼ਨ ਉਠਦਾ ਹੈ "ਅਹਿੰਸਾ ਨੂੰ ਕਿਉਂ ਸਵੀਕਾਰ ਕੀਤਾ ਜਾਵੇ ?" ਸਮਾਧਾਨ ਹੈ "ਸੰਸਾਰ ਦੇ ਸਾਰੇ ਪ੍ਰਾਣੀ ਸੁੱਖ ਚਾਹੁੰਦੇ ਹਨ ਦੁੱਖ ਨਹੀਂ ਚਾਹੁੰਦੇ।" ਅੱਗ ਨੂੰ ਛੂਹਣ ਨਾਲ ਜੋ ਪੀੜ ਹੋਵੇਗੀ ਉਹ ਕਿਸੇ ਇਕ ਫਿਰਕੇ ਵਾਲੇ ਨੂੰ ਨਹੀਂ, ਸਗੋਂ ਜਿਥੇ ਵੀ ਪ੍ਰਾਣੀ ਮਾਤਰ ਹੈ ਉਥੇ ਅੱਗ ਦੇ ਸਪਰਸ਼ ਨਾਲ ਪੀੜ ਨਿਸ਼ਚਿਤ ਹੈ। ਅਹਿੰਸਾ ਸਾਰੇ ਧਰਮਾਂ ਦਾ ਮੂਲ ਇਸ ਲਈ ਹੈ ਕਿ ਅਹਿੰਸਾਂ ਦਾ ਆਧਾਰ ਖਾਲੀ ਮਨੁੱਖ ਦਾ ਹੀ ਜੀਵਨ ਨਹੀਂ ਸੰਸਾਰ ਦੇ ਸਾਰੇ ਜੀਵਨ ਦਾ ਮੂਲ ਕੇਂਦਰ ਹੈ। ਜੀਵਨ ਨੂੰ ਮਹਿਸੂਸ ਕੀਤੇ ਬਿਨ੍ਹਾਂ ਧਰਮ ਦੀ ਧਾਰਨਾ ਟਿਕਾਈ ਨਹੀਂ ਜਾ ਸਕਦੀ।

## ਆਤਮਾ ਤੇ ਕਰਮ

"ਜੋ ਤੁਹਾਡੀ ਆਤਮਾ ਦੇ ਉੱਲਟ ਜਾਂਦਾ ਹੈ ਉਹ ਵਿਵਹਾਰ ਹੋਰ ਜੀਵਾਂ ਨਾਲ ਨਾ ਕਰੋ" ਇਹ ਇਕ ਸਿਧਾਂਤ ਸਥਾਪਿਤ ਹੋ ਗਿਆ। ਜੋ ਸ੍ਰੀ ਸੂਤਰ ਕ੍ਰਿਤਾਗ ਵਿਚ ਈਸ਼ਵਰ ਕਰਤਾ ਦੀ ਗੱਲ ਆਈ ਉਸ ਦੇ ਨਾਲ ਕਰਮ ਦੀ ਗੱਲ ਵੀ ਆ ਗਈ। "ਕਿਉਂਕਿ ਪ੍ਰਮਾਤਮਾ ਫੈਸਲਾ ਕਰਨ ਵਾਲਾ ਹੈ" ਇਹ ਮੰਨਣ ਤੇ ਪਰੇਸ਼ਾਨੀ ਆਵੇਗੀ। ਪਰ ਕਰਮ ਦੀ ਗੱਲ ਹਰ ਜੀਵਨ, ਹਰ ਸਥਿਤੀ ਨਾਲ ਜੁੜੀ ਹੋਈ ਹੈ। ਦਰਅਸਲ ਆਰਹਤ ਧਰਮ (ਜੈਨ ਧਰਮ) ਵਿਚ ਵਿਅਕਤੀ ਦਾ ਮੂਲ ਆਦਰਸ਼ ਹੈ, ਵਿਅਕਤੀ ਵਿਚ ਛਿਪੇ ਆਤਮ ਤੱਤਵ ਨੂੰ ਪ੍ਰਕਾਸ਼ਿਤ ਕਰਨਾ। ਆਤਮਾ ਪ੍ਰਮਾਤਮਾ ਹੈ ਅਤੇ ਇਹੋ ਨਹੀਂ, ਜੋ ਇਕ ਨੂੰ ਜਾਣਦਾ ਹੈ ਉਹ ਸਭ ਨੂੰ ਜਾਣਦਾ ਹੈ ਹੁਣ ਇਸ ਤੱਥ ਨੂੰ ਢੂੰਡਦੇ ਜਾਵੋ, ਜਿਵੇਂ ਜਿਵੇਂ ਆਪ ਇਕ ਨੂੰ ਸਮਝ ਜਾਵੋਗੇ। ਸਭ ਕੁਝ ਸਾਹਮਣੇ ਆ ਜਾਵੇਗਾ, ਜਦ ਸਭ ਨੂੰ ਢੂੰਡਗੇ ਤਾਂ ਇਕ ਖੁਲ ਜਾਵੇਗਾ। ਇਕ ਅਤੇ ਸਭ ਵਿਚ ਅਸੀਂ ਅੰਤਰ ਨਹੀਂ ਕਰ ਸਕਦੇ। ਇਹ ਸਿਧਾਂਤ ਇਕ ਕਸੌਟੀ ਬਣ ਗਿਆ ਹੈ।

ਹੁਣ ਇਕ ਨੂੰ ਜਾਨਣਾ ਕਿ ਹੈ ? ਪਰਿਆਏ (ਅਵਸਥਾ) ਨੂੰ ਜਾਨਣਾ, ਪਰਿਆਏ ਦੇ ਕਿਸੇ ਭਾਗ ਨੂੰ ਜਾਨਣਾ। ਉਸ ਤੋਂ ਬਾਅਦ ਡੂੰਘੇ (ਆਤਮਾ) ਉਤਰਦੇ ੨ ਉਥੋਂ ਤਕ ਪੁਜ ਜਾਣਾ, ਜਿਸ ਤੋਂ ਬਾਅਦ ਕੁਝ ਬਚਦਾ ਨਹੀਂ। ਜੇ ਇਕ ਵਸਤੂ ਨੂੰ ਜਾਣਦੇ ੨ ਉਸ ਵਸਤੂ ਨੂੰ ਅੰਤ ਤੱਕ ਪਹੁੰਚ ਗਏ ਤਾਂ ਕੋਈ ਵਸਤੂ ਤੁਹਾਡੀ ਅੱਖ ਤੋਂ ਓਝਲ ਨਹੀਂ ਰਹਿ ਸਕਦੀ।

## ਦਾਰਸ਼ਨਿਕ ਚਰਚਾਵਾਂ ਅਤੇ ਭਾਸ਼ਾ ਮਹੱਤਵ

ਸ੍ਰੀ ਸੂਤਰ ਕ੍ਰਿਤਾਂਗ ਵਿਚ ਦਾਰਸ਼ਨਿਕ ਚਰਚਾਵਾਂ ਰਾਹੀਂ ਜੋ ਸਿਧਾਂਤ ਨੂੰ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਉਹ ਬਹੁਤ ਬੜੀ ਗੱਲ ਹੈ। ਪੰਜਾਬ ਦੇ ਲੋਕ ਸਾਹਿਤ ਵਿਚ ਇਸ ਨੂੰ ਪ੍ਰਕਾਸ਼ ਵਿਚ ਲੈ ਆਉਣ ਦੀ ਕੋਸ਼ਿਸ਼ ਕੋਈ ਛੋਟਾ ਕੰਮ ਨਹੀਂ ਸੀ। ਭਗਵਾਨ ਮਹਾਵੀਰ ਦਾ ਦ੍ਰਿਸ਼ਟੀਕੋਨ ਸੀ ਭਾਸ਼ਾ ਤਾਂ ਸਿਰਫ ਸੰਸਾਰ ਦੀ ਵਰਤੋਂ ਲਈ ਹੀ ਨਹੀਂ ਹੈ ਅਸੀਂ ਆਪਣੇ ਮਨ ਦੀ ਗੱਲ ਦੂਸਰੇ ਲੋਕਾਂ ਤੱਕ ਪਹੁੰਚ ਸਕੀਏ। ਭਾਸ਼ਾ ਦਾ ਇਸ ਉਦੇਸ਼ ਲਈ ਪ੍ਰਯੋਗ ਕੀਤਾ ਜਾਂਦਾ ਹੈ। ਭਾਸ਼ਾ ਅੰਹਕਾਰ ਦੀ ਵਸਤੂ ਨਹੀਂ। ਭਾਸ਼ਾ ਵਿਚਾਰ ਵਟਾਂਦਰੇ ਦੀ ਚੀਜ਼ ਹੈ। ਲੋਕ ਭਾਸ਼ਾਵਾਂ ਜੋ ਵਿਚਾਰ ਵਟਾਦਰਾਂ ਚੰਗਾ ਹੋ ਸਕਦਾ ਹੈ, ਜੇ ਆਪਣੇ ਵਿਚਾਰਾਂ ਨੂੰ ਲੋਕ ਜੀਵਨ ਤੱਕ ਜਲਦ ਪਹੁੰਚਾਇਆ ਜਾ ਸਕਦਾ ਹੈ ਤਾਂ ਲੋਕ ਭਾਸ਼ਾ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਭਗਵਾਨ ਮਹਾਵੀਰ ਨੇ ਭਾਸ਼ਾ ਦੇ ਮਹੱਤਵ ਨੂੰ ਸਵੀਕਾਰ ਕੀਤਾ। ਭਗਵਾਨ ਮਹਾਵੀਰ ਚਾਹੁੰਦੇ ਸਨ ਕਿ ਭਾਸ਼ਾ, ਗੋਤਰ ਜਾਤਿ ਦਾ ਅਹੰਕਾਰ ਦੂਰ ਕਰਕੇ, ਮਨੁੱਖ ਤੇ ਹੋਰ ਜੀਵਾਂ ਵਿਚਕਾਰ ਅਸਮਾਨਤਾ ਤੇ ਨਫਰਤ ਦੀ ਰੇਖਾ ਨੂੰ ਸਮਾਪਤ ਕੀਤਾ ਜਾਵੇ।

## ਈਸ਼ਵਰ ਕਰਤਾ ਬਾਰੇ ਜੈਨ ਧਰਮ ਦੇ ਵਿਚਾਰ

ਜੇ ਮੇਰੇ ਪਾਸੋਂ ਕੋਈ ਪੁਛੇ ਕਿ ਜੈਨ ਧਰਮ ਦਾ ਕੋਈ ਹੋਰ ਸ਼ਬਦ ਦਸੋ। ਤਾਂ ਮੈਂ ਆਖਾਂਗਾ ਈਕੋਲਜੀ (ਜੀਵਾਂ ਦਾ ਆਪਸੀ ਸਹਿਯੋਗ) ਈਕੋਲਜੀ ਦੀ ਗੱਲ ਨਾਲ ਅਸੀਂ ਹੀ ਅਹਿੰਸਾ ਤੇ ਜੈਨ ਧਰਮ ਦੀ ਗੱਲ ਸਮਝ ਸਕਦੇ ਹਾਂ।

ਕੁਝ ਦਿਨਾਂ ਦੀ ਗੱਲ ਹੈ ਮੈਂ ਨਿਉਜਰਸੀ (ਯੂ ਐਸ ਏ) ਵਿਖੇ ਇਕ ਧਾਰਮਿਕ ਸੰਮੇਲਨ ਵਿਚ ਗਿਆ। ਉਥੇ ਸੰਸਾਰ ਦੇ 96 ਦੇਸ਼ਾਂ ਦੇ ਭਿੰਨ ੨ ਧਰਮਾਂ ਦੇ ਪ੍ਰਤੀਨਿਧੀ ਬੈਠੇ ਸਨ। ਇਸ ਵਿਚ ਇਜਰਾਈਲ, ਮਰਾਕੋ ਦੇ ਮੁਸਲਮਾਨ ਤੇ ਯਹੂਦੀ ਵਿਦਵਾਨ ਸ਼ਾਮਲ ਸਨ। ਉਸ ਸੰਮੇਲਨ ਵਿਚ ਮੇਰੇ ਤੋਂ ਪਹਿਲਾਂ ਡਾ. ਧਰਮਰਾਜਨ ਬੈਠੇ ਸਨ। ਇਹ ਵਿਦਵਾਨ ਡਾ. ਧਰਮ ਰਾਜਨ ਤੋਂ ਜੈਨ ਧਰਮ ਦੀ ਈਸ਼ਵਰ ਦੇ ਕਰਤਾ ਸੰਬੰਧੀ ਜੈਨ ਮਾਨਤਾ ਬਾਰੇ ਪ੍ਰਸ਼ਨ ਕਰ ਰਹੇ ਸਨ। ਅਚਾਨਕ ਮੈਂ ਪਹੁੰਚ ਗਿਆ। ਡਾ: ਧਰਮ ਰਾਜਨ ਨੂੰ ਚੰਗਾ ਅਵਸਰ ਮਿਲ ਗਿਆ। ਉਸ ਨੇ ਆਖਿਆ "ਅਚਾਰਿਆ ਜੀ ਆ ਗਏ ਹਨ, ਤੁਸੀਂ ਇਨ੍ਹਾਂ ਤੋਂ ਜੈਨ ਧਰਮ ਦੀ ਇਸ ਮਾਨਤਾ ਬਾਰੇ ਪੁਛੋ।"

ਮੈਨੂੰ ਉਹ ਵਿਦਵਾਨ ਪੁਛਨ ਲਗੇ "ਸਾਹਿਬ, ! ਜੈਨ ਧਰਮ ਵਿਚ ਈਸ਼ਵਰ ਦੇ ਕਰਤਾ ਨਾ ਹੋਣ ਦੀ ਗੱਲ ਦਾ ਕੀ ਅਰਥ ਹੈ ? ਜੇ ਈਸ਼ਵਰ ਕਰਤਾ ਨਹੀਂ ਤਾਂ ਸੰਸਾਰ ਕਿਵੇਂ ਚਲੇਗਾ ?'

ਮੈਂ ਆਖਿਆ ਇਸ ਦਾ ਸਿਧਾ ਜਿਹਾ ਅਰਥ ਹੈ ਅੱਜ ਵੀ ਸੰਸਾਰ ਵਿਚ ਦੋ ਤਰ੍ਹਾਂ ਦੀ ਵਿਚਾਰਧਾਰਾ ਰਾਜਨੈਤਿਕ ਮੰਚ ਤੇ ਵੇਖੀ ਜਾ ਸਕਦੀ ਹੈ ਇਕ ਵਿਚਾਰਧਾਰਾ ਲੋਕਤੰਤਰ ਦੀ ਹੈ ਦੂਸਰੀ ਰਾਜਤੰਤਰ ਦੀ ਹੈ। ਇਕ ਸੱਤਾ ਦੀ ਪ੍ਰੰਪਰਾਂ ਜੋ ਸਾਡੇ ਇਥੇ ਰਹੀ ਹੈ ਰਾਜਾ ਰਾਜ ਕਰਦਾ ਹੈ, ਸ਼ਾਸਨ ਕਰਦਾ ਹੈ ਪ੍ਰਜਾਤੰਤਰ ਵਿਚ ਪ੍ਰਜਾ ਸ਼ਾਸਨ ਚਲਾਉਂਦੀ ਹੈ। ਪ੍ਰਜਾਤੰਤਰ ਵਿਚ ਹਰ ਨਾਗਰਿਕ ਨੂੰ ਨਾਗਰਿਕ ਅਧਿਕਾਰਾਂ ਦਾ ਪ੍ਰਯੋਗ ਕਰਨ ਦੀ ਖੁਲ ਹੈ ਅੱਜ ਵੀ ਅਮਰੀਕਾ ਜਾਂ ਭਾਰਤ ਦਾ ਨਾਗਰਿਕ ਉਸ ਦੇਸ਼ ਦੇ ਸਰਵਉੱਚ (ਰਾਸ਼ਟਰਪਤੀ) ਪਦ ਨੂੰ ਪ੍ਰਾਪਤ ਕਰ ਸਕਦਾ ਹੈ। ਪਰ ਹਰ ਨਾਗਰਿਕ ਰਾਸ਼ਟਰਪਤੀ ਹੋਵੇਗਾ, ਅਜਿਹਾ ਕੋਈ ਨਿਅਮ ਨਹੀਂ। ਕੋਈ ਵੀ ਰਾਸ਼ਟਰਪਤੀ ਯੋਗਤਾ ਅਨੁਸਾਰ ਬਣ ਸਕਦਾ ਹੈ।

ਪਰ ਰਾਜਾ ਦੇ ਸ਼ਾਸਨ ਵਿਚ ਅਜਿਹਾ ਕੋਈ ਨਿਯਮ ਨਹੀਂ ਕਿ ਹਰ ਨਾਗਰਿਕ ਰਾਜਾ ਬਣ ਸਕਦਾ ਹੈ। ਇਨ੍ਹਾਂ ਭੇਦ ਜੈਨ ਧਰਮ ਅਤੇ ਹੋਰ ਧਰਮਾਂ ਵਿਚ ਹੈ।

**ਅੱਪਾ ਸੋ ਪਰਮਅੱਪਾ** ਆਤਮਾ ਹੀ ਪ੍ਰਮਾਤਮਾ ਹੈ ਕੋਈ ਮਨੁੱਖ ਵੀ ਪ੍ਰਮਾਤਮਾ ਬਣ ਸਕਦਾ ਹੈ ਜੇ ਉਹ ਪ੍ਰਮਾਤਮਾ ਬਨਣ ਯੋਗ ਯੋਗਤਾਵਾਂ ਪੂਰੀਆਂ ਕਰਦਾ ਹੋਵੇ।

## ਪੰਜਾਬੀ ਅਨੁਵਾਦ ਦੀ ਪ੍ਰੇਰਿਕਾ ਦਾ ਅਭਿਨੰਦਨ

ਪੰਜਾਬ ਵਿਚ ਪੰਜਾਬੀ ਜੈਨ ਸਾਹਿਤ ਨੂੰ ਪ੍ਰਸਾਰ ਦੇ ਖੇਤਰ ਵਿਚ ਜੈਨ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਦਾ ਮਹੱਤਵ ਪੂਰਨ ਹੱਥ ਹੈ। ਆਪ ਨੇ ਨਿਰਵਾਨ ਸ਼ਤਾਬਦੀ ਵਰਸ਼ ਵਿਚ ਜੈਨ ਧਰਮ ਦੀ ਵਰਨਣਯੋਗ ਸੇਵਾ ਕੀਤੀ ਹੈ। ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਨੇ ਅੱਜ ਤਕ ਜੈਨ ਧਰਮ ਦੇ ਵਿਕਾਸ ਦੇ ਲਈ ਜੋ ਜੋ ਕੰਮ ਕੀਤੇ ਹਨ। ਆਮ ਲੋਕਾਂ ਤੱਕ ਜੈਨ ਧਰਮ ਨੂੰ ਪਹੁੰਚਾਣ ਦੀ ਭਗਿਰਥ ਕੋਸ਼ਿਸ਼ ਕੀਤੀ ਹੈ। ਮੈਂ ਉਸਦਾ ਅਭਿ-ਨੰਦਨ ਕਰਦਾ ਹਾਂ।

ਮੈਂ ਉਨ੍ਹਾਂ ਪ੍ਰਤਿ ਬਹੁਤ ਹੀ ਆਸਥਾਵਾਨ ਹਾਂ, ਸ਼ਰਧਾਵਾਨ ਹਾਂ ਅਤੇ ਆਸ਼ਾਵਾਨ ਹਾਂ। ਮੈਨੂੰ ਵਿਸ਼ਵਾਸ਼ ਹੈ ਕਿ ਉਨ੍ਹਾਂ ਰਾਹੀਂ ਜੈਨ ਧਰਮ ਦੇ ਵਿਕਾਸ, ਪ੍ਰਚਾਰ, ਪ੍ਰਸਾਰ ਵਿਚ ਸਹਿਯੋਗ ਇਸੇ ਸ਼ੁਭ ਭਾਵ ਨਾਲ ਮਿਲਦਾ ਰਹੇਗਾ। ਜੈਨ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਸਾਸ਼ਤਰਾਂ ਦੀ ਜਾਣਕਾਰ, ਪੁਰਾਤਤੱਵ ਗ੍ਰੰਥਾਂ ਦੀ ਸੂਚੀ ਤਿਆਰ ਕਰਨ ਵਿਚ ਮਾਹਿਰ ਸਾਧਵੀ ਹਨ। ਆਪ ਦੀ ਪਹਿਲੀ ਪੰਜਾਬੀ ਪੁਸਤਕ 'ਅਨਮੋਲ ਵਚਨ' ਆਪ ਦੇ ਵਿਸ਼ਾਲ ਅਧਿਐਨ ਦਾ ਪ੍ਰਤੀਕ ਹੈ।

## ਕੁਝ ਅਨੁਵਾਦਕਾ ਬਾਰੇ

ਸ੍ਰੀ ਸੂਤਰ ਕ੍ਰਿਤਾਂਗ ਸੂਤਰ ਦਾ ਅਨੁਵਾਦ ਸ੍ਰੀ ਰਵਿੰਦਰ ਜੈਨ (ਮਾਲੇਰਕੋਟਲਾ)

ਸ੍ਰੀ ਪੁਰਸ਼ੋਤਮ ਜੈਨ [ਧੂਰੀ] ਨੇ ਕੀਤਾ ਹੈ। ਇਸ ਤੋਂ ਪਹਿਲਾਂ ਵੀ ਆਪ ਸਾਧਵੀ ਜੀ ਦੀ ਪ੍ਰੇਰਣਾ ਨਾਲ ਸ੍ਰੀ ਉਤਰਾਧਿਐਨ ਸੂਤਰ ਅਤੇ ਸ੍ਰੀ ਉਪਾਸਕ ਦਸ਼ਾਂਗ ਸੂਤਰ ਦਾ ਅਨੁਵਾਦ ਕਰ ਚੁਕੇ ਹਨ ਮੈਨੂੰ ਖੁਸ਼ੀ ਹੈ ਕਿ ਇਨ੍ਹਾਂ ਦੋਹਾ ਧਰਮ ਭਰਾਵਾਂ ਨੇ ਸ੍ਰੀ ਸੂਤਰ ਕ੍ਰਿਤਾਂਗ ਜੇਹੇ ਮੁਸ਼ਕਲ ਕਠੋਰ ਸਾਸ਼ਤਰ ਦਾ ਪੰਜਾਬੀ ਅਨੁਵਾਦ ਕਰਕੇ ਪ੍ਰਕਾਸ਼ਿਤ ਕਰਾਇਆ ਹੈ। ਇਸ ਕੋਸ਼ਿਸ਼ ਲਈ ਮੇਰਾ ਧੰਨਵਾਦ ਅਤੇ ਆਸ਼ੀਰਵਾਦ ਦੋਹਾਂ ਨੂੰ ਹੈ। ਉਨ੍ਹਾਂ ਉਹ ਕੰਮ ਕੀਤਾ ਹੈ ਜੋ ਭਗਵਾਨ ਮਹਾਵੀਰ ਚਾਹੁੰਦੇ ਸਨ। ਭਗਵਾਨ ਮਹਾਵੀਰ ਨੇ ਖੁੱਦ ਵੀ ਆਪਣਾ ਉਪਦੇਸ਼ ਉਸ ਸਮੇਂ ਦੀ ਲੋਕ ਭਾਸ਼ਾ ਅਰਧ ਮਾਗਧੀ ਪ੍ਰਾਕ੍ਰਿਤ ਵਿਚ ਦਿਤਾ ਸੀ। ਸ੍ਰੀ ਸੂਤਰ ਕ੍ਰਿਤਾਂਗ ਨੂੰ ਜੋ ਲੋਕ ਭਾਸ਼ਾ ਵਿਚ ਲੈ ਆਉਂਦਾ ਜਾ ਰਿਹਾ ਹੈ ਉਸ ਨਾਲ ਜੈਨ ਧਰਮ ਦੇ ਸਿਧਾਂਤਾ ਨੂੰ ਸਮਝਣ ਦਾ ਸੁਨਹਿਰੀ ਅਵਸਰ ਮਿਲੇਗਾ। ਲੋਕ ਭਾਸ਼ਾ ਵਿਚ, ਲੋਕ ਸਾਧਾਰਣ ਜ਼ਿੰਦਗੀ ਵਿਚ, ਜੈਨ ਧਰਮ ਦੇ ਸਿਧਾਂਤਾ ਨੂੰ ਜਾਨਣਗੇ ਇਹ ਬਹੁਤ ਹੀ ਮਹਾਨ ਗੱਲ ਹੈ।

ਇਸ ਗੱਲ ਦੀ ਕਮੀ ਕਾਫੀ ਮਹਿਸੂਸ ਹੁੰਦੀ ਸੀ ਕਿ ਆਮ ਲੋਕਾਂ ਨੂੰ ਜੈਨ ਧਰਮ ਪੜ੍ਹਨ ਦਾ ਮੌਕਾ ਨਹੀਂ ਮਿਲਦਾ ਸੀ। ਖਾਸ ਤੌਰ ਤੇ ਜੈਨ ਸ਼ਾਸਤਰ ਤੇ ਆਗਮ ਨੂੰ ਅਨੁ-ਵਾਦਿਤ ਕਰਨ ਦਾ ਮੌਕਾ ਨਹੀਂ ਮਿਲਦਾ ਸੀ।

ਇਕ ਬਹੁਤ ਬੜੀ ਕ੍ਰਾਂਤੀਕਾਰੀ ਵਿਚਾਰ ਧਾਰਾਂ ਦੇ ਅਨੁਸਾਰ ਆਪਨੇ ਜੋ ਬੀੜਾ ਚੁਕਿਆ ਹੈ ਉਸ ਦਾ ਮੈਂ ਇਕ ਵਾਰ ਫੇਰ ਅਭਿਨੰਦਨ ਕਰਦਾ ਹਾਂ ਅਤੇ ਆਸ਼ੀਰਵਾਦ ਦਿੰਦਾ ਹਾਂ। ਅਤੇ ਸਾਧਵੀ ਜੀ ਨੂੰ ਵਧਾਈ ਦਿੰਦਾ ਹਾਂ।

ਅਹਿੰਸਾ ਵਿਹਾਰ
ਨਵੀਂ ਦਿੱਲੀ

**ਜੈਨ ਅਚਾਰਿਆ ਸੁਸ਼ੀਲ ਕੁਮਾਰ**
(ਅਰਹਤ ਸੰਘ ਜੈਨ ਅਚਾਰੀਆ ਸ੍ਰੀ ਸੁਸੀਲ ਕੁਮਾਰ ਜੀ ਮਹਾਰਾਜ)

# ਦੋ ਸ਼ਬਦ

**ਡਾ. ਨਲਿਨੀ ਬਲਬੀਰ**

ਫਰਾਂਸ ਯੂਨੀਵਰਸਿਟੀ, ਪੈਰਿਸ

ਜੈਨ ਸਿਧਾਂਤ ਦੇ ਗਿਆਰਾਂ ਅੰਗਾਂ ਵਿਚ 'ਸੁਯਗਡੰਗ' ਸੂਤਰ ਦਾ ਦੂਸਰਾ ਸਥਾਨ ਹੈ ਫੇਰ ਵੀ ਇਹ ਗ੍ਰੰਥ ਅਨੇਕਾਂ ਦ੍ਰਿਸ਼ਟੀਆਂ ਤੋਂ ਅਨੋਖਾ ਹੈ। ਦੂਸਰੇ ਪੁਰਾਣੇ ਜੈਨ ਗ੍ਰੰਥਾਂ ਦੇ ਪੱਖੋਂ ਇਸ ਗ੍ਰੰਥ ਵਿਚ ਭਗਵਾਨ ਮਹਾਵੀਰ ਦੇ ਸਮਕਾਲੀ ਕਈ ਦੂਸਰੇ ਅਨੋਤੀਰਥੀ (ਹੋਰ ਮੱਤਾਂ ਵਾਲੇ) ਮੱਤਾਂ ਦਾ ਵਿਵਰਨ ਜਿਆਦਾ ਵਿਸਥਾਰ ਨਾਲ ਕੀਤਾ ਗਿਆ ਹੈ। ਵਿਸ਼ੇਸ਼ ਰੂਪ ਵਿਚ ਇਸ ਗ੍ਰੰਥ ਵਿਚ ਕ੍ਰਿਆਵਾਦ, ਵੇਦਾਂਤ ਅਤੇ ਨਿਯਤੀਵਾਦ ਦਾ ਵਰਨਣ ਤੇ ਖੰਡਨ ਮਿਲਦਾ ਹੈ।

ਅਰਧ ਮਾਗਧੀ ਭਾਸ਼ਾ ਵਿਚ ਇਸ ਗ੍ਰੰਥ ਦਾ ਨਾਂ "ਸੁਯਗੰੜਗ" ਹੈ। ਸੰਸਕ੍ਰਿਤ ਭਾਸ਼ਾ ਦੇ ਸਾਹਿਤ ਵਿਚ ਆਮ ਤੌਰ ਤੇ ਇਸ ਦਾ ਨਾਂ ਸੂਤਰ ਕ੍ਰਿਤਾਂਗ ਪ੍ਰਸਿਧ ਹੈ। ਪਰ ਕਈ ਵਿਦਵਾਨਾ ਅਨੁਸਾਰ ਅਰਧ ਮਾਂਗਧੀ 'ਸੁਯ' ਦਾ ਭਾਵ ਸੰਸਕ੍ਰਿਤ ਭਾਸ਼ਾ ਵਿਚ ਸੁੱਚੀ ਭਾਵ ਦ੍ਰਿਸ਼ਟੀਕੋਣ ਹੈ।

ਸੁਯਗਡੰਗ ਦੇ ਦੋ ਸ਼ਰੁਤ ਸੰਕਧ ਹਨ। ਇਨ੍ਹਾਂ ਦੋਹਾਂ ਵਿਚ ਪਹਿਲਾ ਸ਼ਰੁਤ ਸੰਕਧ ਜ਼ਿਆਦਾ ਪੁਰਾਣਾ ਹੈ। ਇਹ ਸੰਕਧ ਅਲੱਗ ਅਲੱਗ ਛੰਦਾਂ ਵਿਚ ਲਿਖਿਆ ਹੋਇਆ ਹੈ। ਅਧਿਐਨਾਂ ਵਿਚ ਸ਼ਲੋਕਾ ਤੋਂ ਛੁੱਟ ਵੈਤਾਲਿਆ, ਪੁਰਾਣੀ ਆਰਿਆ ਆਦਿ ਵਰਿਤਾ ਦਾ ਵੀ ਪ੍ਰਯੋਗ ਮਿਲਦਾ ਹੈ। ਇਸ ਦਾ ਸੂਖਮ ਪਰਿਖਨ, ਭਾਰਤੀ ਛੰਦ ਦੇ ਇਤਿਹਾਸ ਲਈ ਬਹੁਤ ਜ਼ਰੂਰੀ ਹੈ ਇਸ ਸ਼ਰੁਤ ਸੰਕਧ ਦੇ 16 ਅਧਿਐਨ ਹਨ। ਮਤ ਮਾਤਤੰਤਰਾਂ ਦੇ ਖੰਡਨ ਤੋਂ ਛੁਟ ਇਸ ਵਿਚ ਹੋਰ ਵਿਸ਼ਿਆ ਦਾ ਉਲੇਖ ਵੀ ਕੀਤਾ ਗਿਆ ਹੈ। ਛੇਵੇਂ ਅਧਿਐਨ ਵਿਚ ਭਗਵਾਨ ਮਹਾਵੀਰ ਦੀ ਸੁੰਦਰ ਸਤੁਤੀ ਮਿਲਦੀ ਹੈ। ਹੋਰ ਅਧਿਐਨਾ ਵਿਚ ਨਿਰਗ੍ਰੰਥ (ਜੈਨ ਸਾਧੂਆਂ) ਨੂੰ ਸਾਵਧਾਨ ਕਰਨ ਲਈ ਸੰਜਮੀ ਜੀਵਨ ਦਾ ਮਹੱਤਵ ਪ੍ਰਗਟਾਉਂਦੇ ਹਨ। ਇਸ ਜੀਵਨ ਵਿਚ ਆਉਣ ਵਾਲੇ ਕਸ਼ਟਾਂ ਦਾ ਵਰਨਣ ਵੀ ਕੀਤਾ ਗਿਆ ਹੈ। ਇਸਤਰੀ ਦੇ ਸਾਹਮਣੇ ਕਿਸ ਤਰ੍ਹਾਂ ਦਾ ਆਚਰਨ ਕਰਨਾ ਚਾਹੀਦਾ ਹੈ ? ਨਰਕ ਵਿਚ ਕਿਹੜੇ ਦੁੱਖ ਹਨ ? ਚਰਿੱਤਰ ਹੀਣ ਦੀ ਦਸ਼ਾ ਕਿਸ ਤਰ੍ਹਾਂ ਦੀ ਹੁੰਦੀ ਹੈ ? ਇਨ੍ਹਾਂ ਸਾਰੇ ਵਿਸ਼ਿਆਂ ਦੀ ਚਰਚਾ ਸੁਯੰਗਡੰਗ ਦੇ ਛੋਟੇ ਪਦਾ ਵਿਚ ਮਿਲਦੀ ਹੈ।

ਦੂਸਰੇ ਸ਼ਰੁਤ ਸੰਕਧ ਅਧਿਐਨ ਵਿਚ 7 ਅਧਿਐਨ ਹਨ। ਇਹ ਭਾਗ ਜਿਆਦਾ ਗੱਦ

ਵਿਚ ਲਿਖਿਆ ਗਿਆ ਹੈ। ਇਸ ਤਰ੍ਹਾਂ ਲਗਦਾ ਹੈ ਕਿ ਇਹ ਸ਼ਰੁਤ ਸੰਕਧ ਇਨ੍ਹਾਂ ਪੁਰਾਣਾ ਨਹੀਂ, ਜਿਨ੍ਹਾਂ ਪਹਿਲਾ ਸ਼ਰੁਤ ਸੰਕਧ ਹੈ।

ਮੂਲ ਸੂਤਰ ਤੇ ਅਧਾਰਿਤ ਘਟੋ ਘੱਟ ਤਿੰਨ ਵਿਆਖਿਆ ਲਿਖੀਆਂ ਮਿਲਦੀਆਂ ਹਨ। ਪਹਿਲੀ ਅਚਾਰੀਆ ਭੱਦਰਵਾਹੂ ਸਵਾਮੀ ਦੀ ਨਿਰਯੁਕਤੀ, ਦੂਸਰੀ ਜਿਨਦਾਸ ਅਚਾ-ਰੀਆ ਰਚਿੱਤ ਚੂਰਨੀ। ਇਹ ਦੋਹੇ ਪ੍ਰਾਕ੍ਰਿਤ ਭਾਸ਼ਾ ਵਿਚ ਹਨ। ਸ਼ੀਲਾਂਕਾਚਾਰਿਆ ਨੇ ਨੌਵੀਂ ਸਦੀ ਸੰਸਕ੍ਰਿਤ ਟੀਕਾ ਲਿਖੀ ਹੈ ਜੋ ਮੂਲ ਸੂਤਰ ਨੂੰ ਸਮਝਣ ਵਿਚ ਕਾਫੀ ਸਹਾਇਕ ਹੈ।

ਸੂਯਗੰਡਿਂਗ ਸੂਤਰ ਦਾ ਅਨੁਵਾਦ ਕਈ ਭਾਸ਼ਾਵਾਂ ਵਿਚ ਹੋਇਆ ਹੈ ਲਗਭਗ ਇਕ ਸੌ ਸਾਲ ਪਹਿਲਾਂ ਡਾ. ਹਰਮਨ ਜੈਕੋਬੀ ਨੇ ਪਹਿਲਾ ਅੰਗਰੇਜੀ ਅਨੁਵਾਦ ਪ੍ਰਕਾਸ਼ਿਤ ਕੀਤਾ ਸੀ।[1] ਜਰਮਨ ਭਾਸ਼ਾ ਵਿਚ ਡਾ. ਸ਼ੁਬਰਿੰਗ ਨੇ ਪਹਿਲੇ ਸਰੁਤ ਸੰਕਟਾਂ ਦਾ ਅਨੁਵਾਦ ਕੀਤਾ ਹੈ।[2] ਪਿਛਲੇ ਕੁਝ ਸਾਲਾਂ ਤੋਂ ਸੂੰਯਗਡੰਗ ਸੂਤਰ ਦੇ ਵਿਸ਼ੇ ਵਿਚ ਯੋਰਪ ਵਿਚ ਕਾਫੀ ਸ਼ੋਧ ਲੇਖ ਛਪੇ ਹਨ[3]। ਵਿਦਵਾਨ ਲੋਕ ਇਸ ਸੂਤਰ ਦੇ ਅਧਿਐਨ ਪ੍ਰਤਿ ਰੁਚੀ ਰਖਦੇ ਹਨ।

ਇਸ ਆਗਮ ਦਾ ਅਨੁਵਾਦ ਪੰਜਾਬੀ ਭਾਸ਼ਾ ਵਿਚ ਪਹਿਲੀ ਵਾਰ ਛੱਪ ਰਿਹਾ ਹੈ ਇਹ ਪ੍ਰਸ਼ੰਸਾ ਯੋਗ ਉਦਮ ਦੀ ਪ੍ਰੇਰਿਕਾ ਜੈਨ ਸਾਧਵੀ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ ਹਨ ਜਿਨ੍ਹਾਂ ਦੀ ਜਾਣਕਾਰੀ ਜੈਨ ਸਾਧਵੀ ਸਮਾਜ ਵਿਚ ਕੋਈ ਪਹਿਚਾਨ ਦੀ ਮੋਹਤਾਜ ਨਹੀਂ। ਆਪ ਖੁਦ ਜੈਨ ਆਗਮਾਂ ਦੀ ਮਹਾਨ ਵਿਦਵਾਨ ਹਨ। ਆਪ ਸੰਸਕ੍ਰਿਤ, ਪ੍ਰਾਕ੍ਰਿਤ, ਗੁਜਰਾਤੀ, ਰਾਜਸਥਾਨੀ, ਹਿੰਦੀ, ਪੰਜਾਬੀ ਭਾਸ਼ਾ ਦਾ ਗਿਆਨ ਰਖਦੇ ਹਨ। ਆਪ ਦਾ ਪ੍ਰਚਾਰ ਖੇਤਰ ਬਹੁਤ ਹੀ ਵਿਸ਼ਾਲ ਹੈ ਆਪ ਦੀ ਪ੍ਰੇਰਣਾ ਨਾਲ 1972 ਤੋਂ 25ਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਸੰਯੋਜਿਕਾ ਸਮਿਤੀ ਪੰਜਾਬ, ਮਾਲੇਰਕੋਟਲਾ ਪੰਜਾਬੀ ਜੈਨ ਸਾਹਿਤ ਤੋਂ ਸੰਸਾਰ ਨੂੰ ਪਹਿਲੀ ਵਾਰ ਜਾਣੂ ਕਰਾ ਰਹੀ ਹੈ। ਸਾਧਵੀ ਜੀ ਖੁਦ ਪੰਜਾਬੀ ਦੀ ਪਹਿਲੀ ਸਾਧਵੀ ਲੇਖਿਕਾ ਹਨ। ਆਪ ਦੀ ਨਵੀਂ ਪੁਸਤਕ **ਅਨਮੋਲ ਵਚਨ** ਆਪ ਦੇ ਤੁਲਨਾਤਮਕ ਅਧਿ-ਐਨ ਦਾ ਸਿੱਟਾ ਹੈ। ਇਸ ਤੋਂ ਪਹਿਲਾਂ ਆਪ ਨੇ ਪੁਰਾਤਨ ਹੱਥ ਲਿਖਤ ਭੰਡਾਰਾਂ ਤੋਂ ਕਵਿਤਾਵਾਂ ਦਾ ਸੰਗ੍ਰਹਿ **ਨਿਰਵਾਨ ਪਥਿਕ** ਛਪਾਇਆ ਸੀ। ਜੈਨ ਸਥਾਨਕ ਵਾਸੀ ਪ੍ਰੰਪਰਾਂ ਦੀ ਸਾਧਵੀ ਹੁੰਦੇ ਹੋਏ ਵੀ ਆਪ ਜੈਨ ਏਕਤਾ ਵਿਚ ਵਿਸ਼ਵਾਸ਼ ਰਖਦੇ ਹਨ ਆਪ ਦਾ ਅਧਿਐਨ ਵਿਸ਼ਾਲ ਹੈ। ਆਪ ਦੀ ਪ੍ਰੇਰਣਾ ਨਾਲ ਹਿੰਦੀ ਦੀ ਪਹਿਲੀ ਜੈਨ ਲੇਖਿਕਾ ਸਾਧਵੀ ਪਾਰਵਤੀ ਜੀ ਦੀ ਯਾਦ ਵਿਚ ਇੰਟਰਨੈਸ਼ਨਲ ਪਾਰਵੰਤੀ ਜੈਨ ਐਵਾਰਡ, ਇੰਟਰਨੈਸ਼ਨਲ ਮਹਾਵੀਰ ਜੈਨ ਵੈਜੀਟੇਰੀਅਨ ਐਵਾਰਡ ਜਾਰੀ ਕੀਤਾ ਗਿਆ ਹੈ ਪਾਰਵਤੀ ਜੈਨ ਐਵਾਰਡ ਡਾ. ਵੀ ਭੱਟ, ਡਾ. ਕਲਾਸਬਰੁਨ ਅਤੇ ਸ਼੍ਰੀਮਤੀ ਡਾ. ਕੈਯਾ ਨੂੰ ਮਿਲ ਚੁੱਕਾ ਹੈ। 1988 ਵਿਚ ਇਹ ਐਵਾਰਡ ਮੈਨੂੰ ਘੋਸ਼ਿਤ ਕੀਤਾ ਗਿਆ ਹੈ। ਮੈਂ ਸਾਧਵੀ ਸ਼੍ਰੀ ਸਵਰਨ ਕਾਂਤਾ ਜੀ ਵਿਚ ਜੈਨ ਧਰਮ ਦਾ ਆਦਰਸ਼ ਰੂਪ ਵੇਖਦੀ ਹਾਂ। ਸਾਧਵੀ ਜੀ ਦਾ ਪਿਛੋਕੜ ਪੰਜਾਬ ਹੈ ਸੋ

ਪੰਜਾਬੀ ਪ੍ਰਤਿ ਪ੍ਰੇਮ ਹੋਣਾ ਸਹਿਜ ਹੈ । ਮੈਂ ਉਨ੍ਹਾਂ ਦੀ ਸਮਿਤੀ ਨੂੰ ਦਿਤੀ ਪ੍ਰੇਰਣਾ ਲਈ ਧੰਨਵਾਦ ਕਰਦੀ ਹਾਂ ਅਤੇ ਭਾਵ ਬੰਦਨ ਨਮਸਕਾਰ ਕਰਦੀ ਹਾਂ ਮੈਂ ਜਲਦ ਹੀ ਉਨ੍ਹਾਂ ਦੇ ਦਰਸ਼ਨ ਦੀ ਇੱਛਾ ਰਖਦੀ ਹਾਂ ਤਾਂ ਕਿ ਮੈਂ ਉਨ੍ਹਾਂ ਦੇ ਚਰਨਾਂ ਵਿਚ ਬੈਠ ਕੇ ਕੁਝ ਜੈਨ ਧਰਮ ਤੇ ਸੰਸਕ੍ਰਿਤੀ ਬਾਰੇ ਜਾਣ ਸਕਾਂ । ਕਿਉਂਕਿ ਵਿਦੇਸ਼ੀ ਵਿਦਵਾਨਾਂ ਦਾ ਅਧਿਐਨ ਜੈਨ ਧਰਮ ਪ੍ਰਤਿ ਥੋੜਾ ਹੈ ।

ਸ੍ਰੀ ਰਵਿੰਦਰ ਜੈਨ ਅਤੇ ਸ੍ਰੀ ਪੁਰਸ਼ੋਤਮ ਜੈਨ ਜਿਨਾਂ ਇਸ ਗ੍ਰੰਥ ਦਾ ਅਨੁਵਾਦ ਕੀਤਾ ਹੈ । ਦੋਵੇਂ ਪੰਜਾਬੀ ਜੈਨ ਸੰਘ ਵਿਚ ਬਹੁਤ ਪ੍ਰਸਿਧ ਸ਼੍ਰਾਵਕ (ਉਪਾਸਕ) ਹਨ । ਇਸ ਤੋਂ ਪਹਿਲਾਂ ਉਹ ਸ੍ਰੀ ਉਪਾਸਕ ਦਸ਼ਾਂਗ ਸੂਤਰ ਅਤੇ ਸ੍ਰੀ ਉਤਰਾ ਧਿਐਨ ਸੂਤਰ ਦਾ ਪੰਜਾਬੀ ਅਨੁਵਾਦ ਪ੍ਰਕਾਸ਼ਿਤ ਕਰ ਚੁਕੇ ਹਨ । ਜਿਵੇਂ ਮੈਂ ਭਾਰਤ ਯਾਤਰਾ ਦੌਰਾਨ ਕਈ ਵਾਰ ਵੇਖਿਆ ਹੈ ਕਿ ਦੋਵੇਂ ਧਰਮ ਭਰਾ, ਜੈਨ ਧਰਮ ਦਾ ਪ੍ਰਸਾਰ ਕਰਨ, ਵਿਦਵਾਨਾਂ ਦੀ ਯੋਗ ਸਹਾਇਤਾ ਕਰਨ ਲਈ ਆਪਣਾ ਉਤਸ਼ਾਹ ਵਿਖਾਉਣ ਵਿਚ ਹਮੇਸ਼ਾ ਤਿਆਰ ਬਰ ਤਿਆਰ ਰਹਿੰਦੇ ਹਨ । ਅਨੁਵਾਦ ਦੇ ਸ਼ੁਰੂ ਤੋਂ ਪਹਿਲਾਂ ਇਨਾਂ ਦੋਹਾਂ ਨੇ ਸੁਯਗੰਡਗ ਸੂਤਰ ਤੇ ਇਕ ਵਿਸ਼ਾਲ ਭੂਮਿਕਾ "ਜੈਨ ਧਰਮ ਦੀ ਸੰਖੇਪ ਜਾਣਕਾਰੀ" ਦੇ ਰੂਪ ਵਿਚ ਦਿਤੀ ਹੈ, ਜਿਸ ਵਿਚ ਜੈਨ ਧਰਮ ਤੇ ਦਰਸ਼ਨ ਦੀ ਜਾਣਕਾਰੀ ਹੈ । ਹਰ ਪਾਠ ਦੇ ਸ਼ੁਰੂ ਵਿਚ ਛੋਟੀ ਜੇਹੀ ਪ੍ਰਸਤਾਵਨਾ ਹੈ । ਕਠਿਨ ਸ਼ਬਦਾਂ ਦੇ ਅਰਥਾਂ ਸ਼ੀਲਾਂਕਾ ਅਚਾਰਿਆ ਦੇ ਟੀਕਾ ਦੇ ਅਧਾਰ ਦੇ ਦਿਤੇ ਗਏ ਹਨ । ਦੋਹਾਂ ਲੇਖਕਾਂ ਨੇ ਪ੍ਰਾਪਤ ਪ੍ਰਕਾਸ਼ਨਾ ਅਤੇ ਅਨੁਵਾਦਕਾ ਦੀ ਸਫਲ ਵਰਤੋਂ ਕੀਤੀ ਹੈ ।

ਮੈਂ ਪ੍ਰੇਰਿਕਾ ਜੈਨ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਅਤੇ ਅਨੁਵਾਦਕ ਰਵਿੰਦਰ ਜੈਨ ਪਰਸ਼ੋਤਮ ਜੈਨ ਦੇ ਬਹੁਤ ਧੰਨਵਾਦੀ ਹਾਂ ।

ਹਥਲੇ ਗ੍ਰੰਥ ਦੇ ਰੋਜ਼ਾਨਾ ਅਧਿਐਨ ਨਾਲ ਜੈਨ ਧਰਮ ਦੇ ਭਾਈ ਅਤੇ ਭੈਣਾਂ ਨੂੰ ਲਾਭ ਹੋਵੇ, ਇਹੋ ਮੇਰੀ ਮੰਗਲ ਕਾਮਨਾ ਹੈ ।

DR. NALINI BALBIR
France University, PARIS

—ਡਾ. ਨਲਿਨੀ ਬਲਵੀਰ
ਪੈਰਿਸ ਯੂਨੀਵਰਸਿਟੀ, ਫਰਾਂਸ

---

**ਹਵਾਲੇ :**

(1) H. Jacobi, **Jaina Sutras**. Part II. Oxford, 1895. Sacred Books of the Eest. Vol. 45.

(2) W. Schubring, **Worte Mahaviras**. Gottinged, 1926.

(3) W. B. Bollee, **Studien zum Suyagada.** Wiesbaden 1977, II. Wiesbaden 1988. K. R. Norman, **Suyadamga Studies**. Wiener Zeitschrift fur die Kunde Sudasiens 25 [1981], pp. 195-203, H. Tiken, **Texutal Problems in a Early Canonical Jaina Text,** Wiener Zeitschrift fur die Kunde Sudasiens 30 [1986], pp. 5-25.

ਅਨੁਵਾਦਕਾਂ ਦੀ ਕਲਮ ਤੋਂ ਸ੍ਰੀ ਸੂਤਰ ਕ੍ਰਿਤਾਂਗ ਸੂਤਰ ਦੀ

# ਭੂਮਿਕਾ

**ਰਵਿੰਦਰ ਜੈਨ, ਪੁਰਸ਼ੋਤਮ ਜੈਨ**
**ਮਲੇਰਕੋਟਲਾ**

ਭਾਰਤੀ ਸੰਸਕ੍ਰਿਤੀ ਵਿਚ ਸ਼੍ਰਮਣ ਵਿਚਾਰਧਾਰਾ ਦਾ ਆਪਣਾ ਸਥਾਨ ਹੈ। ਸ਼੍ਰਮਣਾਂ ਦੀਆਂ ਅਜ ਕਲ ਦੋ ਹੀ ਪ੍ਰਮੁਖ ਧਾਰਾ ਸੰਸਾਰ ਵਿਚ ਫੈਲੀਆਂ ਹਨ 1) ਜੈਨ ਅਤੇ 2) ਬੁੱਧ। ਸ਼੍ਰਮਣ ਪ੍ਰੰਪਰਾ ਨੇ ਭਾਰਤੀ ਦਰਸ਼ਨ, ਚਿੰਤਨ ਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ। ਜਿਸ ਦਾ ਵਰਨਣ ਅਸੀਂ ਜੈਨ ਧਰਮ ਦੇ ਪਿਛੋਕੜ ਵਿਚ ਕਰ ਆਏ ਹਾਂ। ਜੈਨ ਧਰਮ ਪ੍ਰੰਪਰਾ ਅਨਾਦਿ ਹੈ ਤੀਰਥੰਕਰ ਪ੍ਰੰਪਰਾ ਅਨਾਦਿ ਹੈ ਅਨੰਤ ਹੈ। ਕਿਉਂਕਿ ਮੁਕਤੀ ਜੀਵ ਦੀ ਹੁੰਦੀ ਹੈ ਸੋ ਜਿਸ ਤਰਾਂ ਜੀਵ ਆਤਮਾ, ਕਰਮ ਬੰਧ ਦੀ ਪ੍ਰੰਪਰਾ, ਜਨਮ ਮਰਨ ਦਾ ਸ਼ੁਰੂ ਕੋਈ ਨਹੀਂ ਦਸ ਸਕਦਾ, ਉਸੇ ਪ੍ਰਕਾਰ ਜੈਨ ਤੀਰਥੰਕਰ ਪ੍ਰੰਪਰਾ ਦੇ ਸ਼ੁਰੂਆਤ ਬਾਰੇ ਦਸਣਾ ਕਠਿਨ ਹੈ। ਅਸੀਂ ਜੈਨ ਕਾਲ (ਯੁਗ) ਪ੍ਰੰਪਰਾ ਦੇ ਤੀਸਰੇ ਯੁਗ ਦੇ ਅੰਤ ਵਿਚ ਅਤੇ ਚੌਥੇ ਆਰੇਦੇਸ਼ੂਰ ਵਿਚ ਹੋਣ (ਭਰਤ ਖੰਡ ਵਿਚ ਹੋਣ ਵਾਲੇ) ਤੀਰਥੰਕਰ ਪ੍ਰੰਪਰਾ ਦੇ ਵਾਰਿਸ ਹਾਂ। ਸਾਧੂ, ਸਾਧਵੀ, ਸ਼੍ਰਾਵਕ ਤੇ ਸ੍ਰਾਵਿਕਾ ਰੂਪੀ ਤੀਰਥ ਦੀ ਸਥਾਪਨਾ ਕਰਨ ਕਾਰਣ, ਪਿਛਲੇ ਜਨਮ ਵਿਚ ਤੀਰਥੰਕਰ ਗੋਤਰ ਦੇ ਬੋਲਾਂ ਦੀ ਉਪਾਸਨਾ ਕਾਰਣ ਤੀਰਥੰਕਰ ਕੇਵਲ ਗਿਆਨ ਹੋਣ ਤੇ ਧਰਮ ਰੂਪੀ ਤੀਰਥ ਦੀ ਸਥਾਪਨਾ ਕਰਦੇ ਹਨ ਭੂਤ ਵਿਚ ਤੀਰਥੰਕਰ ਹੋਏ ਸਨ, ਵਰਤਮਾਨ ਵਿਚ ਹੋ ਚੁਕੇ ਹਨ ਭਵਿੱਖ ਵਿਚ ਹੋਣਗੇ। ਅਸੀਂ ਜਿਸ ਖੇਤਰ ਵਿਚ ਰਹਿੰਦੇ ਹਾਂ ਉਥੇ 24 ਤੀਰਥੰਕਰਾਂ ਦੀ ਪ੍ਰੰਪਰਾ ਹੈ। ਭਗਵਾਨ ਰਿਸ਼ਵ ਦੇਵ ਤੋਂ ਲੈ ਕੇ ਭਗਵਾਨ ਵਰਧਮਾਨ ਮਹਾਵੀਰ ਤਕ 24 ਤੀਰਥੰਕਰਾਂ ਨੇ ਆਪਣੇ ਆਪਣੇ ਧਰਮ ਤੀਰਥ ਦੀ ਸਥਾਪਨਾ ਸਮੇਂ ਜੋ ਜੋ ਉਪਦੇਸ ਦਿਤਾ। ਉਸ ਉਪਦੇਸ਼ ਨੂੰ ਉਨਾਂ ਦੇ ਪ੍ਰਮੁੱਖ ਗਣਧੰਰਾ ਨੇ ਲੋਕ ਹਿੱਤ ਲਈ ਸੂਤਰ ਬੱਧ ਕੀਤਾ ਇਹ ਗਣਧੰਰਾਂ ਦੀ ਪੁਰਾਤਨ ਪ੍ਰੰਪਰਾ ਹੈ। ਆਚਾਰੰਗ ਆਦਿ 11 ਅੰਗ, 12 ਉਪਾਂਗ 14 ਪੂਰਵਾਂ ਦੀ ਪ੍ਰੰਪਰਾ ਪੁਰਾਤਨ ਹੈ।

ਵਰਤਮਾਨ ਸਮੇਂ ਵਿਚ ਅਸੀਂ ਤੀਰਥੰਕਰ ਭਗਵਾਨ ਮਹਾਵੀਰ ਦੇ ਧਰਮ ਰਾਜ ਦੇ ਵਾਸੀ ਹਾਂ। ਉਨਾਂ ਦੇ ਪ੍ਰਮੁਖ ਚੇਲੇ ਗਣਧੰਰ ਗੌਤਮ ਇੰਦਰ ਭੂਤੀ ਭਗਵਾਨ ਮਹਾਵੀਰ ਤੋਂ ਭਿੰਨ ਵਿਸ਼ਿਆਂ ਤੇ ਪ੍ਰਸ਼ਨ ਕਰਦੇ ਸਨ। ਉਸ ਸਮੇਂ ਸ਼ਰੁਤ ਗਿਆਨ (ਯਾਦ ਕਰਨ) ਦੀ ਪ੍ਰੰਪਰਾ ਰਹੀ ਜੋ ਕਿ ਮਹਾਵੀਰ ਦੇ ਨਿਰਵਾਨ ਦੇ 993 ਸਾਲ ਤਕ ਕਿਸੇ ਨਾ ਕਿਸੇ ਰੂਪ ਵਿਚ

ਕਾਇਮ ਰਹੀ। ਭਗਵਾਨ ਮਹਾਵੀਰ ਦੇ ਇਕ ਹੋਰ ਗਨਧੱਰ ਸੁਧਰਮਾ ਸਨ, ਜੋ ਇੰਦਰ ਭੂਤੀ ਤੋਂ ਬਾਅਦ ਭਗਵਾਨ ਮਹਾਵੀਰ ਦੀ ਅਚਾਰਿਆ ਪ੍ਰੰਪਰਾ ਦੇ ਮਾਲਿਕ ਬਣੇ। ਆਪ ਦੇ ਚੇਲੇ ਅੰਤਮ ਕੇਵਲ ਗਿਆਨੀ, ਸ੍ਰੀ ਜੰਬੂ ਹਨ। ਜੋ ਰਾਜਗ੍ਰਹਿ ਦੇ ਇਕ ਮਸ਼ਹੂਰ ਵਿਉਪਾਰੀ ਪਰਿਵਾਰ ਨਾਲ ਸੰਬੰਧਿਤ ਸਨ। ਸ੍ਰੀ ਜੰਬੂ ਸਵਾਮੀ ਨੇ ਆਪਣੇ ਗੁਰੂ ਸੁਧਰਮਾਂ ਸਵਾਮੀ ਤੋਂ ਜੋ ਕੁਝ ਸੁਣਿਆ, ਇਹੋ ਸ੍ਰੀ ਸੁਧਰਮਾ ਸ੍ਰੀ ਜੰਬੂ ਵਾਰਤਲਾਪ ਮਹਾਵੀਰ ਬਾਣੀ ਵਿਸ਼ੇਸ਼ ਤੌਰ ਤੇ ਸ਼ਵੇਤਾਂਵਰ ਜੈਨ ਸਾਹਿਤ ਦਾ ਆਧਾਰ ਹੈ।

ਜੈਨ ਪ੍ਰੰਪਰਾ ਹੈ ਕਿ ਤੀਰਥੰਕਰ ਜੋ ਕੁਝ ਬੋਲਦੇ ਹਨ, ਉਨ੍ਹਾਂ ਦੇ ਚੇਲੇ ਉਸ ਨੂੰ ਸੂਤਰ ਰੂਪ ਪ੍ਰਦਾਨ ਕਰਦੇ ਹਨ ਇਸ ਨੂੰ ਜੈਨ ਆਂਗਮ ਵਿਚ ਗਣੀ ਪਿਟਕ ਆਖਦੇ ਹਨ।

ਆਗਮਾ ਦੀ ਸ਼ਰੁਤ ਪ੍ਰੰਪਰਾ ਨੂੰ ਸੁਰਖਿਅਤ ਰਖਣ ਲਈ ਮਥੁਰਾ, ਪਾਟਲੀਪੁਤਰ ਅਤੇ ਬਲੱਭੀ ਵਿਖੇ 5 ਸੰਗਿਤੀਆਂ ਦਾ ਆਯੋਜਨ ਕੀਤਾ ਗਿਆ ਪਰ ਬਲੱਭੀ ਦੀ ਅੰਤਿਮ ਸਭਾ ਵਿਚ ਦੇਵਾਅਰਧਗਣੀ ਨੇ ਸਾਰੇ ਸ਼ਰੁਤ ਸਾਹਿਤ ਨੂੰ ਲਿਖ ਦਿਤਾ। ਸੋ ਇੰਨਾ ਲੰਬਾ ਸਮਾਂ ਪੈਣ ਕਾਰਣ ਆਗਮਾਂ ਦੀ ਮੂਲ ਭਾਸ਼ਾ ਵਿਚ ਫਰਕ ਆਉਣਾ ਸੁਭਾਵਿਕ ਹੈ। 12-12 ਸਾਲ ਦੇ ਲੰਬੇ ਅਕਾਲ, ਰਾਜਿਆ ਦੀਆਂ ਲੜਾਈਆਂ ਨੇ 14 ਪੂਰਵਾਂ ਦਾ ਗਿਆਨ ਬਿਲਕੁਲ ਨਸ਼ਟ ਕਰ ਦਿਤਾ। ਇਥੇ ਹੀ ਵੱਸ ਨਹੀਂ, ਆਗਮਾ ਦੇ ਉਸ ਅਕਾਰ ਵਿਚ ਬਹੁਤ ਫਰਕ ਆ ਗਿਆ, ਜਿਸ ਦੀ ਸੂਚਨਾ ਨੰਦੀ ਸੂਤਰ ਵਿਚ ਮਿਲਦੀ ਹੈ। ਪ੍ਰਸ਼ਨ ਵਿਆਕਰਨ ਸੂਤਰ ਦਾ ਤਾਂ ਸਾਰਾ ਵਿਸ਼ਾ ਹੀ ਨਵਾਂ ਹੈ। ਆਚਾਰੰਗ ਸੂਤਰ ਦਾ ਇਕ ਅਧਿਐਨ ਨਹੀਂ ਮਿਲਦਾ। ਬਾਰਹਵਾਂ ਦਰਿਸ਼ਟੀਵਾਦ ਅੰਗ ਲੋਪ ਹੋ ਚੁਕਾ ਹੈ ਦਿਗੰਵਰ ਜੈਨ ਮਾਨਤਾ ਸ਼ਵੇਤਾਵਰ ਜੈਨ ਮਾਨਤ ਰਾਹੀਂ ਮਨੇ, ਇਨ੍ਹਾਂ ਆਗਮਾਂ ਨੂੰ ਮਹਾਵੀਰ ਦੀ ਬਾਣੀ ਨਹੀਂ ਮੰਨਦੀ। ਪਰ ਦਿਗੰਵਰ ਪ੍ਰੰਪਰਾ ਇਨ੍ਹਾਂ ਸਿਧਾਂਤਾ ਅਨੁਸਾਰ ਜੈਨ ਅਚਾਰਿਆ ਦੇ ਬਣਾਏ ਗ੍ਰੰਥਾਂ ਨੂੰ ਆਗਮਾ ਜਿਹਾ ਸਨਮਾਨ ਦਿੰਦੀ ਹੈ। ਆਗਮ ਕਾਲ ਈਂ ਪੂਰਵ 6ਵੀਂ ਸਦੀ ਤੋਂ 5ਵੀਂ ਸਦੀ ਹੈ ਮਹਾਵੀਰ ਨਿਰਵਾਨ ਤੋਂ 1000 ਸਾਲ ਬਾਅਦ ਆਗਮਾਂ ਦੇ ਸੰਕਲਨ ਅਤੇ ਲੇਖਨ ਦਾ ਸਮਾਂ ਹੈ।

ਆਗਮਾ ਵਿਚੋਂ ਸਭ ਤੋਂ ਪੁਰਾਤਨ ਅਚਾਰੰਗ ਸੂਤਰ ਦਾ ਪ੍ਰਥਮ ਸ਼ਰੁਤ ਸਕੰਧ ਸਭ ਤੋਂ ਪ੍ਰਾਚੀਨ ਹੈ। ਇਹ ਗੱਲ ਇਸ ਆਗਮ ਦੀ ਭਾਸ਼ਾ ਤੋਂ ਵੀ ਪਤਾ ਲਗਦੀ ਹੈ। ਸੋ ਆਗਮਾ ਦੀ ਰਚਨਾ ਦਾ ਸਮਾਂ ਤਾਂ ਭਗਵਾਨ ਮਹਾਵੀਰ ਦੇ ਸਮੇਂ ਤੋਂ ਹੀ ਸ਼ੁਰੂ ਹੋ ਜਾਂਦਾ ਹੈ।

11 ਅੰਗਾਂ ਤੋਂ ਛੁਟ ਉਪਾਂਗ, ਮੂਲ, ਛੇਦ ਆਦਿ ਸੂਤਰ ਹਨ ਇਨ੍ਹਾਂ ਦਾ ਸੰਕਲਨ ਕਰਤਾ ਆਰਿਆ ਸ਼ਿਆਮ (ਵੀਰ ਸੰਮਤ 335) ਅਤੇ ਅਚਾਰੀਆ ਭੱਦਰਵਾਹੂ 357 ਈ. ਨੂੰ ਮੰਨਿਆ ਜਾਂਦਾ ਹੈ। ਕਈ ਵਿਦਵਾਨ ਇਨ੍ਹਾਂ ਵਿਦਵਾਨ ਨੂੰ ਰਚਿਅਤਾ ਮੰਨਦੇ ਹਨ ਇਹ ਮਾਨਤਾ ਕਿਸੇ ਵੀ ਪੱਖੋਂ ਠੀਕ ਨਹੀਂ। ਕਿਉਂਕਿ 11 ਅੰਗ ਗ੍ਰੰਥਾਂ ਵਿਚ ਇਨ੍ਹਾਂ ਉਪਾਂਗਾਂ ਦਾ ਜਿਕਰ ਵਾਰ 2 ਆਇਆ ਹੈ। ਭਗਵਤੀ ਸੂਤਰ ਇਸ ਦਾ ਉਦਾਹਰਨ ਹੈ। ਬਾਕੀ ਇਨ੍ਹਾ

ਅਚਾਰੀਆ ਨੇ ਆਪਣੀ ਰਚਨਾ ਹੋਣ ਵਾਰੇ ਕੋਈ ਸੰਕੇਤ ਵੀ ਨਹੀਂ ਦਿਤਾ। ਇਹ ਸੰਕਲਨ ਇਸ ਤਰ੍ਹਾਂ ਦਾ ਹੈ ਜਿਸ ਤਰ੍ਹਾਂ ਅਚਾਰਿਆ ਸੰਯਵੰਬਾ ਨੂੰ ਦਸ਼ਵੈਕਾਲਿਕ ਸੂਤਰ ਦਾ ਸੰਕਲਨ ਕੀਤਾ। ਕਈ ਅਚਾਰੀਆ ਨੇ ਇਨ੍ਹਾਂ ਆਗਮਾਂ ਤੇ ਸੰਸਕ੍ਰਿਤ, ਪ੍ਰਾਕ੍ਰਿਤ ਭਾਸ਼ਾ ਵਿਚ ਟੀਕਾ, ਭਾਸ਼ਾ, ਚੂਰਨੀ ਲਿਖਕੇ ਇਨ੍ਹਾਂ ਆਗਮਾਂ ਨੂੰ ਸਮਝਾਉਣ ਵਿਚ ਯੋਗਦਾਨ ਪਾਇਆ ਹੈ।

## ਅੰਗ ਸ਼ਾਸਤਰਾਂ ਦਾ ਕ੍ਰਮ ਅਤੇ ਸ੍ਰੀ ਸੂਤਰ ਕ੍ਰਿਤਾਂਗ ਦਾ ਮਹੱਤਵ

11 ਅੰਗਾਂ ਵਿਚ ਸਰਵਪ੍ਰਥਮ ਆਚਾਰੰਗ ਸੂਤਰ ਹੈ। ਇਸ ਸ਼ਾਸਤਰ ਨੂੰ ਪਹਿਲਾ ਸਥਾਨ ਦੇਨਾ ਤਰਕ ਸੰਗਤ ਜਾਪਦਾ ਹੈ ਕਿਉਂਕਿ ਧਰਮ ਸੰਘ ਨੂੰ ਚਲਾਉਣ ਲਈ ਆਚਾਰ ਦੀ ਜਰੂਰਤ ਸਭ ਤੋਂ ਪਹਿਲਾ ਹੈ। ਅਚਾਰ ਸੰਘਤਾ ਦੀ ਮਾਨਵ ਜੀਵਨ ਵਿਚ ਪ੍ਰਮੁਖਤਾ ਹੈ। ਆਚਾਰੰਗ ਨੂੰ ਪਹਿਲਾ ਸਥਾਨ ਦੇਣ ਦਾ ਕਾਰਣ ਇਸ ਦਾ ਵਿਸ਼ਾ ਵਸਤੂ ਵੀ ਹੈ। ਆਚਾਰੰਗ ਤੋਂ ਬਾਅਦ ਸ੍ਰੀ ਸੂਤਰ ਕ੍ਰਿਤਾਂਗ ਸੂਤਰ ਦਾ ਨਾਂ ਆਇਆ ਹੈ। ਇਸ ਕ੍ਰਮ ਦਾ ਕਾਰਣ ਅਤੇ ਸਰੋਤ ਸਾਨੂੰ ਨਹੀਂ ਮਿਲਦੇ। ਹਾਂ ਇਹ ਜ਼ਰੂਰ ਹੈ ਕਿ ਦਿਗੰਵਰ ਅਤੇ ਸ਼ਵੇਤਾਂਵਰ ਪ੍ਰੰਪਰਾਵਾਂ ਵਿਚ ਆਗਮਾਂ ਦਾ ਇਕੋ ਕ੍ਰਮ ਹੈ।

ਸ੍ਰੀ ਸੂਤਰ ਕ੍ਰਿਤਾਂਗ ਵਿਚ ਵਿਚਾਰ ਪੱਖ ਪ੍ਰਮੁਖਤਾ ਦਿਤੀ ਗਈ ਹੈ ਜਦੋਂ ਕਿ ਆਚਾਰੰਗ ਵਿਚ ਆਚਰਣ ਨੂੰ ਮਹੱਤਵ ਦਿਤਾ ਗਿਆ ਹੈ। ਜੈਨ ਪ੍ਰੰਪਰਾਂ ਹਮੇਸ਼ਾ ਏਕਾਂਤ ਵਿਚਾਰ ਧਾਰਾਂ ਅਤੇ ਏਕਾਂਤ ਆਚਾਰ ਅਸਵਿਕਾਰ ਕਰਦੀ ਆਈ ਹੈ। ਆਚਾਰ ਅਤੇ ਵਿਚਾਰ ਦਾ ਸੁੰਦਰ ਸੁਮੇਲ ਪੇਸ਼ ਕਰਨਾ ਜੈਨ ਪ੍ਰੰਪਰਾਂ ਦਾ ਉਦੇਸ਼ ਰਿਹਾ ਹੈ। ਭਾਵੇਂ ਆਚਾਰੰਗ ਵਿਚ ਵੀ ਸੂਖਮ ਰੂਪ ਵਿਚ ਦੂਸਰੇ ਮੱਤਾਂ ਦਾ ਖੰਡਨ ਮਿਲਦਾ ਹੈ ਪਰ ਆਚਾਰ ਦੀ ਪ੍ਰਮੁਖਤਾ ਹੀ ਆਚਾਰੰਗ ਦਾ ਉਦੇਸ਼ ਹੈ। ਸੂਤਰ ਕ੍ਰਿਤਾਂਗ ਵਿਚ ਦੂਸਰੇ ਮੱਤਾ ਦਾ ਖੰਡਨ ਸਪਸ਼ਟ ਵਿਖਾਈ ਦਿੰਦਾ ਹੈ। ਸੂਤਰ ਕ੍ਰਿਤਾਂਗ ਸੂਤਰ ਦੀ ਤੁਲਨਾ ਬੁੱਧ ਪ੍ਰੰਪਰਾਂ ਦੇ **ਅਭਿਧੱਮਪਿੱਟਕ** ਨਾਲ ਕੀਤੀ ਜਾ ਸਕਦੀ ਹੈ ਜਿਸ ਵਿਚ ਬੁੱਧ ਨੇ 62 ਦੂਸਰੇ ਦਾਰਸ਼ਨਿਕੋ ਮੱਤਾ ਦਾ ਖੰਡਨ ਕੀਤਾ ਹੈ। ਸ੍ਰੀ ਸੂਤਰ ਕ੍ਰਿਤਾਂਗ ਸੂਤਰ ਦੇ ਸਵ ਸਮੇਂ ਅਤੇ ਪਰ ਸਮੇਂ ਅਧਿਐਨਾਂ ਦਾ ਵਰਨਣ ਹੈ। ਵਿਰਤੀਕਾਰ ਨੇ ਇਸ ਸੂਤਰ ਵਿਚ 363 ਮੱਤਾ ਦੇ ਖੰਡਨ ਦਾ ਵਰਨਣ ਕੀਤਾ ਹੈ ਇਹ ਮੱਤ ਇਸ ਪ੍ਰਕਾਰ ਹਨ।

| | —ਭੇਦ |
|---|---|
| ਕ੍ਰਿਆਵਾਦੀ | 180 |
| ਅਕ੍ਰਿਆਵਾਦੀ | 84 |
| ਅਗਿਆਨਵਾਦੀ | 67 |
| ਵਿਨੈਵਾਦੀ, | 32 |

ਸ਼ਵੇਤਾਂਵਰ ਮਾਨਤਾ ਪ੍ਰਾਪਤ ਸਮਵਯਾਂਗ ਸੂਤਰ ਵਿਚ ਸ੍ਰੀ ਸੂਤਰ ਕ੍ਰਿਤਾਂਗ ਬਾਰੇ ਕਿਹਾ ਗਿਆ ਹੈ ਕਿ ਇਸ ਵਿਚ ਸਵ ਸਮੇਂ, ਪਰਸਮੇ, ਜੀਵ, ਅਜੀਵ,ਪੁੰਨ, ਪਾਪ, ਆਸ਼ਰਵ,

ਸੰਬਰ ਨਿਰਜਰਾ, ਬੰਧ ਤੇ ਮੋਕਸ਼ ਤੱਤਵਾ ਦਾ ਕਥਨ ਹੈ। ਨੰਦੀ ਸੂਤਰ ਅਨੁਸਾਰ ਸੂਤਰ ਕ੍ਰਿਤਾਂਗ ਵਿਚ ਲੋਕ, ਅਲੋਕ, ਅਲੋਕਾ ਲੋਕ, ਜੀਵ ਅਤੇ ਅਜੀਵ ਦਾ ਵਰਨਣ ਹੈ ।

ਦਿਗੰਵਰ ਜੈਨ ਮਾਨਤਾ ਪ੍ਰਾਪਤ ਗ੍ਰੰਥ ਰਾਜਵਾਰਤਿਕ ਅਨੁਸਾਰ ਸ਼੍ਰੀ ਸੂਤਰ ਕ੍ਰਿਤਾਂਗ ਵਿਚ ਗਿਆਨ, ਵਿਨੈ, ਕਲਪ, ਅਕਲੱਪ, ਵਿਵਹਾਰ ਧਰਮ ਅਤੇ ਭਿੰਨ ੨ ਕ੍ਰਿਆਵਾਂ ਦਾ ਵਰਨਣ ਸੀ । ਪਰ ਹੁਣ ਇਹ ਗ੍ਰੰਥ ਨਸ਼ਟ ਹੋ ਚੁਕਾ ਹੈ ।

## ਸ਼੍ਰੀ ਸੂਤਰ ਕ੍ਰਿਤਾਂਗ ਸੂਤਰ ਦੇ ਅਧਿਐਨ ਦਾ ਵਿਸ਼ਾ.

ਸ਼੍ਰੀ ਸੂਤਰ ਕ੍ਰਿਤਾਂਗ ਸੂਤਰ ਦਾ ਦਾਰਸ਼ਨਿਕ ਜਗਤ ਦੇ ਇਤਿਹਾਸ ਪੱਖੋਂ ਅਚਾਰੰਗ ਨਾਲੋਂ ਵੱਧ ਮਹੱਤਵਪੂਰਨ ਹੈ। ਸ਼੍ਰੀ ਸੂਤਰ ਕ੍ਰਿਤਾਂਗ ਸੂਤਰ ਦੇ ਵਰਤਮਾਨ ਕਾਲ ਵਿਚ ਦੋ ਸ਼ਰੁਤ ਸਕੰਧ ਮਿਲਦੇ ਹਨ ਪਹਿਲੇ ਸ਼ਰੁਤ ਸੰਕਧ ਦੇ 16 ਅਧਿਐਨ ਹਨ । ਪਹਿਲਾ ਸਮੇਂ ਅਧਿਐਨ ਦੇ ਚਾਰ ਉਦੇਸ਼ਕ ਹਨ ਇਸ ਵਿਚ ਵੀਤਰਾਗ ਦੇ ਅਹਿੰਸਾ ਸਿਧਾਂਤ ਨੂੰ ਦਸਦੇ ਹੋਏ ਦਾਰਸ਼-ਨਿਕ ਮੱਤਾਂ ਦਾ ਜਿਕਰ ਕੀਤਾ ਗਿਆ । ਦੂਸਰਾ ਵੈਤਾਲਿਆ ਅਧਿਐਨ ਹੈ ਇਸ ਵਿਚ ਤਿੰਨ ਉਦੇਸ਼ਕ ਹਨ ਵੈਤਾਲਿਆ ਛੰਦ ਹੋਣ ਕਾਰਣ ਇਸ ਦਾ ਇਹ ਨਾਮ ਪਿਆ ਹੈ । ਇਸ ਵਿਚ ਵੈਰਾਗ ਦਾ ਉਪਦੇਸ਼ ਹੈ ।

ਤੀਸਰਾ ਅਧਿਐਨ ਉਪਸਰਗ ਨਾਂ ਦਾ ਹੈ । ਇਸ ਦੇ 4 ਉਦੇਸ਼ਕ ਵਿਚ ਸੰਜਮੀ ਜੀਵਨ ਨੂੰ ਆਉਣ ਵਾਲੀਆਂ ਮੁਸ਼ਕਿਲਾਂ ਦਾ ਮਨੋਵਿਗਿਆਨਕ ਵਰਨਣ ਹੈ ।

ਚੌਥਾ ਇਸਤਰੀ ਪਰੀਗਿਆ ਅਧਿਐਨ ਹੈ ਇਸ ਦੇ ਦੋ ਉਦੇਸ਼ਕਾਂ ਵਿਚ ਬ੍ਰਹਮ-ਚਾਰੀ ਜੀਵ ਨੂੰ ਇਸਤਰੀਆਂ ਰਾਹੀਂ ਹੋਣ ਵਾਲੇ ਖਤਰਿਆ ਤੋਂ ਸਾਧੂ ਨੂੰ ਸਾਵਧਾਨ ਕੀਤਾ ਗਿਆ ਹੈ ।

ਪੰਜਵਾਂ ਨਿਰੈ ਵਿੱਭਕਤੀ ਅਧਿਐਨ ਦੇ ਦੋ ਉਦੇਸ਼ਕਾਂ ਵਿਚ ਨਰਕ ਦੇ ਦੁੱਖਾਂ ਦਾ ਜ਼ਿਕਰ ਕਰਕੇ ਪਾਪ ਤੋਂ ਬਚਨ ਦੀ ਹਿਦਾਇਤ ਕੀਤੀ ਗਈ ਹੈ ।

ਛੇਵਾ ਅਧਿਐਨ ਵੀਰ ਸਤੁਤੀ ਹੈ ਜਿਸ ਵਿਚ ਅਚਾਰੀਆ ਸੁਧਰਮਾਂ ਸਵਾਮੀ ਨੇ ਅਪਣੇ ਗੁਰੂ ਤੀਰਥੰਕਰ ਭਗਵਾਨ ਮਹਾਵੀਰ ਦੀ ਛੰਦ ਅਲੰਕਾਰਾਂ ਨਾਲ ਸੁੰਦਰ ਸਤੁਤੀ ਕੀਤੀ ਹੈ।

ਸਤਵਾਂ ਕੁਸ਼ੀਲ ਭਾਸ਼ਿਤ ਅਧਿਐਨ ਵਿਚ ਚਾਰਿਤਰ ਹੀਣ ਜੀਵਾਂ ਦਾ ਜ਼ਿਕਰ ਹੈ

ਅੱਠਵਾਂ ਵੀਰਜ ਅਧਿਐਨ ਹੈ ਇਸ ਵਿਚ ਸ਼ੁਭ ਅਤੇ ਅਸ਼ੁਭ ਕੋਸ਼ਿਸ਼ ਦਾ ਸਵਰੂਪ ਦਸਿਆ ਗਿਆ ਹੈ ।

ਨੌਵਾਂ ਧਰਮ ਅਧਿਐਨ ਹੈ ਇਸ ਵਿਚ ਧਰਮ ਦਾ ਸਵਰੂਪ ਹੈ ।

ਦਸਵਾਂ ਸਮਾਧਿ ਅਧਿਐਨ ਹੈ ਜਿਸ ਵਿਚ ਧਰਮ ਵਿਚ ਸਥਿਰਤਾ ਬਾਰੇ ਆਖਿਆ ਗਿਆ ਹੈ ।

ਗਿਆਰਵਾਂ ਮਾਰਗ ਅਧਿਐਨ ਹੈ ਜਿਸ ਵਿਚ ਸੰਸਾਰ ਦੇ ਬੰਧਨ ਤੋਂ ਛੁਟਨ ਦਾ

ਮਾਰਗ ਦਸਿਆ ਗਿਆ ਹੈ ।

ਬਾਹਰਵਾਂ ਸਮੋਸਰਨ ਅਧਿਐਨ ਹੈ ਜਿਸ ਵਿਚ ਕ੍ਰਿਆਵਾਦੀ, ਅਕ੍ਰਿਆਵਾਦੀ, ਵਿਨੇਵਾਦੀ ਅਤੇ ਅਗਿਆਨਵਾਦੀ ਮੱਤਾ ਬਾਰੇ ਵਿਚਾਰ ਕੀਤਾ ਗਿਆ ਹੈ ।

ਤੇਹਰਵਾਂ ਯਥਾਤੱਥ ਨਾਂ ਦਾ ਅਧਿਐਨ ਹੈ ਜਿਸ ਵਿਚ ਮਨੁੱਖ ਮਨ ਦਾ ਸੁੰਦਰ ਚਿੱਤਰਨ ਹੈ ।

ਚੋਹਦਵਾਂ ਗ੍ਰੰਥ ਅਧਿਐਨ ਹੈ ਜਿਸ ਵਿਚ ਗਿਆਨ ਪ੍ਰਾਪਤੀ ਦੇ ਰਾਹ ਦਾ ਵਰਨਣ ਹੈ ।

ਪੰਦਰਵਾਂ ਆਦਾਨਿਆਂ ਅਧਿਐਨ ਹੈ ਜਿਸ ਵਿਚ ਭਗਵਾਨ ਮਹਾਵੀਰ ਦੇ ਉਪਦੇਸ਼ ਦਾ ਸਾਰ ਹੈ ।

ਸੋਲਹਵਾਂ ਅਧਿਐਨ ਗੱਦ ਰੂਪ ਵਿਚ ਹੈ ਜਿਸ ਵਿਚ ਭਿਖਸ਼ੂ (ਸ਼੍ਰਮਣ) ਦਾ ਸਵਰੂਪ ਠੀਕ ਪ੍ਰਕਾਰ ਨਾਲ ਸਮਝਾਇਆ ਗਿਆ ਹੈ ।

**ਦੂਸਰਾ ਸ਼ਰੁਤ ਸੰਕਧ**

ਸ੍ਰੀ ਸੂਤਰ ਕ੍ਰਿਤਾਂਗ ਸੂਤਰ ਦੇ ਸੱਤ ਅਧਿਐਨ ਹਨ । ਪਹਿਲਾ ਪੁੰਡਰਿਕ ਅਧਿਐਨ ਹੈ ਉਸ ਵਿਚ ਕਮਲ ਦੀ ਉਪਮਾ ਨਾਂਲ ਸੰਸਾਰ ਦੇ ਸਵਰੂਪ ਦਾ ਵਰਨਣ ਦਸਿਆ ਗਿਆ ਹੈ ਸੁੰਦਰ ਰੂਪਕ ਰਾਹੀਂ ਚਾਰ ਪ੍ਰਮੁਖਾਂ ਮੱਤਾ ਦੇ ਮਨੁੱਖਾਂ ਦਾ ਵਰਨਣ ਹੈ ਪੰਜਵਾਂ ਤਿਆਗੀ ਭਿਖਸ਼ੂ ਹੈ । ਸਾਰੇ ਇਕ ਕਮਲ ਨੂੰ ਪਾਉਣਾ ਚਾਹੁੰਦੇ ਹਨ । ਪਰ ਦਲ ਦਲ ਵਿਚ ਫਸ ਜਾਂਦੇ ਹਨ । ਪਰ ਤਿਆਗੀ ਭਿਖਸ਼ੂ ਕਮਲ ਨੂੰ ਅਪਣੇ ਤੱਪ ਤਿਆਗ ਸਦਕਾ ਅਵਾਜ ਦੇ ਕੇ ਪ੍ਰਾਪਤ ਕਰ ਲੈਂਦਾ ਹੈ । ਸੂਤਰਕਾਰ ਦਾ ਉਦੇਸ਼ ਇਹ ਦਸਨਾ ਹੈ ਕਿ ਤਿਆਗ ਤੋਂ ਬਿਨਾ ਧਰਮ ਰੂਪੀ ਕਮਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ । ਇਸ ਅਧਿਐਨ ਵਿਚ ਭਿੰਨ 2 ਮਤਾਂ ਦੇ ਭਿਖਸ਼ੂਆ ਦਾ ਵਰਨਣ ਵੀ ਹੈ । ਦੂਸਰੇ ਅਧਿਐਨ ਵਿਚ ਕ੍ਰਿਆਸਥਾਨਾ ਦਾ ਵਰਨਣ ਹੈ ਜੋ ਕਰਮਬੰਧ ਦਾ ਕਾਰਣ ਹਨ । ਤੀਸਰਾ ਅਧਿਐਨ ਅਹਾਰ ਪਰਿਗਿਆ ਹੈ ਜਿਸ ਵਿਚ ਤਰੱਸ ਅਤੇ ਸਥਾਵਰ ਜੀਵਾਂ ਦੇ ਭੋਜਨ ਦਾ ਵਰਨਣ ਕੀਤਾ ਗਿਆ ਹੈ । ਚੋਥਾ ਅਧਿਐਨ ਪ੍ਰਤਿਖਿਆਨ (ਪਛਖਾਣ) ਨਾਂ ਦਾ ਅਧਿਐਨ ਹੈ ਜਿਸ ਵਿਚ ਤਿਆਗ, ਪਛਖਾਨ, ਵਰਤ ਤੇ ਨਿਅਮ ਦਾ ਸਵਰੂਪ ਹੈ । ਪੰਜਵਾ ਆਚਾਰ ਸ਼ਰੁਤ ਅਧਿਐਨ ਹੈ ਜਿਸ ਵਿਚ ਤਿਆਗਨ ਯੋਗ ਵਸਤਾਂ ਦੀ ਗਿਣਤੀ ਹੈ ਅਤੇ ਲੋਕ ਮਾਨਤਾਵਾਂ ਦਾ ਖੰਡਨ ਕੀਤਾ ਗਿਆ ਹੈ । ਛੇਵਾਂ ਅਧਿ-ਐਨ ਆਦਰਕਿਆ ਹੈ ਜਿਸ ਵਿਚ ਈਰਾਨ ਦੇ ਸ਼ਹਿਜਾਦੇ ਆਦਰਕ ਮੁਨੀ ਦਾ ਇਤਿਹਾਸਕ ਵਿਰਤਾਂਤ ਮਿਲਦਾ ਹੈ । ਇਸ ਅਧਿਐਨ ਤੋਂ ਸਿੱਧ ਹੈ ਕਿ ਭਗਵਾਨ ਮਹਾਵੀਰ ਦੇ ਸਮੇਂ ਜੈਨ ਭਿਖਸ਼ੂ ਭਾਰਤ ਤੋਂ ਬਾਹਰ ਖੁਸ਼ਕੀ ਦੇ ਰਸਤੇ ਵਿਦੇਸ਼ ਪਹੁੰਚ ਚੁਕੇ ਸਨ। ਇਸ ਅਧਿਐਨ ਵਿਚ ਆਦਰਕ ਮੂਨੀ ਦੀ ਅਪਣੇ ਸਮੇਂ ਦੇ ਪ੍ਰਸਿਧ ਦਾਰਸ਼ਨਿਕਾਂ ਨਾਲ ਤੱਤਵ ਚਰਚਾ ਹੈ । ਇਨ੍ਹਾਂ ਦਾਰਸ਼ਨਿਕਾਂ ਵਿਚ ਮੰਖਲੀ ਪੁਤਰ ਗੋਸ਼ਾਲਕ ਬਹੁਤ ਪ੍ਰਸਿਧ ਹੈ।ਸੱਤਵਾਂ ਅਧਿਐਨ ਨਾਲੰਦੀਆ

ਹੈ ਇਸ ਵਿਚ ਗਨਧੱਰ ਇੰਦਰ ਭੂਤੀ ਦਾ ਨਾਲੰਦਾ ਵਿਖੇ ਦਿਤਾ ਉਪਦੇਸ਼ ਦਰਜ ਹੈ। ਇਸ ਅਧਿਐਨ ਤੋਂ ਭਗਵਾਨ ਪਾਰਸ਼ਨਾਥ ਅਤੇ ਭਗਵਾਨ ਮਹਾਵੀਰ ਦੇ ਸ਼ਿਸਾ ਦੇ ਮੱਤਭੇਦ ਦਾ ਵਰਨਣ ਹੈ।

## ਟੀਕਾ ਅਤੇ ਨਿਰਯੁਕਤੀ

ਇਸ ਸ਼ਾਸਤਰ ਤੇ ਪ੍ਰਾਚੀਨ ਨਿਰਯੁਕਤੀ ਅਚਾਰੀਆ ਭੱਦਰਵਾਹੂ ਸਵਾਮੀ ਨੇ ਲਿਖੀ ਹੈ। ਸ਼ੀਲਾਕਾ ਅਚਾਰੀਆ ਨੇ ਸੰਸਕ੍ਰਿਤ ਵਿਚ ਵਿਸ਼ਾਲ ਟੀਕਾ ਇਸ ਗ੍ਰੰਥ ਤੇ ਲਿਖੀ ਹੈ। ਸਥਾਨਕਵਾਸੀ ਜੈਨ ਫਿਰਕੇ ਵਿਚ ਗੁਜਰਾਤੀ ਰਾਜਸਥਾਨੀ ਟੱਬਾ ਮਿਲਦੀ ਹੈ। ਇਸ ਗ੍ਰੰਥ ਦੇ ਬਹੁਤ ਭਾਸ਼ਾਵਾ ਵਿਚ ਅਨੁਵਾਦ ਹੋ ਚੁਕੇ ਹਨ।

## ਅਨੁਵਾਦ ਸਹਾਇਕ ਪ੍ਰਤਿਆ

ਅਸੀਂ ਜਿਨ੍ਹਾਂ ਗ੍ਰੰਥਾਂ ਵਿਚੋਂ ਪਾਠ ਅਤੇ ਅਰਥ ਦਾ ਨਿਰਨਾ ਕੀਤਾ ਹੈ, ਟਿਪਣੀ ਲਈ ਵੀ ਅਸੀਂ ਜਿਨ੍ਹਾਂ ਗ੍ਰੰਥਾਂ ਦੀ ਸਹਾਇਤਾ ਲਈ ਹੈ। ਉਨ੍ਹਾਂ ਦੀ ਸੂਚੀ ਇਸ ਪ੍ਰਕਾਰ ਹੈ :

1. ਸ੍ਰੀ ਸੂਤਰ ਕ੍ਰਿਤਾਂਗ ਸੂਤਰ (ਨਿਰਨੇ ਸਾਗਰ ਪ੍ਰੈਸ ਟੀਕਾ-ਚੁਰਣੀ ਵਾਲਾ)
2. ਸ੍ਰੀ ਸੂਤਰ ਕ੍ਰਿਤਾਂਗ ਸੂਤਰ (ਹਿੰਦੀ ਅਨੁਵਾਦ)—ਅਚਾਰੀਆ ਅਮੋਲਕ ਰਿਸ਼ੀ ਜੀ
3. ਸ੍ਰੀ ਸੂਤਰ ਕ੍ਰਿਤਾਂਗ ਸੂਤਰ ਅੰਗਰੇਜੀ – ਡਾ. ਹਰਮਨ ਜੈਕੋਬੀ ਜਰਮਨ
4. ਸ੍ਰੀ ਸੂਤਰ ਕ੍ਰਿਤਾਂਗ ਸੂਤਰ ਭਾਗ 1-4 ਅਚਾਰੀਆ ਸ੍ਰੀ ਜਵਾਹਰ ਲਾਲ ਜੀ ਮਹਾ- ਰਾਜ (ਹਿੰਦੀ ਟੀਕਾ ਅਨੁਵਾਦ)
5. ਸ੍ਰੀ ਸੂਤਰ ਕ੍ਰਿਤਾਂਗ ਸੂਤਰ (ਹਿੰਦੀ) ਅਚਾਰੀਆ ਸ੍ਰੀ ਘਾਸੀ ਰਾਮ ਜੀ ਮਹਾਰਾਜ ਗੁਜਰਾਤੀ।
6. ਸ੍ਰੀ ਸੂਤਰ ਕ੍ਰਿਤਾਂਗ ਸੂਤਰ (ਹਿੰਦੀ) ਅਚਾਰੀਆ ਮਹਾਪ੍ਰਗਿਆ ਜੀ ਵਾਚਨਾ ਪ੍ਰਮੁਖ ਅਚਾਰੀਆ ਸ਼੍ਰੀ ਤੁਲਸੀ ਜੀ।
7. ਸ੍ਰੀ ਸੂਤਰ ਕ੍ਰਿਤਾਂਗ ਸੂਤਰ (ਹਿੰਦੀ) ਸ੍ਰੀ ਫੂਲ ਚੰਦ ਜੀ ਮਹਾਰਾਜ, ਕਰਾਚੀ ਵਾਲੇ
8. ਸ੍ਰੀ ਸੂਤਰ ਕ੍ਰਿਤਾਂਗ ਸੂਤਰ (ਮੂਲ ਪਾਠ) ਸ੍ਰੀ ਰਤਨ ਲਾਲ ਡੋਸ਼ੀ
9. ਸ੍ਰੀ ਸੂਤਰ ਕ੍ਰਿਤਾਂਗ ਸੂਤਰ ਸ੍ਰੀ ਪੁਨਯ ਵਿਜੈ ਜੀ ਮਹਾਰਾਜ (ਮਹਾਵੀਰ ਜੈਨ ਵਿਦਿਆਲੇ) ਬੰਬਈ।

ਇਨ੍ਹਾਂ ਸ਼ਾਸਤਰਾਂ ਤੋਂ ਛੁਟ ਸਾਡੀ ਗਿਆਨ ਪ੍ਰਦਾਤਾ ਤਾਂ ਜੈਨ ਸਾਧਵੀ ਸ੍ਰੀ ਸਵਰਨ ਕਾਂਤਾ ਹੀ ਹਨ ਜਿਨ੍ਹਾਂ ਸਾਨੂੰ ਕਦਮ ਕਦਮ ਤੇ ਰੋਸ਼ਨੀ ਵਿਖਾਈ। ਅਸੀਂ ਇਸ ਗ੍ਰੰਥ ਵਿਚ 500 ਜੈਨ ਅਜੈਨ ਗ੍ਰੰਥ ਅਤੇ ਪੱਤ੍ਰਿਕਾਂਵਾ ਦੀ ਸਹਾਇਤਾ ਲਈ ਹੈ।

ਉਪਰੋਕਤ ਛੱਪੇ ਸੂਤਰਾਂ ਤੋਂ ਅਸੀਂ ਪੀ. ਆਰ. ਜੈਨ ਹਸਤਲਿਖਤ ਭੰਡਾਰ ਮਾਲੇਰ ਕੋਟਲੇ ਦੀ ਭਰਪੂਰ ਮਦਦ ਲਈ ਹੈ। ਇਸ ਸੂਤਰ ਦੀ ਛਪਾਈ ਪ੍ਰਕਾਸ਼ਨ ਲਈ ਸਾਨੂੰ

ਬਹੁਤ ਮੁਸਿਬਤਾਂ, ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ ਹੈ ਪੰਜਾਬੀ ਵਿਚ ਢੁਕਬੇ ਸ਼ਬਦਾਂ ਦੀ ਸਾਨੂੰ ਹਮੇਸ਼ਾ ਸਮਸਿਆ ਰਹੀ ਹੈ। ਸੰਸਾਰ ਵਿਚ ਪਹਿਲੀ ਵਾਰ ਅਨੁਵਾਦ ਕਰਨ ਕਾਰਣ ਅਨੇਕਾਂ ਅਸ਼ੁਧੀਆ ਰਹਿ ਜਾਨੀਆਂ ਸਹਿਜ ਹਨ। ਅਸੀਂ ਹਰ ਅਸ਼ੁਧੀ ਲਈ ਖੁੱਦ ਨੂੰ ਜਿੰਮੇ-ਮੰਨਦੇ ਹਾਂ। ਅਸੀਂ ਸ਼ਾਸਤਰ ਦੇ ਜਾਣਕਾਰਾਂ ਅੱਗੇ ਪ੍ਰਾਥਨਾ ਕਰਾਂਗੇ ਕਿ ਉਹ ਅਨੁਵਾਦ ਪ੍ਰਤੀ ਆਪਣੇ ਵਿਚਾਰਾਂ ਤੋਂ ਸਾਨੂੰ ਜਾਣੂ ਕਰਾਉਣਾ ਜਿਨ੍ਹਾਂ ਦੀ ਅਸੀਂ ਸਹਾਇਤਾ ਲਈ ਹੈ ਅਸੀਂ ਇਨ੍ਹਾਂ ਸਾਰੇ ਗ੍ਰੰਥਾਂ ਦੇ ਲੇਖਕ ਅਨੁਵਾਦਕਾ ਅਤੇ ਲਾਇਬਰੇਰੀਆਂ ਦੇ ਰਿਨੀ ਹਾਂ ਖਾਸ ਤੌਰ ਤੇ ਸ਼੍ਰੀ ਵਿਮਲ ਮੁਨੀ ਜੀ ਦੀ ਨਿਜੀ ਲਾਇਬਰੇਰੀ ਕੁੱਪ ਦੇ ਕਾਰਜ ਕਰਤਾ ਦੀ ਖੁਲ ਦਿਲੀ ਲਈ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ।ਅਚਾਰਿਆ ਸ੍ਰੀ ਵਿਜੇਂਦਰ ਸੂਰੀ ਦਾ ਧੰਨਵਾਦ ਕਰਦੇ ਹਾਂ ਅਤੇ ਉਨ੍ਹਾਂ ਦੇ ਚਰਨਾਂ ਵਿਚ ਨਮਸਕਾਰ ਕਰਦੇ ਹਾਂ।

## ਸਮਰਪਣ ਤੇ ਧੰਨਵਾਦ

ਇਸ ਗ੍ਰੰਥ ਦੀ ਪ੍ਰੇਰਿਕਾ ਸਾਡੀ ਗੁਰੁਣੀ ਉਪ ਪ੍ਰਵਤਨੀ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ ਹਨ। ਉਹ ਖੁੱਦ ਲੇਖਿਕਾ ਹਨ ਉਨ੍ਹਾਂ ਪੰਜਾਬੀ ਜੈਨ ਸਾਹਿਤ ਦਾ ਇਕ ਯੁੱਗ ਅਰੰਭ ਕੀਤਾ ਹੈ ਮਹਾਰਾਜ ਸ਼੍ਰੀ ਨੇ ਆਪਣੇ ਕੀਮਤੀ ਸਮੇਂ ਵਿਚੋਂ ਅਨੁਵਾਦ ਦੇ ਮਾਮਲੇ ਵਿਚ ਸਾਡੀ ਹਰ ਢੰਗ ਨਾਲ ਮੱਦਦ ਕੀਤੀ ਹੈ। ਜਦੋਂ ਵੀ ਕੋਈ ਮੁਸ਼ਕਲ ਸ਼ਬਦ ਆਇਆ। ਉਨ੍ਹਾ ਉਸ ਨੂੰ ਸ਼ਾਸਤਰ ਅਤੇ ਤੁਲਨਾਤਮਕ ਅਧਿਐਨ ਨਾਲ ਹੱਲ ਕਰ ਦਿਤਾ। ਸਾਨੂੰ ਕਿਤਾਬਾਂ ਪੜ੍ਹਨ ਲਈ ਦਿਤੀਆਂ। ਸਾਧਵੀ ਜੀ ਜੈਨ ਦਰਸ਼ਨ ਤੇ ਇਤਿਹਾਸ ਦੀ ਚੰਗੀ ਅਧਿਆਪਕਾਂ ਹਨ। ਉਨ੍ਹਾਂ ਦਾ ਜੀਵਨ ਤੱਪ, ਸੰਜਮ ਅਤੇ ਅਨੇਕਾਂ ਗੁਣਾਂ ਦਾ ਪ੍ਰਤੀਕ ਹੈ।ਉਨ੍ਹਾਂ **ਅਨਮੋਲ ਵਚਨ** ਨਾਂ ਦਾ ਇਕ ਗ੍ਰੰਥ ਸਮਾਜ ਨੂੰ ਦੇ ਕੇ ਪਹਿਲੀ ਪੰਜਾਬੀ ਜੈਨ ਲੇਖਿਕਾ ਹੋਣ ਦਾ ਸਨਮਾਨ ਪ੍ਰਾਪਤ ਕਰ ਲਿਆ ਹੈ। ਸਾਧਵੀ ਜੀ ਦੇ ਸਾਡੇ ਤੇ ਮਹਾਨ ਉਪਕਾਰ ਹਨ। ਅਸੀਂ ਤਾਂ ਅਨਜਾਣ ਹਾਂ। ਇਸ ਗ੍ਰੰਥ ਵਿਚ ਜੋ ਵੀ ਚੰਗਾ ਹੈ ਉਹ ਸਭ ਸਾਧਵੀ ਜੀ ਦਾ ਹੈ ਜੋ ਕੋਈ ਉਨਤਾਈ ਹੈ ਉਸ ਦੇ ਅਸੀਂ ਜ਼ਿੰਮੇਵਾਰ ਹਾਂ ਅਤੇ ਖਿਮਾ ਚਾਹੁੰਦੇ ਹਾਂ। ਸਾਨੂੰ ਆਸ ਹੈ ਕਿ ਸਾਧਵੀ ਜੀ ਇਸ ਤਰ੍ਹਾਂ ਜੈਨ ਧਰਮ ਪ੍ਰਚਾਰ ਆਮ ਲੋਕਾਂ ਵਿਚ ਕਰਨਗੇ। ਹੋਰ ਸਾਧੂ ਸਾਧਵੀ ਵੀ, ਸਾਧਵੀ ਸ਼੍ਰੀ ਸਵਰਨ ਕਾਂਤਾ ਜੀ ਦੇ ਕੰਮ ਤੋਂ ਪ੍ਰੇਰਣਾ ਹਾਸਲ ਕਰਨਗੇ। ਅਸੀਂ ਬੜੇ ਵਿਨਿਮਰ ਭਾਵ ਨਾਲ ਇਹ ਪਹਿਲਾ ਸ੍ਰੀ ਸੂਤਰ ਕ੍ਰਿਤਾਂਗ ਸੂਤਰ ਦਾ ਅਨੁਵਾਦ ਸਾਧਵੀ ਜੀ ਦੇ ਕਰ ਕਮਲਾ ਵਿਚ ਸਮਰਪਿਤ ਕਰਦੇ ਹਾਂ। ਗੁਰੁਣੀ ਜੀ ਗਿਆਨ, ਦਰਸ਼ਨ, ਚਰਿੱਤਰ ਦੀ ਮੂਰਤੀ ਹਨ। ਉਹ ਵੀਤਰਾਗ ਆਤਮਾ ਮਾਨ-ਅਪਮਾਨ, ਯਸ ਅਪਯਸ਼ ਤੋਂ ਪਰੇ ਹਨ। ਉਨ੍ਹਾਂ ਨੂੰ ਕੋਈ ਸਨਮਾਨ ਦੀ ਜਰੂਰਤ ਨਹੀਂ। ਪਰ ਗੁਣੀ ਦੇ ਗੁਣਾਂ ਦਾ ਗੁਣ ਗਾਣ ਨਾ ਕਰਨਾ ਬਹੁਤ ਬੜਾ ਅਪਰਾਧ ਹੈ ਅਸੀਂ ਅਪਣੇ ਆਪ ਨੂੰ ਅਪਰਾਧ ਤੋਂ ਮੁਕਤ ਕਰਕੇ ਉਨ੍ਹਾਂ ਦੇ ਗੁਣਗਾਣ ਦਾ ਸਵਰੂਪ ਇਹ ਸ੍ਰੀ ਸੂਤਰ ਕ੍ਰਿਤਾਂਗ ਸੂਤਰ ਉਨ੍ਹਾਂ ਨੂੰ ਭੇਂਟ ਕਰਦੇ ਹਾਂ।

ਇਸ ਸੂਤਰ ਲਈ ਅਰਹਤ ਸੰਘ ਅਚਾਰਿਆ ਸ੍ਰੀ ਸੁਸ਼ੀਲ ਕੁਮਾਰ ਜੀ ਮਹਾਰਾਜ ਨੇ ਆਸ਼ੀਰਵਾਦ ਵਚਨ ਲਿਖਿਆ ਹੈ। ਫਰਾਂਸ ਨਿਵਾਸੀ ਸ੍ਰੀਮਤੀ ਨਲਿਨੀ ਬਲਵੀਰ ਨੇ ਵਿਦੱਤਾ

ਪੂਰਵਕ ਦੋ ਸ਼ਬਦ ਲਿਖੇ ਹਨ । ਡਾਕਟਰ ਹਰਮਿੰਦਰ ਸਿੰਘ ਕੋਹਲੀ ਪ੍ਰੋਫੈਸਰ ਅਤੇ ਮੁੱਖੀ, ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਸਾਡੇ ਪ੍ਰਤਿ ਆਸ਼ੀਰਵਾਦੀ ਸ਼ਬਦ ਲਿਖੇ ਹਨ ਜੋ ਉਨ੍ਹਾਂ ਦੀ ਪਵਿੱਤਰ ਆਤਮਾ ਦਾ ਪ੍ਰਤੀਕ ਹਨ ਇਨ੍ਹਾਂ ਸਭ ਦਾ ਬਹੁਤ ਬਹੁਤ ਧੰਨਵਾਦ ਕਰਦੇ ਹਾਂ ।

ਇਸ ਤੋਂ ਛੁੱਟ ਪ੍ਰਵਤਕ ਭੰਡਾਰੀ ਸ਼੍ਰੀ ਪਦਮ ਚੰਦਰ ਜੀ, ਉਪਾਧਿਆ ਸ਼੍ਰੀ ਅਮਰ ਮੁਨੀ ਜੀ, ਸ਼੍ਰੀ ਵਿਮਲ ਮੁਨੀ ਜੀ, ਸ਼੍ਰੀ ਰਤਨ ਮੁਨੀ ਜੀ, ਸ੍ਰੀ ਤਿਰਲੋਕ ਮੁਨੀ ਜੀ, ਸ਼੍ਰੀ ਜੈ ਚੰਦ ਜੀ ਸ਼੍ਰੀ ਵਰਧਮਾਨ ਜੀ, ਜੈਨ ਸਾਧਵੀ ਮੋਹਨ ਕੁਮਾਰੀ ਤਾਰਨਗਰ, ਸੰਘ ਪ੍ਰਮੁਖ ਸ੍ਰੀ ਚੰਦਨ ਮੁਨੀ, ਸ੍ਰੀ ਧਨਰਾਜ ਜੀ ਦੇ ਆਸ਼ੀਰਵਾਦ ਅਤੇ ਸਹਿਯੋਗ ਲਈ ਉਨਾਂ ਦੇ ਚਰਨਾਂ ਵਿਚ ਬੰਦਨਾ ਕਰਦੇ ਹਨ । ਯੁਵਾ ਅਚਾਰਿਆ ਸ਼੍ਰੀ ਸ਼ਿਵ ਮੁਨੀ ਜੀ ਦਾ ਸਹਿਯੋਗ ਤੇ ਸੁਝਾਵ ਵੀ ਸਾਡਾ ਮਾਰਗ ਦਰਸ਼ਨ ਕਰਦੇ ਰਹੇ ਹਨ ।

ਇਸ ਸੂਤਰ ਦੇ ਸ਼ੁਰੂ ਵਿਚ ਜੈਨ ਧਰਮ ਇਕ ਸੰਖੇਪ ਜਾਣਕਾਰੀ ਭਾਗ ਹੈ ਇਸ ਦਾ ਉਦੇਸ਼ ਹੈ ਕਿ ਪਾਠਕ ਗ੍ਰੰਥ ਅਨੁਵਾਦ ਪੜ੍ਹ ਤੋਂ ਪਹਿਲਾ ਜੈਨ ਦਰਸ਼ਨ, ਇਤਿਹਾਸ ਬਾਰੇ ਪੰਜਾਬੀ ਵਿਚ ਜਾਨ ਸਕਣ । ਹਰ ਅਧਿਐਨ ਦੀ ਆਪਣੀ ਭੂਮਿਕਾ ਹੈ । ਇਹ ਗ੍ਰੰਥ ਸਾਡੇ ਜੀਵਨ ਦੀ ਬਹੁਤ ਮਹੱਤਵ ਪੂਰਣ ਕੋਸ਼ਿਸ਼ ਹੈ ਜਿਸ ਰਾਹੀਂ ਅਸੀਂ ਭਗਵਾਨ ਮਹਾਵੀਰ ਦਾ ਸੰਦੇਸ਼ ਦੁਨੀਆਂ ਦੀਆ ਭਾਸ਼ਾਵਾ ਵਿਚ ਪਹੁੰਚਾਣ ਦੇ ਕ੍ਰਮ ਵਿਚ ਸ਼ਾਮਲ ਹੋ ਸਕੇ ਹਾਂ ।

ਅਸੀਂ ਕੋਈ ਜੈਨ ਧਰਮ ਦੇ ਅਧਿਕਾਰੀ ਵਿਦਵਾਨ ਨਹੀਂ । ਭਾਂਸ਼ਾ ਪਖੋ, ਅਧਿਐਨ ਪਖੋਂ, ਹਰ ਤਰੁਟੀ ਲਈ ਅਸੀਂ ਸ਼ਾਸਨ ਦੇਵ ਦੀ ਸਾਖੀ ਨਾਲ ਸਾਧੂ, ਸਾਧਵੀ, ਸ੍ਰਾਵਿਕਾ, ਸ੍ਰਾਵਿਕਾ ਰੂਪੀ ਜੈਨ ਸੰਘ ਤੋਂ ਖਿਮਾ ਮੰਗਦੇ ਹਾਂ, ਸ੍ਰੀ ਸੰਘ ਮਹਾਨ ਹੈ ਤੀਰਥੰਕਰ ਖੁਦ ਕੇਵਲ ਗਿਆਨ ਸਮੇਂ ਸ੍ਰੀ ਸੰਘ ਦੀ ਸਥਾਪਨਾ ਕਰਦੇ ਹਨ । ਅਸੀਂ ਦੋਹੇ ਤੀਰਥੰਕਰਾਂ ਦੀ ਪ੍ਰੰਪਰਾ ਨੂੰ ਅਗੇ ਵਧਾਉਣ ਵਾਲੀ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਦੇ ਚਰਨਾ ਵਿਚ ਵੀ ਨਮਸਕਾਰ ਕਰਦੇ ਹਾਂ । ਸਾਨੂੰ ਆਸ ਹੈ ਭਵਿੱਖ ਵਿਚ ਵੀ ਸਾਧਵੀ ਜੀ ਤੋਂ ਪ੍ਰੇਰਨਾ ਲੈ ਕੇ ਜੈਨ ਧਰਮ ਅਤੇ ਤੀਰਥੰਕਰਾਂ ਦੇ ਉਪਦੇਸ਼ਾ ਦਾ ਪ੍ਰਚਾਰ ਕਰਨ ਵਿਚ ਸਹਾਇਕ ਹੋਵਾਂਗੇ ।

ਸੁਭਚਿੰਤਕ

10-11-1988 ਰਵਿੰਦਰ ਜੈਨ

ਜੈਨ ਭਵਨ ਮਲੇਰ ਕੋਟਲਾ ਪਰਸ਼ੋਤਮ ਜੈਨ

# ਕੁਝ ਪ੍ਰੇਰਿਕਾ ਬਾਰੇ

(ਜਿਨ ਸ਼ਾਸਨ ਪ੍ਰਭਾਵਿਕਾ/ਉਪਪ੍ਰਵਤਨੀ, ਜੈਨ ਸਾਧਵੀ
ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ)

ਜੈਨ ਧਰਮ ਵਿਚ ਇਸਤਰੀ ਦੀ ਧਾਰਮਿਕ ਅਤੇ ਸਮਾਜਿਕ ਸਥਿਤੀ ਸਭ ਧਰਮ ਤੋਂ ਉਪਰ ਹੈ ਕਿਉਂਕਿ ਜੈਨ ਸਾਧਵੀ, ਆਦਮੀ ਨੂੰ ਗੁਰੂ ਬਣ ਕੇ ਉਪਦੇਸ਼ ਕਰਦੀ ਹੈ।

ਪੰਜਾਬ ਵਿਚ ਸਾਧਵੀ ਪ੍ਰੰਪਰਾ ਦਾ ਇਤਿਹਾਸ ਤੀਰਥਕੰਰ ਦੇ ਸਮੇਂ ਦਾ ਹੈ ਪੰਜਾਬ ਵਿਚ ਧਰਮ ਪ੍ਰਚਾਰ ਕਰਨ ਵਾਲਾ ਜੈਨ ਧਰਮ ਦਾ ਸ਼ਵੇਤਾਂਵਰ ਸਥਾਨਕ ਵਾਸੀ ਫਿਰਕਾ ਪ੍ਰਮੁੱਖ ਹੈ। ਇਸ ਪ੍ਰੰਪਰਾ ਵਿਚ ਹਿੰਦੀ ਦੀ ਪਹਿਲੀ ਜੈਨ ਲੇਖਕਾ ਸਾਧਵੀ ਸ੍ਰੀ ਪਾਰਵਤੀ ਜੀ ਮਹਾਰਾਜ ਦਾ ਜਨਮ ਹੋਇਆ। ਸ੍ਰੀ ਪਾਰਵਤੀ ਜੀ ਮਹਾਰਾਜ ਦੇ ਪਰਿਵਾਰ ਵਿਚ ਰਾਜਮਤੀ ਜੀ ਮਹਾਰਾਜ ਸਨ। ਜੋ ਆਪਣੀ ਗੁਰੂਨੀ ਦੀ ਤਰ੍ਹਾਂ ਦੀ ਵਿਦਵਾਨ ਸਨ। ਸ੍ਰੀ ਰਾਜਮਤੀ ਜੀ ਮਹਾਰਾਜ ਦੀ ਇਕ ਸ਼ਿਸ਼ ਸਾਧਵੀ ਪਾਰਸ਼ਵਤੀ ਜੀ ਸਨ। ਜਿਨ੍ਹਾਂ ਸਾਨੂੰ ਭਾਰਤ ਦੇ ਰਾਸ਼ਟਰ-ਪਤੀ ਰਾਹੀਂ **ਜੈਨ ਜਯੋਤੀ** ਪਦ ਨਾਲ ਸਨਮਾਨਿਤ, ਪੰਜਾਬੀ ਭਾਸ਼ਾ ਦੇ ਜੈਨ ਸਹਿਤ ਦੀ ਪ੍ਰੇਰਿਕਾ ਪੰਜਾਬੀ ਸਾਹਿਤ ਦੀ ਪਹਿਲੀ ਜੈਨ ਲੇਖਿਕਾ ਨੂੰ ਪ੍ਰਦਾਨ ਕੀਤਾ।

ਹਰ ਤੀਕਥੰਕਰ ਸਾਧੂ, ਸਾਧਵੀ, ਉਪਾਸਕ ਉਪਾਸਿਕਾ ਰੂਪੀ ਤੀਰਥ ਦੀ ਸਥਾਪਨਾ ਕਰਦਾ ਹੈ। ਹਰ ਤੀਰਥੰਕਰ ਦੇ ਸਮੇਂ ਹਜ਼ਾਰਾਂ ਇਸਤਰੀਆਂ ਨੇ ਵੀ ਪੁਰਸ਼ਾਂ ਦੇ ਨਾਲ ਤਪ ਤਿਆਗ ਦਾ ਮਾਰਗ ਗ੍ਰਹਿਣ ਕਰਕੇ ਆਤਮ ਕਲਿਆਣ ਕੀਤਾ ਹੈ। ਇਕੱਲੇ ਭਗਵਾਨ ਮਹਾਵੀਰ ਦੀਆਂ 36000 ਸਾਧਵੀਆਂ ਸਨ। ਸੋ ਆਗਮਾਂ ਵਿਚ ਅਨੇਕਾਂ ਜੈਨ ਸਾਧਵੀਅ ਦੇ ਤਪ ਤਿਆਗ ਦਾ ਵਰਨਣ ਮਿਲਦਾ ਹੈ।

ਇਸੇ ਸਾਧਵੀ ਪਰੰਪਰਾ ਨੂੰ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਨੇ ਸਵੀ-ਕਾਰ ਕੀਤਾ। ਆਪ ਦਾ ਜਨਮ ਪੰਜਾਬ ਦੇ ਇਕ ਪ੍ਰਸਿਧ ਜੈਨ ਘਰਾਣੇ ਵਿਚ 26 ਜਨਵਰੀ 1929 ਨੂੰ ਲਾਹੌਰ ਵਿਖੇ ਹੋਇਆ। ਆਪ ਦੇ ਪਿਤਾ ਸਵਰਗਵਾਸੀ ਸ੍ਰੀ ਖਜ਼ਾਨ ਚੰਦ ਜੈਨ ਸਨ ਅਤੇ ਮਾਤਾ ਸ਼੍ਰੀਮਤੀ ਦੁਰਗੀ ਦੇਵੀ ਜੀ ਸਨ। ਆਪ ਦੇ ਮਾਤਾ ਪਿਤਾ ਜੈਨ ਸਮਾਜ ਦੇ ਧਾਰਮਿਕ ਅਤੇ ਸਮਾਜਿਕ ਕਾਰਜਾਂ ਵਿਚ ਜੁੜੇ ਰਹਿੰਦੇ ਸਨ। ਆਪ ਦੀ ਮਾਤਾ ਜੀ, ਆਪ ਨੂੰ ਸਮਾਇਕ, ਮੁਨੀਆਂ ਦੇ ਪ੍ਰਵਚਨ ਅਤੇ ਹੋਰ ਸਵਾਧਿਐ ਕਰਨ ਦੀ ਪ੍ਰੇਰਣਾ ਦਿੰਦੇ ਰਹਿੰਦੇ ਸਨ। ਸ੍ਰੀ ਸਵਰਨ ਕਾਂਤਾ ਜੀ ਦਾ ਮਨ ਵੀ ਇਨ੍ਹਾਂ ਜੈਨ ਸੰਸਕਾਰਾਂ ਵਿਚ ਇੰਨਾ ਜੁਟ ਗਿਆ ਕਿ ਉਹ ਸੰਸਾਰ ਨੂੰ ਅਸਾਰ ਸਮਝਣ ਲਗੇ। ਆਪ ਨੇ [1947] ਜਲੰਧਰ ਛਾਵਨੀ ਵਿਖੇ ਛੋਟੀ ਜਿਹੀ ਉਮਰ ਵਿਚ ਹੀ ਖੰਡੇ ਰੂਪੀ, ਜੈਨ ਸਾਧਵੀ ਭੇਸ਼ ਧਾਰਨ ਕੀਤਾ। ਆਪ ਬਚਪਨ ਤੋਂ ਬੜੇ

ਤੀਖਣ ਬੁਧੀ ਸਨ। ਛੇਤੀ ਆਪਨੇ ਅੰਗਰੇਜ਼ੀ, ਪੰਜਾਬੀ, ਹਿੰਦੀ, ਰਾਜਸਥਾਨੀ, ਗੁਜਰਾਤੀ, ਸੰਸਕ੍ਰਿਤ, ਪ੍ਰਾਕਿਤ ਭਾਸ਼ਾ ਦਾ ਗਿਆਨ ਹਾਸਲ ਕਰ ਲਿਆ। ਆਪ ਨੇ ਜੈਨ ਧਰਮ ਦੇ ਪ੍ਰਚਾਰ ਲਈ ਜੰਮੂ ਕਸ਼ਮੀਰ, ਪੰਜਾਬ-ਹਰਿਆਣਾ, ਹਿਮਾਚਲ, ਉੱਤਰ ਪ੍ਰਦੇਸ਼ ਅਤੇ ਰਾਜ-ਸਥਾਨ ਵਿਚ ਭ੍ਰਮਣ ਕੀਤਾ। ਆਪਜੀ ਦੀ ਸ਼ੁਭ ਪ੍ਰੇਰਣਾ ਨਾਲ ਸਮਿਤੀ ਅਤੇ ਐਵਾਰਡ ਵਰਗੇ ਬੜੇ ੨ ਕੰਮ ਹੋਏ। ਨਾਲ ਨਾਲ ਪੰਜਾਬੀ ਵਿਚ ਜੈਨ ਸਾਹਿਤ ਦਾ ਕੰਮ ਸ਼ੁਰੂ ਹੋਇਆ। ਜੋ ਛੋਟੀਆਂ ਛੋਟੀਆਂ ਪੁਸਤਕਾਂ ਤੋਂ ਹਟ ਕੇ ਜੈਨ ਆਗਮਾਂ ਦੇ ਪੰਜਾਬੀ ਅਨੁਵਾਦ ਦਾ ਰੂਪ ਧਾਰਨ ਕਰ ਗਿਆ। ਪਹਿਲਾ ਮੂਲ ਸੂਤਰ ਸ਼੍ਰੀ ਉੱਤਰਾਧਿਐਨ ਸੂਤਰ ਅਤੇ ਸ਼੍ਰੀ ਉਪਾਸਕ ਦਸਾਂਗ ਦਾ ਅਨੁਵਾਦ ਦਾਸ (ਰਵਿੰਦਰ ਪੁਰਸ਼ੋਤਮ) ਹੱਥੋਂ ਪੂਰਾ ਹੋਇਆ।

ਸਾਧਵੀ ਜੀ ਦੀਆਂ ਪੰਜਾਬੀ ਜੈਨ ਸਾਹਿਤ ਪ੍ਰਤਿ ਕੀਤੀਆਂ ਸੇਵਾਵਾਂ ਕਾਰਣ ਪੰਜਾਬੀ ਵਿਸ਼ਵ ਵਿਦਿਆਲੇ ਪਟਿਆਲਾ ਨੇ ਆਪ ਜੀ ਨੂੰ **ਜਿਨਸ਼ਾਸਨ ਪ੍ਰਭਾਵਿਕਾ ਪੱਦ** ਨਾਲ ਸਨਮਾਨਤ ਕਰ ਚੁਕੀ ਹੈ। ਇਥੇ ਹੀ ਵੱਸ ਨਹੀਂ ਭਾਰਤ ਦੇ ਪਿਛਲੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ ਨੇ 26 ਫਰਵਰੀ 1987 ਨੂੰ ਰਾਸ਼ਟਰਪਤੀ ਭਵਨ ਦੇ ਇਕ ਸਮਾਰੋਹ ਵਿਚ ਆਪਨੂੰ **ਜੈਨ ਜਯੋਤੀ ਪਦ** ਨਾਲ ਪਹਿਲੀ ਵਾਰ ਸਨਮਾਨਿਤ ਕੀਤਾ। ਇੰਟਰਨੈਸ਼ਨਲ ਪਾਰਵਤੀ ਜੈਨ ਐਵਾਰਡ ਅਤੇ ਇੰਟਰਨੈਸ਼ਨਲ ਮਹਾਵੀਰ ਵੇਜੀਟੇਰੀਅਨ ਐਵਾਰਡ ਆਪ ਦੀ ਪ੍ਰੇਰਣਾ ਦਾ ਫਲ ਹਨ। ਇਸ ਗ੍ਰੰਥ ਦੇ ਅਨੁਵਾਦ ਵਿਚ ਸਾਨੂੰ ਆਪਦੀ ਸ਼ਿਸ਼ ਸਾਧਵੀ ਰਾਜਕੁਮਾਰੀ ਜੀ ਅਤੇ ਸਾਧਵੀ ਸ਼੍ਰੀ ਸੁਧਾ ਜੀ ਦੀ ਮਹੱਤਵਪੂਰਣ ਸਹਾਇਤਾ ਮਿਲੀ ਹੈ।

ਇਸ ਪੁਸਤਕ ਅਤੇ ਸ਼੍ਰੀ ਸੂਤਰ ਕ੍ਰਿਤਾਂਗ ਦੀ ਛਪਾਈ ਦਾ ਸਾਰਾ ਖਰਚਾ ਵੀ ਆਪ ਜੀ ਦੀ ਪ੍ਰੇਰਣਾ ਨਾਲ ਆਪ ਦੇ ਉਪਾਸਕਾਂ ਨੇ ਕੀਤਾ ਹੈ। ਜੋ ਆਪ ਜੀ ਦੀ ਪ੍ਰੇਰਣਾ ਅਤੇ ਪ੍ਰਚਾਰ ਪ੍ਰਤੀ ਜਾਗਰਿਤੀ ਦਾ ਫਲ ਹੈ। ਹੁਣ ਸ਼੍ਰੀ ਸੂਤਰ ਕ੍ਰਿਤਾਂਗ ਸੂਤਰ (ਅਨਵਾਦ) ਅਤੇ **ਜੈਨ ਧਰਮ ਦੀ ਸੰਖੇਪ ਰੂਪ ਰੇਖਾ** ਗ੍ਰੰਥਾਂ ਜੈਨ ਸਾਧਵੀ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ ਦੀ ਪ੍ਰੇਰਣਾ ਨਾਲ ਛਪ ਰਹੇ ਹਨ। ਸਾਨੂੰ ਆਸ ਹੈ ਕਿ ਆਪ ਜੀ ਦੀ ਛਤਰ-ਛਾਇਆ ਹੇਠ ਸਮਿਤੀ ਦੇ ਪ੍ਰਚਾਰ ਅਤੇ ਪ੍ਰਸਾਰ ਦਾ ਕੰਮ ਚਲਦਾ ਰਹੇਗਾ। ਅਤੇ ਆਪ ਦਾ ਆਸ਼ੀਰਵਾਦ ਸਾਡੇ (ਰਵਿੰਦਰ-ਪੁਰਸ਼ੋਤਮ) ਦੋਹਾਂ ਉਪਰ ਹਮੇਸ਼ਾ ਰਹੇਗਾ।

ਮਹਾਵੀਰ ਸਟਰੀਟ,
ਮਲੇਰਕੋਟਲਾ

**ਰਵਿੰਦਰ ਜੈਨ**
**ਪੁਰਸ਼ੋਤਮ ਜੈਨ**

# ਪ੍ਰੇਰਿਕਾ ਦੀ ਕਲਮ ਤੋਂ

**—ਉਪਪ੍ਰਵਤਨੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ**

ਜੈਨ ਪ੍ਰੰਪਰਾਂ ਵਿਚ ਤੀਰਥੰਕਰਾਂ ਦੀ ਪ੍ਰਪੰਰਾ ਦਾ ਪ੍ਰਮੁਖ ਸਥਾਨ ਹੈ। ਤੀਰਥੰਕਰ ਦਾ ਅਰਥ ਹੈ "ਧਰਮ ਰੂਪੀ ਤੀਰਥ ਦਾ ਸੰਸਥਾਪਕ" ਭਰਤ ਖੰਡ ਵਿਚ 24 ਤੀਰਥੰਕਰ ਪੈਦਾ ਹੁੰਦੇ ਹਨ। ਇਸ ਯੁੱਗ ਦੇ ਪਹਿਲੇ ਤੀਰਥੰਕਰ ਭਗਵਾਨ ਰਿਸ਼ਵਦੇਵ ਅਤੇ ਅੰਤਮ ਸਨ ਸ਼੍ਰਮਣ ਭਗਵਾਨ ਮਹਾਵੀਰ । ਜੈਨ ਧਰਮ ਅਤੇ ਸਿਧਾਂਤ ਹਮੇਸ਼ਾ ਤੋਂ ਚਲੇ ਆ ਰਹੇ ਹਨ। ਤੀਰਥੰਕਾਰ ਇਨ੍ਹਾਂ ਸਿਧਾਤਾਂ ਨੂੰ ਮੁੜ ਸਰਜੀਵ ਕਰਦੇ ਹਨ। ਭਗਵਾਨ ਮਹਾਵੀਰ ਨੇ ਵੀ ਆਪਣੇ ਤੋਂ ਪਹਿਲੇ ਤੀਰਥੰਕਰਾਂ ਦੀ ਤਰ੍ਹਾਂ ਅਹਿੰਸਾ, ਸੱਚ, ਚੋਰੀ ਨਾ ਕਰਨਾ, ਜ਼ਰੂਰਤ ਤੋਂ ਵੱਧ ਵਸਤਾਂ ਦਾ ਸੰਗ੍ਰਹਿ ਨਾ ਕਰਨਾ, ਅਤੇ ਬ੍ਰਹਮਚਰਜ ਆਦਿ ਪੰਜ ਮਹਾਵਰਤ ਅਤੇ ਅਣੂ-ਵਰਤ ਮਨੁੱਖੀ ਜੀਵਾਂ ਦੇ ਕਲਿਆਣ ਲਈ ਫਰਮਾਏ। ਉਨ੍ਹਾਂ ਜੀਵ ਅਜੀਵ ਆਦਿ ਨੌ ਤਤਵਾਂ ਛੇ ਦਰਵਾ, ਈਸ਼ਵਰਵਾਦ, ਕਰਮਵਾਦ, ਆਤਮਵਾਦ, ਲੇਸ਼ਿਆ ਅਤੇ ਅਨੇਕਾਂਤ ਵਾਦ ਦੇ ਸਿਧਾਂਤਾਂ ਰਾਹੀਂ ਮਨੁੱਖ ਨੂੰ ਆਤਮਾ ਤੋਂ ਪ੍ਰਮਾਤਮਾ ਬਨਾਉਣਾ ਸਿਖਾਇਆ। ਗਿਆਨ, ਦਰਸ਼ਨ, ਚਰਿਤਰ ਅਤੇ ਤੱਪ ਰਾਹੀਂ ਮਨੁੱਖ ਨੂੰ ਸੱਚੇ ਅਰਿਹੰਤਾਂ ਦਾ ਗਿਆਨ ਤੇ ਸੱਚੇ ਧਰਮ ਦੀ ਪਛਾਣ 32 ਆਗਮ ਗ੍ਰੰਥਾਂ ਰਾਹੀਂ ਦੱਸੀ।

ਭਗਵਾਨ ਮਹਾਵੀਰ ਦਾ ਜੀਵਨ ਅਤੇ ਸਿਧਾਂਤ ਅੱਜ ਕਲ ਵੀ ਉਨ੍ਹਾ ਹੀ ਮਹੱਤਵ ਪੂਰਣ ਹਨ ਜਿਨੇ ਅੱਜ ਤੋਂ ਪਹਿਲਾ ਸਨ। ਉਨ੍ਹਾਂ ਜਾਤਪਾਤ, ਛੂਆਛੂਤ, ਪਸ਼ੂਵਲੀ ਇਸਤਰੀ ਦੀ ਸਵਤੰਤਰਤਾ ਪ੍ਰਤਿ ਖੁੱਲ ਕੇ ਸ਼ੰਘਰਸ਼ ਕੀਤਾ। ਅੱਜ ਦੀ ਦੁਨੀਆਂ ਵੀ ਭਗਵਾਨ ਮਹਾਵੀਰ ਦੇ ਅਹਿੰਸਾ ਅਤੇ ਅਨੇਕਾਂਤ ਵਾਦ ਦੇ ਸਿਧਾਂਤਾਂ ਤੇ ਚਲ ਕੇ ਸੰਸਾਰ ਵਿਚ ਅਮਨ, ਸ਼ਾਂਤੀ, ਬਰਾਵਰੀ ਅਤੇ ਹਥਿਆਰਾ ਦੇ ਪੈਦਾ ਹੋ ਰਹੇ ਖਤਰੇ ਤੋਂ ਮੁਕਤ ਹੋ ਸਕਦੀ ਹੈ।

ਸ਼੍ਰੀ ਸੂਤਰ ਕ੍ਰਿਤਾਂਗ ਸੂਤਰ ਅਤੇ ਜੈਨ ਧਰਮ ਦੀ ਸੰਖੇਪ ਜਾਨਕਾਰੀ ਪੰਜਾਬ ਪ੍ਰਦੇਸ਼ ਦੀ ਆਮ ਬੋਲੀ ਪੰਜਾਬੀ ਅਤੇ ਉਸ ਦੀ ਗੁਰਮੁਖੀ ਲਿਪਿ ਵਿਚ ਕਿਸੇ ਵਿਦਵਾਨ ਨੇ ਸੰਸਾਰ ਵਿਚ ਤਿਆਰ ਨਹੀਂ ਸੀ ਕੀਤੇ। ਮੇਰੇ ਧਰਮ ਪ੍ਰਚਾਰ ਦਾ ਖੇਤਰ ਪਿੰਡ ਹੀ ਰਹੇ ਹਨ। ਪਿੰਡਾਂ ਵਿਚ ਪੰਜਾਬੀ ਆਮ ਪੜੀ, ਲਿਖੀ ਤੇ ਬੋਲੀ ਜਾਂਦੀ ਹੈ। ਸੰਸਾਰ ਵਿਚ ਕਰੋੜਾਂ ਲੋਕ ਪੰਜਾਬੀ ਬੋਲਦੇ ਤੇ ਸਮਝਦੇ ਹਨ। ਅਜੇਹੀ ਭਾਸ਼ਾ ਵਿਚ ਤੀਰਥੰਕਰ ਭਗਵਾਨ ਮਹਾਵੀਰ ਦੇ ਸਾਹਿਤ ਤਿਆਰ

ਨਾਂ ਹੋਣਾ, ਇਕ ਬਦਕਿਸਮਤੀ ਵਾਲੀ ਹੀ ਗੱਲ ਸੀ। ਪਰ ਸ਼ਾਸਨਦੇਵ ਦੀ ਕਿਰਪਾ ਨਾਲ ਮੇਰੀ ਇਸ ਲੰਬੀ ਇੱਛਾ ਨੂੰ ਸਕਾਰ ਰੂਪ ਦਿਤਾ, ਮੇਰੇ ਸ਼ਿਸ ਰਵਿੰਦਰ ਜੈਨ ਅਤੇ ਪੁਰਸ਼ੋਤਮ ਜੈਨ ਨੇ। ਦੋਹੇ ਆਪਸ ਵਿਚ ਧਰਮ ਭਰਾ ਹਨ । ਇਕ ਦੂਸਰੇ ਦੇ ਪ੍ਰਤਿ ਸਮਰਪਿਤ ਹਨ। ਇਹ ਦੋਹੇ ਭਰਾ ਪਚੀਸਵੀ ਮਹਾਵੀਰ ਨਿਰਵਾਨ ਸ਼ਤਾਵਦੀ ਸਯੋਜਿਕਾ ਸਮਿਤਿ ਪੰਜਾਬ ਸ੍ਰੀ ਮਹਾਵੀਰ ਨਿਰਵਾਨ ਸ਼ਤਾਵਦੀ ਕਮੇਟੀ ਪੰਜਾਬ ਸਰਕਾਰ, ਜੈਨੋਲਿਜਲ ਰਿਸਰਚ ਕੌਸਲ, ਅਚਾਰਿਆ ਆਤਮ ਰਾਮ ਜੈਨ ਭਾਸ਼ਨ ਮਾਲਾ ਦੇ ਸੰਸਥਾਪਕ ਮੈਂਬਰ ਹਨ ਇਨਾਂ ਦਾ ਸੰਬੰਧ ਅੰਤਰ ਰਾਸਟਰੀਆ ਮਹਾਵੀਰ ਜੈਨ ਮਿਸ਼ਨ, ਵਿਸ਼ਵ ਧਰਮ ਸੰਮੇਲਨ, ਮਹਾਵੀਰ ਇੰਟਰ-ਨੈਸ਼ਨਲ ਆਦਿ ਸੰਸਥਾਵਾਂ ਨਾਲ ਵੀ ਹੈ।

ਇਨ੍ਹਾਂ ਦੋਹਾਂ ਦੀ ਮੇਹਨਤ ਸਦਕਾ ਪੰਜਾਬੀ ਯੂਨੀਵਰਸਟੀ ਪਟਿਆਲਾ ਵਿਚ ਜੈਨ ਚੇਅਰ ਦੀ ਸਥਾਪਨਾ ਹੋਈ। ਦੋਵੇਂ ਭਰਾ ਜੈਨ ਏਕਤਾ, ਵਿਸ਼ਵਸ਼ਾਂਤੀ ਅਤੇ ਵਿਸ਼ਵ ਧਰਮ ਦੇ ਆਪਸੀ ਮੇਲ ਜੋਲ ਵਿਚ ਵਿਸ਼ਵਾਂਸ ਰਖਦੇ ਹਨ।

ਦੋਹੇ ਧਰਮ ਭਰਾ ਦਾ ਖੇਤਰ ਸਿਰਫ ਸੰਸਥਾਵਾਂ ਤਕ ਹੀ ਸੀਮਿਤ ਨਹੀਂ ਹੈ। ਰਵਿੰਦਰ ਜੈਨ ਅਤੇ ਪੁਰਸ਼ੋਤਮ ਜੈਨ ਸੰਸਾਰ ਵਿਚ ਅਰਧ ਮਾਗਧੀ ਭਾਸ਼ਾ ਤੋਂ ਪੰਜਾਬੀ ਵਿਚ ਅਨੁਵਾਦ ਕਰਨ ਵਾਲੇ ਪਹਿਲੇ ਅਨੁਵਾਦਕ ਹਨ। ਇਨਾਂ 15 ਆਗਮ ਤੇ ਗ੍ਰੰਥਾਂ ਦਾ ਪੰਜਾਬੀ ਅਨੁਵਾਦ ਕੀਤਾ ਹੈ। ਜਿਨਾਂ ਵਿਚੋਂ ਸੀ ਉਤਰਾਧਿਐਨ ਸੂਤਰ ਅਤੇ ਸ੍ਰੀ ਉਪਾਸਕ ਦਸਾਂਗ ਸੂਤਰ ਛੱਪ ਚੁੱਕੇ ਹਨ।

ਹਥਲੀ ਪੁਸਤਕ ਦੇ ਅਨੁਵਾਦਕ ਰਵਿੰਦਰ ਜੈਨ ਅਤੇ ਪੁਰਸ਼ੋਤਮ ਜੈਨ ਦੋਵੇਂ ਧਰਮ ਭਰਾ ਹੀ ਹਨ। ਸ੍ਰੀ ਸੂਤਰ ਕਿਤਾਂਗ ਦਾ ਅਨੁਵਾਦ ਬਹੁਤ ਲੰਬੀ ਮੇਹਨਤ, ਲਗਨ ਅਤੇ ਸਮਰਪਨ ਦਾ ਸਿੱਟਾ ਹੈ। ਮੇਰੀ ਪ੍ਰੇਰਣਾ ਨਾਲ ਇਨਾ ਪਹਿਲਾ ਸ੍ਰੀ ਉਪਾਸਕ ਦਸਾਂਗ ਸੂਤਰ ਦਾ ਪੰਜਾਬੀ ਅਨੁਵਾਦ ਕੀਤਾ, ਜਿਸ ਦਾ ਬਹੁਤ ਸਵਾਗਤ ਹੋਇਆ ਹੈ।

ਮੈਂ ਰਵਿੰਦਰ ਜੈਨ ਅਤੇ ਪੁਰਸ਼ੋਤਮ ਜੈਨ ਨੂੰ ਆਸ਼ੀਰਵਾਦ ਭੇਜਦੀ ਹਾਂ ਜਿਨ੍ਹਾਂ ਮੇਰੇ ਧਰਮ ਪ੍ਰਭਾਵਨਾ (ਪ੍ਰਚਾਰ) ਦੇ ਕੰਮ ਨੂੰ ਅੱਗੇ ਵਧਾਉਣ ਲਈ ਆਪਣੇ ਗੁਰੂ (ਮੇਰਾ) ਹੁਕਮ ਸਿਰ ਮੱਥੇ ਪ੍ਰਵਾਨ ਚੜਾਇਆ। ਮੈਂ ਇਨ੍ਹਾਂ ਦੋਹੇ ਧਰਮ ਭਰਾਵਾਂ ਦੀ ਜੋੜੀ ਤੇ ਭਵਿਖ ਵਿਚ ਅਜੇਹੇ ਮਹਾਨ ਕੰਮਾਂ ਦੀ ਇੱਛਾ ਕਰਦੀ ਹਾਂ ਜਿਨ੍ਹਾਂ ਨਾਲ ਜੈਨ ਏਕਤਾ ਵਿਸ਼ਵ ਸ਼ਾਂਤੀ ਅਤੇ ਆਪਸੀ ਪਿਆਰ ਵਧਦਾ ਹੋਵੇ, ਕਿਉਂਕਿ ਮਾਨਵ ਏਕਤਾ ਹੀ ਜੈਨ ਏਕਤਾ ਹੈ।

ਮੈਂ ਸਾਰੇ ਅਚਾਰਿਆ, ਉਪਾਧਿਆ, ਸਾਧੂਆਂ ਦਾ ਇਸ ਪੁਸਤਕ ਲਈ ਦਿਤੇ ਸਹਿਯੋਗ ਆਸ਼ੀਰਵਾਦ ਅਤੇ ਸੁਝਾਵਾਂ ਲਈ ਧੰਨਵਾਦ ਕਰਦੀ ਹਾਂ ਅਤੇ ਸਾਧੂਵਾਦ ਭੇਜਦੀ ਹਾਂ।

**ਸਾਧਵੀ ਸਵਰਨ ਕਾਂਤਾ**

ਜੈਨ ਸਥਾਨਕ
ਅੰਬਾਲਾ ਸ਼ਹਿਰ

# ਹੰਸਾਂ ਦੀ ਜੋੜੀ

'ਸ੍ਰੀ ਸੂਤਰ ਕ੍ਰਿਤਾਂਗ ਸੂਤਰ' ਗ੍ਰੰਥ ਦੇ ਅਨੁਵਾਦਕ ਸ੍ਰੀ ਪੁਰਸ਼ੋਤਮ ਜੈਨ ਤੇ ਸ੍ਰੀ ਰਵਿੰਦਰ ਜੈਨ ਸੱਚ ਮੁੱਚ ਹੀ ਇਕ ਹੰਸਾਂ ਦੀ ਜੋੜੀ ਤੁਲ ਹਨ। ਇਸ ਜੋੜੀ ਨੇ ਪਿਛਲੇ 20 ਸਾਲਾਂ ਤੋਂ ਵਧ ਸਮੇਂ ਤੋਂ ਪੁਰਾਤਨ ਜੈਨ ਗ੍ਰੰਥਾਂ, ਸੂਤਰਾਂ, ਸਾਹਿਤ, ਭਗਵਾਨ ਮਹਾਵੀਰ ਦੇ ਪ੍ਰਵ-ਚਨਾਂ, ਜੀਵਨ-ਸਾਖੀਆਂ ਆਦਿ ਵਿਚੋਂ ਜੈਨ-ਦਰਸ਼ਨ, ਸਿੱਧਾਤਾ, ਉਪਦੇਸ਼ਾਂ ਅਤੇ ਜੈਨ ਧਰਮ-ਰੀਤੀਆਂ ਦੇ ਹੀਰੇ, ਮੋਤੀ ਤੇ ਪੰਨੇ ਚੁਣ ਚੁਣ ਕੇ ਪੰਜਾਬੀ ਪਾਠਕਾ ਨੂੰ 15 ਅਨੁਵਾਦਿਤ ਅਤੇ 25 ਮੂਲ-ਪੁਸਤਕਾਂ ਦੇ ਰੂਪ ਵਿਚ ਭੇਂਟ ਕੀਤੇ ਹਨ। ਜਿੱਥੇ ਪੰਜਾਬੀ ਜੈਨੀਆਂ ਨੂੰ ਆਪਣੇ ਅਧਿਆਤਮਕ ਵਿਰਸੇ ਅਤੇ ਧਾਰਮਿਕ ਖਜਾਨੇ ਨਾਲ ਜੋੜਿਆ ਹੈ ਉਥੇ ਨਾਲ ਹੀ ਹੋਰ ਧਰਮਾਂ ਦੇ ਸਨੇਹੀਆ, ਉਪਾਸ਼ਕਾਂ ਤੇ ਸਕਾਲਰਾਂ ਦੀ ਸ਼ਲਾਘਾ ਯੋਗ ਗਿਆਨ-ਵ੍ਰਿਧੀ ਕੀਤੀ ਹੈ। 24 ਵੇਂ ਤੀਰਥੰਕਰ ਭਗਵਾਨ ਮਹਾਵੀਰ ਨੇ ਵੀ ਆਪਣੇ ਸਮੇਂ ਲੋਕ ਬੋਲੀ ਵਿਚ ਹੀ ਲੋਕਾਂ ਅਤੇ ਆਪਣੇ ਸ਼ਿਸ਼ਾਂ ਨੂੰ ਸਮਾਜਿਕ ਕੁਰੀਤੀਆਂ ਦੂਰ ਕਰਕੇ ਅਹਿੰਸਾ, ਸਮਾਨਤਾ, ਸੱਚੀ ਮਾਨਵਤਾ, ਪਰਸਪਰ ਪਿਆਰ, ਹਮਦਰਦੀ ਅਤੇ ਸੁੱਚੇ ਜੈਨੀ ਬਣਨ ਦਾ ਸੁਨੇਹਾ ਦਿਤਾ ਸੀ। ਅਸਲ ਵਿਚ ਆਪਣੀ ਰੂਹ ਦੀ ਆਵਾਜ਼ ਅਤੇ ਹਾਵ-ਭਾਵ ਮਾਂ-ਬੋਲੀ ਵਿਚ ਪ੍ਰਗਟਾਏ ਜਾ ਸਕਦੇ ਹਨ ਇਹ ਸਰੋਤਿਆ ਉਤੇ ਵਧੇਰੇ ਕਾਰਗਰ ਸਿੱਧ ਹੁੰਦੇ ਹਨ। ਆਪਣੀ ਅਦੁੱਤੀ ਕਾਰਜ-ਸ਼ਕਤੀ, ਸ਼ਰਧਾ, ਲਗਨ ਤੇ ਸਾਹਿਤਕ ਪ੍ਰਤਿਭਾ ਸਦਕਾ ਇਸ 'ਹੰਸਾਂ ਦੀ ਜੋੜੀ' ਨੇ ਵੀ ਜੈਨ-ਧਰਮ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਪ੍ਰਸ਼ੰਸ਼ਾ ਯੋਗ ਹਿੱਸਾ ਪਾਇਆ ਹੈ।

ਸ੍ਰੀ ਪੁਰਸ਼ੋਤਮ ਜੈਨ ਦਾ ਜਨਮ 10 ਨਵੰਬਰ 1946 ਨੂੰ ਧੂਰੀ, ਜਿਲ੍ਹਾ ਸੰਗਰੂਰ. ਵਿਚ ਇਕ ਜਾਣੇ ਪਛਾਣੇ ਤੇ ਧਰਮ ਯੁਕਤ ਪਰਿਵਾਰ ਵਿਚ ਹੋਇਆ। ਇਨ੍ਹਾਂ ਦੇ ਪਿਤਾ ਸ੍ਰੀ ਸਵਰੂਪ ਚੰਦ ਜੈਨ ਤੇ ਮਾਤਾ ਸ੍ਰੀਮਤੀ ਲਕਸ਼ਮੀ ਦੇਵੀ ਜੈਨ ਆਪਣੇ ਆਦਰਸ਼ਕ ਧਾਰਮਿਕ ਜੀਵਨ, ਕਲਿਆਨਕਾਰੀ ਤੇ ਦਾਨੀ ਸੁਭਾ ਸਦਕਾ ਆਪਣੇ ਆਪ ਵਿਚ ਹੀ ਇਕ ਪ੍ਰਮਾਣ ਹਨ : ਹਰ ਮਾਪੇ ਆਪਣੀ ਸੰਤਾਨ ਨੂੰ ਚੰਗੀ ਸਕੂਲੀ ਵਿਦਿਆ ਦੇਣ, ਚੰਗਾ ਪਾਲਣ-ਪੋਸ਼ਣ ਕਰਨ ਅਤੇ ਸਾਰੇ ਜੀਵਨ-ਸੁਖ ਤੇ ਸਹੂਲਤਾਂ ਦੇਣ, ਉਹ ਸਭ ਕੁੱਝ ਲਗਾ ਦੇਂਦੇ ਹਨ, ਪਰ ਸ੍ਰੀ ਪੁਰਸ਼ੋਤਮ ਜੈਨ ਦੇ ਮਾਪਿਆਂ ਨੇ ਆਪਣੇ ਇਸ ਬਾਲ ਨੂੰ ਪੜ੍ਹਾਈ ਦੇ ਨਾਲ ਨਾਲ ਨੈਤਿਕ ਗੁਣਾਂ ਵਿਚ ਮਾਲਾ-ਮਾਲ ਕਰਨ ਦੇ ਵਿਸ਼ੇਸ਼ ਉਪਰਾਲੇ ਕੀਤੇ। ਇਸ ਆਗਿਆਕਾਰੀ ਤੇ ਬੁੱਧੀਮਾਨ ਬਾਲਕ ਨੇ 1968 ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਆਰਟਸ ਦੀ ਡਿਗਰੀ ਪ੍ਰਾਪਤ ਕੀਤੀ ਅਤੇ ਪਹਿਲਾਂ ਬੈਂਕ ਨੌਕਰੀ ਤੇ ਫੇਰ ਪਰਿਵਾਰ ਨਾਲ ਹੀ ਵਪਾਰ

ਕਰਨਾ ਸ਼ੁਰੂ ਕਰ ਦਿਤਾ। ਪਰ ਨਾਲ ਹੀ ਉਦੋਂ ਤੋਂ ਹੀ ਜੈਨ ਧਰਮ ਤੋਂ ਇਲਾਵਾ, ਹੋਰ ਧਰਮਾਂ ਦਾਂ ਅਧਿਐਨ ਵੀ ਜਾਰੀ ਰਖਿਆ। ਇਸ ਦੇ ਫਲ ਸਰੂਪ ਸਾਲ 1976ਵਿਚ ਇਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਧਰਮ ਅਧਿਐਨ ਦਾ ਐਡੀਸ਼ਨਲ ਮਜ਼ਮੂਨ ਚੰਗੇ ਨੰਬਰ ਲੈ ਕੇ ਪਾਸ ਕੀਤਾ।

ਸ੍ਰੀ ਰਵਿੰਦਰ ਜੈਨ ਦਾ ਜਨਮ 23 ਅਕਤੂਬਰ 1949 ਨੂੰ ਮਲੇਰਕੋਟਲਾ, ਜੋ ਉਦੋਂ ਇਕ ਮੁਸਲਿਮ ਰਿਆਸਤ ਸੀ, ਵਿਖੇ ਹੋਇਆ। ਇਨ੍ਹਾਂ ਦੇ ਜਨਕ ਸ੍ਰੀ ਮੋਹਨ ਲਾਲ ਜੈਨ ਅਤੇ ਜਨਨੀ ਸ਼੍ਰੀਮਤੀ ਵਿਮਲਾ ਦੇਵੀ ਜੈਨ ਆਪਣੀ ਨਿਮਰਤਾ, ਧਰਮ-ਸੇਵਾ, ਸਹਿਨ-ਸ਼ੀਲਤਾ ਅਤੇ ਸਦ-ਗੁਣਾਂ ਕਾਰਣ ਆਪਣੇ ਖੇਤਰ ਵਿਚ ਬਹੁਤ ਹੀ ਸਨਮਾਨਿਤ, ਪ੍ਰਤਿਸ਼ਠਿਤ ਅਤੇ ਲੋਕ-ਪ੍ਰਿਯ ਹਨ। ਬਾਲਕ ਰਵਿੰਦਰ ਨੂੰ ਵੀ ਇਨਾ ਗੁਣਾਂ ਦੀ ਗੁੜਤੀ ਮਾਪਿਆਂ ਵੱਲੋਂ ਹੀ ਮਿਲ ਗਈ। ਇਨ੍ਹਾਂ 1972 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਬੀ. ਏ. ਕੀਤੀ ਅਤੇ ਫਿਰ 1976 ਵਿਚ 'ਧਰਮ ਅਧਿਐਨ' ਦਾ ਐਡੀਸ਼ਨਲ ਮਜ਼ਵੂਨ ਸ਼ਲਾਘਾ ਯੋਗ ਅੰਕ ਪ੍ਰਾਪਤ ਕਰਕੇ ਪਾਸ ਕੀਤਾ।

ਸ਼੍ਰੀ ਪੁਰਸ਼ੋਤਮ ਜੈਨ ਤੇ ਸ਼੍ਰੀ ਰਵਿੰਦਰ ਜੈਨ ਨੂੰ ਉਨ੍ਹਾਂ ਦੇ ਰਿਸ਼ਤੇਦਾਰ, ਦੋਸਤ, ਮਿੱਤਰ ਤੇ ਸਨੇਹੀ ਅਕਸਰ 'ਧਰਮ ਭਰਾ', ਜੈਨ ਭਰਾ, 'ਇਕ ਰੂਹ', 'ਇਕ ਜੋਤੀ','ਹੰਸਾਂ ਦੀ ਜੋੜੀ', ਇਕ ਪ੍ਰਾਣ ਦੋ ਸ਼ਰੀਰ ਆਦਿ ਆਦਿ ਸ਼ਬਦਾਂ ਨਾਲ ਸੰਬੋਧਨ ਕਰਦੇ ਹਨ। ਇਸ ਦਾ ਅਸਲੀ ਕਾਰਣ ਇਹ ਹੈ ਕਿ ਇਨ੍ਹਾਂ ਦੋਹਾਂ ਦੀਆਂ ਆਦਤਾ, ਰਹਿਣੀ-ਬਹਿਣੀ, ਸੋਚਣੀ, ਰੁਚੀਆਂ, ਹਾਵ-ਭਾਵ ਆਦਿ ਇਕੋ ਭਾਂਤ ਦੇ ਹਨ। ਇਹ ਧਰਮ ਸਮਰਪਿਤ ਜੋੜੀ (1) ਪਚੀਸਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਸੰਯੋਜਿਕਾ ਸਮਿਤੀ, ਪੰਜਾਬ, (2) ਜੈਨੋਲਿਜਕਲ ਰਿਸਰਚ ਕੌਂਸਲ, ਅਤੇ (3) ਮਹਾਵੀਰ ਇੰਟਰ ਨੈਸ਼ਨਲ, ਮਾਲੇਰ ਕੋਟਲਾ ਦੀ ਸੰਸਥਾਪਕ ਹੈ। ਸ਼੍ਰੀ ਪੁਰਸ਼ੋਤਮ ਜੈਨ ਪਹਿਲੀ ਸਮਿਤੀ ਦੇ ਸੰਯੋਜਕ ਅਤੇ ਸ਼੍ਰੀ ਰਵਿੰਦਰ ਕੁਮਾਰ ਜੈਨ ਕਾਰਜਕਾਰੀ ਮੰਤਰੀ ਦੇ ਰੂਪ ਵਿਚ ਨਿਰੰਤਰ ਤੌਰ ਤੇ ਅਣਥਕ ਅਤੇ ਯਾਦਗਾਰੀ ਸੇਵਾ ਕਰ ਰਹੇ ਹਨ।

ਅੰਤਰ ਰਾਸ਼ਟਰੀ ਪਾਰਵਤੀ ਜੈਨ ਐਵਾਰਡ, ਇੰਟਰਨੈਸ਼ਨਲ ਮਹਾਵੀਰ ਜੈਨ ਵੈਜੀਟੇਰੀਅਨ ਅਵਾਰਡ, ਪੰਜਾਬੀ ਯੂਨੀਵਰਸਿਟੀ ਵਿਚ ਅਚਾਰਿਆ ਸ਼੍ਰੀ ਆਤਮਾ ਰਾਮ ਜੈਨ ਭਾਸ਼ਣ ਮਾਲਾ ਦਾ ਆਰੰਭ ਕਰਾਉਣ ਦਾ ਸਿਹਰਾ ਇਨ੍ਹਾਂ ਦੇ ਸਿਰ ਉੱਤੇ ਹੀ ਹੈ।

ਇਸ ਤੋਂ ਇਲਾਵਾ (1) 25ਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਕਮੇਟੀ ਪੰਜਾਬ, ਸਰਕਾਰ(2) ਸ਼੍ਰੀ ਮਹਾਵੀਰ ਜੈਨ ਸੰਘ. ਪੰਜਾਬ, (3) ਵਿਸ਼ਵ ਧਰਮ ਸੰਮੇਲਨ, (4) ਇੰਟਰ ਨੈਸ਼ਨਲ ਮਹਾਵੀਰ ਜੈਨ ਮਿਸ਼ਨ, ਨਿਊਯਾਰਕ (ਅਮਰੀਕਾ) ਵਰਲਡ ਜੈਨ ਕਾਂਗਰਸ ਅਤੇ ਹੋਰ ਅਨੇਕਾਂ ਜੈਨ ਸਭਾਵਾਂ, ਕਮੇਟੀਆਂ ਦੇ ਮੈਂਬਰ, ਜੀਵਨ ਮੈਂਬਰ ਅਤੇ ਪਦ-ਅਧਿਕਾਰੀਆਂ ਤੇ ਤੌਰ ਤੇ ਇਨ੍ਹਾਂ ਦੀ ਸੇਵਾ, ਯੋਗਦਾਨ ਅਤੇ ਕੀਤੇ ਕਾਰਜ ਦੂਜੇ ਯੁਵਕਾਂ ਲਈ ਪ੍ਰੇਰਨਾ

ਸਰੋਤ ਬਣ ਰਹੇ ਹਨ ।


ਪਰ ਇਸ ਜੋੜੀ ਨੂੰ ਇਸ ਮਾਰਗ ਉਤੇ ਤੋਰਨ ਲਈ ਉਤਸ਼ਾਹ, ਸਾਹਸ ਤੇ ਅਗਵਾਈ ਦੇਣ ਵਾਲੇ ਜੈਨ ਸਾਧਵੀ ਰਤਨ ਸ਼੍ਰੀ ਸਵਰਣ ਕਾਂਤਾ ਜੀ ਮਹਾਰਾਜ ਹਨ ਜਿਨ੍ਹਾਂ ਜੈਨ ਚੈਅਰ ਸੈਂਕੜੇ ਛੱਪੇ, ਅਣਛੱਪੇ ਗ੍ਰੰਥ ਭੇਂਟ ਕੀਤੇ ਹਨ । ਇਹ ਪਾਵਨ ਸਾਧਵੀ ਆਪਣੀ ਸੁੱਚੀ ਕਰਣੀ, ਕਥਨੀ, ਉੱਚ ਅਧਿਐਨ, ਚਿੰਤਨ ਤੇ ਮਾਨਵ-ਸੇਵਾ ਕਾਰਣ ਆਪਣੇ ਆਪ ਵਿਚ ਹੀ ਸੰਸਥਾ ਬਣ ਗਏ ਹਨ ਪਰ ਨਾਲ ਹੀ ਉਹ ਆਪਣੇ ਮਧੁਰ ਅਤੇ ਪ੍ਰਵਚਨ ਕਥਾ ਨਾਲ ਸਰੋਤਿਆਂ ਨੂੰ ਚਿੰਤਾ-ਮੁਕਤ ਕਰਕੇ, ਅਨੂਪਮ ਸੰਤੋਸ਼, ਅਧਿਆਤਮਕ ਰਸ ਤੇ ਸਾਹਸ ਪੈਦਾ ਕਰ ਕੇ ਉਨ੍ਹਾਂ ਵਿਚ ਮਾਨਵ-ਸੇਵਾ ਦੀ ਜੋਤ ਜਗਾ ਰਹੇ ਹਨ ।

ਪੰਜਾਬੀ ਵਿਚ ਜੈਨ-ਧਰਮ ਦੇ ਗ੍ਰੰਥਾਂ, ਸੂਤਰਾਂ ਤੇ ਸਾਹਿਤ ਨੂੰ ਅਨੁਵਾਦ ਕਰਕੇ ਮੂਲ ਪੁਸਤਕਾਂ ਦੀ ਸੁਗਾਤ ਦੇਣ ਲਈ ਮੈਂ ਇਸੇ 'ਹੰਸਾਂ ਦੀ ਜੋੜੀ' ਹਾਰਦਿਕ ਵਧਾਈ ਦੇਂਦਾ ਹਾਂ ਅਤੇ ਇਹੋ ਅਰਦਾਸ ਕਰਦਾ ਹਾਂ ਕਿ ਭਗਵਾਨ ਮਹਾਵੀਰ ਇਨ੍ਹਾਂ ਵਿਚ ਇਹ ਲਗਨ ਤੇ ਸ਼ਰਧਾ ਬਰਕਰਾਰ ਰੱਖਣ । ਨਾਲ ਹੀ ਮੈਂ ਇਨ੍ਹਾਂ ਦੀ ਪ੍ਰੇਰਨਾ-ਦਾਤੀ ਜੈਨ ਸਾਧਵੀ ਰਤਨ ਸ਼੍ਰੀ ਸਵਰਣ ਕਾਂਤਾ ਜੀ ਮਹਾਰਾਜ ਦਾ ਵੀ ਅਭਿਨੰਦਨ ਕਰਦਾ ਹਾਂ ।

**ਡਾ. ਹਰਮਿੰਦਰ ਸਿੰਘ ਕੋਹਲੀ**
ਪ੍ਰੋਫੈਸਰ ਅਤੇ ਮੁਖੀ
ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ
ਪਟਿਆਲਾ

ਮਿਤੀ 14 ਜਨਵਰੀ 1989





# ਜੈਨ ਪਰੰਪਰਾ
# ਸੰਸਕ੍ਰਿਤੀ
## ਅਤੇ
# ਸਾਹਿਤ ਦਾ ਪਿਛੋਕੜ

# ਜੈਨ ਪ੍ਰੰਪਰਾ ਦਾ ਪਿਛੋਕੜ

## ਤੀਰਥੰਕਰ ਪ੍ਰੰਪਰਾ

ਜੈਨ ਧਰਮ ਦਾ ਇਤਿਹਾਸ ਉਨ੍ਹਾ ਹੀ ਪੁਰਾਣਾ ਹੈ ਜਿੰਨਾ ਕਿ ਆਤਮਾ ਦਾ ਇਤਿਹਾਸ। ਜਿਵੇਂ ਆਤਮਾ ਅਨਾਦਿ ਹੈ ਇਸ ਪ੍ਰਕਾਰ ਜੈਨ ਧਰਮ ਪ੍ਰੰਪਰਾ ਅਨਾਦਿ ਹੈ। ਜੈਨ ਪਰੰਪਰਾ ਅਨੁਸਾਰ ਸਮੁੱਚਾ ਜੀਵ ਚਾਰ ਗਤੀਆਂ ਵਿਚ ਘੁੰਮਦਾ ਰਹਿੰਦਾ ਹੈ ਉਹ ਗਤੀਆਂ ਹਨ। 1) ਮਨੁੱਖ 2) ਦੇਵਤਾ 3) ਪਸ਼ੂ 4) ਨਾਂਰਕੀ। ਸੰਸਾਰ ਅਨਾਦਿ ਹੈ ਅਨੰਤ ਹੈ ਪਰ ਦਰਵੋਂ ਪਖੋਂ ਪਰਿਵਰਤਨਸ਼ੀਲ ਹੈ। ਸੰਸਾਰ ਦੇ ਇਕ ਖੰਡ ਦਾ ਨਾਂ ਭਰਤ ਖੰਡ ਹੈ। ਜਿਥੇ 24 ਤੀਰਥੰਕਰ ਸਮੇਂ ਸਮੇਂ ਜਨਮ ਲੈਂਦੇ ਹਨ ਅਤੇ ਲੋਕਾਂ ਨੂੰ ਅਹਿੰਸਾ, ਸੰਜਮ ਤਪ ਤੇ ਅਨੇਕਾਂਤਵਾਦ ਦਾ ਰਾਹ ਵਿਖਾਉਂਦੇ ਰਹਿੰਦੇ ਹਨ। ਤੀਰਥੰਕਰ ਜੈਨ ਪਰੰਪਰਾ ਅਨੁਸਾਰ ਆਤਮਾ ਦੀ ਸਰਵਉੱਚ ਸਥਿਤੀ ਦਾ ਨਾਂ ਹੈ। ਤੀਰਥੰਕਰ ਕੋਈ ਅਵਤਾਰ ਨਹੀਂ ਹੁੰਦੇ ਹਨ ਪਰ ਆਤਮਾ ਦੇ ਵਿਕਾਸ ਦੀ ਇਸ ਤੋਂ ਅਗੇ ਕੋਈ ਹੱਦ ਨਹੀਂ। ਤੀਰਥੰਕਰ ਦੇਵਤੇ ਮਨੁਖਾਂ ਰਾਹੀਂ ਪੂਜੇ ਜਾਂਦੇ ਹਨ। ਤੀਰਥੰਕਰ ਪਿਛਲੇ ਜਨਮ ਦੀ ਕਮਾਈ ਸਦਕਾ ਮਤੀ, ਸਰੁਤ, ਤੇ ਅਵਧੀ ਗਿਆਨ ਦੇ ਧਾਰਕ ਹੁੰਦੇ ਹਨ। ਇਹ ਹਮੇਸ਼ਾ ਰਾਜ ਵੰਸ਼ ਵਿਚ ਜਨਮ ਲੈਂਦੇ ਹਨ ਤੀਰਥੰਕਰਾਂ ਦੀ ਮਾਤਾਵਾਂ ਜਨਮ ਤੋਂ ਪਹਿਲਾਂ 14 ਸੁਪਨੇ ਵੇਖਦੀਆਂ ਹਨ। ਸਾਰੇ ਤੀਰਥੰਕਰ ਬਿਨਾ ਗੁਰੂ ਤੋਂ ਸਾਧੂ ਜੀਵਨ ਗ੍ਰਹਿਣ ਕਰਦੇ ਹਨ। ਦੀਖਿਆ ਤੋਂ ਪਹਿਲਾਂ ਇਕ ਸਾਲ ਦਾਨ ਦਿੰਦੇ ਹਨ। ਦੀਖਿਆ ਸਮੇਂ ਇਨ੍ਹਾਂ ਤੀਰਥੰਕਰਾਂ ਨੂੰ ਚੌਥਾ ਮਨ ਪਰੱਯਵ ਗਿਆਨ ਪ੍ਰਾਪਤ ਹੋ ਜਾਂਦਾ ਹੈ। ਸਭ ਤੋਂ ਪ੍ਰਮੁਖ ਗਿਆਨ ਕੇਵਲ ਗਿਆਨ ਹੈ। ਇਸ ਗਿਆਨ ਦੇ ਪ੍ਰਗਟ ਹੋਣ ਤੇ ਜਨਮ ਮਰਨ ਦਾ ਚੱਕਰ ਮਿਟ ਜਾਂਦਾ ਹੈ। ਆਤਮਾ ਪ੍ਰਮਾਤਮ ਅਵਸਥਾ ਨੂੰ ਪ੍ਰਾਪਤ ਕਰਦੀ ਹੈ। ਤੀਰਥੰਕਰ ਪਦਵੀ ਪਿਛਲੇ ਕਈ ਜਨਮਾਂ ਦੀ ਕਮਾਈ ਦਾ ਫਲ ਹੁੰਦਾ ਹੈ। ਤੀਰਥੰਕਰ ਦੇ ਗਰਭ, ਜਨਮ, ਦੀਖਿਆ, ਕੇਵਲ ਗਿਆਨ ਤੇ ਨਿਰਵਾਨ ਸਮੇਂ ਦੇਵਤਾਂ ਆਉਂਦੇ ਹਨ। ਇਸ ਸਮੇਂ ਨੂੰ ਕਲਿਆਨਕ ਆਖਦੇ ਹਨ। ਇਨ੍ਹਾਂ ਦਾ ਵਰਣਨ ਜੈਨ ਗ੍ਰੰਥ ਕਲਪ ਸੂਤਰ ਵਿਚ ਵਿਸਥਾਰ ਨਾਲ ਆਇਆ ਹੈ। ਕੇਵਲ ਗਿਆਨ ਪ੍ਰਗਟ ਹੋਣ ਤੋਂ ਵਾਅਦ ਤੀਰਥੰਕਰਾਂ ਦੇ ਤਪ ਅਤਿਸ਼ੈ, ੮ ਪ੍ਰਤਿਹਾਰੇ ਪ੍ਰਗਟ ਹੁੰਦੇ ਹਨ। ਤੀਰਥੰਕਰ ਦੀ ਧਰਮ ਸਭਾ ਸਮੋਸਰਨ ਅਖਵਾਉਂਦੀ ਹੈ ਕੇਵਲ ਗਿਆਨ ਤੋਂ ਵਾਅਦ ਸਵਰਗ, ਧਰਤੀ ਦੇ ਜੀਵ ਜੰਤੂ ਤੀਰਥੰਕਰਾਂ ਦੀ ਧਰਮ ਸਭਾ ਵਿਚ ਬੈਠਕੇ ਤੀਰਥੰ-

ਕਰ ਦਾ ਉਪਦੇਸ਼ ਅਪਣੀ ਅਪਣੀ ਭਾਸ਼ਾ ਵਿਚ ਸੁਨਦੇ ਹਨ। ਮੂਲ ਰੂਪ ਵਿਚ ਤੀਰਥੰਕਰ ਲੋਕ ਭਾਸ਼ਾ ਪ੍ਰਕ੍ਰਿਤ ਵਿਚ ਉਪਦੇਸ਼ ਕਰਦੇ ਹਨ। ਕੇਵਲ ਗਿਆਨ ਦੇ ਪ੍ਰਭਾਵ ਕਾਰਣ ਹਰ ਜੀਵ ਅਸਾਨੀ ਨਾਲ ਅਪਣੀ ਅਪਣੀ ਭਾਸ਼ਾ ਵਿਚ ਸਾਰਾ ਉਪਦੇਸ਼ ਗ੍ਰਹਿਣ ਕਰਦੇ ਹਨ। ਭਰਤ ਖੰਡ (ਭਾਰਤ) ਵਿਚ ਅਜਕਲ ਤੀਰਥੰਕਰ ਪਰੰਪਰਾ ਕਾਫੀ ਸਮੇਂ ਲਈ ਬੰਦ ਹੈ। ਪਰ ਕਾਲ ਤੇ ਤੀਸਰੇ ਤੇ ਚੌਥੇ ਭਾਗ ਵਿਚ ਤੀਰਥੰਕਰ ਜਨਮ ਲੈਂਦੇ ਹਨ। ਧਰਤੀ ਦੇ ਕਈ ਹਿਸੇ ਹੁਣ ਵੀ ਅਜੇਹੇ ਹਨ ਜਿਥੇ 20 ਵਿਹਰਮਾਨ ਤੀਰਥੰਕਰ ਘੁਮ ਰਹੇ ਹਨ। ਇਸ ਹਿਸੇ ਨੂੰ ਮਹਾਵਿਦੇਹ ਆਖਦੇ ਹਨ। ਇਸ ਭਾਗ ਵਿਚ ਕੋਈ ਖਾਸ ਗਿਆਨੀ ਧਿਆਨ ਨਾਲ ਹੀ ਪਹੁੰਚ ਸਕਦਾ ਹੈ। ਭਾਵ ਇਥੇ ਘੁਮਨ ਵਾਲੇ ਤੀਰਥੰਕਰ ਦਾ ਧਿਆਨ ਕੀਤਾ ਜਾ ਸਕਦਾ ਹੈ। ਆਮ ਮਨੁੱਖ ਦਾ ਪਹੁੰਚਨਾ ਅਸੰਭਵ ਹੈ। ਇਸ ਪ੍ਰਕਾਰ ਤੀਰਥੰਕਰ ਪਰੰਪਰਾ ਅਨਾਦਿ ਅਤੇ ਅਖੰਡ ਹੈ। ਸੰਸਾਰ ਵਿਚ ਘਟੋ ਘਟ 4 ਅਤੇ ਵੱਧ ਤੋਂ ਵੱਧ 170 ਤੀਰਥੰਕਰ ਜਨਮ ਲੈ ਸਕਦੇ ਹਨ। ਤੀਰਥੰਕਰ ਧਰਮ ਰੂਪੀ ਸਾਧੂ, ਸਾਧਵੀ, ਸ਼੍ਰਾਵਕ ਅਤੇ ਸ਼੍ਰਾਵਿਕਾ ਤੀਰਥ ਦੀ ਨੀਂਹ ਰਖਨ ਕਾਰਣ ਤੀਰਥੰਕਰ ਅਖਵਾਉਂਦੇ ਹਨ। ਸਾਰੀ ਸ੍ਰਿਸ਼ਟੀ ਵਿਚ ਢਾਈ ਦੀਪ ਮਨੁੱਖਾਂ ਦੀ ਆਬਾਦੀ ਹੈ। ਦੀਪ ਇਹ ਹਨ— 1) ਜੰਬੂ ਦੀਪ 2) ਧਾਤਰੀ ਖੰਡ 3) ਅੱਧਾ ਪੁਖਰਾਜ। 4) ਮਹਾਵਿਦੇਹ ਖੇਤਰ ਹਨ। ਹਰ ਮਹਾਵਿਦੇਹ ਵਿਚ 4-4 ਤੀਰਥੰਕਰ ਘੁੰਮ ਰਹੇ ਹਨ।

## ਤੀਰਥੰਕਰ ਤੇ ਅਰਿਹੰਤ

ਅਰਿਹੰਤ ਤੋਂ ਭਾਵ ਹੈ, ਇੰਦਰੀਆਂ ਦੇ ਦੁਸ਼ਮਨਾਂ ਦਾ ਜੇਤੂ ਜਿੰਨ। ਜਿਵੇਂ ਤੀਰਥੰਕਰ ਜਨਮ ਤੇ ਪਿਛਲੇ ਤੱਪ ਪ੍ਰਭਾਵ ਕਾਰਣ ਜਨਮ ਤੋਂ ਹੀ ਮਹਾਨ ਹੁੰਦੇ ਹਨ ਅਤੇ ਉਨ੍ਹਾਂ ਦੀ ਸੰਖਿਆ ਨਿਸ਼ਚਿਤ ਹੁੰਦੀ ਹੈ। ਸਾਰੇ ਤੀਰਥੰਕਰ ਅਰਿਹੰਤ ਹੁੰਦੇ ਹਨ, ਪਰ ਸਾਰੇ ਅਰਿਹੰਤ ਤੀਰਥੰਕਰ ਨਹੀਂ ਹੁੰਦੇ। ਤੀਰਥੰਕਰ ਦਾ ਜਨਮ ਤੋਂ ਲੈ ਕੇ ਅੰਤ ਸਮੇਂ ਤਕ ਨਿਰਵਾਨ ਨਿਸ਼ਚਿਤ ਹੁੰਦਾ ਹੈ, ਪਰ ਅਰਿਹੰਤ ਸਧਾਰਣ ਮਨੁੱਖ ਹੁੰਦੇ ਹਨ, ਜੋ ਤੀਰਥੰਕਰ ਜਾਂ ਕਿਸੇ ਧਰਮ ਗੁਰੂ ਤੋਂ ਸੱਚਾ ਗਿਆਨ ਪ੍ਰਾਪਤ ਕਰਦੇ ਇਹ ਅਵਸਥਾ ਪ੍ਰਾਪਤ ਕਰਦੇ ਹਨ। ਇਨ੍ਹਾਂ ਨੂੰ ਜੈਨ ਪਰਿਭਾਸ਼ਾ ਵਿਚ ਸਮਾਨਯ ਕੇਵਲੀ ਆਖਿਆ ਜਾਂਦਾ ਹੈ। ਗਿਆਨ ਪਖੋਂ ਤੀਰਥੰਕਰ ਦੇ ਬਰਾਬਰ ਹੁੰਦੇ ਹਨ ਅਤੇ ਅੰਤ ਸਮੇਂ ਹਰ ਅਰਿਹੰਤ ਦਾ ਮੋਕਸ਼ ਨਿਸ਼ਚੈ ਹੈ। ਸੋ ਜੈਨ ਧਰਮ ਵਿਚ ਭਗਤੀ ਦਾ ਉਦੇਸ਼ ਭਗਵਾਨ ਨੂੰ ਖੁਸ਼ ਕਰਕੇ ਕੋਈ ਵਰ ਪ੍ਰਾਪਤ ਕਰਨਾ ਨਹੀਂ ਸਗੋਂ ਰਾਗ, ਦਵੇਸ਼ ਦਾ ਤਿਆਗ ਕਰਕੇ ਕਰੋਧ, ਮੋਹ, ਲੋਭ, ਹੰਕਾਰ ਦਾ ਤਿਆਗ ਕਰਕੇ ਭਗਤ ਤੋਂ ਭਗਵਾਨ ਬਨਣਾ ਹੈ। ਜੈਨ ਧਰਮ ਵਿਚ ਪ੍ਰਮਾਤਮਾ, ਭਗਵਾਨ, ਅਰਿਹੰਤ, ਜਾਂ ਸਿੱਧ ਪ੍ਰੇਰਨਾ ਦੇਨ ਵਾਲੇ ਪ੍ਰਤੀਕ ਹਨ। ਉਸ ਜੈਨ ਧਰਮ ਵਿਚ ਵੀਤਰਾਗ ਭਗਵਾਨ ਦੀ ਉਪਾਸਨਾ ਕੀਤੀ ਜਾਂਦੀ ਹੈ। ਜਿਸ ਤੋਂ ਭਾਵ ਹੈ ਕਿ ਰਾਗ ਤੇ

ਦਵੇਸ਼ ਤੋਂ ਰਹਿਤ ਮੁਕਤ ਆਤਮਾ। ਜੈਨ ਧਰਮ ਵਿਚ ਭਗਤੀ ਦਾ ਉਦੇਸ਼ ਜਨਮ ਮਰਨ ਦਾ ਕਾਰਣ ਰੂਪ ਕਰਮ ਪ੍ਰੰਪਰਾ ਦਾ ਖਾਤਮਾ ਕਰਕੇ ਅਰਿਹੰਤ ਬਨਣਾ ਹੈ। ਅਰਿਹੰਤ ਉਹ ਪਦਵੀ ਹੈ ਜਿਸ ਨੂੰ ਪ੍ਰਾਪਤ ਕਰਕੇ ਮਨੁੱਖ ਦਾ ਜਨਮ ਮਰਨ ਹਮੇਸ਼ਾ ਹਮੇਸ਼ਾ ਲਈ ਕਟਿਆ ਜਾਂਦਾ ਹੈ। ਜੈਨ ਧਰਮ ਗੁਣ ਪ੍ਰਧਾਨ ਹੈ। ਵਿਅੱਕਤੀ ਪ੍ਰਧਾਨ ਨਹੀਂ। ਇਸ ਲਈ ਇਸ ਧਰਮ ਵਿਚ ਜਾਤਪਾਤ, ਛੂਆਛੂਤ ਦਾ ਕੋਈ ਮਹੱਤਵ ਨਹੀਂ। ਜੈਨ ਧਰਮ ਭਾਵ ਪ੍ਰਧਾਨ ਹੈ। ਇਸ ਧਰਮ ਵਿਚ ਸ਼ਰੀਰ ਨੂੰ ਕਸ਼ਟ ਦੇਣਾ ਮੂਰਖਤਾ ਪੂਰਨ ਕ੍ਰਿਆ ਜਾਂ ਬਾਲ ਤੱਪ ਆਖਿਆ ਗਿਆ ਹੈ। ਪੰਡਿਤ ਤੱਪ ਤਾਂ ਉਹ ਹੈ ਜੋ ਹੋਸ਼ ਅਤੇ ਅਣਗਹਿਲੀ ਰਹਿਣ ਹੈ।

ਜੈਨ ਧਰਮ, ਧਰਮ ਦੇ ਨਾਂ ਤੋਂ ਕੀਤੀ ਜਾਂਦੀ ਹਿੰਸਕ ਕ੍ਰਿਆ ਦਾ ਵਿਰੋਧ ਕਰਦਾ ਹੈ ਭਾਵੇਂ ਇਹ ਹਿੰਸਾ ਮਨ ਰਾਹੀਂ ਹੋਵੇ, ਬਚਨ ਰਾਹੀਂ ਹੋਵੇ ਜਾਂ ਸ਼ਰੀਰ ਰਾਹੀਂ। ਇਸ ਹਿੰਸਾ ਦਾ ਕਰਮ ਵਾਲਾ ਭਾਵੇਂ ਖੁੱਦ ਆਪ ਹੋਵੇ ਜਾਂ ਹੋਰ ਹੋਵੇ ਜਾਂ ਹੋਰ ਰਾਹੀਂ ਹਿੰਸਾ ਦੀ ਹਿਮਾਇਤ ਹੋਵੇ। ਜੈਨੀ ਸਾਧੂ ਨੂੰ ਇਸ ਪ੍ਰਕਾਰ ਦੀ ਹਿੰਸਾ ਦਾ ਤਿਆਗ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਝੂਠੀ, ਚੋਰੀ ਪਰਿਗ੍ਰਹਿ (ਜਰੂਰਤ ਤੋਂ ਵੱਧ ਵਸਤਾਂ ਦਾ ਸੰਗ੍ਰਹਿ) ਅਤੇ ਵਿਭਚਾਰ ਪ੍ਰਤਿ ਸਾਧੂ ਨਿਯਮਾਂ ਦਾ ਪਾਲਨ ਕਰਦੇ ਹਨ।

ਜੈਨ ਉਪਾਸਕ ਘਰ ਵਿਚ ਰਹਿਕੇ ਤੀਰਥੰਕਰਾਂ ਰਾਹੀਂ ਦਸੇ ਧਰਮ ਨੂੰ ਸਾਧੂਆਂ ਰਾਹੀਂ ਸੁਣਦਾ ਹੈ ਉਸ ਤੇ ਵਿਸ਼ਵਾਸ਼ ਕਰਦਾ ਹੈ। ਘਰ ਵਿਚ ਰਹਿਕੇ ਉਹ ਖੇਤੀ, ਵਿਉਪਾਰ ਗੋਪਾਲਨ, ਨੌਕਰੀ ਕਰਦਾ ਹੋਇਆ, ਅਹਿੰਸਾ, ਸਚ, ਚੋਰੀ ਤਿਆਗ, ਵਿਭਚਾਰ, ਵਸਤਾਂ ਸੰਗ੍ਰਹਿ ਦਾ ਮੋਟਾ ਤਿਆਗ ਕਰਦਾ ਹੈ। ਜੈਨ ਉਪਾਸਕ ਦੇ ਵਰਤਾਂ ਨੂੰ ਸ੍ਰਾਵਕ ਦੇ 12 ਵਰਤ ਆਖਦੇ ਹਨ। ਜੈਨ ਸਾਧੂ ਨੂੰ ਭਿਖਸ਼ੂ, ਸ਼੍ਰਮਣ, ਨਿਰਗ੍ਰੰਥ ਅਨਗਾਰ ਆਖਿਆ ਜਾਂ ਦਾ ਹੈ। ਸਾਧੂ ਇਨ੍ਹਾਂ ਵਰਤਾਂ ਨੂੰ ਤਿੰਨ ਕਰਨ ਅਤੇ ਤਿੰਨ ਯੋਗ ਨਾਲ ਪਾਲਨ ਕਰਦੇ ਹਨ ਸਾਧੂ ਦੇ ਇਹੋ ਮਹਾਵਰਤ ਆਖੇ ਜਾਂਦੇ ਹਨ। ਸਾਧੂ, ਉਪਾਸਕਾਂ ਦੇ ਘਰ ਤੋਂ ਸ਼ਰੀਰਿਕ ਪਹਿਨਣ, ਖਾਣ-ਪੀਣ ਦੀਆਂ ਜਰੂਰਤਾਂ ਪ੍ਰਾਪਤ ਕਰਦਾ ਹੈ, ਜੋ ਨਿਯਮ ਸਾਧੂ ਲਈ ਹਨ ਉਹ ਹੀ ਸਾਧਵੀਆਂ ਲਈ ਹਨ।

## ਕੁਝ ਪ੍ਰਸਿੱਧ ਤੀਰਥੰਕਰ

ਜੈਨ ਧਰਮ ਦੇ ਜਿਨ੍ਹਾਂ ਚੌਬੀ ਤੀਰਥੰਕਰਾਂ ਦਾ ਅਸੀਂ ਜਿਕਰ ਕੀਤਾ ਹੈ ਪਹਿਲਾਂ ਉਨ੍ਹਾਂ ਵਾਰੇ ਸੰਖੇਪ ਜਾਨਕਾਰੀ ਅਸੀਂ ਇਸ ਪ੍ਰਕਾਰ ਦੇ ਹਹੇ। ਜੋ ਵਰਤਮਾਨ ਕਾਲ ਵਿਚ ਹੋਏ ਹਨ।

# 24 ਤੀਰਥੰਕਰਾਂ ਦੇ ਪਵਿੱਤਰ ਚਿੰਨ੍ਹ

★



| ਲੜੀ ਨੰ | ਤੀਰਥੰਕਰ ਦਾ ਨਾਂ | ਜਨਮ ਸ਼ਥਾਨ | ਮਾਤਾ (ਰਾਣੀ) | ਪਿਤਾ (ਰਾਜਾ) | ਚਿਨ੍ਹ | ਕੇਵਲ ਗਿਆਨ ਸਥਾਨ | ਮੁਕਤੀ ਸਥਾਨ |
|---|---|---|---|---|---|---|---|
| 1 | ਸ਼੍ਰੀ ਰਿਸ਼ਵ ਦੇਵ ਜੀ | ਅਯੋਧਿਆ | ਮਰੂਦੇਵੀ | ਨਾਭੀ ਰਾਏ | ਬਲਦ | ਪੁਰਮਿਤਾਲ | ਅਸ਼ਟਾਪਦ ਪਰਬਤ |
| 2 | ਸ਼੍ਰੀ ਅਜੀਤ ਨਾਥ ਜੀ | ,, | ਵਿਜੈ | ਜਿਤਸ਼ਤਰੂ | ਹਾਥੀ | ਅਯੋਧਿਆ | ਸਮੇਤ ਸਿਖਰ |
| 3 | ਸ਼੍ਰੀ ਸੰਭਵ ਨਾਥ | ਸ਼ਾਵਸਤੀ | ਸੈਨਾ | ਜਿਤਾ | ਘੋੜਾ | ਸ਼੍ਰਾਵਸਤੀ | ,, |
| 4 | ਸ਼੍ਰੀ ਅਭਿਨੰਦਨ ਜੀ | ਅਯੋਧਿਆ | ਸਿਧਾਰਥਾ | ਸੰਬਰ | ਬਾਂਦਰ | ਅਯੋਧਿਆ | ,, |
| 5 | ਸ਼੍ਰੀ ਸੁਮਤੀ ਨਾਥ ਜੀ | ,, | ਸੁਮੰਗਲਾ | ਮੇਘਰਥ | ਕਰੌਂਚ | ,, | ,, |
| 6 | ਸ਼੍ਰੀ ਪਦਮਪ੍ਰਭ ਜੀ | ਕੌਸ਼ਾਂਬੀ | ਸੁਮਿੱਤਰਾ | ਸ੍ਰੀਧਰ | ਕਮਲ | ਕੋਸਾਂਬੀ | ,, |
| 7 | ਸ਼੍ਰੀ ਸੁਪਾਰਸ਼ਵ ਜੀ | ਬਾਰਾਨਸੀ | ਪਰਿਥਵੀ | ਪ੍ਰਤਿਸੁਭ | ਸਵਾਸਤਿਕ | ਬਾਰਾਣਸੀ | ,, |
| 8 | ਸ਼੍ਰੀ ਚੰਦਰ ਪ੍ਰਭ ਜੀ | ਚੰਦਨਪੁਰੀ | ਲਕਸ਼ਮਨਾ | ਮਹਾਸੇਨ | ਚੰਦਰਮਾਂ | ਚੰਦਰ ਪੁਰੀ | ,, |
| 9 | ਸ਼੍ਰੀ ਸੁਵਿਧੀ ਨਾਥ ਜੀ | ਕਾਂਕਦੀ | ਰਾਮਾਂ ਦੇਵੀ | ਸੁਗਰੀਵ | ਮਤਸ | ਕਾਕੰਦੀ | ,, |
| 10 | ਸ਼੍ਰੀ ਸ਼ੀਤਲ ਨਾਥ ਜੀ | ਭਦਿਲਪੁਰ | ਨੰਦਾ ਦੇਵੀ | ਦਰਿੜ ਰਥ | ਸ਼੍ਰੀ ਵਤਸ | ਭਦਿਲਪੁਰ | ,, |
| 11 | ਸ਼੍ਰੀ ਸ਼ਰਿਆਂਸ਼ ਨਾਥ ਜੀ | ਸਿੰਘਪੁਰ | ਵਿਸ਼ਨੂੰ | ਵਿਸ਼ਨੂੰ | ਗੈਂਦਾ | ਸਿੰਘਪੁਰ | ,, |
| 12 | ਸ਼੍ਰੀ ਵਾਸੁ ਪੂਜਯ ਜੀ | ਚੰਪਾਪੁਰੀ | ਜੈ | ਵਾਸੂਪੂਜ | ਭੈਸ | ਚੰਪਾਪੁਰੀ | ,, |
| 13 | ਸ਼੍ਰੀ ਵਿਮਲ ਨਾਥ ਜੀ | ਕਪਿਲ ਪੁਰੀ | ਸਿਆਮਾ | ਕ੍ਰਿਤ ਵਰਮਾ | ਸੂਅਰ | ਕਪਿਲ ਪੁਰੀ | ਸਮੇਤ ਸਿਖਰ |
| 14 | ਸ਼੍ਰੀ ਅਨੰਤਨਾਥ ਜੀ | ਅਯੋਧਿਆ | ਸੁਯਸ਼ਾ | ਸਿੰਘਸੇਨ | ,, | ਅਯੋਧਿਆ | ,, |
| 15 | ਸ਼੍ਰੀ ਧਰਮ ਨਾਥ ਜੀ | ਰਤਨਪੁਰੀ | ਸੁਵਰਤਾ | ਭਾਨੂ | ਵਜਰ | ਰਤਨਪੁਰੀ | ,, |
| 16 | ਸ਼੍ਰੀ ਸ਼ਾਂਤੀ ਨਾਥ ਜੀ | ਹਸਤਨਾਪੁਰ | ਅਚਿਰਾ | ਵਿਸ਼ਵ ਸੈਨ | ਮਿਰਗ | ਹਸਤਨਾਪੁਰ | ,, |
| 17 | ਸ਼੍ਰੀ ਕੁੰਥੂ ਨਾਥ ਜੀ | ,, | ਸ਼੍ਰੀ | ਸੂਕ | ਬਕਰਾ | ,, | ,, |
| 18 | ਸ਼੍ਰੀ ਅਰਹ ਨਾਥ ਜੀ | ,, | ਦੇਵੀ | ਸੁਦਰਸਨਾ | ਨੰਦਾਵਰਤ | ,, | ,, |
| 19 | ਸ਼੍ਰੀ ਮੱਲੀ ਨਾਥ ਜੀ | ਮਿਥਿਲਾ | ਪ੍ਰਭਾਵਤੀ | ਕੁੰਭ | ਘੋੜਾ | ਮਿਥਿਲਾ | ,, |
| 20 | ਸ਼੍ਰੀ ਮੁਨੀ ਸੁਵਰਤ ਜੀ | ਰਾਜਗ੍ਰਿਹਿ | ਪਦਮਾ | ਸੁਮਿਤਰ | ਕੱਛੂ | ਰਾਜਗ੍ਰਿਹਿ | ,, |
| 21 | ਸ਼੍ਰੀ ਨਮਿ ਨਾਥ ਜੀ | ਮਿਥਿਲਾ | ਵਿਪੁਰਾ | ਵਿਜੈ | ਨੀਲਕਮਲ | ਮਿਥਿਲਾ | ,, |
| 22 | ਸ਼੍ਰੀ ਨੇਮਿਨਾਥ ਜੀ | ਸ਼ੋਰਿਆਪੁਰ | ਸ਼ਿਵਾ | ਸਮੁਦਰ ਵਿਜੈ | ਸ਼ੰਖ | ਗਿਰਨਾਰ | ਗਿਰਨਾਰ ਜੀ |
| 23 | ਸ਼੍ਰੀ ਪਾਰਸ਼ ਨਾਥ ਜੀ | ਵਾਰਾਨਸੀ | ਵਾਮਾ | ਅਸ਼ਵਸੈਨ | ਸੱਪ | ਅਹਿਛੱਤਰਾ | ਸਮੇਤ ਸਿਖਰ |
| 24 | ਸ਼੍ਰੀ ਵਰਧਮਾਨ ਜੀ | ਖਤਰੀ ਕੁੰਡ ਗ੍ਰਾਮ | ਤ੍ਰਿਸ਼ਲਾ | ਸਿਧਾਰਥ | ਸ਼ੇਰ | ਰਿਜੁਬਾਲਕਾ ਨਦੀ | ਪਾਵਾਪੁਰੀ |

## ਭਵਿੱਖ ਵਿਚ ਹੋਣ ਵਾਲੇ ਤੀਰਥੰਕਰਾਂ ਦੀ ਸੂਚੀ

1) ਸ੍ਰੀ ਪਦਮ ਨਾਭ । 2) ਸ੍ਰੀ ਸੂਰਦੇਵ 3) ਸ੍ਰੀ ਸੁਪਾਰਸਵ 4) ਸ੍ਰੀ ਸੰਭਵ 5) ਸ੍ਰੀ ਸਰਵਾਨੂ ਭੂਤੀ 6) ਸ੍ਰੀ ਦੇਵ ਸ਼ਰੁਤ 7) ਸ੍ਰੀ ਉਦੈ ਨਾਥ 8) ਸ੍ਰੀ ਪੈਡਾਲ 9) ਸ੍ਰੀ ਪੌਟਿਲ 10) ਸ੍ਰੀ ਸਤਕ੍ਰੀਤੀ 11) ਸ੍ਰੀ ਸੁਵਰਤ 12 ਸ੍ਰੀ ਅਮੱਮ 13) ਸ੍ਰੀ ਨਿਸ਼ ਕਸਾਏ 14) ਸ੍ਰੀ ਨਿਸ਼ਪੁਲਾਕ 15) ਸ੍ਰੀ ਨਿਰਮਮ 16)ਸ੍ਰੀ ਚਿੱਤਰ ਗੁਪਤ 17) ਸ੍ਰੀ ਸਮਾਧੀ ਨਾਥ 18) ਸ੍ਰੀ ਸੰਬਰ ਨਾਥ 19) ਸ੍ਰੀ ਯਸ਼ੋਧਰ 20) ਸ੍ਰੀ ਵਿਜੈ 21) ਸ਼ੀਲ ਦੇਵ 22) ਸ੍ਰੀ ਅਨੰਤ 23) ਸ੍ਰੀ ਵੀਰੀਆ 24) ਸ੍ਰੀ ਭਦਰਕਰ ।

## ਮਹਾਵਿਦੇਹ ਖੇਤਰ ਵਿਚ ਵਰਤਮਾਨ ਵਿਚ ਘੁਮ ਰਹੇ 20 ਤੀਰਥੰਕਰ

1) ਸ੍ਰੀ ਸ੍ਰੀਮਿੰਦਰ 2) ਸ੍ਰੀ ਯੁਗਮਿੰਦਰ 3) ਸ੍ਰੀ ਵਾਹੂ ਜੀ 4) ਸ੍ਰੀ ਸੁਵਾਹੂ ਜੀ 5) ਸ੍ਰੀ ਸੁਜਾਤ ਜੀ 6) ਸ੍ਰੀ ਸ਼ਵੈਂ ਪ੍ਰਭਵ ਜੀ 7) ਸ੍ਰੀ ਰਿਸ਼ਵਨਾਣ 8) ਸ੍ਰੀ ਅਨੰਤ ਵੀਰਿਆ ਜੀ 9) ਸ੍ਰੀ ਸੁਰਪ੍ਰਭਵ ਜੀ 10) ਸ੍ਰੀ ਵਿਸ਼ਾਲਧਰ ਜੀ 11) ਸ੍ਰੀ ਵੱਜਰਧਰ ਜੀ 12) ਸ੍ਰੀ ਚੰਦਰ ਨਾਥ ਜੀ 13) ਸ੍ਰੀ ਚੰਦਰ ਵਾਹੂ ਜੀ 14) ਸ੍ਰੀ ਭੁਜੰਗ ਜੀ 15) ਸ੍ਰੀ ਈਸ਼ਵਰ ਜੀ 16) ਸ੍ਰੀ ਨੇਮਿ ਸੰਵਰ ਜੀ 17) ਸ੍ਰੀ ਵੀਰ ਸੇਨ ਜੀ 18) ਸ੍ਰੀ ਦੇਵਯਸ਼ ਜੀ 19) ਸ੍ਰੀ ਮਹਾਭੱਦਰ ਜੀ 20) ਸ੍ਰੀ ਅਜੀਤ ਵੀਰਿਆ ਜੀ ।

ਇਹ ਤੀਰਥੰਕਰ ਪ੍ਰੰਪਰਾ ਜੈਨ ਧਰਮ ਤੇ ਸੰਸਕ੍ਰਿਤੀ ਦਾ ਮੂਲ ਅਧਾਰ ਹੈ ਜੈਨ ਧਰਮ ਵਿਚ ਇਕ ਮਨੁੱਖ ਨੂੰ ਆਮ ਦੇਵਤਿਆਂ ਤੋਂ ਉਪਰ ਆਖਿਆ ਗਿਆ ਹੈ । ਕਿਉਂਕਿ ਦੇਵਤਾ ਪੱਦ ਵਿਚ ਭੌਤਿਕ ਸਵਰਗ ਦਾ ਸੁੱਖ ਹੈ ਅਤੇ ਨਰਕ ਵਿਚ ਸ਼ਰੀਰਕ ਦੁੱਖ ਹਨ । ਪਰ ਆਤਮਾ ਸੁਖ ਦੁੱਖ ਤੋਂ ਨਿਰਲੇਪ ਹੋ ਕੇ ਪਰਮਾਤਮਾ ਬਨੇ, ਅਜੇਹਾ ਯਤਨ ਹੋਣਾ ਚਾਹੀਦਾ ਹੈ । ਤੀਰਥੰਕਰਾਂ ਦੀ ਪ੍ਰੰਪਰਾ ਸਨਾਤਨ ਹੈ, ਕਿਉਂਕਿ ਆਤਮਾ ਵੀ ਸਨਾਤਨ ਹੈ ਪ੍ਰਮਾਤਮਾ ਵੀ ਸਨਾਤਨ ਹੈ ਅਤੇ ਆਤਮਾ ਨੂੰ ਪ੍ਰਮਾਤਮਾ ਬਨਾਉਣ ਵਾਲੀ ਅਰਿਹੰਤ ਅਵਸਥਾ ਵੀ ਸਨਾਤਨ ਹੈ । ਹਰ ਮਨੁੱਖ ਪਾਪ ਤੋਂ ਨਹੀਂ ਬਚ ਸਕਦਾ । ਸੰਸਾਰ ਰੂਪੀ ਜਨਮ ਮਰਨ ਦੀ ਪ੍ਰੰਪਰਾ ਖਤਮ ਕਰਨ ਵਿਚ ਤੀਰਥੰਕਰ ਧਰਮ ਉਪਦੇਸ਼ ਦੇ ਕੇ ਸਾਡਾ ਉਪਕਾਰ ਕਰਦੇ ਹਨ । ਖੁੱਦ ਪ੍ਰਮਾਤਮਾ ਬਨਦੇ ਹਨ ਅਤੇ ਸਾਡੀ ਆਤਮਾ ਨੂੰ ਪ੍ਰਮਾਤਮਾ ਬਨਾਉਣ ਵਿਚ ਸਹਾਇਕ ਬਨਦੇ ਹਨ । ਇਸੇ ਲਈ ਤੀਰਥੰਕਰ ਪੂਜਾ ਯੋਗ ਹਨ।

## ਪ੍ਰਸਿੱਧ ਇਤਿਹਾਸਿਕ ਤੀਰਥੰਕਰ

ਇਕ ਸਮਾਂ ਸੀ, ਜਦੋਂ ਜੈਨ ਧਰਮ ਨੂੰ ਬੁੱਧ ਧਰਮ ਦੀ ਸ਼ਾਖਾ ਸਮਝਿਆ ਜਾਂਦਾ ਸੀ । ਉਹਦਾ ਕਾਰਣ ਕੁਝ ਸਾਂਝੇ ਪਰਿਭਾਸ਼ਿਕ ਸ਼ਬਦ ਸਨ ਅਤੇ ਦੂਸਰਾ ਕਾਰਣ ਜੈਨ ਸ਼ਾਸਤਰਾਂ ਦਾ ਅਧਿਐਨ ਨਾ ਕਰਨਾ ਸੀ । ਸਤਿਆਰਥ ਪ੍ਰਕਾਸ਼ ਵਿਚ ਜੈਨ ਤੇ ਬੁੱਧ ਨੂੰ ਸਵਾਮੀ

ਦਯਾਨੰਦ ਸਰਸਵਤੀ ਨੇ ਇਤ੍ਰ ਲਿਖ ਦਿੱਤਾ ਹੈ। ਹੁਣ ਇਸ ਵਿਸੇ ਤੇ ਕਾਫੀ ਖੋਜ ਹੋ ਚੁਕੀ ਹੈ। ਅੰਗਰੇਜਾਂ ਨੇ ਤੁਲਨਾਤਮਕ ਅਧਿਐਨ ਦੀ ਨਵੀਂ ਪ੍ਰੰਪਰਾ ਨੂੰ ਜਨਮ ਦਿੱਤਾ। ਪੁਰਾ-ਤੱਤਵ ਚਿੰਨ ਸਾਮਣੇ ਆਏ, ਤਾਂ ਇਹ ਭਰਮ ਬਿਲਕੁਲ ਖਤਮ ਹੋ ਚੁੱਕੇ ਹਨ। ਇਨ੍ਹਾਂ ਭਰਮਾਂ ਨੂੰ ਖਤਮ ਕਰਨ ਵਿਚ ਜਰਮਨ ਵਿਦਵਾਨ ਡਾਕਟਰ ਹਰਮਨ ਜੈਕੋਵੀ ਡਾਕਟਰ ਸ਼ਾਰਪੇਟਰ ਡਾ. ਗੇਰਿਨੇਟ ਜੇਹੇ ਵਿਦਵਾਨਾਂ ਦਾ ਪ੍ਰਮੁੱਖ ਹੱਥ ਹੈ। ਇਨ੍ਹਾਂ ਵਿਦਵਾਨਾਂ ਨੇ ਜੈਨ ਗ੍ਰੰਥਾਂ ਤੇ ਬਹੁਤ ਹੀ ਸ਼ੋਧ ਪੂਰਣ ਕਮ ਕੀਤਾ ਹੈ।

ਭਾਰਤ ਵਿੱਚ ਵੀ ਬਾਲ ਗੰਗਾਧਰ ਤਿਲਕ ਅਤੇ ਸਰ ਡਾਕਟਰ ਰਾਧਾ ਕ੍ਰਿਸ਼ਨ ਨੇ ਜੈਨ ਧਰਮ ਦੀ ਪ੍ਰਾਚੀਨਤਾ ਨੂੰ ਵੇਦਾਂ ਦੇ ਅਧਾਰ ਤੇ ਸਵੀਕਾਰ ਕੀਤਾ ਹੈ। ਡਾ. ਰਾਧਾ ਕ੍ਰਿਸ਼ਨ ਆਖਦੇ ਹਨ—

"ਜੈਨ ਪ੍ਰੰਪਰਾ ਰਿਸ਼ਵਦੇਵ ਤੋਂ ਅਪਣੀ ਉਤਪਤੀ ਮਨਦੀ ਹੈ। ਜਿਨ੍ਹਾਂ ਨੂੰ ਹੋਇਆਂ ਸੈਂਕੜੇ ਸਦੀਆਂ ਵੀਤ ਚੁਕੀਆਂ ਹਨ। ਇਸ ਗੱਲ ਦੇ ਪ੍ਰਮਾਣ ਈਸਾ ਦੀ ਪਹਿਲੀ ਸਦੀ ਵਿਚ ਮਿਲਦੇ ਹਨ ਕਿ ਤੀਰਥੰਕਰ ਰਿਸ਼ਵਦੇਵ ਦੀ ਪੂਜਾ ਹੁੰਦੀ ਸੀ। ਇਸ ਵਿਚ ਕੋਈ ਸ਼ਕ ਨਹੀਂ ਕਿ ਜੈਨ ਧਰਮ ਵਰਧਮਾਨ ਤੇ ਪਾਰਸ਼ ਨਾਥ ਤੋਂ ਪਹਿਲਾਂ ਚਾਲੂ ਸੀ। ਯਜਰਵੇਦ ਵਿਚ ਰਿਸ਼ਵਦੇਵ, ਅਜਿਤਨਾਥ ਅਤੇ ਅਰਿਸ਼ਟ ਨੇਮੀ ਆਦਿ ਤਿੰਨ ਤੀਰਥੰਕਰਾ ਦੇ ਨਾਂ ਵਲ ਇਸ਼ਾਰਾ ਪ੍ਰਾਪਤ ਹੁੰਦਾ ਹੈ। ਭਾਗਵਤ ਪੁਰਾਣ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਰਿਸ਼ਵ ਦੇਵ ਹੀ ਜੈਨ ਧਰਮ ਦੇ ਸੰਸਥਾਪਕ ਸਨ। ਹਿੰਦੂ ਪੁਰਾਣਾਂ ਵਿਚ ਭਗਵਾਨ ਰਿਸ਼ਵਦੇਵ ਦਾ ਉਸੇ ਪ੍ਰਕਾਰ ਜਿਕਰ ਹੈ ਜਿਸ ਤਰ੍ਹਾਂ ਦਾ ਜੈਨ ਗ੍ਰੰਥਾਂ ਵਿਚ ਹੈ। ਜੈਨ ਪ੍ਰੰਪਰਾ ਦ ਮਾਨਯੋਗ ਅਰਿਹੰਤ, ਸ੍ਰਮਣ, ਅਰਹਨ ਸ਼ਬਦ ਵੇਦ, ਉਪਨਿਸ਼ਧ, ਪੁਰਾਣ ਵਿਚ ਵੇਖੇ ਜਾ ਸਕਦੇ ਹਨ, ਪੁਰਾਣਾਂ ਨੇ ਮਨਿਆ ਹੈ ਕਿ ਜੈਨ ਧਰਮ ਦ ਪਹਿਲੇ ਤੀਰਥੰਕਰ ਰਿਸ਼ਵਦੇਵ ਦੇ ਪੁੱਤਰ ਚਕਰਵਰਤੀ ਭਰਤ ਦੇ ਨਾਂ ਤੇ ਇਸ ਦੇਸ਼ ਦਾ ਨਾਂ ਭਰਤ ਪਿਆ। 20ਵੇਂ ਤੀਰਥੰਕਰ ਮੁਨੀ ਸੁਵਰਤ ਰਮਾਇਣ ਦੇ ਪਾਤਰ ਸ੍ਰੀ ਰਾਮ ਦੇ ਸਮਕਾਲੀ ਸਨ। 22ਵੇਂ ਤੀਰਥੰਕਰ ਸ੍ਰੀ ਨੇਮੀ ਨਾਥ ਸ੍ਰੀ ਕ੍ਰਿਸ਼ਨ ਦੇ ਸਮਕਾਲੀ ਸਨ। 23ਵੇਂ ਤੀਰਥੰਕਰ ਸ੍ਰੀ ਪਾਰਸ਼ਵ ਨਾਥ ਦਾ ਜਨਮ ਭਗਵਾਨ ਮਹਾਵੀਰ ਤੋਂ 250 ਸਾਲ ਪਹਿਲਾਂ ਬਾਰਾਣਸੀ ਵਿਖੇ ਮਾਤਾ ਵਾਮਾ ਦੇਵੀ ਤੇ ਰਾਜਾ ਅਸ਼ਵਸੈਨ ਦੇ ਘਰ ਹੋਇਆ। ਭਗਵਾਨ ਮਹਾਵੀਰ ਦੇ ਮਾਤਾ-ਪਿਤਾ ਭਗਵਾਨ ਪਾਰਸ਼ ਨਾਥ ਦੀ ਪ੍ਰੰਪਰਾ ਦੇ ਉਪਾਸਕ ਸਨ। ਅਜੇਹਾ ਪੁਰਾਤਨ ਜੈਨ ਗ੍ਰੰਥ ਅਚਾਰਾਂਗ ਸੂਤਰ ਵਿਚ ਲਿਖਿਆ ਹੈ। ਬੁੱਧ ਗ੍ਰੰਥ ਵਿਚ ਭਗਵਾਨ ਪਾਰਸ਼ ਨਾਥ ਦੇ ਮੱਤ ਨੂੰ ਚਤੁਰਯਾਮ ਆਖਿਆ ਗਿਆ ਹੈ ਭਗਵਾਨ ਅਜਿਤ ਨਾਥ ਦੂਸਰੇ ਤੀਰਥੰਕਰ ਤੋਂ ਲੈ ਕੇ 23ਵੇਂ ਸ੍ਰੀ ਪਾਰਸ਼ਵਨਾਥ ਦੇ ਸਾਧੂ 5 ਮਹਾਵਰਤਾਂ ਦੀ ਥਾਂ 4 ਵਰਤ ਪਾਲਦੇ ਸਨ। ਇਸ ਤੀਰਥੰਕਰ ਪ੍ਰੰਪਰਾ ਸਾਧੂ ਦੇ ਬ੍ਰਹਮਚਰਜ ਵਰਤ ਨੂੰ ਅਪਰਿਗ੍ਰਹਿ ਵਿਚ ਸ਼ਾਮਲ ਕਰਦੇ ਸਨ।

ਪਰ ਸ੍ਰੀ ਰਿਸ਼ਵਦੇਵ ਅਤੇ ਵਰਧਮਾਨ ਮਹਾਵੀਰ ਨੇ ਇਹ ਵਰਤ ਨੂੰ ਅੱਡ ਕਰਕੇ 5 ਮਹਾਵਰਤਾਂ ਦਾ ਰੂਪ ਦਿਤਾ। ਜਿਵੇਂ ਭਗਵਾਨ ਮਲੀਨਾਥ ਇਸਤਰੀ ਤੀਰਥੰਕਰ ਸਨ। ਜੈਨ ਧਰਮ ਦੇ ਦਿਗੰਵਰ ਫਿਰਕੇ ਵਿਚ ਆਪਨੂੰ ਪੁਰਸ਼ ਮਨਿਆ ਜਾਂਦਾ ਹੈ। ਆਪਦਾ ਵਿਸਥਾਰ ਨਾਲ ਵਰਨਣ ਜੈਨਾਗਮ ਗਿਆਤਾ ਧਰਮ ਕਥਾਂਗ ਵਿਚ ਆਉਂਦਾ ਹੈ।

ਜੈਨ ਤੀਰਥੰਕਰਾਂ ਦੇ ਉਪਦੇਸ਼ ਨੇ ਹਰ ਧਰਮ ਨੂੰ ਪ੍ਰਭਾਵਿਤ ਕੀਤਾ ਹੈ। ਹਿੰਦੂ ਧਰਮ ਵਿਚ ਅਵਤਾਰ ਵਾਦ, ਬੁੱਧ ਧਰਮ ਵਿਚ ਬੁੱਧ ਦੇ ਪਿਛਲੇ ਜਨਮਾਂ ਦਾ ਵਰਨਣ ਤੀਰਥੰਕਰ ਪ੍ਰੰਪਰਾ ਤੋਂ ਕਾਫੀ ਪ੍ਰਭਾਵਿਤ ਹੈ। ਬੁੱਧ ਗ੍ਰੰਥਾਂ ਵਿਚ ਭਗਵਾਨ ਮਹਾਵੀਰ ਨੂੰ ਨਿਰਗ੍ਰੰਥ ਗਿਆਤਾ ਪੁੱਤਰ ਦੇ ਨਾਂ ਨਾਲ ਸੰਬੋਧਨ ਕੀਤਾ ਗਿਆ ਹੈ। ਨਿਰਗ੍ਰੰਥ ਤੋਂ ਭਾਵ ਜੈਨ ਸਾਧੂ ਹੈ। ਗਿਆਤਾ ਪੁੱਤਰ ਭਗਵਾਨ ਮਹਾਵੀਰ ਨਾਂ ਹੈ। ਲਿਛਵੀਂ ਕੁੱਲ ਦੀ ਗਿਆਤ ਜਾਤ ਵਿਚ ਹੀ ਭਗਵਾਨ ਮਹਾਵੀਰ ਦਾ ਜਨਮ ਹੋਇਆ ਸੀ। ਉਪਨਿਸ਼ਧ ਤੇ ਗੀਤਾ, ਜੈਨ ਧਰਮ ਤੋਂ ਕਾਫੀ ਪ੍ਰਭਾਵਿਤ ਹਨ। ਧੱਮਪਦ ਗ੍ਰੰਥ ਤਾਂ ਮਹਾਵੀਰ ਦੀ ਆਖਰੀ ਉਪਦੇਸ਼। ਸ੍ਰੀ ਉਤਰਾਧਿਐਨ ਸੂਤਰ ਤੋਂ ਕਾਫੀ ਪ੍ਰਭਾਵਿਤ ਹੈ। ਜੈਨ ਪ੍ਰੰਪਰਾ ਦੀ ਮੁੱਕਤੀ ਸੰਬੰਧੀ ਮਾਨਤਾ ਤੋਂ ਉਪਨਿਸ਼ਧ, ਸਾਂਖਯ ਤੇ ਬੁੱਧ ਦਰਸ਼ਨ ਪ੍ਰਭਾਵਿਤ ਨਜਰ ਆਉਂਦੇ ਹਨ। ਇਥੇ ਇਹ ਗੱਲ ਜਾਨਣ ਯੋਗ ਹੈ ਕਿ ਸਾਰੇ ਤੀਰਥੰਕਰ ਇਕ ਤਰ੍ਹਾਂ ਦਾ ਹੀ ਉਪਦੇਸ਼ ਦਿੰਦੇ ਹਨ। ਤੀਰਥੰਕਰ ਪ੍ਰੰਪਰਾ ਦੀ ਤਰ੍ਹਾਂ ਉਨ੍ਹਾਂ ਦਾ ਉਪਦੇਸ਼ ਵੀ ਸਨਾਤਨ ਹੈ।

ਜੈਨ ਤੀਰਥੰਕਰਾਂ ਵਾਰੇ ਇਤਿਹਾਸਕਾਰਾਂ ਨੇ ਇਕ ਨਿਰਣਾ ਇਹ ਸਥਾਪਿਤ ਕੀਤਾ ਹੈ ਕਿ ਪਹਿਲੇ 22 ਤੀਰਥੰਕਰ ਪ੍ਰਾਗਇਤਿਹਾਸਕ ਹਨ ਭਾਵ ਇਤਿਹਾਸ ਦੇ ਸਨ, ਸੰਮਤ ਦੀ ਹੋਂਦ ਵਿਚ ਨਹੀਂ ਆਉਂਦੇ। ਪਰ ਦੋ ਤੀਰਥੰਕਰ ਇਤਿਹਾਸਕ ਹਨ। ਇਤਿਹਾਸਕਾਰਾਂ ਦੀ ਸੋਚਨੀ ਕਿਸੇ ਵੀ ਧਰਮ ਪ੍ਰੰਪਰਾ ਨੂੰ ਪ੍ਰਭਾਵਿਤ ਨਹੀਂ ਕਰ ਸਕਦੀ। ਇਤਿਹਾਸ ਹਮੇਸ਼ਾ ਸਬੂਤਾਂ ਤੇ ਅਧਾਰਿਤ ਹੈ। ਪਰ ਤੀਰਥੰਕਰਾ ਦਾ ਆਪਸੀ ਫਾਸਲਾ ਕਰੋੜਾਂ ਸਾਲਾਂ ਦਾ ਹੈ ਇੰਨੇ ਪੁਰਾਣੇ ਸਬੂਤ ਕੋਈ ਧਰਮ ਪ੍ਰੰਪਰਾ ਨਹੀਂ ਜੁਟਾ ਸਕਦੀ। ਸਬਤ ਦੀ ਅਣਹੋਂਦ ਕਾਰਣ ਕਿਸੇ ਮਨੁੱਖ ਦੀ ਪੈਦਾਇਸ਼ ਨੂੰ ਨਾ ਮਨਣਾ ਗਲਤ ਹੈ। ਦੂਸਰੇ ਸਾਡੇ ਇਤਿਹਾਸਕਾਰ ਜੈਨ ਪ੍ਰੰਪਰਾ ਦੇ ਗ੍ਰੰਥਾਂ ਨੂੰ ਛੱਡ ਕੇ ਹਿੰਦੂ ਤੇ ਬੁੱਧ ਗ੍ਰੰਥਾਂ ਵਿਚੋਂ ਤੀਰਥੰਕਰਾਂ ਵਾਰੇ ਸਾਮਗਰੀ ਭਾਲਦੇ ਹਨ, ਜੋ ਕਿ ਜੈਨ ਧਰਮ ਨਾਲ ਬੇਇਨਸਾਫੀ ਹੈ ਕਿ ਈਸਾਈ ਧਰਮ ਵਾਰੇ ਬਾਈਵਲ ਤੋਂ ਬਾਹਰ ਸ਼ੋਧ, ਈਸਾਈਅਤ ਨਾਲ ਨਿਆਂ ਨਹੀਂ ਆਖਿਆ ਜਾ ਸਕਦਾ। ਪਰ ਇਤਿਹਾਸ-ਕਾਰ ਸਿਰਫ ਮਹਾਨ ਪ੍ਰੰਪਰਾਂ ਵਾਲੇ ਧਰਮ ਨੂੰ ਛੋਟਾ ਵਿਖਾਉਣ ਦੀ ਹਾਸੋਹੀਣ ਸਾਜਿਸ਼ ਕਰਦੇ ਹਨ। ਸੋ ਤੀਰਥੰਕਰਾਂ ਵਾਰੇ ਸਬੂਤ ਜੈਨ ਗ੍ਰੰਥਾਂ ਦੇ ਅਧਿਐਨ ਨਾਲ ਮਿਲ ਸਕਦੇ ਹਨ ਹੋਰ ਧਰਮ ਗ੍ਰੰਥਾਂ ਤੋਂ ਨਹੀਂ। ਹਿੰਦੂ ਗ੍ਰੰਥਾਂ ਵਿੱਚ ਭਗਵਾਨ ਮਹਾਵੀਰ ਦਾ ਜਿਕਰ ਨਹੀਂ ਮਿਲਦਾ। ਜਦ ਕਿ ਇਨ੍ਹਾਂ ਗ੍ਰੰਥਾਂ ਵਿਚ ਜੈਨ ਧਰਮ ਦਾ ਜਿਕਰ ਹੈ। ਇਸਦਾ ਕਾਰਣ ਹੈ ਕਿ ਜੈਨ ਧਰਮ ਨੇ ਵੇਦ, ਬ੍ਰਾਹਮਣ ਵਾਦ, ਪਸ਼ੂ ਬਲੀ, ਯੱਗਾਂ ਦਾ ਵਿਰੋਧ ਕੀਤਾ ਹੈ। ਜਿਸ

ਸਿਟੇ ਵਜੋਂ ਜੈਨ ਧਰਮ ਨਾਸਤਿਕ ਸ਼੍ਰੇਣੀਆਂ ਵਿਚ ਮਨਿਆ ਜਾਨ ਲਗਾ ।

## ਸ੍ਰੀ ਰਿਸ਼ਵਦੇਵ ਜੀ

ਆਪ ਪਹਿਲੇ ਤੀਰਥੰਕਰ ਸਨ ਆਪ ਤੋਂ ਪਹਿਲਾਂ ਦਾ ਮਨੁੱਖ ਕੁਦਰਤੀ ਜੀਵਨ ਜਿਉਂਦਾ ਸੀ । ਕਲਪ ਬਿਰਖ ਹੀ ਉਸਦੀਆਂ ਸਾਰੀਆਂ ਜਰੂਰਤਾਂ ਪੂਰੀਆਂ ਕਰਦੇ ਸਨ । ਪਰ ਸਮਾਂ ਪੈਣ ਤੇ ਕਲਪ ਬ੍ਰਿਖ ਖਤਮ ਹੋਣ ਲਗ ਪਏ । ਮਨੁੱਖ ਭੋਜਨ ਦੀ ਤਲਾਸ਼ ਵਿਚ ਜਦ ਘੁਮ ਰਿਹਾ ਸੀ ਤਾਂ ਮਨੁੱਖ ਨੂੰ ਖੇਤੀ, ਲਿਖਾਈ ਅਤੇ ਹਥਿਆਰ ਆਦਿ ਦੀ ਸਿਖਿਆ ਦੇਣ ਵਾਲੇ ਪ੍ਰਜਾਪਤਿ, ਆਦਿ ਬ੍ਰਹਮਾ ਭਗਵਾਨ ਰਿਸ਼ਵਦੇਵ ਦਾ ਜਨਮ ਅਯੋਧਿਆ (ਵਿਨਿਤਾ) ਵਿਖੇ ਰਾਜਾ ਨਾਭੀ ਦੀ ਮਹਾਰਾਨੀ ਮਰੂਦੇਵੀ ਦੀ ਕੁਖੋਂ ਹੋਇਆ । ਭਗਵਾਨ ਰਿਸ਼ਵਦੇਵ ਦੇ ਸਮੇਂ, ਉਮਰਾਂ ਬਹੁਤ ਲੰਬੀਆਂ ਸਨ । ਆਪਨੇ ਪੁਰਸ਼ਾਂ ਲਈ 72 ਅਤੇ ਇਸਤਰੀਆਂ ਲਈ 64 ਕਲਾਵਾਂ ਪ੍ਰਦਾਨ ਕੀਤੀਆਂ, ਜੈਨ ਇਤਿਹਾਸ ਅਨੁਸਾਰ ਆਪ ਪਹਿਲੇ ਤੀਰਥੰਕਰ ਅਤੇ ਰਾਜੇ ਸਨ । ਆਪ ਦੇ ਭਰਤ, ਬਾਹੂਬਲੀ ਸਮੇਤ 100 ਪੁੱਤਰ ਸਨ । ਬ੍ਰਾਹਮੀ ਤੇ ਸੁੰਦਰੀ ਦੋ ਪੁਤਰੀਆਂ ਸਨ । ਆਪਦੀ ਦੋ ਰਾਣੀਆਂ ਸਨ, ਸੁਨੰਦਾ ਤੇ ਯਸ਼ੋਮਤੀ । ਆਪਨੇ ਲੋਕਾਂ ਨੂੰ ਖੇਤੀ ਕਰਨਾ, ਹਥਿਆਰ ਚਲਾਉਣਾ ਤੇ ਲਿਖਣਾ ਸਿਖਾਇਆ ।

ਕਾਫੀ ਸਮਾਂ ਆਪਨੇ ਸਮਾਜ ਨੂੰ ਨਵਾਂ ਜੀਵਨ ਦੇਣ ਤੇ ਲਗਾਇਆ । ਆਪਨੇ ਲੋਕਾਂ ਨੂੰ ਅਹਿੰਸਕ ਕੀਤਿਆਂ ਰਾਹੀਂ ਚਲਣ ਦਾ ਉਪਦੇਸ਼ ਦਿੱਤਾ । ਆਪਨੇ ਅਪਣੀ ਪੁੱਤਰੀ ਬ੍ਰਾਹਮੀ ਨੂੰ ਲਿਪਿ ਗਿਆਨ ਅਤੇ ਸੁੰਦਰੀ ਨੂੰ ਗਣਿਤ ਦਾ ਗਿਆਨ ਦਿੱਤਾ ।

ਆਖਰ ਆਪਨੇ ਸੰਸਾਰ ਛੱਡਨ ਦਾ ਫੈਸਲਾ ਕੀਤਾ । ਆਪਨੇ ਸਾਰਾ ਰਾਜ 100 ਪੁੱਤਰਾਂ ਵਿਚ ਵੰਡ ਦਿੱਤਾ । 98 ਪੁੱਤਰ ਅਤੇ ਦੋਵੇਂ ਪੁਤਰੀਆਂ ਨੇ ਭਗਵਾਨ ਰਿਸ਼ਵਦੇਵ ਨਾਲ ਹੀ ਸਾਧੂ ਜੀਵਨ ਗ੍ਰਹਿਣ ਕਰ ਲਿਆ । ਭਰਤ ਨੇ ਚਕਰਵਰਤੀ ਬਣਕੇ ਸੰਸਾਰ ਤੇ ਜਿੱਤ ਹਾਸਲ ਕੀਤੀ । ਬਾਹੂਬਲੀ ਤਕਸ਼ਿਲਾ ਦਾ ਰਾਜਾ ਸੀ । ਉਸਨੇ ਅਪਣੇ ਭਰਾ ਦੀ ਅਧੀਨਤਾ ਸਵੀਕਾਰ ਨਾ ਕੀਤੀ । ਸਿੱਟੇ ਵਜੋਂ ਭਰਤ ਨੇ ਤਕਸ਼ਿਲਾ ਤੇ ਹਮਲਾ ਕਰ ਦਿੱਤਾ । ਪਰ ਦੋਵੇਂ ਪਾਸੇ ਦੇ ਸਮਝਦਾਰ ਮੰਤਰੀਆਂ ਨੇ ਬੇਕਾਰ ਖੂਨ ਬਹਾਉਣ ਤੋਂ ਦੋਹਾਂ ਰਾਜੇਆਂ ਨੂੰ ਰੋਕਿਆ । ਦੋਹਾਂ ਨੇ ਆਪਸੀ ਯੁੱਧ ਕੀਤਾ । ਬਾਹੂਵਲੀ ਹਰ ਯੁੱਧ ਵਿਚ ਜਿੱਤਿਆ ਧੋਖੇ ਨਾਲ ਚਕਰ ਨਾਮਕ ਹਥਿਆਰ ਭਰਤ ਨੇ ਬਾਹੂਬਲੀ ਤੇ ਚਲਾਇਆ । ਪਰ ਇਹ ਹਥਿਆਰ ਬੇਕਾਰ ਸਿੱਧ ਹੋਇਆ । ਬਾਹੂਬਲੀ ਨੂੰ ਪਾਪ ਤੇ ਸਵਾਰਥ ਭਰੇ ਸੰਸਾਰ ਤੋਂ ਨਫਰਤ ਹੋ ਗਈ । ਉਹ ਵੀ ਸਾਧੂ ਬਨ ਕੇ ਮੋਕਸ਼ ਨੂੰ ਪ੍ਰਾਪਤ ਹੋਏ ।

ਭਗਵਾਨ ਰਿਸ਼ਵਦੇਵ ਅਤੇ ਭਰਤ ਸੰਬੰਧੀ ਵਰਨਣ ਹਿੰਦੂ ਗ੍ਰੰਥਾਂ ਵਿਚ ਵੀ ਮਿਲਦਾ ਹੈ । ਸਿੰਧ ਘਾਟੀਆਂ ਦੀਆਂ ਕੁਝ ਮੋਹਰਾਂ ਵੀ ਤੀਰਥੰਕਰ ਰਿਸ਼ਵ ਸੰਬੰਧੀ ਸੂਚਨਾਵਾਂ ਪ੍ਰਦਾਨ ਕਰਦੀਆਂ ਹਨ । ਵੇਦ ਵਿੱਚ ਵਾਤਰਸ਼ਨਾ ਮੁਨੀ ਦਾ ਵਰਨਣ, ਵਰਾਤਿਆ ਕਾਂਡ ਜੈਨ ਪ੍ਰੰਪਰਾ ਦੇ ਪੁਰਾਤਨ ਰੂਪ ਹਨ । ਪੁਰਾਣਾਂ ਵਿਚ ਅਸੁਰਾਂ ਨੂੰ ਅਰਹਤ ਉਪਾਸਕ ਕਿਹਾ ਗਿਆ ਹੈ ।

ਵਿਦਵਾਨਾਂ ਦੇ ਅਨੁਸਾਰ ਆਰਿਆ ਦੇ ਆਗਮਨ ਤੋਂ ਪਹਿਲਾਂ ਜੋ ਸੰਸਕ੍ਰਿਤੀ ਇਸ ਦੇਸ਼ ਵਿਚ ਵਿਦਮਾਨ ਸੀ, ਉਹ ਸ਼੍ਰਮਣ ਜਾਂ ਜੈਨ ਸੰਸਕ੍ਰਿਤੀ ਸੀ। ਜੈਨ ਤੀਰਥੰਕਰ ਰਾਹੀਂ ਸਥਾਪਿਤ ਧਰਮ ਦੀ ਛਾਪ ਉਸਤੋਂ ਸਾਫ਼ ਨਜਰ ਆਉਂਦੀ ਹੈ। ਵੈਦਿਕ ਲੋਕ ਜਾਤ ਪਾਤ, ਵਰਨ ਵਿਵਸਥਾ ਬਹੁਦੇਵ ਵਾਦ ਯੱਗ ਤੇ ਪਸ਼ੂਬਲੀ ਨੂੰ ਮਨਦੇ ਸਨ। ਜਦ ਕਿ ਮੂਲ ਲੋਕ ਇਹ ਗੱਲਾਂ ਦੇ ਖਿਲਾਫ ਸਨ। ਦਰਾਵਿੜ ਲੋਕ ਵਿਚ ਅੱਜ ਬਹੁਤ ਸਾਰੇ ਜੈਨ ਹਨ। ਦਰਾਵਿੜ ਸੰਘ ਨਾਂ ਮੁਨੀ ਫਿਰਕਾ ਦਖਣ ਭਾਰਤ ਵਿਚ ਅੱਜ ਵੀ ਜੈਨ ਧਰਮ ਦੀ ਪੁਰਾਤਨਤਾ ਦੀ ਗਵਾਹੀ ਭਰਦਾ ਹੈ।

ਸ਼੍ਰੀ ਰਿਸ਼ਵਦੇਵ ਵਾਰੇ ਵਿਸਥਾਰ ਨਾਲ ਮਾਰਕੰਡ ਪੁਰਾਣ (ਅਧਿਐਨ 90) ਕੂਰਮ ਪੁਰਾਣ (41) ਵਾਯੂ ਪੁਰਾਣ (33), ਗਰੁੜ ਪੁਰਾਣ ਅਧਿਐਨ (1), ਬ੍ਰਹਮੰਡ ਪੁਰਾਣ (14) ਵਾਰਾਹ ਪੁਰਾਣ (74) ਲਿੰਗ ਪੁਰਾਣ, (47) ਵਿਸ਼ਨੂੰ ਪੁਰਾਣ (1) ਅਤੇ ਸਕੰਧ ਪੁਰਾਣ ਦੇ ਦੂਸਰਾ ਖੰਡ (37) ਵਿੱਚ ਵਿਸਥਾਰ ਨਾਲ ਆਇਆ ਹੈ। ਸ਼ਿਵ ਪੁਰਾਣ ਵਿਚ ਜੈਨ ਸਾਧੂਆਂ ਦੇ ਚਿੰਨ੍ਹਾਂ ਦਾ ਵਰਨਣ ਹੈ। ਪਦਮ ਪੁਰਾਣ ਵਿੱਚ ਦਿਗੰਵਰ ਪ੍ਰੰਪਰਾ ਵਾਰੇ ਮਿਲਦਾ ਹੈ। ਮਹਾਭਾਰਤ ਦੇ ਸ਼ਾਂਤੀ ਪਰਵ ਵਿਚ ਜੈਨ ਸਿਧਾਂਤਾਂ ਦੀ ਚਰਚਾ ਹੈ। ਰਮਾਇਣ ਵਿੱਚ ਸ਼੍ਰਮਣਾ ਸ਼ਬਦ ਆਇਆ ਹੈ। ਇਹ ਸਾਰੇ ਸ਼੍ਰਮਣ, ਪਰਿਵਰਾਜਕ, ਤੀਰਥੰਕਰ ਪ੍ਰੰਪਰਾ ਨਾਲ ਸੰਬੰਧਿਤ ਸਨ। ਇਹ ਲੋਕ ਵੇਦ ਤੇ ਬ੍ਰਾਹਮਣ ਵਿਰੋਧੀ ਸਨ।

ਸ਼੍ਰੀ ਰਿਸ਼ਵਦੇਵ ਨੂੰ ਬ੍ਰਾਹਮਣ ਪ੍ਰੰਪਰਾ ਨੇ ਵਿਸ਼ਨੂੰ ਦਾ ਅਵਤਾਰ ਮਨਿਆ ਹੈ ਜਿਸ ਵਾਰੇ ਭਵਿਖਵਾਨੀ ਹੈ ਕਿ ਇਹ ਕਲਿਯੁਗ ਵਿੱਚ ਨਾਸਤਕ ਧਰਮ ਦਾ ਪ੍ਰਚਾਰ ਕਰੇਗਾ। ਅਜੇਹੀ ਚਰਚਾ ਭਾਗਵਤ ਤੇ ਸ਼ਿਵ ਪੁਰਾਣਾਂ ਵਿੱਚ ਵੇਖੀ ਜਾ ਸਕਦੀ ਹੈ। ਇੰਨ੍ਹਾਂ ਗੱਲਾਂ ਤੋਂ ਸਿੱਧ ਹੈ ਕਿ ਰਿਸ਼ਵਦੇਵ ਜੀ ਦੀ ਪ੍ਰੰਪਰਾ ਨੇ ਅਪਣੇ ਤੋਂ ਬਾਅਦ ਹੋਣ ਵਾਲੇ ਧਰਮਾਂ ਤੇ ਅਸਰ ਪਾਇਆ ਹੈ। ਭਾਵ ਇਨ੍ਹਾਂ ਵਿਚ ਰਿਸ਼ਵਦੇਵ ਦਾ ਨਾਂ ਆਦਰ ਨਾਲ ਲਿਆ ਗਿਆ ਹੈ ਪਰ ਇਨ੍ਹਾਂ ਗ੍ਰੰਥਾਂ ਨੂੰ ਮਨਣ ਵਾਲੇ ਰਿਸ਼ਵਦੇਵ ਦੀ ਪੂਜਾ ਨਹੀਂ ਕਰਦੇ। ਇਹ ਗੱਲ ਹੀ ਰਿਸ਼ਵ-ਦੇਵ ਦੀ ਲੋਕ ਪ੍ਰਸਿਧੀ ਤੇ ਇਤਿਹਾਸ ਦਾ ਜਿਉਂਦਾ ਪ੍ਰਮਾਣ ਹੈ।

ਭਗਵਾਨ ਰਿਸ਼ਵਦੇਵ ਨੇ ਸਾਰੀ ਦੁਨੀਆਂ ਵਿਚ ਧਰਮ ਪ੍ਰਚਾਰ ਕੀਤਾ ਅਤੇ ਨਿਰਵਾਨ ਸਮੇਂ ਅਸ਼ਟਾਪਦ (ਕੈਲਾਸ਼ ਪਰਵਤ) ਤੇ ਮੁੱਕਤੀ ਹਾਸਲ ਕੀਤੀ।

## ਭਗਵਾਨ ਸ਼ਾਂਤੀ ਨਾਥ, ਭਗਵਾਨ ਕੁੰਥੂ ਨਾਥ, ਭਗਵਾਨ ਅਰਹਨ ਨਾਥ ਜੀ

ਆਪ ਦਾ ਜਨਮ ਹਸਤਰਪੁਰ ਵਿਖੇ ਹੋਇਆ। ਆਪ ਤੀਰਥੰਕਰ ਬਣਨ ਤੋਂ ਪਹਿਲਾਂ ਚਕਰਵਰਤੀ ਬਨੇ, ਫੇਰ ਰਾਜ ਪਾਟ ਛੱਡ ਕੇ ਲੋਕਾਂ ਨੂੰ ਸਿਧੇ ਰਾਹ ਪਾਇਆ। ਆਪ ਜੀ ਦਾ ਮੁਕਤ ਸਥਾਨ ਸਮੇਤ ਸਿਖਰ ਹੈ। ਆਪ ਦਾ ਸੰਬੰਧ ਪੁਰਾਤਨ ਪੰਜਾਬ ਦੇ ਹਿਸੇ ਕੁਰੂ (ਅੰਬਾਲਾ ਤੇ ਮੇਰਠ) ਨਾਲ ਹੈ। ਇਸੇ ਪ੍ਰਕਾਰ ਸ਼੍ਰੀ ਕੁੰਥੂ ਨਾਥ ਜੀ ਤੇ ਸ਼੍ਰੀ ਅਰਹ ਨਾਥ ਜੀ ਹਸਤਨਾਪੁਰ ਵਾਸੀ ਸਨ।

### ਭਗਵਾਨ ਮੱਲੀ ਨਾਥ

ਸ਼ਵੇਤਾਂਵਰ ਪ੍ਰੰਪਰਾ ਅਨੁਸਾਰ ਆਪ ਇਸਤਰੀ ਤੀਰਥੰਕਰ ਸਨ। ਆਪ ਦੀ ਸ਼ਾਦੀ ਲਈ ਸਵਅੰਬਰ ਰਚਿਆ ਗਿਆ। 500 ਰਾਜੇ ਅਪਣਾ ਭਾਗ ਅਜਮਾਉਣ ਆਏ। ਪਰ ਆਪ ਨਾਲ ਇਹ ਸਾਰੇ ਰਾਜੇ ਸਾਧੂ ਬਣ ਗਏ। ਇਹ ਜੈਨ ਧਰਮ ਦੀ ਮਹਾਨਤਾ ਹੈ, ਕਿ ਇਥੇ ਲਿੰਗ, ਜਾਤ, ਨਸਲ, ਭਾਸ਼ਾ, ਦੇਸ਼ ਦਾ ਕੋਈ ਭੇਦ ਨਹੀਂ। ਇਕ ਇਸਤਰੀ ਤੀਰਥੰਕਰ ਵਰਗੀ ਮਹਤਵ ਪੁਰਸ਼ ਪਦਵੀ ਹਾਸਲ ਕਰਕੇ, ਪੁਰਸ਼ਾਂ ਨੂੰ ਉਪਦੇਸ਼ ਦੇ ਸਕਦੀ ਹੈ। ਇਹ ਇਸ ਗਲ ਦਾ ਪ੍ਰਮਾਣ ਹੈ। ਦਿਗੰਬਰ ਪਰੰਪਰਾ ਇਸ ਕਥਾ ਨੂੰ ਨਹੀਂ ਮਨਦੀ ਅਤੇ ਮੱਲੀ ਨਾਥ ਨੂੰ ਪੁਰਸ਼ ਮਨਦੀ ਹੈ।

### ਭਗਵਾਨ ਮੁਨੀ ਸੁਵਰਤ

ਆਪ ਮਗਧ ਦੇਸ਼ ਦੀ ਰਾਜਧਾਨੀ ਰਾਜਗ੍ਰਹਿ ਦੇ ਰਾਜਾ ਸਨ। ਆਪ ਦਾ ਸਮਾਂ ਰਾਮਾਇਣ ਕਾਲ ਦਾ ਹੈ। ਜੈਨ ਰਾਮਾਇਣ ਵਿਚ ਆਪ ਨੂੰ ਸ੍ਰੀ ਰਾਮ ਚੰਦਰ ਜੀ ਸਮਕਾਲੀ ਕਿਹਾ ਗਿਆ ਹੈ।

### ਭਗਵਾਨ ਨੇਮ ਨਾਥ ਜੀ

ਆਪ ਸ੍ਰੀ ਕ੍ਰਿਸ਼ਨ ਦੇ ਚਚੇਰੇ ਭਰਾ ਸਨ। ਆਪ ਦਾ ਜਨਮ ਸਮੁਦਰ ਵਿਜੈ ਰਾਜਾ ਦੀ ਪਤਨੀ ਸ਼ਿਵਾ ਦੇਵੀ ਦੇ ਘਰ ਹੋਇਆ। ਆਪ ਦਾ ਸਮਾ ਵਰਧਮਾਨ ਮਹਾਵੀਰ ਤੋਂ 85000 ਸਾਲ ਪਹਿਲਾਂ ਦਾ ਹੈ। ਆਪ ਦੀ ਮੰਗਨੀ ਰਾਜਾ ਉਗਰਸੇਨ ਦੀ ਪੁਤਰੀ ਨਾਲ ਹੋਈ। ਬਰਾਤ ਆਈ, ਰਾਹ ਵਿਚ ਆਪ ਨੇ ਪਸ਼ੂ ਦੇਖੇ। ਸਾਰਥੀ ਤੋਂ ਪੁਛਨ ਤੇ ਪਤਾ ਲਗਾ— "ਇਹ ਪਸ਼ੂ ਤੁਹਾਡੇ ਵਿਆਹ ਕਾਰਣ ਕੈਦ ਕੀਤੇ ਗਏ ਹਨ। ਬਰਾਤ ਵਿਚ ਮਾਸਾਹਾਰੀ ਬਰਾਤੀਆਂ ਲਈ ਇਹ ਪਸ਼ੂ ਹਨ।" ਸਾਰਥੀ ਦੀ ਗੱਲ ਸੁਣਦੇ ਸਾਰ ਹੀ ਆਪ ਨੇ ਬਰਾਤ ਵਾਪਸ ਮੋੜਨ ਦਾ ਫੈਸਲਾ ਕੀਤਾ। ਆਪ ਨੇ ਗਿਰਨਾਰ ਪਰਬਤ ਤੇ ਜਾ ਕੇ ਤੱਪ ਕੀਤਾ। ਉਸ ਸਮੇਂ ਭਾਰਤ ਵਿਚ ਫੈਲੇ ਮਾਂਸਾਹਾਰ ਪ੍ਰਤਿ ਆਪ ਨੇ ਲੋਕਾਂ ਨੂੰ ਜਾਗਰਤ ਕੀਤਾ। ਲੋਕਾਂ ਨੂੰ ਸ਼ੁਭ (ਆਰਿਆ) ਕਰਮ ਦਾ ਉਪਦੇਸ਼ ਦਿੱਤਾ। ਆਪ ਦੀ ਮੰਗੇਤਰ ਨੇ ਵੀ ਆਪ ਵਾਲਾ ਰਾਹ ਗ੍ਰਹਿਣ ਕਰਕੇ ਮੁਕਤੀ ਹਾਸਲ ਕੀਤੀ। ਪੁਰਾਣੇ ਕਵੀਆਂ ਨੇ ਪਜਾਬੀ ਭਾਸ਼ਾ ਵਿਚ ਨੇਮੀ ਰਾਜੁਲ ਵਿਆਹ ਦਾ 12 ਮਾਸਾ ਲਿਖਿਆ ਹੈ, ਜੋ ਜੈਨ ਕਵੀਆਂ ਦੀ ਵਿਰਹ ਰਚਨਾ ਆਖੀ ਜਾ ਸਕਦੀ ਹੈ।

### ਭਗਵਾਨ ਪਾਰਸ਼ਵ ਨਾਥ

ਦੁਨੀਆਂ ਦੇ ਖੋਜੀ ਇਤਿਹਾਸਕਾਰ 23ਵੇਂ ਤੀਰਥੰਕਰ ਭਗਵਾਨ ਪਾਰਸ਼ਵ ਨਾਥ ਤੋਂ ਹੀ ਜੈਨ ਇਤਿਹਾਸ ਸ਼ੁਰੂ ਕਰਦੇ ਹਨ। ਜਰਮਨ ਵਿਦਵਾਨ ਡਾ. ਹਰਮਨ ਜੈਕੋਵੀ ਇਤਿਹਾਸਕ ਮਹਾਪੁਰਸ਼ ਮਨਦੇ ਹਨ। ਆਪ ਦਾ ਜਨਮ 777 ਈ. ਪੂ. ਨੂੰ ਬਾਰਾਨਸੀ ਦੇ ਰਾਜਾ

ਅਸ਼ਵਸੈਨ ਦੀ ਪਤਨੀ ਰਾਣੀ ਵਾਮਾ ਦੇਵੀ ਦੇ ਘਰ ਹੋਇਆ। ਪਾਰਸ਼ ਨਾਥ ਦਾ ਸਮਾਂ ਤਾਪਸੀ ਦਾ ਸਮਾਂ ਸੀ। ਇਹ ਤਾਪਸ ਧੂਨੀਆਂ ਤਪਾਂ ਤੇ ਅਗਿਆਣਤਾ ਪੂਰਨ ਤੱਪ ਕਰਦੇ ਸਨ। ਅਜੇਹੇ ਹੀ ਇਕ ਤੱਪਸਵੀ ਕਮਠ ਸੀ। ਜੋ ਗੰਗਾ ਕਿਨਾਰੇ ਬੈਠਾ ਧੂਨੀ ਤਪਾ ਰਿਹਾ ਸੀ। ਮਾਂ ਪਿਓ ਤੇ ਆਖਣ ਤੇ ਆਪ ਵੀ ਉਸ ਨੂੰ ਮਿਲਨ ਗਏ। ਆਪ ਨੇ ਵੇਖਿਆ ਜਿਸ ਲਕੜੀ ਨੂੰ ਉਹ ਜਲਾ ਰਿਹਾ ਸੀ ਉਸ ਵਿਚ ਨਾਗ ਨਾਗਣੀ ਦਾ ਜੋੜਾ ਜਲ ਰਿਹਾ ਸੀ। ਪਾਰਸ਼ਵ ਨਾਥ ਨੇ ਉਸ ਲਕੜ ਨੂੰ ਕੁਹਾੜੇ ਨਾਲ ਪਾੜ ਕੇ ਜੋਗੀ ਦੇ ਪਾਖੰਡ ਨੂੰ ਜਨਤਾ ਸਾਹਮਣੇ ਪੇਸ਼ ਕੀਤਾ। ਨਾਗ-ਨਾਗਨੀ ਨੂੰ ਨਵਕਾਰ ਮੰਤਰ ਸੁਣਾਇਆ। ਲੱਖ ਕੋਸ਼ਿਸ਼ ਕਰਨ ਤੇ ਵੀ ਉਹ ਨਾਗ ਜਲ ਗਏ। ਮਰਕੇ ਦੋਵੇਂ ਦੇਵਤਾ ਬਣੇ। ਨਾਗ ਨੂੰ ਧਰਨੇਂਦਰ ਅਤੇ ਨਾਗਣੀ ਪਦਮਾਵਤੀ ਦੇਵੀ ਬਨੀ। ਕਮਠ ਵੀ ਦੇਵਤਾ ਬਨਿਆ। ਸ਼ਵੇਤਾਂਵਰ ਪਰੰਪਰਾ ਅਨੁਸਾਰ ਆਪ ਦੀ ਸ਼ਾਦੀ ਪ੍ਰਭਾਵਤੀ ਨਾਲ ਹੋਈ ਜਦ ਤੱਕ ਦਿਗਵੰਰ ਪਰੰਪਰਾ ਅਨੁਸਾਰ ਆਪ ਬ੍ਰਹਮਚਾਰੀ ਸਨ।

ਭਗਵਾਨ ਪਾਰਸ਼ਵਨਾਥ ਨੇ ਘਰ ਵਾਰ ਪਤਨੀ ਦਾ ਮੋਹ ਤਿਆਗ ਕੇ ਸਾਧੂ ਜੀਵਨ ਗ੍ਰਹਿਣ ਕੀਤਾ। ਆਪ ਅਹਿਛੱਤਰਾ ਵਿਖੇ ਤੱਪ ਵਿਚ ਲੀਨ ਸਨ। ਉਸੇ ਸਮੇਂ ਕਮਠ ਦੇਵਤੇ ਨੂੰ ਅਪਣਾ ਪੁਰਾਣਾ ਵੈਰ ਯਾਦ ਆ ਗਿਆ। ਉਸ ਨੇ ਭਗਵਾਨ ਪਾਰਸ਼ਵਨਾਥ ਦੀ ਤਪਸਿੱਆ ਵਿਚ ਵਿਘਨ ਪਾਉਣ ਲਈ 8 ਦਿਨ ਅਪਣੀ ਸ਼ਕਤੀ ਦਾ ਇਸਤੇਮਾਲ ਕੀਤਾ। 8 ਦਿਨ ਖੂਬ ਵਾਰਿਸ਼ ਹੋਈ, ਅਜੇਹੇ ਸਮੇਂ ਧਰਨੇਂਦਰ ਤੇ ਪਦਮਾਵਤੀ ਦੋਹਾਂ ਯਕਸ਼-ਯਕਸ਼ਨੀ ਜੋੜੇ ਨੇ ਭਗਵਾਨ ਦੀ ਤੱਪਸਿਆ ਦੇ ਵਿਘਨ ਨੂੰ ਦੂਰ ਕੀਤਾ। ਪਦਮਾਵਤੀ ਨੇ ਭਗਵਾਨ ਪਾਰਸ਼ ਨਾਥ ਨੂੰ ਪਾਨੀ ਤੋਂ ਉਪਰ ਚੁੱਕ ਕੇ ਹੱਥ ਵਿੱਚ ਗ੍ਰਹਿਣ ਕੀਤਾ। ਧਰਨੇਂਦਰ ਨੇ ਸੱਤ ਫਨਾਂ ਵਾਲਾ ਨਾਗ ਬਣਕੇ ਭਗਵਾਨ ਪਾਰਸ਼ ਨਾਥ ਦੇ ਸਿਰ ਤੇ ਛੱਤਰ ਕੀਤਾ। ਅੱਜ ਵੀ ਪਾਰਸ਼ ਨਾਥ ਦੀ ਮੂਰਤੀ ਸੱਤ ਫਨ ਵਾਲੇ ਸੱਪ ਤੋਂ ਹੀ ਪਹਿਚਾਨੀ ਜਾਂਦੀ ਹੈ।

ਭਗਵਾਨ ਪਾਰਸ਼ ਨਾਥ ਨੇ ਪੂਰਵ ਭਾਰਤ ਤੇ ਉੱਤਰ ਭਾਰਤ ਤੱਕ ਅਪਣੇ ਚਤੁਰ ਯਾਮ ਧਰਮ ਦਾ ਪ੍ਰਚਾਰ ਕੀਤਾ। ਜਿਸ ਚਤੁਰ ਯਾਮ ਧਰਮ ਦਾ ਜਿਕਰ ਬੁੱਧ ਤੇ ਜੈਨ ਦੋਹਾਂ ਗ੍ਰੰਥਾਂ ਵਿਚ ਮਿਲਦਾ ਹੈ। ਭਗਵਾਨ ਪਾਰਸ਼ ਨਾਥ ਦੀ ਉਪਾਸਨਾ ਜੈਨ ਧਰਮ ਵਿਚ ਸਭ ਤੋਂ ਵੱਧ ਕੀਤੀ ਜਾਂਦੀ ਹੈ ਕਈ ਜਗ੍ਹਾ ਪਾਰਸ਼ ਨਾਥ ਲੋਕ ਦੇਵ ਵਲੋਂ ਵੀ ਪੂਜੇ ਜਾਂਦੇ ਹਨ। ਧਿਆਨ ਰਹੇ ਇਸ ਪਾਰਸ਼ ਨਾਥ ਦਾ ਗੋਰਖ ਨਾਥ ਪਰੰਪਰਾ ਨਾਲ ਕੋਈ ਸੰਬੰਧ ਨਹੀਂ ਨਾਂ ਇਕਸਾਰਤਾ ਕਾਰਣ ਕਈ ਨਾਥਾਂ ਦੇ ਨਾਂ ਜੈਨ ਤੀਰਥੰਕਰਾਂ ਵਾਲੇ ਹਨ। ਪਰ ਨਾਥ ਫਿਰਕਾ ਮੱਧਕਾਲੀਨ ਹੈ ਅਤੇ ਇਹ ਹਿੰਦੂ ਧਰਮ ਤੇ ਬੁਧ ਧਰਮ ਦੀ ਤਾਂਤਰਿਕ ਸ਼ਾਖਾ ਦਾ ਸੁਮੇਲ ਹੈ। ਜੈਨ ਧਰਮ ਨਾਲ ਇਨ੍ਹਾਂ ਨਾਥਾਂ ਦਾ ਕੋਈ ਸੰਬੰਧ ਨਹੀਂ। ਕਿਸੇ ਵੀ ਜੈਨ ਗ੍ਰੰਥ ਵਿਚ ਇਨ੍ਹਾਂ ਨਾਥਾਂ ਦਾ ਜਿਕਰ ਨਹੀਂ, ਕਿਉਂਕਿ ਇਹ ਨਾਥ ਫਿਰਕਾ ਮੁਸਲਮਾਨ ਸਮੇਂ ਵਿਚ ਪੰਜਾਬ ਵਿਚ ਪ੍ਰਫੁਲਿਤ ਹੋਇਆ।

100 ਸਾਲ ਦੀ ਉਮਰ ਵਿਚ ਸ੍ਰੀ ਪਾਰਸ਼ ਨਾਥ ਜੀ ਸਮੇਤ ਸ਼ਿਖਰ ਵਿਚ ਮੋਕਸ਼ ਪਧਾਰੇ। ਅੱਜ ਵੀ ਇਸ ਪਹਾੜ ਨੂੰ ਲੋਕ ਪਾਰਸ਼ਵ ਨਾਥ ਹਿਲ (ਪਹਾੜ) ਆਖਦੇ ਹਨ। ਇਹ ਬਿਹਾਰ ਦੇ ਹਜਾਰੀਬਾਗ ਜਿਲੇ ਈਸ਼ਰੀ ਸ਼ਹਿਰ ਤੇ 22 ਕਿਲੋਮੀਟਰ ਜਗ੍ਹਾ ਤੇ ਹੈ। ਭਗਵਾਨ ਪਾਰਸ਼ ਨਾਥ ਨਾਲ ਸੰਬੰਧਿਤ ਮੂਰਤੀਆਂ ਤੇ ਤੀਰਥਾਂ ਦੀ ਗਿਣਤੀ ਸਭ ਤੀਰਥੰਕਰ ਤੋਂ ਜਿਆਦਾ ਹੈ। ਨਵਕਾਰ ਮੰਤਰ ਤੋਂ ਵਾਅਦ ਭਗਵਾਨ ਪਾਰਸ਼ ਨਾਥ ਦੀ ਸਤੁਤੀਆਂ ਦੀ ਗਿਣਤੀ ਸਭ ਤੋਂ ਵੱਧ ਹੈ। ਇਹ ਹਰ ਭਾਸ਼ਾ ਵਿਚ ਮਿਲਦੀਆਂ ਹਨ।

## ਭਗਵਾਨ ਵਰਧਮਾਨ ਮਹਾਵੀਰ

24ਵੇਂ ਤੀਰਥੰਕਰ ਵਰਧਮਾਨ ਦਾ ਜਨਮ ਈ: ਪੂ. 599 ਸਾਲ ਪਹਿਲਾਂ ਚੇਤਰ ਸੁਦੀ 13 ਨੂੰ ਖਤਰੀ ਕੁੰਡ ਗ੍ਰਾਮ ਦੇ ਰਾਜੇ ਸਿਧਾਰਥ ਦੀ ਰਾਨੀ ਤ੍ਰਿਸ਼ਲਾ ਦੇ ਘਰ ਹੋਇਆ। ਭਗਵਾਨ ਮਹਾਵੀਰ ਦੇ ਜੀਵਨ ਵਾਰੇ ਇਤਿਹਾਸਕ ਸਾਮਗਰੀ 45 ਆਗਮਾਂ ਵਿਚ ਪ੍ਰਾਪਤ ਹੁੰਦੀ ਹੈ। ਇਸ ਤੋਂ ਛੁਟ ਸ਼ਵੇਤਾਂਵਰ ਤੇ ਦਿਗੰਬਰ ਸਾਹਿਤ ਵਿਚ ਹਜਾਰਾਂ ਸੁਤੰਤਰ ਗ੍ਰੰਥ ਭਗਵਾਨ ਮਹਾਵੀਰ ਦਾ ਜੀਵਨ ਚਾਰਿਤਰ ਦਸਦੇ ਹਨ। ਭਗਵਾਨ ਮਹਾਵੀਰ ਧਾਰਮਿਕ ਜਗਤ ਦੇ ਮਹਾਨ ਕ੍ਰਾਂਤੀਕਾਰੀ ਯੋਧਾ ਸਨ ਜਿਨ੍ਹਾਂ ਅਪਣੇ ਸਮੇਂ ਫੈਲੀਆਂ ਸਾਰੀਆਂ ਬੁਰਾਈਆਂ ਨੂੰ ਇਕ ਵਾਰ ਜੜੋਂ ਪੁਟ ਦਿਤਾ।

ਛੋਟੀ ਉਮਰ ਵਿਚ ਆਪ ਦੀ ਸ਼ਾਦੀ ਕਲਿੰਗਾ ਦੀ ਰਾਜਕੁਮਾਰੀ ਯਸ਼ੋਧਾ ਨਾਲ ਹੋਈ। ਜਿਸਤੋਂ ਆਪ ਦੇ ਇਕ ਪੁਤਰੀ ਪ੍ਰਿਆ ਦਰਸ਼ਨਾ ਪੈਦਾ ਹੋਈ। ਦਿਗੰਬਰ ਪ੍ਰੰਪਰਾ ਮਹਾਵੀਰ ਨੂੰ ਬਾਲ ਬ੍ਰਹਮਚਾਰੀ ਮਨਦੀ ਹੈ। ਆਪ ਬਚਪਨ ਤੋਂ ਹੀ ਬਹਾਦਰ ਸਨ। ਆਪ ਨੇ ਜਾਤ-ਪਾਤ, ਪਸ਼ੂ ਬਲੀ, ਛੂਆਛੂਤ, ਦਾਸ ਪ੍ਰਥਾ, ਅਤੇ ਇਸਤਰੀ ਦੀ ਦੁਰਦਸ਼ਾ ਨੂੰ ਦੂਰੋਂ ਤਕਿਆ ਸੀ। ਆਪ ਘਰ ਵਿਚ ਵੀ ਪਾਣੀ ਦੇ ਕਮਲ ਦੀ ਤਰ੍ਹਾਂ ਨਿਰਲੇਪ ਰਹੇ।

28 ਸਾਲ ਦੀ ਉਮਰ ਵਿਚ ਆਪਦੇ ਮਾਤਾ ਪਿਤਾ ਸਵਰਗ ਸਿਧਾਰ ਗਏ।

ਆਪਨੇ ਸਾਧੂ ਬਨਣ ਦੀ ਆਗਿਆ ਬੜੇ ਭਰਾ ਨੰਦੀ ਵਰਧਨ ਤੋਂ ਮੰਗੀ। ਭਾਈ ਦਾ ਹੁੱਕਮ ਮਨ ਕੇ ਦੋ ਸਾਲ ਘਰ ਰਹੇ। ਇਕ ਸਾਲ ਗਰੀਬਾਂ ਨੂੰ ਦਾਨ ਦਿੱਤਾ।

ਫੇਰ 30 ਸਾਲ ਦੀ ਭਰ ਜਵਾਨੀ ਵਿੱਚ ਰਾਜ ਮਹਿਲ ਦੇ ਸੁੱਖ ਤਿਆਗ ਕੇ ਆਪ ਕਠੋਰ ਤੱਪਸਿਆ ਅਤੇ ਅਪਣੇ ਆਪਨੂੰ ਪਾਉਣ ਲਈ ਚਲ ਪਏ। ਆਪ ਰਾਜਕੁਮਾਰ ਸਨ। ਆਪ ਚਾਹੁੰਦੇ ਤਾਂ ਇਹ ਬੁਰਾਈਆਂ ਰਾਜ ਸੁਖ ਮਾਨਦੇ, ਕਾਨੂੰਨ ਰਾਹੀਂ ਹਟਾ ਸਕਦੇ ਸਨ। ਪਰ ਕਾਨੂੰਨ ਰਾਹੀਂ ਸ਼ਰੀਰ ਨੂੰ ਜਿਤਿਆ ਜਾ ਸਕਦਾ ਹੈ ਆਤਮਾ ਨੂੰ ਨਹੀਂ। ਸੋ ਆਪ ਸਵੈ ਪਹਿਚਾਨ ਹਿੱਤ ਜੰਗਲਾਂ ਨੂੰ ਗਏ।

12½ ਸਾਲ ਘੋਰ ਤੱਪਸਿਆ ਕੀਤੀ। ਜੈਨ ਅਚਾਰਿਆ ਆਖਦੇ ਹਨ—ਭਗਵਾਨ ਮਹਾਵੀਰ ਦੀ ਸਾਢੇ 12 ਸਾਲ ਦੀ ਤੱਪਸਿਆ ਅਤੇ ਬਾਕੀ 23 ਤੀਰਥੰਕਰਾਂ ਦੀ ਤੱਪਸਿਆ

ਦੇ ਬਰਾਬਰ ਨਹੀਂ। ਇਨ੍ਹਾਂ 12½ ਸਾਲਾਂ ਵਿਚ ਜੰਗਲੀ, ਅਗਿਆਨੀ ਲੋਕਾਂ ਤੇ ਦੇਵਤਿਆਂ ਨੇ ਕਸ਼ਟ ਦਿੱਤੇ। ਕੰਨਾਂ ਵਿਚ ਕੀਲੇ ਠੋਕ ਦਿੱਤੇ, ਪੈਰ ਤੇ ਖੀਰ ਪਕਾਈ, ਕਈ ਵਾਰ ਜਾਸੂਸ ਸਮਝ ਕੇ ਫਾਂਸੀ ਦਿੱਤੀ ਗਈ। ਇੱਕਲਾ ਸੰਗਮ ਦੇਵਤਾ 6 ਮਹੀਨੇ ਭਗਵਾਨ ਮਹਾਵੀਰ ਨੂੰ ਕਸ਼ਟ ਦਿੰਦਾ ਰਿਹਾ, ਮਹਾਵੀਰ ਤਾਂ ਮਹਾਵੀਰ ਸਨ ਖਿਮਾ ਪੁੰਜ ਸਨ। ਉਨ੍ਹਾਂ ਦੀ ਆਤਮਾ ਪ੍ਰਮਾਤਮਾ ਬਨਣ ਦੇ ਰਾਹ ਤੇ ਚਲ ਚੁੱਕੀ ਸੀ। ਸਾਢੇ 42 ਸਾਲ ਦੀ ਉਮਰ ਵਿਚ ਸ਼ਾਮ ਨਾਂ ਦੇ ਜਿਮੀਦਾਰ ਦੇ ਖੇਤ ਵਿਚ ਸ਼ਾਲ ਦਰਖਤ ਹੇਠ, ਜੰਭਿਕ ਪਿੰਡ ਅਤੇ ਰਿਜੂਬਾਲਿਕਾ ਨਦੀ ਦੇ ਕਿਨਾਰੇ ਆਪਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ।

ਆਪਦਾ ਪਹਿਲਾ ਉਪਦੇਸ਼ ਪਾਵਾਪੁਰੀ ਵਿਖੇ ਮਹਾਸੇਨ ਬਗੀਚੇ ਵਿਖੇ ਹੋਇਆ। ਆਪਦੇ ਪਹਿਲੇ ਉਪਦੇਸ਼ ਇੰਦਰਭੂਤੀ ਆਦਿ 4400 ਬ੍ਰਾਹਮਣ ਪਸ਼ੂ ਯੱਗ ਬਲੀ ਛੱਡ ਕੇ ਆਪਦੇ ਸ਼ਿਸ਼ ਹੋ ਗਏ ਸਨ। ਦਿਗੰਵਰ ਪ੍ਰੰਪਰਾ ਅਨੁਸਾਰ ਮਹਾਵੀਰ ਭਗਵਾਨ ਦਾ ਪਹਿਲਾ ਉਪਦੇਸ਼ ਰਾਜਗ੍ਰਹਿ ਦੇ ਵਿਪੁਲਾਂਚਲ ਪਹਾੜ ਤੇ ਹੋਇਆ ਸੀ।

ਆਪਨੇ 30 ਸਾਲ ਸਿੰਧ, ਸ਼ੋਵਿਰ, ਅਰਧ ਕੇਕਯ, ਕਾਸ਼ੀ, ਕੋਸ਼ਲ, ਵਿਦੇਹ, ਅੰਗ, ਬੰਗ, ਮਗਧ ਵਿਖੇ ਜੈਨ ਸਿਧਾਂਤਾਂ ਦਾ ਪ੍ਰਚਾਰ ਕੀਤਾ। ਆਪਦੇ ਉਪਦੇਸ਼ ਨੂੰ ਇੰਦਰ ਭੂਤਿ ਗੌਤਮ, ਸੁਧਰਮਾ ਸਵਾਮੀ ਆਦਿ ਨੇ 45 ਆਗਮਾਂ ਵਿੱਚ ਸੰਗ੍ਰਿਹ ਕੀਤੇ। ਭਗਵਾਨ ਮਹਾ• ਵੀਰ ਪੰਜਾਬ ਦੇ ਅਰਧ ਕੇਕਯ, ਸਿੰਧੂ, ਸ਼ੋਭਿਤ ਦੇਸ਼ਾਂ ਵਿਚ ਘੁੰਮੇ। ਆਪ ਹਸਤਨਾਪੁਰ, ਮੋਕਾ (ਮੋਗਾ), ਸਿਆਲਕੋਟ, ਹਸਤਨਾਪੁਰ, ਰੋਹਿਤਕ ਵਿੱਚ ਪਧਾਰੇ ਸਨ। ਅਜੇਹਾ ਜੈਨ ਗ੍ਰੰਥਾਂ ਤੋਂ ਪਤਾ ਲਗਦਾ ਹੈ। ਆਵਸ਼ਕ ਚੂਰਨੀ ਅਨੁਸਾਰ ਆਪ ਥੂਣਾ ਵਰਤਮਾਨ (ਥਾਨੇ ਸ਼ਵਰ) ਵਿੱਚ ਤੱਪ ਸਮੇਂ ਪਧਾਰੇ ਸਨ।

ਭਗਵਾਨ ਮਹਾਵੀਰ ਨੇ ਅਪਣੇ ਸਮੇਂ ਫੈਲੇ ਦਾਰਸ਼ਨਿਕ ਮਤਾਂ ਨੂੰ ਪ੍ਰਭਾਵਿਤ ਕੀਤਾ ਭਗਵਾਨ ਸਹਾਵੀਰ, ਮਹਾਤਮਾ ਬੁੱਧ ਦੇ ਸਮਕਾਲੀ ਸਨ। ਆਜੀਵਕ ਅਚਾਰਿਆ ਗੋਸ਼ਾਲਕ ਪਹਿਲਾ ਆਪਦਾ ਚੇਲਾ ਸੀ। ਆਪਦਾ ਦਮਾਦ ਜਮਾਲੀ ਵੀ ਆਪਦਾ ਚੇਲਾ ਸੀ। ਪਰ ਇਹ ਦੋਵੇ ਵਿਚਾਰਧਾਰਾ ਕਾਰਣ ਅੱਡ-ਅੱਡ ਹੋ ਗਏ। ਭਗਵਾਨ ਮਹਾਵੀਰ ਦੇ ਚੇਲਿਆਂ ਵਿਚ ਹਰ ਵਰਨ, ਜਾਤ, ਨਸਲ ਭਾਸ਼ਾ ਦੇ ਲੋਕ ਸਨ। ਉਨ੍ਹਾਂ ਭਗਵਾਨ ਪਾਰਸ਼ਨਾਥ ਦੇ ਚੇਲਿਆਂ ਨੂੰ ਅਪਣੇ ਵਿਚ ਸ਼ਾਮਲ ਕੀਤਾ।

ਭਗਵਾਨ ਮਹਾਵੀਰ ਜੀ ਦਾ ਨਿਰਵਾਨ ਦੀਵਾਲੀ ਵਾਲੇ ਦਿਨ ਪਾਵਾਪੁਰੀ ਵਿਖੇ ਹੋਇਆ। ਜਿਥੇ ਆਪਦੀ ਯਾਦ ਵਿੱਚ ਜਲ ਮੰਦਰ ਹੈ। ਜੋ ਆਪਦੇ ਭਰਾ ਨੇ ਸ੍ਰੀ ਨੰਦੀ ਵਰਧਨ ਨੇ ਬਨਾਇਆ ਸੀ।

ਭਗਵਾਨ ਮਹਾਵੀਰ ਦੇ ਚੇਲਿਆਂ ਵਿੱਚ ਬੜੇ ਰਾਜੇ ਮਹਾਰਾਜੇ ਤੋਂ ਲੈ ਕੇ ਝੋਪੜੀਆਂ ਤੱਕ ਦੇ ਮਜਦੂਰ ਸ਼ਾਮਲ ਸਨ। ਦਾਸੀ ਚੰਦਨਾ, ਹਰੀ ਕੇਸੀ ਚੰਡਾਲ, ਮੇਤਾਰਿਆ ਪੁੱਤਰ

ਚੰਡਾਲ, ਆਨੰਦ ਕਿਸਾਨ ਅਰਜਨ ਮਾਲੀ, ਸਧਾਲ ਪੁੱਤਰ ਘੁਮਾਰ, ਜੈਅੰਤੀ ਰਾਜਕੁਮਾਰੀ, ਧੰਨਾ, ਸ਼ਾਲੀਭਦਰ ਜੇਹੇ ਸੇਠ ਅੱਜ ਵੀ ਜੈਨ ਇਤਿਹਾਸ ਦਾ ਅਣਖਿੜਵਾਂ ਅੰਗ ਹਨ।

ਅੱਜ ਦਾ ਜੈਨ ਧਰਮ ਭਗਵਾਨ ਮਹਾਵੀਰ ਦੀ ਦੇਨ ਹੈ ਅਤੇ ਇਸਦਾ ਦਰਸ਼ਨ ਇਕ ਤੀਰਥੰਕਰ ਦੀ ਦੇਣ ਨਹੀਂ, ਸਗੋਂ ਅਨਾਦਿ ਪ੍ਰੰਪਰਾ ਦਾ ਸਿੱਟਾ ਹੈ।

## ਭਗਵਾਨ ਮਹਾਵੀਰ ਦੇ ਸਮੇਂ ਦੇ ਕੁਝ ਪ੍ਰਸਿਧ ਰਾਜੇ ਭਗਤ

ਭਗਵਾਨ ਮਹਾਵੀਰ ਖੁੱਦ ਰਾਜ ਕੁਮਾਰ ਸਨ। ਵੈਸ਼ਾਲੀ ਦੇ ਗਣਤੰਤਰ ਦੇ ਚੇਟਕ ਰਾਜਾ ਭਗਵਾਨ ਮਹਾਵੀਰ ਦੇ ਨਾਨਾ ਸਨ। ਰਾਜਾ ਚੇਟਕ ਖੁਦ ਮਹਾਵੀਰ ਜੀ ਦਾ ਭਗਤ ਸੀ। ਇਸਤੋਂ ਛੁਟ ਸਿੰਧ ਸੋਵਿਰ ਦਾ ਰਾਜਾ ਉਦਯਨ, ਅੰਵੰਤੀ ਦਾ ਰਾਜਾ ਚੰਡ ਪ੍ਰਦੋਤਕ, ਕੌਸ਼ਾਂਬੀ ਦਾ ਰਾਜਾ ਸ਼ਤਾਨਿਕ, ਮਗਧ ਦਾ ਰਾਜਾ ਕੋਣਿਕ, ਅਜਾਤ ਸ਼ਤਰੂ, ਨਰੇਸ਼ ਬਿੰਬਸਾਰ ਦੇ ਨਾਂ ਮਹਾਵੀਰ ਦੇ ਭਗਤਾਂ ਵਿਚ ਵਰਨਣ ਯੋਗ ਹਨ। ਇਨ੍ਹਾਂ ਰਾਜਿਆਂ ਨੇ ਜੈਨ ਧਰਮ ਦਾ ਪ੍ਰਚਾਰ ਪ੍ਰਸਾਰ ਤਨ ਮਨ ਧਨ ਨਾਲ ਕੀਤਾ।

ਜੈਨ ਗ੍ਰੰਥਾਂ ਵਿਚ ਰਾਜਾ ਸ਼੍ਰੇਣੀਕ ਦਾ ਨਾਂ ਸਭ ਤੋਂ ਵੱਧ ਵਾਰ ਆਇਆ ਹੈ ਜੋ ਮਗਧ ਦਾ ਰਾਜਾ ਸੀ ਅਤੇ ਰਾਜਗ੍ਰਹਿ ਵਿਖੇ ਰਹਿੰਦਾ ਸੀ। ਭਗਵਾਨ ਮਹਾਵੀਰ ਦੇ ਜੀਵਨ ਦਾ ਸਭ ਤੋਂ ਵੱਧ ਸਮਾਂ ਰਾਜਗ੍ਰਹਿ ਵਿਖੇ ਗੁਜਾਰਿਆ। ਸ਼੍ਰੇਣਿਕ ਦਾ ਸਮਾਂ 601-532 ਈ: ਪੂ. ਹੈ।

ਸ਼੍ਰੇਣਿਕ ਦਾ ਪੁੱਤਰ ਕੋਣਿਕ ਅਜਾਤ ਸ਼ਤਰੂ ਵੀ ਭਗਵਾਨ ਮਹਾਵੀਰ ਦਾ ਬਹੁਤ ਭਗਤ ਸੀ। ਪਰ ਜਦ ਉਸਨੇ ਪਿਤਾ ਨੂੰ ਕੈਦ ਕਰਕੇ ਰਾਜ ਹਾਸਲ ਕੀਤਾ, ਤਾਂ ਉਸ (ਕੋਣਿਕ) ਨੇ ਬੁੱਧ ਧਰਮ ਗ੍ਰਹਿਣ ਕਰ ਲਿਆ। ਕੋਣਿਕ ਨੇ ਜੈਨ ਧਰਮ ਨੂੰ ਮਹਾਵੀਰ ਸਮੇਂ ਹੀ ਨੁਕਸਾਨ ਪਹੁੰਚਾਨਾ ਸ਼ੁਰੂ ਕਰ ਦਿੱਤਾ। ਉਸਨੇ ਅਪਣੇ ਨਾਨਾ ਚੇਟਕ ਦੀ ਵੈਸ਼ਾਲੀ ਨਗਰੀ ਤਬਾਹ ਕਰ ਦਿਤੀ। ਜੈਨ ਇਤਿਹਾਸ ਅਨੁਸਾਰ ਉਸਨੇ ਰਾਜਪਾਟ ਲਈ ਕਰੋੜਾਂ ਮਨੁੱਖਾਂ ਨੂੰ ਬਿਨਾਂ ਕਾਰਣ ਮਾਰ ਦਿੱਤਾ। ਭਗਵਾਨ ਮਹਾਵੀਰ ਦੇ ਵਿਦੇਸ਼ੀ ਭਗਤਾਂ ਵਿਚ ਈਰਾਨ ਦਾ ਸ਼ਹਿਜਾਦਾ ਆਦਰਕ ਮਸ਼ਹੂਰ ਹੈ।

## ਭਗਵਾਨ ਮਹਾਵੀਰ ਤੋਂ ਬਾਅਦ ਦੇ ਜੈਨ ਰਾਜੇ

ਨੰਦ ਦੇਸ਼ ਇਨ੍ਹਾਂ ਰਾਜਿਆਂ ਵਿੱਚ ਮਗਧ ਦੇ ਨੌ ਨੰਦ ਸ਼ਾਮਲ ਸਨ। ਇਨ੍ਹਾਂ ਦਾ ਸਮਾਂ ਈ-ਪੂ-305 ਹੈ। ਮੌਰੀਆ, ਉਦਾਈ ਤੋਂ ਬਾਅਦ ਨੰਦ ਵੰਸ਼ ਆਇਆ। ਉੜੀਸਾ ਦੇ ਜੈਨ ਰਾਜੇ ਦੇ ਖੰਡਗਿਰੀ ਸ਼ਿਲਾਲੇਖ ਵਿੱਚੋਂ ਪਤਾ ਚਲਦਾ ਹੈ ਕਿ ਨੰਦ ਉੜੀਸਾ ਤੋਂ ਕਲਿੰਗ ਜਿਨ (ਰਿਸ਼ਵਦੇਵ) ਦੀ ਮੂਰਤੀ ਲੈ ਗਏ ਸਨ। ਖਾਰਵੇਲ ਨੇ ਜਦ ਜੈਨ ਧਰਮ ਦੇ ਦੋਖੀ ਬ੍ਰਾਹਮਣ ਰਾਜੇ ਪੁਸ਼ਯਮਿਤਰ ਤੇ ਹਮਲਾ ਕੀਤਾ ਤਾਂ ਉਸੇ ਇਹ ਮੂਰਤੀ ਖਾਰਵੇਲ ਨੂੰ ਤੋਹਫੇ ਵਜੋਂ ਪ੍ਰਦਾਨ ਕੀਤੀ ਖੁਦ ਖਾਰਵੇਲ ਦੀ ਅਧੀਨਤਾ ਸਵੀਕਾਰ ਕੀਤੀ। ਇਹ ਮੂਰਤੀ

300 ਸਾਲ ਨੰਦ ਵੰਸ਼ ਦੇ ਰਾਜਿਆਂ ਕੋਲ ਰਹੀ ਸੀ ।

ਮੌਰਿਆ ਵੰਸ਼ ਦਾ ਸਮਾਂ 320 ਈ.ਪੂ. ਹੈ ਇਸਦੇ ਪਹਿਲੇ ਰਾਜੇ ਚੰਦਰਗੁਪਤ ਮੌਰਿਆ ਜੈਨ ਸਨ ਜਿਨ੍ਹਾਂ ਅਚਾਰਿਆ ਭੱਦਰ ਵਾਹੂ ਤੋਂ ਸਾਧੂ ਜੀਵਨ ਗ੍ਰਹਿਣ ਕਰਕੇ ਦੱਖਣ ਕਰਨਾਟਕ ਦੇ ਸ਼੍ਰਮਣ ਬੇਲਗੋਲਾ ਵਿਚ ਸਵਰਗ ਹਾਸਲ ਕੀਤਾ । ਮੌਰਿਆ ਖਾਨਦਾਨ ਵਿੱਚ ਅਸ਼ੋਕ ਤੋਂ ਛੁਟ ਸਾਰੇ ਜੈਨ ਧਰਮ ਦੇ ਉਪਾਸਕ ਸਨ । ਮੌਰਿਆ ਖਾਨਦਾਨ ਇਤਿਹਾਸ ਦਾ ਸਹੀ ਸੋਮਾ ਹੀ ਜੈਨ ਗ੍ਰੰਥ ਹਨ । ਸੋ ਡਾ.ਸਮਿਥ ਵਰਗੇ ਇਤਿਹਾਸਕਾਰ ਚੰਦਰਗੁਪਤ ਮੌਰਿਆ ਨੂੰ ਜੈਨ ਮਨਦੇ ਹਨ ।

ਅਸ਼ੋਕ ਦੇ ਪੋਤੇ ਰਾਜਾ ਸਮਰਪਤੀ ਨੇ ਜੈਨ ਧਰਮ ਨੂੰ ਵਿਦੇਸ਼ਾਂ ਵਿਚ ਫੈਲਾਇਆ ਉਸਦੇ ਗੁਰੂ ਅਚਾਰਿਆ ਸੁਹਸਤੀ ਸਨ । ਸਮਰਪਤੀ ਰਾਜੇ ਦਾ ਜੈਨ ਧਰਮ ਵਿੱਚ ਉਹ ਹੀ ਸਥਾਨ ਹੈ ਜੋ ਬੁੱਧ ਧਰਮ ਵਿਚ ਅਸ਼ੋਕ ਦਾ ਸੀ ।

## ਉੱਤਰ ਭਾਰਤ ਵਿੱਚ ਜੈਨ ਧਰਮ

ਇਸ ਵਿੱਚ ਵਰਤਮਾਨ ਪੰਜਾਬ, ਹਰਿਆਣਾ, ਜੰਮੂ ਕਸ਼ਮੀਰ, ਹਿਮਾਚਲ, ਸਿੰਧ ਦਾ ਇਲਾਕਾ, ਸਿਆਲਕੋਟ ਜੰਮੂ ਖੇਤਰ, ਰਾਜਸਥਾਨ ਦਾ ਗੰਗਾ ਨਗਰ ਇਲਾਕਾ ਸ਼ਾਮਲ ਹੈ । ਪੁਰਾਤਨ ਕਾਲ ਵਿੱਚ ਇਸ ਇਲਾਕੇ ਨੂੰ ਉਤਰਾਪਥ ਆਖਦੇ ਸਨ । ਇਹ ਰਾਹ ਮਥੁਰਾ ਤੋਂ ਗੰਧਾਰ ਤਕ ਦਾ ਵਿਉਪਾਰਿਕ ਰਾਹ ਸੀ । ਹਿਉਨਸਾਂਗ ਸਮੇਂ ਸਮੁੱਚੇ ਉੱਤਰ ਭਾਰਤ ਵਿੱਚ ਜੈਨ ਧਰਮ ਫੈਲਿਆ ਹੋਇਆ ਸੀ । ਭਗਵਾਨ ਮਹਾਵੀਰ ਦੇ ਨਿਰਵਾਨ ਦੇ 500 ਸਾਲ ਤੱਕ ਜੈਨ ਧਰਮ ਖੂਬ ਫਲਿਆ ਫੁਲਿਆ । ਪਰ ਸਤਵੀਂ ਸਦੀ ਵਿੱਚ ਇਸ ਖੇਤਰ ਤੋਂ ਬ੍ਰਾਹਮਣਾਂ ਤੇ ਬੁੱਧਾਂ ਦਾ ਪ੍ਰਭਾਵ ਹੋ ਗਿਆ । ਇਸ ਖੇਤਰ ਵਾਰੇ ਜਾਨਕਾਰੀ ਮਥੁਰਾ ਦੇ ਕੰਕਾਲੀ ਟੀਲੇ ਤੋਂ ਪ੍ਰਾਪਤ ਹੈ । ਹਰ ਮੂਰਤੀ ਦੇ ਸ਼ਿਲਾਲੇਖ 2300 ਸਾਲ ਤਕ ਪੁਰਾਣੇ ਹਨ । ਇਨ੍ਹਾਂ ਸ਼ਿਲਾਲੇਖਾਂ ਤੋਂ ਜੈਨ ਧਰਮ ਦੇ ਜਨ ਧਰਮ ਹੋਣ ਦੀ ਜਾਨਕਾਰੀ ਮਿਲਦੀ ਹੈ । 24 ਤੀਰ-ਥੰਕਰਾਂ ਵਿਚੋਂ 20 ਤੋਂ ਜਿਆਦਾ ਤੀਰਥੰਕਰਾਂ ਦੇ ਜਨਮ ਸਥਾਨ ਉੱਤਰ ਪ੍ਰਦੇਸ਼ ਹੀ ਹੈ । ਸਾਰੇ ਤੀਰਥੰਕਰ ਧਰਮ ਪ੍ਰਚਾਰ ਲਈ ਇਨ੍ਹਾਂ ਇਲਾਕਿਆਂ ਵਿੱਚ ਘੁੰਮੇ ਸਨ । ਭਗਵਾਨ ਮਹਾਵੀਰ ਸਿੰਧ ਸੋਵਿਰ ਦੇ ਰਾਜੇ ਉਦੇਯਨ ਦੀ ਬੇਨਤੀ ਤੋਂ ਰਾਜਸਥਾਨ, ਸਿੰਧ, ਪੰਜਾਬ ਦੇ ਕੁੱਝ ਇਲਾਕਿਆਂ ਵਿਚ ਘੁੰਮੇ ਸਨ ।

## ਉੜੀਆ-ਬੰਗਾਲ ਵਿਚ ਜੈਨ ਧਰਮ—

ਜਿਵੇਂ ਪਹਿਲਾਂ ਲਿਖਿਆ ਗਿਆ ਹੈ ਕਿ ਮਹਾਵੀਰ ਦੀ ਸ਼ਾਦੀ ਕਲਿੰਗਾ ਦੇ ਰਾਜੇ ਸਮਿਤਸੇਨ ਦੀ ਸਪੁਤਰੀ ਯਸ਼ੋਧਾ ਨਾਲ ਹੋਈ ਸੀ । ਉਸੇ ਪ੍ਰਭਾਵ ਹੇਠ ਉਥੋਂ ਦੇ ਲੋਕ ਜੈਨ ਬਨ ਗਏ ਸਨ । ਕਲਿੰਗਾ ਦੇ ਰਾਜੇ ਖਾਰਵੇਲ ਦਾ ਸਮਾ ਈ. ਪੂ: 174 ਸਾਲ ਹੈ । ਉਸਨੇ ਉੜੀਆ ਵਿਖੇ ਖੰਡਗਿਰੀ ਤੇ ਉਦੇ ਗਿਰੀ ਪਹਾੜਾਂ ਵਿਚ ਜੈਨ ਮੁਨੀਆਂ ਲਈ ਅਨੇਕਾਂ ਗੁਫਾਵਾਂ ਬਨਾਈਆਂ । ਉਸ ਨੇ ਅਪਣੀ ਜਿੱਤ ਦੀ ਖੁਸ਼ੀ ਵਿਚ ਵਿਸ਼ਾਲ ਸ਼ਿਲਾ ਲੇਖ ਖੁਦ-ਵਾਈਆਂ, ਜੋ ਕਿ ਬ੍ਰਹਮੀਲਿਪਿ ਵਿਚ ਇਸ ਰਾਜੇ ਦਾ ਪੂਰਨ ਇਤਿਹਾਸ ਹੈ ।

ਇਹ ਰਾਜਾ 15 ਸਾਲ ਦੀ ਉਮਰ ਵਿਚ ਯੁਵਰਾਜ ਬਣਿਆ। 25 ਸਾਲ ਦੀ ਉਮਰ ਵਿਚ ਰਾਜਾ ਬਨ ਗਿਆ। ਦੂਸਰੇ ਸਾਲ ਇਸ ਨੇ ਸ਼ਾਂਤਕਰਨੀ ਪਛਮ ਵੱਲ ਸੇਨਾ ਭੇਜੀ ਅਤੇ ਪਛਮ ਦੇ ਰਾਜੇ ਅਧੀਨ ਹੋ ਗਏ। ਚੌਥੇ ਸਾਲ ਵਿਚ ਫੇਰ ਬਾਕੀ ਰਹਿੰਦੇ ਰਾਜਿਆਂ ਭੋਜਕਾਂ ਨੂੰ ਜਿਤਿਆ। ਬਾਖਤਰੀ ਦੇ ਯਤਨ ਰਾਜੇ ਦੀ ਸੈਨਾ ਦਾ ਮੂੰਹ ਮੱਧ ਪ੍ਰਦੇਸ਼ ਤੋਂ ਮੋੜਿਆ। ਉਸ ਦਿਸ਼ਾ ਨੂੰ ਭਜਾਇਆ। 12ਵੇਂ ਸਾਲ ਉਸ ਨੇ ਪੰਜਾਬ ਤੇ ਚੜਾਈ ਕੀਤੀ। ਉਸ ਦੀ ਇਹ ਸਭ ਤੋਂ ਲੰਬੀ ਲੜਾਈ ਸੀ ਜਿਸ ਵਿਚ ਉਸ ਨੇ ਉੱਤਰਾ ਪੱਖ ਦੇ ਸਾਰੇ ਰਾਜਿਆਂ ਨੂੰ ਹਰਾ ਦਿਤਾ। ਖਾਰਵੇਲ ਨੇ ਜੈਨ ਧਰਮ ਦੀ ਮਹਾਨ ਸੇਵਾ ਕੀਤੀ। ਜੈਨ ਗ੍ਰੰਥਾਂ ਦੇ ਸੰਪਾਦਨ ਹੇਤੂ ਇਕ ਧਰਮ ਸਮੇਲਨ ਬੁਲਾਇਆ। ਉਸ ਦਾ ਇਹ ਸ਼ਿਲਾਲੇਖ ਧਰਮ ਦੇ ਮੂਲ ਮੰਤਰ, ਨਵਕਾਰ ਦੇ ਪਹਿਲੇ ਦੋ ਪਦਾਂ ਨਾਲ ਸ਼ੁਰੂ ਹੁੰਦਾ ਹੈ। ਜੈਨ ਸੰਘ ਨੇ ਉਸ ਨੂੰ 'ਮਹਾਵਿਜੇਈ' ਖੇਮਰਾਜਾ, ਭਿਖੂ ਰਾਜਾ ਅਤੇ ਧਰਮ ਰਾਜਾ, ਪਦਵੀਆਂ ਨਾਲ ਸਨ-ਮਾਨਿਤ ਕੀਤਾ।

ਉਸ ਸਮੇਂ ਉੜੀਸਾ ਤੇ ਬਿਹਾਰ ਵਿਚ ਜੈਨ ਧਰਮ ਫੈਲ ਚੁੱਕਾ ਸੀ। ਭਗਵਾਨ ਮਹਾਵੀਰ ਤਪਸਿਆ ਦੁਹਰਾਨ (ਪਹਾੜ ਪੁਰ) ਬੰਗਾਲ, ਉੜੀਸਾ ਅਤੇ ਬੰਗਲਾ ਦੇਸ਼ ਘੁਮੇ ਸਨ। ਜੈਨ ਗ੍ਰੰਥਾਂ ਅਨੁਸਾਰ ਇਹ ਅਨਾਰਿਆ ਦੇਸ਼ ਸਨ। ਸੰਨ 629 ਵਿਚ ਹਿਉਨਸਾਂਗ ਨੇ ਵੈਸ਼ਾਲੀ, ਰਾਜਗ੍ਰਹਿ, ਨਾਲੰਦਾ ਅਤ ਪੁੰਡਰ ਵਰਧਨ ਵਿਚ ਅਨੇਕਾਂ ਜੈਨ ਸਾਧੂ ਤੇ ਪ੍ਰਚਾਰ ਕੇਂਦਰ ਵੇਖੇ ਸਨ।

ਬੰਗਾਲ ਵਿਚ ਅਨੇਕਾਂ ਜੈਨ ਮੰਦਰਾਂ ਦੇ ਖੰਡਰ, ਸ਼ਿਲਾਲੇਖ, ਗੁਫਾਵਾਂ, ਜੈਨ ਧਰਮ ਦੇ ਪ੍ਰਚਾਰ ਦੀ ਗਵਾਹੀ ਦਿੰਦੀਆਂ ਹਨ।

## ਗੁਜਰਾਤ ਵਿਚ ਜੈਨ ਧਰਮ

ਗੁਜਰਾਤ ਵਿਚ ਜੈਨ ਧਰਮ ਤੀਰਥੰਕਰਾਂ ਦੇ ਸਮੇਂ ਤੋਂ ਹੀ ਹੈ। ਪਹਿਲੇ ਤੀਰਥੰਕਰ ਭਗਵਾਨ ਰਿਸ਼ਭ ਦੇਵ ਪਾਲੀਤਾਨਾ ਸ਼ਤਰੁੰਜੈ ਤੀਰਥ ਤੇ 99 ਵਾਰ ਆਏ ਸਨ। ਫੇਰ ਭਗਵਾਨ ਨੇਮੀ ਨਾਥ ਦਾ ਬਹੁਤ ਧਰਮ ਪ੍ਰਚਾਰ ਖੇਤਰ ਗੁਜਰਾਤ ਦਾ ਗਿਰਨਾਰ ਇਲਾਕਾ ਰਿਹਾ ਹੈ। ਜਦੋਂ ਬਿਹਾਰ, ਬੰਗਾਲ ਤੋਂ ਜੈਨੀਆਂ ਨੂੰ ਰਾਜ ਸੁਰਖਿਆ ਨਾ ਮਿਲੀ ਤਾਂ ਜੈਨ ਉਪਾਸਕ ਤੇ ਸਾਧੂ ਗੁਜਰਾਤ ਤੇ ਦਖਣ ਵੱਲ ਗਏ। ਗੁਜਰਾਤ ਦੇ ਬਲਭੀ ਨਗਰੀ ਵਿਚ ਮਹਾਵੀਰ ਨਿਰਵਾਨ ਸੰਮਤ 998 ਨੂੰ ਆਗਮਾਂ ਨੂੰ ਲਿਪੀ ਬੱਧ ਕੀਤਾ ਗਿਆ। ਦਿਗੰਬਰ ਫਿਰਕੇ ਦੇ ਗ੍ਰੰਥਾਂ ਦੀ ਸੰਭਾਲ ਦਾ ਕੰਮ ਵੀ ਗੁਜਰਾਤ ਵਿਚ ਪੂਰਾ ਹੋਇਆ। ਗੁਜਰਾਤ ਦੇ ਅਨੇਕਾਂ ਰਾਜਵੰਸ਼ ਜੈਨ ਸਨ ਪਹਿਲਾਂ ਇਸ ਤੇ ਰਾਸ਼ਟਰਕੁਟ ਵੰਸ਼ ਦੇ ਰਾਜੇ ਅਮੋਘਵਰਸ਼ ਦਾ ਰਾਜ ਸੀ, ਫੇਰ ਗੁਜਰਾਤ ਦੇ ਪਛਮੀ ਚੋਲਾਕਿਆ ਰਾਜਿਆਂ ਦੇ ਹੱਥ ਆ ਗਿਆ। ਉਨ੍ਹਾਂ ਰਾਜਿਆਂ ਨੇ ਜੈਨ ਧਰਮ ਦੀ ਖੂਬ ਸੇਵਾ ਕੀਤੀ। ਇਨ੍ਹਾਂ ਰਾਜਿਆਂ ਵਿਚ ਰਾਜਾ ਕੁਮਾਰ ਪਾਲ ਦਾ ਨਾਂ ਬਹੁਤ ਪ੍ਰਸਿੱਧ ਹੈ। ਇਹ ਆਖਰੀ ਜੈਨ ਰਾਜਾ ਸੀ ਜਿਸਨੇ ਕਸ਼ਮੀਰ ਤਕ ਦਾ ਇਲਾਕਾ ਜਿਤਿਆ। ਇਸਨੇ ਅਪਣੇ ਗੁਰੂ ਅਚਾਰਯਾ ਹੇਮ ਚੰਦਰ ਦੀ ਪ੍ਰੇਰਣਾ ਨਾਲ ਅਨੇਕਾਂ ਮੰਦਰ

ਬਣਵਾਏ। ਲੋਕ ਹਿੱਤ ਲਈ ਭਲੇ ਦੇ ਕੰਮ ਕੀਤੇ। ਪੁਰਾਣੇ ਮੰਦਰਾਂ ਦੀ ਮੁਰਮਤ ਤੇ ਤੀਰਥ ਯਾਤਰਾ ਕੀਤੀ। ਇਸਨੇ ਅਪਣੇ ਰਾਜ ਵਿਚ ਮਾਸ, ਸ਼ਰਾਬ ਤੇ ਪੂਰਨ ਪਾਬੰਦੀ ਲਗਾ ਦਿਤੀ। ਬ੍ਰਾਹਮਣਾਂ ਨੂੰ ਯੱਗ, ਅਨਾਜ ਰਾਹੀਂ ਦੇ ਕੇ ਬਲੀ ਕਰਨ ਦੀ ਪ੍ਰੇਰਣਾ ਕੀਤੀ। ਇਸ ਕਾਲ ਵਿਚ ਜੈਨ ਧਰਮ ਦੀ ਸਰਵ ਪੱਖੀ ਤਰੱਕੀ ਹੋਈ। ਜੈਨ ਧਰਮ ਗੁਜਰਾਤ ਦਾ ਰਾਜਧਰਮ ਬਣ ਗਿਆ। ਇਸ ਦੇ ਅਧੀਨ ਪੰਜਾਬ, ਕਸ਼ਮੀਰ ਦੇ ਰਾਜਿਆਂ ਨੇ ਜੈਨ ਧਰਮ ਗ੍ਰਹਿਣ ਕਰ ਲਿਆ।

ਇਸ ਤੋਂ ਪਹਿਲੇ ਸਮੇਂ ਵਿਚ ਵਿਮਲ ਸ਼ਾਹ ਮੰਤਰੀ ਨੇ ਮਾਉਂਟ ਆਬੂ ਤੇ ਸੁੰਦਰ ਮੰਦਿਰ ਬਣਵਾਏ। ਮੰਤਰੀ ਤੇਜਪਾਲ ਤੇ ਵਸਤੂ ਪਾਲ ਨੇ ਅਨੇਕਾਂ ਜੈਨ ਕਲਾਤਮਕ ਮੰਦਰ 13 ਸ਼ਤਾਵਦੀ ਵਿਚ ਬਣਵਾਏ। ਇਨ੍ਹਾਂ ਦੋਹਾਂ ਭਰਾਵਾਂ ਨੇ ਕਈ ਲੜਾਈਆਂ ਲੜੀਆਂ ਕਿਉਂਕਿ ਦੋਵੇਂ ਭਰਾ ਸੈਨਾਪਤੀ ਸਨ।

ਭਗਵਾਨ ਮਹਾਵੀਰ ਤੋਂ 2000 ਸਾਲ ਬਾਅਦ ਬਿਹਾਰ, ਉੜੀਸਾ ਅਤੇ ਗੁਜਰਾਤ ਵਿਚ ਜੈਨ ਧਰਮ ਖੂਬ ਪ੍ਰਭਾਵਿਤ ਹੋਇਆ। ਇਕੱਲੇ ਜੈਨ ਅਚਾਰਿਆ ਸਮਤਭਦਰ ਨੇ ਸਾਰੇ ਭਾਰਤਵਰਸ਼ ਵਿਚ ਦੂਸਰੇ ਧਰਮਾਂ ਵਾਲਿਆਂ ਨਾਲ ਸ਼ਾਸਤਰਾਰਥ ਕਰਕੇ ਜੈਨ ਧਰਮ ਦਾ ਝੰਡਾ ਬੁਲੰਦ ਕੀਤਾ। ਅਨੇਕਾਂ ਸੰਸਕ੍ਰਿਤ ਗ੍ਰੰਥਾਂ ਦੀ ਰਚਨਾ ਕੀਤੀ। ਅਚਾਰਿਆ ਸਮੱਤਭਦਰ ਦਾ ਸਵੇਤਾਂਵਰ ਤੇ ਦਿਗੰਬਰ ਦੋਵੇਂ ਹੀ ਸਨਮਾਨ ਕਰਦੇ ਹਨ। ਇਸ ਰਾਜ ਵਿਚ ਪ੍ਰਸਿਧ ਸਥਾਨਕਵਾਸੀ ਵਿਦਵਾਨ ਲੋਂਕਾਸ਼ਾਹ ਗੁਰੂ ਨਾਨਕ ਦੇਵ ਦਾ ਸਮਕਾਲੀ ਸੀ। ਜਿਨ੍ਹਾਂ ਨੇ ਪਾਖੰਡ ਦੀ ਵਿਰੋਧਤਾ ਕੀਤੀ। ਇਥੇ ਸ੍ਰੀ ਬਲਭ ਵਿਜੈ ਵਰਗੇ ਅਚਾਰਿਆ ਹੋਏ। ਜੋ ਪ੍ਰਸਿਧ ਦੇਸ਼ ਭਗਤ ਤੇ ਸਿੱਖਿਆ ਸ਼ਾਸ਼ਤਰੀ ਸਨ।

## ਰਾਜਸਥਾਨ ਵਿਚ ਜੈਨ ਧਰਮ

ਰਾਜਸਥਾਨ ਵਿਚ ਜੈਨ ਧਰਮ ਦਾ ਬਹੁਤ ਹੀ ਸੁਨੇਹਰਾ ਇਤਿਹਾਸ ਹੈ। ਅਨੇਕਾਂ ਰਾਜੇ, ਮੰਤਰੀ, ਸ਼ਾਹੂਕਾਰਾਂ ਨੇ ਰਾਜਸਥਾਨ ਦੇ ਪਿੰਡਾਂ ਸ਼ਹਿਰਾਂ ਵਿਚ ਕਲਾਤਮਕ ਮੰਦਰ ਬਨਾਏ ਹਨ। ਪੁਰਾਤਤਵ ਪਖੋਂ ਰਾਜਸਥਾਨ ਤੇ ਗੁਜਰਾਤ ਵਿਚ ਜੈਨ ਕਲਾ ਦਾ ਬਹੁਤ ਘੱਟ ਨੁਕਸਾਨ ਹੋਇਆ ਹੈ। ਭਗਵਾਨ ਮਹਾਵੀਰ ਸਿੰਧ ਸੌਵਿਰ ਪਹੁੰਚਦੇ ਹੋਏ ਰਾਹ ਵਿਚ ਇਸ ਰਸਤੇ ਰਾਹੀਂ ਧਰਮ ਪ੍ਰਚਾਰ ਕਰਦੇ ਗੁਜਰੇ ਸਨ। ਅੱਜ ਜੈਨ ਧਰਮ ਨੂੰ ਮਨਣ ਵਾਲੀਆਂ ਔਸਵਾਲ, ਬਬੇਰਵਾਲ, ਪਲੀਵਾਲ ਆਦਿ ਜਾਤਾਂ ਦਾ ਜਨਮ ਸਥਾਨ ਰਾਜਸਥਾਨ ਹੀ ਹੈ। ਚਿਤੌੜ ਦਾ ਕੀਰਤੀ ਸਤੰਭ, ਉਦੇਪੁਰ ਕੋਲ ਕੇਸਰੀਆ ਜੀ, ਰਾਣਕ ਪੁਰ, ਮਾਉਂਟ ਆਬੂ ਸਭ ਰਾਜਸਥਾਨ ਵਿਚ ਹੀ ਹਨ। ਜੋਧਪੁਰ, ਬੀਕਾਨੇਰ, ਅਜਮੇਰ, ਜਿਲਿਆਂ ਵਿਚ ਅਨੇਕਾਂ ਜੈਨ ਤੀਰਥ ਹਨ। ਸਵਾਈ ਮਾਧੋਪੁਰ ਵਿਖੇ ਸ੍ਰੀ ਮਹਾਵੀਰ ਜੀ ਨਾਂ ਦਾ ਪ੍ਰਸਿਧ ਤੀਰਥ ਹੈ। ਰਾਜਸਥਾਨ ਦੇ ਕਰੀਬ ਹਰ ਸ਼ਹਿਰ, ਪਿੰਡ ਵਿਚ ਜੈਨ ਗ੍ਰੰਥਾਂ ਦੇ ਪੁਰਾਤਨ ਭੰਡਾਰ ਸੁਰਖਿਅਤ ਹਨ। ਰਾਜਸਥਾਨ ਵਿਚ ਜੈਨ ਧਰਮ ਦੇ ਚਾਰੋ ਫਿਰਕੇ ਵੱਧੇ ਫੁੱਲੇ ਹਨ। ਸ਼ਵੇਤਾਂਵਰ ਤੇਰਾ ਪੰਥੀ ਫਿਰਕੇ ਦੀ ਜਨਮ ਸਥਲੀ ਰਾਜਸਥਾਨ ਹੈ।

ਤੇਰਾਪੰਥੀ ਫਿਰਕੇ ਦੇ ਸਾਰੇ ਅਚਾਰਿਆ ਰਾਜਸਥਾਨ ਨਾਲ ਸੰਬੰਧਿਤ ਹਨ। ਇਹ ਫਿਰਕਾ ਅੱਜ ਕੱਲ ਅਨੁਵਰਤ ਅਨੁਸ਼ਾਸਤਾ ਅਚਾਰਿਆ ਤੁਲਸੀ ਜੀ ਦੀ ਹਿਦਾਇਤਾਂ

ਅਨੁਸਾਰ ਪ੍ਰਚਾਰ ਕਰਦਾ ਹੈ । ਤੇਰਾਪੰਥ ਫਿਰਕੇ ਦੇ 90 ਪ੍ਰਤੀਸ਼ਤ ਸਾਧੂ ਸਾਧਵੀਆਂ ਰਾਜ-ਸਥਾਨੀ ਹਨ । ਇਸ ਤੋਂ ਛੁਟ ਸ਼ਵੇਤਾਂਬਰ ਜੈਨ ਪੂਜਾ ਦੇ ਡੇਰੇ ਵੀ ਰਾਜਸਥਾਨ ਵਿਚ ਪ੍ਰਚਾਰ ਕੇਂਦਰ ਹਨ । ਜੈਸਲਮੇਰ ਦਾ ਗ੍ਰੰਥ ਭੰਡਾਰ ਸਾਰੀ ਦੁਨੀਆਂ ਵਿਚ ਜੈਨ ਧਰਮ ਦਾ ਨਾਂ ਚਮਕਾ ਰਹੇ ਹਨ, ਜਿਥੇ ਹਜਾਰਾਂ ਹਥ ਲਿਖਤ, ਦੁਰਲਭ ਅਣਛਪੇ ਗ੍ਰੰਥ ਕਿਲੇ ਵਿਚ ਸੁਰ-ਖਿਅਤ ਹਨ । ਇਸ ਰਾਜ ਨੇ ਅਨੇਕਾਂ ਕਵੀ ਵਿਦਵਾਨ ਜੈਨ ਧਰਮ ਨੂੰ ਪ੍ਰਦਾਨ ਕੀਤੇ ।

ਸ਼ਵੇਤਾਂਬਰ ਸਥਾਨਕਵਾਸੀ ਫਿਰਕੇ ਦੇ ਕਾਫੀ ਸਾਧੂ ਅਤੇ ਸਾਧਵੀਆਂ ਦਾ ਸੰਬੰਧ ਵੀ ਇਸ ਰਾਜ ਨਾਲ ਰਿਹਾ ਹੈ । ਦਰਅਸਲ ਗੁਜਰਾਤ ਅਤੇ ਰਾਜਸਥਾਨ ਜੈਨ ਧਰਮ ਦੇ ਪ੍ਰਮੁਖ ਰਾਜ ਹਨ । ਇਨ੍ਹਾਂ ਦੋਹਾਂ ਰਾਜਾਂ ਤੋਂ ਜੈਨ ਧਰਮ ਦੇ ਪ੍ਰਚਾਰ ਸਾਰੇ ਭਾਰਤ ਵਿਸ਼ੇਸ਼ ਤੌਰ ਤੇ ਸਿੰਧ, ਪੰਜਾਬ, ਕਸ਼ਮੀਰ, ਗੰਧਾਰ, ਰੂਸ ਤਕ ਪੁਜੇ ਹਨ । ਦਿਗੰਬਰ ਫਿਰਕੇ ਦੇ ਅਨੇਕਾਂ ਪ੍ਰਚਾਰ ਕੇਂਦਰ, ਮੰਦਰ, ਮਠ, ਗ੍ਰੰਥ ਭੰਡਾਰ ਕਾਫੀ ਮਾਤਰਾ ਵਿਚ ਮਿਲਦੇ ਹਨ ।

**ਮੱਧ ਪ੍ਰਦੇਸ਼**— ਇਹ ਰਾਜ ਪ੍ਰਸਿਧ ਖੰਡੇਲਵਾਲ ਜਾਤੀ ਦਾ ਜਨਮ-ਸਥਾਨ ਹੈ । ਇਸ ਰਾਜ ਵਿਚ ਦਿਗੰਬਰ ਫਿਰਕੇ ਦਾ ਬਹੁਤ ਜੋਰ ਹੈ । ਇਥੇ ਅਨੇਕਾਂ ਜੈਨ ਤੀਰਥ ਹਨ । ਗਵਾਲੀਅਰ ਦੇ ਕਿਲੇ ਦੀਆਂ ਵਿਸ਼ਾਲ ਜੈਨ ਮੂਰਤੀਆਂ ਵੇਖਨ ਯੋਗ ਹਨ । ਇਸ ਤੋਂ ਛੁਟ ਖੁਜਰਾਹੋ, ਮੁਕਾਤਗਿਰੀ, ਚਗੀ, ਮਗੀ ਸੋਮ ਗਿਰ, ਦੇਵ ਗੜ, ਦੋਰਨਾ ਗਿਰੀ ਅਨੇਕਾਂ ਜੈਨ ਧਨਮ ਦੇ ਕਲਾ ਤੇ ਪ੍ਰਚਾਰ ਕੇਂਦਰ ਹਨ ।

ਇਸ ਰਾਜ ਵਿਚ 17ਵੀਂ ਸਦੀ ਤਕ ਜੈਨ ਧਰਮ ਵਧਦਾ ਫੁਲਦਾ ਰਿਹਾ । ਇਥੇ ਕਲਚਰੀ ਵੰਸ਼ ਦੇ ਰਾਜੇ ਜੈਨ ਧਰਮ ਦੇ ਉਪਾਸਕ ਸਨ । ਇਨ੍ਹਾਂ ਦਾ ਸਮਾਂ 8-9 ਸਦੀ ਰਿਹਾ ਹੈ । ਜੈਨ ਕਲਾ ਦੇ ਚਿੰਨ੍ਹ ਹਰ ਪਿੰਡ ਅਤੇ ਪੁਰਾਣੇ ਸ਼ਹਿਰਾਂ ਵਿਚ ਵੇਖੇ ਜਾ ਸਕਦੇ ਹਨ, ਹੁਣ ਵੀ ਮੱਧ ਪ੍ਰਦੇਸ਼ ਜੈਨ ਧਰਮ ਦਾ ਪ੍ਰਮੁਖ ਕੇਂਦਰ ਹੈ ।

**ਉੱਤਰ ਪ੍ਰਦੇਸ਼**— ਅਸੀਂ ਸ਼ੁਰੂ ਵਿਚ ਆਖ ਚੁਕੇ ਹਾਂ ਕਿ ਜ਼ਿਆਦਾ ਤੀਰਥੰਕਰਾਂ ਦਾ ਸੰਬੰਧ ਉੱਤਰਪ੍ਰਦੇਸ਼ ਨਾਲ ਸੀ । ਅੱਜ ਵੀ ਮਥੁਰਾ, ਮੇਰਠ (ਸ਼੍ਰਾਵਸਤੀ) ਖੁਖੰਦੋ, ਅਹਿਛੋਤਰ ਹਸਤਨਾਪੁਰ, ਬਨਾਰਸ, ਅਯੋਧਿਆ ਆਦਿ ਜੈਨ ਧਰਮ ਨਾਲ ਸੰਬੰਧਿਤ ਤੀਰਥ ਉੱਤਰਪ੍ਰਦੇਸ਼ ਵਿੱਚ ਹਨ । ਹਰ ਤੀਰਥੰਕਰ ਨੇ ਉੱਤਰ ਪ੍ਰਦੇਸ਼ ਵਿੱਚ ਧਰਮ ਪ੍ਰਚਾਰ ਕੀਤਾ ਹੈ । ਪਹਿਲੇ ਤੀਰਥੰਕਰ ਰਿਸ਼ਭਦੇਵ ਸਮੇਤ ਅਨੇਕਾਂ ਤੀਰਥੰਕਰਾਂ ਦੀ ਜਨਮ ਭੂਮੀ ਇਹ ਪ੍ਰਦੇਸ਼ ਹੈ, ਭਗਵਾਨ ਮਹਾਵੀਰ ਸਵਾਮੀ ਕਈ ਵਾਰ ਇਸ ਇਲਾਕੇ ਵਿੱਚ ਘੁੰਮੇ । ਖਾਸ ਤੌਰ ਤੇ ਬਾਰਾਨਸੀ, ਨੰਦ ਗ੍ਰਾਮ, ਮਥੁਰਾ, ਹਸਤਨਾਪੁਰ, ਕੋਸਮ (ਕੌਸ਼ਾਂਬੀ) ਦਾ ਨਾਂ ਵਰਨਣ ਯੋਗ ਹੈ । ਇਸੇ ਦਾ ਇੱਕ ਖੇਤਰ ਮੱਲ ਸੀ । ਭਗਵਾਨ ਮਹਾਵੀਰ ਦੇ ਨਿਰਵਾਨ ਸਮੇਂ ਕਾਸ਼ੀ, ਕੋਸ਼ਲ ਤੇ ਮਲ ਗਣ-ਖੇਤਰ ਦੇ ਰਾਜੇ ਭਗਵਾਨ ਦਾ ਅੰਤਿਮ ਉਪਦੇਸ਼ ਸੁਨਣ ਮਗਧ ਦੇਸ਼ ਦੀ ਪਾਵਾ ਨਗਰੀ ਪਹੁੰਚੇ ਸਨ । ਅੱਜ ਉੱਤਰ ਪ੍ਰਦੇਸ਼ ਵਿੱਚ ਹਰ ਫਿਰਕੇ ਦੇ ਤੀਰਥ ਸਥਾਨ, ਗ੍ਰੰਥ ਭੰਡਾਰ ਮਿਲਦੇ ਹਨ । ਮਥੁਰਾ ਦੀਆਂ ਜੈਨ ਮੂਰਤੀਆਂ ਅਤੇ ਜੈਨ ਸਥਾਨ ਇਸ ਗੱਲ ਦਾ ਜਿਉਂਦਾ ਪ੍ਰਮਾਣ ਹੈ ਕਿ ਜੈਨ ਧਰਮ ਉੱਤਰਪ੍ਰਦੇਸ਼ ਦੇ ਲੋਕਾਂ ਦਾ ਆਮ ਧਰਮ ਸੀ । ਇਹ ਰਾਜ ਮਹਾ-ਸਾਧਵੀ ਪਾਰਵਤੀ ਦੀ ਜਨਮ ਭੂਮੀ ਹੈ ਜੋ ਸ਼ਵੇਤਾਂਬਰ ਵਿਦਵਾਨ ਸਨ ।

ਸ਼ਵੇਤਾਂਬਰ ਸਥਾਨਕਵਾਸੀ ਫਿਰਕੇ ਦੇ ਅਨੇਕਾਂ ਵਿਦਵਾਨ ਮੁਨੀ ਇਸ ਰਾਜ ਨਾਲ ਸੰਬੰਧਿਤ ਹਨ ।

## ਪੰਜਾਬ-ਹਰਿਆਣਾ ਤੇ ਕਸ਼ਮੀਰ

ਪੰਜਾਬ ਦੀ ਕੋਈ ਪੱਕੀ ਹੱਦ ਨਿਸ਼ਚਿਤ ਨਹੀਂ ਰਹੀ। ਜਿਸ ਰਾਜ ਨੂੰ ਅਸੀਂ ਅੱਜ ਪੰਜਾਬ ਆਖਦੇ ਹਾਂ ਇਹ 1967 ਵਿਚ ਹੋਂਦ ਵਿਚ ਆਇਆ। 1947 ਤੋਂ ਪਹਿਲਾ ਪੰਜਾਬ ਕੰਧਾਰ ਤੋਂ ਲੈ ਕੇ ਦਿਲੀ ਤੱਕ ਅਖਵਾਉਂਦਾ ਸੀ। ਜਿਸ ਵਿਚ ਇਹ ਤਿੰਨ ਰਾਜ ਆ ਜਾਂਦੇ ਸਨ। ਭਗਵਾਨ ਮਹਾਵੀਰ ਸਮੇਂ ਇਹ ਹਿੱਸੇ ਛੋਟੇ 2 ਭਾਗਾਂ ਵਿਚ ਵੰਡੇ ਸਨ। ਜਿਨ੍ਹਾਂ ਦੇ ਨਾਂ ਕੁਰੂ ਸਿੰਧੂ ਸੋਵੀਰ, ਮਿਲਦੇ ਹਨ। ਭਗਵਾਨ ਮਹਾਵੀਰ ਨੇ ਕੁਰੂ ਦੇ ਰਾਜਾ ਸ਼ਿਵ ਅਤੇ ਸਿੰਧੂ ਵਿਚ ਪ੍ਰਾਂਤ ਦੇ ਰਾਜੇ ਉਦੇਯਨ ਨੂੰ ਸਾਧੂ ਬਣਾਇਆ ਸੀ। ਉਦੇਯਨ ਦਾ ਪਰਿਵਾਰ ਜੈਨ ਸ਼ਾਸਤਰਾਂ ਦਾ ਬਹੁਤ ਜਾਨਕਾਰ ਸੀ। ਉਸ ਦੀ ਭੈਣ ਜੈਅੰਤੀ ਨੇ ਮਹਾਵੀਰ ਤੋਂ ਅਨੇਕਾਂ ਪ੍ਰਸ਼ਨ ਪੁਛੇ ਸਨ ਜੋ ਅਜ ਵੀ ਭਗਵਤੀ ਸੂਤਰ ਵਿਚ ਦਰਜ ਹਨ। ਪੰਜਾਬ ਵੇਦ, ਪੁਰਾਣਾ, ਮਹਾਂਭਾਰਤ, ਅਤੇ ਰਮਾਇਣ ਦੀ ਜਨਮ ਸਥਲੀ ਹੈ। ਇਨ੍ਹਾਂ ਸਭ ਗ੍ਰੰਥਾਂ ਵਿਚ ਜੈਨ ਧਰਮ ਵਾਰੇ ਕਾਫੀ ਸਾਮਗਰੀ ਮਿਲਦੀ ਹੈ। ਇਹ ਇਕ ਰਾਜ ਸਰਹੱਦੀ ਹੈ। ਵਿਦੇਸ਼ੀਆਂ ਨੇ ਜੈਨ ਕਲਾ ਕੇਂਦਰਾਂ ਨੂੰ ਹਮਲਿਆਂ ਦਾ ਸ਼ਿਕਾਰ ਬਣਾਇਆ। ਪਰ ਅਜਿਹਾ ਕਦੇ ਮੌਕਾ ਨਹੀਂ ਆਇਆ, ਜਦੋਂ ਜੈਨ ਧਰਮ ਇਥੋਂ ਲੋਪ ਹੋਇਆ ਹੋਵੇ। ਭਗਵਾਨ ਰਿਸ਼ਵ ਦੇਵ ਦੇ ਪੁਤਰ ਬਾਹੁਵਲੀ ਨੇ ਗੰਧਾਰ ਦੀ ਰਾਜਧਾਨੀ ਤਕਸ਼ਿਲਾ ਬਨਾਈ। ਉਨ੍ਹਾਂ ਦੀ ਤਪੋ ਭੂਮੀ ਪੰਜਾਬ ਰਿਹਾ। ਭਗਵਾਨ ਮਹਾਵੀਰ ਵੀ ਆਪਣੀ ਤਪਸਿਆ ਸਮੇਂ ਥਾਨੇਸ਼ਵਰ, ਸਿਆਲਕੋਟ ਦੇ ਇਲਾਕੇ ਵਿਚ ਘੁਮੇ। ਕੇਵਲ ਗਿਆਨ ਹੋਣ ਉਪਰੰਤ ਆਪਣੇ ਰੋਹਤਕ, ਮੋਗਾ, ਭੇਰਾ ਵਿਚ ਰਟਨ ਕੀਤਾ। ਭਗਵਾਨ ਮਹਾਵੀਰ ਦੇ ਹਜ਼ਾਰਾਂ ਸਾਧੂ-ਸਾਧਵੀ ਇਨ੍ਹਾਂ ਰਾਜਾਂ ਵਿਚ ਘੁੰਮੇ। ਸਿੰਧ-ਪੰਜਾਬ ਇਲਾਕੇ ਵਿਚ ਭਗਵਾਨ ਪਾਰਸ ਨਾਥ ਦੇ ਸਾਧੂ ਵੀ ਘੁਮਦੇ ਰਹੇ ਹਨ ਅਜਿਹਾ ਕੁਰਸੀ ਨਾਮਿਆ ਤੋਂ ਪਤਾ ਲਗਦਾ ਹੈ। ਮੱਧਕਾਲ ਵਿਚ ਲਾਹੌਰ, ਕਸੂਰ, ਮੁਲਤਾਨ, ਦਿਲੀ, ਮੱਧ ਪੰਜਾਬ, ਤੋਸ਼ਾਮ ਦਾ ਇਲਾਕਾ ਜੈਨ ਅਬਾਦੀਆ ਦਾ ਪ੍ਰਮੁਖ ਕੇਂਦਰ ਸੀ। ਇਥੋਂ ਦੀ ਅਗਰਵਾਲ ਜਾਤ ਨੇ ਜੈਨ ਧਰਮ ਨੂੰ ਤੀਜੀ ਸਦੀ ਵਿਚ ਗ੍ਰਹਿਣ ਕਰ ਲਿਆ ਸੀ। ਮੁਗੱਲ ਕਾਲ ਵਿਚ ਜਿਨ ਪ੍ਰਭਵ ਸੂਰੀ, ਹੀਰਾ ਵਿਜੇ ਅਤੇ ਜਿਨ ਚੰਦਰ ਜਿਹੇ ਅਚਾਰਿਆ ਪੰਜਾਬ ਵਿਚ ਘੁੰਮੇ।

ਇਨ੍ਹਾਂ ਰਾਜਾਂ ਵਿਚ ਉਤਰ ਪ੍ਰਦੇਸ਼, ਗੁਜਰਾਤ, ਮਹਾਂਰਾਸਟਰ, ਰਾਜਸਥਾਨ ਦੇ ਸਾਧੂ ਤੇ ਪੂਜ ਧਰਮ ਪ੍ਰਚਾਰ ਕਰਦੇ ਰਹੇ। ਮੁਗਲ ਕਾਲ ਵਿਚ ਸਥਾਨਕਵਾਸੀ ਫਿਰਕਾ ਇਥੇ ਦਾ ਪ੍ਰਮੁਖ ਫਿਰਕਾ ਹੋ ਗਿਆ। ਪਰ ਹੁਣ ਪੁਜਾਬ ਵਿਚ ਹਰ ਫਿਰਕੇ ਦੇ ਜੈਨ ਪ੍ਰਚਾਰ ਕੇਂਦਰ, ਗ੍ਰੰਥ ਭੰਡਾਰ ਤੇ ਸਾਧੂ ਮਿਲਦੇ ਹਨ। ਪੰਜਾਬ ਦੇ ਰਾਜਿਆ ਨੇ ਜੈਨ ਸਾਧੂ, ਪੂਜਾ ਨੂੰ ਬਹੁਤ ਸਨਮਾਨ ਦਿਤਾ। ਮੇਘ ਵਿਨੋਦ, ਮੇਘ ਵਿਲਾਸ ਜੇਹੇ ਅਨੇਕਾਂ ਹਿਕਮੱਤ ਦੇ ਗ੍ਰੰਥ ਪੰਜਾਬ ਵਿਚ ਜੈਨਮੁਨੀਆਂ ਨੇ ਲਿਖੇ।

ਅੱਜ ਵੀ ਸ਼ਵੇਤਾਂਵਰ ਸਥਾਨਕਵਾਸੀ ਮੁਨੀਆਂ ਵਿਚ ਜ਼ਿਆਦਾ ਸਾਧੂ-ਸਾਧਵੀ ਪੰਜਾਬ ਨਾਲ ਸਬੰਧਿਤ ਹਨ। ਇਥੇ ਜੈਨੀਆਂ ਦਾ ਕਿਸੇ ਨਾਲ ਟਕਰਾ ਨਹੀਂ ਰਿਹਾ। ਹੁਣ

ਵੀ ਪੰਜਾਬ ਵਿਚ ਜਿਆਦਾ ਗਿਣਤੀ ਸ਼ਵੇਤਾਂਵਰ ਸਥਾਨਕਵਾਸੀ ਫਿਰਕੇ ਦੀ ਹੈ। 50 ਸਾਲ ਪਹਿਲਾ ਤੇਰਾਂਪ੍ਰਥੀ ਜੈਨ ਫਿਰਕੇ ਦਾ ਪੰਜਾਬ ਵਿਚ ਅਗਮਨ ਹੋਇਆ। ਪੰਜਾਬ ਨੇ ਜੈਨ ਧਰਮ ਨੂੰ ਅਚਾਰਿਆਂ ਅਮਰ ਸਿੰਘ, ਅਚਾਰਿਆ ਆਤਮਨੰਦ, ਅਚਾਰਿਆ ਆਤਮਾਰਾਮ, ਪੂਜਨੰਦ ਲਾਲ, ਪੂਜ ਰੂਪ ਚੰਦ ਜ਼ੀ, ਜਿਹੇ ਵਿਦਵਾਨ ਅਚਾਰਿਆ ਪ੍ਰਦਾਨ ਕੀਤੇ ਹਨ। ਪੰਜਾਬ ਵਿਚ ਅਠਵੀਂ ਸਦੀ ਤਕ ਦੇ ਜੈਨ ਧਰਮ ਦੇ ਪੁਰਾਤਤਵ ਚਿਨ ਮਿਲਦੇ ਹਨ।

ਵਰਤਮਾਨ ਕਾਲ ਵਿਚ ਉਪਾਧਿਆ ਅਮਰਮੁਨੀ ਜੀ, ਸ੍ਰੀ ਵਿਮਲ ਮੁਨੀ ਜੀ, ਸ੍ਰੀ ਚੰਦਨ ਮੁਨੀ ਜੀ, ਉਪਾਧਿਆ ਸ੍ਰੀ ਫੂਲ ਚੰਦ ਜੀ ਸ੍ਰਮਣ, ਭੰਡਾਰੀ ਪੱਦਮ ਚੰਦ ਜੀ, ਤਪਸਵੀ ਫਕੀਰ ਚੰਦ ਸ੍ਰੀ ਧੰਨ ਰਾਜ, ਪੂਜ ਲਾਲ ਚੰਦ (ਅੰਬਾਲਾ), ਅਰਹਤਸੰਘ ਅਚਾਰਿਆ ਸੁਸੀਲ ਕੁਮਾਰ ਜੀ, ਚੰਦਨਮੁਨੀ, ਪ੍ਰਸਿਧ ਪੰਜਾਬੀ ਜੈਨ ਲੇਖਿਕਾ ਸਾਧਵੀ ਸ੍ਰੀ ਸੁਵਰਨਕਾਂਤਾ ਜੀ ਮਹਾਰਾਜ ਦਾ ਸੰਭਧ ਵੀ ਪੰਜਾਬ ਨਾਲ ਹੈ। ਇਹ ਸਾਧੂ ਲੇਖਕ, ਕਵੀ ਅਤੇ ਵਿਦਵਾਨ ਹਨ। ਪੂਜ ਖਜਾਨ ਚੰਦ ਜੀ ਅਤੇ ਅਚਾਰਿਆ ਸ੍ਰੀ ਵਿਜੈ ਬਲਭ ਨੇ ਪੰਜਾਬ ਵਿਚ ਸਿਖਿਆ ਸੰਸਥਾਵਾਂ ਦਾ ਜਾਲ ਵਿੱਛਾ ਦਿਤਾ ਹੈ। ਅਚਾਰਿਆ ਆਤਮਾ ਨੰਦ ਜੀ ਨੇ ਬਲੋਚਿਸਤਾਨ ਸਿੰਧ ਪੁਰਾਤਨ ਪੰਜਾਬ ਅਨੇਕਾਂ ਨਵੇਂ ਮੰਦਰ ਪ੍ਰੇਰਣਾ ਦੇ ਕੇ ਬਨਵਾਏ। ਇਨ੍ਹਾਂ ਸੱਤਰਾਂ ਦੇ ਲੇਖਕ ਦਾ ਸਬੰਧ ਵੀ ਪੰਜਾਬ ਨਾਲ ਹੈ ਜਿਨ੍ਹਾਂ ਪਹਿਲੀ ਵਾਰ ਸਾਧਵੀ ਸ਼੍ਰੀ ਸਵਰਨ ਕਾਂਤਾ ਜੀ ਦੀ ਪ੍ਰੇਰਣਾ ਨਾਲ ਪੰਜਾਬੀ ਭਾਸ਼ਾ ਵਿਚ 40 ਪੁਸਤਕਾਂ ਪਹਿਲੀ ਵਾਰ ਲਿਖੀਆ ਹਨ। ਇਹ ਜੈਨ ਗ੍ਰੰਥ ਅਨੁਵਾਦ, ਸੰਪਾਦਕ, ਲੇਖਨ, ਕਹਾਣੀ ਲੇਖਣ, ਇਤਿਹਾਸ ਨਾਲ ਸਬੰਧਿਤ ਹਨ।

**ਦਖਣ ਭਾਰਤ ਵਿਚ ਜੈਨ ਧਰਮ :**

ਭਗਵਾਨ ਮਹਾਂਵੀਰ ਦੇ ਨਿਰਵਾਨ ਤੋਂ ਤਕਰੀਬਨ 500 ਸਾਲ ਬਾਅਦ ਜੈਨੀਆ ਦੇ ਦੋ ਫਿਰਕੇ ਸ਼ਵੇਤਾਂਵਰ ਤੇ ਦਿਗੰਵਰ ਹੋ ਗਏ। ਸ਼ਵੇਤਾਂਵਰ ਸਫੇਦ ਕਪੜੇ ਪਹਿਨਦੇ ਹਨ ਦਿਗੰਵਰ ਮੁਨੀ ਨਗਨ ਰਹਿੰਦੇ ਹਨ। ਚੰਦਰ ਗੁਪਤ ਮੋਰਿਆ ਸਮੇਂ 12 ਸਾਲ ਦਾ ਅਕਾਲ ਪਿਆ। ਉਦੋਂ ਸ਼ਵੇਤਾਂਵਰ ਗੁਜਰਾਤ, ਰਾਜ ਸਥਾਨ ਅਤੇ ਪੰਜਾਬ ਨੂੰ ਆ ਗਏ ਪਰ ਦਿਗੰਵਰ ਦਖਣ ਭਾਰਤ ਵਲ ਅਗੇ ਵਧੇ। ਅੱਜ ਵੀ ਦਖਣ ਭਾਰਤ ਵਿਚ ਜੈਨ ਕਲਾ, ਹੋਰਾਂ ਖੇਤਰਾਂ ਨਾਲੋਂ ਵਧ ਸੁਰਖਿਅਤ ਹੈ।

ਦਖਣ ਦੀ ਭਾਸ਼ਾਵਾਂ ਵਿਚ ਜੈਨ ਸਾਧੂਆਂ ਨੇ ਧਰਮ ਪ੍ਰਚਾਰ ਕਰਨਾ ਸ਼ੁਰੂ ਕਰ ਦਿਤਾ। ਜਿਸ ਨਾਲ ਜੈਨ ਧਰਮ ਉਤਰ ਪੂਰਵ ਦੀ ਤਰ੍ਹਾਂ ਲੋਕਾਂ ਦਾ ਧਰਮ ਬਣ ਗਿਆ।

ਦਖਣ ਦੇ ਰਾਜਾਂ ਨੂੰ ਜੈਨ ਧਰਮ ਪਖੋਂ ਦੋ ਭਾਗਾਂ ਵਿਚ ਵੰਡ ਸਕਦੇ ਹਾਂ ਤਾਮਲ ਤੇ ਕਰਨਾਟਕ।

ਤਾਮਲ ਦੇ ਚੋਲ ਤੇ ਪਾਂਡੋ ਰਾਜੇ ਜੈਨ ਧਰਮ ਦੇ ਉਪਾਸਕ ਸਨ ਪਰ ਤਾਮਲ ਵਿਚ ਜੈਨ ਧਰਮ ਨੂੰ ਬਹੁਤ ਹੀ ਕਸ਼ਟ ਸ਼ੈਵ ਮਤ ਵਾਲਿਆਂ ਤੋਂ ਉਠਾਨੇ ਪਏ। ਤਾਮਲ ਭਾਸ਼ਾਂ ਦੇ

ਗ੍ਰੰਥ ਨਾਲਿਦਿਅਰ ਅਤੇ ਮਦੂਰਾਏ ਦੇ ਮਿਨਾਕਸ਼ੀ ਮੰਦਰ ਇਨ੍ਹਾਂ ਜ਼ੁਲਮਾਂ ਦੀ ਕਹਾਣੀ ਦਸ ਰਹੇ ਹਨ। ਹਜ਼ਾਰਾਂ ਜੈਨ ਸਾਧੂ ਫੂਕ ਦਿਤੇ ਗਏ ਮੰਦਰ ਢਾਹ ਦਿਤੇ ਗਏ। ਕਈ ਮੰਦਰਾਂ ਨੂੰ ਸ਼ਿਵ ਮੰਦਰ ਬਣਾ ਦਿਤਾ ਗਿਆ। ਇਸ ਇਲਾਕੇ ਵਿਚ ਅਨੇਕਾਂ ਦਿਗੰਵਰ ਜੈਨ ਅਚਾਰੀਆ ਨੇ ਜੈਨ ਗ੍ਰੰਥ ਲਿਖੇ ਕਾਂਚੀ ਜੈਨ ਧਰਮ ਦਾ ਕੇਂਦਰ ਹਿਉਨਸਾਂਗ ਸਮੇਂ ਤਕ ਬਣਿਆ ਰਿਹਾ। ਜੈਨ ਅਚਾਰੀਆਂ ਨੇ ਪ੍ਰਚਾਰ ਦਾ ਮਾਧਿਅਮ ਤਾਮਲ ਤੇ ਕਨੜ ਬਣਾਇਆ। ਸ਼ਿਵ ਸਾਧੂ ਅੱਪਰੱ ਨੇ ਜੈਨ ਰਾਜਾ ਮਹੇਦਰ ਵਰਮਾਂ ਨੂੰ ਸੈਵ ਬਣਾਕੇ ਜ਼ੁਲਮ ਸ਼ੁਰੂ ਕੀਤੇ। ਚਾਲੂਕਿਆ ਰਾਜਾਵਾਂ ਨੇ ਜੈਨ ਧਰਮ ਦੀ ਮਦਦ ਕੀਤੀ। ਪਰ ਕਰਨਾਟਕ ਵਿਚ ਜੈਨ ਧਰਮ ਨੂੰ ਬਹੁਤ ਹੀ ਮਹੱਤਵ ਪੂਰਨ ਸਥਾਨ ਮਿਲਿਆ। ਆਂਧਰ ਵੰਸ, ਕੰਦਬਵੰਸ, ਦੇ ਅਨੇਕਾਂ ਰਾਜੇ ਜੈਨ ਸਨ ਕਰਨਾਟਕ ਵਿਚ ਅਨੇਕਾਂ ਜੈਨ ਇਸਤਰੀਆਂ ਨੇ ਧਰਮ ਪ੍ਰਚਾਰ ਕੀਤਾ, ਅਜਿਹਾ ਸਿਲਾਲੇਖਾਂ ਤੋਂ ਸਿਧ ਹੈ। ਇਨ੍ਹਾਂ ਵਿਚ ਰਾਣੀ **ਜਕਿੱਕਯਵੇ** ਦਾ ਨਾਂ ਪ੍ਰਸਿਧ ਹੈ ਜੋ ਬਹਾਦਰ ਔਰਤ ਸੀ ਦਸਵੀਂ ਸਦੀ ਦੀ ਅੱਤੀਮਵੇ ਵੀ ਪ੍ਰਸਿਧ ਜੈਨ ਕਲਾ ਸੁਰਖਿਕਮੀ ਰਾਣੀ ਮਾਉਲ ਦੇਵੀ ਨੇ 1077 ਈ ਨੂੰ ਪਾਰਸ ਨਾਥ ਦਾ ਮੰਦਰ ਬਣਾਇਆ।

ਗੰਗ ਵੰਸ਼ ਰਾਜੇ ਵੀ ਦੂਜੀ ਸਦੀ ਤੋਂ ਲੈ ਕੇ 11ਵੀਂ ਸਦੀ ਤਕ ਰਾਜ ਕਰਦੇ ਰਹੇ। ਫੇਰ ਚੋਲ ਵੰਸ਼ ਨੇ ਉਨ੍ਹਾਂ ਨੂੰ ਹਰਾ ਦਿਤਾ। ਚੋਲ ਹੋਯਸਲ ਵੰਸ਼ ਤੋਂ ਹਾਰ ਗਏ। ਹੋਯਸਲ 11 ਵੀਂ ਸਦੀ ਤਕ ਰਾਜ ਕਰਦੇ ਰਹੇ।

ਪੁਰਾਣੇ ਚਾਲੁਕ 6 ਵੀ ਸਦੀ ਤੋਂ 11 ਵੀਂ ਸਦੀ ਤਕ ਰਾਜ ਕਰਦੇ ਰਹੇ। ਰਾਸ਼ਟਰ ਕੂਟ ਸੰ: 973 ਤਕ ਕਾਇਮ ਰਹੇ। ਹੁਣ ਅਸੀਂ ਵੰਸ਼ ਵਾਰ ਜਿਕਰ ਕਰਾਂਗੇ।

ਗੰਗ ਵੰਸ਼ ਦਾ ਪਹਿਲਾ ਰਾਜਾ ਮਾਧਵ ਸੀ ਉਸਨੇ ਜੈਨ ਧਰਮ ਨੂੰ ਰਾਜ ਧਰਮ ਬਣਾਇਆ। ਚੌਥੀ ਸਦੀ ਤੋਂ ਲੈ ਕੇ 12 ਵੀਂ ਸਦੀ ਦੇ ਅਨੇਕਾ ਸ਼ਿਲਾਲੇਖਾਂ ਤੋਂ ਪਤਾ ਚਲਦਾ ਹੈ ਕਿ ਇਸ ਵੰਸ਼ ਨੇ ਅਨੇਕਾ ਜੈਨ ਮੰਦਰ ਬਣਾਏ। ਮੁਨੀਆਂ ਨੂੰ ਦਾਨ ਦਿਤਾ। ਇਸ ਵੰਸ਼ ਦੇ ਮਾਰ ਸਿੰਘ ਨੇ ਚੇਰ, ਚੋਲ, ਪਾਂਡ ਤੇ ਜਿੱਤ ਹਾਸਲ ਕੀਤੀ। ਉਹ ਪੱਕਾ ਜੈਨ ਧਰਮੀ ਸੀ। ਉਸਦੀ ਮੌਤ 975 ਈ. ਨੂੰ ਹੋਈ।

ਭਗਵਾਨ ਰਿਸ਼ਵਦੇਵ ਦੇ ਦੂਸਰੇ ਪੁੱਤਰ ਬਾਹੂਵਲੀ ਦੀ 58 ਇੰਚ ਉੱਚੀ ਸੰਸਾਰ ਪ੍ਰਸਿਧ ਮੂਰਤੀ ਬਨਾਉਣ ਵਾਲਾ ਮੰਤਰੀ ਰਾਜਾ ਚਾਮੁੰਡ ਰਾਏ ਸੀ। ਜਿਸ ਨੇ ਆਪਣੇ ਗੁਰੂ ਨੇਮੀ ਚੰਦ ਸਿਧਾਂਤ ਚਕਰਵਰੋਤੀ ਦੀ ਪ੍ਰੇਰਨਾ ਨਾਲ, ਮਾਤਾ ਭਗਤੀ ਤੋਂ ਪ੍ਰੇਰਿਤ ਹੋ ਕੇ ਇਕ ਹੀ ਪਹਾੜ ਨੂੰ ਕੱਟ ਕੇ ਬਣਾਈ ਸੀ। ਜਿਸ ਨੂੰ ਦੱਖਣ ਵਿਚ ਗੋਮਟੇਸ਼ਵਰ ਬਾਹੁਵਲੀ ਆਖਦੇ ਹਨ। ਬਾਹੁਵਲੀ ਹੁਣ ਉਥੋਂ ਦੇ ਲੋਕਾਂ ਦਾ ਲੋਕ ਦੇਵਤਾ ਹੈ। ਚਾਮੁੰਡ ਰਾਏ ਖੁੱਦ ਵੀ ਜੈਨ ਗ੍ਰੰਥਾਂ ਦਾ ਵਿਦਵਾਨ ਸੀ ਉਹ ਰਾਜਮੱਲ ਰਾਜੇ ਦਾ ਮੰਤਰੀ ਬਹਾਦਰ ਯੋਧਾ ਤੇ ਸੈਨਾਪਤੀ ਸੀ। ਉਸ ਨੇ ਕਨੜ ਭਾਸ਼ਾ ਵਿਚ ਮਹਾਂਪੁਰਾਣ ਸੰਸਕ੍ਰਿਤ ਵਿਚ ਚਾਰਿਤਰ ਸਾਰ, ਅਤੇ ਪ੍ਰਾਕ੍ਰਿਤ ਵਿਚ ਗੋਮਟ ਸਾਰ ਦੀ ਰਚਨਾ ਕੀਤੀ। ਸੰਨ 1004 ਤਕ ਇਹ ਰਾਜ ਵੰਸ਼ ਠੀਕ ਚਲਿਆ।

ਫਿਰ ਇਹ ਰਾਜ ਕੰਮਜ਼ੋਰ ਹੁੰਦਾ ਗਿਆ।

ਹੋਯਸਲ ਵੰਸ਼ ਦੀ ਉਨਤੀ ਵਿਚ ਇਕ ਜੈਨਮੁਨੀ ਦਾ ਹੱਥ ਰਿਹਾ ਹੈ। ਇਸ ਵਿਚ ਅਮੋਘਵਰਸ਼ ਪਹਿਲਾ ਪ੍ਰਮੁਖ ਹੈ ਜੋ ਅੰਤ ਸਮੇਂ ਰਾਜਪਾਟ ਛਡਕੇ ਜੈਨਮੁਨੀ ਬਣ ਗਿਆ। ਇਸਨੇ ਕਈ ਮੰਦਰ ਬਣਾਏ। ਇਸ ਦੇ ਗੁਰੂ ਅਚਾਰਿਆ ਜਿਨ ਸੈਨ ਦੇ ਚੇਲੇ ਗੁਣ ਭਦੱਰ ਸਨ। ਉਹਨਾਂ ਉਤਰ ਪੁਰਾਣ ਲਿਖਿਆ। ਅਮੋਘਵਰਸ਼ ਦੇ ਰਾਜਾ ਵਿਚ ਹੀ ਪ੍ਰਸਿਧ ਜੈ ਧਵਲਾ, ਧਵਲਾ ਸ਼ਾਕਟਯਣ ਵਿਆਕਰਨ,ਪ੍ਰਸਨੋਤਰ ਰਤਨ ਮਾਲਿਕਾ ਗ੍ਰੰਥ ਲਿਖੇ ਗਏ। ਇਸ ਦਾ ਪੁਤਰ ਅਕਾਲ ਵਰਸ਼ ਵੀ ਜੈਨ ਧਰਮ ਦਾ ਮਹਾਨ ਉਪਾਸਕ, ਦਾਨੀ, ਕਲਾ ਪ੍ਰੇਮੀ ਸੀ।

ਕਦੰਬ ਵੰਸ਼ ਦੇ ਰਾਜੇਆਂ ਬ੍ਰਾਹਮਣ ਹੋਣ ਦੇ ਬਾਵਜੂਦ ਜੈਨ ਧਰਮ ਦੀ ਉਨਤੀ ਵਿਚ ਆਪਣੇ ਜੈਨ ਸੈਨਾਪਤੀਆਂ ਰਾਹੀਂ ਯੋਗ ਦਾਨ ਪਾਇਆ। ਇਸ ਵੰਸ਼ ਨੇ ਜੈਨ ਧਰਮ ਦੇ ਸ਼ਵੇਤਾਂਵਰ ਤੇ ਦਿਗੰਵਰ ਦੋਹਾਂ ਫਿਰਕਿਆ ਨੂੰ ਸਨਮਾਨ ਦਿਤਾ। ਕੁਕਸਥ ਵਰਮਾ, ਮਰਿਗੇਸ਼ ਵਰਮਾ, ਰਵੀ ਵਰਮਾ ਦੇ ਨਾਂ ਵਰਨਣਯੋਗ ਹਨ। ਇਹ ਵਸਦੇ ਇਹ ਰਾਜੇ 478 ਤੋਂ 534 ਈ. ਵਿਚ ਹੋਏ।

ਚਾਲੁਕ ਵੰਸ਼ ਦੇ ਦੋ ਭਾਗ ਹਨ ਪਛਮੀ ਚਾਲੁਕ ਨੇ 6 ਤੋਂ 8 ਸਦੀ ਤਕ ਰਾਜ ਕੀਤਾ ਜਦ ਕਿ ਪੂਰਵ ਚਾਲੂ ਨੇ ਆਂਧਰਾ ਪ੍ਰਦੇਸ਼ ਵਿਚ 7 ਤੋਂ 11 ਸਦੀ ਤਕ ਰਾਜ ਕੀਤਾ ਇਸ ਵੰਸ ਦੇ ਪੁਲਕੇਸੀ ਪਹਿਲਾ ਅਗੇ ਕੀਰਤੀ ਵਰਮਾ ਤੇ ਰਵਿ ਕੀਰਤੀ ਪੁਲਕੇਸੀ ਦੇ ਨਾਂ ਪ੍ਰਸਿੱਧ ਹਨ।

ਵਿਕਰਮਾਦਿਤ ਦੂਸਰੇ ਦੇ ਸਮੇ ਚਾਲੁਕ ਵੰਸ ਦੇ ਬੁਰੇ ਦਿਨ ਆ ਗਏ। ਸੰਨ 974 ਵਿਚ ਤੇਲਪ ਦੂਸਰਾਂ ਨੇ ਕਲਿਆਨੀ ਨੂੰ ਰਾਜਧਾਨੀ ਬਣਾਇਆ। ਇਹ ਧਾਰ ਨਗਰੀ ਦੇ ਰਾਜੇ ਸੀ। ਇਸ ਦੇ ਪੁਤਰ ਦੇ ਗੁਰੂ ਦਾ ਦਰਾਵਿੜ ਸੰਘ ਅਚਾਰਿਆ ਵਿਮਲਚੰਦ ਸੀ ਇਸ ਦੇ ਪੁਤਰ ਇਰੀਵ ਵੇਂਡਰਾ ਨੇ 997 ਤੋਂ 1004 ਤਕ ਰਾਜ ਕੀਤਾ। ਤੇਲਪ ਦਾ ਪੋਤਾ ਵੀ ਜੈਨ ਧਰਮ ਦੇ ਪ੍ਰਚਾਰ ਵਿਚ ਸਹਾਇਕ ਸੀ। ਇਸੇ ਵੰਸ ਦੇ ਸੋਮੇਸ਼ਵਰ ਪਹਿਲੇ ਤੇ ਦੂਸਰੇ ਨੇ ਜੈਨ ਧਰਮ ਦੀ ਤਰੱਕੀ ਵਿਚ, ਖ਼ੂਬ ਯੋਗਦਾਨ ਦਿਤਾ ਪੁਲਕੇਸ਼ੀ ਦੂਸਰੇ ਦੇ ਭਾਈ ਕੁਬਜ ਵਿਸ਼ਨੂੰ ਵਰਧਨ ਨੇ 615 ਤੋਂ 623 ਤਕ ਰਾਜ ਕੀਤਾ ਸੀ। ਇਸ ਦਾ ਰਾਜ ਧਰਮ ਵੀ ਜੈਨ ਸੀ।

ਇਨ੍ਹਾਂ ਸਭ ਰਾਜਿਆ ਨੇ ਅਨੇਕਾ ਜੈਨ ਮੰਦਰ ਬਣਾਏ। ਮੁਨੀਆਂ ਨੂੰ ਦਾਨ ਦਿਤਾ। ਵਿਦਵਾਨ ਦੇ ਸਹਿਯੋਗ ਨਾਲ ਅਨੇਕਾਂ ਗ੍ਰੰਥ ਲਿਖਵਾਏ।

## ਦੱਖਣ ਵਿਚ ਜੈਨੀਆ ਦਾ ਵਿਨਾਸ਼

ਚੋਲਕਿਆ ਤੋਂ ਬਾਅਦ ਕਾਲੁਚਰੀ ਵਿਜੋਲ ਜੈਨ ਰਾਜਾ ਸੀ ਪਰ ਇਸ ਦੇ ਸ਼ੈਵ ਉਪਾਸਕ ਮੰਤਰੀ ਵਿਜੱਲ ਨੇ ਜੈਨੀਆਂ ਨੂੰ ਬਹੁਤ ਕਸ਼ਟ ਦਿਤੇ। ਇਸ ਸਮੇਂ ਰਮਈਆ ਨਾਂ ਦਾ ਜੈਨ ਘਾਤਕ ਸਿਵ ਉਪਾਸਕ ਪੈਦਾ ਹੋਇਆ। ਰਮਈਆ ਨੇ ਅਨੇਕਾਂ ਜੈਨ ਮੰਦਰ ਢਾ

ਦਿਤੇ। ਪਿਛੋਂ ਰਮਈਆ ਦੇ ਅਸਰ ਹੇਠ ਵਿਜੁਲ ਵੀ ਸ਼ੈਵ ਬਣ ਗਿਆ।

ਸੰਨ 1268 ਦੇ ਸ਼ਿਲਾ ਲੇਖ ਤੋਂ ਪਤਾ ਚਲਦਾ ਹੈ ਕਿ ਵਿਜੈ ਨਗਰ ਦਾ ਹਰੀਹਰ ਦੂਸਰੇ ਦਾ ਸੈਨਾਪਤੀ ਇਰੁਗੱਪ ਜੈਨ ਸੀ। ਵਿਜੈ ਨਗਰ ਦੀ ਇਕ ਰਾਨੀ ਵੀ ਜੈਨ ਸੀ।

ਇਸ ਪ੍ਰਕਾਰ ਦੱਖਣ ਵਿਚ 14ਵੀਂ ਸਦੀ ਤਕ ਜੈਨ ਧਰਮ ਅਪਣਾ ਅਸਰ ਕਾਇਮ ਰਖਦਾ ਰਿਹਾ। ਦੱਖਣ ਵਿਚ ਮੁਗਲਾ ਦਾ ਅਸਰ ਵੀ ਘੱਟ ਰਿਹਾ। ਰਾਮਨੁਜ, ਮੰਡਨ (ਮਿਸ਼ਰ, ਸੰਕਰਾ ਆਚਾਰਿਆ, ਤੋਂ) ਪੁਸ਼ਯਮਿੱਤਰ ਤੋਂ ਛੁਟ ਕਿਸੇ ਨੇ ਵੀ ਜੈਨ ਧਰਮ ਨੂੰ ਇਨ੍ਹਾਂ ਨੁਕਸਾਂਨ ਨਹੀਂ ਪਹੁੰਚਾਇਆ। ਇਹੋ ਕਾਰਣ ਹਨ ਕਿ ਅੱਜ ਜੈਨ ਘਟ ਗਿਣਤੀ ਹਨ। ਉਨ੍ਹਾਂ ਦੀ ਪਹਿਚਾਨ ਖਤਮ ਹੋ ਰਹੀ ਹੈ।

## ਵਿਦੇਸ਼ਾ ਵਿਚ ਜੈਨ ਧਰਮ

ਪੁਰਾਤਨ ਸਮੇਂ ਤੋਂ ਹੀ ਜੈਨ ਧਰਮ ਕਿਸੇ ਨਾ ਕਿਸੇ ਰੂਪ ਵਿਚ ਫੈਲ ਰਿਹਾ ਹੈ ਇਸ ਗੱਲ ਦਾ ਵਿਸਥਾਰ ਨਾਲ ਵਰਨਣ ਅਸੀਂ **ਪੁਰਾਤਨ ਪੰਜਾਬ ਵਿਚ ਜੈਨ ਧਰਮ** ਨਾਮਕ ਪੁਸਤਕ ਵਿਚ ਕਰ ਚੁਕੇ ਹਾਂ ਫੇਰ ਵੀ ਸੰਖੇਪ ਵਿਚ ਅਸੀਂ ਜਿਕਰ ਕਰਦੇ ਹਾਂ ਹਰ ਤੀਰਥੰਕਰ ਦੇ ਸਮੇਂ ਸਾਧੂ ਕਠੋਰ ਕਸ਼ਟ ਸਹਿ ਕੇ ਵੀ ਵਿਦੇਸ਼ ਗਏ ਹਨ। ਅੱਜ ਸੰਸਾਰ ਵਿਚ ਜਿਥੇ ਵੀ ਸ਼ਾਕਾਹਾਰੀ ਦੀ ਗੱਲ ਹੈ ਉਥੇ ਜੈਨ ਧਰਮ ਦੇ ਅੰਸ਼ ਮੌਜੂਦ ਹਨ। ਭਾਵੇਂ ਜੈਨ ਧਰਮ ਸਿਲਸਿਲੇ ਵਾਰ ਕਿਸੇ ਦੇਸ਼ ਵਿਚ ਕਠੋਰ ਨਿਯਮਾਂ ਕਾਰਣ ਨਹੀਂ ਫੈਲ ਸਕਿਆ। ਪਰ ਵਿਦੇਸ਼ਾਂ ਵਿਚ, ਪ੍ਰਾਚੀਨ ਜੈਨ ਤੇ ਅਜੋਕੇ ਗ੍ਰੰਥਾਂ ਦੇ ਆਧਾਰ ਤੇ ਅਸੀਂ ਕੁਝ ਵਿਦੇਸ਼ਾਂ ਵਿਚ ਜੈਨ ਧਰਮ ਦੇ ਪ੍ਰਚਾਰ ਦਾ ਜਿਕਰ ਕਰਾਂਗੇ। ਭਾਵੇਂ ਪਹਿਲੇ ਤੀਰਥੰਕਰ ਰਿਸ਼ਵ ਦੇਵ ਦੇ ਪੁਤਰ ਭਰਤ ਨੇ ਸਾਰੇ ਸੰਸਾਰ ਨੂੰ ਜਿੱਤ ਕੇ ਜੈਨ ਧਰਮ ਦਾ ਪ੍ਰਚਾਰ ਕੀਤਾ ਸੀ।

ਭਗਵਾਨ ਮਹਾਵੀਰ ਸਮੇਂ ਈਰਾਨ ਦਾ ਸ਼ਹਿਜ਼ਾਦਾ ਆਦਰਕ ਮੁਨੀ ਬਨਣ ਲਈ ਆਪਣੇ 500 ਸਾਥੀਆਂ ਨਾਲ ਭਗਵਾਨ ਮਹਾਵੀਰ ਕੋਲ ਆਇਆ ਸੀ। ਜਿਥੋਂ ਪਤਾ ਲਗਦਾ ਹੈ ਕਿ ਭਗਵਾਨ ਮਹਾਵੀਰ ਤੋਂ ਪਹਿਲਾਂ ਭਗਵਾਨ ਪਾਰਸ਼ ਨਾਥ ਦੇ ਸਾਧੂ ਅਫਗਾ-ਨਿਸਤਾਨ, ਈਰਾਨ, ਈਰਾਕ, ਅਦਨ ਪਹੁੰਚ ਚੁਕੇ ਸਨ। ਉਨ੍ਹਾਂ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ ਹੀ ਆਦਰਕ ਭਾਰਤ ਆਇਆ ਹੋਵੇਗਾ।

ਗਿਆਤਾਧਰਮ ਕਥਾਂਗ ਸੂਤਰ ਤੋਂ ਪਤਾ ਲਗਦਾ ਹੈ ਕਿ ਅਨੇਕਾਂ ਜੈਨ ਵਿਉਪਾਰੀ ਸਮੁੰਦਰ ਦੇ ਰਸਤੇ ਜੈਨ ਧਰਮ ਨੂੰ ਵਿਦੇਸ਼ਾ ਵਿਚ ਲੈ ਕੇ ਗਏ। ਜੈਨ ਸ਼ਾਸਤਰਾਂ ਵਿਚ ਵੀ ਰੂਸ, ਤਿਬਤ, ਚੀਨ, ਬਰਮਾ, ਇੰਡੋਨੇਸ਼ੀਆ ਵਿਚ ਜੈਨ ਧਰਮ ਦਾ ਪ੍ਰਚਾਰ ਹੋਣ ਦਾ ਜ਼ਿਕਰ ਹੈ। ਬੁਧ ਗ੍ਰੰਥਾਂ ਵਿਚ ਵੀ ਸ੍ਰੀ ਲੰਕਾ ਵਿਚ ਜੈਨ ਧਰਮ ਹੋਣ ਦੀ ਸੂਚਨਾ ਹੈ।

ਭਗਵਾਨ ਮਹਾਂਵੀਰ ਤੋਂ ਬਾਅਦ ਦੇ ਪ੍ਰਸਿਧ ਮੋਰੀਆ ਰਾਜੇ ਚੰਦਰ ਗੁਪਤ ਸਮੇਂ ਜੈਨ ਰਾਜ ਧਰਮ ਬਣ ਚੁਕਿਆ ਸੀ। ਅਸ਼ੋਕ ਦੇ ਪੋਤੇ ਰਾਜਾ ਸਮਪ੍ਰਤਿ ਨੇ ਆਪਣੇ ਸਿਪਾਹੀਆਂ ਨੂੰ ਵਿਦੇਸ਼ਾ ਵਿਚ ਸਾਧੂਆਂ ਦੇ ਭੇਸ ਵਿਚ ਭੇਜ ਕੇ ਧਰਮ ਪ੍ਰਚਾਰ ਕੀਤਾ। ਕਲਿਗਾ ਦੇ ਰਾਜਾ

ਖ਼ਾਰਵੇਲ ਨੇ ਜੈਨ ਧਰਮ ਨੂੰ ਵਿਦੇਸ਼ਾਂ ਵਿਚ ਫੈਲਾਇਆ। ਮਥੁਰਾ ਦੇ ਜੈਨ ਸ਼ਿਲਾਲੇਖਾ ਤੋਂ ਪਤਾ ਲਗਦਾ ਹੈ ਕਿ ਸ਼ਕ, ਹੂਣ ਆਦਿ ਵਿਦੇਸ਼ੀ ਜਾਤੀਆਂ ਨੇ ਵੀ ਜੈਨ ਧਰਮ ਨੂੰ ਅਪ-ਣਾਇਆ ਹੈ।

## ਟਰਕੀ ਵਿਚ ਜੈਨ ਧਰਮ

ਇਸ ਸੰਬੰਧ ਵਿਚ ਡਾ: ਹਾਰਨਲੇ ਦੀ ਖੋਜ ਵਰਨਣ ਯੋਗ ਹੈ। ਉਨ੍ਹਾਂ ਇਥੋਂ ਕੁਝ ਪ੍ਰਾਕ੍ਰਿਤੀ ਗ੍ਰੰਥ ਜ਼ਮੀਨ ਵਿਚੋਂ ਲਭੇ ਸਨ। ਇਸਤਮਬੋਲ ਤੋਂ 570 ਕੋਹ ਦੂਰ ਤਾਰਾਤਮਬੋਲ ਕਸਬਾ ਵਿਕਰਮ ਦੀ 17 ਵੀਂ ਸਦੀ ਵਿਚ ਜੈਨ ਮੰਦਰਾਂ ਤੇ ਕੇਂਦਰਾਂ ਦਾ ਗੜ ਸੀ। ਇਹ ਸਮਾਂ ਸ਼ਾਹਜਹਾਂ ਦਾ ਸੀ। ਮੁਲਤਾਨ ਦੇ ਉਪਾਸਕ ਸੇਠ ਬੁਲਾਕੀ ਮੱਲ ਨੇ ਆਪਣੇ ਇਤਿਹਾਸਕ ਪੱਤਰ ਵਿਚ ਇਸ ਦਾ ਜ਼ਿਕਰ ਕੀਤਾ ਹੈ। ਇਹ ਪੱਤਰ ਅੱਜ ਸ੍ਰੀ ਬਲੱਭ ਸਮਾਰਕ ਦਿਲੀ ਵਿਚ ਵੇਖਿਆ ਜਾ ਸਕਦਾ ਹੈ। ਇਥੇ ਧਰਮ ਪ੍ਰਚਾਰ ਕਰਨ ਵਾਲੇ ਉਸ ਸਮੇਂ ਉਦੈ ਪ੍ਰਭਸੂਰੀ ਸਾਧੂ ਸਨ।

## ਲੰਕਾ ਵਿਚ ਜੈਨ ਧਰਮ

ਈਸਾ ਪੂਰਵ ਤੀਸਰੀ ਸ਼ਤਾਬਦੀ ਵਿਚ ਜੈਨ ਧਰਮ ਲੰਕਾ ਪਹੁੰਚ ਚੁਕਾ ਸੀ ਲੰਕਾ ਨੂੰ ਅਚਾਰੀਆ ਜਿਨ ਪ੍ਰਭਵ ਸੂਤਰ ਨੇ ਸ੍ਰੀ ਸਾਂਤੀ ਨਾਥ ਦਾ ਤੀਰਥ ਦਸਿਆ ਹੈ।

## ਭੂਟਾਨ, ਨੇਪਾਲ, ਤਿਬਤ

ਇਨ੍ਹਾਂ ਦੇਸ਼ਾਂ ਵਿਚ ਜੈਨ ਧਰਮ ਦੇ ਸਾਧੂ, ਸਾਧਵੀ ਘੁੰਮਦੇ ਰਹੇ ਸਨ। ਵਿਕਰਮੀ ਸੰਨ 1806 ਵਿਚ ਲਿਖੇ ਲਾਮਚੀਦਾਸ ਗੋਲਾਲਾਰ ਭੂਟਾਨ ਦੇ ਜੈਨ ਤੀਰਥਾਂ ਦੀ ਯਾਤਰਾ ਤੇ ਗਏ ਸਨ। ਇਹ ਪੱਤਰ ਤਿਜ਼ਾਰਾ ਜੈਨ ਸ਼ਾਸ਼ਤਰ ਭੰਡਾਰ ਵਿਚ ਸੁਰੱਖਿਅਤ ਹੈ। ਇਸ ਯਾਤਰੀ ਨੇ ਚੀਨ ਵਿਚ ਸਥਿਤ 8 ਪ੍ਰਕਾਰ ਦੇ ਜੈਨੀਆਂ ਦਾ ਵਰਨਣ ਕੀਤਾ ਹੈ। ਪੀਕਿੰਗ ਨੂੰ ਪੀਕੀਨ ਲਿਖਿਆ ਹੈ। ਇਹ ਯਾਤਰੀ ਤਿਬਤ ਦੇ ਯਾਰੂਲ ਨਗਰ ਵਿਚ ਵੀ ਗਿਆ।

ਨੇਪਾਲ ਵਿਚ ਜੈਨ ਧਰਮ ਦਾ ਪ੍ਰਚਾਰ ਅਚਾਰੀਆ ਭੱਦਰਵਾਹੂ, ਅਚਾਰੀਆ ਸਥੁਲੀ ਭੱਦਰ ਅਤੇ ਉਨ੍ਹਾਂ ਦੀਆਂ ਭੈਣਾਂ ਨੇ ਵੀ ਕੀਤਾ ਹੈ।

## ਸਵਰਨ ਭੂਮੀ (ਬਰਮਾ)

ਇਸ ਦੇਸ਼ ਵਿਚ ਕਾਲਕਾ ਅਚਾਰੀਆ ਨੇ ਈਰਾਨ, ਈਰਾਕ, ਬਰਮਾ, ਇੰਡੋਨੇਸ਼ੀਆ ਵਿਚ ਜੈਨ ਧਰਮ ਦਾ ਪ੍ਰਚਾਰ ਕੀਤਾ।

## ਆਸਟਰੇਲੀਆ

ਇਥੋਂ ਬੁਡਾਪੇਸ਼ਟ ਨਾਂ ਦੇ ਸ਼ਹਿਰ ਵਿਚ ਜ਼ਮੀਨ ਵਿਚੋਂ ਇਕ ਮਹਾਵੀਰ ਦੀ ਮੂਰਤੀ ਪ੍ਰਾਪਤ ਹੋਈ ਸੀ ਜੋ ਹੁਣ ਇਥੋਂ ਦੇ ਸਰਕਾਰੀ ਮਿਉਜਿਅਮ ਵਿਚ ਹੈ।

## ਸਮਰਕੰਦ

ਇਸ ਨੂੰ ਕਰੋਚ ਦੀਪ ਵੀ ਆਖਿਆ ਜਾਂਦਾ ਹੈ। ਇਥੇ ਪੁਰਾਣੇ ਸਮੇਂ ਵਿਚ

ਹਨ । ਇਥੇ ਮੂਰਤੀ ਪੂਜਕ ਸ਼ਵੇਤਾਂਵਰ ਫਿਰਕੇ ਦੇ ਹਜ਼ਾਰ ਮੰਦਿਰ ਹਨ ।

## ਗੁਜਰਾਤ ਅਤੇ ਮਹਾਂਰਾਸ਼ਟਰ ਦੇ ਤੀਰਥ ਸਥਾਨ

ਮੂਰਤੀ ਪੂਜਕ ਸ਼ਵੇਤਾਂਵਰ ਫਿਰਕੇ ਦੇ ਇਥੇ ਹਜ਼ਾਰਾਂ ਸਥਾਨ ਹਨ ਪਰ ਉਨ੍ਹਾਂ ਵਿਚੋਂ ਪ੍ਰਮੁਖ ਹਨ ਤਾਰੰਗਾ, ਗਿਰਨਾਰ, ਸ਼ਤਰੂਜ, ਮੇਹਸਾਨਾ, ਪਵਾਂਗੜ, ਮਾਂਗੀ ਤੁੰਗੀ, ਰਾਜ-ਪੰਥਾ, ਐਲੋਰਾ, ਕੁੰਥਲ ਤੇਗਰੀ, ਕਰਕਡੂ ਦੀ ਗੁਫਾ, ਬੀਜਾਪੁਰ, ਬਦਾਮੀ ਗੁਫਾ, ਬੇਲਗਾਂਵ, ਮੜੀਆ ।

## ਕਰਨਾਟਕ ਦੇ ਤੀਰਥ ਸਥਾਨ

ਇਥੇ ਦਿਗੰਵਰ ਫਿਰਕੇ ਦੇ ਹੀ ਜ਼ਿਆਦਾ ਮੰਦਰ ਹਨ। ਕਿਉਂਕਿ 12 ਵੀਂ ਸਦੀ ਤਕ ਇਥੋਂ ਦੇ ਰਾਜੇ, ਮੰਤਰੀ, ਰਾਣੀਆ, ਸੇਠਾ ਦਾ ਜੈਨ ਧਰਮ ਕੁਲ ਧਰਮ ਰਿਹਾ ਹੈ । ਕਰਨਾਟਕ ਦੀ ਕਲਾ, ਉੱਤਰ ਭਾਰਤ ਨਾਲੋਂ ਵਖ ਹੈ ਭਾਸ਼ਾ ਵਖ ਹੈ। ਦਰਅਸਲ ਸ਼ਵੇਤਾਂਵਰ ਦਿਗੰਵਰ 12 ਸਾਲ ਦੇ ਅਕਾਲ ਸਮੇਂ ਗੁਜਰਾਤ ਤੇ ਦੱਖਣ ਵਲ ਵਧੇ ।

ਰਾਜਿਸਥਾਨ, ਗੁਜਰਾਤ, ਉੱਤਰ ਪ੍ਰਦੇਸ਼, ਹਰਿਆਣਾ, ਕਾਬੁਲ ਤਕ ਸ਼ਵੇਤਾਂਵਰ ਫਿਰਕਾ ਫੈਲਿਆਂ ਅਤੇ ਦੱਖਣ ਵਿਚ ਦਿਗੰਵਰ ਫਿਰਕਾ । ਇਥੋਂ ਦੇ ਖ਼ੇਤੀ ਕਰਨ ਵਾਲੇ ਪੇਡੂ ਵੀ ਜੈਨ ਧਰਮੀ ਹਨ ਹੁਨਚਪਦਮਾਵਤੀ, ਵਰਾਂਗ, ਕਾਰਕਲ, ਮੁੜਵਿਦਰੀ, ਬੇਨੂਰ, ਬੇਲੂਰ ਹਲੇਵਿੜ, ਸ਼੍ਰਵਣ ਬੈਲਗੋਲਾ ।

ਦੱਖਣ ਭਾਰਤ ਵਿਚ ਸ਼ੈਵਾ ਨੇ ਬਹੁਤ ਸਾਰੇ ਜੈਨ ਮੰਦਰ ਢਾਹ ਦਿਤੇ ਜਾਂ ਉਨ੍ਹਾਂ ਦਾ ਰੂਪ ਅੰਦਰੋਂ ਬਦਲ ਦਿਤਾ ਹੈ। ਤਾਮਿਲਨਾਡੂ ਵਿਚ ਜੈਨ ਧਰਮ ਦੇ ਮੰਦਰ ਖੰਡਰ ਬਣ ਚੁਕੇ ਹਨ ਜਾਂ ਬਦਲੇ ਜਾ ਚੁੱਕੇ ਹਨ । ਇਹੋ ਹਾਲ ਕੇਰਲਾ ਵਿਚ ਹੋਇਆ ਹੈ । ਉੜੀਸਾ ਵਿਚ ਖੰਡ ਗਿਰੀ ਅਤੇ ਉਦੇ ਗਿਰੀ ਦੀਆਂ ਖਾਰਵੇਲ ਰਾਜੇ ਦੀਆਂ ਗੁਫਾਵਾਂ ਜੈਨ ਕਲਾ ਦਾ ਪ੍ਰਤੀਕ ਹਨ । ਜੋ 2300 ਸਾਲ ਪੁਰਾਣਾ ਇਤਿਹਾਸ ਹਨ ।

ਵਰਤਮਾਨ ਪੰਜਾਬ ਵਿਚ ਚਰਰਸ਼ੇਵਰੀ ਦੇਵੀ ਸਰਹਿੰਦ ਅਤੇ ਕਾਂਗੜਾ ਤੀਰਥ (ਹਿਮਾਚਲ) ਵਿਚ ਪੈਂਦੇ ਹਨ । ਪੁਰਾਤਤਵ ਪਖੋ, ਜੀਂਦ, ਝਜਰ, ਦਿੱਲੀ, ਹੁਸ਼ਿਆਰਪੁਰ, ਕੁਰੂਖੇਤਰ, ਰੋਹਤਕ ਅਤੇ ਪੰਜੋਰ ਦੇ ਨਾਂ ਵਰਣਨ ਯੋਗ ਹਨ ।

ਸਥਾਨਕ ਵਾਸੀ ਜੈਨ ਮੁਨੀ ਰੂਪ ਚੰਦ ਜੀ, ਅਚਾਰਿਆ ਰਤੀ ਰਾਮ ਦੇ ਸਮਾਰਕ ਜਗਰਾਉ ਤੇ ਮਾਲੇਰਕੋਟਲਾ ਵਿਖੇ ਹਨ । ਅੰਬਾਲਾ ਵਿਖੇ ਤਪਸੱਵੀ ਲਾਲ ਚੰਦ ਜੀਂਦੀ ਸਮਾਧ ਵਰਨਣ ਯੋਗ ਹੈ ।

ਤੀਰਥੰਕਰ ਸ੍ਰੀ ਸੁਮਤਿ ਨਾਥ ਦੇ ਚਰਨ ਸਨ ।

### ਮੰਗੋਲੀਆ

ਬੰਬਈ ਸਮਾਚਾਰ (ਗੁਜਰਾਤੀ) 4-8-1934 ਅਨੁਸਾਰ ਮੰਗੋਲਿਆ ਵਿਚ ਜੈਨ ਮੂਰਤੀਆਂ ਦੇ ਕਾਫੀ ਅਵਸ਼ੇਸ ਪ੍ਰਾਪਤ ਹੋਏ ਹਨ ।

### ਬੈਬੋਲੀਨ

ਬੈਬੋਲੀਨ ਦੇ ਇਕ ਰਾਜੇ ਨੈਬੂਚੰਦਰ ਨੇਂਝਾਰ ਨੇ ਰੇਵਤਰੰਗਿਰਿ (ਗੁਜਰਾਤ) ਵਿਖੇ ਨੇਮੀ ਨਾਥ ਤੀਰਥੰਕਰ ਦੇ ਮੰਦਰ ਦੀ ਮੁਰੰਮਤ ਕਰਵਾਈ ਸੀ । ਇਹ ਰਾਜਾ ਈ. ਪੂ. 604 ਵਿਚ ਗੱਦੀ ਤੇ ਬੈਠਾ ਸੀ । ਇਸ ਨੇ ਅਫਰੀਕਾ ਨੂੰ ਵੀ ਜਿਤਿਆ । ਇਸ ਦਾ ਸ਼ਿਲਾਲੇਖ ਤਾਮਰ ਪੱਤਰ ਦੇ ਰੂਪ ਵਿਚ ਪ੍ਰਭਾਸਪਾਟਨ ਤੋਂ ਮਿਲਿਆ ਹੈ ।

### ਰੂਸ ਵਿਚ ਜੈਨ ਧਰਮ

ਜੈਨ ਵਿਉਪਾਰੀਆਂ ਰਾਹੀਂ ਜੈਨ ਧਰਮ ਰੂਸ ਦੇ ਤਾਸ਼ਕੰਦ ਅਤੇ ਸਮਰਕੰਦ ਦੇ ਇਲਾਕਿਆਂ ਤਕ ਪਹੁੰਚਿਆ । ਇਨ੍ਹਾਂ ਇਲਾਕਿਆਂ ਦੀ ਖੁਦਾਈ ਦੌਰਾਨ ਜੈਨ ਮੂਰਤੀਆਂ ਮਿਲੀਆਂ ਹਨ ।

## ਵਰਤਮਾਨ ਕਾਲ

ਤਕਰੀਬਨ ਇਕ ਹਜ਼ਾਰ ਸਾਲ ਤੋਂ ਜੈਨ ਧਰਮ ਦਾ ਕਈ ਕਾਰਣ ਕਰਕੇ ਪ੍ਰਚਾਰ ਨਹੀਂ ਹੋ ਸਕਿਆ । ਪਰ ਇਸ 19ਵੀਂ ਸਦੀ ਵਿਚ ਇਸ ਸੰਬੰਧੀ ਕੋਸ਼ਿਸ਼ਾ ਸ਼ੁਰੂ ਹੋ ਗਈਆਂ ਸਭ ਤੋਂ ਪਹਿਲਾ ਸ੍ਰੀ ਵੀਰ ਚੰਦ ਜੀ ਰਾਘਬ ਚੰਦ ਜੀ, ਸਵਾਮੀ ਵਿਵੇਕਾਨੰਦ ਨਾਲ ਜੈਨ ਧਰਮ ਦੀ ਪ੍ਰਤੀਨਿਧਤਾ ਕਰਨ ਵਿਦੇਸ਼ਾ ਵਿਚ ਗਏ ਅਤੇ ਕਾਫੀ ਸਮਾਂ ਪ੍ਰਚਾਰ ਕਰਦੇ ਰਹੇ ।

ਪਰ ਕਿਸੇ ਜੈਨ ਸਾਧੂ ਦਾ ਜੈਨ ਧਰਮ ਦਾ ਪ੍ਰਚਾਰ ਕਰਨ ਵਿਚ ਸਭ ਤੋਂ ਪਹਿਲਾਂ ਨਾਂ ਅਰਹਤ ਸੰਘ ਅਚਾਰੀਆ ਸੁਸ਼ੀਲ ਕੁਮਾਰ ਜੀ ਦਾ ਹੈ । ਅਰਹਤ ਸੰਘ ਵਿਦੇਸ਼ਾ ਵਿਚ ਜੈਨ ਧਰਮ ਦਾ ਪ੍ਰਚਾਰ ਫ਼ਿਰਕੇ ਤੋਂ ਉਠ ਕੇ ਕਰਦੀ ਹੈ । ਇਸ ਸੰਘ ਦੇ ਸਾਰੀ ਦੁਨੀਆਂ ਵਿਚ 58 ਆਸ਼ਰਮ, ਮੰਦਰ ਤੇ ਕੇਂਦਰ ਹਨ । ਇਸ ਸੰਘ ਦੇ ਸਾਧੂ ਸਾਧਵੀ ਸਵਾਰੀ ਦਾ ਇਸਤੇਮਾਲ ਕਰਦੇ ਹਨ ਜੋ ਕਿ ਪੁਰਾਤਨ ਯਤੀ ਪ੍ਰਪੰਰਾ ਦਾ ਰੂਪ ਹੀ ਹਨ । ਵਿਦੇਸ਼ਾਂ ਵਿਚ ਜੈਨ ਧਰਮ ਦਾ ਪ੍ਰਚਾਰ ਕਰਨ ਵਾਲਿਆ ਵਿਚ ਸ਼੍ਰੀ ਸ਼ਸੀਲ ਕੁਮਾਰ ਜੀ ਤੋਂ ਛੁਟ ਸ੍ਰੀ ਵਿਮਲ ਜੀ, ਸਾਧਵੀ ਸ੍ਰੀ ਚੰਦਨਾ, ਡਾ. ਸਾਧਵੀ ਸਾਧਨਾ, ਸ੍ਰੀ ਅਮਰੇਂਵਰ ਮੁਨੀ ਅਤੇ ਸ੍ਰੀ ਦਿਨੇਸ਼ ਮੁਨੀ ਦੇ ਨਾਂ ਪ੍ਰਸਿਧ ਹਨ ।

# ਜੈਨ ਫਿਰਕੇ ਅਤੇ ਤਿਉਹਾਰ

ਵਰਤਮਾਨ ਜੈਨ ਧਰਮ ਦੋ ਪ੍ਰਮੁਖ ਫਿਰਕਿਆਂ ਵਿਚ ਵੰਡਿਆ ਹੋਇਆ ਹੈ ਜਿਨ੍ਹਾਂ ਦੇ ਨਾਂ ਹਨ ਸਵੇਤਾਂਵਰ ਅਤੇ ਦਿਗੰਵਰ।

## ਸ਼ਵੇਤਾਂਵਰ ਅਤੇ ਦਿਗੰਵਰ

ਸ਼ਵੇਤਾਂਵਰ ਤੋਂ ਭਾਵ ਹੈ ਸਫੈਦ ਕਪੜੇ ਪਹਿਨਣ ਵਾਲਿਆਂ ਦਾ ਫਿਰਕਾ। ਸ਼ਵੇਤਾਂਵਰ ਮਾਨਤਾ ਅਨੁਸਾਰ ਹਰ ਤੀਰਥੰਕਰ ਵੇਲੇ ਜਿਨ ਕਲਪੀ (ਵਸਤਰ ਰਹਿਤ) ਸਥਵਿਰਕਲਪੀ (ਵੱਸਤ ਸਹਿਤ) ਸਾਧੂ ਹੁੰਦੇ ਹਨ। ਸ਼ਵੇਤਾਂਵਰ ਪਰੰਪਰਾ ਦੀ ਗਵਾਹੀ ਮਥਰਾ ਦੇ ਸ਼ਿਲਾਲੇਖ ਵੀ ਕਰਦੇ ਹਨ। ਸ਼ਵੇਤਾਂਵਰ ਮਾਨਤਾ ਅਨੁਸਾਰ ਦਿਗੰਵਰ ਫਿਰਕੇ ਦਾ ਜਨਮ ਦਾਤਾ ਸ਼ਿਵਭੂਤੀ ਨਾਂ ਦਾ ਜੈਨ ਸਾਧੂ ਸੀ। ਉਸ ਨੇ ਮਹਾਂਵੀਰ ਸੰਮਤ 609 (ਵਿਕਰਮ ਸੰਮਤ 139) ਵਿਚ ਦਿਗੰਵਰ ਫਿਰਕੇ ਦੀ ਸਥਾਪਨਾ ਕੀਤੀ। ਉਸ ਨੇ ਤੀਰਥੰਕਰ ਦੇ ਜਿਨ ਕਲਪ ਨੂੰ ਅੰਗੀਕਾਰ ਕਰਦੇ ਜੈਨ ਮਾਨਤਾ ਅਨੁਸਾਰ ਨਵੇਂ ਗ੍ਰੰਥਾਂ ਦੀ ਰਚਨਾ ਕੀਤੀ। ਪਰ ਕਈ ਵਿਦਵਾਨ ਇਸ ਨੂੰ ਯਾਪਨੀਆ ਸੰਘ (ਸ਼ਵੇਤਾਂਵਰ ਤੇ ਦਿਗੰਵਰ ਦਾ ਸੁਮੇਲ ਫਿਰਕਾ) ਦਾ ਸੰਸਥਾਪਕ ਮੰਨਦੇ ਹਨ। ਦਿਗੰਵਰ ਫਿਰਕੇ ਵਾਲੇ ਸ਼ਵੇਤਾਂਵਰ ਫਿਰਕੇ ਨਾਲ ਕੁਝ ਮਤ ਭੇਦ ਹਨ।

(1) ਸ਼ਵੇਤਾਂਵਰ ਇਸਤਰੀ ਨੂੰ ਮੁਕਤੀ ਮੰਨਦੇ ਹਨ ਜਦ ਕਿ ਦਿਗੰਵਰ ਇਸਤਰੀ ਨੂੰ ਮੋਕਸ਼ ਸਿਰਫ ਇਸ ਕਰਕੇ ਨਹੀਂ ਮੰਨਦੇ ਕਿਉਂਕਿ ਉਹ ਨਗਨ ਸਾਧੂ ਨਹੀਂ ਬਣ ਸਕਦੀ। ਇਸੇ ਕਾਰਣ ਤੀਰਥੰਕਰ ਮਲੀ ਕੁਮਾਰੀ ਨੂੰ ਦਿਗੰਵਰ ਪੁਰਸ਼ ਮੰਨਦੇ ਹਨ।

(2) ਦਿਗੰਵਰ ਪੁਰਾਤਨ ਜੈਨ ਆਗਮ ਨੂੰ ਮਹਾਵੀਰ ਦੀ ਅਸਲੀ ਬਾਣੀ ਨਹੀਂ ਮੰਨਦੇ ਸ਼ਵੇਤਾਂਵਰ ਇਸ ਨੂੰ ਮਹਾਵੀਰ ਦੀ ਬਕਾਇਆ ਬਾਣੀ ਮੰਨਦੇ ਹਨ।

(3) ਦਿਗੰਵਰ ਤੀਰਥੰਕਰ ਦੀ ਮਾਤਾ ਦੇ 16 ਸੁਪਨੇ ਮੰਨਦੇ ਹਨ ਅਤੇ ਸ਼ਵੇਤਾਂਵਰ 14 ਸੁਪਨੇ ਮੰਨਦੇ ਹਨ।

(4) ਸ਼ਵੇਤਾਂਵਰ ਗ੍ਰੰਥਾਂ ਵਿਚ ਮਹਾਵੀਰ ਸਮੇਤ ਸਾਰੇ ਤੀਰਥੰਕਰਾਂ ਦਾ ਪੁਰਾਤਨ ਤੇ ਇਤਿਹਾਸਕ ਵਰਨਣ ਹੈ ਜਦ ਕਿ ਦਿਗੰਵਰ ਗ੍ਰੰਥਾਂ ਵਿਚ ਜੈਨ ਦਰਸ਼ਨ ਦੀ ਭਰਮਾਰ ਹੈ।

(5) ਸ਼ਵੇਤਾਂਵਰ ਤੀਰਥੰਕਰ ਮਹਾਵੀਰ, ਪਾਰਸ ਨਾਥ, ਵਾਸੂਪੂਜ ਨੂੰ ਸ਼ਾਦੀ ਸ਼ੁਦਾ ਬਣਦੇ ਹਨ ਅਤੇ ਮਲੀ ਨਾਥ, ਨੇਮੀ ਨਾਥ ਨੂੰ ਕੁਆਰਾ ਮੰਨਦੇ ਹਨ। ਦਿਗੰਵਰ ਗ੍ਰੰਥ ਵਿਚ

ਇਹ ਪੰਜ ਤੀਰਥੰਕਰ ਬ੍ਰਹਮਚਾਰੀ ਸਨ । ਸੋ ਦਿਗੰਵਰ ਗ੍ਰੰਥ ਮਹਾਵੀਰ ਦੇ ਪਰਿਵਾਰ ਬਾਰੇ ਖਾਮੋਸ਼ ਹਨ ।

(6) ਸਵਰਗ ਵਿਚ ਸਵੇਤਾਂਵਰ 64 ਇੰਦਰ ਅਤੇ ਦਿਗੰਵਰ 100 ਇੰਦਰ ਮੰਨਦੇ ਹਨ ।

ਇਹ ਸ਼ਵੇਤਾਂਵਰ ਦਿਗੰਵਰ ਫਿਰਕੇ ਦੇ ਬਾਹਰੀ ਭੇਦ ਹਨ ਸਿਧਾਂਤਿਕ ਰੂਪ ਵਿਚ ਦਾਰਸ਼ਨਿਕ ਰੂਪ ਵਿਚ ਦੋਹਾਂ ਫਿਰਕਿਆਂ ਵਿਚ ਕੋਈ ਖਾਸ ਅੰਤਰ ਨਹੀਂ ।

## ਸ਼ਵੇਤਾਂਵਰ ਫਿਰਕਾ

ਇਸ ਫਿਰਕੇ ਦੇ ਦੋ ਪ੍ਰਮੁਖ ਭੇਦ ਹਨ :

1) ਮੂਰਤੀ ਪੂਜਕ 2) ਅਮੂਰਤੀ ਪੂਜਕ

ਅਮੂਰਤੀ ਪੂਜਕ ਦੇ ਦੋ ਪ੍ਰਮੁਖ ਭੇਦ ਹਨ

1) ਸਥਾਨਕ ਵਾਸੀ 2) ਤੇਰਹ ਪੰਥੀ

ਮੂਰਤੀ ਪੂਜਕ ਫਿਰਕੇ ਦੇ ਸਾਧੂ ਹੱਥ ਵਿਚ ਮੁਹਪਟੀ ਰਖਦੇ ਹਨ ਜਦ ਕਿ ਅਮੂਰਤੀ ਪੂਜਕ ਫਿਰਕੇ ਦੇ ਸਾਧੂ ਮੂੰਹ ਤੇ ਹਰ ਸਮੇਂ ਮੂੰਹਪਟੀ ਬੰਨਦੇ ਹਨ । ਮੂਰਤੀ ਪੂਜਕ 45 ਆਗਮਾ ਨੂੰ ਮੰਨਦੇ ਹਨ ਜਦ ਕਿ ਅਮੂਰਤੀ ਪੂਜਕ 32 ਆਗਮਾ ਨੂੰ ਮੰਨਦੇ ਹਨ ।

## ਦਿਗੰਵਰ ਫਿਰਕਾ

ਦਿਗੰਵਰ ਸਾਧੂ ਦੀ ਦੀਖਿਆ ਦਾ ਕ੍ਰਮ ਇਸ ਪ੍ਰਕਾਰ ਹੈ :

ਪਹਿਲਾ ਬ੍ਰਹਮਚਾਰੀ ਸ਼ਰੇਣੀ ਹੈ ਜੋ ਸਫੈਦ ਵਸਤਰ ਪਹਿਨਦੇ ਹਨ । ਦੂਸਰੀ ਸ਼੍ਰੇਣੀ ਸ਼ੁਲਕ ਹੈ ਜੋ ਇਕ ਧੋਤੀ ਤੇ ਹੱਥ ਵਿਚ ਮੋਰ ਫੰਗ ਦੀ ਪਿੱਛੀ ਰਖਦੇ ਹਨ । ਇਸਤਰੀ ਸਾਧਵੀ ਸ਼ੁਲਕ ਤਕ ਪਹੁੰਚ ਸਕਦੀ ਹੈ । ਸ਼ੁਲਕ ਸਾਧੂ ਦੇ ਸਾਰੇ ਵਰਤ ਨਿਯਮ ਪਾਲਣ ਕਰਦੇ ਹਨ । ਸ਼ੁਲਕ ਤੋਂ ਬਾਅਦ ਏਲਕ ਦੀਖਿਆ ਹੈ ਭਾਵ ਇਹ ਸਾਧੂ ਇਕਲੀ ਲੰਗੋਟੀ ਪਹਿਨਦਾ ਹੈ । ਜੇ ਏਲਕ ਸਰੀਰ ਤੇ ਇੰਦਰੀਆ ਤੇ ਇਨ੍ਹਾਂ ਕਾਬੂ ਕਰ ਲਿਆ ਹੈ ਤਾਂ ਉਹ ਲੰਗੋਟੀ ਤਿਆਗ ਕੇ ਮੋਰ ਪਿਛੀ ਅਤੇ ਕਮੰਡਲ ਹੀ ਧਾਰਨ ਕਰਦਾ ਹੈ । ਦਿਗੰਵਰ ਸਾਧੂ ਦੀ ਕ੍ਰਿਆ, ਜੀਵਨ ਬਹੁਤ ਹੀ ਕਠਿਨ ਅਤੇ ਕਠੋਰ ਹੈ । ਦਿਗੰਵਰ ਫਿਰਕੇ ਵਿਚ ਵੀ ਮੂਰਤੀ ਵੀ ਮੂਰਤੀ ਪੂਜਕ ਅਤੇ ਅਮੂਰਤੀ ਫਿਰਕੇ ਹਨ । ਅਮੂਰਤੀ ਪੂਜਕ ਲੋਕਾਂ ਨੂੰ ਤਾਰਨ ਪੰਥੀ ਆਖਦੇ ਹਨ । ਇਹ ਲੋਕ ਗ੍ਰੰਥਾਂ ਦੀ ਪੂਜਾ ਕਰਦੇ ਹਨ ।

## ਪੂਜਾ ਅਤੇ ਭਟਾਰਕ

ਦੋਹਾਂ ਫਿਰਕਿਆਂ ਵਿਚ ਇਕ ਅਜੇਹੀ ਪਰੰਪਰਾ ਵੀ ਹੈ ਜੋ ਡੇਰੇ ਧਾਰੀ ਸਾਧੂਆਂ ਵਰਗੀ ਹੈ । ਇਹ ਡੇਰੇ ਧਾਰੀ ਸਾਧੂ ਬ੍ਰਹਮਚਰਜ ਵਰਤ ਦਾ ਪਾਲਣ ਕਰਦੇ ਹਨ ਪਰ ਨਾਲ ਜਾਇਦਾਦ ਰਖਦੇ ਹਨ । ਇਨ੍ਹਾਂ ਸਾਧੂਆਂ ਨੂੰ ਯਤੀ ਜਾਂ ਪੂਜ ਸ਼ਵੇਤਾਂਵਰ ਫਿਰਕੇ ਵਿਚ ਆਖਦੇ ਹਨ ਅਤੇ ਦਿਗੰਵਰ ਫ਼ਿਰਕੇ ਵਿਚ ਇਹ ਭਟਾਰੱਕ ਅਖਵਾਉਂਦੇ ਹਨ । ਇਹ ਭਗਵੇਂ ਵਸਤਰ ਅਤੇ ਮੋਰ ਪਿਛੀ ਧਾਰਨ ਕਰਦੇ ਹਨ । ਮਧਕਾਲ ਖਾਸ ਤੌਰ ਤੇ ਮੁਸਿਲਮ ਕਾਲ

ਸਮੇਂ ਜੈਨ ਧਰਮ ਦੀ ਕਲਾ, ਸੰਸਕ੍ਰਿਤੀ ਸਾਹਿਤ ਦੀ ਇਸ ਫਿਰਕੇ ਨੇ ਬਹੁਤ ਸੇਵਾ ਕੀਤੀ ਹੈ। ਸਿਟੇ ਵਜੋਂ ਕਈ ਰਾਜਿਆਂ ਨੇ ਇਨਾਂ ਭਟਾਰਕਾਂ, ਪੂਜਾ ਨੂੰ ਜਾਗੀਰਾਂ ਲਗਾ ਦਿਤੀਆਂ

## ਤਿਉਹਾਰ

ਜੈਨ ਧਰਮ ਵਿਸ਼ੁਧ ਆਤਮਾ ਸਾਧਨਾ ਦਾ ਧਰਮ ਹੈ। ਸੋ ਜੈਨ ਧਰਮ ਦੇ ਤਿਉਹਾਰ ਵਿਚ ਤਪ, ਤਿਆਗ, ਬ੍ਰਹਮਚਰਜ, ਧਿਆਨ, ਸਾਧਨਾ ਅਤੇ ਵਰਤ ਦਾ ਯੋਗ ਦਾਨ ਹੁੰਦਾ ਹੈ। ਇਹ ਤਿਉਹਾਰ ਇਸ ਪ੍ਰਕਾਰ ਹਨ :

### ਪੰਜ ਕਲਿਆਨਕ

ਹਰ ਤੀਰਥੰਕਰ ਦਾ ਚਯਵਨ (ਗਰਭ ਆਉਣ), ਜਨਮ, ਦੀਖਿਆ, ਕੇਵਲ ਗਿਆਨ ਅਤੇ ਮੋਕਸ਼ ਦਾ ਦਿਨ ਤਿਉਹਾਰ ਹੈ। ਵਰਤਮਾਨ ਕਾਲ ਵਿਚ 24 ਤੀਰਥੰਕਰਾ ਦੇ 120 ਤਿਉਹਾਰ ਹਨ ਇਨ੍ਹਾਂ ਤੀਰਥੰਕਰਾ ਦੀ ਯਾਦ ਵਿਚ ਪੂਜਾ, ਰੱਥ ਯਾਤਰਾ, ਭਗਤੀ, ਭਾਸ਼ਨਾਂ ਦੇ ਪ੍ਰੋਗਰਾਮ ਸਾਧੂ, ਸਾਧਵੀਆਂ ਵਲੋਂ ਮਨਾਏ ਹਨ !

### ਮਹਾਵੀਰ ਜੈਂਯਤੀ

ਆਖਰੀ ਤੀਰਥੰਕਰ ਭਗਵਾਨ ਮਹਾਵੀਰ ਦਾ ਜਨਮ ਦਿਨ ਅੰਤਰਰਾਸ਼ਟਰੀ ਪੱਧਰ ਤੇ ਅਹਿੰਸਾ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਸਰਕਾਰੀ ਛੁੱਟੀ ਤੋਂ ਇਲਾਵਾ ਇਸ ਦਿਨ ਬੁਚੜ ਖਾਨੇ ਬੰਦ ਰਹਿੰਦੇ ਹਨ।

### ਦੀਵਾਲੀ

ਦੀਵਾਲੀ ਦਾ ਤਿਉਹਾਰ ਜੈਨ ਧਰਮ ਵਿਚ ਮਹਾਵੀਰ ਨਿਰਵਾਨ ਉਤਸਵ ਵਲੋਂ ਮਨਾਇਆ ਜਾਂਦਾ ਹੈ। ਦੀਵਾਲੀ ਬਾਰੇ ਜੈਨ ਕਲਪ ਸੂਤਰ ਵਿਚ ਵਿਸਥਾਰ ਨਾਲ ਵਰਨਣ ਮਿਲਦਾ ਹੈ। ਭਾਈ ਦੂਜ ਵੀ ਜੈਨ ਧਰਮ ਵਿਚ ਭਗਵਾਨ ਮਹਾਵੀਰ ਦੀ ਯਾਦ ਵਿਚ ਮਨਾ-ਇਆ ਜਾਂਦਾ ਹੈ।

### ਮਹਾਪਰਵ ਪ੍ਰਯੂਸ਼ਨ– ਸਵਤੰਸਰੀ

ਇਹ ਆਤਮ ਸ਼ੁਧੀ ਦਾ ਤਿਉਹਾਰ ਹੈ ਇਹ ਤਿਉਹਾਰ ਖਿਮਾ ਦਿਵਸ ਦੇ ਰੂਪ ਵਿਚ ਜੈਨ ਜਗਤ ਵਿਚ ਭਾਦੋ ਦੀ ਪੰਚਮੀ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਸਾਲ ਦੀਆਂ ਭੁਲਾਂ ਦੇਵ, ਗੁਰ, ਅਤੇ ਧਰਮ ਦੀ ਸਾਖੀ ਨਾਲ ਬਖਸ਼ਾਈਆਂ ਜਾਂਦੀਆ ਹਨ। ਖਿਮਾ ਕੀਤੀ ਜਾਂਦੀ ਹੈ ਖਿਮਾ ਦਿਤੀ ਜਾਂਦੀ ਹੈ। ਤੱਪ, ਦਾਨ, ਸ਼ਾਸ਼ਤਰ ਪਾਠ, ਪੂਜਾ, ਭਗਤੀ ਦਾ ਪ੍ਰੋਗਰਾਮ ਚਲਦਾ ਹੈ। ਸ਼ਵੇਤਾਂਵਰਾ ਵਿਚ 8 ਦਿਨ ਮਨਾਉਂਦੇ ਹਨ ਜਿਸ ਵਿਚ ਅਚਾਰੰਗ ਸੂਤਰ (ਤੇਰਾ ਪੰਥੀ) ਅੰਤਵਿਤ ਦਸ਼ਾਗ ਅਤੇ ਕਲਪ ਸੂਤਰ (ਸਥਾਨਕ ਵਾਸੀ ਅਤੇ ਮੂਰਤੀ ਪੂਜਨ) ਪੜਦੇ ਹਨ। ਧਰਮ ਸਥਾਨ ਤੇ ਖ਼ੂਬ ਠਾਠ ਲਗਾ ਰਹਿੰਦਾ ਹੈ। ਦਿਗ਼ੰਵਰ ਇਹ ਤਿਉਹਾਰ 10 ਦਿਨ ਮਨਾਉਂਦੇ ਹਨ।

ਇਸ ਤੋਂ ਛੁੱਟ ਜੈਨ ਮੂਰਤੀ ਪੂਜਕ ਤੀਰਥੰਕਰਾ ਦੇ ਜਨਮ ਅਤੇ ਨਿਰਵਾਨ ਸਥਾਨਾਂ ਦੇ ਦਰਸ਼ਨ ਪੂਜਨ ਲਈ ਜਾਂਦੇ ਰਹਿੰਦੇ ਹਨ। ਸਿੱਧ ਚੱਕਰ ਪੂਜਾ, ਰਿਸ਼ੀ ਮੰਡਲ,

ਪੂਜਾ, ਅਸ਼ਟ ਪ੍ਰਕਾਰੀ ਪੂਜਾ ਮੰਦਰ ਵਿਚ ਕੀਤੀ ਜਾਂਦੀ ਹੈ। ਪੂਜਾ ਦੋ ਪ੍ਰਕਾਰ ਦੀ ਹੈ ਇਕ ਦਰਵ ਪੂਜਾ (ਮੂਰਤੀ ਅੱਗੇ ਖ਼ਾਣ ਪੀਣ ਦੀਆਂ ਵਸਤਾਂ ਚੜਾ, ਵਾਲੀ ਪੂਜਾ) ਅਤੇ ਦੂਸਰੀ ਭਾਵ ਪੂਜਾ (ਤੀਰਥੰਕਰਾਂ ਦੇ ਗੁਣ ਗਾਣ ਕਰਨਾ) ਗ੍ਰਹਿਸਥ ਦੋ ਪ੍ਰਕਾਰ ਦੀ ਪੂਜਾ ਕਰਦੇ ਹਨ। ਸਾਧੂ ਇੱਕਲੀ ਭਾਵ ਪੂਜਾ ਕਰਦਾ ਹੈ।

## ਰਖਿਆ ਬੰਧਨ

ਜੈਨ ਧਰਮ ਵਿਚ ਰਖਿਆ ਬੰਧਨ ਦਾ ਬਹੁਤ ਮਹਤਵ ਹੈ। ਆਖਦੇ ਹਨ ਇਸ ਤਿਉਹਾਰ ਵਾਲੇ ਦਿਨ ਮੁਨੀ ਵਿਸ਼ਨ ਕੁਮਾਰ ਨੇ ਹਸਤਿਨਪੁਰ ਵਿਖੇ, ਬਲੀ ਰਾਜ਼ੇ ਤੋਂ 700 ਮੁਨੀਆਂ ਨੂੰ ਆਪਣੀ ਸ਼ਕਤੀ ਨਾਲ ਬਚਾਇਆ ਸੀ। ਕਿਉਂਕਿ ਬਲੀ ਰਾਜਾ ਜੈਨ ਧਰਮ ਦਾ ਵਿਰੋਧੀ ਸੀ। ਸੋ ਧਰਮ ਦੀ ਰਖਿਆ ਦਾ ਪ੍ਰਤੀਕ ਇਹ ਰਖਿਆ-ਬੰਧਨ ਪਰਵ ਹੈ।

## ਪ੍ਰਸਿਧ ਤੀਰਥ ਖੇਤਰ (ਸ਼ਵੇਤਾਂਵਰ ਅਤੇ ਦਿਗੰਵਰ)

ਜਿਥੇ ਜਿਥੇ ਤੀਰਥੰਕਰਾਂ ਦੇ ਜਨਮ, ਪ੍ਰਚਾਰ ਅਤੇ ਸਿਰਵਾਨ ਸੰਬੰਧੀ ਇਤਹਾਸਕ ਘਟਨਾ ਹੋਈਆ ਹਨ ਉਹ ਹੀ ਤੀਰਥ ਅਖਵਾਉਦੇ ਹਨ ਕੁਝ ਕਲਾਂ ਪੱਖੋਂ ਮਹੱਤਵ ਹਨ।

(1) ਕੈਲਾਸ਼ (2) ਚੰਪਾ (3) ਪਾਵਾ (4) ਗਿਰਨਾਰ (5) ਸ਼ਤਰੂਜੈ (ਪਾਲੀ-ਤਾਨਾ) ਅਤੇ (6) ਸਮੇਤ ਸਿਖਰ (7) ਹਸਤਾਨਪੁਰ (8) ਅਯੋਧਿਆ (9) ਵਾਰਾਣਸੀ (10) ਸਾਰ ਨਾਥ (11) ਚੰਦਰਪੁਰੀ (12) ਮਿਥਲਾ।

## ਬਿਹਾਰ ਦੇ ਤੀਰਥ ਸਥਾਨ

ਸ਼ਮੇਤ ਸਿਖਰ, ਕਲੂਆ ਪਹਾੜ, ਗੁਨਾਵਾ, ਪਾਵਾਪੁਰੀ, ਰਾਜਗ੍ਰਹਿ, ਕੁੰਡਲਪੁਰ, ਮੰਦਾਰਗਿਰੀ, ਲਛਵਾੜਖਤਰੀ ਕੁੰਡਗ੍ਰਾਮ, ਵੈਸਾਲੀ।

## ਉਤਰ ਪ੍ਰਦੇਸ਼

ਵਾਰਾਣਸੀ, ਸਿੰਘਪੁਰੀ, ਚੰਦਰ ਪੁਰੀ, ਪ੍ਰਯਾਗ, ਫ਼ਫੋਸਾ, ਕੋਸਾਬੀ, ਅਯੋਧਿਆ, ਖਖੁਦੂ, ਸ੍ਰਾਵਮਤੀ (ਮਹੇਟ-ਮਹੇਟ) ਰਤਨਪੁਰੀ, ਕੰਪਿਲਪੁਰ, ਅਹਿਛਤਰ, ਹਸਤਨਪੁਰ, ਮਥੁਰਾ, ਸੌਰਪੁਰ।

## ਮੱਧ ਪ੍ਰਦੇਸ਼ ਦੇ ਤੀਰਥ ਸਥਾਨ

ਗਵਾਲੀਅਰ, ਸੋਨਾਗਿਰੀ, ਅਜੇਗੜ੍ਹ, ਖੁਜਰਾਹੋ, ਦਰੋਣ ਗਿਰਿ, ਨੈਨਾਗਿਰੀ, ਕੁੰਡਲਪੁਰ, ਦੇਵਗੜ, ਪਪਹੋਰਾ, ਅਹਾਰ, ਚੰਦੇਰੀ, ਪੰਚਰਾਣੀ, ਬੁਬਨੋਜੀ, ਅੰਤਰਿਕਸ਼ ਪਾਰਸ਼ ਨਾਥ, ਕਾਰੰਜਾ, ਮੁਕਤਾਗਿਰੀ, ਭੂਤੁਕਲੀ, ਰਾਮਟੇਕ।

## ਰਾਜਸਥਾਨ ਦੇ ਤੀਰਥ ਸਥਾਨ

ਸ੍ਰੀ ਮਹਾਵੀਰ ਜੀ, ਚਾਂਦਖੇੜੀ, ਮਕਸ਼ੀ ਪਾਰਸ ਨਾਥ, ਵਿਜੋਲੀਆ ਪਾਰਸ ਨਾਥ ਸ੍ਰੀ ਕੇਸਰੀਆ ਜੀ, ਆਬੂ ਪਹਾੜ, ਰਾਣਕਪੁਰ, ਸਿਧਵਰਕੂਟ, ਬੜਵਾਨੀ, ਕੀਰਤੀ ਸਤੰਵ, ਜੈਸਲਮੈਰ। ਰਾਜਿਸਥਾਨ ਦੇ ਹਰ ਪਿੰਡ ਸ਼ਹਿਰ ਵਿਚ ਪੁਰਾਤਨ ਜੈਨ ਮੰਦਰ ਵੇਖੇ ਜਾ ਸਕਦੇ

ਹਨ। ਇਥੇ ਮੂਰਤੀ ਪੂਜਕ ਸ਼ਵੇਤਾਂਵਰ ਫਿਰਕੇ ਦੇ ਹਜ਼ਾਰ ਮੰਦਿਰ ਹਨ।

## ਗੁਜਰਾਤ ਅਤੇ ਮਹਾਂਰਾਸ਼ਟਰ ਦੇ ਤੀਰਥ ਸਥਾਨ

ਮੂਰਤੀ ਪੂਜਕ ਸ਼ਵੇਤਾਂਵਰ ਫਿਰਕੇ ਦੇ ਇਥੇ ਹਜ਼ਾਰਾਂ ਸਥਾਨ ਹਨ ਪਰ ਉਨ੍ਹਾਂ ਵਿਚੋਂ ਪ੍ਰਮੁਖ ਹਨ ਤਾਰੰਗਾ, ਗਿਰਨਾਰ, ਸ਼ਤਰੂਜ, ਮੇਹਸਾਨਾ, ਪਵਾਂਗੜ, ਮਾਂਗੀ ਤੁੰਗੀ, ਰਾਜ-ਪੰਥਾ, ਐਲੋਰਾ, ਕੁੰਥਲ ਤੇਗਰੀ, ਕਰਕਡੂ ਦੀ ਗੁਫਾ, ਬੀਜਾਪੁਰ, ਬਦਾਮੀ ਗੁਫਾ, ਬੇਲਗਾਂਵ, ਮੜੀਆ।

## ਕਰਨਾਟਕ ਦੇ ਤੀਰਥ ਸਥਾਨ

ਇਥੇ ਦਿਗੰਵਰ ਫਿਰਕੇ ਦੇ ਹੀ ਜ਼ਿਆਦਾ ਮੰਦਰ ਹਨ। ਕਿਉਂਕਿ 12 ਵੀਂ ਸਦੀ ਤਕ ਇਥੋਂ ਦੇ ਰਾਜੇ, ਮੰਤਰੀ, ਰਾਣੀਆ, ਸੇਠਾ ਦਾ ਜੈਨ ਧਰਮ ਕੁਲ ਧਰਮ ਰਿਹਾ ਹੈ। ਕਰਨਾਟਕ ਦੀ ਕਲਾ, ਉੱਤਰ ਭਾਰਤ ਨਾਲੋਂ ਵਖ ਹੈ ਭਾਸ਼ਾ ਵਖ ਹੈ। ਦਰਅਸਲ ਸ਼ਵੇਤਾਂਵਰ ਦਿਗੰਵਰ 12 ਸਾਲ ਦੇ ਅਕਾਲ ਸਮੇਂ ਗੁਜਰਾਤ ਤੇ ਦੱਖਣ ਵਲ ਵਧੇ।

ਰਾਜਿਸਥਾਨ, ਗੁਜਰਾਤ, ਉੱਤਰ ਪ੍ਰਦੇਸ਼, ਹਰਿਆਣਾ, ਕਾਬੁਲ ਤਕ ਸ਼ਵੇਤਾਂਵਰ ਫਿਰਕਾ ਫੈਲਿਆਂ ਅਤੇ ਦੱਖਣ ਵਿਚ ਦਿਗੰਵਰ ਫਿਰਕਾ। ਇਥੋਂ ਦੇ ਖ਼ੇਤੀ ਕਰਨ ਵਾਲੇ ਪੇਡੂ ਵੀ ਜੈਨ ਧਰਮੀ ਹਨ ਹੁਨਚਪਦਮਾਵਤੀ, ਵਰਾਂਗ, ਕਾਰਕਲ, ਮੁੜਵਿਦਰੀ, ਬੇਨੂਰ, ਬੇਲੂਰ ਹਲੇਵਿੜ, ਸ੍ਰਵਣ ਬੈਲਗੋਲਾ।

ਦੱਖਣ ਭਾਰਤ ਵਿਚ ਸ਼ੈਵਾ ਨੇ ਬਹੁਤ ਸਾਰੇ ਜੈਨ ਮੰਦਰ ਢਾਹ ਦਿਤੇ ਜਾਂ ਉਨ੍ਹਾਂ ਦਾ ਰੂਪ ਅੰਦਰੋਂ ਬਦਲ ਦਿਤਾ ਹੈ। ਤਾਮਿਲਨਾਡੂ ਵਿਚ ਜੈਨ ਧਰਮ ਦੇ ਮੰਦਰ ਖੰਡਰ ਬਣ ਚੁਕੇ ਹਨ ਜਾਂ ਬਦਲੇ ਜਾ ਚੁੱਕੇ ਹਨ। ਇਹੋ ਹਾਲ ਕੇਰਲਾ ਵਿਚ ਹੋਇਆ ਹੈ। ਉੜੀਸਾ ਵਿਚ ਖੰਡ ਗਿਰੀ ਅਤੇ ਉਦੇ ਗਿਰੀ ਦੀਆਂ ਖਾਰਵੇਲ ਰਾਜੇ ਦੀਆਂ ਗੁਫਾਵਾਂ ਜੈਨ ਕਲਾ ਦਾ ਪ੍ਰਤੀਕ ਹਨ। ਜੋ 2300 ਸਾਲ ਪੁਰਾਣਾ ਇਤਿਹਾਸ ਹਨ।

ਵਰਤਮਾਨ ਪੰਜਾਬ ਵਿਚ ਚਰਰਸ਼ੇਵਰੀ ਦੇਵੀ ਸਰਹਿੰਦ ਅਤੇ ਕਾਂਗੜਾ ਤੀਰਥ (ਹਿਮਾਚਲ) ਵਿਚ ਪੈਂਦੇ ਹਨ। ਪੁਰਾਤਤਵ ਪਖੋ, ਜੀਂਦ, ਝਜਰ, ਦਿੱਲੀ, ਹੁਸ਼ਿਆਰਪੁਰ, ਕੁਰੂਖੇਤਰ, ਰੋਹਤਕ ਅਤੇ ਪੰਜੋਰ ਦੇ ਨਾਂ ਵਰਣਨ ਯੋਗ ਹਨ।

ਸਥਾਨਕ ਵਾਸੀ ਜੈਨ ਮੁਨੀ ਰੂਪ ਚੰਦ ਜੀ, ਅਚਾਰਿਆ ਰਤੀ ਰਾਮ ਦੇ ਸਮਾਰਕ ਜਗਰਾਉ ਤੇ ਮਾਲੇਰਕੋਟਲਾ ਵਿਖੇ ਹਨ। ਅੰਬਾਲਾ ਵਿਖੇ ਤਪਸੱਵੀ ਲਾਲ ਚੰਦ ਜੀਂਦੀ ਸਮਾਧ ਵਰਨਣ ਯੋਗ ਹੈ।

੫੫

# ਜੈਨ ਸਾਹਿਤ

ਅਨਾਦਿ ਕਾਲ ਤੋਂ ਇਹ ਆਤਮਾ ਜਨਮ-ਮਰਨ ਦੇ ਚੱਕਰ ਵਿਚ ਗੇੜੇ ਖਾ ਰਹੀ ਹੈ ਕਰਮਾਂ ਦੇ ਵਸ ਪਈ ਆਤਮਾ ਨੂੰ ਉਹ ਕਿਹੜੀ ਗਤੀ ਹੈ, ਜਿਸ ਵਿਚ ਜਨਮ ਲੈਣਾ ਨਹੀਂ ਪਿਆ ? ਪਰ ਕੁਝ ਆਤਮਾਵਾਂ ਜਨਮ-ਮਰਨ ਦਾ ਮੂਲ ਕਾਰਨ ਕਰਮਾਂ ਦਾ ਖਾਤਮਾ ਕਰਕੇ ਆਤਮਾ ਤੋਂ ਪ੍ਰਮਾਤਮਾ ਬਣ ਜਾਂਦੀਆਂ ਹਨ। ਇਹੋ ਸਿਧ ਜਾਂ ਮੁਕਤ ਅਵਸਥਾ ਹੈ। ਇਹੋ ਨਿਰਵਾਨ ਜਾਂ ਪ੍ਰਮਾਤਮ-ਪਦ ਹੈ। ਆਤਮਾ ਦਾ ਦੇਹ ਤੋਂ ਵਿਦੇਹ ਹੋਣਾ ਹੀ ਕਰਮਾਂ ਦਾ ਖਾਤਮਾ ਹੈ। ਅਜੇਹੀ ਸਥਿਤੀ ਨੂੰ ਪਹੁੰਚਣ ਵਾਲੀਆਂ ਜਿਉਂਦੇ ਮਨੁੱਖੀ ਸਰੀਰ ਵਿਚ ਅਰਹਤ ਸਵਰਗ, ਕੇਵਲੀ ਅਖਵਾਉਂਦੀਆਂ ਹਨ। ਪਰ ਕੁਝ ਆਤਮਾ ਪਿਛਲੇ ਜਨਮਾਂ ਦੇ ਸ਼ੁਭ ਕਰਮ ਸਦਕਾ ਤੀਰਥੰਕਰ (ਭਾਵ ਧਰਮ ਸੰਸਥਾਪਕ) ਅਖਵਾਉਂਦੀਆਂ ਹਨ। ਇਨ੍ਹਾਂ ਦੇ ਲੱਛਣ ਮਨੁੱਖਾਂ ਤੋਂ ਬਚਪਨ ਵਿਚ ਵਖ਼ ਹੁੰਦੇ ਹਨ।

ਇਨ੍ਹਾਂ ਤੀਰਥੰਕਰਾਂ ਦੀ ਗਿਣਤੀ 24 ਹੈ। ਪਹਿਲੇ ਤੀਰਥੰਕਰ ਰਿਸ਼ਵਦੇਵ ਦਾ ਵਰਨਣ ਜੈਨ ਸਾਹਿਤ ਤੋਂ ਛੁੱਟ ਵੈਦਿਕ ਸਾਹਿਤ ਵਿਚ ਵੀ ਆਇਆ ਹੈ। ਆਖਰੀ ਤੀਰਥੰਕਰ ਸ਼੍ਰਮਣ ਭਗਵਾਨ ਵਰਧਮਾਨ ਮਹਾਵੀਰ ਸਨ ਅੱਜ ਤੋਂ 2588 ਸਾਲ ਪਹਿਲਾਂ ਉਨ੍ਹਾਂ ਧਰਮ ਉਪਦੇਸ਼ ਛੁਟ ਸਮਾਜ ਵਿਚ ਫੈਲੀਆਂ ਬੁਰਾਈਆਂ ਵਿਰੁਧ ਅਹਿੰਸਕ ਜੰਗ ਲੜੀ। ਸਿਟੇ ਵਜੋਂ ਪਸ਼ੂ ਬਲੀ, ਦਾਸ ਪ੍ਰਥਾ, ਜਾਤਪਾਤ ਖਤਮ ਹੋਈ। ਇਸਤਰੀ ਨੂੰ ਧਾਰਮਿਕ ਅਤੇ ਸਮਾਜਿਕ ਅਧਿਕਾਰ ਮਿਲੇ। ਉਨ੍ਹਾਂ ਨੇ ਹੋਰ ਤੀਰਥੰਕਰਾਂ ਵਾਂਗ ਹੀ ਸ੍ਰੀ ਸੰਘ (ਸਾਧੂ, ਸਾਧਵੀ, ਸ਼੍ਰਾਵਕ, ਸ਼੍ਰਾਵਿਕਾ) ਦੀ ਸਥਾਪਨਾ ਕੀਤੀ। ਉਨ੍ਹਾਂ ਦਾ ਉਪਦੇਸ਼ ਉਨਾਂ ਦੇ ਪ੍ਰਮੁਖ ਸ਼ਿਸ਼ ਸ੍ਰੀ ਸੁਧਰਮਾ ਸਵਾਮੀ ਅਤੇ ਜੰਬੂ ਸਵਾਮੀ ਨੇ ਸੰਭਾਲ ਕੇ ਰਖਿਆ।

ਹੁਣ ਅਸੀਂ ਇਸ ਲੰਬੇ ਆਗਮ ਇਤਿਹਾਸ ਦੀ ਚਰਚਾ ਕਰਾਂਗੇ।

ਜੈਨ ਸਾਹਿਤ ਦਾ ਪੁਰਾਤਨ ਰੂਪ ਚੌਦਾਂ ਪੂਰਵ ਮੰਨੇ ਜਾਂਦੇ ਹਨ। ਭਾਵੇਂ ਅੱਜ ਕੱਲ੍ਹ ਕੋਈ ਵੀ ਪੂਰਵ ਨਹੀਂ ਮਿਲਦਾ ਪਰ ਇਨ੍ਹਾਂ ਪੂਰਵਾਂ ਦੇ ਨਾਂ ਆਗਮ ਸਾਹਿਤ ਵਿਚ ਮਿਲਦੇ ਹਨ। ਨੰਦੀ ਸੂਤਰ ਵਿਚ ਇਨ੍ਹਾਂ ਪੂਰਵਾਂ ਦਾ ਵਿਸ਼ਾ ਤੇ ਸ਼ਲੋਕ ਸੰਖਿਆ ਦਾ ਵਰਨਣ ਵਿਸ-ਥਾਰ ਨਾਲ ਮਿਲਦਾ ਹੈ।

ਭਗਵਾਨ ਮਹਾਂਵੀਰ ਦੇ ਸਮੇਂ ਇਹ ਪੂਰਵ ਮੌਜੂਦ ਹਨ। ਪਰ ਮਹਾਂਵੀਰ ਨਿਰਵਾਨ ਸੰਮਤ 1000 ਦੇ ਕਰੀਬ ਪੂਰਵਾਂ ਦਾ ਗਿਆਨ ਬਿਲਕੁਲ ਖਤਮ ਹੋ ਗਿਆ।

ਇਨ੍ਹਾਂ ਪੂਰਵਾਂ ਦੇ ਆਧਾਰ ਤੇ ਹੀ ਅੰਗ, ਉਪਾਂਗ ਮੂਲ ਸੂਤਰ, ਛੇਦ ਸੂਤਰ ਅਤੇ

ਪ੍ਰਾਕਿਰਨਕਾਂ ਦੀ ਰਚਨਾ ਹੋਈ।

ਭਗਵਤੀ ਸੂਤਰ ਵਿਚ ਭਗਵਾਨ ਮਹਾਵੀਰ ਦੇ ਸਾਧੂਆਂ ਦਾ ਗਿਆਰ੍ਹਾਂ ਅੰਗ ਜਾਂ ਬਾਰ੍ਹਾਂ ਅੰਗ ਪੜ੍ਹਨ ਦਾ ਵਰਨਣ ਮਿਲਦਾ ਹੈ। ਜੈਨ ਪਰੰਪਰਾ ਵਿਚ ਸ਼ਰੁਤ ਸਾਹਿਤ ਦੀ ਪਰੰਪਰਾ ਮਿਲਦੀ ਹੈ। ਤੀਰਥੰਕਰ ਜੋ ਉਪਦੇਸ਼ ਦਿੰਦੇ ਹਨ ਉਨ੍ਹਾਂ ਦੇ ਗਿਆਨੀ ਸ਼ਿਸ਼ ਉਸ ਨੂੰ ਸੁਣ ਕੇ ਵਿਸ਼ਾਲ ਸਾਹਿਤ ਦੀ ਰਚਨਾ ਕਰਦੇ ਹਨ। ਜੈਨ ਆਗਮਾਂ ਦੀ ਭਾਸ਼ਾ ਅਰਧ-ਮਾਗਧੀ ਪ੍ਰਾਕ੍ਰਿਤ ਹੈ।

ਜੈਨ ਆਗਮ ਸਾਹਿਤ ਦੇ ਵਿਕਾਸ ਦੀ ਕਹਾਣੀ ਬਹੁਤ ਲੰਬੀ ਤੇ ਦਿਲਚਸਪ ਹੈ। ਜੈਨ ਪਰੰਪਰਾ ਅਨੁਸਾਰ ਜੈਨ ਆਗਮਾਂ ਦੇ ਕਦੇ ਵੀ ਖਾਤਮਾ ਨਹੀਂ ਹੁੰਦਾ, ਹਰ ਤੀਰਥੰਕਰ ਦੇ ਸ਼ਿਸ਼ ਆਗਮਾਂ ਦੀ ਰਚਨਾ ਕਰਦੇ ਹਨ।

ਭਗਵਾਨ ਰਿਸ਼ਵਦੇਵ ਸਮੇਂ 84000 ਪ੍ਰਕੀਰਨਕ ਗ੍ਰੰਥ ਸਨ। ਭਗਵਾਨ ਮਹਾਂਵੀਰ ਸਮੇਂ ਇਨ੍ਹਾਂ ਦੀ ਸੰਖਿਆ 14000 ਰਹਿ ਗਈ। ਪਰ ਦੇਵਾਰਧੀ ਕਸ਼ਮਾਂ ਸ਼ਮਾ ਸ਼ਰਮਣ ਸਮੇਂ ਇਹ ਸੰਖਿਆ 84 ਰਹਿ ਗਈ ਸੀ।

ਪਾਠਕਾਂ ਦੀ ਜਾਣਕਾਰੀ ਲਈ ਅਸੀਂ 14 ਪੂਰਵਾਂ ਦੇ ਨਾਂ ਤੇ ਸ਼ਲੋਕ ਸੰਖਿਆ ਦੱਸਦੇ ਹਾਂ।

| 14 ਪੂਰਵਾਂ ਦੇ ਨਾਂ | ਸ਼ਲੋਕ ਸੰਖਿਆ |
|---|---|
| 1) ਉਤਪਾਦ ਪੂਰਵ | 1 ਕਰੋੜ |
| 2) ਅਗਰਾਇਨੀਯ ਪੂਰਵ | 96 ਲੱਖ |
| 3) ਵੀਰਯ | 70 ਲੱਖ |
| 4) ਅਸਤੀ ਨਾਸਤੀ ਪ੍ਰਵਾਦ | 60 ਲੱਖ |
| 5) ਗਿਆਨ ਪ੍ਰਵਾਦ ਪੂਰਵ | 99 ਲੱਖ 99 ਹਜਾਰ 999 |
| 6) ਸਤਯ ਪ੍ਰਵਾਦ | 1 ਕਰੋੜ |
| 7) ਆਤਮ ਪ੍ਰਵਾਦ | 26 ਕਰੋੜ |
| 8) ਕਰਮ ਪ੍ਰਵਾਦ | 1 ਕਰੋੜ 80 ਹਜ਼ਾਰ |
| 9) ਪ੍ਰਤਿਆਖਿਆਨ ਪਦ | 84 ਲੱਖ |
| 10) ਵਿਦਿਆਨੁਵਾਦ | 1 ਕਰੋੜ 10 ਲੱਖ |
| 11) ਅਵੰਧਯ | 26 ਕਰੋੜ |
| 12) ਪ੍ਰਾਣਆਯੂ | 1 ਕਰੋੜ 56 ਲੱਖ |
| 13) ਕਿਰਿਆਵਿਸ਼ਾਲ | 9 ਕਰੋੜ |
| 14) ਲੋਕਬਿੰਦੂਸਾਰ | $12\frac{1}{2}$ ਕਰੋੜ |

ਉਪਰੋਕਤ ਪੂਰਵਾਂ ਦੀ ਸੂਚੀ ਵੇਖਣ ਤੇ ਪਤਾ ਲੱਗਦਾ ਹੈ ਕਿ ਇਹ ਸਾਹਿਤ ਭਗਵਾਨ

ਪਾਰਸ਼ਵ ਨਾਥ ਤੇ ਸ੍ਰੀ ਮਹਾਵੀਰ ਸਵਾਮੀ ਤੋਂ ਪਹਿਲਾਂ ਦੀਆਂ ਰਚਨਾ ਸਨ। ਇਨ੍ਹਾਂ ਵੀ ਭਾਸ਼ਾ ਵੀ ਸੰਸਕ੍ਰਿਤ ਲੱਗਦੀ ਹੈ।

ਭਗਵਾਨ ਮਹਾਂਵੀਰ ਦੇ ਉਪਦੇਸ਼ ਨੂੰ ਉਨ੍ਹਾਂ ਦੇ ਪ੍ਰਮੁਖ ਸ਼ਿਸ਼ ਸੁਧਰਮਾ ਸੁਆਮੀ ਨੇ ਇਕੱਠਾ ਕੀਤਾ। ਉਸ ਸਮੇਂ ਪੜ੍ਹਾਈ ਦਾ ਕੰਮ ਮੂੰਹ ਜ਼ਬਾਨੀ ਹੁੰਦਾ ਸੀ। ਗੁਰੂ ਸ਼ਿਸ਼ ਨੂੰ ਆਗਮ ਸੁਣਾ ਦਿੰਦਾ ਸੀ। ਇਹੋ ਸਿਲਸਿਲਾ ਕਈ ਸਦੀਆਂ ਤਕ ਚਲਦਾ ਰਿਹਾ। ਕਿਸੇ ਨੇ ਵੀ ਭਗਵਾਨ ਨਿਰਵਾਨ ਮਹਾਵੀਰ ਸੰਮਤ 1000 ਤਕ ਸੂਤਰਾਂ ਨੂੰ ਲਿਖਣਾ ਠੀਕ ਨਹੀਂ ਸਮਸਿਆ ਪਰ ਇਸ ਦਾ ਇਹ ਅਰਥ ਨਹੀਂ ਕਿ ਆਗਮਾਂ ਦੇ ਸੰਬੰਧੀ ਕੋਈ ਵਿਦਵਾਨਾਂ ਦਾ ਸੰਮੇਲਲ ਨਾ ਹੋਇਆ ਹੋਵੇ।

**ਪਹਿਲੀ ਵਾਚਨਾ**—ਜੈਨ ਇਤਿਹਾਸ ਵਿਚ ਜੈਨ ਆਗਮਾਂ ਦੇ ਸੰਪਾਦਨ ਦਾ ਕੰਮ ਭਿੰਨ ਭਿੰਨ ਸਮੇਂ ਪੰਜ ਕਾਨਫਰੰਸਾਂ ਵਿਚ ਹੁੰਦਾ ਰਿਹਾ। ਸਭ ਤੋਂ ਪਹਿਲੀ ਕਾਨਫਰੰਸ ਮਹਾ-ਵੀਰ ਨਿਰਵਾਨ ਸੰਮਤ ਦੀ ਦੂਸਰੀ ਸਦੀ (160 B. C.) ਵਿਚ ਹੋਈ। ਉਸ ਸਮੇਂ ਅਚਾਰਿਆ। ਭੱਦਰਵਾਹੁ ਸਵਾਮੀ ਨੇਪਾਲ ਵਿਚ ਸਨ। ਸਾਰੇ ਦੇਸ਼ ਵਿਚ ਅਕਾਲ ਪਿਆ ਹੋਇਆ ਸੀ। ਲੋਕ ਭੁੱਖ ਨਾਲ ਮਰ ਰਹੇ ਸਨ। ਸਾਧੂਆਂ ਨੂੰ ਵੀ ਭੋਜਨ ਮਿਲਨਾ ਬਹੁਤ ਮੁਸ਼ਕਲ ਹੋ ਗਿਆ ਸੀ। ਇਹ ਅਕਾਲ 12 ਸਾਲ ਰਿਹਾ। ਉਸ ਸਮੇਂ ਬਹੁਤ ਸਾਰੇ ਮਗਧ ਦੀ ਰਾਜਧਾਨੀ ਪਾਟਲੀ ਪੁੱਤਰ ਇਕੱਠੇ ਹੋਏ, ਉਨ੍ਹਾਂ ਨੇ 11 ਅੰਗਾਂ ਦਾ ਸੰਪਾਂਦਨ ਕੀਤਾ। 12ਵਾਂ ਦ੍ਰਿਸ਼ਟੀਵਾਦ ਅੰਗ ਸਭ ਭੁੱਲ ਚੁੱਕੇ ਸਨ। ਇਸ ਕੰਮ ਦੀ ਪੂਰਤੀ ਲਈ ਭੱਦਰਬਾਹੁ ਸਵਾਵੀ ਦੇ ਸ਼ਿਸ਼ ਸਥੂਲ ਭੱਦਰ ਨੇਪਾਲ ਬਾਰ੍ਹਵਾਂ ਅੰਗ ਸਿਖਣ ਗਏ, ਜੋ ਕਿ ਪੂਰਾ ਨਾ ਹੋ ਸਕਿਆ। ਕਿਉਂਕਿ ਮਹਾਵੀਰ ਸੰਮਤ 170 ਵਿਚ ਭੱਦਰਬਾਹੁ ਸਵਾਮੀ ਦਾ ਸਵਰਗਵਾਸ ਹੋ ਗਿਆ। ਇਸ ਸਭਾ ਵਿਚ ਜੇਹੜੇ ਭਿਕਸ਼ੂਆਂ ਦੇ ਜੋ ਕੁਝ ਵੀ ਯਾਦ ਸੀ ਉਹ ਇਕੱਠਾ ਕਰ ਲਿਆ ਗਿਆ ਪਰ ਬਹੁਤ ਸਾਰਾ ਆਗਮਾਂ ਦਾ ਗਿਆਨ ਭਿਕਸ਼ੂ ਭੁਲ ਚੁਕੇ ਸਨ। ਇਸ ਸਾਹਿਤ ਨੂੰ ਕਈ ਵਿਦਵਾਨ ਭਿਕਸ਼ੂਆਂ ਨੇ ਮਾਨਤਾ ਦੇਣ ਤੋਂ ਇਨਕਾਰ ਕਰ ਦਿਤਾ। ਇਸ ਦੇ ਵਜੋਂ ਜੈਨੀਆਂ ਦੇ ਦੋ ਪ੍ਰਮੁਖ ਸੰਪਰਦਾਏ ਸਵੇਤਾਂਬਰ ਤੇ ਦਿਗੰਬਰ ਸਾਹਮਣੇ ਆਏ।

**ਦੂਸਰੀ ਵਾਚਨਾ**—ਈਸਾ ਦੀ ਦੂਜੀ ਸ਼ਤਾਬਦੀ ਵਿਚ ਮਹਾਰਾਜ ਖਾਰਵੇਲ ਕਲਿੰਗ ਰਾਜ ਦਾ ਸਮਰਾਟ ਬਣਿਆ। ਉਹ ਇਕ ਜੈਨ ਸਮਰਾਟ ਸੀ। ਉਸ ਦੇ ਸਮੇਂ ਆਗਮਾਂ ਦਾ ਸੰਪਾਦਨ ਕਰਨ ਦੀ ਇਕ ਕੋਸ਼ਿਸ਼ ਕੀਤੀ ਗਈ ਜਿਸ ਦਾ ਖੰਡ-ਗਿਰੀ ਤੇ ਉਦੇ-ਗਿਰੀ ਦੀਆਂ ਗੁਫਾਵਾਂ ਵਿਚ ਖੁਦੇ ਸ਼ਿਲਾ-ਲੇਖਾਂ ਤੋਂ ਪਤਾ ਲਗਦਾ ਹੈ। ਪਰ ਜੈਨ ਇਤਿਹਾਸਕਾਰ ਨੇ ਇਸ ਦਾ ਕੋਈ ਵਰਨਣ ਨਹੀਂ ਕੀਤਾ।

**ਤੀਸਰੀ ਵਾਚਨਾ**—ਮਹਾਵੀਰ ਸੰਮਤ 827-840 ਦੇ ਕਰੀਬ ਜੈਨ ਸੰਘ ਮਥੁਰਾ ਵਿਖੇ ਇਕੱਠਾ ਹੋਇਆ। ਉਸ ਸਮੇਂ ਭਾਰੀ ਅਕਾਲ ਪਿਆ ਹੋਇਆ ਸੀ। ਗਿਆਨੀ ਸਾਧੂ ਮਰ ਚੁਕੇ ਸਨ। ਬਾਕੀ ਸਾਧੂ ਕਾਫੀ ਕੁਝ ਭੁਲ ਚੁਕੇ ਸਨ। ਅਚਾਰਿਆ ਸਕੰਦਲ ਦੀ

ਪ੍ਰਧਾਨਗੀ ਹੇਠ ਇਕ ਵਾਰ ਆਗਮਾਂ ਦਾ ਸੰਪਾਦਨ ਫੇਰ ਕੀਤਾ ਗਿਆ। ਇਸ ਨੂੰ ਮਾਥੁਰੀ ਵਾਚਨਾ ਆਖਦੇ ਹਨ।

**ਚੌਥੀ ਵਾਚਨਾ**—ਮਹਾਂਵੀਰ ਸੰਮਤ 837-840 ਸਮੇਂ ਹੀ ਵੱਲਭੀ (ਗੁਜਰਾਤ) ਵਿਖੇ ਅਚਾਰਿਆ ਨਾਗਾ ਅਰੁਜਨ ਦੀ ਪ੍ਰਧਾਨਗੀ ਹੇਠ ਇਕ ਵਾਚਨਾਂ ਫੇਰ ਕੀਤੀ ਗਈ। ਉਸ ਸਮੇਂ ਕਾਫੀ ਕੁਝ ਸਾਧੂ ਭੁੱਲ ਚੁਕੇ ਸਨ।

**ਪੰਜਵੀਂ ਵਾਚਨਾਂ**—980 ਜਾਂ 993 ਮਹਾਂਵੀਰ ਸੰਮਤ ਸਮੇਂ ਵੱਲਭੀ ਵਿਖੇ ਸ਼ਰਮਣ ਸੰਘ ਅਚਾਰਿਆ ਦੇਵਾਰਧੀਗਣੀ ਸ਼ਮਾ ਸ਼ਰਮਣ ਦੀ ਪ੍ਰਧਾਨਗੀ ਹੇਠ ਇਕੱਠ ਹੋਇਆ। ਸਾਰੇ ਆਗਮਾਂ ਨੂੰ ਤਾੜ ਪੱਧਰ ਤੇ ਲਿਖ ਕੇ ਸੁਰੱਖਿਅਤ ਕੀਤਾ ਗਿਆ। ਅੱਜ ਕੱਲ ਉਸੇ ਵਾਚਨਾਂ ਵਿਚ ਲਿਖੇ ਗਏ ਆਗਮ ਹੀ ਮਿਲਦੇ ਹਨ। ਇਸ ਤੋਂ ਬਾਅਦ ਕੋਈ ਅਜੇਹੀ ਸੰਗੀਤੀ ਨਹੀਂ ਹੋਈ।

ਉਸ ਸਮੇਂ ਤੋਂ ਲੈ ਕੇ ਹੁਣ ਤੱਕ ਅਨੇਕਾਂ ਅਚਾਰਿਆਂ ਨੇ ਸੰਸਕ੍ਰਿਤ, ਪ੍ਰਾਕ੍ਰਿਤ, ਅਪਭਰਸ਼, ਤਾਮਿਲ ਤੇਲਗੂ, ਕਨਡ, ਰਾਜਸਥਾਨੀ, ਗੁਜ਼ਰਾਤੀ ਤੇ ਹਿੰਦੀ ਵਿਚ ਆਗਮ ਤੇ ਅਨੇਕਾਂ ਟੀਕੇ, ਟੱਬਾ, ਨਿਉਕਤੀਆਂ, ਚੂਰਨੀਆ, ਭਾਸ਼ਯ ਤੇ ਅਵਚੂਰਨੀਆ ਭਾਰੀ ਸੰਖਿਆ ਵਿਚ ਲਿਖੇ ਗਏ। ਅੱਜ ਵੀ ਭਾਰਤ ਦੇ ਬੜੇ ਬੜੇ ਸ਼ਹਿਰਾਂ ਵਿਚ ਹਜ਼ਾਰਾਂ ਸਾਲ ਪਹਿਲਾਂ ਲਿਖੇ ਗ੍ਰੰਥਾਂ ਦੇ ਭੰਡਾਰ ਮਿਲਦੇ ਹਨ।

**ਸ਼ਵੇਤਾਂਵਰ ਜੈਨ ਪਰੰਪਰਾ ਅਨੁਸਾਰ ਆਗਮਾਂ ਦੀ ਵਰਗੀਕਰਨਾ[1]**

ਸ੍ਰੀ ਨੰਦੀ ਸੂਤਰ ਅਨੁਸਾਰ ਆਗਮਾਂ ਦਾ ਵਰਗੀਕਰਨ ਇਸ ਪ੍ਰਕਾਰ ਹੈ :—

ਆਵਸ਼ਕ 6 ਹਨ

(1) ਸਮਾਇਕ (2) ਚਤੁਰਵਿਸ਼ਤਵ (3) ਬੰਦਨ (4) ਪ੍ਰਤਿਕ੍ਰਮਨ (5) ਕਯੋਤਸਰਗ (6) ਪ੍ਰਤਿਖਿਆਨ।

ਉਤਰਕਾਲਿਕ 29 ਹਨ

(1) ਦਸ਼ਵੈਕਾਲਿਕ (2) ਕਛਪਾਕਲਪ (3) ਚੁਲਕਕਲਪ (4) ਮਹਾਕਲਪ (5) ਔਪਪਾਤਿਕ (6) ਰਾਜਪ੍ਰਸਨੀਆ (7) ਜੀਵਾਮਿਗਮ (8) ਪ੍ਰਗਿਆਪਨਾ (9) ਮਹਾਪ੍ਰਗਿਆਪਨਾ (10) (11) ਨੰਦੀ (12) ਅਨੁਯੋਗਦਵਾਰ (13) ਦੇਵੇਂਦਰਸਤਵ (14)

---

ਵਿਸ਼ੇ ਪੱਖੋਂ ਆਗਮਾਂ ਦਾ ਵਰਗੀਕਰਨ ਚਾਰ ਪ੍ਰਕਾਰ ਨਾਲ ਕੀਤਾ ਜਾਂਦਾ ਹੈ।

(1) ਚਰਨ-ਕਰਨਾਯੋਗ (ਕਾਲਿਕ ਸ਼ਰੁਤ) (2) ਧਰਮਾ ਨੂੰ ਯੋਗ (ਰਿਸੀ ਭਾਸ਼ਤਿ ਆਦਿ ਸੂਤਰ) (3) ਗਣਿਤਾਨੁਯੋਗ (ਸੂਰਜ ਪਰਿਆਗਪਤੀ) (4) ਦਰਵਾਯਾਨਯੋਗ (ਦ੍ਰਿਸ਼ਟੀਵਾਦ ਜਾਂ ਸੂਤਰ ਕ੍ਰਿਤਾਂਗ)।

ਤਦੁਲਵੈਤਾਲਿਕ (15) ਚੰਦਰ ਵੇਦਯਕ (16) ਸੂਰਯ ਪ੍ਰਗਿਆਪਤੀ (17) ਪੌਰਸ਼ੀ ਮੰਡਲ (18) ਮੰਡਲ ਪ੍ਰਵੇਸ਼ (19) ਵਿਦਿਆਚਰਨ ਵਿਨਿਸ਼ਚੈ (20) ਗਣੀ ਵਿਦਿਆ (21) ਧਿਆਨ ਵਿਭੱਕਤੀ (22) ਮਰਨ ਵਿਭੱਕਤੀ (23) ਆਤਮ ਵਿਸ਼ੁਧੀ (24) ਵੀਤਰਾਗ ਸ਼ਰੁਤ (25) ਸਲੇਖਨਾ ਸ਼ਰੁਤ (26) ਵਿਹਾਰ ਕਲਪ (27) ਚਰਨਵਿਧੀ (28) ਆਤੁਰ ਪ੍ਰਤਿਖਿਆਨ (29) ਮਹਾਪ੍ਰਤਿਖਿਆਨ ।

ਕਾਲਿਕ 35 ਹਨ

(1) ਉੱਤਰਾਂਧਿਐਨ (2) ਦਸ਼ਾਸ਼ਰੁਤ ਸਕੰਧ (3) ਬ੍ਰਹਮ ਕਲਪ (4) ਵਿਹਾਰ (5) ਨਸ਼ਿਥ (6) ਮਹਾਨਸ਼ਿਥ (7) ਰਿਸ਼ੀ ਭਾਸ਼ੀਤ (8) ਜੰਬੂ ਦੀਪ ਪ੍ਰਗਿਆਪਤੀ (9) ਦੀਪਸਾਗਰ ਪ੍ਰਗਿਆਪਤੀ (10) ਚੰਦਰ ਪ੍ਰਗਿਆਪਤੀ (11) ਲਘੁਵਿਮਾਨ ਪ੍ਰਵਿਭੱਕਤੀ (12) ਮਹਾਵਿਮਾਨ (13) ਅੰਗ ਚੂਲਿਕਾ (14) ਵਰਗ ਚੂਲਿਕਾ (15) ਵਿਆਖਿਆ ਚੂਲਿਕਾ (16) ਅਰੁਣੋਪਪਾਤ (17) ਵਰੁਣੋਪਪਾਤ (18) ਗਰੁੜੋਪਪਾਂਤ (19) ਧਰਨੋਪਪਾਤ (20) ਵੈਸ਼ਰਮਨਪਪਾਤ (21) ਵੇਲਧੰਰਪਪਾਤ (22) ਦੇਵੰਦਰਪਪਾਤ (23) ਉਥਾਨ ਸ਼ਰੁਤ (24) ਸਮੁਥਾਨ ਸ਼ਰੁਤ (25) ਨਾਗ ਪ੍ਰਗਿਆਪਨਿਕਾ (26) ਨਿਰਯਵਾਲਿਕਾ (27) ਕਲਪਾਵਤਸਿਕਾ (28) ਪੁਸ਼ਪਿਕਾ (29) ਪੁਸ਼ਪ ਚੂਲਿਕਾ (30) ਵਿਸ਼ਨ ਦਸ਼ਾ (31) ਆਸੀਵਿਸ਼ ਭਾਵਨਾ (32) ਦਰਿਸ਼ਟੀਵਿਸ਼ ਭਾਵਨਾ (33) ਸੁਪਨ ਭਾਵਨਾ (34) ਮਹਾਸੁਪਨ ਭਾਵਨਾ (35) ਤੇਜਨਿਸਰਗ ।

ਅੰਗ ਪ੍ਰਵਿਸ਼ਟ 12 ਹਨ ।

(1) ਆਚਾਰੰਗ (2) ਸੂਤਰ ਕ੍ਰਿਤਾਂਗ (3) ਸਥਾਨੰਗ (4) ਸਮਵਾਯਾਂਗ (5) ਵਿਆਖਿਆ ਪ੍ਰਗਿਆਪਤੀ (6) ਗਿਆਤਾ ਧਰਮ ਕਥਾਂਗ (7) ਉਪਾਸਕ ਦਸਾਂਗ (8) ਅੰਤਕ੍ਰਿਤਦਸਾਂਗ (9) ਅਨੁਤਰ ਔਪਪਾਤਿਕ (10) ਪ੍ਰਸ਼ਨ ਵਿਆਕਰਨ (11) ਵਿਪਾਕ (12) ਦ੍ਰਿਸ਼ਟੀਵਾਦ :

## ਦਿਗੰਵਰ ਪਰੰਪਰਾ ਅਨੁਸਾਰ ਆਗਮਾਂ ਦਾ ਵਰਗੀਕਰਨ

ਸ਼ਿਰੀ ਤੱਤਵਾਰਥ ਸੂਤਰ 1—20 ਸ਼ਰੁਤ ਸਾਗਰ ਵਿਰਤੀ ਅਨੁਸਾਰ ਇਸ ਪ੍ਰਕਾਰ ਹੈ :—

## ਆਗਮ

| ਅੰਗ ਪ੍ਰਵਿਸ਼ਟ | ਅੰਗ ਬਾਹਰ |
|---|---|
| 1. ਆਚਾਰ | 1. ਸਮਇਕ |
| 2. ਸੂਤਰਕ੍ਰਿਤ | 2. ਚਤੁਰਵਿਸ਼ਤਵ |
| 3. ਸਥਾਨ | 3. ਬੰਦਨਾ |
| 4. ਸਮਵਾਯ | 4. ਪ੍ਰਤਿਕ੍ਰਮਨ |
| 5. ਵਿਆਖਿਆ ਪ੍ਰਗਿਆਪਤੀ | 5. ਵੈਨਯੀਕ |
| 6. ਗਿਆਤਾ ਧਰਮ ਕਥਾਂਗ | 6. ਕ੍ਰਤਿਕਰਮ |
| 7. ਉਪਾਸ਼ਕ ਦਸਾਂਗ | 7. ਦਸ਼ਵੈਕਾਲਿਕ |
| 8. ਅੰਤਕ੍ਰਿਤ ਦਸ਼ਾਗ | 8. ਉੱਤਰਾਧਿਐਨ |
| 9. ਅਨੁਤਰਪੋਪਾਤਿਕ ਦਸ਼ਾਗ | 9. ਕਲਪ ਵਿਵਹਾਰ |
| 10. ਪ੍ਰਸ਼ਨ ਵਿਆਕਰਨ | 10. ਕਲਪਾਕਲਪ |
| 11. ਵਿਪਾਕ | 11. ਮਹਾਕਲਪ |
| 12. ਦਰਿਸ਼ਟੀਵਾਦ | 12. ਪੁੰਡਰੀਕ |
| | 13. ਮਹਾ ਪੁੰਡਰੀਕ |
| | 14. ਅਸ਼ਤੀਕਾ |

## ਦਰਿਸ਼ਟੀਵਾਦ

| ਪਰਿਕਰਮ | ਸੂਤਰ | ਪ੍ਰਥਮਾਨੁਯੋਗ | ਪੂਰਵਗਤ | ਚੂਲਿਕਾ |
|---|---|---|---|---|
| ਚੰਦਰ ਪ੍ਰਗਿਆਪਤੀ | | 1. ਉਤਪਾਦ | | 1. ਜਲਗਤਾ |
| ਸੂਰਜ ਪ੍ਰਗਿਆਪਤੀ | | 2. ਅਗਰਾਇਣੀਏ | | 2. ਸਥਲਗਤਾ |
| ਜੰਬੂਦੀਪ ਪ੍ਰਗਿਆਪਤੀ | | 3. ਵੀਰਯਾਨੁਪ੍ਰਵਾਦ | | 3. ਮਾਯਾਗਤਾ |
| ਦੀਪ ਸਾਗਰ ਪ੍ਰਗਿਆਪਤੀ | | 4. ਆਸਤੀਨਾਸਤੀਪ੍ਰਵਾਦ | | 4. ਅਕਾਸ਼ਗਤਾ |
| ਵਿਆਖਿਆ ਪ੍ਰਗਿਆਪਤੀ | | 5. ਗਿਆਨਪ੍ਰਵਾਦ | | 5. ਰੂਪਗਤਾ |
| | | 6. ਸਤਯਪ੍ਰਵਾਦ | | |
| | | 7. ਆਤਮ ਪ੍ਰਵਾਦ | | |
| | | 8. ਕਰਮ ਪ੍ਰਵਾਦ | | |
| | | 9. ਪ੍ਰਤਿਖਿਆਨ ਪ੍ਰਵਾਦ | | |

10. ਵਿਦਿਆਨੁ ਪ੍ਰਵਾਦ
11. ਕਲਿਆਨ
12. ਪ੍ਰਾਣਾਵਾਯ
13. ਕ੍ਰਿਆਵਿਸ਼ਾਲ
14. ਲੋਕਬਿੰਦੂਸਾਰ

ਜੈਨ ਧਰਮ ਦੇ ਦੋਹੇ ਪ੍ਰਮੁਖ ਫਿਰਕੇ ਇਹ ਗੱਲ ਮੰਨਦੇ ਹਨ ਕਿ ਭਗਵਾਨ ਮਹਾਵੀਰ ਦਾ ਅਸਲ ਸਾਹਿਤ ਨਸ਼ਟ ਹੁੰਦਾ ਰਿਹਾ ਹੈ। ਇਸ ਬਾਰੇ ਅਸੀਂ ਦੋਹੇ ਫਿਰਕਿਆਂ ਦਾ ਇਤਿਹਾਸ ਵੇਖਦੇ ਹਾਂ ਤਾਂ ਇਸ ਬਾਰੇ ਮਤਭੇਦ ਦਾ ਪਤਾ ਲਗਦਾ ਹੈ।

## ਆਗਮ ਦਾ ਨਸ਼ਟ ਹੋਣਾ
## ਦਿਗੰਬਰ ਪਰੰਪਰਾ ਅਨੁਸਾਰ

ਦਿਗੰਬਰ ਪਰੰਪਰਾ ਅਨੁਸਾਰ ਅੱਜ ਕਲ ਕੋਈ ਆਗਮ ਉਪਲਭਧ ਨਹੀਂ ਹੈ। ਭਗਵਾਨ ਮਹਾਂਵੀਰ ਦੇ ਨਿਰਵਾਨ ਤੋਂ 62 ਸਾਲ ਬਾਅਦ ਕੇਵਲ-ਗਿਆਨੀ (ਬ੍ਰਹਮ ਗਿਆਨੀ) ਖਤਮ ਹੋ ਗਏ। ਆਖਰੀ ਕੇਵਲ-ਗਿਆਨੀ ਸ੍ਰੀ ਜੰਬੂ ਸਵਾਮੀ ਸਨ। ਉਨ੍ਹਾਂ ਤੋਂ 100 ਸਾਲ ਬਾਅਦ ਸ਼ਰੁਤ ਕੇਵਲੀ ਦੀ ਪਰੰਪਰਾ ਵੀ ਖਤਮ ਹੋ ਗਈ। ਆਖਰੀ ਸ਼ਰੁਤ ਕੇਵਲ ਸ੍ਰੀ ਭਦਰਵਾਹੁ ਸਨ। ਇਸ ਤੋਂ 183 ਸਾਲ ਬਾਅਦ 10 ਪੂਰਵਾਂ ਦਾ ਗਿਆਨ ਵੀ ਨਸ਼ਟ ਹੋ ਗਿਆ। ਆਖਰੀ ਪੂਰਵਾਂ ਦੇ ਜਾਨਕਾਰ ਸੁਧਰਮਾਂ ਜਾਂ ਧਰਸੇਨ ਸਨ। ਉਨ੍ਹਾਂ ਤੋਂ 220 ਸਾਲ ਬਾਅਦ 11 ਅੰਗਾਂ ਦੇ ਜਾਨਕਾਰ ਵੀ ਖਤਮ ਹੋ ਗਏ। ਆਖਰੀ ਅੰਗਾਂ ਦੇ ਜਾਨਕਾਰ ਕੰਸ ਅਚਾਰਿਆ ਸਨ। ਇਸ ਤੋਂ 118 ਸਾਲ ਬਾਅਦ ਆਚਾਰੰਗ ਸੂਤਰ ਦੇ ਆਖਰੀ ਜਾਣਕਾਰ ਲੋਹ ਅਚਾਰਿਆ ਸਮੇਂ ਸਾਰਾ ਆਗਮ ਸਾਹਿਤ ਨਸ਼ਟ ਹੋ ਗਿਆ। ਇਸ ਪ੍ਰਕਾਰ 62+100+183+220+118 = 683 ਮਹਾਵੀਰ ਨਿਰਵਾਨ ਦੀ 7 ਸਦੀ ਵਿਚ ਸਾਰਾ ਸਾਹਿਤ ਨਸ਼ਟ ਹੋ ਗਿਆ। ਉਸ ਸਮੇਂ ਦ੍ਰਿਸ਼ਟੀਵਾਦਕ ਨਾਮਕ ਅੰਗ ਦੇ ਕੁਝ ਅੰਸ਼ ਅਚਾਰਿਆ ਧਰ ਸੈਨ ਨੂੰ ਯਾਦ ਸਨ। ਉਨ੍ਹਾਂ ਸੋਚਿਆ ਕਿ ਜੇ ਇਨ੍ਹਾਂ ਨੂੰ ਲਿਪਿਬੱਧ ਨਾ ਕੀਤਾ ਤਾਂ ਕੁਝ ਵੀ ਨਹੀਂ ਬਚੇਗਾ। ਸੋ ਉਨ੍ਹਾਂ ਨੇ ਪਹਿਲੀ ਸਦੀ ਦੇ ਸ਼ੁਰੂ ਵਿਚ ਗਿਰਨਾਰ ਪਰਬਤ ਦੀ ਚੰਦਰ ਗਿਰੀ ਗੁਫਾ ਵਿਚ ਆਪਣੇ ਚੇਲੇ ਪੁਸ਼ਪ ਦੇਵ ਅਤੇ ਭੁਤਵਲੀ ਨੂੰ ਇਕੱਠਾ ਕਰ ਕੇ ਸਾਹਿਤ ਨੂੰ ਲਿਖਾਇਆ ਜੋ ਕਿ ਮਹਾਬੰਧ ਨਾਉਂ ਦੇ ਵਿਸ਼ਾਲ ਗ੍ਰੰਥ ਦੇ ਰੂਪ ਵਿਚ ਸਾਡੇ ਸਾਹਮਣੇ ਹੈ। ਇਸ ਨੂੰ ਮਹਾਬੰਧ ਸ਼ਟਖੰਡ ਆਗਮ ਵੀ ਆਖਦੇ ਹਨ। ਇਸ ਤੋਂ ਛੁਟ ਦਿਗੰਬਰ ਫਿਰਕੇ ਵਾਲੇ ਤਤਵਾਰਥ ਸੂਤਰ, ਕਸ਼ਾਏ ਪਾਹੁੜ, ਗੋਮਟਸਾਰ, ਪ੍ਰਵਚਨਸਾਰ, ਨਿਅਮਸਾਰ, ਵਸੁਨੰਦੀ ਸ਼ਰਾਵਕਾਚਾਰ, ਤਿਲੋਯ ਪ੍ਰਣਤੀ ਆਦਿ ਗ੍ਰੰਥਾਂ ਨੂੰ ਆਗਮਾਂ ਦੀ ਤਰਾਂ ਮੰਨਦੇ ਹਨ।

ਇਨ੍ਹਾਂ ਗ੍ਰੰਥਾਂ ਤੇ ਅਨੇਕਾਂ ਭਾਸ਼ਾ ਤੇ ਟੀਕਾਵਾਂ ਲਿਖੀਆਂ ਗਈਆਂ ਹਨ। ਤਤਵਾਰਥ ਸੂਤਰ ਦੀ ਪ੍ਰਮੁਖ ਟੀਕਾਂ ਤਤਵਾਰਥ ਰਾਜਵਾਰਤਿਕ ਹੈ। ਦਿਗੰਬਰ ਫਿਰਕਿਆਂ ਵਾਲਿਆਂ ਨੇ

ਪ੍ਰਮਾਣ ਤੇ ਨਯ ਦੇ ਵਿਸ਼ੇ ਤੇ ਬਹੁਤ ਸਾਹਿਤ ਲਿਖਿਆ ਹੈ । ਦਿਗੰਬਰ ਸੰਪਰਦਾਏ ਵਾਲਿਆਂ ਨੇ ਸੰਸਕ੍ਰਿਤ ਤੇ ਅਪਭ੍ਰਸ਼ ਭਾਸ਼ਾ ਵਿਚ ਪੁਰਾਨ ਸਾਹਿਤ ਦੀ ਰਚਨਾ ਵੀ ਕੀਤੀ ਹੈ । ਦਿਗੰਬਰ ਸਾਹਿਤਕਾਰ ਵਿਚੋਂ ਪ੍ਰਮੁਖ ਅਚਾਰਿਆ ਉਮਾਸਵਾਤੀ, ਅੰਕਲਕ, ਵਿਦਿਆਨੰਦੀ ਕੁਦਕੁੰਦ, ਸਮੰਤਭਦਰ, ਵਸੁਨੰਦੀ ਆਦਿ ਦੇ ਨਾਂ ਬਹੁਤ ਪ੍ਰਸਿਧ ਹਨ ।

## ਸ਼ਵੇਤਾਂਬਰ ਪਰੰਪਰਾ

ਸ਼ਵੇਤਾਂਬਰ ਪਰੰਪਰਾ ਅਨੁਸਾਰ ਸ਼੍ਰੀ ਜੰਬੂ ਸਵਾਮੀ ਤੋਂ ਬਾਅਦ ਕੇਵਲ-ਗਿਆਨ ਦੀ ਪਰੰਪਰਾ ਖਤਮ ਹੋ ਗਈ । ਅਚਾਰਿਆ ਸਥੂਲ ਭੱਦਰ ਮਹਾਵੀਰ ਸੰਮਤ 170-205 ਤਕ 14 ਪੂਰਵਾਂ ਦੇ ਜਾਨਕਾਰ ਸਨ, ਸ਼੍ਰੀ ਵਿਜੈ ਸੂਰੀ ਤਕ 10 ਪੂਰਵਾਂ ਦੇ ਜਾਨਕਾਰ ਸਨ । ਆਰੀਆ ਰਕਸ਼ਿਤ (ਮਹਾਵੀਰ ਸੰਮਤ 597) 9 ਪੂਰਵਾਂ ਦੇ ਜਾਨਕਾਰ ਸਨ । ਉਨ੍ਹਾਂ ਦੇ ਸ਼ਿਸ਼ ਪੁਸ਼ਯਮਿਤਰ 9 ਪੂਰਵਾਂ ਦੇ ਜਾਨਕਾਰ ਸਨ । 8—7—6 ਪੂਰਵਾਂ ਦੇ ਜਾਨਕਾਰਾਂ ਬਾਰੇ ਕੋਈ ਵਰਨਣ ਪ੍ਰਾਪਤ ਨਹੀਂ ਹੁੰਦਾ ।

ਇਸ ਤੋਂ ਬਾਅਦ ਅਚਾਰੰਗ ਸੂਤਰ ਦਾ ਮਹਾਪ੍ਰਗਿਆ ਨਾਮਕ ਅਧਿਐਨ ਨਸ਼ਟ ਹੋ ਗਿਆ । ਪ੍ਰਸ਼ਨ ਵਿਆਕਰਨ ਦਾ ਸਾਰਾ ਵਿਸ਼ਾ ਹੀ ਬਦਲ ਗਿਆ । ਗਿਆਤਾ ਧਰਮ ਕਥਾਂਗ ਸੂਤਰ ਦੀਆਂ ਕਹਾਣੀਆਂ ਨਸ਼ਟ ਹੋ ਗਈਆਂ ।

ਇਹ ਵੀ ਮੰਨਿਆ ਜਾਂਦਾ ਹੈ ਕਿ ਦੇਵਾਅਰਧਗਣੀ ਸ਼ਮਾ ਸ਼ਰਮਣ ਵੀ ਪੂਰਵਾਂ ਦਾ ਕੁਝ ਹਿੱਸਾ ਜਾਣਦੇ ਸਨ । ਇਹ ਉਹੀ ਅਚਾਰਿਆ ਸਨ ਜਿਨ੍ਹਾਂ ਦੀ ਅਗਵਾਈ ਹੇਠ ਮਹਾਵੀਰ ਦੀ ਦਸਵੀਂ ਸਦੀ ਹੇਠ ਆਗਮ ਸਾਹਿਤ ਲਿਪਿਬੱਧ ਕੀਤਾ ਗਿਆ । ਇਸ ਪ੍ਰਕਾਰ ਭਗਵਾਨ ਮਹਾਵੀਰ ਦੇ ਨਿਰਵਾਨ ਤੋਂ 1000 ਸਾਲ ਬਾਅਦ ਕੋਈ ਵੀ ਪੂਰਵਾਂ ਦਾ ਜਾਨਕਾਰ ਨਾ ਰਿਹਾ, ਅਤੇ ਆਗਮ ਸਾਹਿਤ ਦਾ ਕਾਫੀ ਹਿੱਸਾ ਵੀ ਨਸ਼ਟ ਹੋ ਗਿਆ ।

ਆਗਮਾਂ ਦੀ ਸੰਖਿਆ ਬਾਰੇ ਅਨੇਕਾਂ ਮੱਤ ਪ੍ਰਚਲਤ ਹਨ । ਪਰ ਅੱਜ ਕਲ ਆਗਮ ਤਿੰਨ ਰੂਪ ਵਿਚ ਮਿਲਦੇ ਹਨ ।

(1) 84 ਆਗਮ

(2) 45 ਆਗਮ

(3) 32 ਆਗਮ

## 84 ਆਗਮ

ਨੰਦੀ ਸੂਤਰ ਵਿਚ 71 ਗ੍ਰੰਥਾਂ ਦੇ ਨਾਂ ਮਿਲਦੇ ਹਨ 72ਵਾਂ ਆਵਸ਼ਕ

30 **ਉਤਕਾਲਿਕ**—(1) ਦਸ਼ਵੇਕਾਲਿਕ (2) ਕਲਪਿਕਾਕਲਪਿਕ (3) ਚੁਲ-ਕਲਪ (4) ਮਹਾਕਲਪ (5) ਔਪਪਾਤਿਕ (6) ਰਾਜਪ੍ਰਸ਼ਨਿਆ (7) ਜੀਭਾਵਿਗਮ (8) ਪ੍ਰਗਿਆਪਨਾ (9) ਮਹਾਪ੍ਰਗਿਆਪਨਾ (10) ਪਮਾਏਪਮਣੋ (11) ਨੰਦੀ (12) ਅਨੁਯੋਗਦਵਾਰ (13) ਦੇਵਿੰਦਰਸਤਵ (14) ਤੰਦੁਲ ਵਿਚਾਰਕ (15) ਚੰਦਰ

ਵੇਦਯਕ (16) ਸੂਰਜ ਪ੍ਰਗਿਆਪਤੀ (17) ਪੌਰਸੀ ਮੰਡਲ (18) ਮੰਡਲ ਪ੍ਰਵੇਸ਼ (19) ਵਿਦਿਆ-ਚਰਨ ਵਿਨਿਸਚੈ (20) ਗਣੀ ਵਿਦਿਆ (21) ਧਿਆਨ ਵਿਭਕਤੀ (22) ਮਰਨ ਵਿਭਕਤੀ (23) ਆਤਮ ਵਿਸ਼ੋਧੀ (24) ਵੀਤਰਾਗ ਸ਼ਰੁਤ (25) ਸੰਲੇਖਨਾ ਸ਼ਰੁਤ (26) ਵਿਹਾਰ ਕਲਪ (27) ਚਰਣਾ ਵਿਧਿ (28) ਆਤੁਰ ਪ੍ਰਤਿਖਿਆਨ (29) ਮਹਾਪ੍ਰਤਿਖਿਆਨ (30) ਦਰਿਸ਼ਟੀਵਾਦ ।

**ਕਾਲਿਕ**—(1) ਉੱਤਰਾਧਿਐਨ (2) ਦਸ਼ਾ ਵਿਵਹਾਰ ਕਲਪ (3) ਕਲਪ (4) ਨਸ਼ਿਥ (5) ਮਹਾਨਸ਼ਿਥ (6) ਰਿਸ਼ੀ ਭਾਸ਼ੀਤ (7) ਜੰਬੂਦੀਪ (8) ਦੀਪ ਸਾਗਰ ਪ੍ਰਗਿਆਪਤੀ (9) ਚੰਦਰ ਪ੍ਰਗਿਆਪਤੀ (10) ਖੁੜਿਕਾ ਵਿਮਾਨ ਵਿਭਅਕਤੀ (11) ਮਹਤੀ ਵਿਮਾਨ ਵਿਭਕਤੀ (12) ਅੰਗ ਚੁਲਿਕਾ (13) ਬੰਗ ਚੁਲਿਕਾ (14) ਵਿਵਾਹ ਚੁਲਿਕਾ (15) ਅਰਣੋਪਪਾਤ (16) ਵਰੁਣੋਪਪਾਤ (17) ਗਰੁੜੋ-ਪਪਾਤ (18) ਧਰਣੋਪਪਾਤ (19) ਵੇਸ਼ਰਮਣਪਪਾਤ (20) ਵੈਲਧਰੋਪਪਾਤ (21) ਦੇਵਿੰਦਰੋ ਪਾਪਤ (22) ਉਥਾਨ ਸ਼ਰੁਤ (23) ਸਮੁਥਾਨ ਸ਼ਰੁਤ (24) ਨਾਗ-ਪਰਿਤਾਪਨਿਕਾ (25) ਕਲਪਿਕਾ (26) ਕਲਪਬਤਾਸਿਕਾ (27) ਪੁਸ਼ਪਿਕਾ (28) ਪੁਸ਼ਪਚੁਚਿਲਕਾ (29) ਬਿਸਨੀਦਸ਼ਾ ।

**ਅੰਗ**—(1) ਅਚਾਰ (2) ਸੂਤਰ ਕ੍ਰਿਤ (3) ਸਥਾਨ (4) ਸਮਵਾਯ (5) ਭਗਵਤੀ (6) ਗਿਆਤਾ ਧਰਮ ਕਥਾ (7) ਉਪਾਸਕ ਦਸ਼ਾ (8) ਅੰਤਕ੍ਰਿਤ ਦਸ਼ਾ (9) ਅਨੁਤਰੋਪਾਤਿਕ ਦਸ਼ਾ (10) ਪ੍ਰਸ਼ਨਵਿਆਕਰਨ (11) ਵਿਪਾਕ (29+30+12—71)[1] (72) ਆਵਸ਼ਕ (73) ਅੰਤਕ੍ਰਿਤ ਦਸ਼ਾ (74) ਪ੍ਰਸ਼ਨਵਿਆਕਰਨ (75) ਅਨੁਤਰੋਪਾਤਿਕ ਦਸ਼ਾ (76) ਬੰਧ ਦਸ਼ਾ (72) ਦਿਵੀਗ੍ਰਿਧਿ ਦਸ਼ਾ (78) ਦੀਰਘ ਦਸ਼ਾ (79) ਸੁਪਨ ਭਾਵਨਾ (80) ਚਾਰਨ ਭਾਵਨਾ (81) ਤੇਜੋਨਿਗਰਗ (82) ਆਸੀਵਿਸ਼ ਭਾਵਨਾ (83) ਦਰਿਸ਼ਟੀਵਿਸ਼ ਭਾਵਨਾ (84) 55 ਅਧਿਐਨ ਕਲਿਆਨ ਫਲ ਵਿਪਾਕ ਤੇ 55 ਅਧਿਐਨ ਪਾਪ ਫਲ ਵਿਪਾਕ ।

### ਅੱਜ ਕਲ ਜੋ 45 ਆਗਮ ਮਿਲਦੇ ਹਨ ਉਨ੍ਹਾਂ ਦੇ ਨਾਉਂ ਇਸ ਪ੍ਰਕਾਰ ਹਨ :

(1) **11 ਅੰਗ**—(1) ਆਚਾਰੰਗ ਸੂਤਰ (2) ਸੂਤਰਕ੍ਰਿਤਾਂਗ ਸੂਤਰ (3) ਸਥਾਨੰਗ ਸੂਤਰ (4) ਸਮਵੰਯਾਗ ਸੂਤਰ (5) ਭਗਵਤੀ ਜਾਂ ਵਿਆਖਿਆ ਪ੍ਰਗਿਆਪਤੀ ਸੂਤਰ (6) ਗਿਆਤਾ ਧਰਮ ਕਥਾਂਗ ਸੂਤਰ (7) ਉਪਾਸਕ ਦਸ਼ਾਂਗ ਸੂਤਰ (8) ਅੰਤਕਿ-ਦਸ਼ਾਂਗ ਸੂਤਰ (9) ਅਨਉਤਰੋਪਾਤਿਕ ਸੂਤਰ (10) ਪ੍ਰਸ਼ਨ ਵਿਆਕਰਣ ਸੂਤਰ (11)

---

(1) ਨੰਦੀ ਸੂਤਰ (2) 73 ਤੋਂ 78 ਸੂਤਰਾਂ ਦੇ ਨਾਉਂ ਸਥਾਨੰਗ ਸੂਤਰ (3) 72 ਤੋਂ 83 ਸੂਤਰਾਂ ਦੇ ਨਾਉਂ ਵਿਵਹਾਰ ਸੂਤਰ ਵਿਚ ਹਨ ।

ਵਿਪਾਕ ਸੂਤਰ ।

(2) **12 ਉਪਾਂਗ**—ਔਪਪਾਤਿਕ ਸੂਤਰ (2) ਰਾਜਪ੍ਰਸ਼ਨੀਯ (3) ਜੀਵਾ-ਭਿਗਮ (4) ਪ੍ਰਗਿਆਪਨਾ (5) ਜੰਬੂਦੀਪ ਪਰਿਗਿਆਪਤੀ (6) ਚੰਦਰ ਪ੍ਰਗਿਆ-ਪਤੀ (7) ਸੁਰਿਆ ਪ੍ਰਗਿਆਪਤੀ (8) ਨਿਰਿਆਬਲਿਕਾ (9) ਕਲਪਾਵਤਸਿੰਕਾ (10) ਪੁਸ਼ਪਿਕਾ (11) ਪੁਸ਼ਪਚੁਲਾ (12) ਵਰਿਨਸ਼ੀ ਦਸ਼ਾ ।

(3) **6 ਛੇਦ ਸੂਤਰ**—(1) ਨਿਸ਼ਿਥ (2) ਮਹਾਨਿਸ਼ਿਥ (3) ਵਿਵਹਾਰ (4) ਦਸ਼ਾਸਰੁਤ ਸਕੰਧ (5) ਬ੍ਰਹਤਕਲਪ (6) ਪੰਚਕਲਪ ।

(4) **6 ਮੂਲ ਸੂਤਰ**—(1) ਉੱਤਰਾਧਿਐਨ (2) ਆਵੱਸ਼ਕ (3) ਦਸ਼ਵੈ-ਕਾਲਿਕ (4) ਪਿੰਡਨਿਯੁਕਤੀ (5) ਨੰਦੀ (6) ਅਨੁਯੋਗ ਦਵਾਰ ।

(5) 10 **ਪਰਿਕਿਰਣਕ**—(1) ਚਤੁਸ਼ਰਨ (2) ਆਤੁਰ ਪ੍ਰਤਿਆਖਿਆਨ (3) ਮਹਾਂ ਪ੍ਰਤਿਆਖਿਆਨ (4) ਸੰਸਤਾਰਕ (5) ਭਕਤ ਪ੍ਰਤਿਖਿਆਨ (6) ਚੰਦਰ ਕਵੇਦਿਯਕ (7) ਦਵੇਂਦਰਸਤਵ (8) ਗਣੀਵਿਦਿਆ (9) ਮਹਾ ਪ੍ਰਤਿਆਖਿਆਨ (10) ਵੀਰਸਤਵ ।

ਪਰ ਜੈਨੀਆਂ ਦੇ ਸ਼ਵੇਤਾਂਬਰ ਸਥਾਨਕ ਵਾਸੀ ਤੇ ਤੇਰਾਪੰਥੀ ਫਿਰਕੇ 32 ਆਗਮਾਂ ਨੂੰ ਹੀ ਪ੍ਰਮਾਣਿਕ ਮੰਨਦੇ ਹਨ । ਉਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ :


**11 ਅੰਗ**—(1) ਅਚਾਰੰਗ (2) ਸੂਤਰਕ੍ਰਿਤਾਂਗ (3) ਸਥਾਨੰਗ (4) ਸਮਵਾਯਾਂਗ (5) ਭਗਵਤੀ (6) ਗਿਆਤਾ ਧਰਮ ਕਥਾਂਗ (7) ਉਪਾਸਕ ਦਸ਼ਾਂਗ (8) ਅੰਤਕ੍ਰਿਤਾਂਗ (9) ਅਨੁਤਰੋਪਾਤਿਕ ਸੂਤਰ (10) ਪ੍ਰਸ਼ਨ ਵਿਆਕਰਨ (11) ਵਿਪਾਕ

**12 ਉਪਾਂਗ**—(1) ਔਪਪਾਤਿਕ (2) ਰਾਜਪ੍ਰਸ਼ਨੀਆ (3) ਜੀਵਾਭਿਗਮ (4) ਪ੍ਰਗਿਆਪਨਾ (5) ਸੂਰਜ ਪ੍ਰਗਿਆਪਤੀ (6) ਜੰਬੂਦੀਪ ਪ੍ਰਗਿਆਪਤੀ (7) ਚੰਦਰ ਪ੍ਰਗਿਆਪਤੀ (8) ਨਿਰਯਾਵਾਲਿਕ (9) ਕਲਪਾਵੰਤਸੀਕ (10) ਪੁਸ਼ਪਿਕ (11) ਪੁਸ਼ਪਚਲਿਕਾ (12) ਵਰਿਸ਼ਨੀ ਦਸ਼ਾ ।

(4) **ਮੂਲ ਸੂਤਰ**—(1) ਦਸ਼ਵੈਕਾਲਿਕ (2) ਉੱਤਰਾਧਿਐਨ (3) ਨੰਦੀ (4) ਅਨੁਯੋਗਦਵਾਰ ।

(5) **ਛੇਦ ਸੂਤਰ**—(1) ਨਸ਼ਿਥ (2) ਵਿਵਹਾਰ (3) ਬ੍ਰਹਤ ਕਲਪ (4) ਦਸ਼ਾਸ਼ਰੁਤ ਸਕੰਧ (5) ਆਵੱਸ਼ਕ ।

# ਨਵਕਾਰ ਮੰਤਰ ਦੀ ਵਿਆਖਿਆ




ਅਰਿਹੰਤ ]
ਸਿੱਧ ] ਦੇਵ

ਅਚਾਰਿਆ ]
ਉਪਾਧਿਆ ] ਗੁਰੂ
ਸਾਧੂ ]

## ਧਰਮ

ਮੁਕਤੀ ਦਾ ਰਾਹ
ਸਮਿੱਅਕ ਗਿਆਨ
ਸਮਿੱਅਕ ਦਰਸ਼ਨ
ਸਮਿੱਅਕ ਚਾਰਿੱਤਰ
ਮਿਥਿਆਤਵ

66

# ਨਵਕਾਰ ਮੰਤਰ ਦੀ ਵਿਆਖਿਆ

**ਮਹਾਂ ਮੰਤਰ ਨਵਕਾਰ (ਨਮਸਕਾਰ ਮੰਤਰ)**

ਣਮੋ ਅਰਿਹੰਤਾਣੰ

ਣਮੋ ਸਿਧਾਣੰ

ਣਮੋ ਆਯਾਰਿਆਣੰ

ਣਮੋ ਉੱਭਝਾਯਾਣੰ

ਣਮੋ ਲੋਏ ਸੱਬ ਸਾਹੂੱਣੰ

ਏਸੋ ਪੰਚ ਨਮੋਕਕਾਰੋ, ਸੱਬ ਪਾਵ ਪ ਣਾਸਣੋ

ਮੰਗਲਾ ਣੰਚ ਸੱਬ ਸਿੰ, ਪੜੰਮ ਹੱਵਈ ਮੰਗਲੰ

ਅਰਥ :—(1) ਅਰਿਹੰਤ ਦੇਵ ਨੂੰ ਨਮਸਕਾਰ ਹੋਵੇ।

(2) ਸਿੱਧ (ਮੁਕਤ ਆਤਮਾਂਵਾਂ) ਨੂੰ ਨਮਸਕਾਰ ਹੋਵੇ।

(3) ਅਚਾਰਿਆ (ਸੰਘ ਦੇ ਨੇਤਾ) ਨੂੰ ਨਮਸਕਾਰ ਹੋਵੇ।

(4) ਉਪਾਧਿਆਏ (ਸਿਖਿਆ ਦੇਣ ਵਾਲੇ ਅਧਿਆਪਕ) ਨੂੰ ਨਮਸਕਾਰ ਹੋਵੇ।

(5) ਇਸ ਲੋਕ ਵਿਚ ਘੁਮਣ ਵਾਲੇ ਸਾਰੇ ਸਾਧੂਆਂ ਨੂੰ ਨਮਸਕਾਰ ਹੋਵੇ!

ਇਨ੍ਹਾਂ ਪੰਜਾਂ ਨੂੰ ਨਮਸਕਾਰ ਕਰਨ ਨਾਲ ਸਭ ਪ੍ਰਕਾਰ ਦੇ ਪਾਪਾਂ ਦਾ ਨਾਸ਼ ਹੁੰਦਾ ਹੈ। ਸਾਰੇ ਪ੍ਰਮੁੱਖ ਮੰਗਲਾਂ ਵਿਚ ਇਹ ਸਭ ਤੋਂ ਪ੍ਰਮੁਖ ਮੰਗਲ ਹੈ। ਇਸ ਦਾ ਜਾਪ ਕਰਨ ਨਾਲ ਚਾਰੇ ਪਾਸੇ ਮੰਗਲ ਹੋ ਜਾਂਦਾ ਹੈ। ਓਮ ਸ਼ਬਦ ਨਵਕਾਰ ਮੰਤਰ ਦਾ ਸੰਖੇਪ ਰੂਪ ਹੈ। ਇਹ ਮੰਤਰ ਜੈਨ ਧਰਮ ਦਾ ਮੂਲ ਮੰਤਰ ਹੈ ਜਿਸ ਵਿਚ ਆਦਮੀ ਨੂੰ ਨਹੀਂ ਗੁਣਾਂ ਨੂੰ ਨਮਸਕਾਰ ਹੈ।

## ਅਰਿਹੰਤ-ਸਿੱਧ ਸਤੂਤੀ

ਉਪਰੋਕਤ ਸਤੂਤੀ ਪ੍ਰਾਚੀਨ ਜੈਨ ਗ੍ਰੰਥਾਂ ਵਿਚ ਮਿਲਦੀ ਹੈ ਆਖਿਆ ਜਾਂਦਾ ਹੈ ਕਿ ਦੇਵਤਿਆਂ ਦੇ ਰਾਜੇ ਇੰਦਰ ਨੇ ਇਸ ਸਤੂਤੀ ਰਾਹੀਂ ਭਗਵਾਨ ਮਹਾਵੀਰ ਨੂੰ ਪ੍ਰਣਾਮ ਕੀਤਾ ਸੀ। ਇਸ ਸਤੂਤੀ ਵਿਚ ਅਰਿਹਤਾ ਤੇ ਸਿੱਧਾ ਦੇ ਗੁਣਾਂ ਨੂੰ ਖਾਸ ਵਿਸ਼ੇਸ਼ਨਾ ਰਾਹੀਂ ਪ੍ਰਗ-ਟਾਇਆ ਗਿਆ ਹੈ।

"ਅਰਿਹੰਤਾ ਭਗਵਾਨ ਨੂੰ ਨਮਸਕਾਰ ਹੋਵੇ ?"

ਜੋ ਅਰਿਹੰਤ ਭਗਵਾਨ, ਸ਼ਰੁਤ ਧਰਮ ਦੇ ਸ਼ੁਰੂ ਕਰਨ ਵਾਲੇ ਹਨ। (ਸਾਧੂ, ਸਾਧਵੀ

ਸ਼ਾਵਿਕ, ਸ਼ਾਵਿਕਾ ਰੂਪੀ ਤੀਰਥ ਦੀ ਸਥਾਪਨਾ ਕਰਨ ਵਾਲੇ ਹਨ ਜਿਨ੍ਹਾਂ ਨੇ ਆਪ ਬੋਧ ਪ੍ਰਾਪਤ ਕਰ ਲਿਆ ਹੈ" ।

ਜੋ ਗਿਆਨ ਆਦਿ ਗੁਣਾ ਕਾਰਣ ਉੱਤਮ ਹਨ, ਪੁਰਸ਼ੋਤਮ ਹਨ ਸ਼ੇਰ ਦੀ ਤਰ੍ਹਾਂ ਭੈ ਰਹਿਤ (ਅਭੈ) ਹਨ। ਉਤਮ ਸਫੇਦ ਕਮਲ ਦੀ ਤਰ੍ਹਾਂ ਨਿਰਲੇਪ ਹਨ। ਜੋ ਗੰਧ ਹਸਤੀ (ਹਾਥੀ) ਦੀ ਤਰ੍ਹਾਂ ਪ੍ਰਭਾਵਸ਼ਾਲੀ ਹਨ।

ਜੋ ਲੋਕ (ਤਿਨੋ ਲੋਕ) ਵਿਚ ਉਤਮ ਹਨ, ਲੋਕ ਦੇ ਨਾਥ (ਸਵਾਮੀ ਹਨ) ਲੋਕ ਹਿਤੋਕਾਰੀ ਹਨ, ਸੰਸਾਰ ਦੇ ਦੀਪ ਹਨ। ਸੰਸਾਰ ਨੂੰ ਪ੍ਰਕਾਸ਼ ਦੇਣ ਵਾਲੇ ਹਨ।

ਜੋ ਅਭੈ (ਨਿਰਭੈ) ਦੇਣ ਵਾਲੇ ਹਨ। ਧਰਮ ਸ਼ਰਧਾ ਰੂਪੀ ਨੇਤਰ, ਦਾਨ ਕਰਨ ਵਾਲੇ ਹਨ, ਭੁਲੇ ਭਟਕੇ ਜੀਵਾ ਨੂੰ ਰਾਹ ਵਿਖਾਉਣ ਵਾਲੇ ਹਨ ਸ਼ਰਨ ਦੇਣ ਵਾਲੇ ਹਨ। ਬੋਧੀ (ਗਿਆਨ) ਰੂਪੀ ਬੀਜ ਦਾ ਲਾਭ ਦਿੰਦੇ ਹਨ।

ਜੋ ਨਾ ਖਤਮ ਹੋਣ ਵਾਲੇ ਕੇਵਲ ਗਿਆਨ ਅਤੇ ਕੇਵਲ ਦਰਸ਼ਨ ਵਾਲੇ ਹਨ। ਜਿਨਾਂ ਵਿਚ ਕੋਈ ਅਣਗਹਿਲੀ ਨਹੀਂ ਮਿਲਦੀ।

ਜੋ ਆਪ ਜਿਨ ਬਣ ਚੁਕੇ ਹਨ, ਅਤੇ ਦੂਸਰਿਆਂ ਨੂੰ ਜਿਨ ਬਨਾਉਣ ਵਾਲੇ ਹਨ। ਜੋ ਸੰਸਾਰ ਰੂਪੀ ਸਮੁੰਦਰ ਪਾਰ ਹੋ ਗਏ ਹਨ ਅਤੇ ਦੂਸਰੇ ਨੂੰ ਪਾਰ ਉਤਾਰਨ ਵਾਲੇ ਹਨ। ਜੋ ਸਵੈ ਬੁੱਧ (ਬਿਨਾ ਪ੍ਰੇਰਣਾ ਤੋਂ ਹੀ ਗਿਆਨੀ) ਹਨ ਦੂਸਰਿਆਂ ਨੂੰ ਬੁਧੀ ਦੇਣ ਵਾਲੇ ਹਨ। ਜੋ ਮੁਕਤ ਹਨ ਅਤੇ ਦੂਸਰਿਆ ਨੂੰ ਮੁਕਤੀ ਦਿਲਾ ਸਕਦੇ ਹਨ।

ਜੋ ਸਰਵੱਗ, ਸਰਵਦਰਸ਼ੀ, ਸ਼ਿਵ (ਕਗਿਆਨਕਾਰੀ), ਸਥਿਰ, ਦੁਖ ਤੋਂ ਰਹਿਤ, ਅਨੰਤ, ਨਾ ਖਤਮ ਹੋਣ ਵਾਲੇ, ਲਾਭ ਹਾਨੀ ਤੋਂ ਰਹਿਤ ਹਨ। ਜੋ ਅਜੇਹੀ ਜਗ੍ਹਾ, ਪਹੁੰਚ ਚੁਕੇ ਹਨ ਜਿਥੋਂ ਫਿਰ ਜਨਮ-ਮਰਨ ਦੇ ਚਕਰ ਵਿਚ ਆਉਣਾ ਨਹੀਂ ਪੈਂਦਾ। ਅਜਿਹੀ ਸਿੱਧ ਗਤੀ ਵਾਲੇ ਸਥਾਨ ਬਾਰੇ ਆਖਣਾ ਅਸੰਭਵ ਹੈ।

## ਦੇਵ (ਅਰਿਹੰਤ ਸਿੱਧ) ਦਾ ਸਵਰੂਪ

ਸੰਸਾਰ ਦੇ ਹਰ ਆਸਤਿਕ ਧਰਮ ਵਿਚ ਕਿਸੇ ਨਾਂ ਕਿਸੇ ਰੂਪ ਵਿਚ ਈਸ਼ਟ ਦੀ ਪੂਜਾ, ਪ੍ਰਸੰਸਾ ਰਾਹੀਂ ਆਤਮ ਕਲਿਆਨ ਦਾ ਰਾਹ ਦਸਿਆ ਗਿਆ ਹੈ। ਹਿੰਦੂ ਧਰਮ ਵਿਚ ਈਸ਼ਵਰ, ਬ੍ਰਹਮਾ, ਸ਼ਿਵ, ਦੁਰਗਾ, ਵਿਸ਼ਨੂੰ, ਰਾਮ ਤੇ ਕ੍ਰਿਸ਼ਨ ਆਦਿ ਅਨੇਕਾਂ ਦੇਵੀ, ਦੇਵਤੇ ਤੇ ਅਵਤਾਰਾਂ ਦਾ ਵਰਨਣ ਮਿਲਦਾ ਹੈ। ਵੇਦਾਂ ਵਿਚ ਕੁਦਰਤੀ ਸ਼ਕਤੀਆਂ ਨੂੰ ਦੇਵੀ ਜਾਂ ਦੇਵਤੇ ਮਨ ਕੇ ਉਨ੍ਹਾਂ ਦੀ ਪੁਜਾ ਕੀਤੀ ਗਈ ਹੈ। ਹਿੰਦੂ ਪੁਰਾਣਾ ਵਿਚ ਤਾਂ ਪਸ਼ੂਆਂ ਅਤੇ ਦਰਖਤਾ ਦੀ ਪੁਜਾ ਦਾ ਵਿਧਾਨ ਵੀ ਮਿਲਦਾ ਹੈ।

ਮੁਸਲਮਾਨ ਲਈ ਅੱਲਾ, ਈਸਾਈ ਲਈ ਗੋਡ, ਬੁੱਧ ਲਈ ਬੁਧਿਸੱਤਵ, ਇਸ਼ਟ ਦੀ ਥਾਂ ਰਖਦਾ ਹੈ ਪਾਰਸੀ ਅਹੁਰਮਜਾਦਾ ਦੀ ਉਪਾਸਨਾ ਕਰਦੇ ਹਨ। ਇਸੇ ਪ੍ਰਕਾਰ ਜੈਨ ਧਰਮ ਦੇ ਈਸ਼ਟ ਨਾਂ ਜਿਨ, ਵੀਤਰਾਗ, ਅਰਹਨ, ਅਰਿਹੰਤ, ਤੀਰਥੰਕਰ ਸਵੈਬੁੱਧ ਪੁਰਸ਼ੋਤਮ

ਕੇਵਲੀ ਹੈ । ਜੈਨ ਧਰਮ ਵਿਚ ਈਸ਼ਵਰ ਦੇ ਦੋ ਭਾਗ ਕੀਤੇ ਗਏ ਹਨ (1) ਸਕਾਰ ਪ੍ਰਮਾਤਮਾ (ਅਰਿਹੰਤ) (2) ਨਿਰਾਕਾਰ ਪ੍ਰਮਾਤਮਾ (ਸ਼ਕਲ ਰਹਿਤ, ਜਨਮ ਮਰਨ ਤੋਂ ਰਹਿਤ ਸ਼ੁਧ ਆਤਮਾ) ਅਵਸਥਾ । ਜੈਨ ਧਰਮ ਵਿਚ ਦੇਵ ਤੋਂ ਭਾਵ ਅਰਿਹੰਤ ਅਤੇ ਸਿੱਧ ਪ੍ਰਮਾਤਮਾ ਹੈ। ਜੈਨ ਧਰਮ ਗੁਣ ਪ੍ਰਧਾਨ ਧਰਮ ਹੈ । ਵਿਅਕਤੀ ਪ੍ਰਧਾਨ ਨਹੀਂ । ਜੈਨ ਧਰਮ ਦੇ ਮੂਲ ਮੰਤਰ ਵਿਚ ਜਿਨ੍ਹਾਂ ਪੰਜ ਮਹਾਨ ਆਤਮਾਵਾਂ ਦਾ ਵਰਨਣ ਕੀਤਾ ਗਿਆ ਹੈ ਉਨ੍ਹਾਂ ਵਿਚੋਂ ਪਹਿਲੇ ਦੋ ਪਦ ਅਰਿਹੰਤ-ਸਿੱਧ ਹਨ ਅਰਿਹੰਤ ਗਿਆਨ ਪੱਖੋਂ ਤੀਰਥੰਕਰ ਦੇ ਬਰਾਬਰ ਹੀ ਹੁੰਦੇ ਹਨ ਤੀਰ-ਥੰਕਰ ਅਤੇ ਅਰਿਹੰਤ ਵਿਚ ਗਿਆਨ ਤੇ ਅਧਿਆਤਮ ਪੱਖੋਂ ਕੋਈ ਫਰਕ ਨਹੀਂ । ਪਰ ਤੀਰ-ਥੰਕਰ ਪਿਛਲੇ ਜਨਮ ਦੀ ਕਮਾਈ ਦੇ ਸਿੱਟੇ ਵਜੋਂ ਤੀਰਥੰਕਰਾਂ ਵਾਲੀਆਂ ਖਾਸ ਵਿਸ਼ੇਸ਼ਤਾਵਾਂ ਜਨਮ ਤੋਂ ਲੈ ਕੇ ਆਂਦੇ ਹਨ ।

ਭਗਵਾਨ ਮਹਾਂਵੀਰ ਨੇ ਗਣਧਰ ਇੰਦਰ ਭੂਤੀ ਗੌਤਮ ਨੂੰ ਅਰਿਹੰਤ ਦੇਵਾਧਿਦੇਵ ਦਾ ਸਵਰੂਪ ਦਸਦੇ ਹੋਏ ਫੁਰਮਾਇਆ 'ਹੇ ਗੌਤਮ ! ਜੋ ਇਹ ਅਰਿਹੰਤ ਭਗਵਾਨ ਹਨ ਉਹ ਅਨੰਤ ਗਿਆਨ, ਅਨੰਤ ਦਰਸ਼ਨ ਦੇ ਧਾਰਕ ਹੁੰਦੇ ਹਨ । ਭੂਤ, ਵਰਤਮਾਨ ਅਤੇ ਭਵਿੱਖ ਨੂੰ ਹੱਥ ਉਪਰ ਪਏ ਕਮਲ ਦੀ ਤਰ੍ਹਾਂ ਵੇਖਦੇ ਹਨ । ਉਹ ਅਰਹਨ, ਜਿਨ (ਰਾਗ ਦਵੇਸ਼ ਜੇਤੂ) ਕੇਵਲੀ (ਸੰਪੂਰਨ ਗਿਆਨ ਦੇ ਧਾਰਕ) ਸਰਵੱਗ, ਸਸ਼ੀਵਦਰਸ਼ੀ ਹੁੰਦੇ ਹਨ ।ਇਸ ਲਈ ਇਨ੍ਹਾਂ ਨੂੰ ਦੇਵਾਧਿਦੇਵ ਆਖਿਆ ਜਾਂਦਾ ਹੈ (ਭਗਵਤੀ ਸੂਤਰ ਸੁਤਕ 12 ਉਦਸ਼ਕ 9)

ਸਾਧਾਰਣ ਦੇਵਤੇ ਇਨ੍ਹਾਂ ਗੁਣਾਂ ਦੇ ਧਾਰਕ ਨਹੀਂ ਹੁੰਦੇ ।

ਅਰਿਹੰਤ ਤੋਂ ਭਾਵ ਹੈ ਤਿਨੇ ਲੋਕਾਂ ਰਾਹੀਂ ਪੂਜਿਤ ਆਤਮਾ । ਤੀਰਥੰਕਰਾਂ ਦੇ ਚਾਰ ਵਿਸ਼ੇਸ਼ ਅਤਿਸ਼ੈ ਹੁੰਦੇ ਹਨ (1) ਪੂਜਾ ਅਤਿਸ਼ੈ (2) ਗਿਆਨ ਅਤਿਸ਼ੈ (3) ਬਚਨ ਅਤਿਸ਼ੈ (4) ਅਪਾਏ ਪਰਮਤਿਸ਼ੈ । ਇਨ੍ਹਾਂ ਅਤਿਸ਼ੈ ਦੇ ਸਾਰੇ ਭੇਦ 34 ਹੋ ਜਾਂਦੇ ਹਨ ।[1]

## ਤੀਰਥੰਕਰ ਤੇ ਅਰਿਹੰਤ

ਤੀਰਥੰਕਰ ਤੇ ਅਰਿਹੰਤ ਗਿਆਨ ਪੱਖੋਂ ਤੇ ਮੁਕੱਤ ਦਸ਼ਾ (ਸਿੱਧ) ਇਕ ਤਰ੍ਹਾਂ ਦੀ ਸ਼ਕਤੀ ਰਖਦੇ ਹਨ । ਪਰ ਤੀਰਥੰਕਰ ਅਹਿਹੰਤ ਇਸ ਲਈ ਬੜੇ ਮੰਨੇ ਜਾਂਦੇ ਹਨ ਕਿਉਂਕਿ ਉਹ ਧਰਮ ਰੂਪੀ ਸਾਧੂ, ਸਾਧਵੀ, ਸ੍ਰਾਵਕ ਤੇ ਸ੍ਰਾਵਿਕਾ ਤੀਰਥ ਦੀ ਸਥਾਪਨਾ ਕਰਕੇ, ਆਪ ਤਰਦੇ ਹਨ, ਹੋਰਾਂ ਨੂੰ ਤਾਰਦੇ ਹਨ । ਤੀਰਥੰਕਰ ਖੱਤਰੀ ਕੁਲ ਵਿਚ ਹੀ ਜਨਮ ਦੇ ਹਨ ਜਦ ਕਿ ਸਾਧਾਰਨ ਅਰਿਹੰਤ ਕਿਸੇ ਵੀ ਕੁਲ ਨਾਲ ਸਬੰਧਿਤ ਹੋ ਸਕਦੇ ਹਨ ਤੀਰਥੰਕਰਾਂ ਦੀ ਭਰਤ ਖੰਡ ਵਿਚ 24 ਦੀ ਗਿਣਤੀ ਨਿਸ਼ਚਿਤ ਹੈ ਸਧਾਰਨ ਅਰਿਹੰਤ,ਤੀਰਥੰ-ਕਰ ਦੇ ਮਾਰਗ ਦਰਸ਼ਨ ਰਾਹੀਂ ਹੀ ਅਰਿਹੰਤ ਬਣਦੇ ਹਨ। ਸੋ ਤੀਰਥੰਕਰ ਸਧਾਰਨ ਅਰਿਹੰਤ ਦੇ ਗੁਰੂ ਹਨ । ਤੀਰਥੰਕਰ ਅਰਿਹੰਤ ਪਿਛਲੇ ਜਨਮ ਵਿਚ 20 ਤੀਰਥੰਕਰ ਯੋਗ ਭਗਤੀ

1. ਸਮਵਾਂਯਗੇ ਸੂਤਰ ਸਥਾਨ 34 ।

ਸਾਧਨਾਂ ਨਾਲ ਮਾਤਾ ਦੇ ਗਰਭ ਵਿਚ ਆਉਂਦੇ ਹਨ। ਤੀਰਥੰਕਰ ਦੀ ਮਾਤਾ ਜਨਮ ਤੋਂ ਪਹਿਲਾਂ 14 ਸੁਪਨੇ ਵੇਖਦੀ ਹੈ। ਤੀਰਥੰਕਰ ਮਾਤ ਗਰਭ ਵਿਚ ਮਤੀ, ਸ਼ਰੁਤੀ ਤੇ ਮਨ ਪ੍ਰਯਅਵ ਗਿਆਨ ਦੇ ਧਾਰਕ ਹੁੰਦੇ ਹਨ। ਹਰ ਤੀਰਥੰਕਰ ਦੇ ਪੰਜ ਕਲਿਆਣਕ (ਕਲਿਆਣਕਾਰੀ ਸ਼ੁਭ ਅਵਸਰ) ਹੁੰਦੇ ਹਨ। (1) ਚਯਵਨ (ਗਰਭ ਵਿਚ ਆਉਣ ਦਾ ਕਲਿਆਨਕ) (2) ਜਨਮ ਕਲਿਆਣਕ (3) ਦੀਖਿਆ ਕਲਿਆਣਕ (4) ਕੇਵਲ ਗਿਆਨ ਕਲਿਆਣਕ (5) ਨਿਰਵਾਨ ਕਲਿਆਣਕ।

ਤੀਰਥੰਕਰ ਆਤਮਾਵਾਂ ਦੇ ਇਨ੍ਹਾਂ ਪੰਜਾ ਮੌਕਿਆ ਤੇ, ਸੰਸਾਰ ਤੋਂ ਛੁੱਟ ਸਵਰਗ ਦੇ ਦੇਵੀ ਦੇਵਤਾ ਧਰਤੀ ਤੇ ਉਤਰਦੇ ਹਨ। ਮਨੁੱਖ ਨਾਲ ਉਹ ਵੀ ਇਨ੍ਹਾਂ ਅਵਸਰ ਤੇ ਖੁਸ਼ੀਆਂ ਮਨਾਉਂਦੇ ਹਨ। ਇਹ ਦੇਵਤਾਵਾਂ ਦੀ ਪ੍ਰੰਪਰਾ ਹੈ। ਤੀਰਥੰਕਰ ਸਾਧੂ ਬਨਣ ਤੋਂ ਪਹਿਲਾ ਇਕ ਸਾਲ ਬਰਸੀ ਦਾਨ ਕਰਦੇ ਹਨ। ਸਵਰਗ ਦੇ ਸਾਮਾਨਿਕ ਦੇਵਤਾ ਉਨ੍ਹਾਂ ਨੂੰ ਸਾਧੂ ਬਨਣ ਦੀ ਬੇਨਤੀ ਕਰਦੇ ਹਨ। ਜੈਨ ਧਰਮ ਵਿਚ ਸਵਰਗ ਵਿਚ 64 ਇੰਦਰ ਮੰਨੇ ਜਾਂਦੇ ਹਨ। ਜੋ ਤੀਰਥੰਕਰਾਂ ਦੀ ਹਰ ਸਮੇਂ ਆਪਣੇ ਦੇਵੀ ਦੇਵਤਾ ਰੂਪੀ ਪ੍ਰਜਾ ਨਾਲ ਭਗਤੀ ਕਰਦੇ ਹਨ। ਦੀਖੀਆ ਸਮੇਂ ਤੀਰਥੰਕਰ ਨੂੰ ਚੋਥਾ ਅਵਧੀ ਗਿਆਨ ਪ੍ਰਾਪਤ ਹੋ ਜਾਂਦਾ ਹੈ। ਪਹਿਲੇ ਚਾਰ ਗਿਆਨ ਇੰਦਰੀਆਂ ਨਾਲ ਸਬੰਧਿਤ ਹਨ। ਪੰਜਵਾਂ ਕੇਵਲ ਗਿਆਨ ਪ੍ਰਾਪਤ ਹੁੰਦੇ ਹੀ ਤੀਰਥੰਕਰ ਅਰਿਹੰਤ ਅਖਵਾਉਂਦੇ ਹਨ ਜਿਸ ਦਾ ਭਾਵ ਹੈ ਆਤਮਾ ਦੇ ਦੁਸ਼ਮਨਾਂ ਦਾ ਜੇਤੂ।

ਤੀਰਥੰਕਰ ਪਹਿਲੇ ਉਪਦੇਸ਼ ਵਿਚ ਹੀ ਧਰਮ ਰੂਪੀ ਚਹੁਮੁਖੀ ਤੀਰਥ ਦੀ ਸਥਾਪਨਾ ਕਰਦੇ ਹਨ। ਦੇਵਤੇ ਤੀਰਥੰਕਰਾਂ ਦੀ ਬੈਠਨ ਵਾਲੀ ਸਮੌਸਰਨ ਜਗ੍ਹਾ ਨੂੰ ਆਪਣੀ ਮਾਇਆ ਨਾਲ ਤਿਆਰ ਕਰਦੇ ਹਨ। ਤੀਰਥੰਕਰ ਦੀ ਸਭਾ ਵਿਚ ਹਰ ਸਮੇਂ ਦੇਵਤੇ ਬੈਠੇ ਰਹਿੰਦੇ ਹਨ।

ਕੇਵਲ ਗਿਆਨ ਉਤਪਨ ਹੁੰਦੇ ਹੀ ਮੋਕਸ਼ ਨਿਸ਼ਚਿਤ ਹੋ ਜਾਂਦਾ ਹੈ ਆਤਮਾ ਜਨਮ ਮਰਨ ਦਾ ਚੱਕਰ ਕਟਕੇ ਪ੍ਰਮਾਤਮਾ ਬਣ ਜਾਂਦਾ ਹੈ ਕਰਮਾਂ ਦੀ ਜੰਜੀਰ ਖਤਮ ਹੋ ਜਾਂਦੀ ਹੈ, ਜੋ ਕਿ ਜਨਮ ਮਰਨ ਰੂਪੀ ਦੁਖਦਾ ਕਾਰਣ ਹੈ। ਨਿਰਵਾਨ ਤੋਂ ਬਾਅਦ ਤੀਰਥੰਕਰ ਅਰਿਹੰਤ ਅਤੇ ਸਾਧਾਰਣ ਅਰਿਹੰਤ ਦੀ ਸਥਿਤੀ ਇਕੋ ਹੈ।

## ਤੀਰਥੰਕਰ ਤੇ ਸਿੱਧਾਂ ਦੇ ਵਿਸ਼ੇਸਨ

(1) ਅਰਿਹੰਤ (2) ਭਗਵਾਨ (3) ਆਦਿਕਰ (4) ਤੀਰਥੰਕਰ (5) ਸਵੈ ਸੰਬੁਧ (6) ਪੁਰਸ਼ੋਤਮ (7) ਪੁਰਸ਼ਸਿੰਹ (8) ਪੁਰਸ਼ ਪੁਡਰਿਕ (ਪੁਰਸ਼ਾਂ ਵਿਚ ਕਮਲ) (9) ਪੁਰਸ਼ ਵਰਗੰਧ ਹਸਤੀ (10) ਲੋਕੋਤਮ (11) ਲੋਕ ਨਾਥ (12) ਲੋਕ ਹਿਤਕਰ (13) ਲੋਕ ਪ੍ਰਦਤੋਕਰ (ਲੋਕ ਪ੍ਰਕਾਸ਼ਕ) (14) ਅਭੈਦਾਤਾ (ਭੇ ਮੁਕਤ ਕਰਨ ਵਾਲਾ) (15) ਚਕਸੂ ਦਾਤਾ (ਗਿਆਨ ਰੂਪੀ ਅੱਖ ਦੇਣ ਵਾਲੇ) (16) ਮਾਰਗਦਾਤਾ (ਪੱਥ ਪ੍ਰਦਸ਼ਕ) (17)

ਸ਼ਰਨਦਾਤਾ (18) ਜੀਵਨ ਦਾਤਾ (19) ਬੋਧੀ (ਗਿਆਨ) ਦਾਤਾ (20) ਧਰਮ ਦਾਤਾ (21) ਧਰਮ ਦੇਸ਼ਕ (ਉਪਦੇਸ਼ਕ) (22) ਧਰਮ ਨਾਇਕ (23) ਧਰਮ ਸਾਰਥੀ (24) ਧਰਮ ਵਰ ਚਾਤੁਰ ਅੰਤ ਚੱਕਰਵਰਤੀ (ਚਾਰ ਪ੍ਰਕਾਰ ਦੇ ਤੀਰਥ ਨੂੰ ਧਰਮ ਰੂਪੀ ਰਥ ਤੇ ਬਿਠਾ ਕੇ ਚਾਰ ਗਤੀਆ ਦਾ ਅੰਤ ਕਰਨ ਵਾਲਾ ਧਰਮ ਚਕਰਵਰਤੀ (25) ਅਪ੍ਰਤਿਹਰ ਗਿਆਨ ਦਰਸ਼ਨਧਰ (ਰੁਕਾਵਟ ਰਹਿਤ ਸਮਿਅਕ ਗਿਆਣ, ਦਰਸ਼ਨ) (26) ਵਿਵਰਤ ਛੱਦਮ (ਆਤਦੇ ਛੇਕਾ ਨੂੰ ਭਰਨ ਵਾਲਾ) (27) ਜਿਨ (ਰਾਗ ਦਵੇਸ਼ ਤੋਂ ਰਹਿਤ) (28) ਗਾਯਕ (ਦੂਸਰੇ ਤੇ ਜਿੱਤ ਦੀ ਵਿਧੀ ਦਸਣ ਵਾਲਾ (29) ਤੀਰਣ (30) ਤਾਰਨ (31) ਬੁੱਧ (32) ਬੋਧਕ (33) ਮੁਕਤ (34) ਮੋਚਕ (34) ਸਰਵਗ ਸਰਵਦਰਸੀ। ਇਸ ਤੋਂ ਛੁਟ ਤੀਰਥੰਕਰ ਲਈ ਹੋਰ ਹਜ਼ਾਰਾਂ ਵਿਸ਼ੇਸ਼ਨ ਜੈਨ ਅਚਾਰਿਆ ਨੇ ਵਰਤੇ ਹਨ।

## ਅਸ਼ਟ ਪ੍ਰਤਿਹਾਰਏ

ਪੂਜੱਤਾ ਪ੍ਰਗਟ ਕਰਨ ਵਾਲੀ ਸਾਮਗਰੀ ਜੋ ਹਰ ਸਮੇਂ ਨਾਲ ਰਹੇ। ਉਸ ਨੂੰ ਪ੍ਰਤਿਹਾਰੇ (ਪਹਿਰੇਦਾਰ) ਬੋਲਦੇ ਹਨ। ਇਹ ਅੱਠ ਪ੍ਰਤਿਹਾਰੇ ਤੀਰਥੰਕਰ ਅਰਿਹੰਤ ਨੂੰ ਕੇਵਲ ਗਿਆਨ ਬਾਅਦ ਤੋਂ ਬਾਅਦ ਪ੍ਰਾਪਤ ਹੁੰਦੇ ਹਨ।

(1) ਅਸ਼ੋਕ ਬ੍ਰਿਖ (2) ਸੁਰ ਪੁਸ਼ਪ ਵਰਿਸ਼ਟੀ (ਦੇਵਤਿਆ ਰਾਹੀਂ ਫੁੱਲਾਂ ਦੀ ਵਰਖਾ) (3) ਦਿਵਯਧੱਵਨੀ (ਤੀਰਥੰਕਰ ਦੇ ਸਮੇਂ ਸ਼ਰਨ ਵਿਚ ਬੈਠ ਦੇਵੀ, ਦੇਵਤੇ, ਮਨੁਖ, ਇਸਤਰੀ ਪਸ਼ੂ ਇਸ ਦੇ ਪ੍ਰਭਾਵ ਨਾਲ ਤੀਰਥੰਕਰ ਦੀ ਬਾਣੀ ਅਪਣੀ 2 ਭਾਸ਼ਾ ਵਿਚ ਸਮਝਦੇ ਹਨ।) (4) ਚਾਮਰ (ਚੌਰ) (5) ਸਿੰਘਾਸਨ (6) ਭਾਮ ਮੰਡਲ (ਤੀਰਥੰਕਰ ਦੇ ਪੀਛੇ ਪ੍ਰਕਾਸ਼ਮਾਨ ਤੇਜ ਮੰਡਲ ਹੁੰਦਾ ਹੈ ਜੋ ਦਸ ਦਿਸ਼ਾਵਾਂ ਨੂੰ ਪ੍ਰਕਾਸ਼ਿਤ ਕਰਦਾ ਹੈ। (7) ਦੇਵ ਦੁੰਧਭੀ (ਦੇਵਤੇ ਰਾਹੀਂ ਸਾਜ ਬਜਾਉਣਾ) (8) ਤਿੰਨ ਛੱਤਰ (ਤਿੰਨ ਛੱਤਰ ਤੀਰਥੰਕਰਾਂ ਦੇ ਸਿਰਦੇ ਝੁਲਦੇ ਹਨ)

ਸਧਾਰਣ ਅਰਿਹੰਤ ਨੂੰ ਅਸੀਂ ਇਨ੍ਹਾਂ ਬਾਹਰਲੀਆ ਵਸਤਾਂ ਕਾਰਣ ਵੀ ਤੀਰਥੰਕਰ ਨਹੀਂ ਆਖ ਸਕਦੇ।

ਤੀਰਥੰਕਰ ਭਗਵਾਨ ਦੇ 12 ਪ੍ਰਮੁਖ ਗੁਣ ਇਸ ਪ੍ਰਕਾਰ ਹਨ।

(1) ਅਨੰਤ ਗਿਆਨ (2) ਅਨੰਤ ਦਰਸ਼ਨ (3) ਅਨੰਤ ਚਾਰਿਤਰ (4) ਅਨੰਤਤੱਪ (5) ਅਨੰਤ ਬਲ ਵੀਰਜ (ਆਤਮਿਕ ਸ਼ਕਤੀ) (6) ਅਨੰਤ ਸ਼ਾਯਿਕ ਸਮਿਕਤਵ (ਨਾਂ ਖਤਮ ਹੋਣ ਵਾਲਾ ਸਮਿਅਕਤਵ) (7) ਵੱਜਰ ਰਿਸ਼ਵ ਨਾਰਾਚ ਸੰਹਨੰਨ (8) ਸਮਚਤੁਰ ਸੰਸਥਾਨ (9) ਚੋਤੀਸ ਅਤਿਸ਼ੇ (10) 35 ਬਾਣੀ ਦੇ ਗੁਣ (11) ਇਕ ਹਜ਼ਾਰ ਅੱਠ ਲੱਛਣ (14) 64 ਇੰਦਰਾਂ ਰਾਹੀਂ ਪੂਜਿਤ।

## 18 ਦੋਸ਼ਾਂ ਤੋਂ ਮੁਕਤ ਅਰਿਹੰਤ

ਅਰਿਹੰਤ ਤੀਰਥੰਕਰ 18 ਦੋਸ਼ਾਂ ਤੋਂ ਰਹਿਤ ਹੁੰਦੇ ਹਨ।

(1) ਮਿਥਿਆਤਵ (2) ਅਗਿਆਨ (3) ਮਦ (ਹੰਕਾਰ) (4) ਕਰੋਧ (5) ਮਾਇਆ (6) ਲੋਭ (7) ਰਤਿ ਵਸਤੂ (8) ਅਰਤਿ (ਨਾਇੱਛ ਦਾ ਦੁਖ) (9) ਨੀਂਦ (10) ਸ਼ੋਕ (11) ਅਲੀਕ ਪ੍ਰਾਪਤ ਪ੍ਰਤਿ ਖੁਸ਼ੀ ਮਾੜੀ ਪ੍ਰਾਪਤ ਪ੍ਰਤਿ ਦੁਖ (12) ਚੋਰੀ (13) ਮਤਸਰਤਾ (14) ਭੈ (15) ਹਿੰਸਾ (16) ਸੰਸਾਰਿਕ ਵਸਤਾ ਪ੍ਰਤਿ ਪ੍ਰੇਮ (17) ਕ੍ਰੀੜਾ (ਖੇਲ) (18) ਹਾਸਾ ਮਜਾਕ ।

## ਤੀਰਥੰਕਰ ਸੰਭਧੀ ਵੀਹ ਸਥਾਨਕ (ਗੁਣ)

ਹਰ ਆਦਮੀ ਤੀਰਥੰਕਰ ਨਹੀਂ ਬਣ ਸਕਦਾ, ਜੋ ਪਿਛਲੇ ਜਨਮ ਵਿਚ ਇਨ੍ਹਾਂ 20 ਬੋਲਾ ਦੀ ਸਮਿਅਕ ਅਰਾਧਨਾ ਭਗਤੀ ਕਰਦਾ ਹੈ ਉਹ ਹੀ ਤੀਰਥੰਕਰ ਪਦ ਦੀ ਪ੍ਰਾਪਤੀ ਕਰਦਾ ਹੈ ।

(1) ਅਰਿਹੰਤ ਭਗਤੀ (2) ਸਿਧ ਭਗਤੀ (3) ਪ੍ਰਵਚਨ ਭਗਤੀ (4) ਗੁਰੂ ਭਗਤੀ (5) ਸਥਵਿਰ (ਬੁਡੇ ਸਾਧੂ ਤੇ ਬਜੁਰਗਾਂ ਦੀ ਸੇਵਾ) ਭਗਤੀ (6) ਬਹੁਸ਼ਰੁਤ ਭਗਤੀ (7) ਤੱਪਸਵੀ ਭਗਤੀ (8) ਅਭਿਕਸ਼ਨ ਗਿਆਨ ਉਪਯੋਗ (ਤੱਤਵ ਗਿਆਨ ਨੂੰ ਦੁਹਾਰਨਾ) (9) ਦਰਸ਼ਨ ਸ਼ੁਧੀ (ਸਮਿਅਕ ਦਰਸ਼ਨ ਦਾ ਪਾਲਨ ਕਰਕੇ ਮਿਥਿਆਤਵ ਨੂੰ ਛੱਡ ਕੇ ਅਰਿਹੰਤਾਂ ਦੇ ਉਪਦੇਸ਼ਾਂ ਤੇ ਚਲਨਾਂ । (10) ਵਿਨੈ ਸਪੰਨਤਾ (11) ਆਵਸ਼ਕ ਕ੍ਰਿਆ (12) ਸ਼ੀਲ ਵਰਤ ਦਾ ਪਾਲਨ (13) ਕਸ਼ਣ ਲਵ (ਸੰਸਾਰ ਦੇ ਜਨਮ ਮਰਨ ਦਾ ਕਾਰਣ ਪ੍ਰਤਿ ਹਰ ਸਮੇਂ ਤਿਆਗਨ ਨੂੰ ਤਿਆਰ ਰਹਿਨਾ) (14) ਯਥਾਸ਼ਕਤੀ ਤਪ ਕਰਨਾ (15) ਯਥਾ ਸ਼ਕਤੀ ਤਿਆਗ (16) ਵੈਯਾ ਵਤਯਕਰਨ (ਧਰਮੀ ਪੁਰਸ਼ ਦੀ ਸ਼ਰੀਰਕ ਸੇਵਾ) (17)

---

(1) ਭੈ ਸਤ ਪ੍ਰਕਾਰ ਦਾ ਹੈ : (1) ਇਹ ਲੋਕ ਭੈ (2) ਪਰਲੋਕ ਭੈ (3) ਆਦਾਨ ਭੈਅ (4) ਅਕਸਮਾਤ (ਅਚਾਨਕ) ਭੈ (5) ਅਜਿਵਿਕਾ (ਗੁਜਾਰਾ) ਭੈ (6) ਅਪਯਸ਼ (ਬੇਇਜਤੀ) ਦਾ ਭੈ ।

6. **ਆਵਸ਼ਕ**

(1) ਸਾਮਾਇਕ : (2) ਚਤੁਰ ਵਿਸ਼ਤਿਸ਼ਤਤ (24 ਤੀਰਥੰਕਰਾਂ ਦੀ ਪੂਜਾ ਭਗਤੀ) (3) ਬੰਦਨਾ (4) ਪ੍ਰਤਿਕ੍ਰਮਨ (ਦੋਸ਼ਾਂ ਨੂੰ ਸਿਲਸਲੇ ਵਾਰ ਚਿੰਤਨ ਕਰਕੇ ਖਿਮਾ ਮੰਗਨਾ) । (5) ਕਾਯੋਤਸਰਗ (ਸ਼ਰੀਰ ਦੀ ਮਮਤਾ ਤਿਆਗ ਕੇ ਸਮਾਨੀ ਜਾ ਧਿਆਨ ਲਾਉਣਾ) (6) ਪਛਖਾਣ (ਸ਼ਕਤੀ ਅਨੁਸਾਰ ਖਾਣ, ਪੀਣ, ਪਹਿਨਣ ਵਾਲੀਆਂ ਵਸਤਾਂ ਤੇ ਦਾ ਤਿਆਗ)

(3) ਸ਼ੀਲਵਰਤ ਤੋਂ ਭਾਵ ਉਪਾਸਕ (ਸਾਵਕ) ਦੇ 12 ਵਰਤ ਹੈ : (1) ਅਚਾਰਿਆ ਉਪਾਧਿਆ, ਤਪਸਵੀ, ਨਵਾਂ ਸਾਧੂ ਬੀਮਾਰ 20 ਸਾਲ ਪੁਰਾਣਾ ਸਥਵਿਰ ਸਾਧੂ ਗਣ, ਕੁਲ, ਸੰਘ, ਸਹ ਧਰਮੀ ਦੀ ਹਰ ਪ੍ਰਕਾਰ ਦੀ ਸੇਵਾ ਹੀ ਵੈਯਾਵਰਿਤ ਧਰਮ ਹੈ ।

ਸਮਾਧੀ (18) ਅਪੂਰਵ ਗਿਆਨ (ਨਵਾਂ ਗਿਆਨ ਸਿਖਨ ਲਈ ਤਿਆਰ ਰਹਿਨਾ) (19) ਸ਼ਰੁਤ ਭਗਤੀ (20) ਪ੍ਰਭਾਵਨਾ (ਜੈਨ ਧਰਮ ਦਾ ਪ੍ਰਚਾਰ ਹਰ ਸਮੇਂ ਹਰ ਸਾਧਨ ਨਾਲ ਕਰਨਾ)। ਇਨ੍ਹਾਂ 20 ਬੋਲਾਂ ਦੀ ਆਰਾਧਨਾਂ ਤੀਰਥੰਕਰ ਨਾਮ ਕਰਮ ਗੋਤਰ ਦਾ ਕਾਰਣ ਹੈ। ਭਾਵ ਹਰ ਤੀਰਥੰਕਰ ਪਿਛਲੇ ਜਨਮ ਵਿਚ ਕਿਸੇ ਨਾ ਕਿਸੇ ਤੀਰਥੰਕਰ ਦੀ ਅਰਾਧਨਾ ਕਰਦਾ ਹੈ।

ਅਰਿਹੰਤ ਭਗਵਾਨ 8 ਕਰਮਾਂ ਵਿਚੋਂ 4 ਕਰਮ ਕੇਵਲ ਗਿਆਨ ਸਮੇਂ ਖਤਮ ਕਰ ਦਿੰਦੇ ਹਨ ਉਨ੍ਹਾਂ ਨੂੰ ਘਾਤੀ ਕਰਮ ਕਿਹਾ ਗਿਆ ਹੈ ਉਹ ਇਸ ਪ੍ਰਕਾਰ ਹਨ (1) ਗਿਆਨ ਵਰਨੀਆਂ (2) ਦਰਸ਼ਾਵਰਨੀਆ (3) ਮੋਹਨੀਆਂ (4) ਅੰਤ ਰਾਏ (ਰੁਕਾਵਟ ਦਾ ਕਾਰਣ ਕਰਮ)।

4 ਕਰਮਾਂ ਦਾ ਭੋਗ ਉਹ ਨਿਰਵਾਨ ਅਵਸਥਾ ਤੱਕ ਭੋਗਦੇ ਹਨ। ਅਰਿਹੰਤ ਅਵਸਥਾ 4 ਅਘਾਤੀ ਕਰਮਾਂ ਦਾ ਬੰਧ ਹੈ ਉਹ ਤੀਰਥੰਕਰ ਨੂੰ ਭੋਗਨਾ ਪੈਂਦਾ ਹੈ ਉਹ ਕਰਮ ਹਨ (1) ਵੇਦਨੀਆਂ (2) ਆਯੁਸ਼ (3) ਨਾਮ (4) ਗੋਤਰ

## ਤੀਰਥੰਕਰਾਂ ਦੀ ਮਾਤਾ ਦੇ 14 ਸੁਪਨੇ

ਜਿਵੇਂ ਪਹਿਲਾ ਦਸਿਆ ਜਾ ਚੁਕਿਆ ਹੈ ਕਿ ਤੀਰਥੰਕਰ ਅਰਿਹੰਤਾ ਦੀ ਮਾਤਾ ਹੀ 14 ਸੁਪਨੇ ਵੇਖਦੀ ਹੈ ਆਮ ਅਰਿਹੰਤ ਦੀ ਨਹੀਂ।

ਤੀਰਥੰਕਰ 15 ਕਰਮ ਭੂਮੀਆਂ ਵਿਚ ਕਿਸੇ ਵੀ ਭੂਮੀ ਵਿਚ ਪੈਦਾ ਹੁੰਦਾ ਇਹ ਸੁਪਨੇ ਹਨ।

(1) ਹਾਥੀ (2) ਬੱਲਦ (3) ਸ਼ੇਰ (4) ਲੱਛਮੀ (5) ਪੁਸ਼ਪ ਮਾਲਾ ਦਾ ਜੋੜਾ (6) ਚੰਦਰਮਾ (7) ਸੂਰਜ (8) ਇੰਦਰ ਧੱਵਜਾ (9) ਪੂਰਨਕਲਸ਼ (10) ਪਦਮ (ਕਮਲਾ ਸਰੋਵਰ) (11) ਖੀਰ ਸਾਗਰ (12) ਦੇਵ ਵਿਮਾਨ (13) ਰਤਨਾ ਦਾ ਢੇਰ (14) ਧੂਏ ਰਹਿਤ ਅੱਗ।

ਤੀਰਥੰਕਰ ਪ੍ਰੰਪਰਾ ਅਨਾਦਿ, ਅਨੰਤ ਤੇ ਸ਼ਾਸਵਤ ਹੈ। ਪਹਿਲੇ ਅਧਿਐਨ ਵਿਚ ਦਸੇ 20 ਵਿਹਰਮਾਨ ਤੀਰਥੰਕਰਾਂ ਦਾ ਜਨਮ 17ਵੇਂ ਤੀਰਥੰਕਰ ਕੁਥੂੰ ਨਾਥ ਨਿਰਵਾਨ ਸਮੇਂ ਮਹਾਵਿਦੇਹ ਖੇਤਰ ਵਿਚ ਹੋਇਆ ਸੀ। 20ਵੇਂ ਤੀਰਥੰਕਰ ਮੁਨੀ ਸੁਵਰਤ ਦੇ ਨਿਰਵਾਨ ਸਮੇਂ ਸਾਰੇ ਸਾਧੂ ਬਣੇ। ਇਹੋ 20 ਇਕੋ ਸਮੇਂ ਕੇਵਲ ਗਿਆਨੀ ਹੋਏ। ਇਨ੍ਹਾਂ 20 ਮਹਾਂ ਵਿਦੇਹ ਖੇਤਰ ਵਿਚ ਘੁਮਨ ਵਾਲੇ ਤੀਰਥੰਕਰਾਂ ਦਾ ਨਿਰਵਾਨ ਭਰਤ ਖੇਤਰ ਵਿਚ ਭਵਿੱਖ ਵਿਚ ਹੋਣ ਵਾਲੇ 24 ਤੀਰਥੰਕਰਾਂ ਵਿਚ ਸਤਵੇਂ ਤੀਰਥੰਕਰ ਉਦੇਨਾਥ ਸਮੇਂ ਹੋਵੇਗਾ। ਜਦ ਇਹ ਤੀਰਥੰਕਰ ਮੋਕਸ਼ ਪਧਾਰਨਗੇ ਤਾਂ ਉਸੇ ਸਮੇਂ ਮਹਾਂਵਿਦੇਹ ਦੀ ਦੂਸਰੀ ਵਿਜ਼ੇ (ਭਾਗ) ਵਿਚ ਪੈਦਾ ਤੀਰਥੰਕਰ ਕੇਵਲ ਗਿਆਨ ਪ੍ਰਾਪਤ ਕਰਕੇ ਤੀਰਥੰਕਰ ਬਣ ਜਾਣਗੇ। ਜੈਨ ਪ੍ਰੰਪਰਾ ਅਨੁਸਾਰ ਘਟੋਂ ਘਟ 20 ਅਤੇ ਜਿਆਦਾ ਤੋਂ 170 ਤੀਰਥੰਕਰ। 15 ਕਰਮ

ਭੂਮੀਆਂ ਵਿਚ ਪੈਦਾ ਹੋ ਸਕਦੇ ਹਨ। ਮਹਾਂਵਿਦੇਹ ਖੇਤਰ ਕਦੇ ਵੀ ਤੀਰਥੰਕਰ ਤੋਂ ਵਾਂਝੇ ਨਹੀਂ ਰਹਿੰਦੇ। ਇਕੋ ਸਮੇਂ ਇਕ ਸ਼ਹਿਰ ਵਿਚ ਦੋ ਤੀਰਥੰਕਰ ਨਹੀਂ ਵਿਚਰਦੇ। ਮਹਾਂਵਿਦੇਹ ਖੇਤਰ ਆਮ ਮਨੁੱਖ ਤੇ ਵਿਗਿਆਨ ਦੀ ਪਹੁੰਚ ਤੋਂ ਪਰੇ ਹੈ। ਸੋ ਇਨ੍ਹਾਂ ਗੱਲਾਂ ਦਾ ਭਾਵ ਹੈ ਕਿ ਜੈਨ ਧਰਮ ਉਸ ਦੀ ਤੀਰਥੰਕਰ ਪ੍ਰੰਪਰਾ ਤੇ ਸਿਧਾਂਤ ਅਨੰਦ ਕਾਲ ਤੋਂ ਹਨ ਇਸ ਤਰਾਂ ਕਰਮਭੂਮੀ ਖੇਤਰਾਂ ਵਿਚ ਅਨੰਤ ਤੀਰਥੰਕਰ ਹੋਏ ਹਨ 20 ਵਰਤਮਾਨ ਵਿਚ ਘੁਮ ਰਹੇ ਹਨ ਅਤੇ ਤੀਰਥੰਕਰ ਭਵਿੱਖ ਵਿਚ ਹੋਣਗੇ। ਭਰਤ ਖੰਡ ਵਿਚ 24 ਤੀਰਥੰਕਰ ਅਵਸਪਰਨੀ ਕਾਲ ਦੇ 3-4 ਆਰੇ (ਭਾਗ) ਵਿਚ ਹੁੰਦੇ ਹਨ।

## ਤੀਰਥੰਕਰ ਦੇ 34 ਅਤਿਸ਼ੇ (ਖਾਸ ਵਿਸ਼ੇਸ਼ਤਾਵਾਂ)

1. ਸਰੀਰ ਦੇ ਬਾਲ ਨਹੀਂ ਵਧਦੇ ਅਤੇ ਜਿੰਨੇ ਵਧਦੇ ਵੀ ਹਨ ਉਹ ਸੋਹਣੇ ਲਗਦੇ ਹਨ।
2. ਸ਼ਰੀਰ ਤੇ ਮਿੱਟੀ, ਮੈਲ ਨਹੀਂ ਜੰਮਦੀ।
3. ਖੂਨ ਅਤੇ ਮਾਸ ਗਊ ਦਾ ਦੁਧ ਵਾਂਗ ਸਫੈਦ ਤੇ ਮਿੱਠਾ ਹੁੰਦਾ ਹੈ।
4. ਸਾਹਾਂ ਵਿਚ ਖੁਸ਼ਬੂ ਹੁੰਦੀ ਹੈ।
5. ਆਮ ਮਨੁਖ ਉਨ੍ਹਾਂ ਨੂੰ ਭੋਜਨ ਕਰਦੇ ਨਹੀਂ ਵੇਖ ਸਕਦਾ। ਪਰ ਅਵਧੀ ਗਿਆਨੀ ਵੇਖ ਸਕਦਾ ਹੈ। ਦਿਗਵੰਰ ਫਿਰਕੇ ਵਾਲੇ ਅਰਿਹੰਤ ਅਵਸਥਾ ਵਿਚ ਭੋਜਨ ਨਹੀਂ ਮੰਨਦੇ।
6. ਤੀਰਥੰਕਰ ਅਤੇ ਅਰਿਹੰਤ ਜਦ ਚਲਦੇ ਹਨ ਉਨ੍ਹਾਂ ਅੱਗੇ ਇਕ ਧਰਮ ਚੱਕਰ ਚਲਦਾ ਹੈ ਜਿਥੇ ਭਗਵਾਨ ਠਹਿਰਦੇ ਹਨ ਧਰਮ ਚੱਕਰ ਵੀ ਠਹਿਰ ਜਾਂਦਾ ਹੈ।
7. ਤੀਰਥੰਕਰ ਦੇ ਸਿਰ ਤੇ ਤਿੰਨ ਛਤਰ ਆਕਾਸ਼ ਤੋਂ ਹੀ ਵਿਖਾਈ ਦਿੰਦੇ ਹਨ। ਸਾਰੇ ਛੱਤਰ ਮੋਤੀਆਂ ਦੀ ਝਾਲਰ ਵਾਲੇ ਹੁੰਦੇ ਹਨ।
8. ਗਊ ਦੇ ਦੁਧ ਦੀ ਤਰਾਂ ਅਤੇ ਕਮਲ ਦੇ ਫੁੱਲਾਂ ਦੀ ਤਰਾਂ ਉਜਲ ਝਾਲਰ ਦੇਵਤਿਆਂ ਝੁਲਾਏ ਜਾਂਦੇ ਹਨ। ਉਨ੍ਹਾਂ ਦੀ ਡੰਡੀ ਰਤਨਾਂ ਦੀ ਬਣੀ ਹੁੰਦੀ ਹੈ।
9. ਅਰਿਹੰਤ ਭਗਵਾਨ ਜਿਥੇ ਵਿਰਾਜਦੇ ਹਨ ਉਥੇ ਸਫ਼ਟੀਕ ਮਣੀ ਦੀ ਤਰਾਂ ਨਿਰਮਲ, ਰਤਨਾਂ ਨਾਲ ਜੜਿਆ, ਪਾਦ ਪੀਠੀਕਾ ਵਾਲਾ ਸਿੰਘਾਸਣ ਹੁੰਦਾ ਹੈ।
10. ਬਹੁਤ ਸੁੰਦਰ ਰਤਨ ਜੜਤ, ਖੰਬੀਆਂ ਵਾਲੀ ਅਤੇ ਅਨੇਕਾ ਛੋਟੇ ਬੜੇ ਝੰਡਿਆਂ ਵਾਲੀ ਇੰਦਰ ਧਵੱਜਾ ਭਗਵਾਨ ਦੇ ਅੱਗੇ ਚਲਦੀ ਹੈ।
11. ਅਨੇਕਾਂ ਫੁਲਾਂ, ਫਲਾਂ ਨਾਲ ਭਰਪੂਰ ਅਸ਼ੋਕ ਦਰਖਤ ਭਗਵਾਨ ਦੇ ਸ਼ਰੀਰ ਨੂੰ ਆਪਣੀ ਛਾਂ ਨਾਲ ਢਕਦਾ ਹੈ।
12. ਸਰਦੀ ਵਿਚ ਸੂਰਜ 12 ਗੁਣਾ ਗਰਮੀ ਨਾਲ ਚਮਕਦਾ ਭਗਵਾਨ ਦੇ ਪਿਛੇ ਵਿਖਾਈ ਦਿੰਦਾ ਹੈ।
13. ਜਿਥੇ ਭਗਵਾਨ ਵਿਰਾਜਦੇ ਹਨ ਉਹ ਭੂਮੀ ਟੋਏ ਟਿੱਬਿਆਂ ਤੋਂ ਰਹਿਤ ਹੋ ਜਾਂਦੀ ਹੈ।
14. ਭਗਵਾਨ ਦੇ ਪੁੰਨ ਪ੍ਰਤਾਪ ਨਾਲ ਕੰਡੇ ਪੁਠੇ ਹੋ ਜਾਂਦੇ ਹਨ ਅਰਥਾਤ ਉਹ ਆਪਣੇ

ਤਿੱਖੇ ਮੂੰਹ ਹੇਠਾਂ ਨੂੰ ਕਰ ਲੈਂਦੇ ਹਨ ।

15. ਭਗਵਾਨ ਦੀ ਕ੍ਰਿਪਾ ਨਾਲ ਸਰਦੀ ਵਿਚ ਮੌਸਮ ਗਰਮ ਅਤੇ ਗਰਮੀ ਵਿਚ ਠੰਡਾਂ ਤੇ ਸੁਹਾਵਨਾ ਹੋ ਜਾਂਦਾ ਹੈ ।

16. ਜਿਥੇ ਜਿਥੇ ਭਗਵਾਨ ਘੁੰਮਦੇ ਹਨ ਉਥੋਂ ਚਹੁੰ ਪਾਸੇ ਯੋਜਨ ਤਕ ਗੰਦੇ ਪਦਾਰਥ ਆਪਣੇ ਆਪ ਦੂਰ ਹੋ ਜਾਂਦੇ ਹਨ ਅਤੇ ਖੁਸ਼ਬੂਦਾਰ ਠੰਡੀ ਹਵਾ ਚਲਦੀ ਹੈ ।

17. ਤੀਰਥੰਕਰ ਦੇ ਚਾਰੇ ਪਾਸੇ ਇਕ ਯੋਜਨ ਸੁਗੰਧਿਤ ਪਾਣੀ ਦੀ ਵਰਖਾ ਹੁੰਦੀ ਹੈ ਜਿਸ ਨਾਲ ਧੂੜ ਦਬ ਜਾਂਦੀ ਹੈ ।

18. ਤੀਰਥੰਕਰ ਦੇਵਤਾਂਵਾਂ ਰਾਂਹੀ ਪੰਜ ਪ੍ਰਕਾਰ ਦੇ ਫੂਲਾਂ ਦੀ ਵਰਖਾ ਨਾਲ ਸ਼ੋਭਾ ਪਾਉਂਦੇ ਹਨ । ਇਨ੍ਹਾਂ ਫੁਲਾਂ ਦੀਆਂ ਡੰਡੀਆਂ ਹੇਠਾ ਨੂੰ ਅਤੇ ਮੂੰਹ ਉਪਰ ਨੂੰ ਹੁੰਦੇ ਹਨ ।

19. ਤੀਰਥੰਕਰ ਜਿਥੇ ਵਿਰਾਜਦੇ ਹਨ ਉਥੇ ਅਸ਼ੁਭ, ਭੈੜਾ, ਰੰਗ, ਰਸ, ਵਰਨ ਖਤਮ ਹੋ ਜਾਂਦੇ ਹਨ ।

20. ਉਸ ਥਾਂ ਤੇ ਚੰਗੇ ਰੰਗ, ਰਸ, ਵਰਨ, ਸਪਰਸ਼ ਪੈਦਾ ਹੁੰਦੇ ਹਨ ।

21. ਤੀਰਥੰਕਰ ਦਾ ਉਪਦੇਸ਼ ਚੰਹੁ ਪਾਸੇ ਇਕ ਯੋਜਨ ਤਕ ਸੁਣਿਆ ਜਾ ਸਕਦਾ ਹੈ ।

22. ਤੀਰਥੰਕਰ ਅਰਧ ਮਗਧੀ ਭਾਸ਼ਾ ਵਿਚ ਉਪਦੇਸ਼ ਕਰਦੇ ਹਨ ।

23. ਇਹ ਉਪਦੇਸ਼, ਮਨੁਖ, ਪਸ਼ੂ ਅਤੇ ਦੇਵਤੇ ਆਪਣੀ ਆਪਣੀ ਭਾਸ਼ਾ ਵਿਚ ਆਸਾਨੀ ਨਾਲ ਸਮਝ ਸਕਦੇ ਹਨ ।

24. ਤੀਰਥੰਕਰ ਦੇ ਦਰਬਾਰ ਵਿਚ ਮਨੁਖ, ਪਸ਼ੂ ਅਤੇ ਦੇਵਤੇ ਆਪਣੇ ਕੁਦਰਤੀ ਵੈਰ ਨੂੰ ਭੁਲ ਜਾਂਦੇ ਹਨ, ਬਿੱਲੀ, ਕੁੱਤਾ, ਸ਼ੇਰ, ਬਕਰੀ, ਚੂਹਾ, ਸੱਪ, ਨਿਉਲਾ ਪ੍ਰੇਮ ਨਾਲ ਬੈਠ ਕੇ ਸਭ ਰੁਚੀ ਨਾਲ ਸੁਣਦੇ ਹਨ ।

25. ਤੀਰਥੰਕਰ ਦੇ ਦਰਬਾਰ ਵਿਚ ਹੋਰ ਮਤਾਂ ਵਾਲੇ ਅਸਮਰਥ ਹੋ ਜਾਂਦੇ ਹਨ ਉਨ੍ਹਾਂ ਦੀ ਤਰਕ ਬੁਧੀ ਨਸ਼ਟ ਹੋ ਜਾਂਦੀ ਹੈ ।

26. ਤੀਰਥੰਕਰ ਦੇ ਦਰਬਾਰ ਵਿਚ ਦੂਸਰੇ ਮੱਤਾਂ ਦੇ ਪਾਖੰਡੀ ਆਪਣਾ ਹੰਕਾਰ ਛੱਡ ਦਿੰਦੇ ਹਨ ।

27. ਚੰਹੁ ਪਾਸੋ 25 ਯੋਜਨ ਤਕ ਟਿਡੀਆਂ ਆਦਿ ਰਾਂਹੀ ਖੇਤਾਂ ਨੂੰ ਨੁਕਸਾਨ ਨਹੀਂ ਪਹੁੰਚਦਾ ।

28) ਮਹਾਮਾਰੀ ਨਹੀਂ ਫੈਲਦੀ ।

29) ਰਾਜਾ ਅਤੇ ਸੈਨਾ ਵਿਚ ਵਿਦਰੋਹ ਨਹੀਂ ਹੁੰਦਾ ।

30) ਨਾਲ ਲਗਦੇ ਦੇਸ਼ ਵਿਚ ਵੀ ਅਜਿਹੀ ਘਟਨਾ ਨਹੀਂ ਵਾਪਰਦੀ ।

31) ਜ਼ਿਆਦਾ ਬਾਰਸ਼ ਨਹੀਂ ਹੁੰਦੀ ।

32) ਇੰਨੀ ਘੱਟ ਬਾਰਸ਼ ਵੀ ਨਹੀਂ ਪੈਂਦੀ ਕਿ ਅਕਾਲ ਪੈ ਜਾਵੇ ।

33) ਅਕਾਲ ਨਹੀਂ ਪੈਂਦਾ।

34) ਜਿਥੇ ਭਗਵਾਨ ਪਧਾਰ ਜਾਂਦੇ ਹਨ ਉਥੇ ਮਹਾਮਾਰੀ ਧਰਮ ਚੱਕਰ ਦੇ ਕਾਰਨ ਹੀ ਸ਼ਾਂਤ ਹੋ ਜਾਂਦੀ ਹੈ।

## ਤੀਰਥੰਕਰਾਂ ਭਾਸ਼ਾ ਦੇ 35 ਗੁਣ ਇਸ ਪ੍ਰਕਾਰ ਹਨ :—

1) ਸੰਸਕਾਰਾਂ ਵਾਲਾ ਉਪਦੇਸ਼ ਹੁੰਦਾ ਹੈ।

2) ਇਕ-ਇਕ ਯੋਜਨ ਤਕ ਸੁਣਾਈ ਦਿੰਦਾ ਹੈ।

3) ਇਸ ਵਿਚ ਉਏ, ਤੂੰ ਜਿਹੇ ਸ਼ਬਦ ਨਹੀਂ ਵਰਤੇ ਜਾਂਦੇ।

4) ਉਨ੍ਹਾਂ ਦਾ ਉਪਦੇਸ਼ ਬਦਲਾਂ ਦੀ ਗਰਜ ਦੀ ਤਰਾਂ ਗੰਭੀਰ ਹੁੰਦਾ ਹੈ।

5) ਉਨ੍ਹਾਂ ਦਾ ਉਪਦੇਸ਼ ਇਸ ਪ੍ਰਕਾਰ ਗੂੰਜਦਾ ਹੈ ਜਿਵੇਂ ਗੁਫਾ ਜਾਂ ਮਹਿਲਾਂ ਵਿਚ ਆਵਾਜ।

6) ਉਨ੍ਹਾਂ ਦੇ ਵਚਨ ਘੀ ਦੀ ਤਰਾਂ ਚਿਕਨੇ ਅਤੇ ਸ਼ਹਿਦ ਦੀ ਤਰ੍ਹਾਂ ਮਿੱਠੇ ਹੁੰਦੇ ਹਨ।

7) ਉਨ੍ਹਾਂ ਦੇ ਵਚਨਾਂ ਤੋਂ 62 ਰਾਗ ਅਤੇ 30 ਰਾਗਣੀਆਂ ਪ੍ਰਗਟ ਹੁੰਦੀਆਂ ਹਨ। ਜਿਨ੍ਹਾਂ ਨੂੰ ਸੁਣ ਕੇ ਸਰੋਤੇ ਝੂਮ ਉਠਦੇ ਹਨ।

8) ਤੀਰਥੰਕਰਾਂ ਦੀ ਬਾਣੀ ਘਟ ਸ਼ਬਦਾਂ ਵਾਲੀ ਤੇ ਜਿਆਦਾ ਅਰਥਾਂ ਨਾਲ ਭਰਪੂਰ ਹੁੰਦੀ ਹੈ।

9) ਉਨ੍ਹਾਂ ਦਾ ਉਪਦੇਸ਼ ਵਿਚ ਕੋਈ ਅਜੇਹੀ ਗੱਲ ਨਹੀਂ ਹੁੰਦੀ ਜੋ ਇਕ ਦੂਸਰੀ ਨਾਲ ਟਕਰਾਵੇ।

10) ਇਹ ਉਪਦੇਸ਼ ਬਿਨਾਂ ਰੁਕਾਵਟ ਤੋਂ ਚਲਦਾ ਹੈ।

11) ਤੀਰਥੰਕਰਾਂ ਦਾ ਉਪਦੇਸ਼ ਸਪਸ਼ਟ ਤੇ ਸ਼ੱਕ ਰਹਿਤ ਹੁੰਦਾ ਹੈ।

12) ਇਹ ਉਪਦੇਸ਼ ਦੋਸ਼ ਰਹਿੱਤ ਹੁੰਦਾ ਹੈ।

13) ਇਸ ਉਪਦੇਸ਼ ਨੂੰ ਸਰੋਤੇ ਇਕ ਮਨ ਹੋ ਕੇ ਸੁਣਦੇ ਹਨ।

14) ਤੀਰਥੰਕਰ ਦੇਸ਼ ਦੀ ਸਥਿਤੀ ਨੂੰ ਵੇਖ ਕੇ ਉਪਦੇਸ਼ ਕਰਦੇ ਹਨ।

15) ਤੀਰੰਥਕਰ ਅਰਥ ਭਰਪੂਰ ਗੱਲਾਂ ਕਰਦੇ ਹਨ। ਇਧਰ ਉਧਰ ਦੀਆਂ ਗੱਲਾਂ ਨਾਲ ਸਮਾਂ ਖਤਮ ਨਹੀਂ ਕਰਦੇ।

16) ਤੀਰਥੰਕਰ ਜੀਵ ਅਜੀਵ ਆਦਿ 9 ਤੱਤਾਂ ਦਾ ਉਪਦੇਸ਼ ਸਾਰ ਭਰਪੂਰ ਸ਼ਬਦਾਂ ਵਿਚ ਕਰਦੇ ਹਨ।

17) ਸੰਸਾਰਿਕ ਕੰਮਾਂ ਦਾ ਵਰਨਣ ਸੰਖੇਪ ਵਿਚ ਕਰਦੇ ਹਨ।

18) ਤੀਰਥੰਕਰ ਦੀ ਵਾਣੀ ਨੂੰ ਬੱਚਾ ਵੀ ਸਮਝ ਸਕਦਾ ਹੈ।

19) ਤੀਰਥੰਕਰ ਆਪਣੇ ਉਪਦੇਸ਼ ਵਿਚ ਆਪਣੀ ਪ੍ਰਸੰਸਾ ਜਾਂ ਕਿਸੇ ਹੋਰ ਦੀ ਨਿੰਦਾ ਨਹੀਂ ਕਰਦੇ।

20) ਤੀਰਥੰਕਰਾਂ ਦੀ ਬਾਣੀ ਦੁਧ ਤੇ ਮਿਸਰੀ ਦੀ ਤਰ੍ਹਾਂ ਮਿੱਠੀ ਹੁੰਦੀ ਹੈ।

21) ਕਿਸੇ ਦੇ ਗੁਪਤ ਭੇਦ ਵੀ ਤੀਰਥੰਕਰ ਪ੍ਰਗਟ ਨਹੀਂ ਕਰਦੇ।

22) ਤੀਰਥੰਕਰ ਕਿਸੇ ਆਦਮੀ ਦੀ ਖੁਸ਼ਾਮਦ ਨਹੀਂ ਕਰਦੇ, ਪਰ ਸੱਚੇ ਗੁਣਾਂ ਨੂੰ ਪ੍ਰਗਟ ਜ਼ਰੂਰ ਕਰਦੇ ਹਨ।

23) ਉਨ੍ਹਾਂ ਦਾ ਉਪਦੇਸ਼ ਲੋਕ ਭਲਾਈ ਲਈ ਅਤੇ ਆਤਮਾ ਦੇ ਕਲਿਆਣ ਲਈ ਹੁੰਦਾ ਹੈ

24) ਉਹ ਵਚਨ ਰਾਹੀਂ ਆਤਮਾ ਨੂੰ ਛਿੱਨ ਭਿੱਨ ਨਹੀਂ ਕਰਦੇ।

25) ਉਹ ਆਪਣੀ ਭਾਸ਼ਾ ਵਿਚ ਸ਼ੁਧ ਸ਼ਬਦਾਂ ਦੀ ਵਰਤੋਂ ਕਰਦੇ ਹਨ।

26) ਉਹ ਨਾ ਹੀ ਜੋਰ ਨਾਲ ਬੋਲਦੇ ਹਨ ਨਾ ਹੀ ਹੌਲੀ। ਸਗੋਂ ਦਰਮਿਆਨੀ ਭਾਸ਼ਾ ਬੋਲਦੇ ਹਨ।

27) ਉਨ੍ਹਾਂ ਦੇ ਭਾਸ਼ਨ ਨੂੰ ਸੁਣ ਕੇ ਲੋਕ ਧੰਨ ਧੰਨ ਕਹਿ ਉਠਦੇ ਹਨ।

28) ਉਹ ਭਾਸ਼ਨ ਇਸ ਤਰੀਕੇ ਨਾਲ ਦਿੰਦੇ ਹਨ ਕਿ ਸੁਨਣ ਵਾਲੇ ਦੇ ਸਾਹਮਣੇ ਇਕ ਤਸਵੀਰ ਬਣ ਜਾਂਦੀ ਹੈ।

29) ਧਰਮ ਉਪਦੇਸ਼ ਕਰਨ ਲਗੇ ਵਿਚਕਾਰ ਵਿਚ ਉਹ ਆਰਾਮ ਨਹੀਂ ਕਰਦੇ।

30) ਉਨ੍ਹਾਂ ਦੇ ਭਾਸ਼ਨ ਵਿਚ ਜੋ ਵੀ ਆਉਂਦਾ ਹੈ ਉਸ ਦੇ ਸ਼ਕ ਬਿਨਾਂ ਪੁਛੇ ਹੀ ਦੂਰ ਹੋ ਜਾਂਦੇ ਹਨ।

31) ਉਹ ਜੋ ਆਖਦੇ ਹਨ ਸੁਨਣ ਵਾਲੇ ਉਸ ਨੂੰ ਦਿਲ ਵਿਚ ਵਸਾ ਲੈਂਦੇ ਹਨ।

32) ਤੀਰਥੰਕਰਾਂ ਦਾ ਉਪਦੇਸ਼ ਹਰ ਪਖੋਂ ਸਹੀ ਹੁੰਦਾ ਹੈ ਉਲਟ ਪੁਲਟ ਨਹੀਂ ਹੁੰਦਾ।

33) ਉਨ੍ਹਾਂ ਦੇ ਵਾਕ ਪ੍ਰਭਾਵਸ਼ਾਲੀ ਤੇ ਤੇਜਸਵੀ ਹੁੰਦੇ ਹਨ।

34) ਉਹ ਹਰ ਤੱਥ ਦਾ ਦਰਿੜਤਾ ਨਾਲ ਵਰਨਣ ਕਰਦੇ ਹਨ।

35) ਉਹ ਉਪਦੇਸ਼ ਕਰਦੇ ਕਦੇ ਵੀ ਨਹੀਂ ਥਕਦੇ।

ਉਪਰੋਕਤ ਕਥਨ ਦਾ ਸਾਰ ਇਹ ਹੈ ਕਿ ਤੀਰਥੰਕਰ ਅਰਿਹੰਤ ਸਭ ਕੁਝ ਜਾਨਣ ਤੇ ਵੇਖਣ ਵਾਲੇ ਸਰਵਗ, ਦੇਵਤਿਆਂ, ਪਸ਼ੂਆਂ ਅਤੇ ਮਨੁੱਖਾਂ ਰਾਂਹੀ ਸਤਿਕਾਰ ਯੋਗ, ਜਨਮ ਮਰਨ ਦੀ ਪ੍ਰੰਪਰਾ ਦਾ ਖਾਤਮਾ ਕਰਕੇ ਨਿਰਵਾਨ ਪ੍ਰਾਪਤ ਕਰਨ ਵਾਲੇ ਜੀਵ ਹੁੰਦੇ ਹਨ।

## ਸਿਧ ਪ੍ਰਮਾਤਮਾ

ਜੈਨ ਧਰਮ ਵਿਚ ਆਂਤਮਾ ਦੀ ਕਰਮ ਮੁਕਤ ਅਵਸਥਾ ਨੂੰ ਹੀ ਸਿੱਧ, ਪ੍ਰਮਾਤਮਾ ਆਖਿਆ ਗਿਆ ਹੈ। ਅਰਿਹੰਤ ਅਵਸਥਾ ਵਿਚ ਆਤਮਾ ਕੇਵਲ ਗਿਆਨ ਪ੍ਰਾਪਤ ਕਰਕੇ 4 ਕਰਮਾਂ ਦਾ ਖਾਤਮਾ ਕਰਦੀ ਹੈ। ਪਰ ਇਸ ਨਿਰਵਾਨ ਅਵਸਥਾ ਵਿਚ ਆਤਮਾ 8 ਕਰਮਾਂ ਦਾ ਖਾਤਮਾ ਕਰਕੇ ਜਨਮ, ਮਰਨ ਦੇ ਚੱਕਰ ਨੂੰ ਖਤਮ ਕਰਕੇ ਆਪਣਾ ਸਿੱਧ, ਬੁਧ, ਅਜਰ, ਅਮਰ, ਸਰਵੱਗ, ਸਰਵਦਰਸ਼ੀ ਅਤੇ ਅੰਨਤ ਸ਼ਕਤੀ ਵਾਨ ਹੋ ਜਾਂਦੀ ਹੈ। ਸਿਧ ਭਗਵਾਨ ਦੇ ਅਨੰਤ ਗੁਣ ਹਨ ਫਿਰ ਵੀ ਸ਼੍ਰੀ ਸੰਮਵਾਯੰਗ ਸੂਤਰ (31) ਵਿਚ

ਸਿੱਧਾਂ ਦੇ 31 ਗੁਣਾ ਦੀ ਚਰਚਾ ਕੀਤੀ ਗਈ ਹੈ ।

## ਸਿੱਧਾ ਦੇ ਗੁਣ

1) ਮਤੀ ਗਿਆਨ ਤੇ ਪਿਆ ਅਗਿਆਨ ਦਾ ਪਰਦਾ ਦੂਰ ਹੋ ਜਾਂਦਾ ਹੈ ।

2) ਸ਼ਰੁਤ ਗਿਆਨ ਤੇ ਪਿਆ ਅਗਿਆਨ ਦਾ ਪਰਦਾ ਹੱਟ ਜਾਂਦਾ ਹੈ ।

3) ਅਵੱਧੀ ਗਿਆਨ ਤੇ ਪਿਆ ਅਗਿਆਨ ਦਾ ਪਰਦਾ ਹੱਟ ਜਾਂਦਾ ਹੈ ।

4) ਮਨ ਪ੍ਰਯਅੱਵ ਗਿਆਨ ਤੇ ਪਿਆ ਅਗਿਆਨ ਦਾ ਪਰਦਾ ਹੱਟ ਜਾਂਦਾ ਹੈ ।

5) ਕੇਵਲ ਗਿਆਨ ਤੇ ਪਿਆ ਅਗਿਆਨ ਦਾ ਪਰਦਾ ਹੱਟ ਜਾਂਦਾ ਹੈ । ਇਨ੍ਹਾਂ ਪਰ-ਦਿਆਂ ਦੇ ਦੂਰ ਹੋਣ ਕਾਰਣ ਸਿੱਧ ਭਗਵਾਨ ਨੂੰ ਸਰੱਵਗ ਕਿਹਾ ਜਾਂਦਾ ਹੈ ।

6) ਚਕਸ਼ੂ (ਅੱਖ) ਦਰਸ਼ਨ (ਵੇਖਣ ਦੀ ਸ਼ਕਤੀ) ਤੇ ਪਿਆ ਪਰਦਾ ਹੱਟ ਜਾਂਦਾ ਹੈ ।

7) ਅਚਕਸ਼ੂ ਦਰਸ਼ਨ ਸੁਣਨ ਦੀ ਸ਼ਕਤੀ ਤੇ ਪਿਆ ਪਰਦਾ ਹਟ ਜਾਂਦਾ ਹੈ ।

8) ਅਵੱਧੀ ਦਰਸ਼ਨ ਤੇ ਆਇਆ ਪਰਦਾ ਖਤਮ ਹੋ ਜਾਂਦਾ ਹੈ ।

9) ਕੇਵਲ ਦਰਸ਼ਨ ਪਰਦਾ ਹੱਟ ਜਾਂਦਾ ਹੈ ।

10) ਨਿੰਦਰਾਂ (ਸੁੱਖ-ਪੂਰਵਕ) ਰੂਪੀ ਦਰਸ਼ਨਾਵਰਨ ਹੱਟ ਜਾਂਦਾ ਹੈ ।

11) ਨਿੰਦਰਾਂ-ਨਿੰਦਰਾਂ (ਸੁੱਖ ਪੂਰਵਕ ਸੌਂ ਕੇ ਦੁੱਖ ਪੂਰਵਕ ਜਾਗਣਾ) ਦਾ ਪਰਦਾ ਹੱਟ ਜਾਂਦਾ ਹੈ ।

12) ਪ੍ਰਚਲਾ (ਬੈਠ ਬੈਠ ਸੌਣਾ) ਦਾ ਪਰਦਾ ਹੱਟ ਜਾਂਦਾ ਹੈ ।

13) ਪ੍ਰਚਲਾ ਪ੍ਰਚਲਾ (ਪਸ਼ੂਆਂ ਦੀ ਤਰ੍ਹਾਂ ਤੁਰਦੇ ਤੁਰਦੇ ਸੌਣਾ, ਦਾ ਪਰਦਾ ਹਟ ਜਾਂਦਾ ਹੈ

14) ਸੱਤਯਾ ਨਿਰਿਧੀ (ਗੂੜੀ ਨੀਂਦ) ਦਾ ਪਰਦਾ ਵੀ ਹੱਟ ਜਾਂਦਾ ਹੈ ।

ਇਸ ਪ੍ਰਕਾਰ ਇਹ ਦਰਸ਼ਨਾਂ ਆਵਰਨ ਕਰਮ ਦੀਆਂ ਸਭ ਪ੍ਰਕ੍ਰਿਤੀਆਂ ਖਤਮ ਹੋ ਜਾਂਦੀਆਂ ਹਨ ।

15-16) ਸਿੱਧ ਭਗਵਾਨ ਨੂੰ ਵੇਦਨੀਆਂ (ਭੋਗਨ ਯੋਗ) ਕਰਮ. ਚਾਹੇ ਉਸਦਾ ਫਲ ਸਾਤਾ [ਸੁੱਖ] ਹੋਵੇ, ਭਾਵੇਂ ਅਸਾਤਾ [ਦੁਖ], ਸਭ ਦਾ ਖ਼ਾਤਮਾ ਹੋ ਜਾਂਦਾ ਹੈ ।

17-18) ਮੋਹਨੀਆਂ ਕਰਮਾਂ ਦੀਆਂ ਦੋਹੇ ਪ੍ਰਕ੍ਰਿਤੀਆਂ ਦਰਸ਼ਨ ਮੋਹਨੀਆਂ ਅਤੇ ਚਰਿੱਤਰ ਮੋਹਨੀਆਂ ਖਤਮ ਹੋ ਜਾਂਦੀਆਂ ਹਨ ।

19-20-21-22) ਆਯੂਕਰਮ ਦਾ ਖਾਤਮਾ ਹੋ ਜਾਂਦਾ ਹੈ । ਸਿੱਧ ਭਗਵਾਨ (1) ਨਰਕ (2) ਦੇਵਤੇ (3) ਮਨੁੱਖ ਤੇ (4) ਪਸ਼ੂ ਜੂਨੀਆਂ ਤੋਂ ਰਹਿਤ ਹੋ ਜਾਂਦੇ ਹਨ ।

23-24) ਗੋਤਰ ਕਰਮ ਦਾ ਖਾਤਮਾ ਹੋ ਜਾਂਦਾ ਹੈ । ਗੋਤਰ ਕਰਮ ਦੇ ਪ੍ਰਗਟ ਹੋਣ ਨਾਲ ਜੀਵ ਉਹ ਤੇ ਨੀਚ ਜਾਤੀ ਵਿਚ ਜਨਮ ਲੈਂਦਾ ਹੈ । ਪਰ ਸਿੱਧ ਭਗਵਾਨ 1) ਉੱਚ 2) ਨੀਚ ਦੋਹਾਂ ਅਵਸਥਾ ਤੋਂ ਮੁਕਤ ਹੁੰਦੇ ਹਨ ।

25-26) ਨਾਮ ਕਰਮ ਦੇ ਖਾਤਮੇ ਦੇ ਸਿਟੇ ਵਜੋਂ 1) ਸ਼ੁਭ ਅਤੇ 2) ਅਸ਼ੁਭ ਨਾਮਾ ਦੇ

ਕਰਮਾਂ ਦਾ ਚੱਕਰ ਖਤਮ ਹੋ ਜਾਂਦਾ ਹੈ। ਸਿੱਧ ਉਂਝ ਆਪਣੇ ਅਨੰਤ ਗੁਣਾ ਪਖੋਂ ਅਨੰਤ ਨਾਮਾ ਵਾਲੇ ਹਨ।

27-31) ਸਿੱਧ ਭਗਵਾਨ ਦੇ ਪੰਜ ਪ੍ਰਕਾਰ ਦੇ ਅੰਤਰਾਏ ਕਰਮਾਂ ਦਾ ਖਾਤਮਾ ਹੋ ਜਾਂਦਾ ਹੈ 1) ਦਾਨ ਅੰਤਰਾਏ (ਦਾਨ ਵਿਚ ਰੁਕਾਵਟ ਪੈਣਾ) 2) ਲਾਭ ਅੰਤਰਾਏ (ਲਾਭ ਵਿਚ ਰੁਕਾਵਟ ਪੈਣਾ 3) ਭੋਗ ਅੰਤਰਾਏ (ਇਕ ਵਾਰ ਭੋਗਨ ਯੋਗਵਸਤਾ) 4) ਉਪਭੋਗ ਅੰਤਰਾਏ (ਵਾਰ ਵਾਰ ਭੋਗਨ ਯੋਗ ਵਸਤਾਂ) ਸਿੱਧ ਭਗਵਾਨ ਨੂੰ ਇਨ੍ਹਾਂ ਵਿਚ ਕੋਈ ਰੁਕਾਵਟ ਨਹੀਂ ਪੈਂਦੀ। ਇਸ ਕਾਰਣ ਸਿਧ ਪ੍ਰਮਾਤਮਾ ਨੂੰ ਅੰਨਤ ਸ਼ਕਤੀ ਮਾਨ ਹੈ। ਕਿਹਾ ਗਿਆ ਹੈ।

ਇਨ੍ਹਾਂ ਗੁਣਾ ਨੂੰ ਪੁਰਾਨੇ ਅਚਾਰੀਆ ਨੇ 8 ਭਾਗਾਂ ਵਿਚ ਵੰਡਿਆ ਹੈ।1) ਅੰਨਤ ਗਿਆਨਤਵਾ 2) ਅਨੰਤ ਦਰਸ਼ਨਤਵ 3) ਅਵਿਆਵਾਧਤਵ 4) ਸ਼ਾਯਕ ਸਮਿਆਕਤਵ 5) ਅਵਿਆਏਤਵ 6) ਅਰੂਪੀਤਵ 7) ਅਗੁਰੁ ਲਘੁਤਵ 8) ਅਨੰਤ ਰੀਜਤਵ। ਇਹ ਅਠ ਪ੍ਰਕਾਰ ਦੇ ਕਰਮਾ ਦੇ ਖਾਤਮੇ ਤੋਂ ਬਾਅਦ ਪੈਦਾ ਹੁੰਦੇ ਹਨ।

1) ਪੰਜ ਪ੍ਰਕਾਰ ਦੇ ਗਿਆਨਾਂ ਵਰਨੀਆਂ ਕਰਮ ਖਤਮ ਹੋ ਜਾਣ ਤੋਂ ਬਾਅਦ ਸਿੱਧ ਭਗਵਾਮ ਕੇਵਲ ਗਿਆਨ ਦੇ ਮਾਲਕ ਹੁੰਦੇ ਹਨ। ਜਿਸ ਦੇ ਸਿਟੇ ਵਜੋਂ ਉਹ ਸਭ ਦਰਵ, ਖੇਤਰ, ਕਾਲ ਭਾਵ ਜਾਣਦੇ ਹਨ।

2) ਨੌ ਪ੍ਰਕਾਰ ਦਰਸ਼ਨਾ ਆਵਰਣ ਕਰਨ ਖਤਮ ਹੋਣ ਕਾਰਣ, ਅਨੰਤ ਦਰਸ਼ਨ ਗੁਣ ਪ੍ਰਗਟ ਹੋਇਆ ਹੈ। ਜਿਸ ਕਾਰਣ ਉਹ ਸਭ ਕੁਝ ਵੇਖਣ ਦੀ ਸ਼ਕਤੀ ਰਖਦੇ ਹਨ।

3) ਵੇਦਨੀਆਂ ਕਰਮਾਂ ਦੇ ਦੋਹਾਂ ਭੇਦ ਨੂੰ ਖਤਮ ਕਰਕੇ ਹੋਰ ਦੁਖ ਤੋਂ ਰਹਿਤ ਹੋ ਗਏ ਹਨ। ਇਸੇ ਕਰਕੇ ਉਨ੍ਹਾਂ ਨੂੰ ਅਵਿਆਵਾਦ ਕਿਹਾ ਗਿਆ ਹੈ।

4) ਦੋ ਪ੍ਰਕਾਰ ਦੇ ਮੋਹਨੀਆਂ ਕਰਮ ਦੇ ਖਤਮ ਹੋਣ ਕਾਰਣ ਸਿੱਧਾ ਨੂੰ ਸ਼ਾਯਕ ਸਮਿਅੱਕਤ ਰਤਨ ਦੀ ਪ੍ਰਾਪਤੀ ਹੋ ਗਈ। ਇਸ ਲਈ ਉਹ ਆਪਣੇ ਆਤਮ ਸਵਰੂਪ ਵਿਚ ਰਮਨ ਕਰਦੇ ਹਨ।

5) ਚਾਰੇ ਪ੍ਰਕਾਰ ਦੇ ਆਯੂ ਖਤਮ ਹੋਣ ਕਾਰਣ, ਸਿੱਧ ਅਵਿਆਏ (ਅਜਰ; ਅਮਰ) ਹੋ ਗਏ ਹਨ।

6) ਦੋ ਪ੍ਰਕਾਰ ਦੇ ਨਾਮ ਕਰਮ ਦੇ ਖਾਤਮੇ ਕਾਰਣ ਇਹ ਸਿੱਧ ਵਰਣ, ਗੰਧ, ਰਸ ਅਤੇ ਸਕਲ ਰਹਿਤ ਹੁੰਦੇ ਹਨ ਇਸੇ ਲਈ ਅਮੂਰਤੀਕ ਅਖਵਾਉਂਦੇ ਹਨ। ਸਿਧ ਦੇ ਸ਼ਰੀਰ, ਅੰਗ ਤੇ ਇੰਦਰੀਆਂ ਨਹੀਂ ਹੁੰਦੀਆਂ।

7) ਗੋਤਰ ਕਰਮ ਦਾ ਖਾਤਮਾ ਹੋਣ ਕਾਰਣ ਸਿਧ ਭਗਵਾਨ ਛੋਟਾਪੁਣ ਅਤੇ ਬੜੇਪਨ ਤੋਂ ਰਹਿਤ ਹੁੰਦੇ ਹਨ।

8) ਪੰਜ ਪ੍ਰਕਾਰ ਦੇ ਅੰਤਰਾਏ ਕਰਮ ਦਾ ਖਾਤਮਾ ਹੋਣ ਕਾਰਣ ਸਿੱਧ ਅੰਨਤ ਸ਼ਕਤੀ ਦੇ

ਮਾਲਕ ਹੁੰਦੇ ਹਨ।

## ਸਿੱਧ ਆਤਮਾ ਦੀਆਂ ਕਿਸਮਾਂ

ਜੈਨ ਧਰਮ ਵਿਚ ਸਿਧ ਗਤੀ ਪ੍ਰਾਪਤ ਕਰਨ ਲਈ ਕਿਸੇ ਵਰਣ, ਜਾਤ, ਨਸਲ ਅਤੇ ਲਿੰਗ ਦਾ ਸੁਆਲ ਨਹੀਂ, ਫੇਰ ਵੀ 15 ਪ੍ਰਕਾਰ ਦੇ ਜੀਵ ਹੀ ਸਿੱਧ ਗਤੀ ਪ੍ਰਾਪਤ ਕਰ ਸਕਦੇ ਹਨ।

1) ਤੀਰਥੰਕਰ ਸਿੱਧ 2) ਅਤੀਰਥੰਕਰ ਸਿੱਧ (ਤੀਰਥੰਕਰ ਤੋਂ ਛੁਟ ਸਿੱਧ ਹੋਣਾ) 3) ਤੀਰਥੰ ਸਿੱਧ (ਸਾਧੂ, ਸਾਧਵੀ ਸ਼੍ਰਾਵੀਕ ਤੇ ਸ਼ਾਵੀਕਾ ਵਿਚੋਂ ਸਿੱਧ ਹੋਣਾ) 4) ਅਤੀਰਥ ਸਿੱਧ (ਤੀਰਥ ਦੀ ਸਥਾਪਨਾ ਤੋਂ ਪਹਿਲਾਂ ਅਤੇ ਬਾਅਦ ਵਿਚ ਸਿੱਧ ਹੋਣਾ 5) ਸਵੈ ਬੁਧ ਸਿੱਧ—ਪਿਛਲੇ ਜਨਮ ਦਾ ਗਿਆਂਨ ਜਾਣ ਕੇ ਬਿਨਾਂ ਗੁਰੂ ਤੋਂ ਸਾਧੂ ਬਣਕੇ ਕੇਵਲ ਗਿਆਨ ਹਾਸਲ ਕਰਕੇ ਮੁਕਤੀ ਪ੍ਰਾਪਤ ਕਰਨ ਸਿੱਧ ਵਾਲੇ। 6) ਪ੍ਰਤੇਕ ਬੁਧ ਸਿੱਧ :—ਕਿਸੇ ਵਸਤੂ ਨੂੰ ਵੇਖਕੇ ਸਾਧੂ ਬਣਕੇ ਮੁਕੱਤ ਹੋਣ ਵਾਲੇ। 7) ਬੁੱਧ ਬੋਧਿਤ ਸਿੱਧ :—ਅਚਾਰੀਆ ਉਪਾਧਿਆ ਤੇ ਸਾਧੂ ਦੀ ਪ੍ਰੇਰਣਾ ਨਾਲ ਸਾਧੂ ਬਣਨ ਵਾਲੇ ਸਿੱਧ। 8) ਇਸਤਰੀ ਲਿੰਗ ਸਿੱਧ (ਇਸ-ਤਰੀ ਲਿੰਗ ਵਿਚ ਸਿੱਧ ਹੋਣਾ)। 9) ਪੁਰਸ਼ ਲਿੰਗ ਸਿਧ 10) ਨਪੁੰਸਕ ਲਿੰਗ ਸਿੱਧ (ਇਥੇ ਜਨਮ ਤੋਂ ਬਾਅਦ ਬਨੇ ਨਪੁੰਸਕ ਤੋਂ ਭਾਵ ਹੈ)। 11) ਸਵਲਿੰਗ ਸਿੱਧ (ਜੈਨ ਭੇਖ ਵਿਚ ਦੀਖਿਆ ਲੈ ਕੇ ਸਿੱਧ ਗਤੀ ਪ੍ਰਾਪਤ ਕਰਨਾ)। 12) ਅਨੇਲਿੰਗ ਸਿੱਧ (ਜੈਨ ਭੇਖ ਤੋਂ ਛੁਟ ਹੋਰ ਧਰਮਾ ਵਿਚ ਦੀਖਿਆ ਲੈ ਕੇ ਸਿੱਧ ਗਤੀ ਪ੍ਰਾਪਤ ਕਰਨਾ) 13) ਗ੍ਰਹਿ ਲਿੰਗ ਸਿੱਧ—ਗ੍ਰਹਿਸਥ ਦੇ ਭੇਖ ਵਿਚ ਸਿੱਧ ਗਤੀ ਪ੍ਰਾਪਤ ਕਰਨਾ। 14) ਏਕ ਸਿੱਧ—ਜੋ ਮਨੁੱਖ ਇਕ ਸਮੇਂ ਵਿਚ ਇਕੱਲਾ ਹੀ ਸਿੱਧ ਗਤੀ ਹਾਸਲ ਕਰੇ। 15) ਅਨੇਕ ਸਿੱਧ—ਇਕ ਸਮੇਂ ਵਿਚ ਦੋ ਤਿੰਨ ਤੋਂ ਲੈਕੇ 108 ਤੱਕ ਸਿਧ ਗਤੀ ਹਾਸਲ ਕਰ ਸਕਦੇ ਹਨ।

ਜੈਨ ਧਰਮ ਭੇਖ ਜਾਂ ਕ੍ਰਿਆਕਾਂਡ ਪੂਜਕ ਨਹੀਂ ਇਥੇ ਸਗੋਂ ਗੁਣਾ ਦਾ ਪੂਜਕ ਹੈ। ਜੈਨ ਧਰਮ ਵਿਚ ਹਰ ਵਿਅਕਤੀ ਲਈ ਮੁਕਤੀ ਦਾ ਰਾਹ ਖੋਲਦਾ ਹੈ।

## ਇਕੋ ਸਮੇਂ ਸਿੱਧਾਂ ਦੀ ਗਿਣਤੀ

## ਸਿੱਧਾ ਦੇ 31 ਹੋਰ ਗੁਣ

ਸਿਧ ਭਗਵਾਨ ਦੀਆਂ ਤਾਂ ਹੋਰ ਵਿਸ਼ੇਸ਼ਤਾਵਾਂ ਦਾ ਸ਼ਾਸਤਰਾਂ ਵਿਚ ਜਿਕਰ ਆਉਂਦਾ ਹੈ

(1-6) ਸੰਸਥਾਨ, ਪਰਿਮੰਡਲ, ਗੋਲ, ਤਿਕੋਨ, ਚਤੁਰਭੁਜ, ਆਯਤ ਆਦਿ ਆਕਾਰ ਦਾ ਖਾਤਮਾ।

(7-12) ਪੰਜ ਰੰਗਾ ਦਾ ਖਾਤਮਾ

(13-18) ਪੰਜ ਰਸ ਦੇ ਸੁਆਦ ਦਾ ਖਾਤਮਾ।

(19-21) ਹਰ ਪ੍ਰਕਾਰ ਦੀ ਸੁਗੰਧ ਤੇ ਦੁਰਗੰਧ ਦਾ ਖਾਤਮਾ।

(22-30) 8 ਸਪਰਸਾਂ ਦਾ ਖਾਤਮਾ।

(31-33) ਇਸਤਰੀ, ਪੁਰਸ਼ ਅਤੇ ਨਪੁੰਸਕ ਆਦਿ ਜੀਵ ਆਤਮਾ ਦੇ ਭੇਦਾਂ ਦਾ ਖਾਤਮਾ।

(34) ਮੇਲ ਮਿਲਾਪ ਤੋਂ ਰਹਿਤ

(35) ਰੂਪ ਤੋਂ ਰਹਿਤ।

| **ਸਿੱਧਾ ਦੀ ਕਿਸਮ** | **ਇਕ ਸਮੇਂ ਸਿਧ ਗਤੀ ਨੂੰ ਪ੍ਰਾਪਤ ਸਿੱਧਾ ਦੀ ਗਿਣਤੀ** |
|---|---|
| ਤੀਰਥੰਕਰ ਦੇ ਤੀਰਥ ਸਮੇਂ | 108 ਤਕ ਸਿਧ ਹੁੰਦੇ ਹਨ |
| ਤੀਰਥ ਦਾ ਖਾਤਮਾ ਹੋਣ ਤੇ | 10 ਤਕ ਸਿੱਧ ਹੁੰਦੇ ਹਨ |
| ਤੀਰਥੰਕਰ ਸਮੇਂ | 20 ਤਕ ਸਿੱਧ ਹੁੰਦੇ ਹਨ |
| ਕੇਵਲੀ ਸਮੇਂ | 108 ਤਕ ਸਿੱਧ ਹੁੰਦੇ ਹਨ |
| ਸਵੈ ਬੁੱਧ | 108 ਤਕ ਸਿੱਧ ਹੁੰਦੇ ਹਨ |
| ਪ੍ਰਤੇਕ ਬੁਧ | 6 ਤਕ ਸਿੱਧ ਹੁੰਦੇ ਹਨ |
| ਬੁੱਧ (ਗਿਆਨੀਆਂ ਰਾਹੀਂ ਪ੍ਰੇਰਿਤ) | 108 ਤਕ ਸਿਧ ਹੁੰਦੇ ਹਨ |
| ਸਵੇਲਿੰਗੀ | 108 ਤਕ ਸਿੱਧ ਹੁੰਦੇ ਹਨ |
| ਅਨੇਲਿੰਗੀ | 10 ਤਕ ਸਿੱਧ ਹੁੰਦੇ ਹਨ |
| ਗ੍ਰਹਿਲਿੰਗੀ | 4 ਤਕ ਸਿੱਧ ਹੁੰਦੇ ਹਨ |
| ਇਸਤਰੀ ਲਿੰਗ | 20 ਸਿੱਧ ਹੁੰਦੇ ਹਨ |
| ਪੁਰਸ਼ ਲਿੰਗੀ | 108 ਸਿੱਧ ਹੁੰਦੇ ਹਨ |
| ਨਪੁੰਸਕ ਲਿੰਗੀ | 10 ਹੁੰਦੇ ਹਨ। |

## ਸਿੱਧ ਪ੍ਰਮਾਤਮਾ ਦੀ ਉਪਾਸਨਾ ਕਿਉਂ ?

ਹੁਣ ਸਵਾਲ ਪੈਦਾ ਹੁੰਦਾ ਹੈ ਜਦ ਸਿੱਧ ਭਗਵਾਨ ਸਾਡੇ ਲਈ ਕੁਝ ਨਹੀਂ ਕਰਦੇ ਤਾਂ ਅਸੀਂ ਕਿਉਂ ਇਨ੍ਹਾਂ ਦਾ ਨਾਂ ਕਿਉਂ ਜਪਦੇ ਹਾਂ ? ਸਿਧ ਭਗਵਾਨ ਭਾਵੇਂ ਸਾਨੂੰ ਸਵਰਗ ਨਰਕ ਨਹੀਂ ਦਿੰਦੇ ਹਨ, ਪਰ ਫਿਰ ਵੀ ਪੂਜਨ ਯੋਗ ਹਨ।

ਸਿੱਧ ਭਗਵਾਨ ਦਾ ਨਾਮ ਜਪਣ ਨਾਲ, ਭਾਵ ਸ਼ੁਧੀ, ਆਤਮ ਸ਼ੁਧੀ, ਪਵਿਤਰ ਭਾਵਨਾ ਅਤੇ ਆਦਰਸ਼ਾਂ ਵਿਚ ਮਜਬੂਤੀ ਆਉਂਦੀ ਹੈ। ਸਿੱਧ ਭਗਵਾਨ ਦਾ ਜਾਪ ਕਰਨ ਵਾਲਾ, ਆਮ ਮਨੁੱਖੀ ਜੀਵ ਸਿੱਧਾਂ ਦੇ ਆਦਰਸ਼ਾਂ ਤੇ ਚੱਲ ਕੇ ਹੀ ਸਿੱਧ ਬਣ ਸਕਦਾ ਹੈ। ਪ੍ਰਮਾਤਮਾ ਬਣ ਸਕਦਾ ਹੈ ਜਨਮ ਮਰਨ ਦੇ ਦੁੱਖਾਂ ਨੂੰ ਖਤਮ ਕਰ ਸਕਦਾ ਹ।

ਸਿੱਧ ਸਾਡੀ ਜੀਵਨ ਯਾਤਰਾ ਦਾ ਆਦਰਸ਼ ਹਨ। ਸਿੱਧਾਂ ਦੀ ਭਗਤੀ। ਕਰਦੇ ਅਸੀਂ ਸੋਚਦੇ ਹਾਂ ਅਸੀਂ ਵੀ ਸਿੱਧਾਂ ਵਾਲੇ ਗੁਣ ਧਾਰਣ ਕਰਕੇ ਪ੍ਰਮਾਤਮਾ ਬਣੀਏ ਸਿੱਧਾਂ ਤੋਂ ਅਸੀਂ ਸੰਸਾਰਕ ਪਦਾਰਥਾ ਦੀ ਕਾਮਨਾ ਨਹੀਂ ਕਰਦੇ। ਨਾਂ ਹੀ ਅਸੀਂ ਸਿੱਧਾਂ ਨੂੰ ਜ਼ਨਮ, ਮਰਨ, ਦੁੱਖ, ਸੁੱਖ ਨਰਕ ਤੇ ਸਵਰਗ ਕਾਰਣ ਮੰਨਦੇ ਹਾਂ। ਅਸੀਂ ਤਾਂ ਸਿਰਫ ਸਿਧ

੪।

ਆਤਮਾਵਾਂ ਦੇ ਗੁਣਾ ਦੀ ਅਰਾਧਨਾ ਕਰਦੇ ਹਾਂ। ਅਜਿਹਾ ਕਰਨ ਨਾਲ ਆਤਮਾ ਨਿਰਮਲ ਹੁੰਦੀ ਹੈ, ਅਸ਼ੁਭ ਕਰਮਾਂ ਦੀ ਧੂੜ ਝੜਦੀ (ਨਿਰਜਰਾ) ਹੈ ; ਅਤੇ ਅਸੀਂ ਵੀ ਸਿੱਧ ਭਗਵਾਨ ਦੀ ਉਪਾਸਨਾ ਕਰਦੇ ਕਰਦੇ ਉਨ੍ਹਾਂ ਵਰਗੇ ਹੋ ਜਾਂਦੇ ਹਾਂ। ਸਿੱਧਾਂ ਬਾਰੇ ਜੈਨ ਧਰਮ ਦਾ ਆਖਣਾ ਹੈ "ਉਹ ਸਿੱਧ ਆਤਮਾ ਪੂਰਣ ਸ਼ੁਧ. ਨਿਰੰਜਣ, ਨਿਰ ਅਕਾਰ ਸਾਰੇ ਕਰਮਾਂ ਤੋਂ ਰਹਿਤ ਹੋ ਜਾਂਦਾ ਹੈ।

ਜੈਨ ਧਰਮ ਵਿਚ ਸੰਸਾਰ ਦੀਆਂ ਸਾਰੀਆਂ ਆਤਮਾਵਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ।

1) ਵਾਹਰ ਆਤਮਾ—ਇਸ ਅਨੁਸਾਰ ਸਰੀਰ ਹੀ ਸਭ ਕੁਝ ਹੈ। ਅਜੇਹੀ ਹਾਲਤ ਵਿਚ ਸਰੀਰ ਨੂੰ ਆਤਮਾ ਵਰਗੀ ਚੇਤਨ ਅਵਸਥਾ ਦਾ ਗਿਆਨ ਨਹੀਂ ਹੁੰਦਾ।
2) ਅੰਤਰ ਆਤਮਾ—ਇਸ ਅਵਸਥਾ ਵਾਲੇ ਜੀਵ ਨੂੰ ਆਤਮਾ ਤੇ ਸਰੀਰ ਦੀ ਵੱਖ ਵੱਖ ਅਵਸਥਾਵਾਂ ਦਾ ਗਿਆਨ ਹੋ ਜਾਂਦਾ ਹੈ। ਜੀਵ ਸੋਚਦਾ ਹੈ ਕਿ ਜਿਵੇਂ ਦੁਧ ਤੋਂ ਮੱਖਣ ਵੱਖ ਹੁੰਦੇ ਹੋਏ ਵੀ ਇਕ ਵਿਖਾਈ ਦਿੰਦੇ ਹਨ ਇਸੇ ਪ੍ਰਕਾਰ ਵੇਖਣ ਨੂੰ ਮੈਂ ਸਰੀਰ ਹਾਂ ਪਰ ਮੇਰੇ ਸਰੀਰ ਵਿਚ ਆਤਮਾ ਵਿਰਾਜਮਾਨ ਹੈ।
3) ਪ੍ਰਮਾਤਮਾ—ਜਦ ਜੀਵ, ਆਤਮ ਸਵਰੂਪ ਨੂੰ ਪਹਿਚਾਣ ਕੇ ਆਤਮਾ ਤੇ ਪਈ ਪੁਰਾਣੀ ਕਰਮ ਧੂੜ ਝਾੜ ਦਿੰਦਾ ਹੈ : ਚਾਰ ਘਾਤੀ ਕਰਮਾਂ ਦਾ ਨਾਸ਼ ਕਰਕੇ ਕੇਵਲ ਗਿਆਨ ਪ੍ਰਾਪਤ ਕਰ ਲੈਂਦਾ ਹੈ। ਕਰਮ ਬੰਧਨ ਥੋੜਾ ਰਹਿ ਜਾਂਦਾ ਹੈ। ਆਤਮਾ ਅਰਿਹੰਤ ਅਵਸਥਾ ਪ੍ਰਾਪਤ ਕਰਨ ਤੋਂ ਬਾਅਦ ਅੰਤ ਸਮੇਂ ਪ੍ਰਮਾਤਮਾ ਅਵਸਥਾ ਨੂੰ ਪ੍ਰਾਪਤ ਕਰ ਲੈਂਦੀ ਹੈ। ਇਹੋ ਆਤਮਾ ਦੀ ਪਰਮ ਅਵਸਥਾ ਦਾ ਨਾਂ ਹੈ। ਜਿਥੇ ਇਹੋ ਆਤਮਾ, ਹੋਰ ਆਤਮਾਵਾਂ ਲਈ ਆਦਰਸ਼ ਹੋ ਜਾਂਦੀ ਹੈ। ਜਨਮ ਮਰਨ ਦੀ ਅਨਾਦਿ ਕਾਲ ਤੋਂ ਚਲੀ ਪਰੰਪਰਾ ਖਤਮ ਹੋ ਜਾਂਦੀ ਹੈ।

## ਸਿੱਧ ਪ੍ਰਮਾਤਮਾ ਦੀ ਉਪਾਸਨਾ ਦੇ ਲਾਭ

1) ਜੀਵ ਆਤਮਾ, ਪ੍ਰਮਾਤਮਾ ਮਾਰਗ ਤੇ ਤੁਰ ਪੈਂਦੀ ਹੈ।
2) ਆਤਮਾ ਨੂੰ ਆਪਣੀ ਅੰਨਤ ਸ਼ਕਤੀ ਦਾ ਪਤਾ ਲਗਦਾ ਹੈ।
3) ਅਧਿਆਤਮਕ ਵਿਕਾਸ ਹੁੰਦਾ ਹੈ।
4) ਆਤਮਾ ਨੂੰ ਪ੍ਰਮਾਤਮਾ ਬਣਾਉਣ ਵਾਲੀ ਕੇਵਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਜਿਉਂਦੇ ਇਹ ਆਤਮਾ ਹੀ ਪ੍ਰਮਾਤਮਾ, ਤੀਰਥੰਕਰ ਤੇ ਕੇਵਲੀ ਅਖਵਾਉਂਦੀ ਹੈ।

# ਗੁਰੂ ਦਾ ਸਵਰੂਪ

ਭਾਰਤੀ ਦਰਸ਼ਨ ਤੇ ਧਰਮ ਵਿਚ ਗੁਰੂ ਦੇ ਮਹੱਤਵ ਨੂੰ ਸਵੀਕਾਰ ਕੀਤਾ ਗਿਆ ਹੈ। ਦੁਨੀਆ ਹਰ ਧਾਰਮਿਕ ਵਿਚਾਰ ਧਾਰਾ ਵਿਚ ਗੁਰੂ ਦਾ ਕੋਈ ਨਾ ਕੋਈ ਰੂਪ ਮਿਲ ਜਾਂਦਾ ਹੈ। ਗੁਰੂ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਸਿਧਾ ਅਰਥ ਹੈ ਹਨੇਰੇ ਤੋਂ ਚਾਨਣ ਵਿਚ ਲੈ ਆਉਣ ਵਾਲਾ। ਹਨੇਰੇ ਵਿਚ ਠੋਕਰਾਂ ਖਾਣ ਵਾਲੇ ਮਨੁਖ ਲਈ ਗੁਰੂ ਪ੍ਰਕਾਸ਼ ਦਾ ਕੰਮ ਕਰਦਾ ਹੈ। ਅਜੇਹਾ ਪ੍ਰਕਾਸ਼ ਕਿਸ ਤਰ੍ਹਾਂ ਦਾ ਹੋਵੇ ? ਇਸ ਵਾਰੇ ਸ਼ਾਸਤਰਕਾਰਾਂ ਨੇ ਗੁਰੂ ਦਾ ਗੁਣ ਗਾਣ ਕੀਤਾ ਹੈ।ਇਕ ਗੱਲ ਸਮਝਣ ਵਾਲੀ ਹੈ ਹਰ ਗੁਰੂ ਅਧਿਆਪਕ ਹੋ ਸਕਦਾ ਹੈ ਪਰ ਹਰ ਅਧਿਆਪਕ ਗੁਰੂ ਨਹੀਂ ਬਣ ਸਕਦਾ। ਵਿਦਿਆਰਥੀ ਤੇ ਚੇਲੇ ਵਿਚ ਇਹੋ ਅੰਤਰ ਹੈ। ਗੁਰੂ ਪ੍ਰੇਰਣਾ ਦਿੰਦਾ ਹੈ, ਨਿਰਦੇਸ਼ ਦਿੰਦਾ ਹੈ। ਸੰਸਾਰ ਦੇ ਸਮੁੰਦਰ ਵਿਚ ਗੋਤੇ ਖਾ ਰਹੀ ਆਤਮਾਵਾਂ ਲਈ ਗੁਰੂ ਮਲਾਹ ਦਾ ਕੰਮ ਕਰਦਾ ਹੈ। ਜੈਨ ਧਰਮ ਵਿਚ ਦੋ ਤਰ੍ਹਾਂ ਦੇ ਗੁਰੂ ਨੂੰ ਮੰਨਿਆ ਗਿਆ ਹੈ ਇਕ ਹਨ। (1) ਕਲਾ ਅਚਾਰਿਆ (2) ਧਰਮ ਅਚਾਰਿਆ ਪਹਿਲੇ ਸੰਸਾਰ ਵਿਚ ਰੋਟੀ ਕਮਾਉਣ ਦੀ ਕਲਾ ਸਿਖਾਉਂਦੇ ਹਨ ਦੂਸਰੇ ਧਰਮ ਅਚਾਰਿਆ ਖੁੱਦ ਧਰਮ ਦਾ ਪਾਲਨ ਸ਼ਾਸਤਰ ਅਨੁਸਾਰ ਕਰਦੇ ਹਨ ਅਤੇ ਦੂਸਰੇ ਨੂੰ ਅਜੇਹਾ ਕਰਨ ਦੀ ਪ੍ਰੇਰਣਾ ਦਿੰਦੇ ਹਨ। ਜੈਨ ਧਰਮ ਵਿਚ ਉਪਾਸ਼ਨਾਂ ਦੇ ਛੇ ਅੰਗਾਂ ਵਿਚ ਗੁਰੂ ਬੰਦਨਾਂ ਦੀ ਜ਼ਰੂਰੀ ਅੰਗ ਹੈ।

ਅਚਾਰੀਆ ਹੇਮ ਕੀਰਤੀ ਨੇ ਕਿਹਾ ਹੈ :

ਜੋ ਸਚੇ ਧਰਮ ਤੱਤਵ ਦਾ ਉਪਦੇਸ਼ ਦਿੰਦਾ ਹੈ ਉਹ ਹੀ ਗੁਰੂ ਹੈ। ਅੱਜ ਸੰਸਾਰ ਗੁਰੂਆਂ ਦਾ ਭਰਿਆ ਪਿਆ ਹੈ ਕਈ ਗੁਰੂ ਦੇ ਨਾਂ ਤੇ ਕਲੰਕ ਹਨ, ਕਈ ਦਾ ਰੋਜ਼ਗਾਰ ਹੈ ਮੰਤਰ ਜੰਤਰ ਰਾਹੀਂ ਲੋਕਾਂ ਨੂੰ ਠਗਨਾ। ਕਈ ਮਾਸ ਸ਼ਰਾਬ ਦਾ ਸੇਵਨ ਕਰਦੇ ਹਨ। ਕਈ ਕਾਮ ਭੋਗੀ ਹਨ। ਕਈ ਪੰਜ ਮਕਾਰ ਦਾ ਸੇਵਨ ਕਰਦੇ ਹਨ। ਸੱਚੇ ਗੁਰੂ ਲਕੜ ਦੀ ਕਿਸ਼ਤੀ ਦੇ ਸਮਾਨ ਹਨ। ਕੁਗੁਰੂ ਪਥਰ ਦੀ ਕਿਸ਼ਤੀ ਹਨ। ਜੋ ਖੁਦ ਵੀ ਡੁਬਦੇ ਹਨ ਹੋਰਾਂ ਨੂੰ ਡੋਬਦੇ ਹਨ। ਸੋ ਇਹ ਜ਼ਰੂਰੀ ਹੈ ਕਿ ਸੱਚ ਗੁਰੂ ਦਾ ਮਾਪ ਦੰਡ ਤਹਿ ਕੀਤਾ ਜਾਵੇ। (ਪ੍ਰ: 2 ਸਲੋਕ 8)

ਸੱਚੇ ਗੁਰੂ ਦੀ ਪਹਿਚਾਨ ਅਚਾਰਿਆ ਹੇਮਚੰਦਰ ਨੇ ਯੋਗ ਨੇ ਯੋਗ ਸ਼ਾਸਤਰ ਵਿਚ ਇਸ ਪ੍ਰਕਾਰ ਕੀਤੀ ਹੈ।

"ਜੋ ਅਹਿੰਸਾ ਆਦਿ ਪੰਜ ਮਹਾਂਵਰਤਾ ਦੇ ਧਾਰਕ ਹਨ ਧੀਰਜ ਗੁਣ ਵਾਲੇ ਹਨ ਹੋਣ ਕਾਰਣ ਭੁਖ ਪਿਆਸ ਆਦਿ ਪਰਿਸ਼ੈ ਸਹਿਦੇ ਹਨ। ਘਰ ਘਰ ਭਿਖਿਆ ਮੰਗ ਕੇ

ਗੁਜਾਰਾ ਕਰਦੇ ਹਨ ਹਮੇਸ਼ਾ ਸਮ ਭਾਵ ਵਿਚ ਰਹਿੰਦੇ ਹਨ। ਨਿਰਦੋਸ਼ ਚਰਿਆ ਵਾਲੇ ਹਨ ਸ਼ੁਧ ਧਰਮ ਦਾ ਠੀਕ ਉਪਦੇਸ਼ ਕਰਨ ਵਾਲੇ ਹਨ ਉਹ ਹੀ ਸਤਿਗੁਰੂ ਅਖਵਾਉਂਦੇ ਹਨ।

ਗੁਰੂ ਦੇ ਤਿੰਨ ਰੂਪ ਹਨ ਆਚਾਰੀਆ, ਉਪਾਧਿਆ ਤੇ ਸਾਧੂ ਅਸੀਂ ਤਿੰਨਾਂ ਬਾਰੇ ਸੰਖੇਪ ਵਰਨਣ ਕਰਾਂਗੇ।

ਹਰ ਧਰਮ ਗੁਰੂ ਸਾਧੂ ਹੁੰਦਾ ਹੈ। ਸਾਧੂਆ ਦਾ ਪ੍ਰਮੁਖ ਗੁਰੂ ਆਚਾਰੀਆ ਹੈ। ਨਵਕਾਰ ਮੰਤਰ ਵਿਚ ਤੀਸਰਾ ਸਥਾਨ ਆਚਾਰੀਆ ਦਾ ਹੈ। ਆਚਾਰੀਆ ਉਸ ਨੂੰ ਆਖਦੇ ਹਨ ਜੋ ਸਾਧੂ, ਸਾਧਵੀ, ਸ੍ਰਾਵਕ ਤੇ ਸ਼੍ਰਾਵੀਕਾ ਰੂਪੀ ਤੀਰਥ ਦਾ ਮੁਖੀਆ ਹੋਵੇ। ਕਿਉਂਕਿ ਅੱਜ ਕਲ ਭਰਤ ਖੇਤਰ ਵਿਚ ਤੀਰਥੰਕਰ ਪੈਦਾ ਨਹੀਂ ਹੁੰਦੇ, ਸੋ ਅੱਜ ਕਲ ਅਚਾਰੀਆ ਦਾ ਸਥਾਨ ਬਹੁਤ ਉਚੱਾ ਅਤੇ ਪਵਿੱਤਰ ਹੈ। ਉਹ ਸਾਧੂ, ਸਾਧਵੀਆਂ, ਸ਼੍ਰਾਵਕ ਤੇ ਸ਼੍ਰਾਵੀਕਾਵਾਂ ਤੋਂ ਧਰਮ ਸ਼ਾਸਤਰ ਅਨੁਸਾਰ ਧਰਮ ਦਾ ਪਾਲਨ ਕਰਵਾਉਂਦਾ ਹੈ। ਉਹ ਸ਼ਕਤੀਆਂ ਵਿਚ ਇਕ ਰਾਜੇ ਤੋਂ ਵੀ ਵੱਧ ਹੈ। ਉਹ ਸ੍ਰੀ ਸਘ ਰੂਪੀ ਜੈਨ ਧਰਮ ਤੀਰਥ ਦੀ ਕਿਸ਼ਤੀ ਦਾ ਮਲਾਹ ਹੈ। ਆਚਾਰੀਆਂ ਨੂੰ ਸਮੇਂ ਸਮੇਂ ਯੁਗ ਅਨੁਸਾਰ ਅਤੇ ਧਰਮ ਗ੍ਰੰਥਾਂ ਨੂੰ ਸਾਹਮਣੇ ਰਖ ਕੇ ਕਈ ਫੈਸਲੇ ਕਰਨੇ ਪੈਂਦੇ ਹਨ। ਉਂਝ ਵੀ ਅਰਿਹੰਤ ਤੇ ਸਿੱਧ ਤੋਂ ਬਾਅਦ ਆਚਾਰੀਆ ਪਦਵੀ, ਅਧਿਆਤਮਕ ਪਖੋਂ ਬਹੁਤ ਹੀ ਮਹੱਤਵਪੂਰਣ ਹੈ। ਹਰ ਅਚਾਰਿਆ ਸਾਧੂ ਦੇ ਨਿਯਮ ਹੀ ਪਾਲਦਾ ਹੈ, ਪਰ ਕਰਤੱਵ ਪੱਖੋਂ ਸਾਧੂ ਤੋਂ ਮਹਾਨ ਹੈ।

## ਆਚਾਰੀਆ ਦੇ 36 ਗੁਣ

(1) ਪੰਜ ਇੰਦਰੀਆਂ ਦਾ ਸੰਬਰ (ਪੰਜ ਇੰਦਰੀਆਂ ਦੇ ਵਿਸ਼ਿਆਂ ਤੇ ਕਾਬੂ ਕਰਨ ਵਾਲਾ) ਇਹ ਇੰਦਰੀਆਂ ਹਨ (1) ਸ਼ਰੋਤ (ਸੁਣਨ ਦੀ ਸ਼ਕਤੀ) (2) ਚਕਸ਼ੂ (ਵੇਖਣ ਦੀ ਸ਼ਕਤੀ) (3) ਘ੍ਰਾਣ (ਸੁੰਘਣ ਦੀ ਸ਼ਕਤੀ) (4) ਰਸਣ ਇੰਦਰੀ (ਜੀਭ ਦੇ ਵਿਸ਼ੇ ਦੀ ਸ਼ਕਤੀ (5) ਸਪਰਸ਼ਣਇੰਦਰੀਆਂ (ਛੂਹਣ ਦੀ ਸ਼ਕਤੀ) ਇਨ੍ਹਾਂ ਇੰਦਰੀਆਂ ਦੇ ਵਿਸ਼ਿਆਂ ਪ੍ਰਤੀ ਰਾਗ ਦਵੇਸ਼ ਨਾ ਰਖਣਾ ਹੀ ਇੰਦਰੀਆਂ ਦਾ ਸੰਬਰ ਹੈ।

## ਨੌ ਪ੍ਰਕਾਰ ਦਾ ਬ੍ਰਹਮਚਰਜ

ਆਚਾਰੀਆ ਨੌ ਪ੍ਰਕਾਰ ਨਾਲ ਬ੍ਰਹਮਚਰਜ ਦਾ ਪਾਲਣ ਕਰੇ।

1] ਆਚਾਰੀਆ ਇਸਤਰੀ, ਪਸ਼ੂ ਅਤੇ ਹਿਜੜੇ ਤੋਂ ਰਹਿਤ ਸਥਾਨ ਤੇ ਨਾ ਰਹੇ।

2] ਸੁੰਦਰ ਇਸਤਰੀਆਂ ਦੇ ਕਿਸੇ ਕਹਾਣੀਆਂ ਨਾ ਛੇੜੇ।

3] ਇਸਤਰੀਆਂ ਨਾਲ ਵਾਰ ਵਾਰ ਸੰਪਰਕ ਕਾਈਮ ਨਾ ਰਖੇ।

4] ਇਸਤਰੀਆਂ ਦੇ ਕਾਮੁਕ ਅੰਗਾਂ ਵਲ ਵਾਰ ਵਾਰ ਨਾ ਵੇਖੇ।

5] ਇਸਤਰੀਆਂ ਦੇ ਕਾਮ ਵਧਾਉਣ ਵਾਲੇ ਸ਼ਬਦਾਂ ਅਤੇ ਗੀਤਾਂ ਵਲ ਧਿਆਨ ਨਾ ਦੇਵੇ।

6] ਪਿਛਲੇ ਭੋਗੇ ਕਾਮ ਭੋਗਾ ਨੂੰ ਯਾਦ ਨਾ ਕਰੇ।

7] ਕਾਮ ਵਧਾਉਣ ਵਾਲੇ ਭੋਜਨ ਦਾ ਇਸਤੇਮਾਲ ਨਾ ਕਰੇ।

8] ਜਰੂਰਤ ਤੋਂ ਜਿਆਦਾ ਭੋਜਨ ਨਾ ਕਰੇ।

9] ਸ਼ਿੰਗਾਰ ਆਦੀ ਇਸ਼ਨਾਨ ਪਖੋਂ ਨਾ ਕਰੇ, ਗਹਿਣੇ ਨਾ ਪਹਿਨੇ।

## ਜੈਨ ਸਾਧੂ ਦੇ 5 ਮਹਾਵਰਤ

ਜੈਨ ਸਾਧੂ ਤਿੰਨ ਕਰਨ ਅਤੇ ਤਿੰਨ ਯੋਗ ਨਾਲ ਪੰਜ ਮਹਾਵਰਤਾ ਦਾ ਪਾਲਨ ਕਰਦੇ ਹਨ। ਤਿੰਨ ਕਰਨ ਹਨ (1) ਕਰਨਾ (2) ਕਰਾਉਣਾ (3) ਕਰਦੇ ਨੂੰ ਚੰਗਾ ਸਮਝਣਾ। ਯੋਗ ਹਨ (1) ਮਨ (2) ਵਚਨ (3) ਕਾਇਆ। ਸਾਧੂ ਦੇ ਪੰਜ ਮਹਾਵਰਤ ਹਨ। (1) ਅਹਿੰਸਾ (2) ਸੱਚ (3) ਚੋਰੀ ਨਾ ਕਰਨਾ (4) ਅਪਰਿਗ੍ਰਹਿ (5) ਬ੍ਰਹਮਚਰਜ।

### ਅਹਿੰਸਾ

ਇਸ ਨੂੰ ਸਰਵ ਪ੍ਰਾਣਾਤਿਪਾਤ ਵਿਰਮਨ ਆਖਦੇ ਹਨ ਸਭ ਪ੍ਰਕਾਰ ਦੇ ਜੀਵਾ ਦੀ ਤਿੰਨ ਕਰਨ ਤਿੰਨ ਯੋਗ ਨਾਲ ਹਿੰਸਾ ਦਾ ਤਿਆਗ ਹੀ ਇਸ ਦਾ ਪ੍ਰਮੁਖ ਵਿਸ਼ਾ ਹੈ। ਇਸ ਵਿਚ ਅਹਿਸਾਂ ਦੇ ਦਿਆ, ਜੀਵ ਰਖਿਆ, ਅਭੈ, ਆਤਮਾ ਸਮਾਨਤਾ, ਦੋਸਤੀ, ਸੇਵਾ, ਖਿਮਾ, ਵਾਤਸ਼ਲਯ, ਰਹਿਮ, ਕਰੁਣਾ ਅਤੇ ਮਾਧਿਸਥ ਭਾਵ ਆ ਜਾਂਦੇ ਹਨ।

ਜੀਵ ਦੇ 10 ਪ੍ਰਾਣ ਹਨ। (1) ਸਰੋਤ ਬਲ (2) ਚਕਸ਼ ਇੰਦਰੀ ਬਲ (3) ਪ੍ਰਾਣ ਇੰਦਰੀ ਬਲ (4) ਰਸਨ ਇੰਦਰੀ ਬਲ (5) ਸਪਰਸ਼ ਇੰਦਰੀ ਬਲ (6) ਮਨ ਬਲ (7) ਵਚਨ ਬਲ, (8) ਕਾਇਆ ਬਲ (9) ਸ਼ਵਾਸੋਸ਼ਵਾਸ ਬਲ (10) ਅਯੁਸ਼ ਬਲ। ਹਰ ਪ੍ਰਾਣਧਾਰੀ ਪ੍ਰਾਣੀ ਜੀਵ ਹੈ। ਸਪਰਸ਼, ਕਾਇਆ, ਸਵਾਸੋਸ਼ਵਾਸ ਅਤੇ ਉਮਰ ਇੰਦਰੀਆਂ (ਸਥਾਵਰ) ਵਿਚ, ਦੋ ਇੰਦਰੀਆਂ ਕੋਲ, ਰਸਨਾ ਤੇ ਵਚਨ, ਤਿੰਨ ਇੰਦਰੀਆਂ ਕੋਲ ਪ੍ਰਾਣ ਇੰਦਰੀ, ਚਾਰ ਇੰਦਰੀ ਕੋਲ ਚਕਸ਼ੂ ਇੰਦਰੀ, ਪੰਜ ਇੰਦਰੀਆ ਕੋਲ ਸ਼ਰੋਤ ਬਲ ਅਤੇ ਸੰਗੀ ਕੋਲ ਮਨ ਜ਼ਿਆਦਾ ਹੁੰਦਾ ਹੈ। ਸਾਧੂ ਇਕ ਇੰਦਰੀਆ ਤੋਂ ਲੈ ਕੇ ਪੰਜ ਇੰਦਰੀਆ ਵਾਲੇ ਸਾਰੇ ਛੋਟੇ ਬੜੇ ਜੀਵਾਂ ਦੀ ਹਿੰਸਾ ਤਿਆਗ ਕਰਦੇ ਹਨ। ਮੂਲ ਰੂਪ ਵਿਚ ਤੱਰਸ (ਹਿਲਨ ਚਲਨ ਵਾਲੇ ਦੋ ਇੰਦਰੀਆ ਤੋਂ ਪੰਜ ਇੰਦਰੀਆ ਦੇ ਜੀਵ) ਸਥਾਵਰ (ਪ੍ਰਿਥਵੀ, ਪਾਣੀ, ਅੱਗ, ਹਵਾ, ਬਨਾਸਪਤੀ ਦੇ ਇਕ ਇੰਦਰੀ ਜੀਵ) ਹਨ।

ਇਸ ਵਰਤ ਦੀ ਪੰਜ ਭਾਵਨਾ ਹਨ :

1. ਈਰੀਆ ਸਮਿਤਿ ਭਾਵਨਾ—ਤੱਰਸ ਅਤੇ ਸਥਾਵਰ ਜੀਵਾਂ ਰਖਿਆ ਲਈ ਦੇਖ ਭਾਲ ਕੇ ਚਲਣਾ।
2. ਮਨੋਗੁਪਤੀ ਭਾਵਨਾ—ਧਰਮੀ ਅਤੇ ਅਧਰਮੀ ਜੀਵਾ ਪ੍ਰਤਿ ਸਮਤਾ ਭਾਵ ਰਖਣਾ।
3. ਏਸ਼ਨਾ ਸਮਿਤਿ ਭਾਵਨਾ—ਰੋਜ਼ਾਨਾ ਜ਼ਰੂਰਤ ਦੇ ਕਪੜੇ, ਭਾਂਡੇ, ਆਸਨ ਆਦਿ ਦੇਖ ਭਾਲ ਕੇ ਗ੍ਰਹਿਨ ਕਰਨਾ।
4. ਆਦਾਨ ਨਿਕਸ਼ੇਪਨ ਸਮਿਤਿ ਭਾਵਨਾ—ਵਸਤਰ ਪਾਤਰ ਆਦਿ ਚੀਜ਼ਾਂ ਪ੍ਰਤਿਲੇਖਨਾ (ਪੁੰਜ) ਕਰਨੇ ਗ੍ਰਹਿਣ ਕਰਨਾ। ਪ੍ਰਤਿਲੇਖਨ ਲਈ ਰਜੋਹਰਨ ਕੰਮ ਆਉਦਾ ਹੈ।
5. ਆਲੋਕਿਤ ਪਾਨ ਭੋਜਨ ਭਾਵਨਾ—ਭੋਜਨ ਪਾਣੀ ਦੇਖ ਭਾਲ ਕੇ ਗ੍ਰਹਿਣ ਕਰਨਾ।

## ਸੱਚ ਮਹਾਵਰਤ

ਇਸਦਾ ਨਾਂ ਸਰਵ ਮਰਿਸ਼ਾਵਾਦ ਵਿਰਮਨ ਵੀ ਹੈ। ਕਰੋਧ, ਲੋਭ, ਭੈ ਅਤੇ ਹਾਸੇ ਕਾਰਣ ਤਿੰਨ ਕਰਨ ਅਤੇ ਤਿੰਨ ਯੋਗ ਰਾਹੀਂ ਝੂਠ ਦਾ ਤਿਆਗ ਦੀ ਸੱਚ ਮਹਾਵਰਤ ਹੈ। ਪੰਜ ਭਾਵਨਾ ਇਸ ਵਰਤ ਨੂੰ ਸਥਿਰ ਕਰਦੀਆ ਹਨ।

1. ਅਨੁਵੀਚੀ ਭਾਸ਼ਨ—ਨਿਰਦੋਸ਼, ਮਿਠੇ, ਤੱਥ ਵਾਲਾ ਹਿੱਤਕਾਰੀ ਵਚਨ ਬੋਲਨਾ ਅਜੇਹਾ ਕੌੜਾ ਸੱਚ ਨਾਂ ਬੋਲਨਾ ਜੋ ਕਿਸੇ ਦੀ ਆਤਮਾ ਨੂੰ ਠੇਸ ਪਹੁੰਚਾਉਦਾ ਹੋਵੇ।
2. ਕਰੋਧ ਵਸ਼ ਭਾਸ਼ਨ ਵਰਜਨ—ਕਰੋਧ ਵਸ਼ ਜੋ ਝੂਠ ਬੋਲਿਆ ਜਾਂਦਾ ਹੈ ਉਹ ਬਹੁਤ ਕਲੇਸ਼ ਦੀ ਜੜ ਹੈ ਇਸ ਲਈ ਜਦ ਕਰੋਧ ਆ ਜਾਵੇ, ਤਾਂ ਮੋਨ ਵਰਤ ਤੇ ਖਿਮਾ ਰਾਹੀਂ ਸ਼ਾਂਤ ਕਰਨ।
3. ਲੋਭ ਵਸ਼ ਭਾਸ਼ਨ ਵਰਜਨ :—ਸਾਧੂ ਨੂੰ ਲੋਭ ਵਸ਼ ਵੀ ਝੂਠ ਨਹੀਂ ਬੋਲਨ ਚਾਹੀਦਾ।
4. ਭੈ ਵਸ਼ ਭਾਸ਼ਨ ਵਰਜਨ :—ਭੈ ਕਾਰਣ ਵੀ ਝੂਠ ਨਹੀਂ ਬੋਲਣਾ ਚਾਹੀਦਾ।
5. ਹਾਸਯ ਵਸ਼ ਭਾਸ਼ਨ ਵਰਜਨ :—ਹਾਸੇ ਮਜਾਕ ਵਸ ਬੋਲੀਆ ਝੂਠ ਵੀ ਬਰਵਾਦੀ ਦਾ ਕਾਰਣ ਹੈ।

## ਚੋਰੀ ਨਾ ਕਰਨ ਦਾ ਮਹਾਵਰਤ

ਇਸਨੂੰ ਅਦੱਤਾ ਦਾਨ ਵਿਰਮਨ ਵੀ ਆਖਦੇ ਹਨ। ਸਾਧੂ ਹਰ ਵਸਤੂ ਚਾਹੇ ਉਹ ਛੋਟੀ ਹੈ ਬੜੀ ਹੈ ਉਸ ਵਸਤੂ ਦੇ ਸਵਾਮੀ ਦੀ ਆਗਿਆ ਨਾਲ ਗ੍ਰਹਿਣ ਕਰੇ। ਤਿੰਨ ਕਰਨ ਅਤੇ ਤਿੰਨ ਯੋਗ ਨਾਲ ਹਰ ਕਿਸਮ ਦੀ ਚੋਰੀ ਦਾ ਤਿਆਗ ਕਰੇ। ਚੋਰੀ ਤੋਂ ਭਾਵ ਹੈ ਬਿਨਾ ਆਗਿਆ ਸਾਧੂ ਦੰਦ ਕੁਰੇਦਨ ਵਾਲਾ ਤਿਨਕਾ ਵੀ ਗ੍ਰਹਿਣ ਨਾਂ ਕਰੇ। ਇਸ ਵਰਤ ਪ੍ਰਕਾਰ ਦਾ ਹੈ।

1. ਦੇਵ ਅੱਦਤ :—ਤੀਰਥੰਕਰ ਨੇ ਜਿਸ ਭੇਖ ਦੀ ਆਗਿਆ ਦਿਤੀ ਹੈ ਉਸ ਤੋਂ ਉਲਟ ਮਨਮਾਨਾ ਭੇਖ ਕਰਨਾ ਵੀ ਚੋਰੀ ਹੈ। ਜਿਸ ਵਸਤੂ ਦਾ ਕੋਈ ਮਾਲਿਕ ਨਹੀਂ ਉਸ ਦਾ ਮਾਲਿਕ ਦੇਵਤਾ ਹੁੰਦਾ ਹੈ ਦੇਵਤੇ ਦੀ ਆਗਿਆ ਬਿਨਾ ਵਸਤੂ ਗ੍ਰਹਿਣ ਕਰਨਾ ਵੀ ਇਸ ਭਾਵਨਾ ਵਿਚ ਸ਼ਾਮਲ ਹੈ।
2. ਗੁਰੂ ਅਦੱਤ :—ਆਪਣੇ ਤੋਂ ਪਹਿਲਾ ਬਣੇ ਸਾਧੂ ਗੁਰੂ ਹਨ। ਉਨ੍ਹਾਂ ਦੀ ਆਗਿਆ ਤੋਂ ਬਿਨਾ ਕੋਈ ਵੀ ਵਸਤੂ ਗ੍ਰਹਿਣ ਕਰਨਾ।
3. ਰਾਜਾ ਅੱਦਤ :—ਦੇਸ਼, ਪ੍ਰਾਂਤ ਵਿਚ ਘੁਮਣ ਲਈ ਰਾਜੇ ਦੀ ਆਗਿਆ ਲੈਣਾ ਜ਼ਰੂਰੀ ਹੈ।
4. ਗ੍ਰਹਿਪਤਿ :—ਘਰ ਵਿਚ ਠਹਿਰਨ ਤੋਂ ਪਹਿਲਾ ਘਰ ਦੇ ਮਾਲਕ ਦੀ ਇਜ਼ਾਜਤ ਲੈਣਾ ਜ਼ਰੂਰੀ ਹੈ।

5. ਸਾਧਰਮੀ :—ਸਾਧੂ ਜਿਸ ਸੰਘ ਵਿਚ ਸ਼ਾਮਲ ਹੈ ਉਸ ਵਿਚ ਸ਼ਾਮਲ ਸਾਰੇ ਸਾਧੂ ਸਾਧਵੀ ਉਸਦੇ ਸਾਧਰਮੀ ਹਨ ਸਾਧਰਮੀ ਚਾਰ ਪ੍ਰਕਾਰ ਦੇ ਹਨ 1. ਭੇਖ 2. ਕ੍ਰਿਆ 3. ਸੰਪਰਦਾਏ 4. ਧਰਮ ।

1. ਅਨੁਵੀਚੀ ਅਵਗ੍ਰਹਿ ਯਾਚਨਾ :—ਹਮੇਸ਼ਾ ਦਰਵ, ਕਾਲ, ਖੇਤਰ, ਭਾਵ ਵੇਖ ਕੇ ਨਿਰਦੋਸ਼, ਇਸਤਰੀ, ਪੁਰਸ਼, ਨੰਪੁਸਕ ਅਤੇ ਪਸ਼ੂ ਰਹਿਤ ਮਕਾਨ ਦੀ ਇਛਾ ਕਰਨਾ ।
2. ਅਭਿਕਸ਼ਨ ਅਵਗ੍ਰਹਿ ਯਾਚਨ :—ਰੋਜਾਨਾ ਦੀਆਂ ਵਸਤਾਂ ਇਸਤੇਮਾਲ ਕਰਕੇ ਉਸ ਦੇ ਮਾਲਿਕ ਨੂੰ ਵਾਪਸ ਕਰਨਾ ।
3. ਅਵਗ੍ਰਹਿ ਅਵਧਾਰਨ :—ਨਿਰਦੋਸ਼ ਸਥਾਨ ਮਾਲਿਕ ਦੀ ਆਗਿਆ ਨਾਲ ਗ੍ਰਹਿਣ ਕਰਨਾ ।
4. ਸਾਧਰਮੀ ਅਵਗ੍ਰਹਿ ਯਾਚਨ :—ਨਾਲ ਰਹਿਣ ਵਾਲੇ ਹੋਰ ਸਾਧੂਆਂ ਦਾ ਸਮਾਨ ਉਨ੍ਹਾਂ ਦੀ ਆਗਿਆ ਨਾਲ ਇਸਤੇਮਾਲ ਕਰਨਾ ।
5. ਅਨੁਪਗਿਆਤ ਪਾਨ ਭੋਜਨ :—ਵਿਧੀ ਪੂਰਵਕ ਲੈ ਆਉਂਦੇ ਵਸਤਰ, ਭੋਜਨ ਨੂੰ ਗੁਰੂ ਜਾਂ ਬੜੇ ਮੁਨੀ ਦੀ ਆਗਿਆ ਨਾਲ ਨਾਂ ਗ੍ਰਹਿਣ ਕਰਨਾ ।

## ਬ੍ਰਹਮ ਚਰਜ

ਇਸ ਨੂੰ ਸਰਵ ਮੈਥੁਨ ਵਿਰਮਨ ਮਹਾਵਰਤ ਵੀ ਆਖਦੇ ਹਨ । ਤਿੰਨ ਕਰਨ ਅਤੇ ਤਿੰਨ ਯੋਗ ਨਾਲ ਬ੍ਰਹਮਚਰਜ ਦਾ ਪਾਲਨ ਆਤਮਾ ਨੂੰ ਮੋਕਸ਼ ਪ੍ਰਦਾਨ ਕਰਦਾ ਹੈ । ਇਸ ਵਰਤ ਦੀਆ ਪੰਜ ਭਾਵਨਾਵਾਂ ਹਨ ।

1. ਇਸਤਰੀ, ਪਸ਼ੂ ਨਪੁਸਕ, ਤੋਂ ਰਹਿਤ ਸਥਾਨ ਤੇ ਰਹਿਣ ਨਾਲ ਕਾਮਭੋਗ ਵੱਧ ਸਕਦਾ ਹੈ ਸੋ ਇਹ ਸਥਾਨ ਤਿਆਗ ਯੋਗ ਹੈ।
2. ਇਸਤਰੀਆਂ ਦੀਆ ਅਦਾਵਾਂ, ਵਿਲਾਸ, ਸ਼ਿੰਗਾਰ ਅਤੇ ਕਾਮੁਕ ਗੱਲਾਂ ਕਿਸੇ ਕਹਾਣੀਆ ਨਾਲ ਕਾਮ ਭੋਗ ਜਾਗ ਸਕਦਾ ਹੈ ਸੋ ਇਨ੍ਹਾਂ ਗੱਲਾਂ ਤੋਂ ਬਚਣਾ ਚਾਹੀਦਾ ਹੈ ।
3. ਇਸਤਰੀਆਂ ਦੀਆਂ ਮਨੋਹਰ ਇੰਦਰੀਆ, ਰੰਗ ਰੂਪ, ਕਾਮਚੇਸ਼ਟਾ ਨੂੰ ਨਾ ਵੇਖਣਾ । ਇਸ ਨਾਲ ਕਾਮ ਭੋਗ ਜਾਗਦਾ ਹੈ ।
4. ਪਿਛਲੇ ਭੋਗੇ ਕਾਮ ਭੋਗਾ ਨੂੰ ਯਾਦ ਨਾ ਕਰਨਾ । ਅਜਿਹਾ ਕਰਨ ਨਾਲ ਕਾਮ ਵੇਗ ਭੜਕਦਾ ਹੈ ।
5. ਕਾਮ ਵਧਾਉਣ ਵਾਲਾ ਭੋਜਨ ਨਾ ਕਰਨਾ । ਕਾਮੁਕ, ਚਿਕਨਾਹਟ, ਠੋਸ ਅਤੇ ਤਾਕਤ-ਵਰ ਭੋਜਨ, ਜੜੀ ਬੂਟੀ, ਦਵਾਈ ਕਾਮ ਭੋਗ ਉਸ ਆਤਮਾ ਨੂੰ ਭਟਕ ਸਕਦੇ ਹਨ।

## ਅਪਰਿ ਗ੍ਰਹਿ ਮਹਾਵਰਤ

ਇਸ ਨੂੰ ਸਰਵ ਪਰਿਗ੍ਰਹਿ ਵਿਰਮਨ ਮਹਾਵਰਤ ਵੀ ਆਖਦੇ ਹਨ ਸਾਧੂ ਤਿੰਨ

ਕਰਨ ਅਤੇ ਤਿੰਨ ਯੋਗ ਨਾਲ ਇਸ ਵਰਤ ਦਾ ਪਾਲਨ ਕਰਦਾ ਹੈ । ਛੋਟਾ ਹੋਵੇ, ਬੜਾ ਹੋਵੇ, ਕੱਚਾ ਹੋਵੇ, ਪੱਕਾ ਹੋਵੇ ਬਾਹਰੀ ਪਦਾਰਥ ਹੋਵੇ, ਅੰਦਰਲਾ ਪਦਾਰਥ ਹੋਵੇ । ਸਭ ਦਾ ਜਰੂਰਤ ਤੋਂ ਬਹੁਤ ਸੰਗ੍ਰਹਿ ਨਾ ਇਸ ਵਿਚ ਸ਼ਾਮਲ ਹੈ । ਜੋ ਵਸਤਰ, ਪਾਤਰ, ਕੰਬਲ, ਧਾਰਮਿਕ ਚਿੰਨ ਸਾਧੂ ਸ਼ਰੀਰ ਚਲਾਉਣ ਲਈ ਰਖਦੇ ਹਨ ਉਨ੍ਹਾਂ ਪ੍ਰਤਿ ਕਿਸੇ ਤਰ੍ਹਾਂ ਦੀ ਮਮਤਾ ਨਾਂ ਰਖਣਾ ਹੀ ਅਪਰਿਗ੍ਰਹਿ ਵਰਤ ਹੈ ।

ਇਸ ਵਰਤ ਦੀਆ ਪੰਜ ਭਾਵਨਾਵਾਂ ਹਨ ।

ਰਾਗ ਪੈਦਾ ਕਰਨ ਵਾਲੇ ਮਨ ਨੂੰ ਮੋਹਿਤ ਕਰਨ ਵਾਲੇ ਮਨ ਨੂੰ ਮੋਹਿਤ ਕਰਨ ਵਾਲੇ ਸ਼ਬਦ, ਰੂਪ, ਰਸ, ਗੰਧ ਅਤ ਸਪਰਸ਼ ਪ੍ਰਤਿ ਨਾਂ ਰਾਗ ਕਰਨਾ । ਦਵੇਸ਼ ਯੋਗ ਨਾਂ ਮਨ ਭਾਉਂਦੇ ਸ਼ਬਦ, ਰੂਪ, ਰਸ, ਗੰਧ ਸਪਰਸ਼ ਪ੍ਰਤਿ ਦਵੇਸ਼ ਨਾਂ ਕਰਨਾ, ਅਪ੍ਰਸਨ ਨਾਂ ਹੋਣਾ ਇਹ ਪੰਜ ਭਾਵਨਾਵਾਂ ਹੈ ।

ਆਵਸ਼ਕ ਸੂਤਰ ਵਿਚ ਪੰਜ ਭਾਵਨਾਵਾਂ ਇਸ ਪ੍ਰਕਾਰ ਹਨ : 1. ਸ਼ਰੋਤ ਇੰਦ੍ਰੀਆ ਦੇ ਵਿਸ਼ੇ 2. ਅੱਖ ਦੇ ਵਿਸ਼ੇ 2. ਘ੍ਰਾਣ ਇੰਦਰੀਆਂ ਦੇ ਵਿਸ਼ੇ 4. ਰਸਨਾ ਦੇ ਵਿਸ਼ੇ 5. ਸਪਰਸ਼ ਦੇ ਵਿਸ਼ੇ, ਇਸ ਵਿਚ ਸ਼ਾਮਲ ਹਨ ।

## 5 ਆਚਾਰ

**ਗਿਆਨਾ ਅਚਾਰ** :

ਗਿਆਨਾ ਚਾਰ ਦਾ ਅਰਥ ਹੈ ਗਿਆਨ ਨੂੰ ਆਚਰਨ ਵਿਚ ਲੈ ਆਉਣਾ । ਧਰਮ ਸੰਘ ਵਿਚ ਗਿਆਨ ਦਾ ਪ੍ਰਚਾਰ ਪ੍ਰਸਾਰ ਦਾ ਯਤਨ ਕਰਨਾ ਹੈ । ਤੀਰਥੰਕਰਾਂ ਅਤੇ ਆਚਾਰਿਆ 'ਰਚਿੱਤ ਗ੍ਰੰਥ' ਦੀ ਪੜ੍ਹਾਈ, ਗ੍ਰੰਥਾਂ ਦੀ ਇੱਜਤ ਹੀ ਗਿਆਨਾ ਚਾਰ ਦੇ ਅੰਗ ਹਨ । ਗਿਆਨ ਚਾਰ ਅੰਗ ਪ੍ਰਕਾਰ ਦਾ ਹੈ :

1. ਕਾਲ :—ਸ਼ਾਸਤਰ ਵਿਚ ਵਰਜਿਤ ਸਮੇਂ ਤੇ ਸ਼ਾਸਤਰ ਨਾ ਪੜਨਾ ।
2. ਵਿਨੈ :—ਨਿਮਰਤਾ ਪੂਰਵਕ ਗਿਆਨ ਹਾਸਲ ਕਰਨਾ ਗ੍ਰੰਥ ਨੂੰ ਸਤਿਕਾਰ ਯੋਗ ਅਤੇ ਸ਼ੁਧ ਥਾਂ ਤੇ ਰਖਨਾ ।
3. ਬਹੁਮਾਨ :—ਗੁਰੂ ਆਦਿ, ਗਿਆਨ ਪ੍ਰਦਾਤਾ ਨੂੰ ਬਹੁਮਾਨ ਕਰਨਾ ।
4. ਉਪਮਾਨ :—ਸ਼ਾਸਤਰ ਸ਼ੁਰੂ ਤੋਂ ਕਰਨ ਤੋਂ ਪਹਿਲਾ ਅਤੇ ਬਾਅਦ ਵਿਚ ਸ਼ਾਸਤਰ ਅਨੁਸਾਰ ਤਪ ਕਰਨਾ ।
5. ਅਨਿੱਨਵ :—ਗਿਆਨ ਦਾਤਾ ਨਾਂ ਨਾ ਛਪਾਉਣਾ, ਉਪਕਾਰ ਨਾ ਭੁਲਨਾ ।
6. ਵਿੰਅਜਨ :—ਸ਼ਾਸਤਰ ਦੇ ਵਿੰਅਜਨ, ਸਵਰ. ਗਾਥਾ, ਅੱਖਰ, ਪਦ, ਅਨੁਸਵਾਰ, ਵਿਸਰਗ, ਲਿੰਗ, ਕਾਲ, ਵਚਨ, ਉਲਟ ਪੁਲਟ ਕੇ ਨਾ ਉਚਾਰਨ ਕਰਨਾ । ਸਗੋਂ ਠੀਕ ਪੜਨਾ ।
7. ਅਰਥ :—ਸ਼ਾਸਤਰ ਦਾ ਠੀਕ ਅਰਥ ਪੜਨਾ ।

8. ਤਦੁਭੇ :—ਮੂਲ ਪਾਠ, ਅਰਥ ਵਿਚ ਵਾਧਾ ਨਾ ਕਰਕੇ ਸ਼ੁਧ ਪਾਠ ਤੇ ਅਰਥ ਪੜਨਾ।

**1. ਦਰਸ਼ਨਾਚਾਰ**

ਦਰਸ਼ਨ ਦੇ ਅੱਠ ਆਚਾਰ ਤੋਂ ਬਿਨਾ ਸਮਿਅਕ ਦਰਸ਼ਨ ਦੀ ਵਿਸ਼ੁਧ ਪਾਲਨਾ ਨਹੀਂ ਹੋ ਸਕਦੀ। ਦਰਸ਼ਨ ਦਾ ਅਰਥ ਇਥੇ ਖਾਲੀ ਵੇਖਣਾ ਹੀ ਨਹੀਂ, ਸਗੋਂ ਦ੍ਰਿਸ਼ਟੀ ਰੁੱਚੀ, ਸ਼ਰਧਾ ਤੇ ਪ੍ਰਤੀਤ ਵੀ ਹੈ। ਸੱਚ ਨੂੰ ਉਲਟ ਵੇਖਨਾ, ਝੂਠੀ ਸ਼ਰਧਾ, ਝੂਠੀ ਪ੍ਰਤੀਤ ਮਿਥਿਆ ਦਰਸ਼ਨ ਹੈ। ਅਚਾਰਿਆ ਮਿਥਿਆ ਦਰਸ਼ਨ ਤੋਂ ਬਚਨ ਲਈ 8 ਪ੍ਰਕਾਰ ਦਾ ਆਚਾਰਨ ਕਰਦੇ ਹਨ।

1. ਨਿਸ਼ੰਕਿਤ :—ਆਮ ਮਨੁੱਖ ਦੀ ਬੁੱਧੀ ਛੋਟੀ ਹੈ ਸ਼ਾਸਤਰ ਗਿਆਨ ਸਮੁੰਦਰ ਵਿਸਾਲ ਹੈ ਤੱਤਵ ਗਿਆਨ ਦੇ ਸਮਝ ਨਾ ਆਉਣ ਤੇ ਵੀ ਵੀਤਰਾਗ ਭਗਵਾਨ ਦੀ ਬਾਣੀ ਤੇ ਸ਼ਰਧਾ ਰੱਖਣਾ ਅਤੇ ਸ਼ੰਕਾ ਨਾ ਕਰਨਾ। ਸਮਿਅਕ ਦਰਸ਼ਨ ਵਾਲਾ ਜਾਣਦਾ ਹੈ ਅਤੇ ਮੰਨਦਾ ਹੈ ਤੀਰਥੰਕਰ ਸੰਸਾਰ ਦੇ ਕਲਿਆਨ ਲਈ ਪੈਦਾ ਹੁੰਦੇ ਹਨ।
2. ਨਿਸ਼ਕਾਂਕਸ਼ਸਿਤ :—ਦੂਸਰੇ ਧਰਮ ਦੇ ਵਿਚਾਰਾ ਪ੍ਰਤਿ ਝੁਕਨਾ। ਸੱਚੇ ਅਰਿਹੰਤਾ (ਵੀਤਰਾਗ) ਪੁਰਸ਼ਾਂ ਦੇ ਵਚਨਾ ਦੇ ਅਤੇ ਧਰਮ ਨੂੰ ਛੋਟਾ ਸਮਝਣਾ।
3. ਨਿਰਵਿਚਿੱਕਤਸਾ :—ਧਰਮ ਦੇ ਫਲ ਪ੍ਰਤਿ ਸ਼ਕ ਰੱਖਣਾ।
4. ਅਮੂੜਦ੍ਰਿਸ਼ਟੀ :—ਸਾਰੇ ਦੂਸਰੇ ਗੁਰੂਆਂ ਮਤਾਂ ਤੇ ਪੰਥ ਨੂੰ ਇਕ ਤਰ੍ਹਾਂ ਸਮਝਣਾ। ਇਸ ਪ੍ਰਕਾਰ ਦੀ ਸੱਚ ਨਾਲ ਗੁਰੂ ਮੂੜਤਾ ਅਤੇ ਧਰਮ ਮੂੜਤਾ ਮਿਲਦੀ ਹੈ। ਇਨ੍ਹਾਂ ਮੁਰਖਾਤਾਵਾਤੋਂ ਰਹਿਤ ਹੋ ਕੇ ਸੱਚ ਦੇਵ, ਗੁਰੂ ਅਤੇ ਧਰਮ ਪ੍ਰਤਿ ਸ਼ਰਧਾ ਰੱਖਣਾ ਹੀ ਅਮੂੜ ਦ੍ਰਿਸ਼ਟੀ ਹੈ।
5. ਉਪਵਰਿਹਣ :—ਸਮਿਅਕ ਦ੍ਰਿਸ਼ਟੀ ਸਹਿ ਧਰਮੀ ਦੇ ਸਦਗੁਣਾਂ ਦੇ ਮਨ ਤੋਂ ਪ੍ਰਸੰਸਾ ਕਰਨਾ ਉਸ ਸਹਿ ਧਰਮੀ ਦੇ ਸਦਗੁਣਾਂ ਵਿਚ ਵਾਧਾ ਕਰਨਾ, ਸੇਵਾ ਕਰਨਾ. ਧਰਮ ਸਹਾਇਤਾ ਕਰਨਾ, ਧਰਮ ਰੁਚੀ ਲਈ ਉਤਸ਼ਾਹ ਦੇਣਾ।
6. ਸਿਥਰੀ ਕਰਨ :—ਕਿਸੇ ਸਮੇਂ ਧਰਮ ਕਰਦੇ ਹੋਏ ਵੀ ਦੇਵ, ਮਨੁੱਖ. ਪਸ਼ੂ ਰਾਹੀਂ ਸੰਕਟ ਆ ਸਕਦਾ ਹੈ ਅਜੇਹੇ ਸਮੇਂ ਵੀ ਧਰਮ ਪ੍ਰਤਿ ਸ਼ਰਧਾ ਨੂੰ ਨਾਂ ਖੁਦ ਗੇਰਨਾ ਅਤੇ ਹੋਰਾਂ ਨੂੰ ਭਰਿਸ਼ਟ ਹੋਣ ਤੋਂ ਬਚਾਉਣਾ।
7. ਵਾਤਸ਼ਲਯ :—ਜਿਵੇਂ ਗਾਂ, ਬੱਛੇ ਨੂੰ ਪਿਆਰ ਕਰਦੀ ਉਸੇ ਪ੍ਰਕਾਰ ਆਪਣੇ ਸਹ ਧਰਮੀ ਨੂੰ ਪਿਆਰ ਕਰਨਾ, ਸਤਿਕਾਰ ਕਰਨਾ, ਰੋਗੀ, ਬਿਰਧ, ਤਪਸਵੀ, ਗਿਆਨੀ ਸਥਵਿਰ ਸਾਧੂ ਦੀ ਭੋਜਨ ਪਾਣੀ, ਵਸਤਰ, ਪਾਤਰ ਨਾਲ ਸੇਵਾ ਕਰਨਾ, ਖੁਦ ਕਸ਼ਟ ਝਲ ਕੇ ਹੋਰਾਂ ਦਾ ਧਿਆਨ ਰੱਖਣਾਂ।
8. ਪ੍ਰਭਾਵਨਾ :—ਸਮਿੱਅਕ ਗਿਆਨ, ਸਮਿਅਕ ਦਰਸ਼ਨ, ਸਮਿਅਕ ਚਾਰਿੱਤਰ ਰੂਪ ਰਤਨਾ ਨਾਲ ਆਤਮਾ ਨੂੰ ਪ੍ਰਭਾਵਸ਼ਾਲੀ ਬਨਾਉਣਾ ਆਂਤਰਿਕ (ਅੰਦਰਲੀ) ਪ੍ਰਭਾਵਨਾ ਹੈ। ਔਖੇ

ਤੱਪ, ਗਿਆਨ, ਸਾਹਿਤ, ਵਾਦ, ਪ੍ਰਵਚਨ ਸ਼ਕਤੀ ਰਾਹੀਂ ਧਰਮ ਦਾ ਪ੍ਰਚਾਰ ਕਰਨਾ।

## ਚਾਰਿੱਤਰ ਅਚਾਰ

ਜੋ ਆਤਮਾ ਨੂੰ ਕਰੋਧ ਆਦਿ 4 ਕਸ਼ਾਏ ਤੋਂ ਬਚਾ ਕੇ ਨਰਕ ਤੋਂ ਬਚਾਉਂਦਾ ਹੈ ਅਤੇ ਮੋਕਸ਼ ਤੱਕ ਪਹੁੰਚਾਦਾ ਹੈ ਇਹ ਚਾਰਿੱਤਰ ਆਚਾਰ ਹੈ ਇਹ ਅੱਠ ਪ੍ਰਕਾਰ ਦਾ ਹੈ ਪੰਜ ਸਮਿਤਿ ਅਤੇ ਤਿੰਨ ਗੁਪਤੀਆ ਇਸ ਦਾ ਭਾਗ ਹਨ। ਇਸ ਨੂੰ 8 ਪ੍ਰਵਚਨ ਮਾਤਾ ਵੀ ਆਖਦੇ ਹਨ :—

## ਤਪਾਚਾਰ

ਆਤਮਾ ਨੂੰ 8 ਕਰਮ ਅਸ਼ੁਧ ਕਰਦੇ ਹਨ। ਵਿਧੀ ਪੂਰਵਕ ਤੱਪ ਕਰਨ ਨਾਲ ਆਤਮਾ ਤੋਂ ਕਰਮਾਂ ਦੀ ਮੱਲ ਝੜ ਜਾਂਦੀ ਹੈ। ਜਿਵੇਂ ਮਿੱਟੀ ਵਿਚ ਮਿਲਿਆ ਸੋਨਾ ਅੱਗ ਤੇ ਤਪਾਉਨ ਤੇ ਸ਼ੁਧ ਹੋ ਜਾਂਦਾ ਹੈ ਉਸੇ ਪ੍ਰਕਾਰ ਤੱਪ ਰੂਪੀ ਅੱਗ ਵਿਚ ਤੱਪ ਕੇ, ਕਰਮ ਮੇਲ ਤੋਂ ਆਤਮਾ ਸ਼ੁਧ ਹੋ ਕੇ ਆਪਣੇ ਅਜਰ, ਅਮਰਾ ਸਵਰੂਪ ਨੂੰ ਪ੍ਰਾਪਤ ਕਰ ਲੈਂਦਾ ਹੈ ਤੱਪ ਵਾਰਹਾ ਪ੍ਰਕਾਰ ਦਾ ਹੈ। ਮੁੱਖ ਰੂਪ ਵਿਚ ਤੱਪ ਦੋ ਪ੍ਰਕਾਰ ਦਾ ਹੈ ਬਾਹਰਲਾ ਤੱਪ ਅਤੇ ਅੰਦਰਲਾ ਤੱਪ ਬਾਹਰਲਾ ਤੱਪ ਕਰਮਾ ਦੀ ਧੂੜ ਤਾਂ ਝਾੜਦਾ ਹੈ ਪਰ ਗਿਆਨ ਰਹਿਤ ਹੋਣ ਕਾਰਨ ਇਹ ਬਾਲ ਤੱਪ ਹੈ ਇਸ ਨੂੰ ਅਸੀਂ ਵਿਖਾਵਾ ਵੀ ਆਖ ਸਕਦੇ ਹਾਂ।

ਅੰਦਰਲਾ ਤੱਪ ਆਤਮ ਸ਼ੁਧੀ ਅਤੇ ਮੋਕਸ਼ ਦਾ ਰਾਹ ਵਿਖਾਉਂਦਾ ਹੈ ਪਰ ਬਾਹਰਲੇ ਤੱਪ ਤੋਂ ਬਿਨਾਂ ਅੰਦਰਲੇ ਤੱਪ ਵਿਚ ਪ੍ਰਵੇਸ਼ ਕਰਨਾ ਕਾਫ਼ੀ ਕਠਿਨ ਹੈ।

## ਬਹਾਰਲਾ ਤੱਪ

1. ਅਨਸ਼ਨ :—ਅਸ਼ਨ (ਅੰਨ) ਪਾਣ (ਪੀਣ ਵਾਲੇ ਪਦਾਰਥ) ਖਾਦਯ (ਮੇਵਾ ਮਿਠਾਈ) ਅਤੇ ਸਵਾਦਯ (ਮੂੰਹ ਨੂੰ ਖੁਸ਼ਬੂ ਦਾਰ ਬਨਾਉਣ ਲਈ ਪਾਨ ਸਪਾਰੀ) ਇਨ੍ਹਾਂ ਭੋਜਨਾ ਦਾ ਪੂਰਾ ਜਾਂ ਤਿਨ ਦਾ ਤਿਆਗ ਵਰਤ ਅਖਵਾਉਂਦਾ ਹੈ ਇਸ ਤੱਪ ਦੇ ਅੰਦਰਲਾ ਅਨਸ਼ਨ (ਅੰਤਿਮ ਸਮੇਂ ਸਮਾਧੀ ਵਰਤ) ਬਾਹਰਲਾ ਅਨਸ਼ਨ ਦੇ ਬਹੁਤ ਭੇਦ ਹਨ।
2. ਉਨੋਦਰੀ :—ਭੋਜਨ, ਵਸਤਾ ਅਤੇ ਕਸ਼ਾਏ ਨੂੰ ਘੱਟ ਕਰਨਾ ਉਨੋਦਰੀ ਤੱਪ ਹੈ। ਵਸਤਰ ਪਾਤਰ ਆਦਿ ਬਾਹਰਲੇ ਪਦਾਰਥ ਨੂੰ ਘੱਟ ਕਰਨ ਦਰਵ ਉਨੋਦਰੀ ਹੈ। ਕਰੋਧ, ਮਾਨ, ਮਾਇਆ, ਲੋਭ, ਰਾਗ ਦਵੇਸ਼ ਨੂੰ ਘੱਟ ਕਰਨਾ ਭਾਵ ਉਨੋਦਰੀ ਹੈ।
3. ਭਿਖਿਆ :—ਬਹੁਤ ਘਰਾਂ ਤੋਂ ਥੋੜਾ ਥੋੜਾ ਭੋਜਨ ਸ਼ਰੀਰ ਰੂਪੀ ਗੜੀ ਨੂੰ ਚਲਾਉਣ ਲਈ ਕਰਨਾ, ਸੰਜਮ ਤੇ ਚਲਨਾ ਭਿਖਿਆ ਤੱਪ ਹੈ ਜਿਵੇਂ ਗਊ ਮੈਦਾਨ ਵਿਚੋਂ ਘਾਹ ਖਾਂਦੀ ਹੈ। ਉਸੇ ਤਰ੍ਹਾਂ ਦੀ ਭਿਖਿਆ ਹੈ। ਇਸ ਨੂੰ ਗੋਚਰੀ ਜਾਂ ਅਹਾਰ ਵੀ ਆਖਦੇ

ਹਨ।

4. ਰਸ ਤਿਆਗ :—ਜੀਭ ਦੇ ਰਸ ਕਾਰਣ ਮਨੁੱਖ ਦੀਆਂ ਇੰਦਰੀਆਂ ਪਾਪਾਂ ਵਿਚ ਫਸੀਆਂ ਹਨ ਸਵਾਦ ਤੇ ਕਾਬੂ ਕਰਨ ਲਈ ਤਪ ਕਰਨਾ ਰਸ ਤਿਆਗ ਹੈ।

**ਇਹ ਤੱਪ 14 ਪ੍ਰਕਾਰ ਦਾ ਹੈ**

1. ਨਿਵਿਕ੍ਰਿਤਕ :—ਦੁੱਧ, ਦਹੀ ਘੀ, ਤੇਲ ਅਤੇ ਮਿਠਾਈ ਵਾਲੇ ਚਿਕਨਾਹਟ ਵਾਲੇ ਪਦਾਰਥ ਦਾ ਤਿਆਗ।
2. ਪ੍ਰਣਿਤਸਰਸ :—ਜਿਨ੍ਹਾ ਚਿਕਨਾਹਟ ਵਾਲੇ ਪਦਾਰਥਾ ਦਾ ਰੂਪ ਬਦਲ ਚੁਕਿਆ ਹੋਵੇ ਉਨ੍ਹਾਂ ਦਾ ਗ੍ਰਹਿਣ ਨਾ ਕਰਨਾ।
3. ਬੱਚੇ ਖੁਚੇ ਅਨਾਜ ਦੇ ਦਾਨਿਆ ਦਾ ਭੋਜਨ ਵਾਲਾ ਤੱਪ।
4. ਰਸ ਅਤੇ ਮਸਾਲੇਦਾਰ ਭੋਜਨ ਦੇ ਤਿਆਗ ਵਾਲਾ ਤੱਪ।
5. ਵਿਰਸ਼ :—ਪੁਰਾਣਾ ਪੱਕੀਆਂ ਹੋਈਆ ਧਾਨ ਲੈਣਾ।
6. ਅੰਤ ਅਹਾਰ :—ਮਟਰ, ਭਿੱਜੇ ਛੋਲੇ, ਜਾਂ ਬਕਲੀਆ ਗ੍ਰਹਿਣ ਕਰਨਾ।
7. ਪ੍ਰਾਂਤ ਅਹਾਰ :—ਠੰਡਾ ਜਾਂ ਵਾਸੀ ਭੋਜਨ ਕਰਨਾ।
8. ਰੁਖ ਅਹਾਰ :—ਰੁਖਾ ਸੁਖਾ ਭੋਜਨ ਲੈਣਾ।
9. ਤੁੱਛ ਅਹਾਰ :—ਜਲੀ ਹੋਈ ਖੁਰਚਨ ਗ੍ਰਹਿਣ ਕਰਨਾ।

10.14. ਅਰਸ ਤੋਂ ਲੈ ਕੇ ਰੁੱਖਾ ਭੋਜਨ ਗ੍ਰਹਿਣ ਕਰਨਾ।

**5. ਕਾਇਆ ਕਲੇਸ਼ :**

ਧਰਮ ਦੀ ਅਰਾਧਨਾ ਲਈ ਸ਼ਰੀਰ ਨੂੰ ਕਸ਼ਟ ਦੇਣਾ ਕਾਇਆ ਕਲੇਸ਼ ਤੱਪ ਹੈ ਪਿੰਡਾਂ ਵਿਚ ਪੈਦਲ, ਧਰਮ ਪ੍ਰਚਾਰ ਹਿੱਤ ਘੁਮਨਾਂ ਸਿਰ ਦੇ ਬਾਲ ਹੱਥ ਨਾਲ ਕੇਸ਼ ਲੋਚ ਕਰਨਾ, ਬੀਮਾਰ ਦੀ ਸੇਵਾ, 12 ਸਾਧੂ ਦੀਆਂ ਪ੍ਰਤੀਮਾਵਾਂ ਧਾਰਨ ਕਰਨਾ, ਭੁਖ ਪਿਆਸ ਕਸ਼ਟ ਸਹਿਨ ਕਰਨਾ।

**6. ਪ੍ਰਤਿਸੰਲਨਿਤਾ ਤੱਪ :**

ਇੰਦਰੀਆਂ, ਸਰੀਰ, ਮਨ ਅਤੇ ਵਚਨ ਦੇ ਵਿਕਾਰ ਉਤਪਨ ਨਾਂ ਹੋਣ ਦੇਣਾ, ਆਤਮਾ ਸਵਰੂਪ ਵਿਚ ਲੀਨ ਰਹਿਣਾ. ਨਵੇਂ ਕਰਮਾਂ ਦੇ ਰਾਹਾ ਨੂੰ ਰੋਕਣਾ।

ਇਹ ਤੱਪ ਚਾਰ ਪ੍ਰਕਾਰ ਦਾ ਹੈ।

1. ਇੰਦਰੀਆਂ ਪ੍ਰਤਿਸ਼ਲੀਣਤਾ :—ਰਾਗ ਦਵੇਸ਼ ਪੈਦਾ ਕਰਨ ਵਾਲੇ ਸ਼ਬਦ, ਰੂਪ, ਗੰਧ, ਸਪਰਸ਼, ਦੇ ਕਾਬੂ ਰਖਨਾ।

2. ਕਸ਼ਾਏ ਪ੍ਰਤਿਸ਼ਲੀਨਤਾ : ਖਿਮਾ ਰਾਹੀਂ ਕਰੋਧ, ਵਿਸ਼ੇ ਨਾਲ ਮਾਨ, ਸਰਲਤਾ ਨਾਲ ਮਾਇਆ ਸੰਤੋਖ ਨਾਲ ਲੋਭ ਤੇ ਕਾਬੂ ਰਖਣਾ।

3. ਯੋਗ ਪ੍ਰਤਿਸ਼ਲੀਨਤਾ : ਅਸੱਤ ਅਤੇ ਮਿਸ਼ਰ (ਮਿਲੇ, ਜੁਲੇ,) ਮਨ, ਵਚਨ ਦਾ

(2) **ਰੁੱਦਰ ਧਿਆਨ** :—ਇਸ ਤੋਂ ਭਾਵ ਸਖਤੀ ਹੈ। ਇਹ ਚਾਰ ਪ੍ਰਕਾਰ ਦਾ ਹੈ।

(ੳ) ਹਿੰਸਾ ਨੂੰ ਬੰਧੀ :—ਜੋ ਹਿੰਸਾ ਵਿਚ ਲਾਵੇ।

(ਅ) ਮਿਰਸ਼ਾਨੂੰ ਬੰਧੀ :—ਜੋ ਝੂਠ ਵਿਚ ਲਾਵੇ।

(ੲ) ਸੱਤੇ ਨੂੰ ਬੰਧੀ :—ਜੋ ਚੋਰੀ ਵਿਚ ਲਾਵੇ।

(ਸ) ਸੁਰਖਅ ਨੂੰ ਬੰਧੀ :—ਜੋ ਵਿਸ਼ੇ ਵਿਕਾਰਾਂ ਦੀ ਸੁਰਖਿਆਂ ਕਰੇ।

ਲਛੱਣ :—

(1) ਅਨੁਪਰਤਦੋਸ਼ :—ਹਿੰਸਾ ਤੋਂ ਰਹਿਤ ਨਾਂ ਹੋਣਾ।

(2) ਬਹੁਦੋਸ਼ :—ਹਿੰਸਾ ਆਦਿ ਵਿਚ ਲਗੇ ਰਹਿਣਾ।

(3) ਅਗਿਆਨ ਦੋਸ਼ :—ਅਗਿਆਨ ਕਾਰਨ ਹਿੰਸਾ ਕਰਨਾ।

(4) ਆਮਰਨਤ ਦੋਸ਼ :—ਮਰਨ ਤਕ ਵੀ ਹਿੰਸਾ ਤੋਂ ਛੁਟਕਾਰਾ ਨਾ ਪਾਉਣਾ।

(3) **ਧਰਮ ਧਿਆਨ** :—ਧਰਮ ਜਾਂ ਸਚ ਦੀ ਭਾਲ ਵਿਚ ਚੇਤਨਤਾ (ਮਨ) ਦਾ ਲਗਨਾ ਹੀ ਧਰਮ ਧਿਆਨ ਹੈ। ਇਹ ਚਾਰ ਪ੍ਰਕਾਰ ਦਾ ਹੈ।

(ੳ) ਆਗਿਆ ਵਿਚਯ :—ਭਾਸ਼ਨ ਦੇ ਫੈਸਲਿਆਂ ਬਾਰੇ ਮਨ ਨੂੰ ਲਾਉਣਾ।

(ਅ) ਅਪਾਏ ਵਿਚਯ :— ਦੋਸ਼ਾਂ ਦੇ ਫੈਸਲਿਆ ਬਾਰੇ ਮਨ ਨੂੰ ਲਾਉਣਾ।

(ੲ) ਵਿਪਾਕ ਵਿਚਯ :—ਭਿੰਨ ਭਿੰਨ ਪ੍ਰਕਾਰ ਦੇ ਪਦਾਰਥਾਂ ਦੀ ਸ਼ਕਲ ਬਾਰੇ ਮਨ ਨੂੰ ਲਾਉਣਾ।

**ਲਛੱਣ** :—

(1) ਆਗਿਆ ਰੁੱਚੀ :—ਪ੍ਰਬਚਨ ਵਿਚ ਸ਼ਰਧਾ ਰਖਣਾ।

(2) ਨਿਸਰਗ ਰੁੱਚੀ :—ਸਹਿਜ ਹੀ ਸਚ ਵਿਚ ਸ਼ਰਧਾ ਰਖਨਾ।

(3) ਸੂਤਰ ਰੁੱਚੀ :...ਸੂਤਰ ਪੜ੍ਹਨ ਨਾਲ ਸ਼ਰਧਾ ਹੋਣਾ।

(4) ਅਵਗਾੜ ਰੁੱਚੀ :—ਵਿਸਥਾਰ ਨਾਲ ਸਚ ਦੀ ਪ੍ਰਾਪਤੀ ਕਰਨਾ।

ਇਸ ਧਿਆਨ ਦੇ ਚਾਰ ਸਹਿਯੋਗੀ ਆਸਰੇ ਹਨ :—

(ੳ) ਵਾਚਨਾ :—ਪੜ੍ਹਾਨਾ।

(ਅ) ਪ੍ਰਤਿਪ੍ਰਛਣਾ :—ਸ਼ੰਕਾ ਦੂਰ ਕਰਨ ਲਈ ਪ੍ਰਸ਼ਨ ਕਰਨਾ।

(ੲ) ਪਰਿਵਰਤਨ :—ਦੁਹਰਾਈ ਕਰਨਾ।

(ਸ) ਅਨੁਪਰੇਕਸ਼ਾ :—ਵਿਸਥਾਰ ਨਾਲ ਸੱਚ ਦੀ ਪ੍ਰਾਪਤੀ ਕਰਨਾ।

ਧਰਮ ਧਿਆਨ ਦੀਆਂ ਚਾਰ ਅਨੁਪਰੇਕਸ਼ਾਵਾਂ ਹਨ :—

---

1. ਧਿਆਨ ਸ਼ਤਕ

(ੳ) ਏਕਤਵ :—ਇਕੱਲੇ ਵਿਚਾਰ ਕਰਨਾ ।

(ਅ) ਅਨਿੱਤ :—ਹਰ ਚੀਜ਼ ਨੇ ਨਸ਼ਟ ਹੋ ਜਾਣਾ ਹੈ ਇਹ ਸੋਚਣਾ ।

(ੲ) ਅਸ਼ਰਨ :—ਬੇ-ਆਸਰਾ ਹਾਲਤ ਦਾ ਵਿਚਾਰ ਕਰਨਾ ।

(ਸ) ਸੰਸਾਰ :—ਸੰਸਾਰ ਚੱਕਰ ਬਾਰੇ ਸੋਚਣਾ ।

**ਸ਼ੁਕਲ ਧਿਆਨ** :—ਚੇਤਨਤਾ ਦੀ ਸਹਿਜ ਅਵਸਥਾ ਹੀ ਸ਼ੁਕਲ ਧਿਆਨ ਹੈ। ਇਹ ਵੀ ਚਾਰ ਪ੍ਰਕਾਰ ਦਾ ਹੈ ।

(ੳ) ਪਿਰਥਕ ਵਿਰਤਕ ਸਵਿਚਾਰੀ ।

(ਅ) ਇਕਤੱਵ ਵਿਤਰਕ ਅਵਿਚਾਰੀ ।

(ੲ) ਸੁਖਮਕ੍ਰਿਆ ਅਪ੍ਰਤਿਪਾਤੀ ।

(ਸ) ਸਮੁਛਿਨ ਕ੍ਰਿਆ ਅਨਿਵਰਤੀ ।

ਧਿਆਨ ਦੋ ਪ੍ਰਕਾਰ ਦਾ ਹੈ । (1) ਸਹਾਰੇ ਵਾਲਾ (2) ਸਹਾਰੇ ਤੋਂ ਰਹਿਤ । ਧਿਆਨ ਵਿਚ ਸਾਮਗਰੀ ਦਾ ਪਰਿਵਰਤਨ ਹੁੰਦਾ ਵੀ ਹੈ ਅਤੇ ਨਹੀਂ ਵੀ ਹੁੰਦਾ । ਇਹ ਦੋ ਦ੍ਰਿਸ਼ਟੀਆਂ ਨਾਲ ਹੁੰਦਾ ਹੈ ।

(1) ਭੇਦ (2) ਅਭੇਦ ਦ੍ਰਿਸ਼ਟੀ ਤੋਂ ।

ਜਦ ਇਕ ਦਰੱਵ ਦੇ ਅਨੇਕਾਂ ਪਰਿਆਏ ਦਾ ਅਨੇਕਾਂ ਦ੍ਰਿਸ਼ਟੀਆਂ ਨਾਲ ਚਿੰਤਨ ਮਨਨ ਕੀਤਾ ਜਾਂਦਾ ਹੈ, ਅਤੇ ਪੂਰਵ ਸ਼ਰੁਤ (ਪਹਿਲੇ ਗਿਆਨ) ਦਾ ਸਹਾਰਾ ਲਿਆ ਜਾਂਦਾ ਹੈ । ਸ਼ਬਦ ਨਾਲ ਅਰਥ ਵਿਚ ਤੇ ਅਰਥ ਨਾਲ ਸ਼ਬਦ ਵਿਚ ਅਤੇ ਮਨ, ਵਚਨ ਸਰੀਰ ਰਾਹੀਂ ਇਕ ਦੂਸਰੇ ਦਾ ਸਿਲਸਿਲੇ ਵਾਰ ਚਿੰਤਨ ਕੀਤਾ ਜਾਂਦਾ ਹੈ । ਸ਼ੁਕਲ ਧਿਆਨ ਦੀ ਉਸ ਸਥਿਤੀ ਨੂੰ ਪ੍ਰਿਥਕ ਵਿਤੇਰਕ ਸਵਿਚਾਰੀ ਆਖਦੇ ਹਨ ।

ਜਦ ਇਕ ਦਰੱਵ ਦੇ ਕਿਸੇ ਇਕ ਪਰਿਆਏ ਦਾ ਅਭੇਦ ਦ੍ਰਿਸ਼ਟੀ ਤੋਂ ਚਿੰਤਨ ਕੀਤਾ ਜਾਂਦਾ ਹੈ ਅਤੇ ਪਿਛਲੇ ਪੁਰਾਣੇ ਗਿਆਨ ਦਾ ਸਹਾਰਾ ਵੀ ਲਿਆ ਜਾਂਦਾ ਹੈ । ਅਤੇ ਸ਼ਬਦ, ਅਰਥ, ਮਨ, ਬਚਨ ਤੇ ਸਰੀਰ ਰਾਹੀਂ ਇਕ ਦੂਸਰੇ ਦਾ ਸਿਲਸਿਲੇ ਵਾਰ ਚਿੰਤਨ ਕੀਤਾ ਜਾਂਦਾ ਹੈ । ਉਸ ਸੁਕਲ ਧਿਆਨ ਦੀ ਉਹ ਸਥਿਤੀ ਏਕਤਵ ਵਿਰਤਕ ਅਵਿਚਾਰੀ ਹੈ ।

ਜਦ ਮਨ ਤੇ ਬਾਣੀ ਦੀ ਕ੍ਰਿਆ ਤੇ ਰੋਕ ਪੈ ਜਾਂਦੀ ਹੈ ਅਤੇ ਸ਼ਰੀਰ ਦੀ ਕ੍ਰਿਆ ਕਾਬੂ ਨਹੀਂ ਰਹਿੰਦੀ ਸਾਂਹ ਬਗੈਰਾ ਚਲਦਾ ਰਹਿੰਦਾ ਹੈ । ਉਸ ਕ੍ਰਿਆ ਨੂੰ ਸੁਖਮ ਕ੍ਰਿਆਂ ਨੂੰ ਸੁਖਮ ਕ੍ਰਿਆ ਆਖਦੇ ਹਨ । ਇਸਦਾ ਖਾਤਮਾ ਨਹੀਂ ਹੋ ਸਕਦਾ, ਇਸ ਲਈ ਇਹ ਅਪ੍ਰਤਿਪਾਤੀ ਹੈ ।

ਜਦ ਸੁਖਮ ਕ੍ਰਿਆ (ਸਾਂਹ) ਆਦਿ ਤੇ ਰੋਕ ਹੋ ਜਾਂਦੀ ਹੈ ਉਸ ਹਾਲਤ ਨੂੰ ਸਮੁਛਿੰਨ ਕ੍ਰਿਆ ਆਖਦੇ ਹਨ । ਇਸਦਾ ਛੁਟਕਾਰਾ ਨਹੀਂ ਹੁੰਦਾ, ਇਸ ਲਈ ਇਹ ਅਨਿਵਰਤੀ ਹੈ । ਸ਼ੁਕਲ ਧਿਆਨ ਦੇ ਚਾਰ ਲਛੱਣ ਹਨ ।

(ੳ) ਅਵੱਜਬ :—ਦੁੱਖ ਦਾ ਖਾਤਮਾ।

(ਅ) ਅਸਮੋਹ :—ਸੂਖਮ ਪਦਾਰਥਾਂ ਪ੍ਰਤਿ ਮੂਰਖਤਾ ਦੀ ਅਣਹੋਂਦ।

(ੲ) ਵਿਵੇਕ :—ਸਰੀਰ ਤੇ ਆਤਮਾ ਦੇ ਭੇਦ ਦਾ ਗਿਆਨ।

(ਸ) ਵਿਉਤਸਰਗ :—ਸਰੀਰ ਤੇ ਕਪੜੇ, ਭਾਂਡੇ ਪ੍ਰਤਿ ਲਗਾਵ ਦਾ ਖਾਤਮਾ।

ਸ਼ੁਕਲ ਧਿਆਨ ਦੇ ਚਾਰ ਆਲਬੰਨ (ਸਹਾਰੇ) ਹਨ।

(ੳ) ਸ਼ਾਂਤੀ :—ਖਿਮਾਂ।

(ਅ) ਮੁਕਤੀ :—ਨਿਰਲੋਭਤਾ।

(ੲ) ਮਾਰਦਵ :—ਮਿਠਾਸ।

(ਸ) ਆਰਜਵ :—ਸਰਲਤਾ।

ਸ਼ੁਕਲ ਧਿਆਨ ਦੀ ਚਾਰ ਅਨੁਪਰੇਕਸ਼ਾਵਾਂ ਹਨ :—

(ੳ) ਅਨੰਤ ਦ੍ਰਿਤੱਤਾ ਅਨੁਪਰੇਸ਼ਾ :—ਸੰਸਾਰ ਦੇ ਜਨਮ ਮਰਨ ਬਾਰੇ ਚਿੰਤਨ।

(ਅ) ਵਿਪਰਿਨਾਮ ਅਨੁਪਰੇਕਸ਼ਾ :—ਚੀਜ਼ਾਂ ਦੇ ਭਿੰਨ ਭਿੰਨ ਨਤੀਜੇ ਬਾਰੇ ਚਿੰਤਨ।

(ੲ) ਅਸ਼ੁਭ ਅਨੁਪਰੇਕਸ਼ਾ :—ਪਦਾਰਥਾਂ ਦੇ ਅਸ਼ੁਧ ਹੋਣ ਬਾਰੇ ਚਿੰਤਨ।

(ਸ) ਅਪਾਏ ਅਨੁਪਰੇਕਸ਼ਾ :—ਦੋਸ਼ਾ ਦਾ ਚਿੰਤਨ।

ਆਗਮ ਸਾਹਿਤ ਤੋਂ ਬਾਅਦ ਦੇ ਸਾਹਿਤ ਵਿਚ ਧਿਆਨ ਦਾ ਦੂਸਰਾ ਵਰਗੀਕਰਨ ਵੀ ਮਿਲਦਾ ਹੈ। ਇਹ ਵੀ ਚਾਰ ਪ੍ਰਕਾਰ ਦਾ ਹੈ।

(1) ਪਿੰਡਸਥ (2) ਪਦਸਥ (3) ਰੂਪਸਥ (4) ਰੁਪਾਤੀਤ।

**ਪਿੰਡਸਥ :**—ਇਸ ਧਿਆਨ ਵਿਚ ਸ਼ਰੀਰ ਦੇ ਸਿਰ, ਭੌਆ, ਤਾਲੂ, ਮੱਥਾ, ਮੂੰਹ, ਨੇਤਰ, ਕੰਨਾ, ਨਾਹਸਾ, ਦਿੱਲ ਤੇ ਨਾਭੀ (ਧੁਨੀ) ਦਾ ਸਹਾਰਾ ਲਿਆ ਜਾਂਦਾ ਹੈ।

**ਪੱਦਸਥ** :—ਇਸ ਧਿਆਨ ਵਿਚ ਮੰਤਰਾਂ ਦੇ ਪੱਦਾਂ ਦਾ ਸਹਾਰਾ ਲਿਆ ਜਾਂਦਾ ਹੈ। ਗਿਆਨਾਰਵ (28/1-16) ਅਤੇ ਯੋਗ ਸ਼ਾਸਤਰ (8/1-80) ਵਿਚ ਮੰਤਰ ਪੱਦਾਂ ਦੀ ਚਰਚਾ ਹੈ।

**ਰੁਪਸਥ** :—ਇਸ ਧਿਆਨ ਵਿਚ ਅਰਿਹੰਤ ਜਾਂ ਵੀਤਰਾਗ ਦੀ ਸ਼ਕਲ ਦਾ ਧਿਆਨ ਕੀਤਾ ਜਾਂਦਾ ਹੈ।

**ਰੁਪਾਤੀਤ** :—ਇਹ ਧਿਆਨ ਸਹਾਰੇ ਰਹਿਤ ਸਿਰਫ ਆਤਮਾ ਦੇ ਸਰੂਪ ਦਾ ਚਿੰਤਨ ਕੀਤਾ ਜਾਂਦਾ ਹੈ। ਇਸ ਧਿਆਨ ਵਿਚ ਧਿਆਨ ਕਰਨ ਵਾਲਾ, ਧਿਆਨ ਅਤੇ ਜਿਸ ਦਾ ਧਿਆਨ ਹੋਵੇ, ਤਿੰਨਾਂ ਵਿਚ ਏਕਤਾ ਸਥਾਪਿਤ ਹੋ ਜਾਂਦੀ ਹੈ।

**ਧਿਆਨ ਦੀ ਮਰਿਆਦਾ** :—ਧਿਆਨ ਸ਼ਤਕ ਵਿਚ ਮਰਿਆਦਾ ਦੀ ਵਿਆਖਿਆ ਹੈ ਜਿਸਦਾ ਯੋਗੀ ਧਿਆਨ ਰਖੇ।

(1) ਭਾਵਨਾ :—ਗਿਆਨ, ਦਰਸ਼ਨ, ਚਾਰਿੱਤਰ ਤੇ ਵੈਰਾਗ ਵਾਲੀ ਹੋਵੇ।

(2) ਪ੍ਰਦੇਸ :—ਇਕਾਂਤ ਤੇ ਸ਼ੋਰ ਸ਼ਰਾਬੇ ਰਹਿਤ ਤੇ ਵਿਕਾਰ ਰਹਿਤ ਹੋਵੇ ।

(3) ਕਾਲ :—ਚੰਗਾ ਸਮਾਂ ਹੋਵੇ ।

(4) ਆਸਨ :—ਠੀਕ ਤੇ ਸੁਖਾਲਾ ਆਸਨ ਹੋਵੇ ।

(5) ਆਲੰਬਨ :—ਧਿਆਨ ਵਿਚ ਕੋਈ ਨਾ ਕੋਈ ਸਹਾਰਾ ਜ਼ਰੂਰੀ ।

(6) ਕਰਮ :—ਸਥਿਰ ਰਹਿਣ ਦੇ ਅਭਿਆਸ ਤੋਂ ਲੈ ਕੇ ਸਰੀਰ ਤੇ ਬਾਣੀ ਨੂੰ ਗੁਪਤ ਰਖਣ ਦੇ ਕਈ ਕਰਮ ਹੋ ਸਕਦੇ ਹਨ ।

(7) ਧਿਆਏ :—ਧਿਆਨ ਢੀਠ ਪ੍ਰਕਾਰ ਦਾ ਹੋਵੇ ।

(8) ਧਿਆਤਾ :—ਧਿਆਨ ਕਰਨ ਵਾਲੇ ਵਿਚ ਕੁਝ ਗੁਣ ਹੋਣੇ ਚਾਹੀਦੇ ਹਨ । ਧਿਆਨ ਸ਼ਤਕ ਗਾਥਾ (63) ਵਿਚ ਇਸ ਪ੍ਰਕਾਰ ਦਰਸਾਇਆ ਗਿਆ ਹੈ ।

(ੳ) ਅਪ੍ਰਮਾਦ :—ਹੰਕਾਰ (ਮੱਦ) ਵਿਸ਼ੈ, ਕਸ਼ਾਏ, ਨੀਂਦ ਅਤੇ ਵਿਰਥਾ ਇਹ ਪੰਜ ਪ੍ਰਮਾਦ ਹਨ ਇਨ੍ਹਾਂ ਤੋਂ ਰਹਿਤ ਹੋਵੇ ।

(ਅ) ਮੋਹ ਰਹਿਤ ਹੋਵੇ ।

(ੲ) ਗਿਆਨ ਸੰਪਨ :—ਜੋ ਗਿਆਨ ਭੰਡਾਰ ਨਾਲ ਭਰਪੂਰ ਹੋਵੇ ।

ਇਹੋ ਗੁਣਾਂ ਵਾਲਾ ਧਿਆਨ ਕਰਨ ਦਾ ਅਧਿਕਾਰੀ ਹੈ ।

(9) ਅਨੁਪਰੇਕਸ਼ਾ :—ਭਾਵ ਸ਼ਾਸਤਰ ਪੜਨਾ, ਪੜਾਉਣਾ ਤੇ ਚਿੰਤਨ ਕਰਨਾ ।

(10) ਲੇਸ਼ਿਆ :—ਲੇਸ਼ਿਆਵਾਂ (ਮਨ ਦੇ ਅੰਦਰਲੇ ਭਾਵ ਜੋ ਕਰਮ ਬਧ ਦਾ ਕਾਰਣ ਹਨ) ਸ਼ੁਧ ਹੋਣ ।

(11) ਲਿੰਗ :—ਲੱਛਣ ਚੰਗੇ ਹੋਣ ।

(12) ਫਲ :—ਧਰਮ ਦੇ ਫਲ ਪ੍ਰਤੀ ਵਿਸ਼ਵਾਸ਼ ਹੋਵੇ ।

ਧਿਆਨ ਕਰਨ ਲਈ ਚਾਰ ਗਲਾਂ ਜ਼ਰੂਰੀ ਹਨ ।

(1) ਗੁਰੂ ਦਾ ਉਪਦੇਸ਼ (2) ਸ਼ਰਧਾ (3) ਲਗਾਤਾਰ ਅਭਿਆਸ (4) ਸਿਖਿਆ ।

ਸ਼ੋਮਦੇਵਸੂਰੀ ਨੇ ਵੈਰਾਗ, ਗਿਆਨ ਦੀ ਸੰਪਤੀ, ਸੰਗ ਸਾਥ ਤੋਂ ਮੁਕਤ, ਚਿੱਤ ਦੀ ਸਥਿਰਤਾ, ਭੁੱਖ ਪਿਆਸ ਆਦਿ ਨੂੰ ਸਹਿਣ ਕਰਨਾ ਇਹ ਪੰਜ, ਧਿਆਨ ਲਈ ਜ਼ਰੂਰੀ ਗਲਾਂ ਦਸੀਆਂ ਹਨ ।[1]

ਧਿਆਨ ਤੱਪ ਦਾ ਅੰਗ ਹੈ । ਅਤੇ ਮੋਕਸ਼ ਦਾ ਰਾਹ ਹੈ । ਕਰਮ ਮੈਲ ਦੂਰ ਕਰਨ ਦਾ ਸਾਧਨ ਹੈ । ਧਿਆਨ ਰਹਿਤ ਧਰਮ, ਸਿਰ ਰਹਿਤ ਸ਼ਰੀਰ ਵਾਲੇ ਹੈ ।[2]

### 6. ਵਿਉਤਗਰਗ

ਛੱਡਨਯੋਗ ਵਸਤੂ ਵਿਉਤ ਸਰਗ ਤੱਪ ਹੈ ਇਹ ਤੱਪ ਦੋ ਪ੍ਰਕਾਰ ਦਾ ਹੈ :

---

1. ਯਸ਼ ਤਿਲਕ 8/40
2. ਰਿਸ਼ਿਭਾਸ਼ੀਤ 22/14

ਸੱਚਾ ਕੁਲ ਧਰਮੀ ਭੁੱਖਾ ਮਰਨਾ ਪਸੰਦ ਕਰ ਲਵੇਗਾ ਪਰ ਪਾਪ ਦਾ ਸੇਵਨ ਨਹੀਂ ਕਰਦਾ।

**ਅਲੌਕਿਕ :** ਇਕ ਗੁਰੂ ਦੇ ਚੇਲੀਆਂ ਦੇ ਪਰਿਵਾਰ ਨੂੰ ਵੀ ਕੁਲ ਆਖਦੇ ਹਨ। ਇਕ ਗੁਰੂ ਦੇ ਚੇਲਿਆ ਦਾ ਜੋ ਆਪਸੀ ਬੰਦਨ ਆਦਿ ਵਿਵਹਾਰ (ਸੰਬੰਧ) ਹੈ। ਸ਼ਾਸਤਰ ਪੜਨਾ, ਭੋਜਨ ਵਿਚ ਸਾਂਝ, ਸਾਮੂਹਿਕ ਧਰਮ ਸਾਧਨਾ ਇਸ ਕੁਲ ਦੇ ਨਿਯਮ ਹਨ। ਇਹ ਕੁਲ ਸਾਧੂਆ ਦਾ ਹੈ।

7, **ਗਣਧਰਮ** : ਅਨੇਕਾ ਕੁੱਲਾ ਦੇ ਸਮੂਹ ਨੂੰ ਗਣ ਆਖਦੇ ਹਨ। ਗਣ ਦੇ ਮੈਂਬਰ ਦਾ ਗਣ ਪ੍ਰਤੀ ਵਫਾਦਾਰ ਰਹਿਣਾ ਇਸ ਵਿਚ ਸ਼ਾਮਲ ਹੈ। ਇਹ ਧਰਮ ਵੀ ਦੋ ਪ੍ਰਕਾਰ ਦਾ ਹੈ।

ਲੌਕਿਕ ਗਣ ਧਰਮ ਵਿਚ ਗਣ ਦੇ ਰਾਜਿਆਂ ਦੇ ਆਪਸੀ ਸਹਿਯੋਗ ਤੇ ਗਣ ਪ੍ਰਤਿ ਨਿਯਮ ਕਰਤੱਵ ਸ਼ਾਮਲ ਹਨ।

ਅਲੌਕਿਕ ਗਣ ਗਣਧਰਾਂ ਰਾਹੀਂ ਸਥਾਪਿਤ ਹੁੰਦਾ ਹੈ। ਇਹ ਸਾਧੂਆਂ ਅਤੇ ਕੁਝ ਹੱਦ ਤਕ ਉਪਾਸਕ ਰਾਹੀਂ ਗ੍ਰਹਿਣ ਯੋਗ ਹੈ। ਸਾਧੂ ਦੇ ਗਣ ਦੇ 6 ਪਦਵੀ ਧਰ ਹਨ। 1] ਅਚਾਰੀਆ 2] ਉਪਾਧਿਆ 3] ਗਣੀ 4] ਗਣਾਵਛੇਦਕ 5] ਪ੍ਰਵ ਤਕ 6] ਸਥਵਿਰ ਪਿਛਲੇ ਅਧਿਐਨ ਵਿਚ ਅਸੀਂ ਅਚਾਰਿਆ, ਉਪਾਧਿਆ ਬਾਰੇ ਦਸ ਆਏ ਹਾਂ ਬਾਕੀ ਦੇ ਪਦਵੀਆਂ ਦੇ ਕਰਤੱਵ ਇਸ ਪ੍ਰਕਾਰ ਹਨ।

1. **ਗਣੀ** : ਗਣ ਵਿਚ ਸਾਧੂ ਰਾਹੀਂ ਹੋ ਰਹੀ ਕ੍ਰਿਆਵਾਂ ਦਾ ਨਰਿਖਣ ਤੇ ਸਰ-ਵੇਖਣ ਕਰਦਾ ਹੈ। ਗਣ ਨੂੰ ਅਸ਼ੁਭ ਕ੍ਰਿਆ ਤੋਂ ਰੋਕਦਾ ਹੈ।

4. **ਗਣਾਵਛੇਦਕ :** ਸਾਧੂ ਸਾਧਵੀਆਂ ਲਈ ਦੇਸ਼, ਪ੍ਰਦੇਸ਼ ਤੋਂ ਜ਼ਰੂਰੀ ਧਰਮ ਉਪ ਕਰਨ (ਵਸਤਰ, ਪਾਤਰ ਅਤੇ ਸ਼ਾਸਤਰ) ਜੁਟਾਉਂਦਾ ਹੈ। ਆਮ ਜੈਨ ਸਾਧੂ ਨੂੰ ਜ਼ਰੂਰਤ ਅਨੁਸਾਰ ਇਹ ਵਸਤਾ ਵੰਡਦਾ ਹੈ।

5. **ਪ੍ਰਵਤਕ :** ਇਸ ਦਾ ਧਰਮ ਹੈ ਕਿ ਮੁਨੀਆ ਨੂੰ ਅਚਾਰ ਵਿਚਾਰ ਵਿਚ ਸਿਖਿਅਤ ਕਰੇ। ਜੇ ਸਾਧੂਆ ਦਾ ਧਰਮ ਸੰਮੇਲਨ ਹੋ ਰਿਹਾ ਹੋਵੇ ਤਾਂ ਉਥੇ ਪਧਾਰੇ ਮੁਨੀਆਂ ਨੂੰ ਭੋਜਨ, ਪਾਣੀ ਅਤੇ ਦਵਾਈ ਪ੍ਰਦਾਨ ਕਰੇ।

6. **ਸਥਵਿਰ** : ਜੋ ਸਾਧੂ ਗਣ ਵਿਚ ਧਰਮ ਭਰਿਸ਼ਟ ਹੋ ਰਹੇ ਹਨ ਉਨ੍ਹਾਂ ਨੂੰ ਧਰਮ ਵਿਚ ਸਥਵਿਰ ਸਮਝਾ ਬੁਝਾ ਕੇ ਲੈ ਆਉਂਦਾ ਹੈ। ਜਿਨ੍ਹਾਂ ਨੇ ਧਰਮ ਦਾ ਸਵਰੂਪ ਨਹੀਂ ਸਮਝੀਆ, ਉਨ੍ਹਾਂ ਨੂੰ ਧਰਮ ਦਾ ਸਵਰੂਪ ਸਮਝਾ ਕੇ ਸੰਜਮ ਵੱਲ ਸਥਿਵਰ ਲੈ ਕੇ ਆਉਂਦਾ ਹੈ।

ਗਣਧਰ ਪਦਵੀ ਤੀਰਥੰਕਰ ਦੇ ਸਮੇਂ ਹੀ ਹੁੰਦੀ ਹੈ।

ਗਣਵਾਸੀ ਸਾਧੂ ਸਾਧਵੀਆ ਦਾ ਕਰਤੱਵ ਹੈ ਕਿ ਉਹ ਗਣ ਦੇ ਸਥਵਿਰ ਤੇ ਹੋਰ ਔਹਦੇਦਾਰਾਂ ਪ੍ਰਤਿ ਸਮਰਿਤ ਅਤੇ ਵਿਨੇ ਭਾਵ ਰਖਣ।

ਲੌਕਿਕ ਗਣ ਅੱਜ ਕਲ ਦੀ ਬਿਰਾਦਰੀ ਦੀ ਤਰ੍ਹਾਂ ਹੈ। ਲੌਕਿਕ ਸਥਵਿਰ ਅੱਜ ਕਲ

ਦੇ ਚੌਧਰੀ ਜਾ ਸਰਪੰਚ ਦੀ ਤਰ੍ਹਾਂ ਹੈ।

7. **ਸੰਘ ਧਰਮ** : ਗਣਾਂ ਦਾ ਸਮੂਹ ਹੀ ਸੰਘ ਅਖਵਾਉਂਦਾ ਹੈ ਜੋ ਸਮਾਨ ਅਚਾਰ, ਵਿਚਾਰ, ਵਿਵਹਾਰ, ਸਭਿਅਤਾ ਅਤੇ ਸੰਸਕ੍ਰਿਤੀ ਤੇ ਅਧਾਰਿਤ ਹੁੰਦਾ ਹੈ ਅਜ ਕਲ ਅਸੀਂ ਸੰਘ ਦੀ ਤੁਲਨਾ ਯੂਨੀਅਨ, ਟਰੱਸਟ, ਸੰਸਥਾਵਾਂ ਨਾਲ ਕਰ ਸਕਦੇ ਹਨ।

ਸੰਘ ਧਰਮ ਨੂੰ ਜੀਵਨ ਵਿਚ ਉਤਾਰਨ ਨਾਲ ਸੰਘ ਦੇ ਹਰ ਮੈਂਬਰ ਦੀ ਸੰਘ ਦੇ ਨਿਯਮਾ ਪ੍ਰਤਿ ਬਰਾਵਰ ਦੀ ਜਿਮੇਵਾਰ ਹੈ। ਸੰਘ ਦੇ ਮੈਂਬਰ ਸੰਘ ਦੀ ਤਰੱਕੀ ਨੂੰ ਅਪਣੀ ਸਮਝਣਾ, ਸੰਘ ਦੀ ਹਾਨੀ ਨੂੰ ਨਿਜੀ ਹਾਨੀ ਮੰਨਣ। ਲੌਕਿਕ ਸੰਘ ਵਿਚ ਲੋਕ ਵਿਵਹਾਰ ਸੰਭਧੀ ਨਿਯਮ ਹੀ ਧਰਮ ਦਾ ਰੂਪ ਲੈਂਦੇ ਹਨ। ਇਸ ਸੰਘ ਵਿਚ ਰਹਿੰਦਾ ਮਨੁੱਖ ਜੂਆ, ਮਾਸ, ਸ਼ਰਾਬ, ਚੋਰੀ, ਸ਼ਿਕਾਰ, ਪਰ ਇਸਤਰੀ ਅਤੇ ਵੇਸ਼ਿਆ ਗਮਨ ਤਿਆਗ ਆਦਿ ਸੱਤ ਭੈੜੀਆ ਆਦਤਾਂ ਛੱਡਦਾ ਹੈ ਅਸ਼ੁਭ ਕਰਮਾ ਤੋਂ ਬਚਦਾ ਹੈ। ਹਿਸਾਂ ਤੇ ਪਰਿਗ੍ਰਹਿ ਤੋਂ ਅਪਣੇ ਆਪ ਨੂੰ ਦੂਰ ਰਖਦਾ ਹੈ।

ਅਲੌਕਿਕ ਸੰਘ ਤੀਰਥੰਕਰ ਰਾਹੀਂ ਸਥਾਪਿਤ ਧਰਮ ਸੰਘ ਹੈ ਜਿਸ ਵਿਚ ਸਾਧੂ, ਸਾਧਵੀ, ਸ਼੍ਰਾਵਕ ਅਤੇ ਸ੍ਰਾਵਿਕਾ, ਧਰਮ ਸਾਧਨਾ ਅਤੇ ਆਤਮਾ ਕਲਿਆਨ ਹਿੱਤ ਸ਼ਾਮਲ ਹੁੰਦੇ ਹਨ। ਸਭ ਆਤਮਾ ਦੇ ਅੰਤਿਮ ਉਦੇਸ਼ ਨਿਰਵਾਨ ਜਾਂ ਮੋਕਸ਼ ਦੀ ਸਾਧਨਾ ਧਰਮ ਗੁਰੂ ਦੀ ਅਗਵਾਈ ਹੇਠ ਕਰਦੇ ਹਨ ਸਮਿਅਕ ਗਿਆਨ, ਸਮਿਅਕ ਦਰਸ਼ਨ, ਸਮਿਅਕ ਚਾਰਿਤਰ ਦੀ ਅਰਾਧਨਾ ਦਾ ਨਾਂ ਹੀ ਧਰਮ ਰੂਪੀ ਅਲੌਕਿਕ ਸੰਘ ਹੈ। ਇਸ ਸੰਘ ਪ੍ਰਤਿ ਸਾਧੂ ਦਾ ਧਰਮ ਹੈ ਕਿ ਸ਼ਾਸਤਰ ਅਨੁਸਾਰ ਖੁਦ ਚਲੇ ਅਤੇ ਹੋਰਾਂ ਨੂੰ ਧਰਮ ਤੇ ਚਲਾਵੇ। ਉਪਾਸਕ ਦਾ ਧਰਮ ਹੈ ਕਿ ਸ਼ਾਸਤਰਾਂ ਦੇ ਗਿਆਨ ਤੇ ਸੱਚੀ ਸ਼ਰਧਾ ਰਖਦਾ ਹੋਇਆ, ਦੇਵ, ਗੁਰੂ ਦਾ ਸਵਰੂਪ ਸਮਝਕੇ, ਆਤਮਾ ਨੂੰ ਵੀਤਰਾਗ ਪੁਰਸ਼ਾ ਰਾਹੀਂ ਦਸੇ, ਧਰਮ ਵੱਲ ਲਗਾਵੇ। ਸਾਧੂਆਂ ਨੂੰ ਭੋਜਨ, ਵਸਤਰ, ਪਾਤਰ ਦਾ ਦਾਨ ਵੀ ਉਪਾਸ਼ਕ ਦਾ ਧਰਮ ਹੈ। ਸਾਧੂ ਅਤੇ ਗ੍ਰਹਿਸਥ ਆਪਣੇ ਆਪਣੇ ਵਰਤਾ ਦਾ ਪਾਲਨ ਸੰਘ ਧਰਮ ਰਾਹੀਂ ਹੀ ਸੰਭਵ ਹੈ।

8. **ਸ਼ਰੁਤ ਧਰਮ** : ਸਮਿੱਅਕ ਗਿਆਨ ਦਾ ਸਵਰੂਪ ਸਮਝ ਕੇ ਆਤਮਾ ਨੂੰ ਇਸ ਤੇ ਚਲਾਉਣਾ ਸ਼ਰੁਤ ਧਰਮ ਹੈ। (ਵੇਖੋ ਮੁਕਤੀ ਦਾ ਰਾਹ)

9. **ਚਾਰਿਤਰ ਧਰਮ** : ਸਾਧੂ ਅਤੇ ਸ਼੍ਰਾਵਕ ਦੇ ਵਰਤਾਂ ਦਾ ਸਹੀ ਪਾਲਨ ਕਰਨਾ ਹੀ ਚਾਰਿਤਰ ਧਰਮ ਹੈ (ਵੇਖੋ ਅਚਾਰਿਆ ਪਦ ਦੀ ਵਿਆਖਿਆ ਅਤੇ ਸ਼੍ਰਾਵਕ ਦੇ ਵਰਤ)।

10. **ਆਸ਼ਤਿਕਾਏ ਧਰਮ** : ਇਸ ਤੋਂ ਭਾਵ ਹੈ ਕਿ ਆਸਤਿਕਾਏ ਦਾ ਮਹਿਲ ਚਾਰ ਪ੍ਰਕਾਰ ਦੇ ਖੰਬਿਆ ਤੇ ਖੜਾ ਹੈ। 1) ਆਤਮਵਾਦ 2) ਲੋਕਵਾਦ 3) ਕਰਮਵਾਦ 4) ਕ੍ਰਿਆਵਾਦ। ਜੈਨ ਆਗਮਾ ਅਨੁਸਾਰ ਇਨ੍ਹਾਂ ਤੇ ਵਿਸ਼ਵਾਸ਼ ਕਰਨਾ ਹੀ ਆਸਤਿਕਾਏ ਧਰਮ ਹੈ। 6 ਦਰਵਾਂ (ਧਰਮ, ਅਧਰਮ, ਪੁਦਹਾਲ, ਅਕਾਸ਼ ਕਾਲ ਅਤੇ ਜੀਵ) ਦਾ ਗਿਆਨ ਵੀ ਇਸ ਧਰਮ ਵਿਚ ਸ਼ਾਮਲ ਹੈ।

ਪਰ ਸਾਡੇ ਇਥੇ ਧਰਮ ਦੀ ਵਿਆਖਿਆ ਦਾ ਉਦੇਸ਼ ਹੈ ਅਰਿਹੰਤ ਰਾਹੀਂ ਪ੍ਰਗਟ ਕੀਤੇ ਧਰਮ ਦੀ ਵਿਆਖਿਆ ਕਰਨਾ। ਤੀਰਥੰਕਰ ਅਰਿਹੰਤ ਧਰਮ ਰੂਪੀ ਤੀਰਥ ਦੀ ਸਥਾਪਨਾ ਕਰਦੇ ਹਨ 1) ਮੁਨੀ ਧਰਮ 2) ਗ੍ਰਹਿਸਥ ਧਰਮ।

# ਮੁਨੀ ਧਰਮ

ਇਸ ਦਾ ਵਰਨਣ ਅਸੀਂ ਗੁਰੂ ਦੀ ਵਿਆਖਿਆ ਵਿਚ ਕਰ ਆਏ ਹਾਂ। ਜੋ ਪੰਜ ਮਹਾਂਵਰਤ, ਪੰਜ ਸਮਿਤਿ, ਤਿੰਨ ਗੁਪਤੀ ਦਾ ਤਿੰਨ ਕਰਨ, ਤਿੰਨ ਯੋਗ ਨਾਲ ਪਾਲਨ ਕਰਦੇ ਹਨ। ਘਰ ਵਾਰ ਛਡ ਚੁਕੇ ਹਨ ਭਿਖਿਆ ਦੇ ਅਧਾਰਿਤ ਜੀਵਨ ਗੁਜਾਰਦੇ ਹਨ। ਖਿਮਾ ਆਦਿ 10 ਪ੍ਰਕਾਰ ਦੇ ਧਰਮ ਦਾ ਪਾਲਨ ਕਰਦੇ ਹਨ। 6 ਆਵਸ਼ਕ ਦਾ ਪਾਲਨ ਕਰਦੇ ਹਨ ਉਹ ਆਤਮਾ ਮੁਨੀ ਧਰਮ ਦਾ ਪਾਲਨ ਕਰਦੀਆਂ ਹਨ। ਇਹ ਸਰਬ ਸ੍ਰੇਸ਼ਟ ਧਰਮ ਹੈ। ਮੁਨੀ ਦਾ ਜੀਵਨ ਅਹਿੰਸਾ ਤੇ ਤਿਆਗ ਦਾ ਪ੍ਰਤੀਕ ਹੁੰਦਾ ਹੈ।

## 10 ਪ੍ਰਕਾਰ ਦਾ ਧਰਮ

1) ਖਿਮਾ, 2) ਮੁਕਤੀ ਨਿਰਲੋਭਤਾ 3) ਆਰਜਵ [ਸਰਲਤਾ] 4) ਮਾਰਦਵ [ਮਿਠਾਸ] 5) ਲਾਘਬ [ਯਸ਼ਕੀਰਤੀ, ਸੁੱਖ ਸੁਵਿਧਾ ਦਾ ਤਿਆਗ] 6) ਸੱਚ 7) ਸੰਜਮ 8) ਤੱਪ 9) ਤਿਆਗ 10) ਬ੍ਰਹਮ ਚਰਜ।

ਸਾਧੂ ਗੁਰੂ ਕੁਲ ਵਿਚ ਰਹਿਕੇ ਇਸ ਧਰਮ ਦਾ ਪਾਲਨ ਕਰਦੇ ਹਨ ਇਸ ਧਰਮ ਦਾ ਪਾਲਨ ਕਰਦੇ ਉਨ੍ਹਾਂ ਨੂੰ ਮਿਟੇ ਵਡੇ ਬਹੁਤ ਰਿਧਿਆ ਸਿਧਿਆ ਸਹਿਜ ਪ੍ਰਾਪਤ ਹੋ ਜਾਂਦੀਆਂ ਹਨ।

## ਗ੍ਰਹਿਸਥ ਧਰਮ

ਗ੍ਰਹਿਸਥ ਧਰਮ ਦਾ ਜੈਨ ਧਰਮ ਵਿਚ ਬਹੁਤ ਹੀ ਮਹੱਤਵ ਹੈ ਗ੍ਰਹਿਸਥ ਵੀ ਧਰਮ ਸੰਘ ਦਾ ਇਕ ਜ਼ਰੂਰੀ ਅੰਗ ਹੈ। ਇਸ ਧਰਮ ਨੂੰ ਅਸੀਂ ਦੋ ਭਾਗਾਂ ਵਿਚ ਵੰਡ ਸਕਦੇ ਹਾਂ 1) ਆਮ ਗ੍ਰਹਿਸਥ ਧਰਮ 2) ਵਿਸ਼ੇਸ਼ ਗ੍ਰਹਿਸਥ ਧਰਮ।

ਆਮ ਗ੍ਰਹਿਸਥ ਧਰਮ ਵਿਚ ਕੁਲ ਪ੍ਰੰਪਰਾਂ ਦਾ ਧਿਆਨ ਰਖਕੇ ਸਦ ਗੁਣਾ ਦਾ ਪਾਲਨ ਕਰਨਾ ਹੀ ਆਮ ਗ੍ਰਹਿਸਥ ਧਰਮ ਹੈ ਇਹ ਗੁਣ ਸੰਖੇਪ ਵਿਚ ਇਸ ਪ੍ਰਕਾਰ ਹਨ।

1. **ਨਿਆ ਭਰਪੂਰ ਆਚਰਨ** : ਗ੍ਰਹਿਸਥ ਜੂਆ, ਚੋਰੀ, ਰਿਸ਼ਵਤ, ਸ਼ਰਾਬ ਮਾਸ, ਵੇਸ਼ਿਆ, ਪਰ ਇਸਤਰੀ ਤੋਂ ਸ਼ਿਕਾਰ ਦਾ ਤਿਆਗ ਕਰਕੇ ਧਰਮ, ਨੀਤੀ ਦੇ ਸਦਾ-ਚਾਰ ਦਾ ਪਾਲਨ ਕਰਨਾ ਇਸ ਵਿਚ ਸ਼ਾਮਲ ਹੈ।

2. **ਨਿਆ ਉਪਾਰਿਜਤ ਧੰਨ** : ਸੰਸਾਰ ਵਿਚ ਧਨ ਸ਼ਰੀਰਕ ਤੇ ਸਮਾਜਿਕ ਜ਼ਰੂਰਤ ਲਈ ਜ਼ਰੂਰੀ ਹੈ। ਪਰ ਇਹ ਧਨ ਨਿਆਂ ਨਾਲ ਕਮਾਇਆ ਜਾਵੇ, ਤਾਂ ਹੀ ਇਹ ਧਰਮ ਵਿਚ ਸਹਾਇਕ ਹੋ ਸਕਦਾ ਹੈ। ਧੋਖਾ, ਝੂਠ ਫਰੇਵ ਨਾਲ ਕਮਾਇਆ ਧੰਨ ਨਿਆ

ਸੰਗਤ ਨਹੀਂ ਹੁੰਦਾ ।

3. ਗ੍ਰਹਿਸਥ ਧਰਮ ਵਾਲਾ ਆਦਮੀ ਦੂਸਰੇ ਗੋਤਰ ਵਿਚ ਵਿਆਹ ਕਰਾਏ ਉਹ ਕੁਲ ਧਾਰਮਿਕ ਪਖੋਂ ਕੁਲੀਨ ਅਤੇ ਸਹਿ ਧਰਮੀ ਹੋਵੇ । ਵਿਚਾਰਾਂ ਦੀ ਭਿੰਨਤਾ ਧਰਮ ਪਾਲਨ ਵਿਚ ਰੁਕਾਵਟ ਹੈ ।

4. **ਉਪਦਰਵਯੁਕਤ ਸਥਾਨ ਦਾ ਤਿਆਗ** : ਜਿਥੇ ਬੀਮਾਰੀ, ਹਮਲਾ, ਕਲੇਸ, ਰਾਜ ਸੰਕਟ ਦਾ ਡਰ ਹੋਵੇ, ਅਜੇਹੀ ਥਾਂ ਤੇ ਉਪਾਸਕ ਨਾ ਰਹੇ । ਕਿਉਂਕਿ ਧਰਮ ਦਾ ਪਾਲਨ ਸ਼ਾਂਤ ਸਥਾਨ ਹੋ ਸਕਦਾ ।

5. ਸਹਿਯੋਗੀ ਆਦਮੀ ਦਾ ਆਸਰਾ ਲੈਣਾ ਚਾਹੀਦਾ ਹੈ ਤਾਂ ਕਿ ਮੁਸੀਬਤ ਸਮੇਂ ਆਦਮੀ ਕੰਮ ਆ ਸਕੇ ।

6. ਆਮਦਨ ਅਨੁਸਾਰ ਹੀ ਖਰਚ ਕਰਨਾ ਚਾਹੀਦਾ ਹੈ ।

7. **ਪ੍ਰਸਿਧ ਦੇਸ਼ਾਚਾਰ :** ਆਪਣੇ ਦੇਸ਼ ਦੀ ਸਭਿਅਤਾ ਤੇ ਸੰਸਕ੍ਰਿਤੀ ਅਨੁਸਾਰ ਰਹਿਣਾ ਚਾਹੀਦਾ ਹੈ ।

8. ਮਾਤਾ ਪਿਤਾ ਦੀ ਸੇਵਾ ਕਰਨੀ ਚਾਹੀਦੀ ਹੈ ਉਨ੍ਹਾਂ ਦਾ ਸਨਮਾਨ ਕਰਨਾ ਧਰਮ ਦਾ ਅੰਗ ਹੈ ।

9. ਅਪਣੀ ਸ਼ਰੀਰਕ ਆਵਸਥਾ ਅਨੁਸਾਰ ਭੋਜਨ ਕਰਨਾ ਚਾਹੀਦਾ ਹੈ ।

10. ਜੂਏ ਦੇ ਅੱਡੇ, ਵੈਸਿਆ ਗ੍ਰਹਿ, ਸ਼ਰਾਬ ਖਾਨੇ, ਮੱਛੀ ਮਾਰਕਿਟ, ਪਰਾਈ ਇਸਤਰੀ ਦੇ ਘਰ ਤੇ ਉਪਾਸਕ ਦਾ ਆਉਣਾ ਜਾਨਾ ਠੀਕ ਨਹੀਂ । ਅੱਧੀ ਰਾਤ ਨੂੰ ਅਵਾਰਾ ਗਰਦੀ ਕਰਨਾ ਵੀ ਇਸ ਵਿਚ ਸ਼ਾਮਲ ਹੈ ।

11. ਭਾਵੇਂ ਲੱਖ ਕੰਮ ਹੋਵੇ ਤਾਂ ਵੀ 6 ਕੰਮ ਹਰ ਹਾਲਤ ਵਿਚ ਕਰਨੇ ਜ਼ਰੂਰੀ ਹਨ ।

1. **ਵੇਗ** : ਟੱਟੀ ਪਿਸ਼ਾਬ ਨੂੰ ਕਿਸੇ ਕੀਮਤ ਤੇ ਰੋਕਨਾ ਨਹੀਂ ਚਾਹੀਦਾ ।
2. **ਵਿਆਯਾਮ** : ਰੋਜਾਨਾ ਸ਼ਕਤੀ ਅਨੁਸਾਰ ਕਸਰਤ ਕਰਨੀ ਚਾਹੀਦੀ ਹੈ ।
3. **ਨੀਂਦ** : ਉਮਰ ਅਨੁਸਾਰ ਹਰ ਹਾਲਤ ਵਿਚ ਸੌਣਾ ਜ਼ਰੂਰੀ ਹੈ ।
4. **ਇਸ਼ਨਾਨ** : ਸ਼ਰੀਰਕ ਸਫਾਈ ਲਈ ਇਸਨਾਨ ਜ਼ਰੂਰੀ ਹੈ ।
5. **ਭੋਜਨ** : ਜਦ ਭੁਖ ਲੱਗੇ ਤਾਂ ਭੋਜਨ ਜ਼ਰੂਰ ਕਰ ਲੈਣਾ ਚਾਹੀਦਾ ਹੈ ।
6. ਆਪਣੀ ਆਤਮਾ ਦੇ ਸੰਭਧ ਵਿਚ ਚਿੰਤਨ ਮਨਮ ਕਰਨਾ ਵੀ ਜ਼ਰੂਰੀ ਹੈ ।

ਤਿਆਗ ਕਰਕੇ ਸੱਤ ਮਨ ਵਚਨ ਰਾਹੀਂ ਪ੍ਰਯੋਗ ਕਰਨਾ। ਇਹ ਸੱਤ ਕਾਇਆ ਯੋਗ ਹਨ। (1) ਔਦਾਰਿਕ (2) ਅਦਾਰਿਕ ਮਿਸ਼ਰ (3) ਵੈਕਾਰਿਆ ਯੋਗ (4) ਵੈਕਾਰਿਆ ਮਿਸ਼ਰ ਯੋਗ (5) ਅਹਾਰ ਯੋਗ (6) ਅਹਾਰਕ ਮਿਸ਼ਰ ਯੋਗ (7) ਕਰਮ ਯੋਗ। ਸੁਭਾ ਵਿਚ ਲਗਨਾ ਅਸ਼ਭ ਛਡਨਾ ਹੀ ਯੋਗ ਪ੍ਰਤਿਸੰਲੀਨਤਾ ਹੈ।

4. ਵਿਭਅਕਤ ਸ਼ੋਯਾਆਸਨ ਪ੍ਰਤਿਸ਼ਲੀਨਤਾ : ਬਾਗ, ਬਗੀਚਾ, ਧਰਮਸ਼ਾਲਾ, ਮੰਦਰ ਦੁਕਾਨ, ਪਰਵਤ, ਆਦਿ ਠਹਿਰਾਨ ਵਾਲੇ 18 ਯੋਗ ਸਥਾਨਾਂ ਵਿਚ ਘਟੋ ਘਟ ਇਕ ਰਾਤ ਜਿਆਦਾ ਤੋਂ ਜਿਆਦਾ ਜ਼ਰੂਰਤ ਅਨੁਸਾਰ ਰਹਿਣਾ।

## ਅੰਦਰਲਾ ਤੱਪ

ਇਹ ਤੱਪ ਵੀ 6 ਪ੍ਰਕਾਰ ਦਾ ਹੈ। ਇਹ ਤੱਪ ਕਰਮ ਨਿਰਜਰਾ ਦੇ ਨਾਲ ਮੋਕਸ਼ ਦਾ ਕਾਰਨ ਹੈ।

1. ਪ੍ਰਾਯਸ਼ਚਿਤ :—ਪਾਪਾ ਅਤੇ ਦੋਸ਼ਾ ਤੋਂ ਛੁਟਕਾਰਾ ਪਾਉਣ ਦਾ ਰਾਹ ਪ੍ਰਾਯਸ਼ਚਿਤ ਹੈ।

ਪਾਪ ਲਗਨ ਦੇ ਦੱਸ ਕਾਰਣ : 1. ਕਾਮ ਭੋਗ ਕਾਰਨ 2. ਪ੍ਰਮਾਦ (ਅਣਗਹਿਲੀ) 3. ਅਗਿਆਨ 4, ਭੁੱਖ 5. ਵਿਪੱਤੀ 6. ਸ਼ੰਕਾ 7. ਪਾਗਲਪਨ 8. ਭੈ 9. ਦਵੇਸ਼ 10. ਪਰੀਖਿਆ।

ਪ੍ਰਾਯਸ਼ਚਿਤ ਦਸ ਪ੍ਰਕਾਰ ਨਾਲ ਕੀਤਾ ਜਾਂਦਾ :

1. ਆਲੋਚਨਾ 2. ਪ੍ਰਤਿਕ੍ਰਮਨ 3. ਭਦੂਕ 4. ਵਿਵੇਕਾਰਹ 5. ਵਿਉਤਸਰਗ 6. ਤੱਪਗਾਰਹ 7. ਛੇਦਾਅਰਹ (ਅਪਵਾਦ ਜਾਂ ਮਜਬੂਰੀ) 8. ਮੂਲਅਰਹ 9. ਅਨਵਸਥਿਤ (ਕਰੂਰ ਕੰਮ ਕਰਨਾ) 10. ਪਾਰਜਿੱਤ ਸ਼ਾਸਤਰ।

2. ਵਿਨੈ ਤੱਪ ; ਗੁਰੂ ਅਤੇ ਬੜੇ ਮੁਨੀ ਬੁੜੇ ਸਾਧੂ ਅਤੇ ਗਿਆਨੀਆਂ ਦੀ ਸੇਵਾ ਕਰਨਾ, ਗਿਆਨ, ਦਰਸ਼ਨ ਤੇ ਚਾਰਿੱਤਰ ਦਾ ਯੋਗ ਸਤਿਕਾਰ ਸਨਮਾਨ ਕਰਨ ਵਿਨੈ ਤੱਪ ਹੈ। ਇਸ ਤੱਪ ਦੇ 7 ਭੇਦ ਹਨ ਹਨ।

1. ਗਿਆਨ 2. ਦਰਸ਼ਨ 3. ਚਾਰਿੱਤਰ 4. ਮਨ 5. ਵਚਨ 6. ਸਰੀਰ 7. ਲੋਕ ਵਿਵਹਾਰ।

3. ਵੈਯਾ ਵਰਿਤ :—ਇਸ ਦਾ ਭਾਵ ਹੈ ਸਹ ਧਰਮੀ, ਸਾਧੂ, ਬੀਮਾਰ, ਨਵੇਂ ਸਾਧੂ, ਵਿਰਧ, ਭੋਜਨ, ਪਾਣੀ, ਵਸਤਰ ਅਤੇ ਪਾਤਰ ਨਾਲ ਸੇਵਾ ਕਰਨਾ ਇਹ ਦੱਸ ਪ੍ਰਕਾਰ ਦਾ ਹੈ।

1. ਅਚਾਰਿਆ 2. ਉਪਾਧਿਆ 3. ਸ਼ੱਕਸ਼ (ਨਵਾਂ ਸਾਧੂ) 4. ਗਲਾਨ (ਬਿਮਾਰ) 5. ਤਪਸਵੀ 6. ਸਥਵਿਰ 7. ਸਹ ਧਰਮ 8. ਇਕ ਕੁਲ ਵਾਲਾ 9. ਇਕ ਗੁਣਵਾਨ 10. ਸੰਘ ਦਾ ਵੈਆਵਰਤ ਕਰਨਾ, ਤੱਪ ਗਿਆਨ ਵਿਚ ਸਹਿਯੋਗ ਦੇਣ।

### 4. ਸਵਾਧਿਐ

ਸ਼ਾਸਤਰਾਂ, ਗ੍ਰੰਥ ਅਤੇ ਤਤੱਵ ਗਿਆਨ ਗ੍ਰੰਥਾਂ ਦਾ ਅਧਿਐਨ ਮਹਾਨ ਤੱਪ ਹੈ । ਜੋ ਲੋਕ ਸ਼ਰੀਰਕ ਤੱਪ ਨਹੀਂ ਕਰ ਸਕਦੇ, ਉਹ ਇਸ ਮਹਾਨ ਅੰਦਰਲੇ ਰਾਹੀਂ ਆਤਮ ਕਲਿਆਨ ਕਰ ਸਕਦੇ ਹਨ । ਇਸ ਦੇ 5 ਭੇਦ ਹਨ ।

1. ਵਾਚਨਾ 2. ਪ੍ਰਿਛਾ (ਪੁਛਨਾ) 3. ਪਰਿਵਰਤਨਾ (ਦੁਹਰਾਨਾ) 4. ਅਨੁਪਰੇਕਸ਼ਾ (ਅਰਥ ਨੂੰ ਆਤਮਾ ਵਿਚ ਉਤਾਰਨਾ) 5. ਧਰਮ ਕਥਾ ।

### 5. ਧਿਆਨ

ਧਿਆਨ ਦੀ ਪ੍ਰੰਪਰਾਂ ਸ਼੍ਰਮਣ ਸੰਸਕ੍ਰਿਤੀ ਦੀ ਆਪਣੀ ਖਾਸ ਦੇਣ ਹੈ । ਇਸ ਪ੍ਰੰਪਰਾਂ ਬਾਰੇ ਮੁਢਲੇ ਵੈਦਿਕ ਸਾਹਿਤ ਵਿਚ ਬੜੀ ਘਟ ਜਾਣਕਾਰੀ ਮਿਲਦੀ ਹੈ । ਪਰ ਬਾਅਦ ਵਿਚ ਉਪਨਿਸ਼ਧ ਸਾਹਿਤ ਤੇ ਪਾਤੰਜਲੀ ਦੇ ਯੋਗ ਸ਼ਾਸਤਰ ਵਿਚ ਇਸਨੂੰ ਮਾਨਤਾ ਦਿਤੀ ਗਈ ।

ਧਿਆਨ ਆਤਮਾ ਸਾਧਨਾ ਦਾ ਖਾਸ ਅੰਗ ਹੈ । ਮਨ ਦੀਆਂ ਦੋ ਹਾਲਤਾਂ ਹਨ । 1) ਚੱਲ 2) ਅਚੱਲ । ਚੱਲ ਅਵਸਥਾ ਨੂੰ ਚਿੱਤ ਅਤੇ ਅਚੱਲ ਅਵਸਥਾ ਨੂੰ ਧਿਆਨ ਆਖਦੇ ਹਨ । ਚਿੱਤ ਦੀ ਇਕਾਗਰਤਾ ਅਤੇ ਸ਼ਰੀਰ ਬਾਣੀ ਤੇ ਮਨ ਤੇ ਕਾਬੂ ਪਾਉਣਾ ਹੀ ਧਿਆਨ ਹੈ । ਚਿੱਤ ਦੀਆਂ ਤਿੰਨ ਹਾਲਤਾਂ ਹਨ ।

(1) ਭਾਵਨਾ : ਧਿਆਨ ਦਾ ਅਭਿਆਸ ਕਰਨ ਦੀ ਕ੍ਰਿਆ ।

(2) ਅਨੁਪਰੇਕਸ਼ਾ : ਧਿਆਨ ਤੋਂ ਬਾਅਦ ਹੋਣ ਵਾਲੀ ਮਨ ਦੀ ਹਾਲਤ ।

(3) ਚਿੰਤਾ : ਆਮ ਮਾਨਸਿਕ ਚਿੰਤਨ (ਸੋਚ ਵਿਚਾਰ)

ਧਿਆਨ ਚੇਤਨਾ ਦੀ ਉਹ ਹਾਲਤ ਹੈ ਜੋ ਆਪਣੇ ਹੀ ਸਹਾਰੇ ਪ੍ਰਤਿ ਇਕਾਗਰ ਹੁੰਦੀ ਹੈ ਜਾਂ ਬਾਹਰੋਂ ਸੁੰਨ ਹੋਣ ਤੇ ਵੀ ਆਤਮਾ ਪ੍ਰਤਿ ਜਾਗਰੂਪ ਹੁੰਦੀ ਹੈ । ਚੇਤਨਾ ਤੋਂ ਰਹਿਤ ਹੋਣਾ ਧਿਆਨ ਨਹੀਂ । ਇਕੱਲਾ ਚਿੰਤਨ ਮਨਨ ਵੀ ਧਿਆਨ ਨਹੀਂ, ਸਗੋਂ ਇਕਾਗਰ ਚਿੰਤਨ, ਧਿਆਨ ਹੈ, ਭਾਵ ਕ੍ਰਿਆ ਧਿਆਨ ਹੈ ਅਤੇ ਚੇਤਨਾ ਦੇ ਵਿਆਪਕ ਪ੍ਰਕਾਸ਼ ਵਿਚ ਚਿੱਤ ਦਾ ਲੀਨ ਹੋਣਾ ਧਿਆਨ ਹੈ । ਧਿਆਨ ਸ਼ੁਭ ਤੇ ਅਸ਼ੁਭ ਦੋਹਾਂ ਤਰ੍ਹਾਂ ਦਾ ਹੁੰਦਾ ਹੈ ।

ਕੁਝ ਖਾ ਕੇ ਜਾਂ ਨਸ਼ਾ ਕਰਕੇ ਬੇਹੋਸ਼ ਹੋ ਜਾਨ ਨੂੰ ਵੀ ਜੈਨ ਸ਼ਾਸਤਰ ਧਿਆਨ ਨਹੀਂ ਮੰਨਦੇ ।

ਧਿਆਨ ਚਾਰ ਪ੍ਰਕਾਰ ਦਾ ਹੈ ।

(1) ਆਰਤ (2) ਰੌਂਦਰ (3) ਧਰਮ (4) ਸ਼ੁਕਲ । ਪਹਿਲੇ ਦੋ ਧਿਆਨ ਅਸ਼ੁਭ ਹਨ ਅਤੇ ਪਾਪਕਾਰੀ ਹਨ । ਦੂਸਰੇ ਦੋ ਮੁਕਤੀ ਦਾ ਰਸਤਾ ਵਿਖਾਉਣ ਵਾਲੇ ।

(1) **ਆਰਤ ਧਿਆਨ :**

ਲਛੱਣ :—(1) ਗੁੱਸੇ ਹੋਣਾ (2) ਦੁੱਖੀ ਹੋਣਾ (3) ਹੰਝੂ ਬਹਾਉਣਾ (4) ਵਿਲਾਪ ਕਰਨਾ ।

1. ਦਰਵ ਵਿਉ੍ਤ ਸਰਗ 2. ਭਾਵ ਵਿਉਤਸਰਗ ।

ਦਰੱਵ ਵਿਉਤ ਸਰਗ 4 ਪ੍ਰਕਾਰ ਦਾ ਹੈ :

1. ਸ਼ਰੀਰ :—ਸ਼ਰੀਰ ਸੰਬਧੀ ਮਮਤਾ ਦਾ ਤਿਆਗ ਕਰਕੇ ਸਾਰ ਸੰਭਾਲ ਨਾ ਕਰਨਾ ।
2. ਗੁਣ :—ਤਪੱਸਿਆ, ਅਧਿਐਨ ਅਤੇ ਧਿਆਨ ਲਈ ਅਪਣੇ ਮੁਨੀ ਸੰਘ ਦਾ ਤਿਆਗ ਕਰਕੇ ਇਕੱਲਾ ਘੁਮਣਾ ।
3. ਉਪਧਿ :—ਵਸਤਰ ਪਾਤਰ ਦਾ ਤਿਆਗ ।
4. ਭਕਤਪਾਨ :—ਖਾਣ ਪੀਣ ਦੇ ਪਦਾਰਥਾਂ ਦੀ ਹੱਦ ਨਿਸ਼ਚਿਤ ਕਰਨਾ ।

ਭਾਵ ਵਿਉਤਸਰਗ ਦੇ ਤਿੰਨ ਭੇਦ ਹਨ :

## ਵੀਰਜ ਆਚਾਰ

ਸਮਿਅੱਕ ਗਿਆਨ, ਸਮਿਅੱਕ ਦਰਸ਼ਨ ਅਤੇ ਸਮਿਅੱਕ ਚਾਰਿਤਰ ਸਮਿਅੱਕ ਤੱਪ ਇਹ ਚਾਰ ਮੋਕਸ਼ ਪ੍ਰਾਪਤੀ ਦਾ ਕਾਰਣ ਹਨ । ਇਨ੍ਹਾਂ ਮੋਕਸ਼ ਸਾਧਨਾ ਪ੍ਰਤੀ ਪੁਰਸਾਰਥ, ਕ੍ਰਿਆਂ, ਧਿਆਨ, ਤਪ ਸੰਜਮ, ਉਪਦੇਸ਼, ਆਚਰਨ ਵਿਚ ਬਲ, ਵੀਰਜ, ਪੁਰਸ਼ਾਰਥ ਅਤੇ ਪਰਿਕ੍ਰਮ ਕਰਨਾ ਵੀਰਜ ਆਚਾਰ ਹੈ ।

## ਤਿੰਨ ਪ੍ਰਕਾਰ ਦੀ ਗੁਪਤੀ

ਅਚਾਰੀਆ ਤਿੰਨ ਗੁਪਤੀਆਂ ਦੇ ਧਾਰਕ ਹੁੰਦੇ ਹਨ ।

ਇਹ ਹਨ :—

1) ਮਨ ਗੁਪਤੀ :—ਮਨ ਨੂੰ ਹਿੰਸਾ ਤੋਂ ਪਰੇ ਹਟਾ ਕੇ ਧਰਮ ਧਿਆਨ ਅਤੇ ਸ਼ਕਲ ਧਿਆਨ ਵਿਚ ਲਾਉਣਾ ।
2) ਵਚਨ ਗੁਪਤੀ :—ਆਪਣੇ ਬੋਲ ਚਾਲ ਰਾਂਹੀ ਪਾਪ ਕਾਰੀ ਕੰਮਾਂ ਤੋਂ ਬਚਣਾ ।
3) ਕਾਈਆ ਗੁਪਤੀ :—ਆਪਣੇ ਸ਼ਰੀਰ ਰਾਂਹੀ ਪਾਪਕਾਰੀ ਕੰਮਾਂ ਤੋਂ ਬਚਣਾ ।

## 5 ਸਮਿਤੀ

ਅਚਾਰੀਆ ਮਹਾਰਾਜ 5 ਸਮਿਤਿਆਂ ਦਾ ਪਾਲਣ ਕਰਦੇ ਹਨ ।

1) ਜੀਵਾਂ ਦੀ ਰਖਿਆ ਲਈ ਦੇਖ ਭਾਲ ਕੇ ਚਲਣਾ ।
2) ਗਲਬਾਤ ਸਾਵਧਾਨੀ ਨਾਲ ਕਰਨਾ ।
3) ਭੋਜਨ ਤੇ ਪਾਣੀ ਦੇਖ ਭਾਲ ਕੇ ਗ੍ਰਹਿਣ ਕਰਨਾ ।
4) ਕਪੜੇ, ਭਾਂਡੇ, ਆਦਿ ਗ੍ਰਹਿਣ ਕਰਨ ਵਿਚ ਸਾਵਧਾਨੀ ਰਖਣਾ ।
5) ਮੂੱਲ, ਮੂਤਰ ਯੋਗ ਥਾਂ ਅਤੇ ਸਾਧਵਾਨੀ ਨਾਲ ਤਿਆਗਣਾ ।

ਸਾਧਾਰਣ ਸਾਧੂ ਸਾਧਵੀ ਵੀ ਇਨ੍ਹਾਂ ਵਰਗੇ ਦਾ ਪਾਲਨ ਕਰਦੇ ਹਨ ।

## 4 ਪ੍ਰਕਾਰ ਦੇ ਕਸਾਏ

ਅਚਾਰੀਆ ਹਮੇਸ਼ਾ ਖਿਮਾਵਾਨ, ਦਿਆਲੂ ਸ਼ੀਲ (ਸੁਧ ਚਰਿਤੱਰ ਵਾਲਾ) ਵਿਨ-

ਵਾਨ, ਛੱਲਕਪਟ ਰਹਿਤ, ਅਭਿਮਾਨ ਰਹਿਤ, ਸੰਤੋਖਵਾਲਾ, ਨਿਮਰਤਾ ਵਾਲਾ ਹੌਸਲੇਵਾਲਾ, ਤਪ, ਸੰਜਮ ਅਤੇ ਗਿਆਨ ਦਾ ਪ੍ਰਤੀਕ ਹੁੰਦਾ ਹੈ, ਇਨ੍ਹਾਂ ਗੁਣਾ ਦੇ ਵਿਕਾਸ ਲਈ ਸਾਧੂ ਨੂੰ ਪਾਪਾਂ ਦੇ ਕਾਰਣ 4 ਕਸ਼ਾਏ ਤੇ ਜਿੱਤ ਹਾਸਲ ਕਰਨੀ ਜਰੂਰੀ ਹੈ ।

## 4 ਕਸ਼ਾਏ

ਸੱਚਾ ਸਾਧੂ (ਅਚਾਰਿਆ) 4 ਕਸ਼ਾਏ ਤੋਂ ਹਮੇਸ਼ਾ ਮੁਕਤ ਹੁੰਦਾ ਹੈ ਇਹ ਕਸ਼ਾਏ ਅੱਗ ਹਨ ਜੋ ਖਿਮਾਂ, ਦਿਆ, ਸ਼ੀਲ, ਵਿਨੈ. ਸਰਲਤਾ, ਨਿਰਲੋਭਤਾ, ਨਿਰਅਗਿਆਨਤਾ, ਨਿਮਰਤਾ ਸੰਤੋਖ, ਧੀਰਜ, ਤੱਪ, ਸੰਜਮ ਤੇ ਗਿਆਨ ਆਦਿ ਗੁਣਾਂ ਨੂੰ ਜਲਾ ਕੇ ਰਾਖ ਕਰ ਦਿੰਦੇ ਹਨ । ਮਨੁੱਖ ਦੀ ਚੇਤਨਾ ਤੇ ਕਾਲਿਖ ਮਲ ਦਿੰਦੇ ਹਨ । ਕਸ਼ਾਏ ਚੋਰ ਦੀ ਤਰ੍ਹਾਂ ਮਨੁੱਖੀ ਸਰੀਰ ਤੇ ਮਨ ਵਿਚ ਛਿਪ ਕੇ ਅਧਿਆਤਮਕ ਸੰਪਤੀ ਚੁਰਾ ਲੈਂਦੇ ਹਨ । ਕਸ਼ਾਏ ਵਿਚ ਉਲਝਿਆ ਆਦਮੀ ਬਾਰ ਬਾਰ ਜਨਮ ਮਰਨ ਕਰਦਾ ਹੈ । ਜਿਸ ਦੇ ਫ਼ਲ ਨਾਲ ਸੰਸਾਰ (ਜਨਮ ਮਰਨ) ਵਿਚ ਵਾਧਾ ਹੋਵੇ ਉਹ ਹੀ ਕਸ਼ਾਏ ਹੈ ਜਿਵੇਂ ਪਿੱਤਲ ਦੇ ਭਾਂਡੇ ਵਿਚ ਰਖਿਆ ਦੁਧ ਦਹੀਂ ਕੁਸੈਲਾ ਤੇ ਜ਼ਹਿਰੀਲਾ ਹੋ ਜਾਂਦਾ ਹੈ । ਇਸ ਪ੍ਰਕਾਰ ਕਸ਼ਾਏ ਰੂਪੀ ਦੁਰਗੁਣਾ ਕਾਰਣ ਆਤਮਾ ਲਈ ਜਰੂਰੀ ਸੰਜਮ ਗੁਣ ਜ਼ਹਿਰੀਲੇ ਹੋ ਜਾਂਦੇ ਹਨ । ਕਰਮ ਬੰਧ ਕਸ਼ਾਏ ਦੀ ਅੱਗ ਨੂੰ ਅਚਾਰਿਆ (ਸਾਧੂ) ਸ਼ੀਲ, ਸ਼ਰੁਤ ਨਾਲ ਦੂਰ ਕਰਦੇ ਹਨ । ਕਸ਼ਾਏ ਚਾਰ ਹਨ :

1) ਕਰੋਧ :—ਕਰੋਧ ਪ੍ਰੇਮ ਦਾ ਨਾਸ਼ ਕਰਦਾ ਹੈ ਕਰੋਧ ਤੇ ਕਰੋਧੀ ਦੋਵੇਂ ਚੰਡਾਲ ਹਨ । ਕਰੋਧ ਵਿਚ ਮਨੁੱਖ ਆਪਣਾ ਅਸਲ ਸਵਰੂਪ ਭੁਲ ਕੇ ਆਪਣੀ ਪਿਆਰੀ ਤੇ ਹਿਤ-ਕਾਰੀ ਵਸਤੂ ਗਵਾ ਬੈਠਦਾ ਹੈ ਕਰੋਧ ਜੇਤੂ ਜੀਵ ਕਰੋਧ-ਵੇਦਨੀਆਂ ਕਰਮ ਦਾ ਬੰਧ ਨਹੀਂ ਕਰਦਾ ।

2) ਮਾਨ : ਇਹ ਪ੍ਰਾਕ੍ਰਿਤੀ ਨੂੰ ਕਠੋਰ ਬਣਾਉਂਦਾ ਹੈ । ਵਿਨੈ ਖਤਮ ਹੋ ਜਾਂਦੀ ਹੈ ਵਿਨੈ ਤੋਂ ਬਿਨਾ ਗਿਆਨ ਅਸੰਭਵ ਹੈ । ਗਿਆਨ ਪ੍ਰਾਪਤੀ ਤੋਂ ਬਿਨਾਂ ਜੀਵ ਅਜੀਵ ਤੱਤਵਾਂ ਦਾ ਗਿਆਨ ਨਹੀਂ ਹੋ ਸਕਦਾ । ਜੀਵ ਅਜੀਵ ਦਾ ਸਵਰੂਪ ਜਾਣੇ ਬਿਨਾਂ ਦਿਆ, ਸੰਬਰ, ਸਮਤਾ. ਖਿਮਾ, ਨਿਰਜਰਾ ਅਸੰਭਵ ਹੈ । ਧਰਮ ਅਸੰਭਵ ਹੈ । ਕਰਮ ਖਤਮ ਕਰਕੇ ਪ੍ਰਮਾਤਮਾ ਬਣਨਾ ਅਸੰਭਵ ਹੈ । ਇਹ ਮਾਨ (ਹੰਕਾਰ) ਅਠ ਪ੍ਰਕਾਰ ਦਾ ਹੈ :

(1) ਜਾਤ ਦਾ ਹੰਕਾਰ (2) ਕੁਲ ਦਾ ਹੰਕਾਰ (3) ਬਲ (ਸ਼ਕਤੀ) ਦਾ ਹੰਕਾਰ (4) ਰੂਪ ਦਾ ਹੰਕਾਰ (5) ਲਾਭ ਦਾ ਹੰਕਾਰ (6) ਤੱਪ ਦਾ ਹੰਕਾਰ (7) ਗਿਆਨ ਦਾ ਹੰਕਾਰ (8) ਏਸ਼ਵਰੀਯ (ਸ਼ਾਨ ਸੌਕਤ) ਦਾ ਹੰਕਾਰ ।

3) ਮਾਇਆ : ਮਾਇਆ, ਕਸ਼ਟ, ਛੱਲ, ਧੋਖਾ ਆਦਿ ਮਾਇਆ ਦੇ ਨਾਮ ਹਨ । ਸ਼ਾਸਤਰ ਵਿਚ ਮਾਇਆ ਨੂੰ ਸਲਯ (ਕੰਡਾ) ਵੀ ਕਿਹਾ ਗਿਆ ਹੈ । ਜਿਵੇਂ ਸਰੀਰ ਵਿਚ ਲਗਾ ਕੰਡਾ ਸਾਰੇ ਸਰੀਰ ਨੂੰ ਦੁਖ ਦੇ ਅਹਿਸਾਸ ਕਰਾਉਂਦਾ ਹੈ ਉਸੇ ਪ੍ਰਕਾਰ ਮਾਇਆ ਆਤਮਾ ਨੂੰ ਜਨਮ ਮਰਨ ਦੇ ਦੁਖ ਦਾ ਅਹਿਸਾਸ ਕਰਾਉਂਦੀ ਹੈ । ਮਾਇਆ ਵਾਲਾ ਵਿਅ-

ਕਤੀ ਮਿਥਿਆ ਦਰਿਸ਼ਟੀ ਵੀ ਕਿਹਾ ਗਿਆ ਹੈ। ਜੋ ਪੁਰਸ਼ ਮਾਇਆ ਦਾ ਸੇਵਨ ਕਰਦਾ ਹੈ ਉਹ ਅਗਲੇ ਜਨਮ ਵਿਚ ਇਸਤਰੀ ਬਣਦਾ ਹੈ ਜੋ ਇਸਤਰੀ ਮਾਇਆ ਦਾ ਸੇਵਨ ਕਰਦੀ ਹੈ ਉਹ ਨਪੁੰਸਕ ਬਣਦੀ ਹੈ ਜੇ ਨਪੁੰਸਕ ਮਾਇਆ ਸੇਵਨ ਕਰਦਾ ਹੈ ਤਾਂ ਪਸ਼ੂ ਜਾਤ ਵਿਚ ਪੈਦਾ ਹੁੰਦਾ ਹੈ। ਕਈ ਲੋਕ ਬਾਹਰੋਂ ਸ਼ੁਧ ਵਿਖਾਈ ਦਿੰਦੇ ਹਨ। ਅੰਦਰੋ ਮਾਇਆ ਦਾ ਸੇਵਨ ਕਰਦੇ ਹਨ। ਸੋ ਸੱਚਾ ਸਾਧਕ ਮਾਇਆ ਦਾ ਸੇਵਨ ਨਹੀਂ ਕਰਦਾ।

4) ਲੋਭ :—ਲਾਲਚ, ਲਾਲਸਾ, ਤ੍ਰਿਸ਼ਨਾ ਸਭ ਲੋਭ ਦੇ ਰੂਪ ਮੰਨੇ ਗਏ ਹਨ। ਲੋਭ ਸਾਰੇ ਗੁਣਾਂ ਦਾ ਨਾਸ਼ਕ ਹੈ ਇਸ ਕਾਰਣ ਲੋਕ ਦੁਖ ਪਾਂਦੇ ਹਨ, ਲੋਭ ਕਾਰਣ ਮਨੁਖ ਮਾਇਆ ਕਪਟ ਕਰਦਾ ਹੈ ਕਰੋਧ ਤੇ ਅਭਿਮਾਨ (ਮਾਨ) ਕਰਦਾ ਹੈ। ਹਰਕਸ਼ਾਏ ਚਾਰ ਪ੍ਰਕਾਰ ਦਾ ਕਿਹਾ ਗਿਆ ਹੈ।

1) ਅਨੰਤਨਬੰਧੀ :—ਅੰਨਤ ਸੰਸਾਰ ਜਨਮ ਮਰਨ ਦਾ ਕਾਰਣ ਅਨੁਬੰਧ ਕਰਨ ਵਾਲਾ ਹੈ ਬੰਧਨ ਤੇ ਬੰਧਨ ਲਦਣ ਵਾਲਾ ਹੈ। ਇਹ ਕਸ਼ਾਏ ਅਜੇਹਾ ਹੈ ਕਿ ਮਨੁੱਖ ਨੂੰ ਇਸ ਦਾ ਅਨੁਭਵ ਨਹੀਂ ਹੁੰਦਾ। ਇਸ ਕਸ਼ਾਏ ਵਿਚ ਪਾਪ ਅਤੇ ਵਿਸ਼ੇ ਕਰੱਤਵ ਜਾਪਦਾ ਹੈ। ਸੋ ਇਹ ਮਨੁੱਖ ਨੂੰ ਸੁਭਾਅ ਸਮਿਅੱਕਤਵ ਤੋਂ ਗਿਰਾ ਕੇ ਮਥਿਆਤਵ ਵਲ ਲੈ ਆਉਂਦਾ ਹੈ।

2) ਅਪ੍ਰਤਿਖਿਆਨ :—ਹਿੰਸਾ ਆਦਿ ਪਾਪ ਅਕੱਰਤਵ ਹੈ ਇਹ ਜਾਣਦੇ ਅਤੇ ਸਮਝਦੇ ਹੋਏ ਵੀਰਜ(ਸ਼ਕਤੀ ਦੀ ਘਾਟ ਕਾਰਣ ਜੀਵ ਨੂੰ ਪ੍ਰਤਿਖਿਆਨ ਤਿਆਗ ਦੀ ਸਥਿਤੀ ਵਿਚ ਨਹੀਂ ਆਉਣਾ ਦਿੰਦਾ) ਉਹ ਥੋੜਾ ਜੇਹਾ ਵੀ ਪਾਪ ਨਹੀਂ ਤਿਆਗ ਸਕਦਾ।

3) ਪ੍ਰਤਿਖਿਆਨ ਵਰਨ :—ਇਹ ਪੂਰਾ ਪਛਖਾਨ ਦਾ ਵਿਰੋਧੀ ਨਹੀਂ। ਪਰ ਕੁਝ ਆਵਰਨ (ਪਰਦਾ) ਜਰੂਰ ਪਾਂਦਾ ਹੈ। ਪਹਿਲੇ ਤੇ ਦੂਸਰੇ ਕਸ਼ਾਏ ਦੇ ਦਬ ਜਾਣ ਨਾਲ ਚਾਹੇ ਸ਼ਰਧਾ ਥੋੜੀ ਰਹਿ ਜਾਵੇ ਇਹ ਤੀਸਰੀ ਸ਼ਰੇਣੀ ਪਛਖਾਨ ਵਿਚ ਰੁਕਾਵਟ ਬਣਦਾ ਹੈ।

4) ਸੰਜਵਲਨ :—ਪਹਿਲੀਆਂ ਤਿੰਨ ਸਥਿਤੀਆਂ ਨੂੰ ਤਿਆਗ ਕੇ ਆਤਮਾ ਸਾਧੂ ਬਣ ਜਾਵੇ ਪਰ ਫੇਰ ਵੀ ਕਦੇ ਕਦੇ ਥੋੜਾ ਜੇਹਾ ਕਸ਼ਾਏ ਪ੍ਰਗਟ ਹੋ ਜਾਵੇ ਸੰਜਮ ਪ੍ਰਤੀ ਰਾਗ ਅਤੇ ਦੋਸ਼ਾ ਪ੍ਰਤੀ ਦਵੇਸ਼ ਸੰਜਵਲਨ ਦਾ ਕੰਮ ਹੈ। ਸਾਧੂ ਨੂੰ ਰਾਗ ਦਵੇਸ਼ ਨਹੀਂ ਹੋਣਾ ਚਾਹੀਦਾ।

## ਯੋਗ

ਮਨ, ਵਚਨ, ਕਾਇਆ ਦਾ ਸੁਮੇਲ ਯੋਗ ਹੈ। ਜੀਵ ਦੇ ਵਿਚਾਰ ਕਥਨ ਅਤੇ ਵਿਵ-ਹਾਰ ਯੋਗ ਹੈ ਸੱਤ ਵਿਵਹਾਰ ਸ਼ੁਭ ਕਰਮ ਦਾ ਕਾਰਣ, ਅਸਤ ਅਸ਼ੁਭ ਕਰਮ ਦਾ ਕਾਰਣ ਹੈ।

ਮਨ ਦੇ ਚਾਰ ਯੋਗ :

1) ਜੇਹੇ ਵਸਤੂ ਹੋਵੇ ਉਸੇ ਪ੍ਰਕਾਰ ਆਖਮਾ ਸਤਯ ਮਨੋਯੋਗ ਹੈ 2) ਵਸਤੂ ਤੋਂ ਉਲਟ ਆਖਣਾ ਅਸੱਤ ਮਨਯੋਗ ਹੈ 3) ਥੋੜਾ ਝੂਠ, ਥੋੜਾ ਸੱਚ ਆਖਣਾ, ਸੱਤ ਅਸੱਤ ਮਨਯੋਗ ਹੈ। 4) ਕੰਮ ਕਾਰ ਸੰਬੰਧੀ ਆਖਣਾ ਜਿਸ ਵਿਚ ਨਿਸ਼ਚੇ ਪਖੋਂ ਸੱਚ ਝੂਠ ਕੁਝ

ਨਹੀਂ ਵਿਵਹਾਰ ਯੋਗ ਹੈ ।

ਵਚਨ ਦੇ ਵੀ ਇਸੇ ਤਰਾਂ ਚਾਰ ਭੇਦ ਹਨ :

ਕਾਇਆ ਯੋਗ ਦੇ 7 ਭੇਦ ਹਨ :

(1-2) ਮਨੁਖ ਤੇ ਪਸ਼ੂਆਂ ਦਾ ਅਦਾਰਿਕ (3-4) ਦੇਵ, ਨਾਰਕੀ ਦਾ ਵੈਕਰੀਆ, ਸ਼ਰੀਰ (5) (ਰਿਧੀ ਸਿਧੀ) ਵਾਲੇ ਮੁਨੀ ਦਾ ਅਹਾਰਕ ਸਰੀਰ । ਇਨਾਂ ਦੇ ਤਿੰਨ ਭੇਦ ਹਨ :

1) ਅਦਾਰਿਕ ਕਾਯ ਯੋਗ 2) ਵੈਕਰਿਆ ਕਾਇਆ ਯੋਗ 3) ਅਹਾਰਕ ਕਾਯ ਯੋਗ ।

## ਪ੍ਰਮਾਦ

ਜਿਸ ਕਾਰਣ ਆਤਮਾ ਆਪਣਾ ਸਵਰੂਪ ਭੁਲ ਜਾਵੇ ਉਹ ਪ੍ਰਮਾਦ ਹੈ । ਇਹ ਪੰਜ ਪ੍ਰਕਾਰ ਦਾ ਹੈ :

1) ਮੱਦ (ਹੰਕਾਰ) 2) ਵਿਸ਼ੇ 3) ਕਸ਼ਾਏ 4) ਨੀਂਦ 5) ਵਿਕਥਾ, ਮਿਥਿਆਤਵ ।

ਅਵਿਰਤੀ, ਕਸ਼ਾਏ, ਯੋਗ ਪ੍ਰਮਾਦ ਹੀ ਆਸ਼ਰਵ (ਪਾਪ ਦਾ ਦਰਵਾਜਾ) ਦਾ ਕਾਰਣ ਹਨ । ਸਾਧੂ ਇਨਾਂ ਤੋਂ ਬਚਦਾ ਹੈ ।

## ਅਚਾਰੀਆ ਯੋਗ ਵਿਅਕਤੀ ਦੇ 36 ਯੋਗਤਾਂਵਾਂ

(1) ਆਰੀਆ ਦੇਸ਼ (2) ਕੁੱਲ ਸੰਪਨ (3) ਜਾਤੀ ਸੰਪਨ (4) ਰੂਪ ਸੰਪਨ (5) ਬੱਲ ਸੰਪਨ (6) ਧਰੀਤੀ (ਧੀਰਜ) ਸੰਪਨ [7] ਅਨਾਸੰਸੀ-ਸੰਸਾਰਿਕ ਪਦਾਰਥਾਂ ਦੀ ਆਸ਼ਾ ਨਾ ਕਰਨ ਵਾਲਾ [8] ਅਵਿਕਥਨ-ਛੋਟੀ ਛੋਟੀ ਗਲਾਂ ਨੂੰ ਵਾਰ ਵਾਰ ਦਾ ਦੁਹਰਾਣ ਵਾਲਾ (9] ਜਿੱਤਮਾਈ-ਧੋਖੇ ਤੋਂ ਰਹਿਤ [10] ਸਥਿਰ ਪਰਿਪਾਟੀ-ਸ਼ਾਸਤਰਾਂ ਦੇ ਗਿਆਨ ਵਿਚ ਸਥਿਰ ਬੁੱਧੀ ਵਾਲਾ [11] ਗ੍ਰਹਿਤ ਵਾਕਾ-ਹਰ ਵਾਕ ਗ੍ਰਹਿਣ ਕਰਣਯੋਗ [12] ਜਿਤਪਰਿਸ਼ਧ-ਸਭਾ ਬੈਠੇ ਸਾਰੇ ਵਿਦਵਾਨਾ ਤੇ ਜਿੱਤ ਹਾਸਲ ਕਰਨ ਵਾਲਾ [13] ਜਿਤ-ਨਿੰਦਰ/ਨੀਦ ਤੇ ਕਾਬੂ ਪਾਉਣ ਵਾਲਾ । [14] ਮਧਿਅਸਥ-ਪੱਖਪਾਤ ਤੋਂ ਰਹਿਤ [15] ਦੇਸ਼ਯਗਾ-ਜਿਸ ਦੇਸ ਵਿਚ ਘੁਮੇ ਉਥੋਂ ਦੇ ਰੀਤੀ ਰਿਵਾਜ, ਰਹਿਣ ਸਹਿਣ, ਭਾਸ਼ਾ ਨੂੰ ਜਾਣਨ ਵਾਲਾ [16] ਕਾਲਯੁਗ-ਮੌਕੇ ਅਨੁਸਾਰ ਯੋਗ ਫੈਸਲਾ ਕਰਨ ਵਾਲਾ [17] ਭਾਵਯੱਗ :—ਦੂਸਰੇ ਦੇ ਭਾਵਾਂ ਨੂੰ ਜਾਣਨ ਵਾਲਾਂ [18] ਅਸਨਲਬੱਦ-ਅਚਾਰੀਆ ਪ੍ਰਸ਼ਨਾਂ ਦਾ ਯੋਗ ਅਤੇ ਉਸੇ ਸਮੇਂ ਉਤਰ ਦੇਣ ਵਾਲਾ ਹੋਵੇ । [19] ਨਾਨਾ ਵਿਧਦੇਸ਼ ਭਾਸ਼ਾ ਵਿਗ-ਅਚਾਰੀਆ ਨੂੰ ਬਹੁਤ ਦੇਸ਼ਾਂ ਦੀ ਭਾਸ਼ਾ ਧਰਮ ਪ੍ਰਚਾਰ ਹਿੱਤ ਜਾਣਨੀਆਂ ਚਾਹੀਦੀਆਂ ਹਨ । [20] ਗਿਆਨ ਅਚਾਰ ਸੰਪਨ (21) ਦਰਸ਼ਨ ਅਚਾਰ ਸੰਪਨਾ [22] ਚਾਰਿੱਤਰ ਅਚਾਰ ਸੰਪਨ [23] ਤੱਪ ਅਚਾਰ ਸੰਪਨ [24] ਵੀਰਯਅਚਾਰ ਸੰਪਨ [25] ਆਚਰਣ-ਉਦਾਹਰਣਾ ਰਾਂਹੀ ਸਿਧਾਂਤ ਸਮਝਾਉਣ ਵਾਲਾ ]26] ਸੂਤਰ, ਅਰਥ ਅਤੇ ਦੋਹਾਂ

ਦਾ ਜਾਣਕਾਰ ਹੋਵੇ। (27) ਹੇਤੂ ਨਿਪਨ-ਹਰ ਗੱਲ ਦਾ ਕਾਰਣ ਅਤੇ ਮੂਲ ਨੂੰ ਜਾਣਦਾ ਹੋਵੇ। [28] ਉਪਨਯਨਿਪੁਨ-ਆਤਮ ਕਲਿਆਣ ਕਾਰੀ ਉਦਾਹਰਨ ਦੇਨ ਵਾਲਾ ਹੋਵੇ। [29] ਨਯਸ਼ਾਸਤਰ ਦਾ ਜਾਣਕਾਰ ਹੋਵੇ [30] ਗ੍ਰਾਹਣ ਕੁਸ਼ਲ:—ਦੂਸਰਿਆਂ ਨੂੰ ਧਰਮ ਗ੍ਰਹਿਣ ਕਰਵਾਉਣ ਵਿਚ ਯੋਗ ਹੋਵੇ। (31] ਅਚਾਰੀਆ ਆਪਣੇ ਧਰਮ ਤੇ ਸਿਧਾਂਤ ਦਾ ਖਾਸ ਜਾਣਕਾਰ ਹੋਵੇ (32) ਪਰ ਸਮੇਂ ਵਿਚ-ਆਪਣੇ ਧਰਮ ਤੋਂ ਛੁਟ ਅਚਾਰੀਆ ਦੂਸਰੇ ਧਰਮਾਂ ਦਾ ਜਾਣਕਾਰ ਹੋਵੇ। (33) ਅਚਾਰੀਆ ਗੰਭੀਰ ਹੋਵੇਂ (34) ਅਚਾਰੀਆ ਬੁਧੀ ਤੇ ਵਿਚਾਰ ਤੋਂ ਪ੍ਰਭਾਵ ਸ਼ਾਲੀ ਤੇ ਤੇਜਸਵੀ ਹੋਵੇ (35) ਸ਼ਿਵ ਸ੍ਰੀ ਸੰਘ ਤੇ ਕਸ਼ਟ ਆਉਣ ਤੇ ਅਚਾਰੀਆ ਉਸ ਨੂੰ ਖਤਮ ਕਰਨ ਵਾਲਾ ਹੋਵੇ। (36) ਸੋਮਯ ਗੁਣ–ਅਚਾਰੀਆ ਮਹਾਨ ਹੋਣਾ ਚਾਹੀਦਾ ਹੈ।

## ਅਚਾਰੀਆਂ ਦੀਆਂ 4 ਖਾਸ ਕ੍ਰਿਆਵਾਂ

1] ਸਾਰਣਾ—ਆਚਾਰੀਆ ਸਾਧੂ, ਸਾਧਵੀ, ਸ਼੍ਰਾਵਕ ਤੇ ਸ਼੍ਰਾਵੀਕਾ ਰੂਪੀ ਸ੍ਰੀ ਸੰਘ ਨੂੰ ਉਨ੍ਹਾਂ ਦੇ ਨਿੱਤ ਧਾਰਮਿਕ ਕਰੱਤਵਾਂ ਦੀ ਯਾਦ ਦਿਵਾਉਂਦਾ ਹੈ।

2] ਵਾਰਣਾ—ਆਚਾਰੀਆ ਸ੍ਰੀ ਸੰਘ ਵਿਚ ਫੈਲੇ ਹਰ ਪ੍ਰਕਾਰ ਦੇ ਸਿੱਧਾਂਤ ਜਾਂ ਧਾਰਮਿਕ ਤੇ ਭਰਿਸ਼ਟ ਜੀਵਾਂ ਨੂੰ ਚੰਗੀ ਸਿਖਿਆ ਦੇ ਕੇ ਸਿੱਧੇ ਰਾਹ ਪਾਉਂਦਾ ਹੈ।

3] ਚੋਯਨਾ—ਸਾਧੂਆਂ ਨੂੰ ਅਣਗਹਿਲੀ [ਧਰਮ ਪ੍ਰਤੀ] ਨਾ ਕਰਨ ਦੀ ਪ੍ਰੇਰਣਾ ਦਿੰਦਾ ਹੈ

4] ਪ੍ਰਤੀ ਚੋਯਨਾ—ਜੇ ਕੋਈ ਜੀਵ ਆਚਾਰੀਆ ਦੀ ਚੰਗੀ ਸਿਖਿਆ ਨੂੰ ਢੰਗ ਨਾਲ ਨਾ ਮੰਨੇ ਤਾਂ ਆਚਾਰੀਆ ਉਹ ਹੀ ਸਿਖਿਆ ਕਠੋਰ ਭਾਸ਼ਾ ਵਿਚ ਵੀ ਦਿੰਦਾ ਹੈ।

## ਆਚਾਰੀਆਂ ਦੀਆਂ 8 ਸੰਪ੍ਰਦਾਵਾਂ

1] ਆਚਾਰ ਸੰਪਦਾ 2] ਸ਼ਰੁਤ ਸੰਪਦਾ 3] ਸਰੀਰ ਸੰਪਦਾ 4] ਵਚਨ ਸੰਪਦਾ 5] ਵਾਚਨਾ ਸੰਪਦਾ 6] ਮਤੀ ਸੰਪਦਾ 7] ਪ੍ਰਯੋਗ ਸੰਪਦਾ 8] ਸੰਗ੍ਰਹਿ ਹਿਪਾਰਿਗਿਆ।

1] ਆਚਾਰੀਆ ਅਚਾਰ ਪਾਲਣ ਕਰਵਾਉਣ ਕਰਕੇ ਅਚਾਰ ਸੰਪਦਾਂ ਦਾ ਧਨੀ ਹੁੰਦਾ ਹੈ।

2] ਸ਼ਾਸਤਰਾਂ ਦੇ ਹਰ ਪਖੋਂ ਗਿਆਨ ਦਾ ਧਾਰਕ ਹੋਣ ਕਾਰਣ ਉਹ ਸਰੁਤ ਸੰਪ੍ਰਦਾ ਦਾ ਧਾਰਕ ਹੈ।

3] ਸੁੰਦਰ ਤੇ ਨਿਰੋਗ ਸਰੀਰ ਹੋਣ ਕਾਰਣ ਉਹ ਸਰੀਰ ਸੰਪਰਦਾ ਦਾ ਮਾਲਕ ਹੈ।

4] ਭਾਸ਼ਨ ਕਲਾ ਵਿਚ ਪ੍ਰਮੁਖ ਹੋਣ ਕਾਰਾਣ ਆਚਾਰੀਆ ਵਚਨ ਸੰਪਰਦਾ ਦਾ ਧਨੀ ਹੈ।

5] ਆਚਾਰੀਆ ਸ੍ਰੀ ਸੰਘ ਨੂੰ ਸ਼ਾਸ਼ਤਰਾਂ ਦੀ ਪੜਾਈ ਕਰਾਉਂਦਾ ਹੈ। ਇਸ ਲਈ ਉਹ ਬਾਚਨਾ ਸੰਪ੍ਰਦਾ ਦਾ ਧਨੀ ਹੈ।

6] ਆਚਾਰੀਆ ਤੇਜ ਬੁਧੀ ਹੋਣ ਕਾਰਣ ਮਤੀ ਸੰਪਰਦਾ ਦਾ ਧੰਨੀ ਹੁੰਦਾ ਹੈ।

7] ਆਚਾਰੀਆ ਵਾਦ ਵਿਵਾਦ ਅਤੇ ਸ਼ਾਸਤਰ ਅਰਥ ਕਰਨ ਵਿਚ ਪ੍ਰਵੀਨ ਹੁੰਦਾ ਹੈ।

ਇਸੇ ਕਾਰਣ ਉਹ ਪ੍ਰਯੋਗ ਮਤੀ ਸੰਪਦਾ ਦਾ ਧਨੀ ਹੈ ।

8] ਆਚਾਰੀਆ ਸਾਧ, ਸਾਧਵੀਆਂ ਲਈ ਯੋਗ ਵਸਤਰ ਅਤੇ ਪਾਤਰ ਦਾ ਸੰਗ੍ਰਹਿ ਕਰਨ ਦਾ ਅਧਿਕਾਰੀ ਹੈ ਇਸ ਲਈ ਉਹ ਸੰਗ੍ਰਹਿ ਪ੍ਰਿਗਿਆ ਸੰਪਦਾ ਦਾ ਧਨੀ ਹੈ ।

ਇਸ ਪ੍ਰਕਾਰ ਆਚਾਰੀਆ ਪਦਵੀ ਜੈਨ ਧਰਮ ਵਿਚ ਬਹੁਤ ਹੀ ਗੁਣ ਪ੍ਰਧਾਨ ਅਤੇ ਪੂਜਣ ਯੋਗ ਹੈ ।

# ਉਪਾਧਿਆ

ਨਵਕਾਰ ਮੰਤਰ ਵਿਚ ਚੌਥਾ ਮਹੱਤਵ ਪੂਰਨ ਸਥਾਨ ਉਪਾਧੀਆ ਦਾ ਹੈ। ਉਸ ਦਾ ਫਰਜ ਸ੍ਰੀ ਸੰਘ ਦੇ ਸਾਧੂ, ਸਾਧਵੀ, ਸ਼੍ਰਾਵਕ ਤੇ ਸ਼੍ਰਾਵੀਕਾਵਾਂ ਨੂੰ ਸ਼ਾਸਤਰ ਪੜਾਉਣਾ ਹੈ। ਉਪਾਧੀਆ ਸ੍ਰੀ ਸੰਘ ਦਾ ਸਿਖਿਆ ਮੰਤਰੀ ਹੁੰਦਾ ਹੈ।

## ਉਪਾਧਿਆ ਦਾ ਕਰਤਵ

ਉਪਾਧਿਆ ਦਾ ਪ੍ਰਮੁਖ ਕਰਤੱਵ ਹੈ ਕਿ ਉਹ ਸਾਧੂ, ਸਾਧਵੀ ਨੂੰ ਵਿਧੀ ਅਨੁਸਾਰ ਸ਼ਾਸਤਰਾਂ ਦਾ ਅਧਿਐਨ ਕਰਾਉਂਦੇ ਹਨ। ਆਚਾਰੀਆ ਤੇ ਉਪਾਧੀਆ ਸ੍ਰੀ ਸੰਘ ਨੂੰ ਸੂਤਰਾਂ ਦਾ ਗਿਆਨ ਦਿੰਦੇ ਆਪ ਤੇਰਦੇ ਹਨ, ਹੋਰਾਂ ਨੂੰ ਸੰਸਾਰ ਸਾਗਰ ਪਾਰ ਹੋਣ ਵਿਚ ਸਹਾਇਕ ਬਣਦੇ ਹਨ।

## ਉਪਾਧੀਆ ਦੇ ਗੁਣ

ਉਪਾਧੀਆ ਦੇ 25 ਗੁਣ ਪ੍ਰਾਚੀਨ ਗ੍ਰੰਥਕਾਰਾਂ ਨੇ ਫੁਰਮਾਏ ਹਨ:

[1 ਤੋਂ 12] ਬਾਰ੍ਹਾਂ ਅੰਗਾਂ ਦਾ ਜਾਨਕਾਰ[1] [13-14] ਚਰਨ ਸਪਤਤੀ ਅਤੇ ਕਰਨ ਸਮਤਤੀ [15-22] ਅਠ ਪ੍ਰਕਾਰ ਦੀ ਪ੍ਰਭਾਵਨਾ (ਪ੍ਰਚਾਰ) ਨਾਲ ਧਰਮ ਨੂੰ ਵਧਾਉਣ ਵਾਲਾ [23-25] ਮਨ, ਬਚਨ ਅਤੇ ਕਾਇਆ (ਸਰੀਰ) ਯੋਗ ਨੂੰ ਵਸ ਵਿਚ ਕਰਨ ਵਾਲਾ।

ਬਾਰ੍ਹਾਂ ਅੰਗਾਂ ਦੇ ਨਾਂ:

1] ਅਚਾਰੰਗ 2] ਸੂਤਰ ਕ੍ਰਿਤਾਂਗ 3] ਸਥਾਨੰਗ 4] ਸਮਵਾਯੰਗ 5] ਭਗਵਤੀ 6] ਗਿਆਤਾ ਧਰਮ ਕਥਾਂਗ 7] ਉਪਾਸਕ ਦਸਾਂਗ 8] ਅੰਤਕ੍ਰਿਤ ਦਸ਼ਾਂਗ 9] ਅਨਤਰੋਪਾਤਿਕ 10] ਪ੍ਰਸ਼ਨ ਵਿਆਕਰਨ 11] ਵਿਪਾਕ ਸੂਤਰ 12] ਦ੍ਰਿਸ਼ਟੀਵਾਦ

---

1. ਵਾਰਵਾ ਦ੍ਰਿਸ਼ਟੀ ਵਾਦ ਅੱਜ ਕਲ ਨਹੀਂ ਮਿਲਦਾ। ਇਸ ਦਾ ਵਿਸ਼ਾ ਵਸਤੂ ਨੰਦੀ ਸੂਤਰ ਵਿਚ ਦਰਜ ਹੈ। ਦਿਗੰਵਰ ਜੈਨ, ਇਨ੍ਹਾਂ ਗ੍ਰੰਥਾਂ ਦੇ ਨਾਵਾਂ ਨੂੰ ਮੰਨਦੇ ਹਨ ਇਨ੍ਹਾਂ ਵਿਚ ਦਰਜ ਉਪਦੇਸ਼ਾ ਨੂੰ ਨਹੀਂ। ਦਿਗਵੰਰ ਆਗਮਾ ਦੀ ਤਰ੍ਹਾਂ ਦਿਗੰਵਰ ਆਚਾਰੀਆ ਕੁੰਦ ਕੁੰਦ, ਅਕਲਕ ਆਦਿ ਲਿਖੇ ਗ੍ਰੰਥਾਂ ਨੂੰ ਆਗਮਾ ਦੀ ਤਰ੍ਹਾਂ ਮੰਨਦੇ ਹਨ। ਦੋਹਾਂ ਪਰੰਪਰਾ ਵਿਚ ਦਾਰਸ਼ਨਿਕ ਪਰੰਪਰਾ ਵਲੋਂ ਖਾਸ ਮਤਭੇਦ ਨਹੀਂ। ਪ੍ਰੰਪਰਾ ਪਖੋਂ ਕੁਝ ਮੱਤ ਭੇਦ ਹਨ।

## ਕਰਨ ਸਪਤਤੀ/ਚਰਨ ਸਪਤਤੀ

ਕਰਨ ਤੋਂ ਭਾਵ ਹੈ ਜੋ ਕੰਮ ਜਦ ਕਰਨ ਦਾ ਅਵਸਰ ਹੋਵੇ ਉਸਨੂੰ ਕਰਨਾ। ਕਰਨ 70 ਪ੍ਰਕਾਰ ਦਾ ਹੈ।

ਚਰਨ ਤੋਂ ਭਾਵ ਚਰਿੱਤਰ ਹੈ। ਚਰਨ ਤੇ ਕਰਨ ਵਿਚ ਇਹੋ ਭੇਦ ਹੈ ਕਿ ਜਿਸ ਦਾ ਹਰ ਰੋਜ ਆਚਰਨ ਕੀਤਾ ਜਾਵੇ ਉਹ ਚਰਨ ਹੈ ਅਤੇ ਜਿਸ ਦਾ ਕਿਸੇ ਖਾਸ ਮੌਕੇ ਤੇ ਪ੍ਰਯੋਗ ਕੀਤਾ ਜਾਵੇ ਅਤੇ ਨਾ ਮੌਕਾ ਹੋਣ ਤੇ ਛਡ ਦਿਤਾ ਜਾਵੇ ਉਹ ਕਰਨ ਹੈ। ਚਰਨ ਦੀ ਤਰ੍ਹਾਂ, ਕਰਨ ਵੀ 70 ਪ੍ਰਕਾਰ ਦਾ ਹੈ।

## ਅਠ ਪ੍ਰਕਾਰ ਦੀ ਪ੍ਰਭਾਵਨਾ

1] ਪ੍ਰਵਚਨ ਪ੍ਰਭਾਵਨਾ :—ਉਪਾਧੀਆ ਜੀ ਆਪਣੇ ਭਾਸ਼ਨ ਰਾਹੀਂ ਧਰਮ ਦਾ ਪ੍ਰਚਾਰ ਪ੍ਰਸਾਰ ਆਮ ਲੋਕਾਂ ਤਕ ਕਰਦੇ ਹਨ।

2] ਧਰਮ ਕਥਾ ਪ੍ਰਭਾਵਨਾ :—ਉਪਾਧੀਆ ਧਾਰਮਿਕ ਕਥਾਵਾਂ ਰਾਹੀਂ ਧਰਮ ਪ੍ਰਚਾਰ ਕਰਦੇ ਹਨ। ਧਰਮ ਕਥਾ 4 ਪ੍ਰਕਾਰ ਦੀ ਹੈ।

ੳ] ਆਕਸ਼ੇਪਨੀ :—ਕਿਸੇ ਵਿਸ਼ੇ ਤੇ ਤਰਕ ਸੰਗਤ ਸੁੰਦਰ ਕਥਨ ਕਰਨਾ, ਜਿਸ ਨਾਲ ਸੁਨਣ ਵਾਲਾ ਰੁਚੀ ਪ੍ਰਾਪਤ ਕਰੇ।

ਅ] ਵਿਕਸ਼ੇਪਨੀ—ਭੈੜੇ ਮਾਰਗ ਤੋਂ ਚੰਗੇ ਮਾਰਗ ਤੇ ਲੈ ਆਉਣ ਵਾਲਾ ਉਪਦੇਸ਼ ਧਰਮ ਕਥਾ ਹੈ।

ੲ] ਸੰਵੇਗਨੀ :—ਜਿਸ ਕਥਾ ਨਾਲ ਦਿਲ ਵਿਚ ਵੈਰਾਗ ਉਤਪੰਨ ਹੋਵੇ।

ਸ] ਨਿਰਵੇਦਨੀ :—ਜਿਸ ਕਥਾ ਨੂੰ ਸੁਣ ਕੇ ਸਰੋਤਾ ਪਾਪ ਕਰਮਾਂ ਤੋਂ ਪਰੇ ਹੋ ਜਾਵੇ।

3) ਵਾਦ ਪ੍ਰਭਾਵਨਾ :—ਉਪਾਧੀਆ ਧਰਮ ਦੀ ਆਲੋਚਨਾ ਕਰਨ ਵਾਲਿਆਂ ਤੋਂ ਉਪਾਸਕ ਨੂੰ ਸੱਚ ਤੇ ਝੂਠ ਦਾ ਭੇਦ ਸਮਝਾ ਕੇ ਧਰਮ ਵਿਚ ਜੋ ਸਥਿਰ ਕਰਦੇ ਹਨ ਉਹ ਵਾਦ ਪ੍ਰਭਾਵਨਾ ਹੈ। ਜਾਂ ਵਾਦ ਵਿਵਾਦ ਰਾਹੀਂ ਆਪਣੇ ਮੱਤ ਦੀ ਸਚਾਈ ਪ੍ਰਗਟ ਕਰਨਾ ਇਸ ਵਿਚ ਸ਼ਾਮਲ ਹੈ।

4) ਜੋ ਤ੍ਰਿਕਾਲ ਗਿਆਨ ਪ੍ਰਭਾਵਨਾ :—ਜੈਨ ਸ਼ਾਸਤਰਾ ਅਨੁਸਾਰ ਭੂਗੋਲ, ਖਗੋਲ, ਜੋਤਿਸ਼, ਆਦਿ ਦੇ ਗਿਆਨ ਰਾਹੀਂ ਧਰਮ ਸੰਬੰਧੀ ਮਾਨਤਾਵਾਂ ਲੋਕਾਂ ਨੂੰ ਸਮਝਾਉਂਦੇ ਹਨ। ਧਰਮ ਤੇ ਆਉਣ ਵਾਲੇ ਕਸ਼ਟ ਤੋਂ ਲੋਕਾਂ ਨੂੰ ਸਾਵਧਾਨ ਕਰਨਾ ਇਸ ਵਿਚ ਸ਼ਾਮਲ ਹੈ।

5) ਤਪ ਪ੍ਰਭਾਵਨਾ :—ਅੰਹਕਾਰ ਦੀ ਭਾਵਨਾ ਤਿਆਗ ਕੇ ਉਪਾਧੀਆ ਖੁਦ ਤੱਪ ਕਰਦੇ ਹਨ ਅਤੇ ਧਰਮ ਪ੍ਰਸਾਰ ਲਈ ਲੋਕਾਂ ਨੂੰ ਅਜਿਹਾ ਕਰਨ ਦਾ ਉਪਦੇਸ਼ ਦਿੰਦੇ ਹਨ।

6) ਵਰਤ ਪ੍ਰਭਾਵਨਾ—ਚਿਕਨਾਹਟ ਵਾਲੇ ਪਦਾਰਥਾਂ ਦੇ ਤਿਆਗ, ਘੱਟ ਸਮਾਨ, ਮੌਨ ਵਰਤ, ਕਠੋਰ ਅਭਿਗ੍ਰਹਿ (ਗੁਪਤ ਪ੍ਰਤਿਗਿਆ ਵਾਲਾ ਤੱਪ) ਕਾਯੋਤਸਗ,

ਤਸਰਾ ਸਮਾਧੀ, ਇੰਦਰੀਆਂ ਤੇ ਕਾਬੂ ਪਾਉਣ ਦੀ ਸਾਧਨਾ ਆਦਿ ਕ੍ਰਿਆਵਾਂ ਨਾਲ ਧਰਮ ਦਾ ਪ੍ਰਚਾਰ ਪ੍ਰਸਾਰ ਕਰਦੇ ਹਨ।

7) ਵਿਦਿਆ ਪ੍ਰਭਾਵਨਾ :—ਉਪਾਧੀਆ ਲਈ ਜਰੂਰੀ ਹੈ ਕਿ ਉਹ ਵਿਦਿਆਵਾਂ ਵਿਚ ਪ੍ਰਵੀਨ ਹੋਵੈ। ਜੰਤਰ ਮੰਤਰ ਸਾਧਨਾ ਜਾਣਦਾ ਹੋਵੇ। ਪਰ ਉਹ ਇਨਾਂ ਵਿਦਿਆਵਾਂ ਦਾ ਪ੍ਰਯੋਗ ਧਰਮ ਸੰਕਟ ਵੇਲੇ ਹੀ ਕਰ ਸਕਦਾ ਹੈ ਸੰਸਾਰ ਦੇ ਕੰਮ ਕਾਜ ਲਈ ਨਹੀਂ ਸੋ ਉਪਾਧੀਆ ਧਰਮ ਸੰਕਟ ਸਮੇਂ ਧਰਮ ਨੂੰ ਵਿਦਿਆ ਰਾਹੀਂ ਬਚਾ ਕੇ ਧਰਮ ਪ੍ਰਚਾਰ ਕਰਦੇ ਰਹੇ ਹਨ।

8) ਕਵਿਤਤੱਵ ਭਾਵਨਾ :—ਉਪਾਧੀਆ ਆਮ ਲੋਕਾ ਦਾ ਸਮਝ ਪਾਉਣ ਵਾਲੀ ਕਵਿਤਾ ਰਾਹੀਂ ਧਰਮ ਸਿਧਾਂਤ ਲੋਕਾਂ ਨੂੰ ਸਮਝਾ ਕੇ ਧਰਮ ਪ੍ਰਚਾਰ ਕਰੇ।

# ਸਾਧੂ

ਸਾਧੂ ਨੂੰ ਜੈਨ ਗ੍ਰੰਥਾਂ ਵਿਚ ਯਤੀ, ਨਿਰਗ੍ਰੰਥ, ਅਨਗਾਰ, ਮੁਨੀ ਅਤੇ ਭਿਖਸ਼ੂ ਆਦਿ ਸ਼ਬਦਾ ਨਾਲ ਯਾਦ ਕੀਤਾ ਗਿਆ ਹੈ। ਇਹ ਸਾਰੇ ਸ਼ਬਦ ਸਾਧੂ ਪਦਵੀ ਦੇ ਗੁਣਾ ਦੇ ਪ੍ਰਤੀਕ ਹਨ। ਸਾਧੂ ਜੀਵਨ ਮੁਕਤੀ ਰੂਪੀ ਰਾਹ ਤੇ ਚਲਣ ਲਈ ਪਹਿਲਾਂ ਕਦਮ ਹੈ। ਫੇਰ ਵੀ ਸਾਧੂ ਦੇ 27 ਗੁਣ ਆਖੇ ਗਏ ਹਨ।

## ਸਾਧੂ ਦੀਖਿਆ ਦੀ ਪ੍ਰਤਿਗਿਆ

ਹੇ ਭਗਵਾਨ ਮੈਂ ਸਮਾਇਕ ਕਰਦਾ ਹਾਂ ਸਾਰੇ ਸਾਵਦਯ (ਪਾਪਕਾਰੀ) ਯੋਗ (ਮਨ, ਵਚਨ, ਕਾਇਆ) ਦਾ ਪ੍ਰਤਿਖਿਆਨ (ਪਛਖਾਨ ਦਾ ਤਿਆਗ) ਕਰਦਾ ਹਾਂ ਸਾਰੀ ਜ਼ਿੰਦਗੀ ਮੈਂ ਤਿੰਨ ਯੋਗ ਰਾਹੀਂ ਨਾ ਖੁਦ ਪਾਪ ਕਰਾਂਗਾ ਨਾ ਕਰਵਾਂਗਾ, ਨਾ ਕਰਦੇ ਨੂੰ ਚੰਗਾ ਜਾਨਗਾ ਭੂਤਕਾਲ ਵਿਚ ਜੋ ਵੀ ਪਾਪ ਕਰਮ ਕੀਤੇ ਹਨ ਉਨ੍ਹਾਂ ਦਾ ਪ੍ਰਤਿਕ੍ਰਮਨ (ਪਿਛੇ ਹੱਟਦਾ ਹਾਂ) ਕਰਦਾ ਹਾਂ। ਉਨ੍ਹਾਂ ਦੀ ਨਿੰਦਾ ਕਰਦਾ ਹਾਂ। ਗੁਰੂ ਸਾਖੀ ਨਾਲ ਉਨ੍ਹਾਂ ਦੀ ਗ੍ਰਹਿ ਕਰਦਾ ਹਾਂ ਮੈਂ ਦੂਸ਼ੀਤ ਆਤਮਾ ਦਾ ਤਿਆਗ ਕਰਦਾ ਹਾਂ। ਉਨਾਂ ਮੈਲੀਆਂ ਵਿਰਤੀਆਂ ਤੇ ਆਤਮਾ ਨੂੰ ਮੁਕਤ ਕਰਦਾ ਹਾਂ।

5 ਮਹਾਵਹਰਤ ਅਤੇ ਰਾਤਰੀ ਭੋਜਨ ਦਾ ਤਿਆਗ 5 ਇੰਦਰੀਆਂ ਨੂੰ ਵਸ ਵਿਚ ਕਰਨ ਵਾਲਾ ਤਿੰਨ ਪ੍ਰਕਾਰ ਦੇ ਸੱਚ ਦਾ ਧਾਰਕ 6 ਪ੍ਰਕਾਰ ਦੇ ਜੀਵਾਂ ਦਾ ਰਖਿਅਕ, ਮਰਨ ਸਮੇਂ ਸਮਾਧੀ ਧਾਰਨ ਕਰਨ ਵਾਲਾ।

## ਸਾਧੂ ਦੇ 27 ਗੁਣ

ਤੀਰਥੰਕਰਾ ਨੇ ਸਾਧੂ ਦੇ 27 ਗੁਣ ਦਸੇ ਹਨ ਜੋ ਇਸ ਪ੍ਰਕਾਰ ਹਨ :

1-5 ਪੰਜ ਮਹਾਂਵਰਤ ਸਾਧੂ ਅਹਿੰਸਾ, ਸੱਚ. ਚੋਰੀ ਤਿਆਗ, ਬ੍ਰਹਮਚਰਜ ਤੇ ਅਪਾਰਿਗ੍ਰਹਿ ਦਾ ਮਨ, ਵਚਨ ਤੇ ਕਾਈਆ ਪਖੋਂ ਤਿੰਨ ਕਰਨ ਤੇ ਤਿੰਨ ਯੋਗ ਨਾਲ ਜਿੰਦਗੀ ਭਰ ਪਾਲਨ ਕਰਦੇ ਹਨ।

6-10 ਪੰਜ ਇੰਦਰੀਆਂ ਨਿਗ੍ਰਹਿ :—ਨਿਗ੍ਰਹਿ ਤੋਂ ਭਾਵ ਵਿਸ਼ੇ ਵਾਸਨਾਵਾਂ ਤੋਂ ਇੰਦਰੀਆਂ ਨੂੰ ਬਚਾਉਨਾ ਜੋ ਪੰਜ ਹਨ (1) ਕੰਨ (2) ਅੱਖ (3) ਨੱਕ (4) ਜੀਭ (5) ਸਪਰਸ਼।

11-14 ਚਾਰ ਕਸ਼ਾਏ ਤੇ ਕਾਬੂ ਕਰਨਾ ਸਾਧੂ ਲਈ ਜ਼ਰੂਰੀ ਹੈ। ਇਸ ਕਾਬੂ ਕਰਨ ਦੀ ਭਾਵਨਾ ਨੂੰ ਵਿਵੇਕ ਵੀ ਆਖਦੇ ਹਨ ਇਹ ਚਾਰ ਹਨ (1) ਕਰੋਧ (2) ਮਾਨ (3)

ਮਾਇਆ (4) ਲੋਭ ।

15 ਭਾਵ ਸੱਤ :-ਅੰਤਕਰਨ ਤੋਂ ਭੈੜੇ ਭਾਵ (ਆਸ਼ਰਵ) ਨੂੰ ਹਟਾਕੇ ਨਿਰਮਲ ਆਤਮਾ ਰਾਹੀ ਧਰਮ ਧਿਆਨ ਤੇ ਸ਼ੁਕਲ ਧਿਆਨ ਰਾਹੀਂ ਸ਼ੁਧ ਭਾਵ ਪੈਦਾ ਕਰਨਾ ਹੀ ਭਾਵ ਸੱਤ ਹੈ ਇਸ ਰਾਹੀਂ ਆਤਮਾ-ਪਰਮਾਤਮਾ ਬਣਦੀ ਹੈ ।

16 ਕਰਨ ਸੱਤ :-ਭਾਵ ਸੱਤ ਦੀ ਸਿਧੀ ਲਈ ਕਰਨ ਸੱਤ ਜ਼ਰੂਰੀ ਹੈ ਕਿਉਂਕਿ ਜਦੋਂ ਰੋਜ਼ਾਨਾ ਧਾਰਮਿਕ ਕ੍ਰਿਆਵਾ ਸੱਚ ਤੇ ਅਧਾਰਿਤ ਹੋਣ ਤਾਂ ਹੀ ਭਾਵ ਸੱਤ ਟਿਕੇਗਾ ਅਤੇ ਜੀਵਨ ਦਾ ਆਂਖਰੀ ਨਿਸ਼ਾਨਾ ਨਿਰਵਾਨ, ਮੋਕਸ਼. ਸਿਧ ਜਾਂ ਪ੍ਰਮਾਤਮਾ ਅਵਸਥਾ ਮਿਲੇਗੀ ।

ਸਾਧੂ ਲਈ ਜ਼ਰੂਰੀ ਹੈ ਕਿ ਉਹ ਗ੍ਰੰਥਾਂ ਦਾ ਸਵਾਧਿਆਏ ਸ਼ਾਸਤਰ ਵਿਚ ਆਖੇ ਦੋਸ਼ ਟਾਲ ਕੇ ਕਰੇ । ਸ੍ਰੀ ਸਥਾਨੰਗ ਸੂਤਰ ਵਿਚ 32 ਦੋਸ਼ ਦਸੇ ਗਏ ਹਨ ।

## ਅਕਾਸ਼ ਸੰਕਧੀ

(1) ਉਲਕਾਪਾਤ (2) ਦਿਗਦਾਹ (3) ਗਰਜਿਤ (4) ਬਿਜਲੀ (5) ਨਿਰ-ਘਾਤ (ਬਿਨਾਂ ਬਿਜਲੀ ਬਦਲਾਂ ਦੇ ਵਿਅੰਤਰ ਸ਼ਕਲ ਬਣ ਜਾਣਾ) (6) ਯੁਪਕ (ਸ਼ੁਕਲ ਪਖ ਦੀ ਪ੍ਰਤਿਪਦਾ, ਦੂਸਰੀ ਤੀਸਰੀ ਸੰਖਿਆ ਦੀ ਪ੍ਰਭਾ ਅਤੇ ਚੰਦਰ ਪ੍ਰਭਾ ਦਾ ਮਿਲਨ ਯੁਪਕ ਹੈ (7) ਯਕਸ਼ ਦੀਪਤੀ (ਬਿਜਲੀ ਵਰਗੀ ਚਮਕ) (8) ਧੂਮਿਕਾ (9) ਮਹਿਕ (ਠੰਡ ਵਿਚ ਸਵੇਰ ਔਸ ਪਵੇ) 10 ਰਜ ਉਦਘਾਤ (ਅਕਾਲ ਦੇ ਚਹੁ ਪਾਸੇ ਬਦਲ ਹੋਣ । ਇਨ੍ਹਾਂ ਹਾਲਤ ਵਿਚ ਇਕ ਪਹਿਰ ਸ਼ਾਸਤਰਾਂ ਦਾ ਪਾਠ ਮਨਾ ਹੈ ।

## ਸ਼ਰੀਰ ਸੰਬਧੀ

11-13 ਹੱਡੀ, ਮਾਸ, ਖੂਨ ਜੋ 100 ਹੱਥ ਤੋਂ ਲੈ ਕੇ 600 ਹੱਥ ਦੇ ਅੰਦਰ ਹੋਵੇ ਤਾਂ ਇਕ ਅਹੋਰਾਤਰ ਤਕ, ਇਸਤਰੀਆਂ ਦੇ ਮਾਸਿਕ ਧਰਮ ਦੀ ਸਥਿਤੀ ਵਿਚ ਤਿੰਨ ਦਿਨ ਤਕ ਅਤੇ ਬੱਚੇ ਦੇ ਜਨਮ ਸਮੇਂ 7-8 ਦਿਨ ਸ਼ਾਸਤਰਾ ਦਾ ਪਾਠ ਮਨਾ ਹੈ ।

(14) ਅਸ਼ੁਚੀ (ਸ਼ਾਸਤਰ ਪਾਠ ਵਾਲੀ ਜਗ੍ਹਾ ਟਟੀ ਪਿਸ਼ਾਬ ਆਵੇ ਜਾਂ ਬਦਬੂ ਨਜਰ ਆਵੇ ਤਦ ਤਕ ਪਾਠ ਮਨਾ ਹੈ(15)ਸ਼ਮਸਾਨ ਦੇ ਚਾਰੇ ਪਾਸੇ ਸੌ-ਸੌ ਹੱਥ ਜਗਾ ਛੱਡਕੇ ਸਾਸ਼-ਤਰ ਨਹੀਂ ਪੜਨਾ। (16) ਚੰਦਰ ਗ੍ਰਹਿਣ : (ਘਟੋਂ ਘਟ 8 ਪੇਹਰ ਜ਼ਿਆਦਾ ਤੋਂ ਜਿਆਦਾ 12 ਪੇਹਰ ਤਕ ਅਸਵਾਧਿਐ ਕਾਲ ਹੈ । (17) ਸੂਰਜ ਗ੍ਰਹਿਣ (ਘਟੋ ਘਟ 12 ਅਤੇ ਵਧ ਤੋਂ ਵਧ 16 ਪੇਹਰ ਸ਼ਾਸਤਰ ਪੜਨਾ ਮਨਾ ਹੈ । (18) ਪਤਨ-ਰਾਜਾ ਦੀ ਮੌਤ ਹੋਣ ਤੇ ਨਵਾਂ ਰਾਜਾ ਬਨਣ ਤਕ ਸ਼ਾਸਤਰ ਪੜਨਾ ਮਨਾ ਹੈ ਅਤੇ ਧਰਮ ਸਥਾਨ ਦੇ ਆਸ ਪਾਸ 7 ਘਰਾਂ ਵਿਚ ਮੌਤ ਹੋਣ ਤੇ ਇਕ ਦਿਨ ਰਾਤ ਸ਼ਾਸਤਰ ਪੜਨਾ ਮਨਾ ਹੈ ।

(19) ਰਾਜ-ਵਿਯੁਦ ਗ੍ਰਹਿ : ਰਾਜ ਵਿਚ ਜੇ ਲੜਾਈ ਛਿੜ ਜਾਵੇ ਤਾਂ ਲੜਾਈ ਖਤਮ ਹੋਣ ਤੋਂ ਬਾਅਦ ਇਕ ਅਹੋ ਰਾਤਰੀ ਟਾਲਕੇ ਸ਼ਾਸਤਰ ਪੜਨਾ ਨਹੀਂ ਚਾਹੀਦਾ ਹੈ ।

(20) ਔਦਾਰਿਕ ਸ਼ਰੀਰ (ਧਰਮ ਸਥਾਨ ਵਿਚ ਮਨੁਖ, ਪਸ਼ੂ ਜਾਂ ਹੋਰ ਨਿਰਜੀਵ ਸ਼ਰੀਰ ਪਿਆ ਹੈ ਤਾਂ 100 ਹੱਥ ਤਕ ਜਗ੍ਹਾ ਸ਼ਾਸਤਰ ਨਹੀਂ ਪੜਨਾ ।

(21-28) ਚਾਰ ਮਹੋਤਸਵ ਮਹਾਪ੍ਰਤਿਭਾ :—ਹਾੜ, ਸਾਵਣ, ਕੱਤਕ ਤੇ ਚੇਤਰ ਪੁਰਨ-ਮਾਸ਼ੀ ਮਹਤੋਸਵ ਹਨ ਅਤੇ ਇਨ੍ਹਾਂ ਤੋਂ ਬਾਅਦ ਆਉਣ ਵਾਲੀ ਪੁਰਨਮਾਸੀ ਮਹਾਂਪ੍ਰਤਿਪਦਾ ਹਨ । ਇਨ੍ਹਾਂ ਵਿਚ ਸ਼ਾਸਤਰ ਨਾ ਪੜਨਾ ।

(29-32) ਸਵੇਰੇ, ਦੁਪਹਿਰੇ, ਸ਼ਾਮ, ਅੱਧੀ ਰਾਤ—ਇਹ ਚਾਰ ਸੰਧਿਆ ਕਾਲ ਹਨ ਇਨ੍ਹਾਂ ਵਿਚ ਦੋ ਘੜੀ ਤਕ ਸਵਾਧਿਐ ਨਾਂ ਕਰਨਾ (ਖ) ਕਈ ਅਚਾਰਿਆ ਤਾਰਾ ਟੁਟਨ ਅਤੇ ਰਾਤ ਦੀ ਲਾਲ ਦਿਸ਼ਾ ਵਿਚ ਇਕ ਪੋਹਰ ਤਕ ਸਵਾਧਿਆ ਕਰਨਾ ਮੰਨਦੇ ਹਨ ।

ਇਹ ਕਾਲ ਦੀ ਮਨਾਹੀ ਦਾ ਪ੍ਰਮੁਖ ਕਾਰਨ ਹੈ ਕਿ ਇਨ੍ਹਾਂ ਹਾਲਤਾ ਸਥਿਤੀਆਂ ਵਿਚ ਸਾਧੂ ਦੀ ਮਨੋ-ਵਿਰਤੀ ਸਵਾਧਿਐ ਤੋਂ ਟੁਟ ਸਕਦੀ ਹੈ । ਸਾਧੂ ਸਵਾਧਿਐ ਰੂਪੀ ਰੁੱਖ ਤੋਂ ਤੱਪ ਦਾ ਉਹ ਫੱਲ ਪ੍ਰਾਪਤ ਨਹੀਂ ਕਰ ਸਕਦਾ, ਜੋ ਉਹ ਕਰਨਾ ਚਾਹੁੰਦਾ ਹੈ । ਜੇ ਦੇਸ਼ ਜਾਂ ਮਨ ਵਿਚ ਅਸਾਂਤੀ ਹੋਵੇ ਤਾਂ ਧਰਮ ਧਿਆਨ ਕਿਵੇਂ ਹੋ ਸਕਦਾ ਹੈ ? ਸ਼ਰੀਰ ਠੀਕ ਨਾਂ ਹੋਵੇ ਤਾਂ ਵੀ ਧਰਮ ਧਿਆਨ ਅਸੰਭਵ ਹੈ ਅਤੇ ਸਮਾਧੀ ਵੀ ਅਸੰਭਵ ਹੈ ।

## 6 ਆਵਸ਼ਕ

(1) ਸਮਾਇਕ :—ਸਭ ਪ੍ਰਕਾਰ ਦੇ ਪਾਪਕਾਰੀ ਯੋਗਾਂ (ਕੰਮਾਂ) ਤੋਂ ਛੁਟਕਾਰਾਂ ਪਾਉਣ ਲਈ ਸਾਧੂ ਜੀਵਨ ਭਰ ਲਈ ਸਮਾਇਕ ਵਰਤ ਦਾ ਪਾਲਣ ਕਰਦਾ ਹੈ ।

(2) ਚੌਵਿਸੀ ਸਤਵਨ : ਨਿਰਵਾਨ ਨੂੰ ਪ੍ਰਾਪਤ 24 ਤੀਰਥੰਕਰ ਦੀ ਸਤੂਤੀ ਗੁਣਗਾਨ ਕਰਨਾ ਵੀ ਸਾਧੂ ਲਈ ਜ਼ਰੂਰੀ ਹੈ ਤਾਂ ਇਸ ਤੀਰਥੰਕਰਾਂ ਦੇ ਜੀਵਨ ਤੋਂ ਪ੍ਰੇਰਣਾ ਪਾ ਕੇ ਸਾਧੂ ਦੀ ਆਤਮਾ ਮੋਕਸ਼ ਦਾ ਮਾਰਗ ਪਛਾਨ ਸਕੇ ।

(3) ਬੰਦਨਾ ਸਮਭਾਵ ਵਿਚ ਸਥਿਤ ਹੋ ਕੇ ਅਰਿਹੰਤਾਂ ਸਿੱਧਾ ਜਾਂ ਗੁਰੂਆਂ ਨੂੰ ਬੰਦਨ ਕਰਨਾ ਹੀ ਬੰਦਨਾ ਆਵਸ਼ਕ ਹੈ ।

(4) ਪ੍ਰਤਿਕ੍ਰਮਨ :—ਜੇ ਆਤਮਾ ਸਮਭਾਵ ਤੋਂ ਗਿਰ ਜਾਵੇ ਤਾਂ ਉਸ ਦੀ ਆਲੋਚਨਾ, ਨਿੰਦਾ, ਪਸ਼ਚਾਤਾਪ, ਖਿਮਾ ਮੰਗਨ, ਅਤੇ ਪਹਿਲਾ ਵਾਲੀ ਹਾਲਤ ਵਿਚ ਆਤਮਾ ਨੂੰ ਸਥਿਤ ਕਰਨਾ ਪ੍ਰਤਿਕ੍ਰਮਨ ਹੈ ।

(5) ਕਾਯੋਤ ਸਰਗ : ਪ੍ਰਮਾਦ ਵਸ ਗਿਆਨ, ਦਰਸ਼ਨ, ਚਾਰਿਤਰ ਰੂਪੀ ਸਾਮਾਇਕ ਵਿਚ ਜੇ ਕੋਈ ਅਤਿਚਾਰ ਰਹਿ ਜਾਵੇ । ਤਾਂ ਕਾਯੋਤਸਰਗ ਰੂਪੀ ਅੰਦਰਲੇ ਤੱਪ ਰਾਹੀਂ ਆਤਮ ਸੁਧੀ ਕਰਨਾ ਸਾਧੂ ਲਈ ਜ਼ਰੂਰੀ ਹੈ । ਕਾਯੋਤਸਰਗ ਤੋਂ ਭਾਵ ਹੈ ਸ਼ਰੀਰ ਦਾ ਮੋਹ ਤਿਆਗਨਾ ।

(6) ਪ੍ਰਤਿ ਖਿਆਨ :—ਫੇਰ ਭਵਿਖ ਲਈ ਅਸ਼ੁਭ ਤੋਂ ਛੁਟਨਾ ਤੇ ਸ਼ੁਭ ਵਲ ਲਗਨ ਲਈ ਦਰਵ ਪਖੋਂ-ਅਨੰ ਵਸਤਰ ਆਦਿ ਦਾ, ਭਾਵ ਪਖੋਂ-ਅਗਿਆਨ ਮਿਥਿਆਤਵ, ਕਸ਼ਾਏ,

ਅਸੰਜਮ ਦਾ ਤਿਆਗ-ਖੰਡ ਪ੍ਰਤਿ ਗਿਆਨ ਕਰਨਾ ਤਪ, ਤਿਆਗ ਰਾਹੀਂ ਆਤਮ ਨੂੰ ਪ੍ਰਾਸ਼ਚਿਤ ਨਾਲ ਸੁਧ ਕਰਨਾ ਹੀ ਪ੍ਰਤਿਖਿਆਨ ਹੈ ।

## ਪ੍ਰਤੀਲੇਖਨਾ

ਸਾਧੂ ਲਈ ਜ਼ਰੂਰੀ ਹੈ ਕਿ ਉਹ ਹਰ ਵਸਤੂ ਦੇਖ ਭਾਲ ਕੇ ਗ੍ਰਹਿਣ ਕਰੇ ਇਸ ਨੂੰ ਪ੍ਰਤੀਲੇਖਨਾ ਆਖਦੇ ਹਨ। ਇਸ ਵਿਚ ਵਸਤੂ ਨੂੰ ਰਖਣ ਤੇ ਸਾਫ ਕਰਨ ਦੀ ਵਿਧੀ ਸ਼ਾਮਲ ਹੈ।

ਤੀਰਥੰਕਰ ਹਮੇਸ਼ਾ ਕਾਯੋਤਸਰਗ ਆਸਨ ਵਿਚ ਬੈਠਦੇ ਹਨ ਅਤੇ ਸਾਧੂ ਨੂੰ ਕਾਯੋਤ-ਸਰਗ ਦੇ 19 ਦੋਸ਼ ਜਾਨਣੇ ਜ਼ਰੂਰੀ ਹਨ।

## ਭੋਜਨ ਦਾ ਕਾਰਣਂ

ਸਾਧੂ ਪੁਰਸ਼ ਛੇ ਕਾਰਣਾਂ ਕਰਕੇ ਭੋਜਨ ਕਰਦੇ ਹਨ।

(1) ਵੇਦਨਾ (ਭੁੱਖ ਦੀ ਸਾਂਤੀ ਲਈ) (2) ਵੈਯਵਿਰਤ (ਸੇਵਾ ਕਰਨ ਲਈ) (3) ਈਰਿਆਪਥ (ਗੰਮਨ, ਆਗਮਨ ਦੀ ਸ਼ੁਧ ਪ੍ਰਰਵਿਰਤੀ ਲਈ) (4) ਸੰਜਮ (ਸੰਜਮ ਪਾਲਨ ਜਾਂ ਸੰਜਮ ਰਖਿਆ ਲਈ) (5) ਪ੍ਰਾਣ ਪ੍ਰਤਿਆਰਥ (ਪ੍ਰਾਣਾਂ ਦੀ ਰਖਿਆ ਲਈ (6) ਧਰਮ ਚਿੰਤਾ (ਸ਼ਾਸਤਰ ਪੜਨ ਤੇ ਧਰਮ ਚਿੰਤਨ) ਸ਼ਰੀਰ ਦੇ ਪਾਲਨ ਪੋਸ਼ਨ, ਸਿੰਗਾਰ ਲਈ ਸਾਧੂ ਗ੍ਰਹਿਣ ਨਹੀਂ ਕਰਦੇ। ਸਾਧੂ 6 ਕਾਰਣਾਂ ਹੋਣ ਤੇ ਭੋਜਨ ਤਿਆਂਗਦੇ ਹਨ (1) ਆਂਤਕ (ਭੈਅੰਕਰ ਰੋਗ ਆਉਣ ਤੇ) (2) ਉਪਸਰਗ (ਅਚਾਨਕ ਕਸ਼ਟ ਆਉਣ ਤੇ) (3) ਬ੍ਰਹਮਚਰਜ ਗੁਪਤਿ (ਬ੍ਰਹਮਚਰਜ ਦੀ ਰਖਿਆ ਲਈ) (4) ਪ੍ਰਾਣੀ ਦਿਆ (ਜੀਵਾਂ ਤੇ ਤਰਸ ਰਹਿਮ ਕਰਦੇ ਹੋਏ) (5) ਤਪ (ਤਪਸਿਆ ਕਾਰਣ) (6) ਸੰਲੇਖਨਾ (ਮਰਨ ਸਮਾਂ ਜਾਨ ਕੇ ਅਨਸ਼ਨ ਪੁਰਵਕ ਸਮਾਧੀ ਸਮੇਂ) ਸ੍ਰੀ ਉਤਰਾ ਧਿਆਨ ਸੂਤਰ ਅਨੁਸਾਰ ਸਾਧੂ 47 ਪ੍ਰਕਾਰ ਦੇ ਦੋਸ਼ਾਂ ਨੂੰ ਟਾਲਕੇ ਭੋਜਨ ਗ੍ਰਹਿਣ ਕਰੇ ਇਨ੍ਹਾਂ ਦੋਸ਼ਾਂ ਦਾ ਵਰਨਣ ਸ੍ਰੀ ਦਸ਼ਵੇਕਾਲਿਕ ਸੂਤਰ ਵਿਚ ਵੀ ਵਿਸਥਾਰ ਨਾਲ ਮਿਲਦਾ ਹੈ।

## 10 ਪ੍ਰਕਾਰ ਦੀ ਸਮਾਚਾਰੀ

1) ਆਵਸ਼ਕੀ :—ਸਾਧੂ ਨੂੰ ਜੇ ਕਿਤੇ ਬਾਹਰ ਜਾਣਾ ਪਵੇ ਤਾਂ ਗੁਰੂ ਨੂੰ ਦਸ ਕੇ ਜਾਣਾ।
2) ਨੇਸਿਧਕੀ :—ਆਪਣਾ ਕੰਮ ਪੂਰਾ ਕਰਕੇ ਸੂਚਨਾ ਦੇਣਾ।
3) ਆਪ੍ਰਛਿਨਾ :—ਆਪਣੇ ਕੰਮ ਲਈ ਗੁਰੂ ਤੋਂ ਆਗਿਆ ਲੈਣੀ।
4) ਪ੍ਰਤਿਪ੍ਰਛਿਨਾ :—ਦੂਸਰੇ ਦੇ ਕੰਮ ਲਈ ਗੁਰੂ ਤੋਂ ਆਗਿਆ ਲੈਣੀ।
5) ਛੰਦਨਾ :—ਪਹਿਲਾ ਇਕਠੇ ਦਰਵਾ ਵਸਤਾਂ ਵਾਸਤੇ ਗੁਰੂ ਨੂੰ ਬੇਨਤੀ ਕਰਨਾ :
6) ਇੱਛਾਕਾਰ :—ਦੂਸਰੇ ਦੇ ਕੰਮ ਵਿਚ ਸਹਿਜ ਰੁਚੀ ਲੈਣਾ, ਆਪਣੇ ਕੰਮ ਲਈ ਵੀ, ਦੂਸਰੇ ਦੀ ਇੱਛਾ ਅਨੁਸਾਰ ਦੂਸਰੇ ਨੂੰ ਬੇਨਤੀ ਕਰਨਾ।
7) ਮਿਥਿਆਕਾਰ :—ਦੋਸ਼ ਲਗ ਜਾਣ ਤੇ ਮਿਛਾਮਿ ਦੁਕੱੜਮ ਆਖਣਾ ਅਤੇ ਆਖ ਕੇ

ਆਤਮ ਨਿੰਦਾ ਕਰਨਾ ।

8) ਤਥਾਕਾਰ :—ਗੁਰੂ ਦੇ ਉਪਦੇਸ਼ ਨੂੰ ਸਤ ਵਚਨ ਆਖ ਕੇ ਸਤਿਕਾਰ ਕਰਨਾ ।

9) ਅਵਿਯੁਥਾਨ :—ਗੁਰੂ ਦੀ ਪੂਜਾ ਸਤਿਕਾਰ ਵਜੋਂ ਆਪਣਾ ਆਸ਼ਨ ਕਰ ਕੇ ਖੜੇ ਹੋ ਜਾਣਾ ।

10) ਉਪਸੰਪਦਾ :—ਕਿਸੇ ਖਾਸ ਕੰਬ ਲਈ ਆਚਾਰੀਆ ਦੇ ਪਾਸ ਰਹਿਣਾ ।

ਇਨ੍ਹਾਂ ਸਮਾਚਾਰੀ ਕ੍ਰਿਆਵਾ ਦਾ ਸਮਿਅਕ (ਠੀਕ) ਢੰਗ ਨਾਲ ਪਾਲਣ ਕਰਨਾ ਸਾਧੂ ਜੀਵਨ ਦਾ ਅੰਗ ਹੈ ।

## 17 ਪ੍ਰਕਾਰ ਦਾ ਸੰਜਮ

ਸਾਧੂ ਹਿੰਸਾ ਆਦਿ 5 ਪਾਪ (ਆਸ਼ਰਵ), ਪੰਜ ਇੰਦਰੀਆਂ ਤੇ ਕਾਬੂ ਕਰਕੇ, ਚਾਰ ਕਸ਼ਾਏ ਜਿਤ ਕੇ, ਤਿੰਨ ਢੰਡ (ਮਨ, ਵਚਨ ਤੇ ਕਾਈਆ) ਰਾਹੀਂ 17 ਪ੍ਰਕਾਰ ਦਾ ਸੰਜਮ ਪਾਲਦੇ ਹਨ ।

## 12 ਅਨੁਪਰੇਕਸ਼ਾਵਾਂ

ਕਰਨ ਸਪਤਤੀ ਵਿਚ ਬਾਰ੍ਹਾਂ ਭਾਵਨਾਵਾਂ ਹਨ ਜੋ ਸਮਿਅਕ ਗਿਆਨ, ਸਮਿਅਕ ਦਰਸ਼ਨ, ਸਮਿਅਕ ਚਰਿੱਤਰ ਰੂਪੀ ਤਿੰਨ ਰਤਨਾ ਨੂੰ ਸਥਿਰ ਕਰਦੀਆਂ ਹਨ । ਇਨ੍ਹਾਂ ਬਾਰ੍ਹਾਂ ਭਾਵਨਾਵਾਂ ਦਾ ਹਰ ਸਾਧੂ ਸਾਧਵੀ ਨੂੰ ਡੂੰਗਾਂ ਚਿੰਤਨ ਕਰਨਾ ਚਾਹੀਦਾ ਹੈ । ਅਜੇਹੇ ਚਿੰਤਨ ਨਾਲ ਰਾਗ ਦਵੇਸ਼ ਦੀ ਵਿਰਤੀ ਰੁਕ ਜਾਂਦੀ ਹੈ । ਇਹ ਭਾਵਨਾਵਾਂ, ਰੁਚੀ, ਉਤਸ਼ਾਹ, ਸ਼ਰਧਾ ਤੇ ਵੈਰਾਗ ਭਾਵ ਨਾਲ ਕਰਨੀਆਂ ਚਾਹੀਦੀਆਂ ਹਨ । ਇਨ੍ਹਾ ਦਾ ਭਾਵ ਇਸ ਪ੍ਰਕਾਰ ਹੈ

1) ਅਨਿਤਯਾਨੁ ਪਰੇਕਸ਼ਾ : ਸਰੀਰ, ਘਰ ਬਾਰ ਸਭ ਕੁਝ ਅਸਥਿਰ ਹੈ ਫੇਰ ਆਤਮਾ ਇਸ ਵਿਚ ਉਲਝ ਕੇ ਕਿਉਂ ਪਾਪ ਕਰੇ ?ਇਹ ਭਾਵ ਆਤਮਾ ਵਿਚ ਸਥਿਰ ਕਰਨਾ ।

2) ਅਸ਼ਰਨ ਭਾਵ ਪਰੇਕਸ਼ਾ : ਸੱਚੇ ਵੀਤਰਾਗੀ ਪੁਰਸ਼ਾ ਦੇ ਧਰਮ ਤੋਂ ਛੁਟ ਸੰਸਾਰ ਦੇ ਜੀਵ ਆਤਮਾ ਦਾ ਕੋਈ ਸ਼ਰਨ ਜਾਂ ਆਸਰਾ ਨਹੀਂ ।

3) ਸੰਸਾਰਨੁ ਪਰੇਕਸ਼ਾ : ਸੰਸਾਰ ਵਿਚ ਨਾ ਕੋਈ ਮੇਰਾ ਹੈ ਨਾ ਮੈਂ ਕਿਸੇ ਦਾ ਹਾਂ ਇਹ ਰਿਸ਼ਤੇ ਪਹਿਲਾਂ ਅਨੰਤ ਵਾਰ ਬਣੇ ਹਨ ਫੇਰ ਬਣਨਗੇ ਫੇਰ ਮੈਂ ਆਪਣਾ ਕਿਸ ਨੂੰ ਆਖਾਂ ਸੰਸਾਰ ਰਾਗ ਦਵੇਸ਼ ਵਿਚ ਫਸਿਆ ਹੈ ਜਨਮ ਮਰਨ ਦਾ ਘਰ ਹੈ ।

4) ਏਕਤਵਨ ਪਰੇਕਸ਼ਾ : ਮੈਂ ਇੱਕਲਾ ਹੀ ਆਇਆ ਹਾਂ ਇੱਕਲਾ ਹੀ ਜਾਵਾਂਗਾ । ਮੈਂ ਇਕਲਾ ਹੀ ਜੰਮਦਾ ਮਰਦਾ ਰਿਹਾ ਹਾਂ ਇਕਲਾ ਹੀ ਕਰਮਾ ਦਾ ਫਲ ਭੋਗਦਾਂ ਹਾਂ ਮੈਂ ਸੁਖ ਦੁਖ ਦਾ ਕਰਤਾ ਆਪ ਹੀ ਹਾਂ, ਕੋਈ ਹੋਰ ਨਹੀਂ ।

5) ਅਨਯਤਵਾਨੁ ਪਰੇਕਸ਼ਾ : ਅਗਿਆਨ ਵਸ ਮਨੁੱਖ ਸਰੀਰ ਅਤੇ ਹੋਰ ਪਦਾਰਥਾਂ ਨੂੰ ਆਪਣਾ ਮੰਨਦਾ ਹੈ । ਸਰੀਰ ਅੱਡ ਹੈ ਅਤੇ ਮੈਂ ਆਤਮਾ ਇਨਾਂ ਤੋਂ ਅਲਗ ਹਾਂ ਮੇਰੀ ਆਤਮਾ (ਚੇਤਨਾ) ਅਵਿਨਾਸ਼ੀ ਹੈ ।

6) ਅਸੁਚੀ ਭਾਵਨਾਨੁ ਪਰੇਕਸ਼ਾ : ਸੰਸਾਰ ਦਾ ਸਾਰਾ ਸੁੰਦਰ ਪਨ ਇਕ ਸਚਾਈ ਭਰੀ ਗੰਦਗੀ ਹੈ। ਹਰ ਸੋਹਣਾ ਸਰੀਰ ਬੁਢਾਪਾ ਆਉਣ ਤੇ ਵੇਖਣ ਯੋਗ ਨਹੀਂ ਰਹਿੰਦਾ। ਇਹ ਸਰੀਰ ਵਿਚ ਹਰ ਅੰਗ ਗੰਦਗੀ ਰੋਗ ਨਾਲ ਭਰੇ ਪਏ ਹਨ। ਇਸ ਸਰੀਰ ਪ੍ਰਤੀ ਫੇਰ ਮੋਹ ਮਮਤਾ ਕਿਉਂ ਰਖੀ ਜਾਵੇ ? ਇਹ ਸਰੀਰ ਗੰਦਗੀ, ਬੀਮਾਰੀ ਦਾ ਘਰ ਹੈ।

7) ਆਸ਼ਰਵਾਨੁ ਪਰੇਕਸ਼ਾ :—ਜੀਵ ਆਸ਼ਰਵ (ਕਰਮ ਆਉਣ ਦੀ ਪ੍ਰਕ੍ਰਿਆ) ਕਾਰਣ ਅਨਾਦਿ ਕਾਲ ਤੋਂ ਦੁਖ ਪਾ ਰਿਹਾ ਹੈ। ਕਰਮਾ ਦਾ ਕਿਸ ਤਰਾਂ ਆਉਣਾ ਹੁੰਦਾ ਹੈ ਅਤੇ ਇਨਾਂ ਕਰਮਾ ਦੇ ਦਰਵਾਜੇ ਕਿਸ ਤਰਾਂ ਬਦ ਹੁੰਦੇ ਹਨ ਇਹੋ ਭਾਵ ਇਸ ਅਨੁਪਰੇਕਸ਼ਾ ਦਾ ਹੈ।

8) ਸੰਵਰ ਅਨੁਪਰੇਕਸ਼ਾ : ਆਸ਼ਰਵਾ ਦਾ ਨਿਰੋਧ (ਰੋਕਨਾ) ਹੀ ਸੰਬਰ ਹੈ। ਮਿਖਿਆਤਵ ਅਵਿਰਤੀ, ਪ੍ਰਮਾਦ, ਕਸ਼ਾਏ ਅਤੇ ਯੋਗ (ਮਨ ਬਚਨ ਤੇ ਕਾਈਆ ਦਾ ਸੁਮੇਲ) ਦੀ ਆਸ਼ਰਵ (ਕਰਮ ਆਗਮਨ) ਦਾ ਪ੍ਰਮੁਖ ਕਾਰਣ ਹੈ ਇਨਾਂ ਕਾਰਣਾਂ ਨੂੰ ਤਿਆਗ ਕੇ ਤਪ, ਸਮਿਤਿ, ਗੁਪਤੀ, ਚਰਿੱਤਰ ਨਾਲ ਧਰਮ ਪਾਲਣ ਕਰਨਾਂ ਹੀ ਸੰਬਰ ਦਾ ਆਚਰਨ ਹੈ।

9) ਨਿਰਜ਼ਰਾ ਨੁਪਰੇਕਸ਼ਾ :—ਕਰਮਾ ਦਾ ਕਿਸੇ ਪੱਖੋਂ ਖੁਰ ਜਾਣਾ ਜਾਂ ਝੜ ਜਾਣਾ ਹੀ ਨਿਰਜਰਾ ਹੈ। ਨਿਰਜਰਾ ਲਈ ਤੱਪ ਜ਼ਰੂਰ ਹੈ। ਇਸ ਪ੍ਰਕਾਰ ਨਿਰਜਰਾ ਦਾ ਸਵ-ਰੂਪ ਹੈ ਸਮਝ ਕੇ ਚਿੰਤਨ ਕਰਨਾ ਹੀ ਨਿਰਜਰਾ ਭਾਵਨਾ ਹੈ। ਦੁਖਾਂ, ਕਸ਼ਟਾ, ਪਰੀਸ਼ੇ ਨੂੰ ਸਮਝ ਦਾਰੀ ਨਾਲ, ਹੌਂਸਲੇ ਨਾਲ, ਗਿਆਨ ਪੂਰਵ ਸਹਿਨ ਕਰਨ ਨਾਲ ਹੀ ਨਿਰਜਰਾ ਹੁੰਦੀ ਹੈ।

10) ਲੋਕਾਨੁਪਰੇਕਸ਼ਾ :—ਸੰਸਾਰ ਦਾ ਕਾਰਨ ਛੇ ਦਰਵ (ਧਰਮ ਆਦਿ) ਦਾ ਸਵਰੂਪ ਤੇ ਚਿੰਤਨ ਮਨਨ ਵਾਰ ੨ ਕਰਨਾ, ਜੜ੍ਹ ਤੇ ਚੇਤਨ ਪਦਾਰਥਾਂ ਦੇ ਸਵਰੂਪ ਨੂੰ ਜਾਨਣਾ ਲੋਕਾਨੁਪਰਕੇਸ਼ਾ ਹੈ।

11) ਬੋਧੀ ਦੁਰਲਤਭਾਵਨੁ ਪਰੇਕਸਾ :—ਅਨਾਦਿ ਕਾਲ ਤੋਂ ਪ੍ਰੰਪਰਾ ਵਿਚ ਫਸੇ ਪ੍ਰਾਣੀ ਨੂੰ ਬੋਧੀ (ਗਿਆਨ) ਬਹੁਤ ਹੀ ਮੁਸਿਕਲ ਹੈ ਸ਼ੁਧ ਬੋਧ ਹੀ ਮੋਕਸ਼ ਮਾਰਗ ਦਾ ਕਾਰਣ ਹੈ। ਸਮਿਕਤਵ ਦਾ ਸਵਰੂਪ ਅਤੇ ਸਮਿਅਕ ਦ੍ਰਿਸ਼ਟੀ ਆਤਮਾ ਦਾ ਗੁਣਗਾਨ ਇਸ ਵਿਚ ਸ਼ਾਮਲ ਹੈ।

12. ਧਰਮ ਸਵਾਤਾਖਿਆਤ ਤਤਵਾਨੁ ਪਰੇਕਸ਼ਾ :—ਧਰਮ ਵਿਚ ਸਥਿਰ ਹੋਣ ਲਈ ਸ਼ੁਧ ਧਰਮ ਦਾ ਚਿੰਤਨ ਮਨਨ ਕਰਨਾ ਬਹੁਤ ਜ਼ਰੂਰੀ ਹੈ। ਵੀਤਰਾਗੀ ਪੁਰਸ਼ਾਂ ਦੇ ਧਰਮ ਪਾ ਕੇ ਖੁਸ਼ ਹੋਣਾ। ਇਸ ਧਰਮ ਦੀ ਆਤਮਾ ਪ੍ਰਸੰਸਾ ਇਸ ਵਿਚ ਸ਼ਾਮਲ ਹੈ।

ਸਾਧੂ ਦਾ 16ਵੇ ਗੁਣ ਦਾ ਭਾਗ 12 ਪ੍ਰਕਾਰ ਦੀ ਪ੍ਰਤਿਮਾਵਾਂ (ਸਾਧਨਾ ਦੀਆਂ ਅਵਸ-ਥਾਵਾਂ) ਸ਼ਾਮਲ ਹਨ ਜੋ ਕਰਨ ਸੱਤ ਦਾ ਭਾਗ ਹਨ। ਇਹ ਪ੍ਰਤਿਮਾਵਾਂ ਸਮੁੱਚੀ ਆਤਮ

ਸ਼ਕਤੀ ਵਧਾਉਣ ਵਿਚ ਸਹਾਇਕ ਹਨ :—

1. ਪ੍ਰਥਮ :—ਇਕ ਦਤੀ ਅੰਨ. ਇਕ ਦੱਤ ਪਾਣੀ ਗ੍ਰਹਿਣ ਕਰਨਾ। ਇਸ ਦਾ ਸਮਾਂ ਇਕ ਮਹੀਨਾ ਹੈ।

2)-7) ਦੂਸਰੀ ਪ੍ਰਤਿਮਾ ਵਿਚ ਦੋ ਦਤੀ ਅਹਾਰ ਅਤੇ ਦੋ ਦਤੀ ਪਾਣੀ ਹੈ।

ਇਸ ਪ੍ਰਕਾਰ ਬਾਕੀ ਸੱਤ ਪ੍ਰਤਿਮਾਵਾਂ ਦਾ ਸਵਰੂਪ ਹੈ। ਸਾਰੀ ਪ੍ਰਤਿਮਾਵਾਂ ਦਾ ਸਮਾਂ ਇਕ ਮਹੀਨਾ ਹੈ।

8) ਇਕ ਸੱਤ ਅਹੋਰਾਤ ਸਮਾਂ ਹੈ। ਇਸ ਵਿਚ ਇਕ ਨਿਰ ਅਹਾਰ ਵਰਤ ਕਰਨਾ ਅਤੇ ਪਿੰਡ ਤੋਂ ਬਾਹਰ ਉਤਾਨਆਸਨ (ਅਕਾਸ਼ ਵੱਲ ਮੂੰਹ ਕਰਕੇ ਲੇਟਨਾ) ਪਾਰਸ ਆਸਨ (ਇਕ ਕਰਵਟ ਲੈ ਕੇ ਲੇਟਨਾ) ਨਿਸ਼ਧਾ ਆਸਨ (ਪੈਰਾਂ ਨੂੰ ਬਰਾਬਰ ਕਰਕੇ ਬੈਠਨਾ) ਨਾਲ ਧਿਆਨ ਲਗਾਨਾ। ਹਰ ਕਸ਼ਟ ਨੂੰ ਸ਼ਾਂਤ ਚਿੱਤ ਨਾਲ ਸਹਿਣਾ ਸ਼ਾਮਲ ਹੈ।

9) ਇਹ ਵੀ ਸੱਤ ਔਹਰਾਤਰੀ ਦੀ ਹੈ ਇਸ ਵਿਚ ਚੌਵਿਹਾਰ ਦੋ ਵਰਤ ਕਰਨਾ ਦਾ ਵਿਧਾਨ ਹੈ। ਦੰਡ ਆਸਨ, ਲਗੁੜ ਆਸਨ, ਉਤਕਟੂਕਸਾਨ ਰਾਹੀਂ ਧਿਆਨ ਕਰਨਾ ਜ਼ਰੂਰੀ ਹੈ।

10) ਇਹ ਸੱਤ ਰਾਤ ਦੀ ਹੈ। ਇਸ ਵਿਚ ਤਿੰਨ ਵਰਤ ਦੇ ਹਾਕਾ ਆਸਨ, ਵੀਰ ਆਸਨ ਆਨਰ ਕੁਬਜ ਆਸਨ ਕਰਦੇ ਹੋਏ ਧਿਆਨ ਲਗਾਨਾ ਹੁੰਦਾ ਹੈ।

11) ਇਹ ਪ੍ਰਤਿਮਾ ਇਕ ਅਹੋਰਾਤਰੀ 8 ਪਹਿਰ ਦੀ ਹੈ। 4 ਵਰਤਾ ਰਾਹੀਂ ਸ਼ਰਿਰ ਦੇ ਬਾਹਰ ਦੋਹੇ ਹੱਥਾਂ, ਘੁਟਨੇ ਨੂੰ ਲੰਬਾ ਕਰਕੇ ਕਾਯੋਤਸਰਗ ਕੀਤਾ ਜਾਂਦਾ ਹੈ।

12) ਇਹ ਪ੍ਰਤਿਮਾ ਇਕ ਰਾਤ ਦੀ ਹੈ। ਇਸ ਦੀ ਅਰਾਧਨਾ ਇਕ ਰਾਤ ਦੀ ਹੈ। ਵਰਤ ਕਰਕੇ, ਪਿੰਡ ਤੋਂ ਬਾਹਰ ਉਜਾੜ ਥਾਂ ਤੇ ਮੱਥੇ ਨੂੰ ਥੋੜਾ ਜਿਹਾ ਝੁਕਾ ਕੇ ਇਕ ਪੁਦਗਲ (ਪਦਾਰਥ) ਦੇ ਬਿਨਾਂ ਅੱਖ ਝਿਪਕਾਏ ਵੇਖਣਾ ਤੇ ਕਾਯੋਤਸਰਗ (ਸਮਾਧੀ) ਕਰਨਾ। ਇਸ ਵਿਚ ਸ਼ਾਮਲ ਹੈ।

ਸਾਧੂ ਦੇ ਗੁਣ ਹੋਰ ਇਸ ਪ੍ਰਕਾਰ ਹੈ।

(17) ਯੋਗ ਸਤ (18) ਖਿਮਾ (19) ਵੈਰਾਗਤਾ (20) ਮਨ ਸਮਾਹਰਨਤਾ (ਗਲਤ ਮਨ ਨੂੰ ਠੀਕ ਭਾਵ ਵਿਚ ਸਥਾਪਨ ਕਰਨਾ) (21) ਵਾਕ ਸਮਾਹਰਨਤਾ (ਗਲਤ ਵਚਨਾ ਨੂੰ ਠੀਕ ਭਾਵ ਵਿਚ ਸਥਾਪਿਤ ਕਰਨਾ) (22) ਕਾਇਆ ਸਮਾਹਰਨਤਾ (ਪਾਪ ਵਿਚ ਲੱਗੇ ਸਰੀਰ ਨੂੰ ਸ਼ੁਭ ਭਾਵ ਵਿਚ ਲਗਾਉਣਾ) (23) ਗਿਆਨ ਸੰਪਨਤਾ (24) ਦਰਸ਼ਨ ਸੰਪਨਤਾ (25) ਚਾਰਿੱਤਰ ਸੰਪਨਤਾ (26) ਵੇਦਨਾ ਸਮਾਧਿਸੰਪਨਤਾ : ਕਿਸੇ ਪ੍ਰਕਾਰ ਦੇ ਰੋਗ ਨੂੰ ਆਉਣ ਤੇ ਸਮਭਾਵ ਪੂਰਵਕ ਸਹਿਨ ਕਰਨਾ।

ਇਸ ਲਈ ਦੋ ਸ਼ਬਦ ਹਨ ਉਪਸਰਗ ਅਤੇ ਪਰਿਸ਼ੇ। ਉਪਸਰਗ ਸਾਧਨਾ ਦੀ ਕਸੌਟੀ ਹਨ ਇਹ ਦੇਵਤਾ, ਮਨੁਖ ਅਤੇ ਪਸ਼ੂ ਰਾਹੀਂ ਦਿਤੇ ਜਾਂਦੇ ਹਨ। ਇਨ੍ਹਾਂ ਦੁਖਾਂ ਨੂੰ

ਸਹਿਣਾ ਉਪਸਰਗ ਹੈ । ਦੂਸਰੀ ਵੇਦਨਾ (ਕਸ਼ਟ) ਪਰਿਸ਼ੈ ਕਾਰਣ ਹੁੰਦੀ ਹੈ । ਅੰਗੀਕਾਰ ਕੀਤੇ ਧਰਮ ਮਾਰਗ ਵਿਚ ਸਥਿਰ ਰਹਿਣ ਅਤੇ ਕਰਮ ਬੰਧਨ ਨੂੰ ਖਤਮ ਕਰਨ ਲਈ ਇਨਾਂ ਕਸ਼ਟਾ ਨੂੰ ਸਮਭਾਵ ਨਾਲ ਸਹਿਣ ਕੀਤਾ ਜਾਂਦਾ ਹੈ । ਇਹ ਪਰਿਸ਼ੈ 22 ਹਨ ।

(1-2) ਭੁਖ ਪਿਆਸ (3-4) ਸਰਦੀ ਗਰਮੀ (5) ਮੱਛਰ ਸੱਪ ਦੇ ਡੰਗ (6) ਨਗਨਤਾ (7) ਅਰਤਿ (8) ਇਸਤਰੀ (9) ਸਫਰ (10) ਬਿਨਾਂ ਕਾਰਣ ਘੁੰਮਨਾ (11) ਅਯੋਗ ਸ਼ੈਯਾ (12) ਕਠੋਰ ਵਚਨ ਦਾ ਪਰਿਸ਼ੈ (13) ਚੋਰ ਸਮਝ ਕੇ ਬੰਨ੍ਹਿਆ ਜਾਣਾ (14) ਭਿਖਿਆ ਮੰਗਣ ਤੇ ਸ਼ਰਮ ਦਾ ਦੁਖ (15) ਮਨ ਭਾਉਂਦੇ ਵਸਤੂ ਨਾ ਮਿਲਣ ਦਾ ਦੁੱਖ (16) ਰੋਗ (17) ਘਾਹ ਫੂਸ ਨਾ ਮਿਲਣ ਦਾ ਪਰਿਸ਼ਾ (18) ਗਰਮੀ ਕਾਰਣ ਪੈਦਾ ਮੈਲ ਪਰਿਸ਼ਾ (19) ਸਤਿਕਾਰ ਸਨਮਾਨ ਦਾ ਪਰਿਸ਼ਾ (20) ਪ੍ਰਗਿਆ (ਗਿਆਨੀ ਹੋ ਕੇ ਵੀ ਨਾ ਦਸ ਸਕਣਾ) (21) ਅਗਿਆ-ਨਤਾ ਦਾ ਪਰਿਸ਼ੈ (22) ਦਰਸ਼ਨ (ਵਿਸ਼ਵਾਸ) ਪਰਿਸ਼ੈ ।

ਸਾਧੂ ਸਾਧਵੀ ਲਈ ਇਨ੍ਹਾਂ 27 ਗੁਣਾਂ ਦਾ ਹੋਨਾ ਉਨ੍ਹਾਂ ਦੇ ਸੰਪੂਰਨ ਹੋਣ ਦੀ ਨਿਸ਼ਾਨੀ ਹੈ ।

# ਧਰਮ

ਅਰਿਹੰਤ ਦੇਵ, ਸਿਧ ਪ੍ਰਮਾਤਮਾ ਦੇ ਸਵਰੂਪ ਸਮਝਣ ਤੋਂ ਬਾਅਦ ਜਰੂਰੀ ਹੈ ਕਿ ਅਸੀਂ ਉਸ ਧਰਮ ਬਾਰੇ ਜਾਣਕਾਰੀ ਹਾਸਲ ਕਰੀਏ, ਜਿਸ ਤੇ ਚਲ ਕੇ ਆਤਮਾ ਪ੍ਰਮਾਤਮਾ ਬਣ ਸਕਦੀ ਹੈ। ਉਪਾਧਿਆ ਸ੍ਰੀ ਯਸ਼ੋ ਵਿਜੈ ਆਖਦੇ ਹਨ "ਧਰਮ ਉਸ ਨੂੰ ਆਖਦੇ ਹਨ ਜੋ ਸੰਸਾਰ ਸਮੁੰਦਰ ਵਿਚ ਡੁੱਬੇ ਜੀਵਾਂ ਨੂੰ ਧਾਰਨ ਕਰਦਾਂ ਹੈ। ਪਕੜਦਾ ਹੈ ਬਚਾਉਂਦਾ ਹੈ।

ਧਰਮ ਤੋਂ ਅਰਥ ਧੰਦਾ ਤੇ ਕਰਤਵ ਵੀ ਹੈ। ਜੈਨ ਸਾਹਿਤ ਵਿਚ ਛੇ ਸ੍ਰਿਸਟੀ ਦੇ ਕਾਰਣਾਂ ਵਿਚ ਧਰਮ ਅਤੇ ਅਧਰਮ ਦੋ ਦਰੱਵ ਵੀ ਹਨ। ਰੀਤੀ ਰਿਵਾਜ਼ ਵੀ ਧਰਮ ਅਖਵਾ-ਉਂਦੇ ਹਨ। ਵਸਤੂ ਨਿੱਜ ਦਾ ਸੁਭਾਵ ਵੀ ਧਰਮ ਹੈ। ਪਰ ਇਥੇ ਅਸੀਂ ਜਿਸ ਧਰਮ ਦਾ ਵਰਨਣ ਕਰਾਂਗੇ ਉਸ ਦਾ ਅਰਥ ਹੈ ਵੀਤਰਾਗ ਅਰਿਹੰਤ ਗਿਆਨੀਆਂ ਰਾਹੀਂ ਪ੍ਰਗਟ ਕੀਤਾ ਉਪਦੇਸ਼। ਇਹ ਉਪਦੇਸ਼ ਆਤਮ ਕਲਿਆਣ ਦਾ ਕਾਰਣ ਹੈ ਸ੍ਰੀ ਦਸ਼ਵੇਕਾਲਿਕ ਸੂਤਰ ਵਿਚ ਸਾਫ ਕਿਹਾ ਗਿਆ ਹੈ ਕਿ ਅਹਿੰਸਾ, ਸੰਜਮ ਤੇ ਤੱਪ ਰੂਪੀ ਤ੍ਰਿਵੇਨੀ ਹੀ ਧਰਮ ਹੈ ਜੋ ਇਸ ਧਰਮ ਦਾ ਪਾਲਨ ਕਰਦਾ ਹੈ ਉਸ ਨੂੰ ਦੇਵਤੇ ਵੀ ਨਮਸਕਾਰ ਕਰਦੇ ਹਨ।

ਕੁਝ ਮੱਤਾਂ ਵਿਚ, ਜਾਤ ਪਾਤ, ਛੂਆ ਛੂਤ, ਪਸ਼ੂਵਲੀ ਅਤੇ ਰੰਗ ਤੇ ਅਧਾਰਿਤ ਪ੍ਰੰਪਰਾ ਨੂੰ ਧਰਮ ਮੰਨਿਆ ਗਿਆ ਹੈ। ਵਾਮ ਮਾਰਗੀ ਪੰਜ ਮਕਾਰ ਵਿਚ ਧਰਮ ਮੰਨਦੇ ਹਨ। ਜੈਨ ਧਰਮ ਅਨੁਸਾਰ ਉਹ ਹੀ ਸ਼ੁਧ ਧਰਮ ਹੈ ਜੋ ਕੇਵਲ ਗਿਆਨੀ ਸਰਵੱਗ ਪੁਰਸ਼ਾ ਨੇ ਫੁਰਮਾਇਆ ਹੈ। ਚਾਰਵਾਕ ਆਦਿ ਨਾਸਤਕ ਵੀ ਧਰਮ ਅਖਵਾਉਂਦਾ ਹੈ। ਕਈ ਲੋਕ ਕਿਸੇ ਖਾਸ ਫਿਰਕੇ ਨੂੰ ਧਰਮ ਮੰਨਦੇ ਹਨ। ਕਈ ਧਾਰਮਿਕ ਚਿਨ੍ਹਾਂ ਨੂੰ ਹੀ ਧਰਮ ਮੰਨਦੇ ਹਨ।

**ਸ਼ੁਧ ਧਰਮ ਦੀ ਕਸੌਟੀ :**

"ਜੋ ਆਪਣੀ ਆਤਮਾ ਦੇ ਅਨਕੂਲ ਨਾ ਹੋਵੇ ਉਹ ਅਧਰਮ ਹੈ ਅਤੇ ਜੋ ਆਤਮਾ ਦੇ ਅਨੁਕੂਲ ਹੋਵੇ ਉਹ ਧਰਮ ਹੈ। ਦੂਸਰੀ ਕਸੌਟੀ ਹੈ ਜੋ ਕ੍ਰਿਆਵਾਂ ਸਰੱਵਗ ਭਗਵਾਨ ਦੇ ਆਖੇ ਅਨੁਸਾਰ ਹਨ। ਸੰਸਾਰ ਘਟਾਉਂਦੀਆਂ ਹੈ, ਮੋਕਸ਼ ਮਾਰਗ ਵਲ ਲਗਾਉਂਦੀਆਂ ਹੈ ਰਾਗ ਦਵੈਸ਼ ਖਤਮ ਕਰਦਾ ਹੈ। ਕਰਮ ਬੰਧ ਪ੍ਰੰਪਰਾ ਖਤਮ ਕਰਨ ਵਿਚ ਸਹਾਇਕ ਹੈ। ਉਹ ਕ੍ਰਿਆ ਵੀ ਧਰਮ ਹੈ।

### ਚਾਰ ਭਾਵਨਾਵਾਂ

## ਮੈਤਰੀ (ਦੋਸਤੀ)

ਸੰਸਾਰ ਦੇ ਸਾਰੇ ਪ੍ਰਾਣੀਆਂ ਨੂੰ ਆਪਣੀ ਆਤਮਾ ਸਮਾਨ ਸਮਝ ਕੇ ਵਿਵਹਾਰ ਕਰਨਾ

ਮੈਤਰੀ ਭਾਵਨਾ ਹੈ। ਜੋ ਮਨੁੱਖ ਹਿੰਸਾ ਝੂਠ ਤਿਆਗਦਾ ਹੈ ਉਹ ਹੀ ਮੈਤਰੀ ਦਾ ਵਿਕਾਸ ਕਰ ਸਕਦਾ ਹੈ। ਅਜਿਹਾ ਪੁਰਸ਼ ਸਾਰੇ ਜੀਵਾਂ ਨੂੰ ਸਮਤਾਯੋਗ, ਵਿਸ਼ਵ ਪ੍ਰੇਮ, ਵਿਸ਼ਵ ਭਰਾਤਰ ਭਾਵਨਾ, ਵਿਸ਼ਵ ਨੂੰ ਸਮਦਰਸ਼ੀ ਭਾਵਨਾ ਨਾਲ ਜਾਣਦਾ ਹੈ।

## ਪ੍ਰਮੋਦ

ਜੋ ਆਤਮਾ ਪੁੰਨ ਦੇ ਪ੍ਰਗਟ ਹੋਣ ਕਾਰਣ ਖਿਮਾ, ਸਮਤਾ, ਉਦਾਰ, ਦਿਆਵਾਨ ਗੁਣਾਂ ਨਾਲ ਵਿਭੂਸ਼ਿਤ ਹਨ। ਜੋ ਆਤਮਾਵਾਂ ਗਿਆਨ, ਦਰਸ਼ਨ, ਚਰਿੱਤਰ, ਤੱਪ ਦੀ ਅਰਾਧਨਾ ਵਿਚ ਲਗੀਆਂ ਹੋਈਆਂ ਹਨ ਉਨਾਂ ਨੂੰ ਵੇਖ ਕੇ ਖੁਸ਼ ਹੋਣਾ, ਉਨ੍ਹਾਂ ਦੀ ਪ੍ਰਸੰਸ਼ਾ ਕਰਨਾ ਹੀ ਪ੍ਰਮੋਦ ਭਾਵਨਾ ਹੈ। ਇਸ ਨਾਲ ਮਨੁੱਖ ਵਿਚ ਗੁਣ ਗ੍ਰਹਿਣ ਦੀ ਭਾਵਨਾ ਪ੍ਰਗਟ ਹੁੰਦੀ ਹੈ। ਆਤਮਾ ਦੂਸਰੇ ਦੇ ਦੋਸ਼ ਨਹੀਂ ਵੇਖਦਾ। ਨਾ ਹੀ ਈਰਖਾ ਕਰਦਾ ਹੈ।

## ਕਾਰੁਣਯ ਭਾਵਨਾ

ਜੋ ਆਤਮਾਵਾਂ ਪਾਪ ਕਰਨ ਕਾਰਨ ਭਿੰਨ ਭਿੰਨ ਪ੍ਰਕਾਰ ਦੇ ਦੁਖ ਭੋਗ ਰਹੇ ਹਨ ਉਨਾਂ ਦੇ ਦੁੱਖਾਂ ਨੂੰ ਦੂਰ ਕਰਨ ਦੀ ਵਿਰਤੀ ਕਰੁਣਾ ਭਾਵਨਾ ਹੈ ਜਿਸ ਦੇ ਮਨ ਵਿਚ ਅਜੇਹੀ ਭਾਵਨਾ ਪ੍ਰਗਟ ਹੁੰਦੀ ਹੈ ਉਹ ਕਿਸੇ ਦਾ ਦੁਖ ਦੇਖ ਨਹੀਂ ਸਕਦਾ। ਅਜਿਹਾ ਮਨੁੱਖ ਤੱਪ, ਤਿਆਗ, ਸੰਜਮ ਦਾ ਪਾਲਣ ਖੁਸ਼ੀ ਨਾਲ ਕਰਦਾ ਹੈ।

## ਮਾਧਯਸਥ

ਜੋ ਆਤਮਾਵਾਂ ਪਾਪੀ ਹਨ ਪਾਪ ਕਰਮ ਵਿਚ ਰੰਗੀਆਂ ਰਹਿੰਦੀਆਂ ਹਨ। ਗੁਸੇ ਵਿਚ ਆ ਕੇ, ਭਲਾ ਕਰਨ ਵਾਲੇ ਦਾ ਬੁਰਾ ਕਰਦੀਆਂ ਹਨ। ਧਰਮ, ਧਾਰਮਿਕ ਪੁਰਸ਼ਾ ਦੀ ਨਿੰਦਾ ਤੇ ਮਜਾਕ ਕਰਦੇ ਹਨ। ਹਿੰਸਾ, ਚੋਰੀ, ਵਿਭਚਾਰ. ਅਨਿਆ ਪੈਦਾ ਕਰਦੇ ਹੈ। ਅਜੇਹੀ ਆਤਮਾ ਪ੍ਰਤੀ ਨਾ ਰਾਗ [ਲਗਾਵ] ਅਤੇ ਨਾ ਦਵੇਸ਼ [ਗੁਸਾ] ਰਖਣਾ, ਸਗੋਂ ਦੋਵੇਂ ਹਾਲਤਾਂ ਵਿਚ ਬੇਪ੍ਰਵਾਹ ਰਹਿਣਾ ਹੀ ਮਾਧਯਮਥ ਭਾਵਨਾ ਹੈ।

ਸੰਸਾਰ ਵਿਚ 10 ਚੀਜਾਂ ਬਹੁਤ ਦੁਰਲਭ ਹਨ ਅਤੇ ਇਹ ਸ਼ੁਭ ਕਰਮ ਦੇ ਸਿਟੇ ਵਜੋਂ ਹੀ ਪ੍ਰਾਪਤ ਹੁੰਤੀਆਂ ਹਨ :

1] ਮਨੁੱਖ ਜਨਮ 2] ਆਰਿਆ ਖੇਤਰ 3] ਉਤਮ ਕੁਲ 4] ਲੰਬੀ ਉਮਰ 5] ਸੰਪੂਰਨ ਇੰਦਰੀਆਂ 6] ਨਿਰੋਗ ਸਰੀਰ 7] ਸਦਗੁਰੂ ਸਮਾਗਮ 8] ਸ਼ਾਸਤਰ ਦਾ ਸੁਨਣਾ 9] ਸ਼ੁਧ ਸ਼ਰਧਾ 10] ਧਰਮ ਸਪਰਸ਼।

ਸਵਾਲ ਪੈਦਾ ਹੁੰਦਾ ਹੈ ਕਿ ਜੈਨ ਧਰਮ ਵਿਚ ਧਰਮ ਦਾ ਸਵਰੂਪ ਕੀ ਦਸਿਆ ਗਿਆ ਹੈ ? ਇਸ ਸੰਬੰਧੀ ਜਾਨਣ ਲਈ ਸ੍ਰੀ ਸਥਾਂਨੰਗ ਸੂਤਰ ਦੀ ਮਦਦ ਲੈਂਦੇ ਹਨ ਜਿਥੇ ਦਸ ਪ੍ਰਕਾਰ ਦਾ ਧਰਮ ਦਸਿਆ ਗਿਆ ਹੈ :

1) **ਗ੍ਰਾਮ ਧਰਮ** : ਪਿੰਡ ਵਿਚ ਰਹਿਣ ਵਾਲੇ ਉਪਾਸਕ ਲਈ ਜਰੂਰੀ ਹੈ ਕਿ ਪਿੰਡ ਦੇ ਸੰਬੰਧੀ ਸਾਰੇ ਕਾਨੂੰਨਾ ਦਾ ਪਾਲਣ ਕਰੇ। ਕੋਈ ਅਜਿਹਾ ਪਾਪ ਜਾਂ ਗੁਨਾਹ ਨਾ

ਕਰੇ ਜਿਸ ਨਾਲ ਪਿੰਡ ਦਾ ਵਾਤਾਵਰਣ ਖਰਾਬ ਹੋਵੇ । ਪਿੰਡ ਸੰਬੰਧੀ ਕਰਤਵ, ਨੀਤੀ, ਨਿਯਮ ਅਤੇ ਗ੍ਰਾਮ ਸਥਵਿਰ ਰਾਹੀਂ ਆਖੇ ਕਾਨੂੰਨਾਂ ਦਾ ਪਾਲਨਾ ਕਰੇ ।

2) **ਨਗਰ ਧਰਮ :** ਜਦ ਪਿੰਡਾਂ ਵਿਚ ਅਬਾਦੀ ਵਧ ਜਾਂਦੀ ਹੈ ਤਾਂ ਉਹ ਨਗਰ ਦਾ ਰੂਪ ਧਾਰਨ ਕਰ ਲੈਂਦਾ ਹੈ । ਹਰ ਨਗਰ ਦੀ ਵਿਵਸਥਾ ਤੇ ਕਾਨੂੰਨ ਲਈ ਕੁਝ ਨਿਯਮ ਰਾਜਾ ਜਾਂ ਗਣਰਾਜ ਵਲੋਂ ਜਾਰੀ ਹੁੰਦੇ ਹਨ । ਸ਼ਹਿਰ ਦਾ ਰਾਜਾ ਟੈਕਸ ਵਗੈਰਾ ਲਾਉਂਦਾ ਹੈ । ਸ਼ਹਿਰ ਵਿਚ ਭਿੰਨ ਭਿੰਨ ਧੰਦਿਆ ਦੇ ਲੋਕ ਹਨ । ਸਾਰੇ ਲੋਕਾ ਦਾ ਕਾਨੂੰਨ ਅਤੇ ਨਗਰ ਪ੍ਰਤੀ ਜਿੰਮੇਵਾਰੀ ਨਿਭਾਉਣਾ ਨਗਰ ਧਰਮ ਹੈ ।

3) **ਰਾਸ਼ਟਰ ਧਰਮ :** ਬਹੁਤ ਸਾਰੇ ਪਿੰਡਾਂ ਤੇ ਸ਼ਹਿਰਾ ਤੋਂ ਰਾਸ਼ਟਰ ਦੀ ਉਤ-ਪਤੀ ਹੁੰਦੀ ਹੈ ਰਾਸ਼ਟਰ ਵਲੋਂ ਜੋ ਨਿਯਮ ਇਕ ਜਿੰਮੇਵਾਰ ਆਦਰਸ਼ ਨਾਗਰਿਕ ਦੇ ਹਨ । ਉਨ੍ਹਾਂ ਦੀ ਪਾਲਣਾ ਕਰਨਾ, ਦੇਸ਼ ਪ੍ਰਤੀ ਵਫਾਦਾਰ ਰਹਿਣਾ ਇਸ ਧਰਮ ਦਾ ਅੰਗ ਹੈ ਜਿਥੇ ਜੋ ਲੋਕ ਗ੍ਰਾਮ ਧਰਮ ਤੇ ਨਗਰ ਧਰਮ ਦਾ ਪਾਲਣ ਨਹੀਂ ਕਰਦੇ, ਉਹ ਰਾਸ਼ਟਰ ਉਗਰਵਾਦ ਵਲ ਚਲਾ ਜਾਂਦਾ ਹੈ । ਵਰਤਮਾਨ ਸਮੇਂ ਵਿਚ ਸੰਵਿਧਾਨ ਅਨੁਸਾਰ ਜਿੰਮੇਵਾਰੀ ਦਾ ਪਾਲਣ ਰਾਸ਼ਟਰ ਧਰਮ ਦਾ ਹਿਸਾ ਹੈ ।

5. **ਪਾਖੰਡ ਧਰਮ** : ਇਥੇ ਪਾਖੰਡ ਸ਼ਬਦ ਦਾ ਅਰਥ ਵਰਤਮਾਨ ਪਾਖੰਡ ਨਹੀਂ । ਇਥੇ ਪਾਖੰਡ ਤੋਂ ਅਰਥ ਵਰਤ ਹੈ । ਜੋ ਪਾਪ ਦਾ ਖੰਡਨ ਕਰਦਾ ਹੈ ਉਹ ਪਾਖੰਡ ਹੈ । ਵਰਤ ਵਿਚ ਤਿਆਗ, ਤੱਪ, ਪਛੱਖਾਨ, ਪ੍ਰਣ ਪ੍ਰਤਿਗਿਆ ਸ਼ਾਮਲ ਹੈ ਸੋ ਜੋ ਧਰਮ ਦੀ ਰਖਿਆ ਲਈ ਤਿਆਗ ਆਦਿ ਪ੍ਰਤਿਗਿਆ ਨਾਲ ਵਰਤਾ ਦਾ ਪਾਲਣ ਕੀਤਾ ਜਾਂਦਾ ਹੈ ਉਹ ਹੀ ਪਾਖੰਡ ਧਰਮ ਹੈ । ਇਹ ਦੋ ਪ੍ਰਕਾਰ ਦਾ ਹੈ । 1] ਸੰਜਾਰੀਕ (ਲੌਕਿਕ) 2] ਪਰ ਲੌਕਿਕ । ਗ੍ਰਿਹਸਥ ਧਰਮ ਅਤੇ ਸਾਧੂ ਧਰਮ ਦੀਆਂ ਪ੍ਰਤਿਗਿਆਵਾਂ ਦਾ ਪਾਲਨ ਹੀ ਇਸ ਧਰਮ ਦਾ ਅੰਗ ਹੈ ।

6. **ਕੁਲ ਧਰਮ :** ਕੁਲ ਤੋਂ ਭਾਵ ਪਰਿਵਾਰ ਵਾਲਿਆ ਦਾ ਇਕ ਤਰ੍ਹਾਂ ਦਾ ਅਚਾਰ-ਵਿਚਾਰ, ਵਿਵਹਾਰ ਅਤੇ ਪਰਪੰਰਾਵਾਂ ਦਾ ਪਾਲਨ ਹੀ ਕੁਲ ਧਰਮ ਹੈ । ਪਰ ਕੁਲ ਧਰਮ ਦਾ ਪਾਲਨ ਕਰਦੇ ਅਜਿਹੀ ਕੁਲ ਪ੍ਰਪੰਰਾ ਨੂੰ ਧਰਮ ਨਹੀਂ ਮੰਨਿਆ ਜਾ ਸਕਦਾ, ਜੋ ਹਿੰਸਾ ਦਾ ਕਾਰਣ ਹੋਵੇ । ਜਿਵੇਂ ਕੋਈ ਬਲੀ ਪ੍ਰਥਾ, ਸ਼ਿਕਾਰ, ਜੂਏ ਨੂੰ ਧਰਮ ਮੰਨਦਾ ਹੈ, ਕੋਈ ਵਿਭਚਾਰ ਨੂੰ ਧਰਮ ਮੰਨਦਾ ਹੈ । ਇਹ ਧਰਮ ਕੁਲ ਧਰਮ ਨਹੀਂ, ਸਗੋਂ ਕੁਲ ਦੇ ਵਿਨਾਸ਼ ਦਾ ਕਾਰਣ ਹਨ । ਸੋ ਅਪਣੇ ਕੁਲ ਨੂੰ ਇਸ ਪਾਪ ਤੋਂ ਬਚਾ ਕੇ ਸੱਚੇ ਕੁਲ ਧਰਮ ਦਾ ਪਾਲਨ ਕਰਨ ਚਾਹਿਦਾ ਹੈ ।

ਕੁਲ ਧਰਮ ਦੇ ਦੋ ਭਾਗ ਹਨ ।

**ਲੌਕਿਕ :** ਕੁਲ ਪ੍ਰਪੰਰਾਂ ਦਾ ਪਾਲਨ ਕਰਦੇ ਹੋਏ ਬੱਚਿਆ ਲਈ ਯੋਗ ਸਿਖਿਆ ਦਾ ਪ੍ਰਬੰਧ ਕਰਨਾ । ਵੰਸ਼ ਦੀ ਦੇਖ ਭਾਲ ਅਤੇ ਸੁਰਖਿਆ ਵੀ ਇਸ ਵਿਚ ਸ਼ਾਮਲ ਹੈ ।

## ਸ੍ਰਾਵਕ ਦੇ 35 ਗੁਣਾ ਦਾ ਸੰਖੇਪ ਚਾਰਟ

### 11 ਕਰਤਵ

1. ਨਿਆ ਸੰਪਨਤਾ
2. ਉਚਿੱਤ ਖਰਚ
3. ਉਚਿੱਤ ਭੇਖ
4. ਉਚਿੱਤ ਵਿਆਹ
5. ਉਚਿੱਤ ਘਰ
6. ਵਾਸੀ ਭੋਜਨ ਦਾ ਤਿਆਗ
7. ਸਮੇਂ ਤੇ ਸਾਤਵਿਕ ਭੋਜਨ ਕਰਨਾ
8. ਮਾਤਾ ਪਿਤਾ ਦੀ ਪੂਜਾ
9. ਪੋਸ਼ਕ ਭੋਜਨ ਕਰਨਾ
10. ਮੇਹਮਾਨ, ਸਾਧੂ ਦੀ ਸੇਵਾ
11. ਗਿਆਨੀ ਦੀ ਸੇਵਾ

### 8 ਤਿਆਗਣ ਯੋਗ ਦੋਸ਼

1. ਨਿੰਦਾ ਤਿਆਗ
2. ਨਿੰਦਨ ਯੋਗ ਕੰਮ
3. ਇੰਦਰੀਆ ਦੀ ਗੁਲਾਮੀ
4. ਅੰਦਰਲੇ ਦੁਸ਼ਮਨ
5. ਦੁਰਾਗ੍ਰਹਿ
6. ਧਰਮ, ਅਰਥ ਤੇ ਕਾਮ ਦੇ ਰੁਕਾਵਟ ਯੋਗ ਕੰਮ ਨਾ ਕਰਨਾ
7. ਲੜਾਈ, ਬੀਮਾਰੀ ਵਾਲੇ ਥਾ ਦਾ ਤਿਆਗ
8. ਭੈੜੇ ਦੇਸ਼, ਗਲੀ ਮੁਹਾਲੇ ਦਾ ਤਿਆਗ

### 8 ਗ੍ਰਹਿਣ ਕਰਨ ਯੋਗ ਗੁਣ

1. ਪਾਪ ਦਾ ਡਰ
2. ਸ਼ਰਮ
3. ਸਧਾਰਨ ਵਿਰਤੀ
4. ਲੋਕ ਪ੍ਰਿਯਤਾ
5. ਦੀਰਘ ਦਰਿਸ਼ਟੀ
6. ਅਪਣੀ ਸ਼ਕਤੀ ਦਾ ਗਿਆਨ
7. ਵਿਸ਼ੇਸ਼ਗਤਾ (ਵਿਵੇਕ)
8. ਗੁਣ ਪਖਪਾਤ

### 8 ਸਾਧਨਾ

1. ਕ੍ਰਿਤਗਤਾ (ਮਾਤਾ ਪਿਤਾ ਦੇ ਉਪਕਾਰ ਨੂੰ ਯਾਦ ਰਖਣਾ)
2. ਪਰਉਪਕਾਰ
3. ਦਿਆ
4. ਸਤਸੰਗ
5. ਧਰਮ ਸਰਵਨ (ਸੁਨਣਾ)
6. ਬੁੱਧੀ ਦੇ ਅੱਠ ਗੁਣ

ੳ. ਸੁਨਣ ਦੀ ਪਹਿਲੀ ਇਛਾ ਉਤਪਤਿ ਸੁਸਰਸ਼ਾ ਹੈ।
ਅ. ਠੀਕ ਪ੍ਰਕਾਰ ਸੁਨਣਾ ਸ੍ਰਵਨ ਹੈ
ੲ. ਸੁਨਦੇ ਹੋਏ ਸਮਝਦੇ ਜਾਣਾ ਗ੍ਰਹਿਣ ਹੈ
ਸ. ਸਮਝੀ ਗੱਲ ਨੂੰ ਸਥਿਰ ਰਖਨਾ ਧਾਰਨਾ ਹੈ
ਹ. ਸੁਣੀ ਗੱਲ ਨੂੰ ਠੀਕ ਤਰੱਕ ਨਾਲ ਵਿਚਾਰਨਾ ਉਹਾ ਹੈ
ਕ. ਦੂਖਰੇ ਪੱਖ ਵਿਚ ਇਹ ਗੱਲ ਨਹੀਂ ਹੈ ਇਹ ਨਿਸ਼ਚਿਤ ਕਰਨਾ ਅਪੋਹ ਹੈ
ਖ. ਉਹੋਪੋਹ ਨਾਲ ਤੱਤਵ ਦਾ ਨਿਰਨਾ ਕਰਨਾ ਅਰਥ ਵਿਗਿਆਨ ਹੈ
ਗ. ਪਦਾਰਥ ਦੇ ਨਿਰਨੇ ਅਨੁਸਾਰ ਸਿਧਾਤਾ ਦਾ ਨਿਰਣਾ, ਤੱਤਵ ਨਿਰਨਾ ਹੀ ਤੱਤਵ ਗਿਆਨ ਹੈ।

7. ਦੇਸ਼ ਦੇ ਨਿਯਮਾਂ ਦਾ ਪਾਲਣ ਕਰਨਾ
8. ਸ਼੍ਰਿਸ਼ਚਾਰੀ ਪ੍ਰਸੰਸਾ : ਅਚਾਰਵਾਨ ਪੁਰਸ਼ ਦੀ ਪ੍ਰਸੰਸਾ ਕਰਨੀ ਚਾਹੀਦੀ ਹੈ ਤਾਂ ਕਿ ਸੰਸਕਾਰ ਜਾਗਰਿਤ ਰਹਿਣ।

## ਸਵਰੂਪ—ਲੱਛਣ ਅਤੇ ਅਤਿਚਾਰ

**ਸਮਿੱਕਤਵ :**

ਸੱਤ ਕੁਵਯਸਨਾ ਦੇ ਤਿਆਗ ਤੋਂ ਬਾਅਦ ਵਰਤਾਂ ਨੂੰ ਟਿਕਾਉਣ ਲਈ ਸਮਿਅੱਕਤਵ ਦੀ ਪ੍ਰਾਪਤੀ ਜ਼ਰੂਰੀ ਹੈ ਸਮਿਅੱਕਤਵ ਲਈ ਦੇਣ, ਗੁਰੂ ਤੇ ਧਰਮ ਆਦਿ 9 ਤੱਤਵਾਂ ਤੇ ਸ਼ਰਧਾ ਤੇ ਗਿਆਨ ਕਰਨਾ ਜ਼ਰੂਰੀ ਹੈ। (ਵੇਖੋ 9 ਤੱਤਵ)

ਜਦ ਕਿਸੇ ਨੂੰ ਸਮਿਅਕਤਵ ਪ੍ਰਾਪਤ ਹੋ ਜਾਂਦਾ ਹੈ ਤਾਂ ਉਸ ਦੀ 7 ਪ੍ਰਾਕ੍ਰਿਤੀਆਂ ਸਾਂਤ ਹੋ ਜਾਂਦੀਆਂ ਹਨ।

1.-7. ਅਨੰਤ ਨੂੰ ਬੰਧੀ (ਲੰਬੇ ਸਮੇਂ ਵਾਲਾ) ਕਰੋਧ, ਮਾਨ, ਮਾਈਆ, ਲੋਭ,

8, ਸਮਿਅੱਕਤਵ ਮੋਹਨੀਆ 9. ਮਿਥਿਆਤਵ ਮੋਹਨੀਆ ਅਤੇ ਮਿਸ਼ਰ ਮੋਹਨੀਆਂ।

ਗ੍ਰਹਿਸਥ, ਸ਼੍ਰਾਵਕ ਦੇ ਵਰਤ ਸਾਧੂ ਦੀ ਤਰ੍ਹਾਂ ਗ੍ਰਹਿਣ ਨਹੀਂ ਕਰਦਾ। (ਵੇਖੋ ਕਰਮ)

ਸ਼ੁਧ ਗ੍ਰਹਿਸਥ ਧਰਮ ਪਾਲਨ ਕਰਦੇ ਸਮੇਂ ਗ੍ਰਹਿਸਥ 6 ਆਗਾਰ (ਛੋਟਾਂ) ਰਖਦਾ ਹੈ ਜਿਸ ਕਾਰਣ ਉਸ ਵਰਤ ਭੰਗ ਨਹੀਂ ਹੁੰਦਾ। ਇਸ ਨੂੰ ਅਭਿਯੋਗ ਆਖਦੇ ਹਨ।

1) ਰਾਜਾਵਿਯੋਗ 2) ਗਣਾਵਿਯੋਗ 3) ਬਲਾਵਿਯੋਗ 4) ਦੇਵਾਵਿਯੋਗ 5) ਗੁਰੂਨਿਗ੍ਰਹਿ 4) **ਵਿਰਿਤਕਾਂਤਰੀ।**

## ਗ੍ਰਹਿਸਥ ਧਰਮ ਦੇ ਪੰਜ ਅਣੂ ਵਰਤ

ਸਾਧੂ ਦੇ ਅਹਿੰਸਾ ਆਦਿ ਪੰਜ ਮਹਾਵਰਤ ਹਨ ਕਿਉਂਕਿ ਸਾਧੂ ਤਿੰਨ ਕਰਨ ਅਤੇ ਤਿੰਨ ਯੋਗ ਨਾਲ ਧਰਮ ਦਾ ਆਚਰਨ ਕਰਦਾ ਹੈ। ਜਦ ਕਿ ਗ੍ਰਹਿਸਥ ਸਮਿਅੱਕਤਵ [ਸਮਿਅਕ-ਦਰਸ਼ਨ] ਤੋਂ ਬਾਅਦ ਪੰਜ ਅਣੂਵਰਤ ਪਾਲਦਾ ਹੈ, ਇਨਾਂ ਦਾ ਸਵਰੂਪ ਇਸ ਪ੍ਰਕਾਰ ਹੈ।

### 1) ਸਥੂਲ ਪ੍ਰਾਣਾਤਿਪਾਤ ਵਿਰਮਨ

ਸੰਸਾਰ ਵਿਚ ਦੋ ਪ੍ਰਕਾਰ ਦੇ ਜੀਵ ਹਨ—ਸੂਖਮ ਤੇ ਸਥੂਲ [ਮੋਟੇ] ਪ੍ਰਿਥਵੀ. ਪਾਣੀ, ਤੇਜ, ਅਗਨੀ, ਹਵਾ ਅਤੇ ਬਨਸਪਤੀ ਦੇ ਜੀਵ ਸਥਾਵਰ ਹਨ। ਇਹ ਸੂਖਮ ਹਨ। ਇਨਾਂ ਜੀਵਾਂ ਦੀ ਹਿੰਸਾ ਦਾ ਤਿਆਗ ਗ੍ਰਹਿਸਥੀ ਹਰ ਸਮੇਂ ਨਹੀਂ ਕਰ ਸਕਦਾ। ਇਹ ਜੀਵ ਇਕ ਇੰਦਰੀਆਂ ਵਾਲੇ ਅਖਵਾਉਂਦੇ ਹਨ। ਦੋ ਇੰਦਰੀਆਂ ਤੋਂ ਪੰਜ ਇੰਦਰੀਆਂ ਦੇ ਜੀਵ ਮੋਟੇ ਜੀਵ ਹਨ ਇਹ ਤਰੱਸ (ਹਿਲਨ ਚਲਨ ਵਾਲੇ)ਜੀਵ ਹਨ। ਨਿਰ ਅਪਰਾਧੀ ਤਰੱਸ ਜੀਵਾਂ ਦੀ ਸੰਕਲਪ ਪੂਰਵਕ ਹਿੰਸਾ ਦਾ ਤਿਆਗ ਹੀ ਗ੍ਰਹਿਸਥੀ ਇਸ ਵਰਤ ਵਿਚ ਕਰਦਾ ਹੈ। ਬਾਕੀ ਜੀਵਾਂ ਦਾ ਨਹੀਂ।

ਖੇਤੀ, ਵਿਉਪਾਰ ਜਾਂ ਘਰੇਲੂ ਧੰਦੇ ਵਿਚ ਜੋ ਹਿੰਸਾ ਉਪਾਸਕ ਨੂੰ ਕਰਨੀ ਪੈਂਦੀ ਹੈ ਉਹ ਆਰਭੰਜ ਹਿੰਸਾ ਹੈ, ਇਸੇ ਤਰ੍ਹਾਂ ਦੇਸ਼ ਭਗਤੀ ਹੇਠ ਸਿਪਾਹੀ ਭਰਤੀ ਹੋਣ ਨਾਲ ਇਹ ਵਰਤ ਭੰਗ ਨਹੀਂ ਹੁੰਦਾ। ਅਪਰਾਧੀ ਨੂੰ ਦੰਡ ਦੇਣ ਨਾਲ ਇਹ ਵਰਤ ਭੰਗ ਨਹੀਂ ਹੁੰਦਾ। ਪਰ ਇਨ੍ਹਾਂ ਕੰਮ ਸਾਨੂੰ ਕਰਦੇ ਹੋਏ ਮਨੁੱਖ ਨੂੰ ਵਧ ਤੋਂ ਵਧ ਵਿਵੇਕ ਤੋਂ ਕੰਮ ਲੈਣਾ ਚਾਹੀਦਾ

ਹੈ ਤਾਂ ਕਿ ਹਿੰਸਾ ਘੱਟ ਹੋਵੇ ।

**ਅਤਿਚਾਰ :**

ਇਸ ਵਰਤ ਦੇ ਪੰਜ ਅਤਿਚਾਰ ਹਨ ਜਿਸ ਨਾਲ ਇਹ ਵਰਤ ਭੰਗ ਹੁੰਦਾ ਹੈ :

1. **ਬੰਧ** : ਜੀਵਾਂ ਨੂੰ ਬਿਨਾਂ ਕਾਰਣ ਬੰਧਨ ਵਿਚ ਰਖਣਾ ।

2. **ਵੱਧ :** ਜੀਵਾਂ ਨੂੰ ਨਿਰ ਅਪਰਾਧ ਕਤਲ ਕਰਨਾ ।

3. **ਛਵਿਛੇਦ** : ਜੀਵਾਂ ਦੇ ਕਿਸੇ ਅੰਗਾਂ ਨੂੰ ਬਿਨਾ ਕਾਰਨ ਕਟਨਾ ਜਾਂ ਖੱਸੀ ਕਰਨ ਦਾ ਧੰਦਾ ਕਰਨਾ ।

4. **ਅਤਿਭਾਰ :** ਜੀਵਾਂ ਤੇ ਜਰੂਰਤ ਤੋਂ ਜਿਆਦਾ ਭਾਰ ਲਦਣਾ, ਮਜ਼ਦੂਰਾਂ ਤੋਂ ਜ਼ਿਆਦਾ ਕੰਮ ਲੈਣਾ ਤੇ ਤਨਖਾਹ ਘੱਟ ਦੇਣਾ ।

5. **ਭੋਜਨਪਾਨ ਵਿਛੇਦ** : ਆਪਣੇ ਅਧੀਨ ਜੀਵਾਂ ਦਾ ਭੋਜਨ ਪਾਣੀ ਬੰਦ ਕਰ ਦੇਣਾ ਜਾਂ ਸਮੇਂ ਤੇ ਨਾ ਦੇਣਾ ਜਾਂ ਘਟ ਦੇਨਾ ।

2, **ਸਥੂਲ ਮਰਿਸ਼ਾਵਾਦ ਵਿਰਮਨ (ਮੋਟਾ ਝੂਠ)**

ਜੋ ਸਤ ਸਚਾਈ ਤੋਂ ਉਲਟ ਹੈ, ਜੋ ਛਿਪਾਇਆ ਜਾਵੇ ਜਾਂ ਕਿਸੇ ਦੇ ਦਿਲ ਨੂੰ ਦੁੱਖ ਦੇਣ ਵਾਲਾ ਹੋਵੇ, ਜੈਨ ਗ੍ਰਹਿਸਥ ਸ਼੍ਰਾਵਕ [ਉਪਾਸਕ] ਇਸ ਸਥੂਲ ਝੂਠ ਨੂੰ ਤਿਆਗ ਦੇਵੇ ਇਸ ਮਿਥਿਆ ਵਚਨਾ ਨੂੰ ਜੈਨ ਪਰਿਭਾਸ਼ਾ ਵਿਚ ਅਲੀਕ ਆਖਦੇ ਹਨ ਇਹ ਪੰਜ ਹਨ :

1. **ਕੰਨਿਆ ਲੀਕ :** ਕੁੜੀ, ਦਾਸ ਅਤੇ ਦਾਸੀ ਸੰਬੰਧੀ ਝੂਠ ਬੋਲਣਾ ।

2. **ਗਵਾਲੀਕ :** ਗਾਂ ਆਦਿ ਦੁੱਧ ਦੇਣ ਵਾਲੇ ਪਾਲਤੂ ਪਸ਼ੂ ਦੀ ਖਰੀਦ ਵੇਚ ਵੇਲੇ ਪਸ਼ੂ ਸੰਬੰਧੀ ਝੂਠ ਬੋਲਣਾ ।

3. **ਭੁਮੀਲੀਕ** : ਭੂਮੀ, ਖੇਤ, ਮਕਾਨ ਸੰਬੰਧੀ ਝੂਠ ਬੋਲਣਾ ।

4. **ਨਿਆਸਪਹਾਰ :** ਕਿਸੇ ਦੀ ਰਖੀ ਅਮਾਨਤ ਲੈ ਕੇ ਮੁਕਰ ਜਾਣਾ ।

5. **ਕੁਟਸ਼ਾਖਸੀ :** ਝੂਠੀ ਗਵਾਹੀ ਦੇਣਾ ।

ਜੈਨ ਸ਼੍ਰਾਵਕ ਨੂੰ ਇਸ ਮੋਟੇ ਝੂਠ ਤੋਂ ਬਚਣਾ ਚਾਹੀਦਾ ਹੈ। ਇਸ ਵਰਤ ਦੇ 5 ਅਤਿਚਾਰ ਹਨ ਜੋ ਜਾਨਣ ਯੋਗ ਹਨ ਪਰ ਗ੍ਰਹਿਣ ਕਰਨ ਯੋਗ ਨਹੀਂ ।

**ਅਤਿਚਾਰ**

1. **ਸਹਿਸਾ ਅਭਿਖਿਆਨ** :—ਬਿਨਾਂ ਵਿਚਾਰ ਕੀਤੇ, ਕਿਸ ਤੇ ਝੂਠਾ ਦੋਸ਼ ਮੜ ਦੇਣਾ ।

2. **ਰਹਿਸਯ ਅਭਿਖਿਆਨ ;** ਕਿਸੇ ਦਾ ਗੁਪਤ ਭੇਦ ਪ੍ਰਗਟ ਕਰ ਦੇਣਾ ।

3. **ਸਵਾਦਾਰ ਮੰਤਰ ਭੇਦ :** ਆਪਣੀ ਇਸਤਰੀ ਦੇ ਗੁਪਤ ਭੇਦ ਕਿਸੇ ਕੋਲ ਪ੍ਰਗਟ ਕਰਨਾ ।

4. **ਮਿਰਸ਼ਾ ਦੋਸ਼** : ਕਿਸੇ ਨੂੰ ਵਿਭਚਾਰ ਦਾ ਉਪਦੇਸ਼ ਦੇਣਾ, ਗਲਤ ਸਲਾਹ ਦੇਣਾ

ਝੂਠ ਬੋਲਣ ਲਈ ਪ੍ਰੇਰਣਾ ।

5: **ਕੂਟ ਲੇਖ** : ਝੂਠੇ ਬਹੀ ਖਾਤੇ, ਜਾਲੀ ਦਸਤਾਵੇਜ ਤਿਆਰ ਕਰਨਾ ।

3. **ਸਥੂਲ ਅੱਦਤਾ ਦਾਨ**

ਇਸ ਵਰਤ ਵਿਚ ਸ਼੍ਰਮਣਾ (ਜੈਨ ਸਾਧੂਆਂ) ਦਾ ਉਪਾਸ਼ਕ (ਸ਼੍ਰਾਵਕ) ਮੋਟੀ ਚੋਰੀ ਦਾ ਤਿਆਗ ਕਰਦਾ ਹੈ । ਜੋ ਵਸਤੂ ਬਿਨਾਂ ਕਿਸੇ ਦੀ ਆਗਿਆ ਤੋਂ ਗ੍ਰਹਿਣ ਕੀਤੀ ਜਾਵੇ, ਉਹ ਚੋਰੀ ਅਖਵਾਉਂਦੀ ਹੈ । ਇਸ ਵਰਤ ਦੇ 5 ਅਤਿਚਾਰ ਹਨ ਜਿਸ ਨਾਲ ਇਹ ਵਰਤ ਖੰਡਤ ਹੋ ਸਕਦਾ ਹੈ ।

1. **ਸਤੇ ਨਾਹਤ** : ਚੋਰ ਰਾਹੀਂ ਲੈ ਆਉਂਦਾ ਮਾਲ ਰਖਣਾ ਜਾਂ ਖਰੀਦਣਾ ।

2. **ਤਸਕਰ ਪ੍ਰਯੋਗ** : ਚੋਰਾਂ ਨੂੰ ਚੋਰੀ ਲਈ ਪ੍ਰੇਰਣਾ ਦੇਣਾ ਜਾਂ ਤਿਆਰ ਕਰਨਾ ।

3. **ਵਿਰੁਧ ਰਾਜਯ ਤਿਕ੍ਰਮ** : ਰਾਜ ਦੇ ਕਾਨੂੰਨ ਦਾ ਉਲੰਘਨ ਕਰਕੇ ਟੈਕਸ਼ ਚੁੰਗੀ ਦੀ ਚੋਰੀ ਕਰਨਾ ।

4, **ਕੂਟ ਤੁਲਾ ਕੂਟ ਮਾਨ** : ਝੂਠੇ, ਤੋਲ, ਝੂਠੇ ਮਾਪ ਦਾ ਇਸਤੇਮਾਲ ਕਰਨਾ ।

5. **ਤੱਤ ਪ੍ਰਤੀ ਰੂਪਕ ਵਿਵਹਾਰ** : ਅਸ਼ੁਧ ਵਸਤੂ ਨੂੰ ਸ਼ੁਧ ਆਖ ਕੇ ਵੇਚਣਾ ਜਾਂ ਮਿਲਾਵਟ ਕਰਨਾ ।

4. **ਸਥੂਲ ਮੈਥੁਨ ਵਿਰਮਨ**

ਜੋ ਪੁਰਸ਼ ਬ੍ਰਹਮਚਰਜ਼ ਦਾ ਪਾਲਣ ਨਹੀਂ ਕਰ ਸਕਦਾ, ਉਸ ਲਈ ਜ਼ਰੂਰੀ ਹੈ ਕਿ ਉਹ ਆਪਣੀ ਵਿਵਾਹਿਤ ਇਸਤਰੀ ਤੋਂ ਛੁਟ ਹਰ ਇਸਤਰੀ ਨੂੰ ਮਾਂ, ਭੈਣ ਅਤੇ ਪੁਤਰੀ ਰੂਪ ਸਮਝੇ । ਉਪਾਸ਼ਕ ਪਰਾਈ ਕੰਨਿਆ, ਵੇਸ਼ੀਆ, ਦਾਸੀ ਅਤੇ ਹੋਰ ਇਸਤਰੀਆਂ ਨਾਲ ਕਾਮ ਭੋਗ ਦਾ ਤਿਆਗ,ਇਸ ਵਰਤ ਵਿਚ ਕਰਦਾ ਹੈ । ਇਸ ਵਰਤ ਦਾ ਇਕ ਨਾਂ ਹੈ ਸਵਦਾਰ ਸੰਤੋਸ਼ ਵਰਤ । ਸ਼੍ਰਾਵਕ ਇਸ ਵਰਤ ਦਾ ਪਾਲਨ ਇਕ ਕਰਮ ਇਕ ਯੋਗ ਨਾਲ ਕਰਦਾ ਹੈ । ਭਾਵ ਇਸ ਵਰਤ ਦਾ ਪਾਲਨ ਇਕਲੇ ਸਰੀਰ ਦੇ ਯੋਗ ਨਾਲ ਕੀਤਾ ਜਾਂਦਾ ਹੈ ਵਿਭਚਾਰ ਤੋਂ ਬਚਣ ਲਈ ਵਿਆਹ ਹੀ ਸਮਾਜਿਕ ਵਿਵਸਥਾ ਹੈ । ਗ੍ਰਹਿਸਥੀ ਨੂੰ ਪੁੱਤਰ ਪੁੱਤਰੀ ਦਾ ਵਿਆਹ ਵੀ ਕਰਨਾ ਹੁੰਦਾ ਹੈ । ਬੁਢਾਪੇ ਵਿਚ ਬੀਮਾਰ ਇਸਤਰੀ ਦੀ ਸੇਵਾ ਹਿੱਤ, ਉਸ ਦਾ ਸਪਰਸ਼ ਕਰਨਾ ਪੈ ਸਕਦਾ ਹੈ । ਇਸ ਵਰਤ ਦੀ ਰਾਖੀ ਲਈ ਤੀਰਥੰ-ਕਰਾ ਨੇ ਪੰਜ ਅਤਿਚਾਰ ਦਸੇ ਹਨ । ਜੋ ਜਾਨਣ ਯੋਗ ਹਨ ਪਰ ਗ੍ਰਹਿਣ ਕਰਨ ਯੋਗ ਨਹੀਂ ਕਿਉਂਕਿ ਇਨ੍ਹਾ ਦਾ ਸੇਵਨ, ਵਰਤ ਨੂੰ ਤੋੜਦਾ ਹੈ ।

1) **ਈਤਵਰਿਕਾਪਰਿ ਗ੍ਰਹਿਤਾ ਗਮਨ** : ਕਾਮ ਵਸ ਹੋ ਕੇ, ਕਿਸੇ ਹੋਰ ਇਸ-ਤਰੀ ਨੂੰ ਵਿਸੇਸ਼ ਲੋਭ ਦੇ ਕੇ ਕੁਝ ਦਿਨਾਂ ਲਈ ਕਾਮ ਭੋਗ ਵਾਸਤੇ ਤਿਆਰ ਕਰਨਾ ਜਾਂ ਭੋਗ ਯੋਗ ਇਸਤਰੀ ਦੇ ਭੋਗ ਦੀ ਇੱਛਾ ਕਰਨਾ ।

2. **ਅਪਰਿ ਗ੍ਰਹਿਤਾ ਗਮਨ** : ਕੁਆਰੀ, ਅਨਾਥ, ਵੇਸ਼ੀਆ ਨਾਲ ਕਾਮ ਭੋਗ

ਕਰਨਾ ਜਾਂ ਜਿਸ ਲੜਕੀ ਨਾਲ ਮੰਗਣੀ ਹੋ ਗਈ ਹੋਵੇ ਪਰ ਵਿਆਹ ਨਾ ਹੋਇਆ ਹੋਵੇ ਅਜੇਹੀ ਇਸਤਰੀ ਨਾਲ ਸਰੀਰਕ ਕਾਮ ਭੋਗ ਦੀ ਇੱਛਾ ਕਰਨਾ ।

3) **ਅਨੰਗ ਕ੍ਰੀੜਾ** : ਕਾਮ ਵਸ ਹੋ ਕੇ ਪਰਾਈ ਔਰਤ ਨਾਲ ਹਾਸਾ, ਮਜ਼ਾਕ ਕਰਨਾ, ਪਰਾਈ ਇਸਤਰੀ ਦੇ ਅੰਗਾਂ ਦਾ ਸਪਰਸ਼, ਕਾਮ ਕੇਂਦਰ ਤੋਂ ਛੁਟ ਹੋਰ ਕੇਂਦਰ ਨੂੰ ਕਾਮ ਭੋਗ ਦਾ ਵਿਸ਼ਾ ਬਣਾਉਣਾ, ਗੈਰ ਕੁਦਰਤੀ ਕਾਮ ਸੰਬੰਧ ਸਥਾਪਿਤ ਕਰਨਾ ।

4) **ਪਰ ਵਿਵਾਹ ਕਰਨ** : ਇਸ ਦੇ ਦੋ ਅਰਥ ਹਨ 1] ਆਪਣੇ ਰਿਸ਼ਤੇਦਾਰ ਨੂੰ ਛੱਡ ਕੇ ਹੋਰ ਲੋਕਾਂ ਦੀਆ ਧੀਆਂ ਪੁਤਾਂ ਦੇ ਵਿਆਹ ਪੁੰਨ ਜਾਂ ਲਾਲਚ ਵਸ ਕਰਾਉਣਾ ਕਿਉਂਕਿ ਵਿਆਹ ਵਿਚ ਮੈਥੁਨ ਕ੍ਰਿਆ ਇਕ ਲਾਜ਼ਮੀ ਅੰਗ ਹੈ । ਸੋ ਉਪਾਸ਼ਕ ਨੂੰ ਕਾਮ ਭੋਗ ਤੋਂ ਹਟਾਉਣ ਲਈ ਹੀ ਇਸ ਦੀ ਮਨਾਹੀ ਹੈ । 2] ਕਿਸੇ ਦੇ ਰਿਸ਼ਤੇ ਨਾਲ ਤੜਵਾਉਣ ਦਾ ਕੰਮ ਕਰਨਾ, ਕਿਸੇ ਦਾ ਰਿਸ਼ਤਾ ਤੁੜਵਾ ਕੇ ਆਪਣੇ ਰਿਸ਼ਤੇਦਾਰ ਨੂੰ ਲੈ ਜਾਣਾ ।

5) **ਕਾਮ ਭੋਗ ਤੀਵਰ ਅਭਿਲਾਸ਼ਾ** : ਕਾਮ ਭੋਗ ਦਾ ਅਰਥ ਹੈ ਪੰਜ ਇੰਦ-ਰੀਆਂ ਦੇ ਵਿਸ਼ੇ ਸ਼ਬਦ, ਰੂਪ, ਰਸ, ਗੰਧ, ਸਪਰਸ਼ । ਕਾਮ ਭੋਗ ਵਧਾਉਣ ਲਈ ਦਵਾਈਆਂ ਦਾ ਇਸਤੇਮਾਲ ਕਰਨਾ, ਗਲਤ ਸਮੇਂ ਕਾਮ ਭੋਗ ਕਰਨਾ, ਹਰ ਸਮੇਂ ਕਾਮ ਭੋਗ ਲਈ ਤਿਆਰ ਰਹਿਣਾ ਇਸ ਵਿਚ ਸ਼ਾਮਲ ਹੈ ।

### 5. ਇੱਛਾ ਪਰਿਮਾਣ ਵਰਤ—ਪਰਿਗ੍ਰਹਿ ਪਰਿਮਾਣ ਵਰਤ

ਪਰਿਗ੍ਰਹਿ ਤੋਂ ਭਾਵ ਹੈ ਵਸਤਾਂ ਦਾ ਸੰਗ੍ਰਿਹ ਕਰਨ ਦੀ ਭਾਵਨਾ । ਗ੍ਰਹਿਸ਼ਥੀ ਜਰੂਰਤ ਤੋਂ ਵਧ ਵਸਤਾਂ ਦਾ ਸੰਗ੍ਰਹਿ ਨਾ ਕਰੇ ਵਸਤਾਂ ਦੀ ਹੱਦ ਨਿਸ਼ਚੈ ਕਰੇ ਨਿਸਚਿਤ ਹੱਦ ਨੂੰ ਪਾਰ ਨਾ ਕਰੇ । ਪਰਿਗ੍ਰਹਿ ਦੋ ਪ੍ਰਕਾਰ ਦਾ ਹੈ 1] ਦਰੱਵ ਪਰਿਗ੍ਰਹਿ 2] ਭਾਵ ਪਰਿਗ੍ਰਹਿ

ਧਨ, ਅਨਾਜ, ਖੇਤ, ਇਸਤਰੀ, ਘਰੇਲੂ, ਸੋਨਾ, ਚਾਂਦੀ, ਵਸਤਾਂ, ਨੌਕਰ, ਚਾਕਰ, ਰਥ, ਜਹਾਜ਼, ਖਾਣ ਪੀਣ ਪਹਿਨਣ ਦੀ ਸਾਮਗਰੀ ਦਰਵ ਪਰਿਗ੍ਰਹਿ ਵਿਚ ਸ਼ਾਮਲ ਹੈ ।

ਭਾਵ ਪਰਿਗ੍ਰਹਿ ਤੋਂ ਭਾਵ ਬਾਹਰੀਆਂ ਇਛਾਵਾਂ, ਤ੍ਰਿਸ਼ਨਾਵਾਂ, ਲੋਭ, ਲਾਲਸਾ ਅਤੇ ਵਾਸ਼ਨਾਵਾਂ ਹੈ । ਇਨ੍ਹਾਂ ਦੋ ਪ੍ਰਕਾਰ ਦੇ ਪਰਿਗ੍ਰਹਿ ਦੀ ਹੱਦ ਨਿਸ਼ਚਿਤ ਕਰਨਾ ਇੱਛਾ ਪਰਿ-ਮਾਣ ਵਰਤ ਹੈ ।

ਇਸ ਵਰਤ ਦੇ ਪੰਜ ਅਤਿਚਾਰ ਹਨ ਜਿਨ੍ਹਾਂ ਤੋਂ ਬਚਣਾ ਜਰੂਰੀ ਹੈ ।

**ਅਤਿਚਾਰ**

1. **ਖੇਤਰ ਵਸਤੂ ਪ੍ਰਮਾਣ ਅਤਿਕ੍ਰਮ** : ਖੇਤ, ਮਕਾਨ, ਦੁਕਾਨ ਤੇ ਘਰ ਦੀ ਹੱਦ ਨਿਸ਼-ਚਿਤ ਕਰਕੇ ਉਸ ਦੀ ਉਲੰਘਨਾ ਕਰਨਾ । ਭਾਵ ਕੋਈ ਉਪਾਸਕ ਤਿੰਨ ਦੁਕਾਨਾਂ ਰਖਣ ਦੀ ਹੱਦ ਨਿਸ਼ਚਿਤ ਕਰਦਾ ਹੈ ਤਾਂ ਉਸ ਨੂੰ ਚੋਥੀ ਦੁਕਾਨ ਦੀ ਲਾਲਸਾ ਕਰਨੀ ਬੇਕਾਰ ਹੈ ।

2. **ਹਿਰਨੇਸਵਰਨ ਪ੍ਰਮਾਣ ਅਤਿਕ੍ਰਮ** : ਘੜੇ ਜਾਂ ਅਨ ਘੜੇ ਸੋਨੇ ਚਾਂਦੀ ਦੀ ਨਿਸ਼ਚਿਤ ਹੱਦ ਦੀ ਉਲੰਘਣਾ ਕਰਨਾ । ਜਾਂ ਵਾਧੂ ਸੋਨਾ, ਚਾਂਦੀ ਨੂੰ ਧੀ, ਪੁੱਤਰ ਰਿਸ਼ਤੇਦਾਰ

ਦੇ ਨਾਂ ਲਗਵਾ ਕੇ ਆਂਪਣਾ ਮਾਲਕੀ ਹੱਕ ਬਰਕਰਾਰ ਰਖਣਾ ।

3. **ਧਨ-ਧਾਨਯ ਪ੍ਰਮਾਣ ਅਤਿਕ੍ਰਮ :** ਪੈਸੇ ਤੇ ਅਨਾਜ ਦੀ ਨਿਸ਼ਚਿਤ ਹੱਦ ਨੂੰ ਪਾਰ ਕਰਨਾ । ਉਸ ਨੂੰ ਵਾਧੂ ਧਨ ਨੂੰ ਕਿਸੇ ਹੋਰ ਸ਼ਕਲ ਵਿਚ ਰਖਣਾ ।

4. **ਦਵਿਪਦ-ਚਤਸ਼ ਪਦ ਪਰਿਮਾਤਿਕ੍ਰਮ** : ਦੋ ਪੈਰ ਵਾਲੇ ਦਾਸ, ਦਾਸੀ, ਇਸਤਰੀ, ਪੁਰਸ਼ ਦੋ ਪੈਰ ਵਾਲੇ ਤੋਤਾ, ਮੈਨਾ ਆਦਿ ਪੰਛੀਆਂ ਦੀ ਹਦ ਨਿਸ਼ਚਿਤ ਕਰਨਾ ਉਲੰਘਨਾ ਨਾ ਕਰਨਾ । ਚਾਰ ਪੈਰ ਵਾਲੇ ਹਾਥੀ, ਘੋੜੇ, ਦੁਧ ਦੇਣ ਵਾਲੇ ਪਸ਼ੂਆਂ ਦੀ ਹੱਦ ਨਿਸ਼ਚਿਤ ਕਰਕੇ ਉਲੰਘਨ ਨਾ ਕਰਨਾ ।

5. **ਕੁਪਯ ਪ੍ਰਮਾਣ ਪ੍ਰਤੀਕ੍ਰਮ** : ਘਰ ਦੀ ਨਿੱਤ ਵਰਤੋਂ ਦੀ ਸਮਗਰੀ ਦੀ ਹਦ ਨਿਸ਼ਚਿਤ ਕਰਨਾ ਅਤੇ ਉਸ ਦੀ ਉਲੰਘਨਾ ਨਾ ਕਰਨਾ । ਇਸ ਤੋਂ ਛੁਟ ਹਰ ਉਪਾਸਕ ਲਈ ਜਰੂਰੀ ਹੈ ਕਿ ਉਹ ਰਾਤਰੀ ਭੋਜਨ ਦਾ ਤਿਆਗ ਕਰੇ ।

## ਤਿੰਨ ਗੁਣ ਵਰਤ

ਪੰਜ ਅਣੂਵਰਤਾ ਲਈ ਅਤੇ ਇਸ ਦੇ ਅਤਿਆਚਾਰਾ ਨੂੰ ਧਿਆਨ ਵਿਚ ਰਖ ਕੇ ਜੈਨ ਧਰਮ ਵਿਚ ਗ੍ਰਹਿਸਥ ਉਪਾਸਕ ਨੂੰ ਤਿੰਨ ਗੁਣ ਵਰਤ ਦਾ ਵਿਧਾਨ ਹੈ ।

## ਦਿਕ ਪਰਿਮਾਣ ਵਰਤ

ਸੰਸਾਰ ਬਹੁਤ ਵਿਸਥਾਰ ਵਾਲਾ ਹੈ । ਮਨੁੱਖ ਦੀਆਂ ਇੱਛਾਵਾਂ, ਕਾਮਨਾਵਾਂ ਇਸ ਤੋਂ ਵੀ ਵਿਸਥਾਰ ਵਾਲੀਆਂ ਹਨ । ਦਿਕ ਤੋਂ ਭਾਵ ਦਿਸ਼ਾ ਹੈ । ਇਸ ਵਰਤ ਦਾ ਸਾਧਕ ਗ੍ਰਹਿਸਥ ਚਾਰੇ ਦਿਸ਼ਾਵਾ ਪਾਸੇ ਘੁੰਮਣ ਦੀ ਹੱਦ ਨਿਸ਼ਚਿਤ ਕਰਦਾ ਹੈ । ਜਿਸ ਨਾਲ ਉਹ ਹਿੰਸਾ, ਝੂਠ, ਚੋਰੀ, ਵਿਭਚਾਰ ਇਛਾਵਾਂ, ਕਾਮਨਾਵਾਂ ਤੇ ਪਰਿਗ੍ਰਹਿ ਤੋਂ ਕਾਫੀ ਹੱਦ ਤਕ ਸਹਿਜ ਬਚ ਜਾਂਦਾ ਹੈ ।

### ਅਤਿਆਚਾਰ

ਇਸ ਵਰਤ ਦੇ 5 ਅਤਿਆਚਾਰ ਹਨ ਜਿਨ੍ਹਾਂ ਨਾਲ ਵਰਤ ਖੰਡਤ ਹੁੰਦਾ ਹੈ ।

1. **ਉਰਧਵ ਦਿਸ਼ਾ ਪਰਿਮਾਣਤਕਰਮ :** ਉਰਧਵ ਦਿਸ਼ਾ ਵਲ ਮਿਥੀ ਹਦ ਤੋਂ ਵਧ ਜਾਣਾ ।

2. **ਅਧੋ ਦਿਸ਼ਾ ਪਰਿਮਾਣਤ ਕਰਮ** : ਹੇਠਲੀ ਦਿਸ਼ਾ ਦੀ ਨਿਸ਼ਚਿਤ ਹੱਦ ਦਾ ਉਲੰਘਨ ਕਰਨਾ ।

3. ਪੂਰਬ ਪਛਮ ਆਦਿ ਦੇ ਤਿਰਛੀ ਦਿਸ਼ਾਵਾਂ ਦੀ ਹੱਦ ਦਾ ਉਲੰਘਨ ਕਰਨਾ ।

4. **ਖੇਤਰ ਵਿਰਧੀ :** ਨਿਸ਼ਚਿਤ ਇਕ ਦਿਸ਼ਾ ਦੀ ਸੀਮਾ ਘਟ ਕਰਕੇ ਦੂਸਰੇ ਪਾਸੇ ਦੀ ਸੀਮਾ ਵਧਾ ਕੇ ਉਲੰਘਨ ਕਰਨਾ ।

5. **ਸਮਿਰਤੀ ਅੰਤਰ ਧਾਰ** : ਨਿਸ਼ਚਿਤ ਸੀਮਾ ਨੂੰ ਭੁਲ ਜਾਣਾ, ਜਾਂ ਸੀਮਾ ਦੀ ਹਦ ਪ੍ਰਤੀ ਸ਼ਕਾ ਹੋ ਜਾਣਾ ।

## ਉਪਭੋਗ-ਪਰਿਭੋਗ ਪਰਿਮਾਣ ਵਰਤ

ਜੋ ਵਸਤੂ ਇਕ ਵਾਰੀ ਭੋਗੀ ਜਾਵੇ ਉਹ ਭੋਗ ਅਖਵਾਉਂਦੀ ਹੈ ਜਿਵੇਂ ਭੋਜਨ. ਪਾਣੀ, ਇਸ਼ਨਾਨ, ਸ਼ਿੰਗਾਰ। ਜੋ ਵਸਤੂ ਵਾਰ-੨ ਭੋਗ ਵਿਚ ਆਵੇ ਉਹ ਉਪ ਭੋਗ ਹੈ। ਜਿਵੇਂ ਗਹਿਣੇ, ਮੰਜਨ, ਬਿਸਤਰਾ। ਇਸ ਵਰਤ ਦੇ 5 ਅਤਿਚਾਰ ਹਨ।

1. **ਤਰੱਸ ਵਧ ਨਿਸ਼ਪਨ** : ਹਿਲਨ ਚਲਨ ਵਾਲੇ ਤਰੱਸ ਜੀਵ ਹਨ। ਜੋ ਵਸਤੂ ਇਨ੍ਹਾਂ ਨੂੰ ਮਾਰ ਕੇ ਬਨਾਈ ਜਾਵੇ ਉਹ ਤਰੱਸ ਬੱਧ ਹੈ। ਜਿਵੇਂ ਮਾਸ, ਸ਼ਰਾਬ ਆਦਿ।

2. **ਅਤਿ ਵੱਧ ਨਿਸ਼ਪਨ** : ਜੋ ਵਸਤੂ ਸਥਾਵਰ (ਪ੍ਰਿਥਵੀ ਆਦਿ ਇਕ ਇੰਦਰੀਆ) ਦੇ ਜੀਵਾ ਦੇ ਵਿਨਾਸ਼ ਨਾਲ ਪ੍ਰਾਪਤ ਹੋਵੇ। ਜਿਵੇਂ ਗੂਲਰ, ਬਰੋਟੇ, ਪੀਪਲ ਦੇ ਫਲ। ਗ੍ਰਹਿਸਥ ਲਈ ਭੋਗ ਯੋਗ ਨਹੀਂ ਹਨ।

3. **ਪ੍ਰਮਾਦ** : ਉਪਾਸਕ ਨੂੰ ਤਾਮਸਿਕ, ਪਦਾਰਥ, ਨਸ਼ਾ ਨਹੀਂ ਕਰਨਾ ਚਾਹੀਦਾ ਜਿਸ ਕਾਰਣ ਉਸ ਦੇ ਸਰੀਰ ਵਿਚ ਆਲਸ, ਬੇਹੋਸ਼ੀ ਅਣਗਹਿਲੀ, ਜਾ ਅਸਾਵਧਾਨੀ ਜਨਮ ਲਵੇ। ਕਿਉਂਕਿ ਅਸਾਵਧਾਨੀ ਪਾਪਾ ਦੀ ਮਾਂ ਹੈ।

4. **ਅਨੁਪਸੇਵਯ** : ਉਪਾਸਕ ਕਿਸੇ ਤੋਂ ਖੋਹ ਕੇ ਭੋਜਨ ਨਾਂ ਕਰੇ। ਕਿਸੇ ਦਾ ਹੱਕ ਨਾ ਮਾਰੇ। ਬਾਰੀਕ ਵਸਤਰ ਨਾਂ ਪਹਿਨੇ। ਭੁੱਖ ਤੋਂ ਇਲਾਵਾ, ਸਵਾਦ ਲਈ ਭੋਜਨ ਨਾ ਕਰੇ।

5. **ਆਰੋਗਯਘਾਤਕ** : ਅਜਿਹਾ ਭੋਜਨ ਸ੍ਰਾਵਕ ਲਈ ਮਨਾ ਹੈ ਜੋ ਸਰੀਰ ਵਿਚ ਰੋਗ ਪੈਦਾ ਕਰਦਾ ਹੋਵੇ।

## ਉਪਭੋਗ ਪਰਿਭੋਗ ਪਦਾਰਥ

1. ਹੱਥ, ਮੂੰਹ, ਪੈਰ ਧੋਣ ਵਾਲੇ ਤੋਲੀਏ ਦੀ ਹੱਦ ਨਿਸ਼ਚਿਤ ਕਰਨਾ ਉਲਹਕਿਆ ਵਿਧੀ ਹੈ।
2. ਦਾਤੁਨ, ਬੁਰਸ਼ ਆਦਿ ਦੀ ਹੱਦ ਨਿਸ਼ਚਿਤ ਕਰਨ ਦੰਤਨ ਵਿਧੀ ਹੈ।
3. ਆਂਵਲੇ ਆਦਿ ਦੀ ਹੱਦ ਨਿਸ਼ਚਿਤ ਕਰਨਾ ਫਲ ਵਿਧੀ ਹੈ।
4. ਮਾਲਸ਼ ਵਾਲੇ ਤੇਲ ਦੀ ਹੱਦ ਨਿਸ਼ਚਿਤ ਕਰਨ ਉਭੰਗਣ ਵਿਧੀ ਹੈ।
5. ਬਟਣੇ ਆਦਿ ਦੇ ਪਦਾਰਥਾਂ ਦੀ ਹੱਦ ਨਿਸ਼ਚਿਤ ਕਰਨਾ ਓਵਟਨ ਵਿਧੀ ਹੈ।
6. ਇਸ਼ਨਾਨ ਆਦਿ ਲਈ ਪਾਣੀ ਦੀ ਹੱਦ ਨਿਸ਼ਚਿਤ ਕਰਨਾ ਮੱਜਨ ਵਿਧੀ ਹੈ।
7. ਪਹਿਨਣ ਵਾਲੇ ਕੱਪੜੇ ਦੀ ਹੱਦ ਨਿਸ਼ਚਿਤ ਕਰਨਾ ਵਥ ਵਿਧੀ ਹੈ।
8. ਚੰਦਨ ਦੇ ਲੇਪ ਦੀ ਹੱਦ ਵਿਲੇਵਨ ਵਿਧੀ ਹੈ।
9. ਫੁਲ, ਫੁਲ ਮਾਲਾ ਦੀ ਹੱਦ ਧੂਫ ਵਿਧੀ ਹੈ।
10. ਗਹਿਣੇ, ਪਹਿਨਣ ਦੀ ਹੱਦ ਆਭਰਨ ਵਿਧੀ ਹੈ।
11. ਧੂਪ ਆਦਿ ਦੇ ਕਮਰੇ, ਕੱਪੜੇ ਨੂੰ ਸੁਗੰਧਿਤ ਕਰਨ ਦੀ ਮਰਿਆਦਾ ਧੂਪ ਵਿਧੀ ਹੈ।

12. ਨਾਸ਼ਤੇ ਲਈ ਪੀਣ ਯੋਗ ਪਦਾਰਥਾ ਦੀ ਨਿਸ਼ਚਿਤ ਹੱਦ ਪੇਜ ਵਿਧੀ ਹੈ।

13. ਰੋਟੀ ਆਦਿ ਖਾਣ ਦੀ ਮਰਿਆਦਾ ਭਵਖਨ ਵਿਧੀ ਹੈ।

14. ਚਾਵਲਾ ਦੀ ਮਰਿਆਦਾ ਔਦਨ ਵਿਧੀ ਹੈ।

15. ਦਾਲਾਂ ਦੀ ਮਰਿਆਦਾ ਸੂਪ ਵਿਧੀ ਹੈ।

16. ਘੀ, ਦੁੱਧ, ਦਹੀ, ਤੇਲ, ਗੁੜ ਚੀਨੀ ਜਾ ਇਸ ਰਾਹੀਂ ਬਣੇ ਪਦਾਰਥਾਂ ਦੀ ਹੱਦ ਵਿਗੇ ਵਿਧੀ ਹੈ।

17. ਸਾਗ ਭਾਜੀ ਦੀ ਮਰਿਆਦਾ ਸਾਗ ਵਿਧੀ ਹੈ।

18. ਮਿੱਠੇ ਪੱਕੇ ਫਲਾਂ ਦੀ ਹੱਦ ਮਹੂਰ ਵਿਧੀ ਹੈ।

19. ਭੋਜਨ ਯੋਗ ਪਦਾਰਥਾਂ ਦੀ ਹੱਦ ਭੋਜਯ ਵਿਧੀ ਹੈ।

20. ਪੀਣ ਵਾਲੇ ਪਾਣੀ ਦੀ ਹੱਦ ਪਾਣੀ ਵਿਧੀ ਹੈ।

21. ਲੋਂਗ, ਸਪਾਰੀ, ਪਾਨ ਆਦਿ ਮੂੰਹ ਨੂੰ ਤਾਜਾ ਅਤੇ ਖੁਸ਼ਬੂ ਦਾਰ ਰੱਖਣ ਵਾਲੇ ਪਦਾ-ਰਥਾਂ ਦੀ ਹੱਦ ਮੁਖਵਾਸ ਵਿਧੀ ਹੈ।

22. ਸਵਾਰੀਆਂ ਯੋਗ ਵਾਹਨ ਦੀ ਹੱਦ ਵਾਹਨ ਵਿਧੀ ਹੈ।

23. ਪੈਰ ਵਿਚ ਪਹਿਨਣ ਵਾਲੇ ਜੁੱਤੇ ਆਦਿ ਦੀ ਨਿਸ਼ਚਿਤ ਹੱਦ ਉਵਾਹਨ ਵਿਧੀ ਹੈ।

24. ਸੌਣ ਵਾਲੇ ਮੰਜੇ, ਆਸਨ, ਫਟੇ ਵਾਲੇ ਸੋਣ ਯੋਗ ਪਦਾਰਥ ਦੀ ਹੱਦ ਸ਼ਯਨ ਵਿਧੀ ਹੈ।

25. ਸਚਿੱਤ (ਜਾਨਦਾਰ) ਵਸਤਾ ਦੀ ਹੱਦ ਸਚਿੱਤ ਵਿਧੀ ਹੈ।

26. ਹਰ ਰੋਜ ਖਾਣ ਵਿਚ ਪ੍ਰਯੋਗ ਆਉਣ ਵਾਲੇ ਪਦਾਰਥਾਂ ਦੀ ਨਿਸ਼ਚਿਤ ਹੱਦ ਦਵ ਵਿਧੀ ਹੈ।

## 15 ਕਰਮਾ ਦਾਨਾਂ ਦੇ ਨਾਂ

ਕਰਮ ਦਾਨ ਤੋਂ ਭਾਵ ਇਹ ਹੈ ਕਿ ਉਹ ਕਰਮ (ਕੰਮ) ਜੋ ਕਰਮ ਬੰਧ ਵਧਾਉਣ ਵਿਚ ਸਹਾਇਕ ਹਨ। ਗ੍ਰਹਿਸਥ ਜਦ ਆਪਣੀ ਆਤਮ ਵਿਕਾਸ ਦੀ ਮੰਜਿਲ ਵੱਲ ਚਲਦਾ ਹੈ ਤਾਂ ਉਹ ਹਰ ਉਹ ਕੰਮ ਤੋਂ ਬਚਦਾ ਹੈ ਜਿਸ ਵਿਚ ਹਿੰਸਾ ਜਿਆਦਾ ਹੈ। ਸੌ ਵਰਤਾਂ ਦੇ ਧਾਰੀ ਜੈਨ ਸ਼੍ਰਾਵਕ ਨੂੰ ਤੀਰਥੰਕਰ ਨੇ 15 ਉਹ ਰੋਜਗਾਰ ਨਾਂ ਕਰਨ ਦੀ ਹਿਦਾਇਤ ਕੀਤੀ ਹੈ ਜੋ ਕਿਸੇ ਨਾਂ ਕਿਸੇ ਤਰ੍ਹਾ ਹਿੰਸਾ ਦਾ ਕਾਰਣ ਹਨ, ਸ੍ਰਿਸ਼ਟੀ ਦੀ ਕੁਦਰਤੀ ਰਚਨਾ (ਪ੍ਰਦੂਸ਼ਨ) ਖਰਾਬ ਕਰਦੇ ਹਨ, ਬੇਜਰੁਗਾਰੀ ਵਧਾਉਂਦੇ ਹਨ। ਜਿਨਾਂ ਕੰਮਾ ਕਾਰਣ ਸ਼ੋਸ਼ਨ ਵਧਦਾ ਹੈ ਜੋ ਧੰਦੇ ਸਮਾਜ ਲਈ ਸਮਸਿਆਵਾਂ ਪੈਦਾ ਕਰਦੇ ਹਨ। ਇਹ ਇਸ ਪ੍ਰਕਾਰ ਹਨ :—

1. **ਅੰਗਾਰ ਕਰਮ** : ਕੋਲੇ ਬਨਾਉਣ ਦਾ ਧੰਦਾ
2. **ਬਨ ਕਰਮ** : ਜੰਗਲ ਕਟਾਉਣ ਦਾ ਧੰਦਾ
3. **ਸ਼ਕਟ ਕਰਮ** : ਰੱਥ ਆਦਿ ਪਸ਼ੂ ਵਾਹਨ ਬਨਾਉਣ ਦਾ ਧੰਦਾ

4. **ਭਾਟਕ ਕਰਮ** : ਪਸ਼ੂਆਂ ਨੂੰ ਕਿਰਾਏ ਤੇ ਦੇਣ ਦਾ ਧੰਦਾ
5. **ਸਫੋਟ ਕਰਮ** : ਬਾਰੂਦੀ, ਸੁਰੰਗਾਂ ਵਿਛਾ ਕੇ ਪੱਥਰ ਤੋੜਨ ਦਾ ਧੰਦਾ
6. **ਦੰਤ ਬਨਿਜ** : ਪਸ਼ੂਆਂ ਦੇ ਦੰਦਾਂ ਦੇ ਵਿਉਪਾਰ ਦਾ ਧੰਦਾ
7. **ਲਾਖ ਬਨਿਜ** : ਲਾਖ ਇੱਕਠੀ ਕਰਕੇ ਵੇਚਣ ਦਾ ਧੰਦਾ
8. **ਰਸ ਬਨਿਜ** : ਸ਼ਰਾਬ, ਸਿਰਕਾ ਵੇਚਨਾ ਜਾਂ ਬਨਾਉਣ ਦਾ ਧੰਦਾਂ
9 **ਵਿਸ਼ ਬਨਿਜ** : ਜਹਿਰ, ਹਥਿਆਰ ਵੇਚਨ ਦਾ ਧੰਦਾ
10. **ਕੇਸ਼ ਬਾਨਿਜ :** ਬਾਲਾਂ ਦਾ ਧੰਦਾ
11. **ਜੰਤਨ ਪੀੜਨ ਕਰਮ :** ਕੋਹਲੂ ਪੀੜਨ ਦਾ ਧੰਦਾ
12. **ਨਿਰਲਾਛਨ ਕਰਮ** : ਪਸ਼ੂਆਂ ਨੂੰ ਖੱਸੀ ਬਨਾਉਣਾ ਦਾ ਧੰਦਾ
13. **ਦਵਾਦਿਅਗਨੀ ਕਰਮ :** ਜੰਗਲ ਨੂੰ ਅੱਗ ਲਗਾਉਣ ਦਾ ਧੰਦਾ
14. **ਸਰੋਹਦ ਤੜਾਗ ਪਰਿਸ਼ੋਨ ਕਰਮ** : ਤਲਾਵ, ਸਰੋਵਰ ਸੁਖਾਉਣ ਦਾ ਧੰਦਾ ।
15. **ਅਸਯਤੀਜਨ ਪੋਸ਼ਨ ਕਰਮ :** ਵੈਸਿਆਵਾਂ ਨੂੰ ਵਿਭਚਾਰ ਹਿਤ ਰਖਨ ਦਾ ਧੰਦਾ । ਇਸ ਵਿਚ ਕੁਤੇ ਨੂੰ ਸ਼ਿਕਾਰ ਹੇਤੂ ਪਾਲਨ, ਮੁਰਗੀ, ਸੁਅਰ ਪਾਲਨ ਵੀ ਸ਼ਾਮਲ ਹੈ ।

ਵਿਵੇਕ ਸ਼ੀਲ ਉਪਾਸ਼ਨ ਨੂੰ ਸ਼ਕਤੀ ਅਨੁਸਾਰ ਇਨ੍ਹਾਂ ਧੰਦਿਆਂ ਦਾ ਤਿਆਗ ਕਰਨਾ ਚਾਹੀਦਾ ਹੈ ।

### ਅਤਿਚਾਰ

ਇਸ ਵਰਤ ਦੇ 5 ਅਤਿਚਾਰ ਜਾਨਣ ਯੋਗ ਹਨ ਗ੍ਰਹਿਣ ਕਰਨ ਯੋਗ ਨਹੀਂ

1. **ਸਚਿਤਾਹਾਰ :** ਸ੍ਰਾਵਕਦਵਾਰ ਨਿਸ਼ਚਿਤ ਸਚਿਤ ਅਹਾਰ ਮਰਿਆਦਾ ਦਾ ਉਲਘੰਨ ।
2. **ਸਚਿਤਾ ਪ੍ਰਤਿ ਵੱਧਤਾ ਅਹਾਰ** : ਸਚਿੱਤ ਅਹਾਰ ਦੇ ਤਿਆਗ ਤੇ ਸਚਿਤ ਨੂੰ ਸਪਰਸ਼ ਕਰਦਾ ਭੋਜਨ ਅਤਿਚਾਰ ਹੈ ।
3. **ਅਪਕੱਵਾਹਾਰ** : ਜੋ ਅੱਗ ਰਾਹੀਂ ਨਹੀਂ ਪਕਿਆ ਹੋਵੇ ਉਹ ਭੋਜਨ ਗ੍ਰਹਿਣ ਕਰਨਾ ਅਤਿਚਾਰ ਹੈ ।
4. **ਦੁਸ਼ਪਕਵਾਹਾਰ** : ਜੋ ਭੋਜਨ ਪੱਕ ਤਾਂ ਗਿਆ ਹੈ ਪਰ ਜ਼ਰੂਰਤ ਤੋਂ ਜ਼ਿਆਦਾ ਪਕ ਗਿਆ ਹੈ । ਉਹ ਗ੍ਰਹਿਣ ਕਰਨਾ ਅਤਿਚਾਰ ਹੈ ।
5. **ਤੁੱਛ ਔਸ਼ਧੀ ਭਕਸ਼ਨ** : ਅਜਿਹੀ ਬਨਸਪਤਿ ਦਾ ਸੇਵਨ ਜਿਸ ਵਿਚ ਖਾਣ ਪਦਾਰਥ ਘਟ ਹੋਣ ਅਤੇ ਸੁਟਣ ਯੋਗ ਵੱਧ ਹੈ ਦਾ ਗ੍ਰਹਿਣ ਅਤਿਚਾਰ ਹੈ ।

## ਅਨਰਥ ਦੰਡ ਵਿਰਮਨ

ਸਾਰੇ ਹਿੰਸਾ ਦੇ ਕੰਮ ਪਾਪ ਦਾ ਕਾਰਣ ਹਨ । ਇਨ੍ਹਾਂ ਦੇ ਦੋ ਭੇਦ ਹਨ ਸਾਰਥਕ ਤੇ ਅਨਥਰਕ । ਜੋ ਅਨਥਰਕ ਦੰਡ (ਕੰਮ) ਹਨ ਉਸ ਦਾ ਸ੍ਰਾਵਕ ਹਮੇਸ਼ਾ ਲਈ ਤਿਆਗ

ਕਰਦਾ ਹੈ। ਇਸ ਵਰਤ ਦੇ ਚਾਰ ਭੇਦ ਹਨ ਜਿਨ੍ਹਾਂ ਤੋਂ ਬਚਣਾ ਜ਼ਰੂਰੀ ਹੈ।

1. ਅਪ-ਧਿਆਨ ਚਰਿਤ : ਆਰਤ ਤੇ ਰੌਦਰ ਧਿਆਨ, ਭਾਵ ਹਿੰਸਾ ਦਾ ਕਾਰਣ- ਹਨ ਸੋ ਛਡਨ ਯੋਗ ਹਨ।

2. ਪ੍ਰਮਾਦ ਚਰਿਤ : ਧਰਮ ਦੇ ਉਲਟ ਸਾਰੀਆਂ ਕ੍ਰਿਆਵਾਂ ਪ੍ਰਮਾਦਾਚਰਨ ਹਨ। ਇਸ ਭਾਵਨਾ ਨਾਲ ਸ਼ਬਦ, ਰੂਪ, ਰਸ, ਗੰਧ, ਸਪਰਸ ਦੇ ਉਪਭੋਗ ਜਾਗਦੇ ਹਨ।

3. ਹਿਸੰਰਪ੍ਰਦਨਾ : ਹਿੰਸਾ ਦਾ ਕਾਰਣ ਹਥਿਆਰ ਕਿਸੇ ਨੂੰ ਦੇਨਾ ਹਿੰਸਰਪ੍ਰਦਨਾ ਅਨੱਰਥ ਵੰਡ ਹੈ।

4. ਪਾਪ ਕਰਮ ਉਪਦੇਸ਼ : ਚੋਰੀ, ਯਾਰੀ ਲਈ ਕਿਸੇ ਨੂੰ ਪਾਪ ਕਰਮ ਦਾ ਉਪਦੇਸ਼ ਪਾਪ ਕਰਮ ਉਪਦੇਸ਼ ਅਨਰਥ ਦੰਡ ਹੈ।

ਇਸ ਵਰਤ ਦੇ ਪੰਜ ਅਤਿਚਾਰ ਜਾਨਣਯੋਗ ਹਨ ਗ੍ਰਹਿਣ ਕਰਨ ਯੋਗ ਨਹੀਂ।

**ਅਤਿਚਾਰ**

1. ਕੰਦਰਪ : ਕਾਮ ਵਿਕਾਰ ਬੋਲਨ ਵਾਲੇ ਵਾਕ ਬੋਲਨਾ, ਬੇਹੂਦਾ ਹਰਕਤਾਂ ਕਰਨਾ।

2. ਕੌਤਕੁਚਯ : ਭੰਡਾ ਦੀ ਤਰ੍ਹਾਂ ਹਾਸਾ ਮਜਾਕ ਕਰਨਾ।

3. ਮੋਖਰਿਆ : ਮੂਰਖਤਾ ਨਾਲ ਉਲ ਜਲੂਲ ਬੋਲਨਾ।

4. ਸੰਯੁਕਾ ਧਿਕਰਣ : ਜਿਨਾ ਪਦਾਰਥਾ ਨਾਲ ਹਿੰਸਾ ਕਲੇਸ਼, ਯੁਧ ਦੀ ਸੰਭਾਵਨਾ ਹੋਵੇ ਉਹ ਸੰਗ੍ਰਹਿ ਕਰਨਾ।

5. ਉਪਭੋਗ ਪਰਿਭੋਗਾਈਰਿਤੇ : ਅਪਣੇ ਪਰਿਵਾਰ ਅਤੇ ਸ਼ਰੀਰ ਲਈ ਸਚਿਤ ਉਪਭੋਗ ਪਰਿਭੋਗ ਦੀ ਜ਼ਰੂਰੀ ਵਸਤਾ ਜ਼ਿਆਦਾ ਸੰਗ੍ਰਹਿ ਕਰਨਾ।

## ਚਾਰ ਸਿਖਿਆ ਵਰਤ

1. **ਸਾਮਾਇਕ ਵਰਤ** :

ਸਮਾਇਕ ਵਰਤ ਜੈਨ ਧਰਮ ਵਿਚ ਬਹੁਤ ਮਹੱਤਵ ਪੂਰਨ ਹੈ ਸਾਧੂ ਦੀ ਸਮਾਇਕ ਜੀਵਨ ਭਰ ਲਈ ਹੈ ਅਤੇ ਗ੍ਰਹਿਸਥ ਦੀ ਘਟੋ ਘਟ ਇਕ ਮਹੁਰਤ (48 ਮਿੰਟ) ਦੀ ਹੈ।

ਰਾਗ ਦਵੇਸ਼ ਰਹਿਤ ਹੋਕੇ, ਹਰ ਪਦਾਰਥ, ਮਥਿਤੀ ਆਦਿ ਵਿਚ ਸਮਭਾਵ ਦਾ ਅਭਿਆਸ ਕਰਨਾ, ਕੁਝ ਸਮੇਂ ਲਈ ਪਾਪਕਾਰੀ ਸੰਸਾਰਿਕ ਧੰਦਿਆਂ ਦਾ ਤਿਆਗ ਕਰਨਾ ਹੀ ਸਮਾਇਕ ਹੈ। ਗ੍ਰਹਿਸਥ ਸਮਾਇਕ ਵਿਚ ਕੁਝ ਸਮੇਂ ਲਈ ਸਾਧੂ ਹੀ ਬਣ ਜਾਂਦਾ ਹੈ। ਅਦੇ ਸਾਧੂ ਵਾਲੀਆਂ ਪ੍ਰਤਿਗਿਆ ਤੇ ਵਰਤਾਂ ਦਾ ਆਚਰਨ ਕਰਦਾ ਹੈ। ਸਮਾਇਕ ਵਿਖਾਵੇ ਦੀ ਵਸਤੂ ਨਹੀਂ, ਸਾਮਾਇਕ ਆਤਮ ਸਾਧਨਾ ਦਾ ਨਾਂ ਹੈ। ਸਮਾਇਕ ਵਿਚ ਨਵਕਾਰ ਮੰਤਰ ਦਾ ਧਿਆਨ ਤੇ ਅਰਾਧਨਾ ਕੀਤੀ ਜਾਂਦੀ ਹੈ। ਕਾਯੋਤਸਰਗ ਤੱਪ ਅਤੇ ਪ੍ਰਤਿਕ੍ਰਮਨ ਵੀ ਸਮਾਇਕ ਦਾ ਭਾਗ ਹਨ। ਦੇਵ, ਗੁਰੂ ਅਤੇ ਧਰਮ ਦੀ ਉਪਾਸਨਾ ਕੀਤੀ ਜਾਂਦੀ ਹੈ। 24 ਤੀਰਥੰਕਰਾਂ ਨੂੰ ਬੰਦਨ ਨਮਸਕਾਰ ਕੀਤਾ ਜਾਂਦਾਂ ਹੈ। ਸਾਧੂ ਵਾਲੇ ਭੇਖ ਤੇ ਉਪਕਰਨ ਧਾਰਨ

ਕੀਤੇ ਜਾਂਦੇ ਹਨ। ਸਮਾਇਕ ਅਤੇ ਪੂਜਾ ਵਿਚ ਬਹੁਤ ਫੱਰਕ ਹੈ। ਪੂਜਾ ਵਿਚ ਭਗਤੀ ਪ੍ਰਧਾਨ ਹੈ। ਸਮਾਇਕ ਆਤਮਸਾਧਨਾ ਆਤਮ ਪਹਿਚਾਨ ਲਈ ਇਕ ਆਂਤਰਿਕ ਕ੍ਰਿਆ ਹੈ।

ਸਮਾਇਕ ਵਰਤ ਸ੍ਰਾਵਕ ਦੇ ਜੀਵਨ ਦਾ ਲਾਜਮੀ ਭਾਗ ਹੈ ਇਸ ਵਰਤ ਦੀ 4 ਸ਼ੁਧੀਆਂ ਹਨ।

1. ਦਰਵ ਸ਼ੁਧੀ : ਸਮਾਇਕ ਦੀਆਂ ਧਾਰਮਿਕ ਵਸਤਾਂ ਸੁਧ ਹੋਣ।

2. ਖੇਤਰ ਸ਼ੁਧੀ : ਸਮਾਇਕ ਕਰਨ ਵਾਲੀ ਜਗ੍ਹਾ, ਏਕਾਂਤ, ਗੰਦਗੀ ਰਹਿਤ ਸ਼ੋਰ ਸ਼ਰਾਬੇ ਤੋਂ ਦੂਰ ਹੋਵੇ।

3. ਕਾਲ ਸ਼ੁਧੀ : ਸਮਾਇਕ ਭਾਵੇਂ ਕਿਸੇ ਸਮੇਂ ਵੀ ਕੀਤੀ ਜਾ ਸਕਦੀ ਹੈ ਪਰ ਸੰਸਾਰਿਕ ਚਿੰਤਾਵਾਂ ਸਮਾਇਕ ਵਿਚ ਵਾਧਕ ਹਨ। ਸੋ ਜਿਸ ਸਮੇਂ ਮਨ ਇਨ੍ਹਾਂ ਚਿੰਤਾਵਾਂ ਤੋਂ ਮੁਕਤ ਹੋਵੇ, ਤਦੇ ਹੀ ਸਮਾਇਕ ਕੀਤੀ ਜਾਵੇ।

4. ਭਾਵ ਸ਼ੁਧੀ : ਸਮਾਇਕ ਬਿਨਾ ਕਿਸੇ ਲਾਲਚ ਭੈ ਤੋਂ ਕੀਤੀ ਜਾਵੇ। ਉਸਦਾ ਉਦੇਸ਼ ਸੰਸਾਰਿਕ ਪਦਾਰਥਾਂ ਦੀ ਪ੍ਰਾਪਤੀ ਨਹੀਂ ਹੋਣਾ ਚਾਹੀਦਾ ਸਗੋਂ ਆਤਮਾ ਸ਼ੁਧੀ ਹੋਣਾ ਚਾਹੀਦਾ ਹੈ।

**ਸਮਾਇਕ ਵਰਤ ਦੇ 5 ਅਤਿਚਾਰ ਹਨ :**

1. ਮਨੋਦੁਸਯ ਪ੍ਰਤਿਪਾਨ : ਸਮਾਇਕ ਵਿਚ ਮਨ ਰਾਹੀਂ ਬੁਰਾ ਜਾ ਪਾਪਕਾਰੀ ਚਿੰਤਨ ਕਰਨਾ।

2. ਵਾਗਦੁਸ਼ ਪ੍ਰਤਿਪਾਨ : ਵਚਨ ਰਾਹੀਂ ਪਾਪਕਾਰੀ, ਕਠੋਰ, ਹਿੰਸਕ ਭਾਸ਼ਾ ਬੋਲਨਾ।

3. ਕਾਈਆ ਦੁਸ਼ਯ ਪ੍ਰਤਿਪਾਨ : ਸਮਾਇਕ ਵਿਚ ਸ਼ਰੀਰ ਨੂੰ ਸਥਿਰ ਨਾ ਰਖਨਾ ਪਾਪਕਾਰੀ ਕੰਮ ਸ਼ਰੀਰ ਰਾਹੀਂ ਕਰਨਾ।

4. ਸਮਰਿਤੀ ਅਕਰਨ : ਸਮਾਇਕ ਲੈ ਕੇ ਸਮਾ ਭੁਲ ਜਾਣਾ, ਜਾਂ ਸਾਮਇਕ ਸਮਾ ਯਾਦ ਨਾ ਰਖਣਾ।

5, ਅਨਵਸਥਿਤੀਕਰਨ : ਸਮਾਇਕ ਦਾ ਸਮਾ ਹੋਣ ਤੋਂ ਪਹਿਲਾਂ ਸਮਾਇਕ ਪੂਰਾ ਕਰ ਲੈਣਾ, ਜਾ ਨਾਂ ਸਮੇਂ ਤੇ ਸਮਾਇਕ ਕਰਨਾ ਨਾਂ ਹੀ ਸਮੇਂ ਤੇ ਪੂਰਾ ਕਰਨਾ ਸਮਾਇਕ ਵਰਤ ਦੇ 32 ਦੋਸ਼ ਧਿਆਨ ਰੱਖ ਕੇ ਛੱਡਨ ਯੋਗ ਹਨ।

## ਮਨ ਦੇ 10 ਦੋਸ਼ ਹਨ

1. **ਅਵਿਵੇਕ ਦੋਸ਼** : ਵਿਵੇਕ ਹੀਨ ਹੋਕੇ ਸਮਾਇਕ ਕਰਨਾ।
2. **ਯਸ਼ੋ ਵਾਂਛਾ** : ਸਮਾਇਕ ਵਿਚ ਯਸ਼ ਕੀਰਤੀ ਦੀ ਇੱਛਾ।
3. **ਧਨਵਾਂਛਾ** : ਧਨ ਦੀ ਇੱਛਾ ਕਰਨਾ।
4. **ਗਰਭ ਦੋਸ਼** : ਹੰਕਾਰ ਕਰਨਾ।

5. **ਭੈ ਦੋਸ਼** : ਭੈ ਕਾਰਣ ਸਮਾਇਕ ਕਰਨਾ।

6. **ਨਿਦਾਨ ਦੋਸ਼** : ਸੰਸਾਰਿਕ ਪਦਾਰਥਾਂ ਲਈ ਧਰਮ ਕਰਨ ਦਾ ਨਾ ਨਿਦਾਨ ਹੈ

7. **ਸੰਸ਼ਯ ਦੋਸ਼** : ਸਮਾਇਕ ਦੇ ਫੱਲ ਪ੍ਰਤਿ ਸ਼ਕ ਕਰਨਾ।

8. **ਕਸ਼ਾਏ ਦੋਸ਼** : ਸਮਾਇਕ ਵਿਚ ਚਾਰ ਕਸ਼ਾਏ ਦਾ ਸੇਵਨ ਕਰਨਾ।

9. **ਅਵਿਨੈ ਦੋਸ਼** : ਵਿਨੈ ਰਹਿਤ ਸਮਾਇਕ ਕਰਨਾ।

10. **ਅਬਹੁ ਮਾਨ ਦੋਸ਼** : ਆਦਰ ਰਹਿਤ ਸਮਾਇਕ ਕਰਨਾ।

## ਵਚਨ ਦੇ 10 ਦੋਸ਼

1. **ਕੁਬੋਲ ਦੋਸ਼** : ਗਲਤ ਵਚਨ

2. **ਸਹਸਤਾਕਾਰ ਦੋਸ਼** : ਬਿਨਾ ਵਿਚਾਰ ਬੋਲਨਾ

3. **ਅਸਦਾਰੋਪਨ ਦੋਸ਼** : ਝੂਠੀ ਸਲਾਹ ਦੇਣਾ।

4. **ਨਿਰਪੇਕਸ਼ਵਾਕ ਦੋਸ਼** : ਸ਼ਾਸਤਰਾਂ ਤੋਂ ਉਲਟੇ ਵਚਨ ਬੋਲਣਾ।

5. **ਸੰਖੇਪ ਦੋਸ਼** : ਸਮਾਇਕ ਦੇ ਪਾਠ ਨੂੰ ਤੋੜ ਮਰੋੜ ਕੇ ਪੜਣਾ।

6. **ਕਲਹ ਦੋਸ਼** : ਸਮਾਇਕ ਵਿਚ ਕਲੇਸ਼ ਕਰਨਾ।

7. **ਵਿਕਥਾ ਦੋਸ਼** : ਸਮਾਇਕ ਵਿਚ ਦੇਸ਼ ਕਥਾ ਆਦਿ ਕਿਸੇ ਕਹਾਣੀਆ ਪੜਨਾ।

8. **ਹਾਸ ਦੋਸ਼** : ਸਮਾਇਕ ਵਿਚ ਹਾਸਾ ਮਜ਼ਾਕ ਕਰਨਾ ਆਦਿ।

9. **ਅਸ਼ੁਧ ਪਾਠ** : ਸਮਾਇਕ ਪਾਠ ਨੂੰ ਗਲਤ ਪੜਨਾ।

10. **ਮੁਨਮੁਨ ਦੋਸ਼** : ਸਪੱਸ਼ਟ ਭਾਸ਼ਾ ਨਾਂ ਬੋਲਨਾ।

## ਕਾਈਆ ਦੇ 12 ਦੋਸ਼

1. **ਆਯੋਗ ਆਸ਼ਨ ਦੋਸ਼** : ਪੈਰ ਤੇ ਪੈਰ ਚੜਾ ਕੇ ਬੈਠਨਾ।

2. **ਚਲਆਸਨ ਦੋਸ਼** : ਇਧਰ ਉਧਰ ਵੇਖਨਾ, ਅਸਥਿਰਤਾ ਰਖਨਾ।

3. **ਚਲਦਰਿਸ਼ਟੀ ਦੋਸ਼** : ਚੰਚਲਤਾ ਨਾਲ ਇਧਰ ਉਧਰ ਵੇਖਣਾ।

4. **ਸਾਵਦਯ ਦੋਸ਼** : ਪਾਪਕਾਰੀ ਕੰਮ ਕਰਨਾ।

5. **ਆਲੰਬਨ ਦੋਸ਼** : ਦੀਵਾਰ ਆਦਿ ਦੇ ਸਹਾਰੇ ਨਾਲ ਸਮਾਇਕ ਕਰਨਾ।

6. **ਅਕਿੰਚਨ ਪ੍ਰਸਾਰਨ ਦੋਸ਼** : ਸਮਾਇਕ ਵਿਚ ਬਿਨਾ ਕਾਰਣ ਪੈਰ ਪਸਾਰਨਾ।

7. **ਆਲਸ ਦੋਸ਼** : ਸਮਾਇਕ ਵਿਚ ਆਲਸ ਕਰਨਾ।

8. **ਮੋਟਨ ਦੋਸ਼** : ਸਮਾਇਕ ਵਿਚ ਅੰਗੁਲੀ ਮੜਕਾਉਣਾ।

9. **ਮਲ ਦੋਸ਼** : ਸਮਾਇਕ ਸਮੇਂ ਸ਼ਰੀਰ ਦਾ ਮੈਲ ਆਦਿ ਉਤਾਰਨਾ।

10. **ਵਿਸਮਾਆਸਨ ਦੋਸ਼** : ਗਲੇ ਦੇ ਹੇਠਾਂ ਹਥ ਰੱਖ ਕੇ ਬੈਠਣਾ।

11. **ਨਿਦਰਾਂ ਦੋਸ਼** : ਸਮਾਇਕ ਸਮੇਂ ਸਉਣਾ।

12. **ਵਸਤਰ ਸੰਕੋਚ ਦੋਸ਼** : ਸਮਾਇਕ ਦੇ ਕਪੜੇ ਨਾਲ ਸਾਰੇ ਸ਼ਰੀਰ ਨੂੰ ਹੀ

ਢਕ ਲੈਣਾ। ਸਮਾਇਕ ਇਨ੍ਹਾਂ 32 ਦੋਸ਼ਾਂ ਨੂੰ ਟਾਲਕੇ ਸਮਾਇਕ ਪੂਰੀ ਕਰਨੀ ਚਾਹੀਦੀ ਹੈ।

## ਦੇਸ਼ ਅਵਕਾਸ਼ਿਕ ਵਰਤ

ਇਹ ਵਰਤ ਛੇਵੇਂ ਵਰਤ ਦਾ ਹੀ ਭਾਗ ਹੈ। ਛੇਵੇਂ ਵਰਤ ਵਿਚ ਦਿਸ਼ਾਵਾਂ ਵਿਚ ਘੁਮਨ ਫਿਰਨ ਦੀ ਮਰਿਆਦਾ ਹੈ। ਪਰ ਇਸ ਪਦਾਰਥ ਵਿਚ ਉਨ੍ਹਾਂ ਦਿਸਾਵਾਂ ਵਿਚੋਂ ਵਸਤਾਂ ਮਗਾਉਣ ਦੀ ਹੱਦ ਨਿਸ਼ਚਿਤ ਕੀਤੀ ਗਈ ਹੈ।

**ਅਤਿਚਾਰ :**

**ਆਨਯਨ ਪ੍ਰਯੋਗ :** ਜ਼ਰੂਰਤ ਪੈਣ ਤੇ ਨਿਸ਼ਚਿਤ ਮਰਿਆਦਾ ਦੀ ਬਾਹਰ ਤੇ ਕੋਈ ਪਦਾਰਥ ਮੰਗਾਉਣਾ।

2. **ਪ੍ਰੇਸ਼ਯਪ੍ਰਯੋਗ :** ਮਰਿਆਤ ਖੇਤਰ ਤੋਂ ਬਾਹਰ ਵਸਤੂ ਭੋਜਨ ਮੰਗਵਾਉਣਾ।

3. **ਸ਼ਬਦਾਨੁਪਾਤ :** ਮਰਿਆਦਤ ਖੇਤਰ ਤੋਂ ਬਾਹਰ ਸ਼ਬਦ ਜਾਂ ਅਵਾਜ਼ ਨਾਲ ਵਸਤੂ ਦਾ ਆਦਾਨ ਪ੍ਰਦਾਨ ਕਰਨਾ।

4. **ਰੁਤਾਨੁਪਾਤ :** ਮਰਿਆਦਤ ਖੇਤਰ ਤੋਂ ਵਸਤੂ ਮੰਗਾਉਣ ਲਈ ਵਸਤੂ ਵਿਖਾਕੇ ਵਸਤੂ ਮੰਗਾਉਣ ਦਾ ਇਸ਼ਾਰਾ ਕਰਨਾ।

5. **ਪੁਦਗਲਪੂਰਕਸ਼ੇਪ :** ਸੀਮਾ ਵਿਚ ਇੱਟ ਪੱਥਰ ਸੁਟ ਕੇ ਇਸ਼ਾਰੇ ਨਾਲ ਵਸਤੂ ਮੰਗਾਉਣਾ।

## ਪੂਰਨ ਪੋਸ਼ਧ ਵਰਤ

ਇਹ ਤੀਸਰਾ ਸਿਖਿਆ ਵਰਤ ਹੈ। ਸ੍ਰਾਵਕ ਨੂੰ ਦੂਜ, ਪੰਜਵੀਂ, ਅਠਮੀਂ, ਏਕਾਦਸ਼ੀ, ਚੋਦਸ, ਅਤੇ ਪੂਰਨਮਾਸੀ ਨੂੰ ਸੰਸਾਰਿਕ ਕੰਮ ਦਾ ਪੂਰਨ ਤਿਆਗ ਕਰਕੇ ਧਰਮ ਸਥਾਨ [ਉਪਾਸ਼ਰੇ] ਵਿਚ ਆਉਣ ਜ਼ਰੂਰੀ ਹੈ। ਪੋਸ਼ਧ ਵਿਚ ਸ਼ਿੰਗਾਰ, ਭੋਜਨ, ਸੰਸਾਰਿਕ ਕੰਮਕਾਜ ਅਤੇ ਅਬ੍ਰਹਮਚਰਜ ਦਾ ਤਿਆਗ ਹੈ। ਉਪਾਸਕ ਚਾਰ ਪ੍ਰਕਾਰ ਦੇ ਭੋਜਨਾਂ ਵਿਚੋਂ ਇਕ ਪ੍ਰਕਾਰ ਦਾ ਭੋਜਨ ਰੱਖ ਸਕਦਾ ਹੈ।

ਪੋਸ਼ਧ ਸੂਰਜ ਚੜ੍ਹਨ ਤੋਂ ਪਹਿਲਾ ਗ੍ਰਹਿਣ ਕਰਨੀ ਜਰੂਰੀ ਹੈ।

ਪੋਸ਼ਧ ਵਰਤ ਵਿਚ 18 ਦੋਸ਼ ਤਿਆਗ ਯੋਗ ਹਨ :

1. ਪੋਸ਼ਧ ਰਹਿਤ ਪ੍ਰਾਣੀ ਦਾ ਲਿਆਂਦਾ ਪਾਣੀ ਪੀਨਾ।
2, ਰਸ ਵਾਲਾ ਭੋਜਨ ਕਰਨਾ।
3. ਪੋਸ਼ਧ ਖਤਮ ਹੋਣ ਤੇ ਰਸਦਾਰ ਭੋਜਨ ਕਰਨਾ।
4. ਪੋਸ਼ਧ ਲਈ ਜਾਂ ਪੋਸ਼ਧ ਤੋਂ ਵਾਅਦ ਲਈ ਸ਼ਰੀਰ ਦਾ ਸ਼ਿੰਗਾਰ ਕਰਨਾ।
5. ਪੋਸ਼ਧ ਲਈ ਕੱਪੜੇ ਧੁਲਾਨਾ।
6. ਪੋਸ਼ਧ ਲਈ ਕੱਪੜੇ ਰੰਗਾਉਣਾ।
7, ਪੋਸ਼ਧ ਲਈ ਗਹਿਣੇ ਬਨਾਉਣਾ।

8. ਪੋਸ਼ਧ ਵਿਚ ਸਰੀਰ ਤੋਂ ਮੈਲ ਉਤਾਰਨਾ ।
9. ਪੋਸ਼ਧ ਸਮੇਂ ਦਿਨ ਵਿਚ ਸੌਣਾ ।
10. ਪੋਸ਼ਧ ਵਿਚ ਦੇਸ਼ ਕਥਾ ਕਰਨਾ ।
11. ਪੋਸ਼ਧ ਵਿਚ ਇਸਤਰੀ ਕਥਾ ਕਰਨਾ ।
12. ਪੋਸ਼ਧ ਵਿਚ ਰਾਜ ਕਥਾ ਕਰਨਾ ਜਾਂ ਯੁਧ ਕਥਾ ਕਰਨਾ ।
13. ਪੋਸ਼ਧ ਵਿਚ ਭੋਜਨ ਕਥਾ ਕਰਨਾ ।
14, ਪੋਸ਼ਧ ਸਮੇਂ ਵਿਚ ਪੋਸ਼ਧ ਜਾਂ ਮਲ ਤਿਆਗ ਲਈ ਭੂਮੀ ਨੂੰ ਪਹਿਲਾਂ ਸਾਫ ਨਾ ਕਰਨਾ ।
15. ਪੋਸ਼ਧ ਸਮੇਂ ਨਿੰਦਾ ਕਰਨਾ ।
16. ਪੋਸ਼ਧ ਸਮੇਂ ਸਾਰਾ ਧਿਆਨ ਸੰਸਾਰਿਕ ਗੱਲਬਾਤ ਕਰਨਾ ।
17. ਪੋਸ਼ਧ ਸਮੇਂ ਚੋਰ ਕਥਾ ਕਰਨਾ ।
18. ਪੋਸ਼ਧ ਸਮੇਂ ਇਸਤਰੀ ਦੇ ਅੰਗਾਂ ਨੂੰ ਵੇਖਣਾ ।

ਪੰਜ ਅਤਿਚਾਰ ਜੋ ਜਾਨਣ ਯੋਗ ਹਨ ਤੇ ਗ੍ਰਹਿਣ ਕਰਨ ਯੋਗ ਨਹੀਂ :

1. ਸ਼ੈਯਾ : ਸੌਣ ਯੋਗ ਸਥਾਨ ਨੂੰ ਚੰਗੀ ਤਰ੍ਹਾਂ ਵੇਖੇ ।
2. ਸੰਥਾਰਾ : ਆਸਨ ਨੂੰ ਠੀਕ ਤਰ੍ਹਾਂ ਪ੍ਰਮਾਜਨ (ਸਾਫ) ਕਰੇ ।
3. ਲਘੁਨੀਤੀ : ਮੂਤਰ ਵਾਲੀ ਜਗ੍ਹਾ ਨੂੰ ਠੀਕ ਤਰ੍ਹਾਂ ਸਾਫ ਕਰੇ ।
4. ਲਘੂ ਦੀਰਘ ਨੀਤੀ : ਮੱਲ ਮੂਤਰ ਤਿਆਗਨ ਵਾਲੀ ਜਗ੍ਹਾ ਠੀਕ ਤਰ੍ਹਾਂ ਸਾਫ ਕਰੇ ।
5. ਪੋਸ਼ਧ ਨੂੰ ਵਿਧਿ ਅਨੁਸਾਰ 18 ਦੋਸ਼ ਟਾਲ ਕਰੇ ।

ਪੋਸ਼ਧ ਵਾਲੇ ਦਿਨ ਉਪਾਸਕ ਸਾਰਾ ਸਮਾਂ ਸਵਾਧਿਐ, ਧਿਆਨ ਅਤੇ ਆਤਮ ਚਿੰਤਨ ਵਿਚ ਲਗਾਉਂਦਾ ਹੈ।ਪੋਸ਼ਧ ਵਰਤ ਮਹੀਨੇ ਵਿਚ ਦੋ ਵਾਰ ਤਾਂ ਜ਼ਰੂਰ ਕਰਨਾ ਉਪਾਸਕ ਲਈ ਜ਼ਰੂਰੀ ਹੈ । ਇਸ ਵਰਤ ਵਿਚ ਉਪਾਸਕ ਇਕ ਦਿਨ ਲਈ ਸਾਧੂ ਹੀ ਬਣ ਜਾਂਦਾ ਹੈ ।

## 4. ਅਤਿਥਿ ਸੰਵਿਭਾਗ ਵਰਤ

ਅਤਿਥਿ ਦਾ ਅਰਥ ਮਹਿਮਾਨ ਵੀ ਹੈ ਅਤਿਥੀ ਉਹ ਸਾਧੂ ਸਾਧਵੀ ਵੀ ਹਨ ਜੋ ਸੰਸਾਰ ਤਿਆਗ ਕੇ ਸਾਨੂੰ ਆਤਮ ਕਲਿਆਨ ਦਾ ਰਾਹ ਵਿਖਾਉਂਦੇ ਹਨ । ਅਜਿਹੇ ਮਹਾਤਮਾ ਦੀ ਹਰ ਪ੍ਰਕਾਰ ਨਾਲ ਸੇਵਾ ਕਰਨਾ, ਸ਼ਾਸਤਰ ਵਿਧਿ ਅਨੁਸਾਰ ਭੋਜਨ, ਪਾਣੀ, ਦਵਾ ਵਸਤਰ ਦੇਣਾ ਉਪਾਸਕ ਦਾ ਕਰਤੱਵ ਹੈ । ਆਪਣੇ ਸਹਿਧਰਮੀ ਭਾਈ ਵੀ ਇਕ ਤਰ੍ਹਾਂ ਦੇ ਮਹਿਮਾਨ ਹਨ । ਇਨ੍ਹਾਂ ਦੀ ਸੇਵਾ ਭਗਤੀ ਸੁਪਾਤਰ ਦਾਨ ਹੈ ।

### ਅਤਿਚਾਰ

**ਸਚਿਤ ਨਿਕਸ਼ੇਪਨ** : ਸਾਧੂ ਨੂੰ ਨਾਂ ਦੇਣ ਦੀ ਬੁਧੀ ਨਾਲ ਨਿਰਦੋਸ਼ ਪਦਾਰਥ ਨੂੰ ਦੋਸ਼ ਪੂਰਨ ਪਦਾਰਥ ਵਿਚ ਰਖ ਦੇਣਾ ।

**ਸਚਿਤਪਿਧਾਨ** : ਨਾਂ ਦੇਣ ਦੀ ਨੀਅਤ ਨਾਲ ਦੇਣ ਯੋਗ ਵਸਤੂ ਨੂੰ ਢੱਕ ਦੇਣਾ।

**ਕਾਲਾਤਿਕ੍ਰਮ** : ਭੋਜਨ ਦਾ ਸਮਾਂ ਟਾਲ ਕੇ ਵਿਖਾਵੇ ਲਈ ਭੋਜਨ ਪਾਣੀ ਦੀ ਪ੍ਰਾਥਨਾ ਕਰਨਾ।

**ਪਰਧਿਆਣੇ ਪਦੇਸ** : ਨਾ ਦੇਣ ਦੀ ਨੀਤ ਨਾਲ ਅਪਣੀ ਚੀਜ ਨੂੰ ਹੋਰ ਕਿਸੇ ਦੀ ਆਖਣਾ।

**ਮਤਸਰਤਾ** : ਹੰਕਾਰ ਪੂਰਵਕ ਜਾਂ ਕਿਸੇ ਦੀ ਨਕਲ ਨਾਲ ਨਾਂ ਕਰਨ ਲਈ ਦਾਨ ਦੇਣਾ। ਰਾਤਰੀ ਭੋਜਨ ਦਾ ਤਿਆਗ ਇਨ੍ਹਾਂ ਵਰਤਾਂ ਦਾ ਭਾਗ ਹੈ।

## ਤਿੰਨ ਮਨੋਰਥ

ਅਸੀਂ ਧਰਮ ਦੇ ਦੋ ਹਿਸਿਆਂ ਦਾ ਸੰਖੇਪ ਵਰਨਣ ਕਰ ਦਿਤਾ ਹੈ। ਪਰ ਉਪਾਸਕ ਜੀਵਨ ਵਿਚ ਉਪਾਸਕ ਹਰ ਸਮੇਂ ਤਿੰਨ ਗੱਲਾਂ ਸੋਚਦਾ ਹੈ ਜੋ ਉਸਦਾ ਦੇ ਮੁਕਤੀ ਮਾਰਗ ਵਿਚ ਸਹਾਇਕ ਹਨ। ਇਹ ਗੱਲਾਂ 3 ਮਨੋਰਥ ਹਨ।

1. ਕਦੋਂ ਮੈਂ ਧਾਰਮਿਕ ਕੰਮ ਲਈ ਥੋੜਾ ਜਾ ਬਹੁਤ ਦਾਨ ਕਰਕੇ ਧਨ ਦਾ ਸਦਉਪਯੋਗ ਕਰਾਗਾਂ।

2. ਕਦੋਂ ਮੈਂ ਸੰਸਾਰ ਦੇ ਝੰਜਟਾ ਤੋਂ ਮੁਕਤ ਹੋ ਕੇ ਸਾਧੂ ਜੀਵਨ ਗ੍ਰਹਿਣ ਕਰਾਂਗਾ। ਕਿਉਂਕਿ ਸੰਸਾਰ ਵਿਚ ਰਹਿ ਕੇ ਧਰਮ ਦਾ ਠੀਕ ਪਾਲਨ ਨਹੀਂ ਹੋ ਸਕਦਾ। ਸੰਸਾਰ ਬੰਧਨ ਦਾ ਕਾਰਣ ਹੈ।

3. ਕਦੋਂ ਮੈਂ ਸ਼ੁਧ ਅੰਤਕਰਨ ਨਾਲ ਸਾਰੇ ਜੀਵਾਂ ਤੋਂ ਖਿਮਾ ਯਾਚਨਾ ਕਰਕੇ, ਭੋਜਨ ਪਾਣੀ ਦਾ ਤਿਆਗ ਕਰਕੇ ਸਮਾਧੀ ਪੂਰਵ ਪਾਦ ਪੋਗਮਨ (ਸੰਥਾਰਾ) ਵਰਤ ਧਾਰਨ ਕਰਾਂਗਾ।

ਇਸ ਤਰ੍ਹਾਂ ਮਨ, ਵਚਨ ਤੇ ਸ਼ਰੀਰ ਨਾਲ ਉਪਾਸਕ ਤਿਨ ਮਨੋਰਥਾਂ ਨੂੰ ਚਿੰਤਨ ਕਰਦਾ ਹੋਈਆ ਸੰਸਾਰ ਸਾਗਰ ਦਾ ਅੰਤ ਕਰ ਦਿੰਦਾ ਹੈ। ਇਸ ਵਿਚ ਉਪਾਸਕ ਦੇ 14 ਖਾਣ ਪੀਣ ਵਰਤਣ ਯੋਗ ਪਦਾਰਥਾਂ ਦੀ ਰੋਜ਼ਾਨਾ ਹੱਦ ਨਿਸ਼ਚਿਤ ਵੀ ਸ਼ਾਮਲ ਹੈ।

## ਸੰਥਾਰਾ

ਪਹਿਲਾ ਸ੍ਰਾਵਕ ਦੇ ਮਨੋਰਥ ਵਿਚ ਸੰਥਾਰੇ ਦੇ ਭਾਵ ਪ੍ਰਗਟ ਕੀਤੇ ਗਏ ਹਨ। ਸੰਥਾਰਾ ਕੋਈ ਸੁਭਾਗ ਸ਼ਾਲੀ ਕਰਦਾ ਹੈ। ਸੰਥਾਰਾ ਆਤਮ ਹਤਿਆ ਨਹੀਂ, ਕਿਉਂਕਿ ਆਤਮ ਹੱਤਿਆ ਜੈਨ ਧਰਮ ਵਿਚ ਪਾਪ ਹੈ। ਆਤਮ ਹੱਤਿਆ ਦਾ ਉਦੇਸ਼ ਸੰਸਾਰਿਕ ਤੇ ਭੌਤਿਕ ਪਦਾਰਥਾਂ ਦੀ ਪ੍ਰਾਪਤੀ ਹੈ ਜਦ ਕਿ ਸੰਥਾਰੇ ਦਾ ਉਦੇਸ਼ ਸਮਾਧੀ ਜਾਂ ਸੁਖ ਪੂਰਵਕ ਮਰਨਾ ਹੈ ਗਿਆਨ-ਧਿਆਨ ਵਿਚ ਰਹਿਕੇ, ਆਤਮਾ ਸਾਧਨਾਂ ਵਿਚ ਲੀਣ ਰਹਿਣਾ ਹੈ। ਸੰਥਾਰਾ ਉਦੋਂ ਕੀਤਾ ਜਾਂਦਾ ਹੈ ਜਦ ਸ਼ਰੀਰ ਧਰਮ ਕਰਨ ਦੇ ਯੋਗ ਨਾ ਰਹੇ। ਪਰ ਅਧੀਨ ਹੋ ਜਾਵੇ। ਮਰਨਯੋਗ ਰੋਗ ਆ ਜਾਵੇ। ਸੰਥਾਰੇ ਸ਼ੁਧ ਆਤਮਾ ਸਾਧਨਾ ਹੈ। ਮਰਨਾ ਨਿਸ਼ਚਿਤ ਹੈ ਪਰ

ਬਹਾਦਰ ਤੇ ਕਾਈਰ ਦੀ ਮੌਤ ਵਿਚ ਫਰਕ ਸਪੱਸਟ ਹੈ। ਇਸੇ ਤਰ੍ਹਾਂ ਕਾਇਰਤਾ ਪੂਰਵ ਅਗਿਆਨਤਾ ਨਾਲ ਮਰਨਾ ਆਤਮ ਹੱਤਿਆ ਹੈ ਅਤੇ ਬਾਲ (ਅਕਾਮ ਮਰਨ) ਹੈ। ਪਰ ਧਰਮ ਦਾ ਪਾਲਨ ਕਰਦੇ ਦੇਹ ਦਾ ਤਿਆਗ ਸਮਾਧੀ (ਸਕਾਮ) ਮਰਨ ਹੈ। ਸ਼੍ਰਾਵਕ ਯੋਗਤਾ ਅਨੁਸਾਰ ਸੰਥਾਰੇ ਵਿਚ ਤਿਆਗ ਕਰਦਾ ਹੈ। ਸੰਥਾਰੇ ਵਿਚ ਨਾਂ ਸਾਧਕ ਜੀਉਣ ਦੀ ਇੱਛਾ ਕਰਦਾ ਹੈ ਨਾਂ ਮਰਨ ਦੀ। ਸਾਧਕ ਸਿਰਫ ਆਤਮ ਦੇ ਸ਼ੁਧ ਸਵਰੂਪ ਦਾ ਚਿੰਤਨ ਕਰਦਾ ਹੈ ਸ਼ੁਧ ਆਤਮ ਸਮਾਧੀ ਅਵਸਥਾ, ਜੋ ਮੌਤ ਤਕ ਚਲੇਗਾ। ਉਹ ਸੰਥਾਰਾ ਹੈ। ਸੰਥਾਰੇ ਤੋਂ ਪਹਿਲਾ 84 ਲੱਖ ਜੀਵਾ ਤੋਂ ਖਿਮਾ ਮੰਗੀ ਜਾਂਦੀ ਹੈ। ਫੇਰ ਯੋਗਤਾ ਅਨੁਸਾਰ ਇਹ ਵਰਤ ਗ੍ਰਹਿਣ ਕੀਤਾ ਜਾਂਦਾ ਹੈ।

ਸੰਥਾਰੇ ਨੂੰ ਅਪਸ਼ਚਿਮ ਮਾਰਣਾਂਤਿਕ ਸੰਲੇਖਨਾ ਜੋਸ਼ਨਾ-ਅਰਾਧਨਾ ਵੀ ਆਖਦੇ ਹਨ। ਇਸਦੇ ਪੰਜ ਅਤਿਚਾਰ ਹਨ।

1. **ਇਹ ਲੋਕਾਂ ਅੰਸ਼ ਪ੍ਰਯੋਗ** : ਸੰਥਾਰਾ ਕਰਕੇ ਇਹ ਇੱਛਾ ਕਰਨਾ ਕਿ ਮੈਂ ਇਸੇ ਸੰਸਾਰ ਵਿਚ ਰਾਜਾ ਜਾਂ ਅਮੀਰ ਬਣਾ।

2. **ਪਰ ਲੋਕਾਸ਼ਸ ਪ੍ਰਯੋਗ :** ਮਰ ਕੇ ਮੈਂ ਦੇਵਤਾ ਜਾਂ ਇੰਦਰ ਬਣਾ।

3. **ਜੀਵਤਾ ਅੰਸ ਪ੍ਰਯੋਗ :** ਜੇ ਮੈਂ ਵਰਤ ਦੁਹਰਾਨਾ ਜਿਆਦਾ ਸਮੇਂ ਜੀਊਂਦਾ ਰਹਾਂ ਤਾਂ ਚੰਗਾ ਹੈ।

4. **ਮਰਨਾ ਅੰਸ ਪਰਯੋਗ** : ਇਸ ਕਸ਼ਟ ਭੋਗਨ ਨਾਲ ਚੰਗਾ ਹੈ ਮੈਂ ਛੇਤੀ ਮਰ ਜਾਵਾਂ।

5. **ਕਾਮ ਭੋਗ ਅੰਸ ਪ੍ਰਯੋਗ** : ਮਰਕੇ ਮੈਨੂੰ ਮਨੁਖ ਜਾਂ ਦੇਵਤਿਆ ਵਾਲੇ ਕਾਮ-ਭੋਗ ਮਿਲੇ। ਸੰਥਾਰਾ ਤਿੰਨ ਪ੍ਰਕਾਰ ਦਾ ਹੈ। ਭੋਜਨ ਅਤੇ ਕਸ਼ਾਇ ਤਿਆਗ ਕਰਕੇ ਕੀਤਾ ਸੰਥਾਰਾ ਭਗਤ ਪ੍ਰਤਿਖਿਆਨ ਹੈ ਘੁਮਨ ਫਿਰਨ ਦੀ ਹੱਦ ਨਿਸਚਿਤ ਕਰਕੇ ਸਮਾਧੀ ਮਰਨ ਗ੍ਰਹਿਣ ਕਰਨਾ ਇੰਗਤ ਮਰਨ ਹੈ। ਟੱਟੀ ਪਿਸ਼ਾਬ ਦੀ ਖੁਲ ਰੱਖਕੇ ਹਰ ਕਿਸਮ ਦੀ ਸ਼ਰੀਰਕ ਕ੍ਰਿਆ ਦਾ ਤਿਆਗ ਸਮਾਧੀ ਮਰਨ ਹੈ।

ਸੰਲੇਖਨਾ ਦਾ ਅਰਥ ਹੈ ਸਾਰੇ ਸੰਸਾਰਿਕ ਕੰਮਾਂ ਦਾ ਤਿਆਗ ਅਪਸ਼ਚਿਮਾ ਤੋਂ ਭਾਵ ਹੈ ਆਖਰੀ ਭਾਵ ਇਸਤੋਂ ਬਾਅਦ ਕੋਈ ਕਰਤੱਵ ਨਹੀਂ ਰਹਿੰਦਾ।

ਮਾਰਨਾਂਤਿਕ ਤੋਂ ਭਾਵ ਹੈ ਮਰਨ ਤਕ ਚਲਨ ਵਾਲੀ ਸਮਾਧੀ। ਜੋਸ਼ਨਾ ਤੋਂ ਭਾਵ ਹੈ ਸੇਵਨ ਕਰਨਾ। ਅਰਾਧਨਾ ਤੋਂ ਭਾਵ ਹੈ ਜੀਵਨ ਵਿਚ ਉਤਾਰਨਾ।

**ਸਾਗਾਰੀ ਅਨਸ਼ਨ** :

ਕਈ ਲੋਕ ਰਾਤਰੀ ਨੂੰ ਸੰਥਾਰਾ ਕਰਦੇ ਹਨ, ਇਹ ਪੂਰਨ ਸਥਾਰਾ ਨਹੀਂ ਅਖਵਾਉਂਦਾ ਇਸ ਨੂੰ ਸਾਗਾਰੀ ਸੰਥਾਰਾ ਆਖਦੇ ਹਨ : ਰਾਤ ਨੂੰ ਘਾਹ ਫੂਸ ਦਾ ਆਸਨ ਬਿਛਾ, ਹੱਥ ਦਾ ਸਿਰਾਹਣਾ ਲੈਣਾ। ਸੌਣ ਵਾਲੀ ਧਰਤੀ ਸਾਫ ਕਰਨਾ। ਕਰਵੱਟ ਲੈਂਦੇ ਵੀ ਸਰੀਰ ਦਾ

ਪ੍ਰਮਾਜਨ ਕਰਨਾ। ਜਾਗਦੇ ਸਮੇਂ ਇਹ ਧਿਆਨ ਕਰਨਾ, ਮੈਂ ਕੌਣ ਹਾਂ ? ਵਰਤ ਵਿਚ ਹਾਂ ਜਾਂ ਵਰਤ ਤੋਂ ਬਾਹਰ ਹਾਂ ਸੌਂ ਰਿਹਾ ਹਾਂ ਜਾਂ ਜਾਗ ਰਿਹਾ ਹਾਂ ? ਕਿੰਨਾਂ ਸਮਾਂ ਹੋ ਗਿਆ ਹੈ ? ਉਠਨ ਦਾ ਕੀ ਉਦੇਸ਼ ਹੈ ? ਸੌਣ ਤੋਂ ਬਾਅਦ ਕਰਵਟ ਨਾ ਬਦਲਣਾ।

84 ਲੱਖ ਜੀਵਾਂ ਤੋਂ ਖਿਮਾਂ ਯਾਚਨਾ ਕਰਕੇ ਨਵਕਾਰ ਮੰਤਰ ਦਾ ਧਿਆਨ ਕਰਨਾ ਚਾਹੀਦਾ ਹੈ। "ਜੇ ਰਾਤ ਨੂੰ ਹੀ ਮੇਰਾ ਮਰਨ ਹੋ ਜਾਵੇ ਤਾਂ ਇਸ ਰਾਤ ਨੂੰ ਮੈਂ ਸਾਰੇ ਭੋਜਨ ਕੇ ਪਾਣੀ, ਉਪਕਰਨ, ਦੇਹ ਨੂੰ ਮਨ ਵਚਨ, ਕਾਈਆਂ ਤੋਂ ਗੁਰੂ ਜਾਂ ਪ੍ਰਭੂ ਨੂੰ ਹਾਜਰ ਨਾਜਰ ਜਾਣ ਛੱਡਦਾ ਹਾਂ। ਫੇਰ ਅਰਿਹੰਤ, ਸਿੱਧ, ਸਾਧੂ ਅਤੇ ਕੇਵਲੀ ਦੇ ਧਰਮ ਦਾ ਸ਼ਰਨਾ ਗ੍ਰਹਿਣ ਕਰੇ। ਸਮਿਅਕੱਤਵ ਦੀ ਧਾਰਨਾ ਨੂੰ ਦਰਿੜ ਕਰਦਾ ਹੋਇਆ ਮਾਰੇ ਜੀਵਾਂ ਤੋਂ ਖਿਮਾਂ ਮੰਗ ਕੇ ਨਵ-ਕਾਰ ਮੰਤਰ ਪੜ ਕੇ ਸੌ ਜਾਵੇ।

## ਸ਼੍ਰਾਵਕ ਦੀਆਂ 12 ਪ੍ਰਤਿਮਾਵਾਂ (ਸਾਧਨਾ ਕ੍ਰਮ)

1) **ਦਰਸ਼ਨ ਪ੍ਰਤਿਮਾ** : ਦੇਵ, ਗੁਰੂ ਅਤੇ ਧਰਮ ਪ੍ਰਤੀ ਸਮਿਅਕ ਵਿਸ਼ਵਾਸ਼ ਰਖਣਾ, ਗੁਰੂ ਦੇ ਦਸੇ ਰਾਹ ਤੇ ਚਲਣਾ ਗਲਤ ਵਿਚਾਰ ਧਾਰਾਵਾਂ ਤੋਂ ਦੂਰ ਰਹਿਣਾ। ਇਸ ਪ੍ਰਤਿਮਾ ਦਾ ਸਮਾਂ ਇਕ ਮਹੀਨਾ ਹੈ।

2) **ਵਰਤ ਪ੍ਰਤਿਮਾ** : ਦੂਸਰੀ ਪ੍ਰਤਿਮਾ ਦਾ ਉਦੇਸ਼ ਜਨਮ ਮਰਨ ਦਾ ਕਾਰਣ ਕਰਮ ਬੰਧ ਦੀ ਪ੍ਰਪੰਰਾ ਖਤਮ ਕਰਨਾ ਹੈ। 12 ਵਰਤਾ ਦਾ ਪਾਲਨ ਕਰਨਾ ਹੈ ਇਸ ਦਾ ਸਮਾਂ ਦੋ ਮਹੀਨੇ ਹੈ।

3) **ਸਮਾਇਕ ਪ੍ਰਤਿਮਾ** : ਇਸ ਵਿਚ ਦਿਨ ਵਿਚ ਤਿੰਨ ਵਾਰ ਸਮਾਇਕ ਕਰਨਾ, ਸ਼ੀਲ ਵਰਤ ਪਾਲਨਾ, ਤਿਆਗ ਪਛਖਾਨ ਕਰਨਾ ਅਤੇ ਪੋਸ਼ਧ ਵਰਤ ਪਾਲਣਾ, ਇਸ ਵਿਚ ਸ਼ਾਮਲ ਹੈ ਇਸ ਦਾ ਸਮਾਂ 3 ਮਹੀਨੇ ਹੈ।

4) **ਪੋਸ਼ਧ ਪ੍ਰਤਿਮਾ** : ਪਹਿਲਾ ਦਸੀਆਂ ਤਾਰੀਖਾ ਨੂੰ ਪੋਸ਼ਧ ਕਰਨਾ ਇਸ ਵਿਚ ਸ਼ਾਮਲ ਹੈ। ਇਸ ਦਾ ਸਮਾਂ 4 ਮਹੀਨੇ ਹੈ।

5) **ਕਾਯੋਤਸਰਗ** : ਸਰੀਰ ਦੀ ਮਮਤਾ ਦਾ ਤਿਆਗ ਕਰਨਾ ਮਨ ਤੇ ਆਤਮਾ ਨੂੰ ਸਰੀਰ ਦੇ ਵਿਸ਼ਿਆਂ ਤੋਂ ਹਟਾ ਕੇ ਤੀਰਥੰਕਰਾਂ ਜਾਂ ਆਤਮਾ ਦਾ ਧਿਆਨ ਕਰਨਾ ਹੀ ਕਾਯੋਤਸਰਗ ਹੈ ਇਸ ਦਾ ਸਮਾਂ ਘਟੋ ਘਟ ਇਕ ਦਿਨ, ਦੋ ਦਿਨ, ਤਿੰਨ ਦਿਨ ਜਾਂ 5 ਮਹੀਨੇ ਹੈ। ਦਿਗੰਵਰ ਪ੍ਰਪੰਰਾ ਵਿਚ ਇਥੇ ਸਚਿੱਤ ਤਿਆਗ ਦਾ ਵਰਨਣ ਹੈ।

6) **ਬ੍ਰਹਮ ਚਰਜ** : ਪੂਰਨ ਬ੍ਰਹਮ ਚਰਜ ਦਾ ਪਾਲਨ ਕਰਨਾ, ਰਾਤਰੀ ਭੋਜਨ ਦਾ ਤਿਆਗ ਇਸ ਵਿਚ ਸ਼ਾਮਲ ਹੈ। ਦਿਗੰਵਰ ਪ੍ਰਪੰਰਾ ਵਿਚ ਇਸ ਪ੍ਰਤਿਮਾ ਦਾ ਨਾਂ ਰਾਤਰੀ ਭੋਜਨ ਤਿਆਗ ਪ੍ਰਤਿਮਾ ਹੈ।

7) **ਸਚਿੱਤ ਅਹਾਰ ਭੋਜਨ** : ਜੋ ਭੋਜਨ ਪੂਰੀ ਤਰ੍ਹਾਂ ਪਕਿਆ ਨਹੀਂ, ਜੀਵ ਰਹਿਤ ਨਹੀਂ ਉਹ ਸਚਿਤ ਹੈ। ਇਸ ਸਚਿਤ ਭੋਜਨ ਦਾ ਤਿਆਗ ਕਰਨਾ ਹੀ ਇਹ ਪ੍ਰਤਿਮਾ

ਹੈ ਇਸ ਦਾ ਸਮਾਂ 6 ਮਹੀਨੇ ਹੈ ।

8) **ਸਵੇ ਆਰੰਭ ਵਰਜਨ ਪ੍ਰਤਿਮਾ** : ਹਰ ਤਰ੍ਹਾਂ ਦੀ ਛੋਟੀ ਮੋਟੀ ਹਿੰਸਾ ਦਾ ਤਿਆਗ, ਸਚਿਤ ਭੋਜਨ ਦਾ ਤਿਆਗ ਇਸ ਵਿਚ ਸ਼ਾਮਲ ਹੈ । ਪਰ ਇਸ ਵਿਚ ਕੰਮ ਕਾਰ ਸੰਬੰਧੀ ਹਿੰਸਾ ਦਾ ਤਿਆਗ ਨਹੀਂ । ਇਸ ਦਾ ਘਟੋ ਘਟ ਸਮਾਂ ਇਕ-ਦੋ-ਤਿੰਨ ਦਿਨ ਹੈ ਅਤੇ ਜ਼ਿਆਦਾ ਤੋਂ ਜਿਆਦਾ 8 ਮਹੀਨੇ ਹੈ ।

9) **ਭਰਿਤਕ ਪ੍ਰੇਸ਼ਯਾ ਆਰੰਭ ਵਰਜਨ ਪ੍ਰਤਿਮਾ :** ਇਸ ਪ੍ਰਤਿਮਾ ਵਿਚ ਉਪਾ-ਸਕ ਆਪਣੇ ਲਈ ਬਣਾਇਆ ਭੋਜਨ ਗ੍ਰਹਿਣ ਕਰਦਾ ਹੈ । ਪਰ ਨਾ ਤਾਂ ਭੋਜਨ ਸੰਬੰਧੀ ਹਿੰਸਾ ਆਪ ਕਰਦਾ ਹੈ ਨਾਂ ਕਰਵਾਉਂਦਾ ਹੈ । ਪਰ ਉਹ ਇਸ ਸੰਬੰਧੀ ਕਿਸੇ ਨੂੰ ਆਖਣ ਦਾ ਤਿਆਗ ਨਹੀਂ ਕਰਦਾ । ਇਸ ਪ੍ਰਤਿਮਾ ਦਾ ਸਮਾਂ ਘਟੋ ਘਟ ਇਕ-ਦੋ-ਤਿੰਨ ਦਿਨ ਜਿਆਦਾ ਤੋਂ ਜ਼ਿਆਦਾ 9 ਮਹੀਨੇ ਹੈ ।

10) **ਉਦਿਸ਼ਟ ਭਕਤ ਵਰਜਨ ਪ੍ਰਤਿਮਾ** : ਇਸ ਪ੍ਰਤਿਮਾ ਵਿਚ ਉਪਾਸਕ ਆਪਣੇ ਲਈ ਬਣਾਇਆ ਭੋਜਨ ਗ੍ਰਹਿਣ ਨਹੀਂ ਕਰਦਾ । ਸੰਸਾਰਿਕ ਮਾਮਲਿਆਂ ਵਿਚ ਸਿਰਫ ਹਾਂ ਜਾਂ ਨਾ ਵਿਚ ਹੀ ਉਤਰ ਦਿੰਦਾ ਹੈ ਵਿਸਥਾਰ ਨਾਲ ਨਹੀਂ । ਇਸ ਦਾ ਸਮਾਂ 1. 2, 3 ਦਿਨ ਤੋਂ ਲੈ ਕੇ 10 ਮਹੀਨੇ ਹੈ ।

11) **ਸ਼੍ਰਮਣ ਭੂਤ ਪ੍ਰਤਿਮਾ** : ਇਸ ਪ੍ਰਤਿਮਾ ਵਿਚ ਉਪਾਸਕ ਸਾਧੂ ਵਰਗਾ ਜੀਵਨ ਗੁਜਾਰਦਾ ਹੈ । ਪਰ ਉਹ ਘਰ ਤੋਂ ਭਿਖਿਆ ਲੈ ਸਕਦਾ ਹੈ ਸਿਰ ਦੇ ਵਾਲ ਉਸਤਰੇ ਨਾਲ ਮੁਨਾਉਂਦਾ ਹੈ । ਇਸ ਪ੍ਰਤਿਮਾ ਵਿਚ 5 ਮਹਾਵਰਤਾ ਦਾ, ਪੂਰਵ ਅਭਿਆਸ ਆਖੀ ਜਾ ਸਕਦੀ ਹੈ ਜੋ ਸਾਧੂ ਜੀਵਨ ਦਾ ਅਧਾਰ ਹਨ । ਇਸ ਦਾ ਸਮਾਂ 1-2-3 ਦਿਨ ਤੋਂ ਲੈ ਕੇ 11 ਮਹੀਨੇ ਹੈ ।

ਸਾਰੀਆਂ ਪ੍ਰਤਿਮਾਵਾਂ ਦਾ ਸਮਾਂ 5 ਸਾਲ ਹੈ । ਜੈਨ ਧਰਮ ਵਿਚ ਉਪਾਸਕ ਨੂੰ ਛੋਟਾਂ ਰਾਹੀਂ ਧਰਮ ਪਾਲਨ ਕਰਨ ਦੀ ਹਿਦਾਇਤ ਹੈ । ਸਾਧੂ ਹੋਵੇ ਜਾਂ ਉਪਾਸਕ ਸਭ ਦੀ ਆਤਮਾ ਉਦੇਸ਼ ਮੁਕਤੀ ਪ੍ਰਾਪਤ ਕਰਨਾ, ਅਰਹਿੰਤ ਸਿੱਧ ਬਨਣਾ ਹੈ । ਸੋ ਜੈਨ ਪ੍ਰੰਪਰਾ ਵਿਚ ਗ੍ਰਹਿਸਥ ਮਾਰਗ ਨੂੰ ਆਦਰਸ਼ ਰੂਪ ਵਿਚ ਪੇਸ਼ ਕੀਤਾ ਗਿਆ ਹੈ । ਉਪਾਸਕ ਲਈ ਦਾਨ, ਸ਼ੀਲ, ਤੱਪ ਅਤੇ ਭਾਵਨਾ ਦਾ ਪਾਲਨ ਕਰਨਾ ਜਰੂਰੀ ਹੈ ।

# ਰਤਨ ਤ੍ਰੇ, ਸ਼ਰੁਤ ਧਰਮ ਮੁਕਤੀ ਦਾ ਰਾਹ

## ਸਮਿੱਅਕ ਗਿਆਨ

ਜੈਨ ਦਰਸ਼ਨ ਅਨੁਸਾਰ ਗਿਆਨ ਤੋਂ ਬਿਨਾਂ ਹਿੰਸਾ, ਕਰੁਣਾ ਆਦਿ ਵਰਤ ਬੇਕਾਰ ਹਨ। ਸੰਸਾਰਿਕ ਪਖੋਂ ਕੋਈ ਮਨੁੱਖ ਕਿੰਨੇ ਵੀ ਸ਼ਾਸਤਰਾਂ ਅਤੇ ਵਿਦਿਆਵਾਂ ਦਾ ਜਾਣਕਾਰ ਹੋਵੇ, ਪਰ ਜੇ ਉਸ ਦਾ ਗਿਆਨ ਸਮਿਅਕ (ਸਹੀ) ਨਾ ਹੋਵੇ,ਤਾਂ ਉਸ ਵਿਚ ਕਰਮ ਬੰਧਨ ਦਾ ਕਾਰਣ ਮੌਜੂਦ ਰਹਿੰਦਾ ਹੈ। ਇਹ ਗਿਆਨ ਦੋ ਪ੍ਰਕਾਰ ਦਾ ਹੈ : 1) ਦਰਵ (ਪੁਸਤਕ) ਸ਼ਰੁਤ 2) ਭਾਵ ਸ਼ਰੁਤ। (ਪੜਨ ਤੋਂ ਬਾਅਦ ਵਿਚ ਵਰਤੋਂ ਵਿਚ ਆਉਣ ਵਾਲਾ।) ਗਿਆਨ ਪ੍ਰਤਖ ਤੇ ਪਰੋਕਸ਼ ਦੋ ਪ੍ਰਕਾਰ ਦਾ ਵੀ ਹੈ।

ਅਧਿਆਤਮ ਪਖੋਂ ਉਹ ਸਮਿਅਕ ਗਿਆਨ ਹੈ, ਜਿਸ ਦੀ ਪ੍ਰਾਪਤੀ ਨਾਲ ਆਤਮਾ ਵਿਚ ਪਰਿਵਰਤਨ ਹੋਵੇ, ਕਸ਼ਾਏ ਠੰਡੇ ਹੋ ਜਾਣ, ਸੰਜਮ ਵਿਚ ਵਾਧਾ ਹੋਵੇ। ਆਤਮਾ ਸ਼ੁਧੀ ਹੋਵੇ।

ਸਮਿਅਕ ਗਿਆਨ, ਸਮਿਅਕ ਦਰਸ਼ਨ ਤੇ ਸਮਿਅਕ ਚਾਰਿਤਰ, ਮੁਕਤੀ ਦਾ ਕਾਰਣ ਬਣਦਾ ਹੈ। ਸਮਿਅਕਤਵ ਦਾ ਉਲਟ ਮਿਥਿਆਤਵ ਹੈ ਜੋ ਸੰਸਾਰ ਵਿਚ ਜਨਮ ਮਰਨ ਦਾ ਕਾਰਣ ਬਣਦਾ ਹੈ। ਸਮਿਅਕੱਤਵ ਤੋਂ ਭਾਵ ਸਮਿਅਕ ਦਰਸ਼ਨ ਹੈ।

### ਸਮਿਅਕ ਗਿਆਨ ਦੀਆਂ ਕਿਸਮਾਂ

ਸਮਿਅਕ ਦਰਸ਼ਨ ਦਾ ਸਾਥੀ ਸਮਿਅਕ ਗਿਆਨ 5 ਪ੍ਰਕਾਰ ਦਾ ਹੈ। (1) ਮਤੀ ਗਿਆਨ (2) ਸ਼ਰੁਤ ਗਿਆਨ (3) ਅਵਧੀ ਗਿਆਨ (4) ਮਨ ਪ੍ਰਯਅਵ ਗਿਆਨ (5) ਕੇਵਲ ਗਿਆਨ।

### ਮਤੀ ਗਿਆਨ

ਪੰਜ ਇੰਦਰੀਆਂ ਅਤੇ ਮਨ ਦੀ ਸਹਾਇਤਾ ਨਾਲ ਹੋਣ ਵਾਲਾ ਗਿਆਨ ਮਤੀ ਗਿਆਨ ਹੈ। ਇਹ ਇੰਦਰੀਆਂ ਹਨ (1) ਸਪਰਸ਼ਨ ਇੰਦਰੀਆਂ 2) ਰਸਨ ਇੰਦਰੀਆ 3) ਪ੍ਰਾਣ ਇੰਦਰੀਆਂ 4) ਚਖਸ਼ੂ ਇੰਦਰੀ 5) ਸਰੋਤ (ਸੁਣਨ ਵਿਚ ਸਹਾਇਕ ਇੰਦਰੀ)।

ਮਤੀ ਗਿਆਨ ਦੇ 340 ਭੇਦ ਉਪਭੇਦ ਹਨ। ਇਸ ਦੀ ਵਿਸਥਾਰ ਨਾਲ ਵਿਆ-ਖਿਆ ਨੰਦੀ ਸੂਤਰ ਵਿਚ ਮਿਲਦੀ ਹੈ।

ਮਤੀ ਗਿਆਨ ਚਾਰ ਪ੍ਰਕਾਰ ਦਾ ਹੈ :

1) ਪਹਿਲਾ ਇਹ ਪਤਾ ਚਲਦਾ ਹੈ ਕਿ 'ਕੁਝ ਹੈ' ਇਸ ਨੂੰ ਅਵਗ੍ਰਹਿ ਆਖਦੇ ਹਨ।
2) ਬਾਅਦ ਵਿਚ ਇਹ ਕੀ ਹੋਵੇਗਾ ? ਇਹ ਨਹੀਂ ਇਹ ਸੰਭਵ ਹੈ ਇਸਨੂੰ ਈਹਾ ਆਖਦੇ ਹਨ
3) ਇਸ ਤੋਂ ਬਾਅਦ ਇਹ ਉਹੀ ਹੈ ਇਸਨੂੰ ਨਿਰਣਾ ਅਪਾਏ ਆਖਦੇ ਹਨ।
4) ਫੇਰ ਇਸਨੂੰ ਨਾ ਭੁਲਣ ਦੀ ਸਾਵਧਾਨੀ ਧਾਰਨਾ ਹੈ।

ਅਵਿਗ੍ਰਹਿ ਦੋ ਪ੍ਰਕਾਰ ਦਾ ਹੈ 'ਇਸ ਗਲ ਦੇ ਅਹਿਸਾਸ ਦੇ ਲਈ ਪਦਾਰਥ ਤੇ ਇੰਦਰੀਆਂ ਦਾ ਸੰਪਰਕ ਹੁੰਦਾ ਹੈ ਜੋ ਅਣ ਕਿਹਾ, ਧੁੰਧਲਾ ਹੁੰਦਾ ਹੈ। ਇਸ ਸਮੇਂ ਵੀ ਚੇਤਨ ਜਗਰਿਤ ਰਹਿੰਦੀ ਹੈ ਇਹ ਵਿਅੰਜਨ ਅਵਿਗ੍ਰਹਿ ਹੈ। ਕਿਸੇ ਪਦਾਰਥ ਦਾ ਅਹਿਸਾਸ ਹੋ ਰਿਹਾ ਹੈ ਉਹ ਅਰਥ ਅਭਿਗ੍ਰਹਿ ਹੈ।

ਮਤੀ ਗਿਆਨ ਅਨੁਸਾਰ ਬੁਧੀ ਚਾਰ ਪ੍ਰਕਾਰ ਦੀ ਹੈ :

1) ਔਤਪਾਤਿਕ ਬੁਧੀ : ਵਿਸ਼ਾਲ ਸਮਸਿਆ ਨੂੰ ਬਿਨਾਂ ਕਿਸੇ ਦੀ ਮੱਦਦ ਫੌਰੀ ਸੁਲਝਾਉਣ ਵਾਲੀ ਬੁਧੀ।

2) ਵੈਨਯਿਕੀ ਬੁਧੀ : ਸਿਖਿਆ ਰਾਹੀਂ ਵਿਕਸਿਤ ਬੁਧੀ।

3) ਕਾਰਮਿਕੀ ਬੁਧੀ : ਕੰਮ ਕਰਦੇ ਕਰਦੇ ਅਨੁਭਵ ਗਿਆਨ ਨਾਲ ਬੁਧੀ ਦਾ ਵਿਕਾਸ ਹੋ ਜਾਣਾ।

4) ਪਰਿਣਾਮਿਕੀ ਬੁਧੀ : ਉਮਰ ਮੁਤਾਬਿਕ ਬੁਧੀ ਦਾ ਵਿਕਾਸ ਹੋਣਾ।

## ਸ਼ਰੁਤ ਗਿਆਨ

ਮਤੀ ਗਿਆਨ ਤੋਂ ਬਾਅਦ ਜੋ ਚਿੰਤਨ, ਸੋਚ ਵਿਚਾਰ ਨਾਲ ਗਿਆਨ ਪੱਕਾ ਹੋ ਜਾਂਦਾ ਹੈ ਉਹ ਸ਼ਰੁਤ ਗਿਆਨ ਹੈ। ਸ਼ਰੁਤ ਗਿਆਨ ਇੰਦਰੀਆਂ ਰਾਹੀਂ ਅਤੇ ਮਨ ਰਾਹੀਂ ਹੋਣ ਦੇ ਬਾਵਜੂਦ ਸ਼ਬਦਾਂ ਰਾਹੀਂ ਪ੍ਰਗਟ ਕੀਤਾ ਜਾ ਸਕਦਾ ਹੈ। ਜਿਵੇਂ ਜਦ ਸ਼ਬਦ ਸੁਣਾਈ ਦਿੰਦਾ ਹੈ ਤਕ ਉਸ ਦਾ ਅਰਥ ਯਾਦ ਹੁੰਦਾ ਹੈ। ਫੇਰ ਸ਼ਬਦ ਅਤੇ ਅਰਥ ਦੇ ਆਧਾਰ ਤੇ ਜੋ ਗਿਆਨ ਹੁੰਦਾ ਹੈ ਉਹ ਸ਼ਰੁਤ ਗਿਆਨ ਹੁੰਦਾ ਹੈ। ਸ਼ਾਸਤਰਕਾਰਾਂ ਨੇ ਸ਼ਰੁਤ ਗਿਆਨ ਦੇ 14 ਭੇਦ ਦਸੇ ਹਨ।

1) ਅਖਰ ਸ਼ਰੁਤ : ਸਵੱਰ ਤੇ ਵਿਅੰਜਨਾ ਰਾਹੀਂ ਹੋਣ ਵਾਲਾ ਗਿਆਨ।

2) ਅਨਅਕਸ਼ਰ ਸ਼ਰੁਤ : ਛੀਕੱ ਅੱਖ ਜਾਂ ਹੋਰ ਇਸ਼ਾਰੇ ਨਾਲ ਹੋਣ ਵਾਲਾ ਗਿਆਨ।

3) ਸੰਗਿਆ ਸ਼ਰੁਤ : ਇਹ ਤਿੰਨ ਪ੍ਰਕਾਰ ਦਾ ਹੈ।

ੳ) ਦੀਰਘਕਾਲਕੀ : ਇਸ ਰਾਹੀਂ ਭੂਤ ਭਵਿੱਖ ਦਾ ਵਿਚਾਰ ਕੀਤਾ ਜਾਵੇ।

ਅ) ਹੇਤੂ ਪ੍ਰਦੇਸ਼ਕੀ : ਜਿਸ ਵਿਚ ਸਿਰਫ ਵਰਤਮਾਨ ਦੇ ਪਖੋਂ ਭੋਜਨ ਆਦਿ ਦਾ ਬੁਧੀ ਪੂਰਵਕ ਵਿਚਾਰ ਕੀਤਾ ਜਾਂਦਾ ਹੈ।

ੲ) ਦਰਿਸ਼ਟੀਵਾਦ ਉਪਦੇਸ਼ਕੀ : ਆਤਮ ਕਲਿਆਣ ਕਾਰੀ ਉਪਦੇਸ਼ ਰਾਹੀਂ ਹੋਣ ਵਾਲਾ ਗਿਆਨ ਦਰਿਸ਼ਟੀਵਾਦ ਉਪਦੇਸ਼ਕੀ ਹੈ।

4) ਅਸੰਗੀ ਸ਼ਰੁਤ : ਅਸੰਗੀ (ਅਵਿਕਸਤ ਮਨ ਨਾਲ) ਜੀਵਾਂ ਨੂੰ ਹੋਣ ਵਾਲਾ ਸ਼ਰੁਤ ਗਿਆਨ। ਇਹ ਜੀਵ ਤਿੰਨ ਪ੍ਰਕਾਰ ਦੇ ਹੁੰਦੇ ਹਨ 1) ਲੰਬੇ ਸਮੇਂ ਤਕ ਵਿਚਾਰ ਨਾ ਕਰਨ ਵਾਲੇ 2) ਬਹੁਤ ਹੀ ਸੂਖਮ ਮਨ ਵਾਲੇ ਜੀਵ 3) ਮਿਥਿਆ ਸ਼ਰੁਤ ਵਿਚ ਵਿਸ਼ਵਾਸ ਕਰਨ ਵਾਲੇ।

5) ਸਮਿਅਕ ਸ਼ਰੁਤ : ਸਰੱਵਗ, ਸਰਵਦਰਸ਼ੀ ਅਰਿਹੰਤ ਭਗਵਾਨ ਰਾਹੀਂ ਦਰਸਾਇਆ ਗਿਆ, ਅੰਗਾਂ ਅਤੇ ਉਪਾਂਗਾਂ ਦਾ ਗਿਆਨ।

6) ਮਿਥਿਆ ਸ਼ਰੁਤ : ਹਿੰਸਕ ਗ੍ਰੰਥਾਂ ਦਾ ਗਿਆਨ, ਅਗਿਆਨੀਆ ਰਾਹੀਂ ਰੱਚੇ ਸਾਸ-

ਤਰਾਂ ਦਾ ਗਿਆਨ, ਸਰਵੱਗ ਪੁਰਸ਼ਾ ਦੀ ਪਰੰਪਰਾ ਤੋਂ ਉਲਟ ਸ਼ਾਸਤਰਾਂ ਦਾ ਗਿਆਨ।

7-8) ਸਾਦੀ ਸ਼ਰੁਤ ਅਤੇ ਅਨਾਦੀ ਸ਼ਰੁਤ : ਜਿਸ ਦਾ ਸ਼ੁਰੂ ਹੋਵੇ ਉਹ ਸਾਦੀ ਸ਼ਰੁਤ ਹੈ ਜੋ ਸ਼ੁਰੂ ਰਹਿਤ ਹੈ ਉਹ ਅਨਾਦੀ ਹੈ।

9-10) ਸਪਰਿਵਸਿਤ ਅਪਰਿਵਸਿਤ ਸ਼ਰੁਤ : ਜਿਸ ਦਾ ਅੰਤ ਹੋਵੇ ਉਹ ਸਪਰਿਵਸਿਤ ਸ਼ਰੁਤ ਹੈ ਜਿਸ ਦਾ ਅੰਤ ਨਾ ਹੋਵੇ ਉਹ ਅਪਰਿਵਸਿਤ ਸ਼ਰੁਤ ਹੈ।

11-12) ਗਮਿਕ ਸ਼ਰੁਤ, ਅਗਿਮਕ ਸ਼ਰੁਤ : ਜਿਸ ਵਿਚ ਸਾਫ ਪਾਠ ਹੋਵੇ ਓਹ ਗਮਿਕ ਸ਼ਰੂਤ ਹੈ। ਜਿਸ ਦਾ ਪਾਠ ਔਜਲ ਹੋਵੇ ਉਹ ਅਗਮਿਕ ਸ਼ਰੁਤ ਹੈ।

13-14) ਅੰਗ ਪ੍ਰਵਿਸ਼ਟ ਅਤੇ ਅੰਗ ਬਾਹਰ : 11 ਅੰਗ, ਪ੍ਰਵਿਸ਼ਟ ਹਨ ਅਤੇ 12 ਉਪਾਂਗ ਅੰਗ ਵਾਹਰ ਹਨ।

ਸਮਿਅਕ ਸ਼ਾਸਤਰ ਵੀਤਰਾਗ ਪੁਰਸ਼ਾ ਰਾਹੀਂ ਆਖੇ, ਨਾ ਬਦਲਣਯੋਗ, ਤੱਤਵਾਂ ਦਾ ਗਿਆਨ ਕਰਾਉਣ ਵਾਲੇ, ਸੰਸਾਰ ਦਾ ਹਿੱਤ ਕਰਨ ਵਾਲੇ ਹਨ। ਸੋ ਇਨ੍ਹਾਂ ਸ਼ਾਸਤਰ ਦਾ ਗਿਆਨ ਪਰਮ ਆਵਸ਼ਕ ਹੈ।

## ਅਵਧੀ ਗਿਆਨ

ਇੰਦਰੀਆਂ ਤੇ ਮਨ ਦੀ ਸਹਾਇਤਾ ਤੋਂ ਬਿਨਾਂ ਆਤਮਾ ਜਿਸ ਗਿਆਨ ਦੁਆਰਾ ਮਰਿਆਦਾ ਦੇ ਅੰਦਰ ਰੂਪੀ (ਸ਼ਕਲ ਵਾਲੇ) ਪਦਾਰਥਾ ਦਾ ਗਿਆਨ ਹੋਵੇ ਉਹ ਅਵਧੀ ਗਿਆਨ ਹੈ।

ਅਵਧੀ ਗਿਆਨ ਦੋ ਪ੍ਰਕਾਰ ਦਾ ਹੈ ਨਾਰਕੀ ਦੇਵਤੇ ਦਾ ਗਿਆਨ ਭੱਵ ਪ੍ਰਤਯ ਹੈ ਕਿਉਂਕਿ ਇਹ ਉਨ੍ਹਾਂ ਦੇ ਜਨਮ ਦੇ ਨਾਲ ਹੀ ਪੈਦਾ ਹੁੰਦਾ ਹੈ ਅਤੇ ਮੌਤ ਤਕ ਚਲਦਾ ਹੈ।

ਮਨੁੱਖਾਂ ਅਤੇ ਪਸ਼ੂ ਗਤੀ ਦੇ ਜੀਵਾਂ ਦਾ ਗਿਆਨ ਗੁਣ ਪ੍ਰਤਯ ਹੈ। ਕਿਉਂਕਿ ਇਹ ਗਿਆਨ ਤੱਪ ਕਾਰਣ ਪੈਦਾ ਹੁੰਦਾ ਹੈ, ਸੋ ਮਨੁੱਖ ਅਤੇ ਪਸ਼ੂ ਗਤੀ ਦੇ ਜੀਵਾਂ ਵਿਚ ਇਹ ਗਿਆਨ ਨਿਸ਼ਚਿਤ ਹੋਂਦ ਤੋਂ ਵਧ ਜਾਂ ਘੱਟ ਉਨਾ ਦੇ ਧਰਮ ਧਿਆਨ ਅਨੁਸਾਰ ਪੈਦਾ ਹੁੰਦਾ ਹੈ।

## ਮਨ ਪ੍ਰਯਵਭ ਗਿਆਨ

ਜਿਸ ਗਿਆਨ ਰਾਹੀਂ ਢਾਈ ਦੀਪ ਵਿਚ ਰਹਿਣ ਵਾਲੇ ਮਨ ਵਾਲੇ (ਸੰਗੀ) ਪੰਜ ਇੰਦਰੀਆਂ ਵਾਲੇ ਜੀਵਾਂ ਦੇ ਅੰਦਰਲੇ ਮਨ ਦੀ ਗੱਲ ਜਾਣੀ ਜਾ ਸਕੇ, ਓਹ ਮਨ ਪ੍ਰਯਵਭ ਗਿਆਨ ਹੈ। ਇਹ ਪ੍ਰਤੱਖ ਗਿਆਨ ਹੈ। ਜਦ ਨਿਰਮਲ ਆਤਮਾ ਮਨ ਰਾਹੀਂ ਵਿਚਾਰ ਕਰਦੀ ਹੈ ਚਿੰਤਨ ਕਰਦੀ ਹੈ, ਤਾਂ ਮਨ ਵਰਗਨਾ ਦੇ ਅਕਾਰ ਦੀ ਰਚਨਾ ਹੁੰਦੀ ਹੈ ਜੋ ਮਨ ਦੇ ਪਰਿਆਏ (ਅਵਸਥਾਵਾਂ) ਹੁੰਦੀਆਂ ਹਨ। ਇਹ ਗਿਆਨ ਵਿਕਸ਼ਿਤ ਮਨ ਵਾਲੇ ਸੰਗੀ ਪੰਜ ਇੰਦਰੀਆਂ ਪ੍ਰਾਣੀ ਨੂੰ ਹੁੰਦਾ ਹੈ। ਇਹ ਗਿਆਨ ਦੋ ਪ੍ਰਕਾਰ ਦਾ ਹੈ।

1) ਰਿਜੁਮਤੀ : ਮਨ ਦੇ ਅੰਦਰ ਚਲਣ ਵਾਲੇ ਵਿਚਾਰਾਂ ਨੂੰ ਸਧਾਰਣ ਰੂਪ ਵਿਚ ਜਾਣਨਾ। ਜਿਵੇਂ ਇਹ ਮਨੁੱਖ ਘੜੇ ਦਾ ਚਿੰਤਨ ਕਰ ਰਿਹਾ ਹੈ।

2) ਵਿਪੁਲਮਤੀ : ਮਨ ਦੇ ਅੰਦਰ ਚਲਣ ਵਾਲੇ ਖਾਸ ਵਿਚਾਰ ਦਾ ਗਿਆਨ।

## ਕੇਵਲ ਗਿਆਨ

ਇਸ ਗਿਆਨ ਦੀ ਅਚਾਰਿਆ ਸਮਰਾਟ ਪੂਜਯ ਸ੍ਰੀ ਆਤਮਾ ਰਾਮ ਜੀ ਮਹਾਰਾਜ ਨੇ ਸ੍ਰੀ ਨੰਦੀ ਸੂਤਰ ਦੀ ਵਿਆਖਿਆ ਪੰਨਾ 63 ਤੇ ਇਸ ਪ੍ਰਕਾਰ ਕੀਤੀ ਹੈ।

1) ਜਿਸਦੇ ਪੈਦਾ ਹੋਣ ਨਾਲ ਚਾਰੇ ਪਹਿਲੇ ਦਾਰ ਗਿਆਨ ਇਕ ਹੋ ਜਾਂਦੇ ਹਨ ਅਤੇ ਇਕ ਹੀ ਗਿਆਨ ਰਹਿ ਜਾਂਦਾ ਹੈ ਉਹ ਕੇਵਲ ਗਿਆਨ ਹੈ।

2) ਜੋ ਗਿਆਨ ਕਿਸੇ ਦੀ ਸਹਾਇਤਾ ਤੋਂ ਬਿਨਾਂ ਸਭ ਪਦਾਰਥਾਂ ਬਾਰੇ ਜਾਣਦਾ ਹੈ ਬਿਨਾਂ ਕਿਸੇ ਵਿਗਿਆਨਕ ਯੰਤਰ ਤੋਂ ਜੋ ਰੂਪੀ, ਅਰੂਪੀ, ਮੂਰਤ, ਅਮੂਰਤ ਪਦਾਰਥਾਂ ਨੂੰ ਇਸ ਪ੍ਰਕਾਰ ਵੇਖਦਾ ਹੈ ਜਿਵੇਂ ਸਾਹਮਣੇ ਫਿਲਮ ਚਲ ਰਹੀ ਹੋਵੇ। ਉਸ ਨੂੰ ਕੇਵਲ ਗਿਆਨ ਆਖਦੇ ਹਨ।

3) ਜੋ ਇਕ ਪਦਾਰਥ ਦੀਆਂ ਸਭ ਪਰਿਆਏ (ਸੁਭਾਅ) ਨੂੰ ਜਾਣਦਾ ਹੈ ਉਹ ਕੇਵਲ ਗਿਆਨ ਹੈ।

4) ਜੋ ਗਿਆਨ ਇਨ੍ਹਾਂ ਮਹਾਨ ਹੈ ਇਸ ਤੋਂ ਵੱਧ ਕੋਈ ਗਿਆਨ ਨਹੀਂ ਜੋ ਅਨੰਤ-ਅਨੰਤ ਜਾਨਣ ਦੀ ਸ਼ਕਤੀ ਰੱਖਦਾ ਹੈ। ਜੋ ਪੈਦਾ ਹੋ ਕੇ ਖਤਮ ਨਹੀਂ ਹੁੰਦਾ ਹੈ ਉਹ ਕੇਵਲ ਗਿਆਨ ਹੈ।

5) ਜੋ ਹਮੇਸ਼ਾ ਰਹਿਣ ਵਾਲਾ ਬੇਅੰਤ ਹੈ ਉਹ ਕੇਵਲ ਗਿਆਨ ਹੈ।

6) ਜੋ ਰਾਗ, ਦਵੇਸ਼ ਮੋਹ, ਲੋਭ, ਕਾਮ, ਕਰੋਧ ਤੋਂ ਰਹਿਤ ਹੈ ਉਹ ਕੇਵਲ ਗਿਆਨ ਹੈ।

ਗਿਆਨ ਵਰਨੀਆਂ ਆਦਿ ਪ੍ਰਾਪਤ ਕਰਮਾਂ ਦਾ ਖਾਤਮਾ ਇਸ ਗਿਆਨ ਵਿਚ ਹੋ ਜਾਂਦਾ ਹੈ। ਬਾਕੀ ਦੇ 4 ਕਰਮ ਜੋ ਅਘਾਤੀ ਹਨ ਉਨ੍ਹਾਂ ਦਾ ਖਾਤਮਾ ਆਤਮਾ ਦੇ ਪ੍ਰਮਾਤਮਾ ਸਿਧ ਜਾਂ ਨਿਰਵਾਨ ਅਵਸਥਾ ਸਮੇਂ ਹੋ ਜਾਂਦਾ ਹੈ। ਹਰ ਅਰਿਹੰਤ, ਜਾਂ ਤੀਰਥੰਕਰ ਕੇਵਲ ਗਿਆਨੀ ਹੁੰਦਾ ਹੈ। ਸੋ ਜੈਨ ਧਰਮ ਵਿਚ ਇਹੋ ਜਿੰਦਗੀ ਦੀ ਅੰਤਿਮ ਮੰਜਿਲ ਹੈ ਜਨਮ ਮਰਨ ਦਾ ਖਾਤਮਾ ਹੀ ਕਰਮ ਪ੍ਰੰਪਰਾਂ ਦਾ ਖਾਤਮਾ ਹੈ।

ਤਿੰਨ ਕਾਲਾਂ ਦੇ ਸਾਰੇ ਦਰਵਾਂ ਦੀ ਸਾਰੀ ਪਰਿਆਏ ਨੂੰ ਪ੍ਰਤਖ ਵੇਖਣਾ ਕੇਵਲ ਗਿਆਨ ਹੈ। ਇਹ ਉਸ ਸਮੇਂ ਪ੍ਰਗਟ ਹੁੰਦਾ ਹੈ ਜਦ ਆਤਮ ਸਮਕਿਤ ਸਹਿਤ ਸਰਵ ਵਿਰਤਿ ਚਰਿੱਤਰ ਅਪ੍ਰਮਤ, ਅਪਰੂਵ ਕਰਨ ਆਦਿ ਗੁਣ ਸਥਾਨ ਤੇ ਚੜਦਾ ਹੋਇਆ ਸ਼ਕੂਲ ਧਿਆਨ ਰਾਹੀਂ ਮੋਹਨੀਆ ਕਰਮ ਦਾ ਨਾਮ ਨਾਸ ਕਰਕੇ 4 ਘਤੀ ਕਰਮਾਂ ਦਾ ਖਾਤਮਾ ਕਰ ਦਿੰਦਾ ਹੈ।

ਜੈਨ ਧਰਮ ਵਿਚ ਮੁਕਤੀ, ਸਿੱਧ ਜਾਂ ਨਿਰਵਾਨ ਨੂੰ ਹੀ ਜਿੰਦਗੀ ਦਾ ਉਦੇਸ਼ ਮੰਨਿਆ ਗਿਆ ਹੈ। ਮੁਕਤੀ ਪ੍ਰਾਪਤ ਕਰਨ ਲਈ ਅਚਾਰਿਆ ਉਮਾਸਵਾਤੀ ਨੇ ਤਤਵਾਰਥ ਸੂਤਰ ਵਿਚ ਸਮਿਅਕ ਦਰਸ਼ਨ, ਸਮਿਅਕ ਗਿਆਨ ਤੇ ਸਮਿਅਕ ਚਾਰਿਤਰ ਨੂੰ ਮੁਕਤੀ ਦਾ ਰਾਹ ਦੱਸਿਆ ਹੈ। ਇਨ੍ਹਾਂ ਤਿੰਨਾਂ ਨੂੰ ਤਿੰਨ ਰਤਨ ਵੀ ਆਖਦੇ ਹਨ। ਪਰ ਕਈ ਪ੍ਰਾਚੀਨ ਗ੍ਰੰਥਾਂ ਵਿਚ ਤੱਪ ਨੂੰ ਵੀ ਨਾਲ ਸ਼ਾਮਲ ਕੀਤਾ ਗਿਆ ਹੈ।

ਮਤੀ-ਸ਼ਰੁਤ-ਵਿਭੰਗ ਅਗਿਆਨ : ਇਨ੍ਹਾਂ ਦਾ ਵਰਨਣ ਪਹਿਲੇ ਤਿੰਨ ਗਿਆਨਾ ਦੀ ਤਰਾਂ ਹੈ। ਸਮਿਅੱਕ ਦਰਿਸ਼ਟੀ ਦਾ ਗਿਆਨ, ਗਿਆਨ ਹੈ। ਮਿਥਿਆ ਦਰਿਸ਼ਟੀ ਦਾ ਗਿਆਨ ਅਗਿਆਨ ਹੈ।

## ਸਮਿਅਕ ਦਰਸ਼ਨ

ਸਮਿਅਕ ਦਾ ਅਰਥ ਹੈ ਯਥਾਰਥ ਜਾਂ ਸਹੀ। ਮੋਹ ਕਰਮ ਦੇ ਪ੍ਰਮਾਣੂਆਂ ਦੇ ਖਾਤਮੇ ਨਾਲ ਆਦਮੀ ਦੀ ਚੇਤਨਾ ਬੁੱਧੀ ਜਾਗਦੀ ਹੈ। ਇਸੇ ਜਾਗਦੀ ਅਵਸਥਾ ਵਿਚ ਜੀਵ ਹਰ ਵਸਤੂ ਨੂੰ ਠੀਕ ਢੰਗ ਨਾਲ ਵੇਖਦਾ ਹੈ। ਠੀਕ ਤੇ ਸੱਚੇ ਢੰਗ ਨਾਲ ਵੇਖਣ ਦਾ ਨਾਂ ਹੀ ਸਮਿਅਕ ਦਰਸ਼ਨ ਹੈ।

ਦੇਵ, ਗੁਰੂ, ਧਰਮ, ਸ਼ਾਸਤਰ, ਨੌ ਤਤਵਾਂ (ਜੀਵ ਅਜੀਵ) ਵਿਚ ਸ਼ਰਧਾ ਰੱਖਣਾ, ਤਤਵਾਂ ਨੂੰ ਸਹੀ ਪਛਾਣਨਾ ਹੀ ਸਮਿਅਕ ਦਰਸ਼ਨ ਦੀ ਸਾਧਾਰਣ ਪਰਿਭਾਸ਼ਾ ਹੈ। ਇਸੇ ਨੂੰ ਸਮਿਅਕੱਤਵ ਵੀ ਆਖਦੇ ਹਨ ਜੋ ਕਿ ਜੈਨ ਧਰਮੀ ਦਾ ਹੀ ਦੂਸਰਾ ਨਾਮ ਹੈ।

### ਜਾਨਣ ਯੋਗ ਪ੍ਰਮੁੱਖ ਗੱਲਾਂ

ਸਮਿਅਕ ਦਰਸ਼ਨ ਵਾਲਾ ਇਨ੍ਹਾਂ ਗੱਲਾਂ ਅਤੇ ਤੱਤਵਾ ਤੇ ਸ਼ਰਧਾ ਕਰਦਾ ਹੈ। 1. ਮੈਨੂੰ ਜੋ ਸੰਪੂਰਨ ਆਤਮਿਕ ਸੁੱਖ ਚਾਹੀਦਾ ਹੈ ਉਹ (ਜੀਵ) ਕੀ ਹੈ ? 2. ਸੰਪਰਕ ਵਿਚ ਆਉਣ ਵਾਲੇ ਤਦਾਰਥ (ਅਜੀਵ) ਕੀ ਹਨ ? 3. ਦੁਖ ਅਤੇ ਅਸਾਂਤੀ (ਆਸ਼ਰਵ) ਦਾ ਕਾਰਣ ਕੀ ਹੈ ? 4. ਦੁਖ ਤੇ ਅਸਾਂਤੀ ਦਾ ਰੂਪ ਕਿ ਹੈ (ਬੰਧ)। 5. ਨਵੇਂ ਆਉਣ ਵਾਲੇ ਦੁੱਖਾਂ ਨੂੰ ਰੋਕਨ (ਸੰਵਰ) ਕਿ ਹੈ। ਦਾ ਉਪਾ 6. ਪਹਿਲਾ ਦੁੱਖਾ ਨੂੰ ਨਸ਼ਟ ਕਰਨ ਦਾ ਉਪਾ (ਨਿਰਜ਼ਰਾ) ਕਿ ਹੈ ? 7. ਅਨੰਤ, ਅਖੰਡ ਸੁੱਖ ਦਾ ਰਸਤਾ (ਮੋਕਸ਼) ਕੀ ਹੈ ? 8. ਪਾਪ ਦਾ ਕਾਰਨ ਕੀ ਹੈ ? 9. ਪੁੰਨ ਦਾ ਕਾਰਣ ਕੀ ਹੈ ? (ਵੇਖੋ 9 ਤੱਤਵ)

ਆਤਮਾ ਦਾ ਨਿਸ਼ਚੇ ਹੋਣਾ, ਇਹ ਸਮਿਅਕ ਦਰਸ਼ਨ ਦੀ ਪੱਕੀ ਪਰਿਭਾਸ਼ਾ ਹੈ। ਜੈਨ ਧਰਮ ਵਿਚ ਵੇਖਣਾ ਅਤੇ ਤੱਤਵ ਸਰਧਾ ਦੇ ਸਮਿਅਕਤਵ ਘੇਰੇ ਵਿਚ ਆ ਜਾਂਦੇ ਹਨ।

ਆਤਮਾ ਨੂੰ ਆਤਮਾ ਰਾਹੀਂ ਵੇਖਣ ਵਾਲਾ ਆਦਮੀ ਕਿਸੇ ਝਮੇਲੇ ਵਿਚ ਨਹੀਂ ਫਸਦਾ। ਅਜਿਹੇ ਆਦਮੀ ਕਰਮ ਮੁਕਤ ਆਤਮਾ ਦਾ ਧਿਆਨ ਕਰਕੇ, ਸਮਿਅਕ ਦਰਸ਼ਨ ਸੰਬੰਧੀ ਡਰ ਨੂੰ ਦੂਰ ਕਰਦਾ ਹੈ ਮਿਥਿਆ ਦਰਸ਼ਨ ਭੈ ਪੈਦਾ ਕਰਦਾ ਹੈ। ਜਿਸ ਦਾ ਦਰਸ਼ਨ (ਵੇਖਣਾ) ਸਮਿਅਕ (ਸਹੀ) ਹੋ ਗਿਆ ਹੈ ਉਸ ਨੂੰ ਸੰਜੋਗ ਜਾਂ ਵਿਯੋਗ ਕਿਸੇ ਦਾ ਡਰ ਨਹੀਂ ਰਹਿੰਦਾ। ਉਹ ਸਮਭਾਵੀ ਜਾਂ ਸਮਤਾ ਜੋਗੀ ਹੈ।

## ਸਮਿਅਕ ਦਰਸ਼ਨ ਦਾ ਆਧਾਰ

ਸਮਿਅਕ ਦਰਸ਼ਨ ਅੰਦਰਲਾ ਤੱਤਵ ਹੈ। ਅੰਦਰਲਾ ਤੱਤਵ ਵਿਖਾਈ ਨਹੀਂ ਦਿੰਦਾ। ਵਿਵਹਾਰਿਕ ਤੱਤਵ ਵਿਖਾਈ ਦਿੰਦੇ ਹਨ। ਸਮਿਅਕ ਦਰਸ਼ਨ ਵਾਲੇ ਦਾ ਵਿਵਹਾਰ ਹੋਰਾਂ ਨਾਲੋਂ ਵੱਖ ਹੁੰਦਾ ਹੈ। ਉਸ ਦੇ ਵਿਵਹਾਰ ਦੇ ਪੰਜ ਅਧਾਰ ਹਨ :—

(1) ਕਸ਼ਮ : ਰਾਗ ਦੇ ਵਸ ਕਾਰਣ ਪੈਦਾ ਹੋਣ ਵਾਲੀ ਮਨ ਦੀ ਅਸ਼ਾਂਤੀ (2) ਨਿਰਵੇਦ ਸੰਸਾਰ ਦੁੱਖਾਂ ਦੀ ਖਾਣ ਹੈ, ਇਹ ਜਾਣ ਕੇ ਲਗਾਵ ਦੀ ਭਾਵਨਾ ਤੋਂ ਮੁਕਤ ਹੋਣਾ (3) ਸੰਵੇਗ ਧਰਮ ਤੇ ਮੁਕਤੀ ਦੀ ਪ੍ਰਾਪਤੀ ਦੀ ਇਛਾ (4) ਅਨੁਕੰਪਾ : ਦਿਆ (ਲੋੜ ਬੰਧਾਂ) ਦੀ ਮਦਦ, ਰਹਿਮ ਦੀ ਭਾਵਨਾ (5) ਆਸਤਿਯ ਜਿਨੇਸ਼ਵਰ ਦੇਵ ਦੇ ਤੱਤਵ ਦਰਸ਼ਨ ਤੇ ਅਟਲ ਸ਼ਰਧਾ ਕਰਨਾ, ਦੂਸਰੇ ਝੂਠੇ ਵਿਸ਼ਵਾਸ਼ਾ ਦਾ ਦਿਲੋਂ ਤਿਆਗ ਇਸ ਵਿਚ ਸ਼ਾਮਲ ਹੈ।

ਮਨ ਦੀ ਅਸ਼ਾਂਤੀ ਦਾ ਕਾਰਣ ਕੋਈ ਵਾਤਾਵਰਣ ਨਹੀਂ ਹੁੰਦਾ। ਸਗੋਂ ਗਲਤ ਦ੍ਰਿਸ਼ਟੀ ਕੋਣ ਹੁੰਦਾ ਹੈ। ਸਹੀ ਵੇਖਣ ਅਤੇ ਸਹੀ ਵਿਸ਼ਵਾਸ ਨਾਲ ਆਤਮਾ ਦਾ ਨਿਸ਼ਾਨਾ ਸਥਿਰ ਹੁੰਦਾ ਹੈ।

ਬੰਧਨ ਤੋਂ ਛੁਟਕਾਰੇ ਲਈ ਅਨਾਸਕਤੀ (ਤਿਆਗ) ਜਰੂਰੀ ਹੈ। ਆਸਕਤੀ (ਲਗਾਵ) ਬੰਧਨ ਹੈ ਅਤੇ ਬੰਧਨ ਅਸ਼ਾਂਤੀ ਹੈ। ਪਦਾਰਥ ਪ੍ਰਤੀ ਹੋਣ ਵਾਲਾ ਰਾਗ ਆਸਕਤੀ ਹੈ।

ਸ਼ਾਂਤ ਹਿਰਦੇ ਵਾਲੇ ਆਦਮੀ ਵਿਚ ਬੰਧਨਾਂ ਨੂੰ ਤੋੜਨ ਦੀ ਇੱਛਾ ਤੇਜ ਹੁੰਦੀ ਹੈ। ਉਹ ਸਾਰੇ ਸੁਮੇਲ ਦੇ ਕਾਰਣ ਨੂੰ ਤੋੜ ਕੇ ਮੁਕਤੀ ਹਾਸਲ ਕਰ ਲੈਂਦੇ ਹਨ।

ਜੋ ਮਨੁੱਖ ਸੁਭਾਵ ਤੋਂ ਬੁਰਾ ਹੈ ਉਹ ਸਮਿਅਕ ਦ੍ਰਿਸ਼ਟੀ ਕੋਣ ਦਾ ਮਾਲਕ ਨਹੀਂ ਹੋ ਸਕਦਾ।

## ਸਮਿਅਕ ਦਰਸ਼ਨ ਦੀਆਂ ਰੁਕਾਵਟਾਂ

ਸੱਚ ਆਤਮਾ ਤੋਂ ਭਿਨ ਨਹੀਂ ਹੈ। ਸੱਚ ਦੀ ਪ੍ਰਾਪਤੀ ਤੋਂ ਬਾਅਦ ਜੋ ਕੁਝ ਪ੍ਰਾਪਤ ਹੋ ਜਾਂਦਾ ਹੈ ਉਹ ਸਮਿਅਕ ਦਰਸ਼ਨ ਹੈ। ਇਸ ਦੀਆਂ ਰੁਕਾਵਟਾਂ ਇਸ ਪ੍ਰਕਾਰ ਹਨ।

(1) ਸ਼ੰਕਾਂ :—ਤੱਤਵਾਂ ਪ੍ਰਤੀ ਸ਼ਕ ਕਰਨਾ (2) ਕਾਂਕਸ਼ਾ : ਮਿਥਿਆ ਵਿਵਹਾਰ ਪ੍ਰਤੀ ਰਸ ਲੈਣਾ (3) ਵਿਚਿਕਿੱਤਸਾ : ਕਰਮ ਫਲ ਪ੍ਰਤੀ ਸ਼ੰਕਾ ਰੱਖਣਾ (4) ਮਿਥਿਆ (ਝੂਠੇ) ਸਿਧਾਂਤਾਂ ਦੀ ਪ੍ਰਸ਼ੰਸਾ ਕਰਨਾ (5) ਮਿਥਿਆਤਵ ਨੂੰ ਧਾਰਨ ਕਰਨਾ।

ਸਮਿਅਕਤਵ ਦੀ ਪਛਾਣ ਦੇ ਤਿੰਨ ਮੁਖ ਸਾਧਨ ਹਨ :—

(1) ਦੇਵ (2) ਗੁਰੂ (3) ਧਰਮ

## ਦੇਵ

ਵੀਤਰਾਗ ਅਰਿਹੰਤ ਪ੍ਰਤੀ ਸੱਚੀ ਸਰਧਾ ਰੱਖਣਾ, ਉਨ੍ਹਾਂ ਦੇ ਆਖੇ ਉਪਦੇਸ਼ ਤੇ ਚਲਨਾ ਦੇਵ ਭਗਤੀ ਹੈ। ਦੇਵ ਦਾ ਸਵਰੂਪ ਅਸੀਂ ਨਵਕਾਰ ਮੰਤਰ ਦੀ ਵਿਆਖਿਆ ਪਾਠ ਵਿਚ ਖੁਲੇ ਢੰਗ ਨਾਲ ਦੇ ਆਏ ਹਾਂ। ਦੇਵ ਦੀਆਂ ਦੋ ਅਵਸਥਾਵਾਂ ਹਨ।

(1) ਅਰਿਹੰਤ (2) ਸਿਧ

ਕੇਵਲ ਗਿਆਨੀ ਜੋ ਅਰਿਹੰਤ ਹਨ ਇਹੋ ਅਰਿਹੰਤ ਨਿਰਵਾਨ ਹਾਸਲ ਕਰਕੇ ਸਿੱਧ ਅਖਵਾਂਦੇ ਹਨ । ਫੇਰ ਇਹ ਜਨਮ ਮਰਨ ਦੇ ਚਕਰ, ਕਾਰਣ ਕਰਮਾਂ ਦਾ ਖਾਤਮਾ ਕਰਕੇ ਨਿਰਵਾਨ ਹਾਸਲ ਕਰਦੇ ਹਨ । ਇਨ੍ਹਾਂ ਸਿੱਧ ਆਤਮਾਵਾਂ ਪ੍ਰਤੀ ਸ਼ਰਧਾ ਤੇ ਭਗਤੀ ਸਮਿਅਕ-ਤਵੀ ਲਈ ਜਰੂਰੀ ਹੈ ਤਾਂ ਕਿ ਉਹ ਵੀ ਉਨ੍ਹਾਂ ਆਤਮਾਵਾਂ ਵਰਗਾ ਬਣ ਸਕੇ । ਰਾਗ ਦਵੇਸ਼ ਦਾ ਜੇਤੂ ਵੀਤਰਾਗ ਆਤਮਾ ਹੀ ਦੇਵ ਹੈ ।

## ਗੁਰੂ

ਜੋ ਸੰਸਾਰ ਦੇ ਵਿਸ਼ੇ ਵਿਕਾਰਾਂ ਨੂੰ ਛੱਡ ਕੇ ਤਿਆਗੀ ਬਣ ਚੁਕੇ ਹਨ । ਪੰਜ ਮਹਾ ਵਰਤਾਂ, ਪੰਜ ਸਮਿਤਿਆਂ ਅਤੇ ਤਿੰਨ ਗੁਪਤੀਆਂ ਪਾਲਨਾ ਕਰਦੇ ਹੋਏ, ਹਜਾਰਾ ਲੋਕਾਂ ਨੂੰ ਸੱਚੇ ਦੇਵ, ਸੱਚੇ ਗੁਰੂ ਤੇ ਸੱਚੇ ਵੀਤਰਾਗ ਧਰਮ ਦਾ ਉਪਦੇਸ਼ ਦਿੰਦੇ ਹਨ ਪਾਪਾਂ ਤੋਂ ਬਚਣ ਦੀ ਪ੍ਰੇਰਣਾ ਦਿੰਦੇ ਹਨ । ਖੁਦ ਤਰਦੇ ਹਨ ਹੋਰਾਂ ਨੂੰ ਤੇਰਦੇ ਹਨ । ਉਹ ਗੁਰੂ ਹਨ ।

## ਧਰਮ

ਜੈਨ ਧਰਮ ਵਿਚ ਆਖੇ (ਜੀਵ), ਅਜੀਵ ਆਦਿ ਨੌ ਤੱਤਵਾਂ ਗਿਆਨ ਸਾਧੂ ਤੇ ਸ਼੍ਰਾਵਕ ਧਰਮ ਪ੍ਰਤੀ ਆਖੇ ਕਰਤਵਾਂ ਪ੍ਰਤੀ ਜਾਗਰਤ ਰਹਿਣਾ ਅਤੇ 10 ਪ੍ਰਕਾਰ ਦੇ ਖਿਮਾ ਆਦਿ ਧਰਮ ਦਾ ਪਾਲਣਾ ਕਰਨਾ ਹੀ ਸੱਚੇ ਸਮਿਅਕਤਵੀ ਦਾ ਲੱਛਣ ਹੈ ।

ਵੀਤਰਾਗ ਦੇ ਆਖੇ ਧਰਮ ਉਪਦੇਸ਼ ਦੇ ਸ਼ਰਧਾ ਕਰਕੇ ਚਲਣਾ ਹੀ ਸੱਚਾ ਧਰਮ ਹੈ ਅਤੇ ਸੱਚੇ ਦੇਵ, ਗੁਰੂ ਅਤੇ ਧਰਮ ਦੀ ਪਛਾਣ ਹੈ ਜੋ ਮਨੁੱਖ ਨੂੰ ਕਰਮ ਬੰਧ ਤੋਂ ਬਚਾ ਕੇ ਮੁਕਤੀ ਦੇ ਰਾਹ ਵਲ ਲੈ ਜਾਵੇ । ਉਹ ਹੀ ਧਰਮ ਹੈ ।

ਸਮਿਅਕ ਗਿਆਨ ਅਤੇ ਸਮਿਅਕ ਦਰਸ਼ਨ ਵੇਖਣ ਨੂੰ ਦੋ ਹਨ ਪਰ ਇਹ ਇਕ ਦੂਸਰੇ ਦੇ ਪਰਿਪੂਰਕ ਹਨ ਇਕ ਦੂਸਰੇ ਨਾਲ ਜੁੜੇ ਹੋਏ ਹਨ । ਗਿਆਨ ਦੇ ਨਾਲ ਹੀ ਦਰਸ਼ਨ ਹੁੰਦਾ ਹੈ, ਅਤੇ ਦਰਸ਼ਨ ਦੇ ਨਾਲ ਗਿਆਨ । ਇਸ ਵਿਚ ਪਹਿਲਾਂ ਅਤੇ ਪਿਛੋਂ ਦਾ ਕੋਈ ਭੇਦ ਨਹੀਂ । ਦਿਗੰਵਰ ਫਿਰਕੇ ਵਿਚ ਪਹਿਲਾ ਸਮਿਅਕ ਦਰਸ਼ਨ ਆਖਿਆ ਜਾਂਦਾ ਹੈ, ਪਰ ਸ਼ਵੇਤਾਂਵਰ ਵਿਚ ਪਹਿਲਾ ਗਿਆਨ । ਭਗਵਾਨ ਮਹਾਵੀਰ ਨੇ ਕਿਹਾ ਹੈ "ਪਹਿਲਾਂ ਗਿਆਨ ਹੈ ਫੇਰ ਦਯਾ ਆਦਿ ਕ੍ਰਿਆ ਹੈ ।

# ਸਮਿਅਕ ਚਾਰਿੱਤਰ

ਸਮਿਅਕ ਚਾਰਿੱਤਰ ਤੋਂ ਭਾਵ ਹੈ ਸਹੀ ਆਚਰਣ । ਮਨੁੱਖ ਜੋ ਕੁਝ ਸੋਚਦਾ ਹੈ, ਬੋਲਦਾ ਹੈ ਜਾਂ ਕਰਦਾ ਹੈ ਇਹ ਸਭ ਕੁਝ ਆਚਰਨ ਅਖਵਾਉਂਦਾ ਹੈ । ਉਸ ਦੇ ਆਚਰਨ ਦਾ ਸੁਧਾਰ ਹੀ ਮਨੁੱਖ ਦਾ ਸੁਧਾਰ ਹੈ । ਮਨੁੱਖ ਪਰਵਿਰਤੀ ਵਾਲਾ ਪ੍ਰਾਣੀ ਹੈ । ਇਸ ਵਿਰਤੀ ਦੇ ਤਿੰਨ ਦਰਵਾਜੇ ਹਨ 1) ਮਨ 2) ਵਚਨ ਅਤੇ 3) ਕਾਈਆ । ਇਨ੍ਹਾਂ ਰਾਹੀਂ ਮਨੁੱਖ ਆਪਣਾ ਕੰਮ ਕਰਦਾ ਹੈ ਇਕ ਦੂਸਰੇ ਨਾਲ ਵਾਕਫੀ ਪਾਉਂਦਾ ਹੈ । ਇਹ ਤਿੰਨ (ਯੋਗ)

ਅਜੇਹੇ ਹਨ ਜੋ ਮਨੁੱਖ ਦੀ ਦੁਸ਼ਮਨੀ, ਮੈਤਰੀ, ਲਾਭ, ਹਾਨੀ ਦਾ ਕਾਰਣ ਹਨ ਹਰ ਪਰਵਿਰਤੀ ਨਾਲ ਨਿਵਰਤੀ ਜੁੜੀ ਹੈ ਪਰਵਿਰਤੀ ਤੋਂ ਭਾਵ ਹੈ ਇੱਛਾ ਪੂਰਵਕ ਕਿਸੇ ਕੰਮ ਤੇ ਲਗ ਜਾਨਾ ਅਤੇ ਨਿਵਰਤੀ ਦਾ ਕੰਮ ਪਰਵਿਰਤੀ ਨੂੰ ਰੋਕਣਾ ਹੈ। ਕਿਸੇ ਦਾ ਮਨ ਰਾਹੀਂ ਭਲਾ ਜਾਂ ਬੁਰਾ ਕਰਨਾ ਮਾਨਸਿਕ ਪਰਵਿਰਤੀ ਹੈ ਕੋੜੇ ਮਿੱਠੇ ਵਚਨ ਬੋਲਨਾ ਵਚਨ ਪਰਵਿਰਤੀ ਹੈ। ਸ਼ਰੀਰ ਰਾਹੀਂ ਭੈੜੇ ਜਾਂ ਚੰਗੇ ਕੰਮ ਕਰਨਾ ਕਾਵਿਕ ਪਰਵਿਰਤੀ ਹੈ। ਪਰਵਿਰਤੀ ਦਾ ਚੰਗਾ ਬੁਰਾ ਹੋਣਾ ਮਨੁੱਖ ਦੇ ਅੰਦਰਲੇ ਆਤਮਿਕ ਭਾਵਨਾਵਾਂ ਨਾਲ ਸੰਬੰਧਿਤ ਹੈ।

ਇਸ ਲਈ ਸਮਿਅਕ ਚਾਰਿੱਤਰ ਦੇ ਦੋ ਰੂਪ ਹਨ।

(1) ਪਰਵਿਰਤੀ ਮੂਲਕ (ਗ੍ਰਹਿਸਥ ਧਰਮ) (2) ਨਿਵਰਤੀ ਮੂਲਕ (ਸਾਧੂ ਧਰਮ)

ਗਿਆਨ, ਦਰਸ਼ਨ ਦਾ ਸਮਿਅਕ ਹੋਣਾ ਕਿ ਹੈ ? ਉਸ ਦਾ ਪਤਾ ਸਮਿਅਕ ਚਾਰਿੱਤਰ ਰਾਹੀਂ ਜਾਹਿਰ ਹੁੰਦਾ ਹੈ। ਇਸ ਚਾਰਿੱਤਰ ਧਰਮ ਦਾ ਅਧਾਰ ਹੈ ਅਹਿੰਸਾ ਵਰਤ ਸੱਤ, ਚੋਰੀ ਨਾ ਕਰਨਾ, ਬ੍ਰਹਮਚਾਰਜ ਅਤੇ ਅਪਾਰੰਗ੍ਰਹਿ ਵਰਤ ਇਸ ਦੇ ਰਖਿਅਕ ਹਨ।

ਜੈਨ ਅਚਾਰਿਆ ਨੇ ਅਹਿੰਸਾ ਨੂੰ ਮੂਲ ਦੋ ਭਾਗਾਂ ਵਿਚ ਵੰਡਿਆ ਹੈ। (1) ਦਰਵ ਹਿੰਸਾ (ਸਰੀਰ ਰਾਹੀਂ ਹਿੰਸਾ) ਭਾਵ ਹਿੰਸਾ (ਮਨ ਰਾਹੀਂ ਕਿਸੇ ਪ੍ਰਤੀ ਨੇਤਿਕ ਹਿੰਸਕ ਭਾਵ ਰਖਨ)

ਜਦ ਕਿਸੇ ਜੀਵ ਨੂੰ ਮਾਰਨ ਜਾਂ ਅਸਾਵਧਾਨੀ ਕਾਰਨ ਭਾਵਨਾਵਾ ਨਾਂ ਹੋਣ ਕਾਰਣ ਦੂਸਰੇ ਜੀਵ ਦਾ ਘਾਤ ਹੋ ਜਾਂਦਾ ਹੈ ਉਹ ਦਰਵ ਹਿੰਸਾ ਹੈ। ਜਦ ਕਿਸੇ ਨੂੰ ਮਾਰਨ, ਸਤਾਉਂਦਾ ਦਾ ਅਸਾਵਧਾਨੀ ਵਸ ਭਾਵ ਹੁੰਦਾ ਹੈ ਤਾਂ ਕਿ ਉਹ ਹਿੰਸਾ ਭਾਵ ਹਿੰਸਾ ਹੈ। ਭਾਵੇਂ ਜੀਵ ਮਰੇ ਜਾਂ ਨਾ ਮਰੇ ਪਰ ਭਾਵ ਹਿੰਸਾ ਕਾਰਨ ਪਾਪ ਕਰਮ ਦਾ ਮਨ ਜਰੂਰ ਹੋ ਜਾਂਦਾ ਹੈ।

ਸਾਧੂ, ਮਨ, ਵਚਨ ਤੇ ਕਾਇਆ ਰਾਹੀਂ ਪੰਜ ਮਹਾ ਵਰਤਾ ਦਾ ਪਾਲਨ ਕਰਦਾ ਹੈ ਉਪਾਸਕ ਸੰਸਾਰ ਵਿਚ ਰਹਿ ਕੇ ਅਹਿੰਸਾ ਦਾ ਪੂਰਨ ਪਾਲਨ ਨਹੀਂ ਕਰ ਸਕਦਾ। ਚਾਰ ਪ੍ਰਕਾਰ ਦੀ ਹਿੰਸਾ ਹੁੰਦੀ ਹੈ।

1) ਸੰਕਲਪੀ :—ਜਾਨ ਬੁਝ ਕੇ, ਬਿਨਾਂ ਕਾਰਨ ਕਿਸੇ ਨਿਰਅਪਰਾਧ ਜੀਵ ਨੂੰ ਮੌਜ ਮਸਤੀ ਜਾ ਖਾਣ ਲਈ ਮਾਰਨਾ ਜਿਵੇਂ ਕਸਾਈ ਦਾ ਧੰਦਾ ਹੈ।

2) ਆਰੰਭਜ :—ਘਰੇਲੂ ਦੁਕਾਨਦਾਰੀ, ਵਿਉਪਾਰ ਅਤੇ ਖੇਤੀ ਵਿਚ ਹੋਣੀ ਵਾਲੀ ਹਿੰਸਾ।

3) ਉਦਯੋਗੀ :—ਕਾਰਖਾਨੇ, ਨੌਕਰੀ, ਫੌਜ ਵਿਚ ਫੌਜੀ ਦੇ ਰੂਪ ਵਿਚ ਹੋਣ ਵਾਲੀ ਹਿੰਸਾ।

4) ਆਰੰਬੀ :—ਭੋਜਨ, ਘਰੇਲੂ ਕੰਮ ਕਾਜ ਵਿਚ ਹੋਣ ਵਾਲੀ ਹਿੰਸਾ।

5) ਵਿਰੋਧੀ :—ਆਪਣੀ ਜਾਂ ਦੂਸਰੇ ਦੀ ਰਖਿਆ ਕਰਦੇ ਹੋਣ ਵਾਲੀ ਹਿੰਸਾ

ਉਪਾਸਕ ਸੰਕਲਪੀ ਹਿੰਸਾ ਦਾ ਪੂਰਾ ਤਿਆਗ ਕਰਦਾ ਹੈ ।

ਜੈਨ ਉਪਾਸਕ ਸਥਾਵਰ ਅਤੇ ਇਕ ਇੰਦਰੀਆ ਜੀਵ ਦੀ ਹਿੰਸਾ ਤੋਂ ਨਹੀਂ ਬਚ ਸਕਦਾ । ਪਰ ਤਰੱਸ ਜੀਵਾਂ ਦੇ ਮਾਮਲੇ ਵਿਚ ਸੰਕਲਪੀ ਹਿੰਸਾ ਦਾ ਤਿਆਗ ਕਰਦਾ ਹੈ ।

## ਸਮਿਅਕ ਚਾਰਿੱਤਰ ਦੇ ਪੰਜ ਭੇਦ ਹਨ

1) ਸਮਾਇਕ ਚਾਰਿਤਰ : ਸਮਾਇਕ ਵਰਤ ਧਾਰਨ ਕਰਨਾ (ਵੇਖੋਂ ਗ੍ਰਹਿਸਥ ਧਰਮ) ਇਹ ਦੋ ਪ੍ਰਕਾਰ ਦਾ ਹੈ : 1) ਥੋੜੇ ਸਮੇਂ ਦਾ 2) ਜੀਵਨ ਭਰ ਦਾ ।

2) ਛੇਦੋਪ ਸਥਾਪਨੀਆ : ਮਹਾਂ ਵਰਤਾ ਵੱਲ ਅੱਗੇ ਵਧਣਾ (ਵੇਖੋ ਅਚਾਰਿਆ ਪਦਵੀ)

3) ਪਰਿਹਾਰ ਵਿਸ਼ੁਧ : ਖਾਸ ਢੰਗ ਦੀਆਂ ਤਪਸਿਆ ਆਦਿ ਕਰਨਾ ।

4) ਸੁਖਮ ਸੰਪਰਾਏ : ਕਰੋਧ, ਮਾਨ, ਮਾਇਆ ਲੋਭ ਆਦਿ ਕਸ਼ਾਏ ਤੇ ਕਾਬੂ ਕਰਨਾ । ਜਦ ਥੋੜਾ ਜੇਹਾ ਕਸ਼ਾਏ ਦਾ ਅੰਸ਼ ਰਹਿ ਜਾਵੇ ਤਾਂ ਸੰਪਰਾਏ ਹੈ । ਇਹ ਦੋ ਪ੍ਰਕਾਰ ਦਾ ਹੈ : 1] ਵਿਸ਼ੁਧ ਧਿਆਮਾਨ 2] ਸਕਿਲਸ਼ ਮਾਨ ।

5) ਯਥਾਆਖਿਆਤ : ਵੀਤਰਾਗਤਾ ਧਾਰਨ ਕਰਨਾ ।

ਚਾਰਿੱਤਰ ਧਾਰਨ ਕਰਨ ਵਾਲਾ ਆਦਮੀ ਸਥਿਰ ਬੁਧੀ ਹੋ ਜਾਂਦਾ ਹੈ । ਗਿਆਨ ਰਾਹੀਂ ਉਹ ਅਗਿਆਨ ਦਾ ਖਾਤਮਾ ਕਰ ਲੈਂਦਾ ਹੈ । ਉਹ ਦਰਸ਼ਨ ਰਾਹੀਂ, ਜਨਮ ਮਰਨ ਦਾ ਕਾਰਨ ਜਾਣ ਕੇ ਮੁਕਤੀ ਦਾ ਰਾਹ ਤਿਆਰ ਕਰ ਲੈਂਦਾ ਹੈ ।

ਚਾਰਿੱਤਰ ਰਾਹੀਂ ਉਹ ਸਥਿਰ ਬੁਧੀ ਹੋ ਕੇ ਕਰਮਾਂ ਨੂੰ ਰੋਕਦਾ ਹੈ ।

ਮੁਕਤੀ ਦੇ ਚਾਰ ਸਾਧਨ ਇਸ ਪ੍ਰਕਾਰ ਆਗਮਾ ਵਿਚ ਆਖੇ ਗਏ ਹਨ :—

(1) ਗਿਆਨ (2) ਦਰਸ਼ਨ (3) ਚਾਰਿਤਰ (4) ਤੱਪ

ਸਮਿਅਕ ਗਿਆਨ ਰਾਹੀਂ ਸ਼ੱਚ ਦਾ ਗਿਆਨ ਹੁੰਦਾ ਹੈ । ਸਮਿਅਕ ਦਰਸ਼ਨ ਰਾਹੀਂ ਸਚਾਈ ਪ੍ਰਤੀ ਸ਼ਰਧਾ ਹੁੰਦੀ ਹੈ । ਸਮਿਅਕ ਚਾਰਿੱਤਰ ਰਾਹੀਂ ਆਉਣ ਵਾਲੇ ਕਰਮਾਂ ਦਾ ਸੰਬਰ ਹੁੰਦਾ ਹੈ ਅਤੇ ਤੱਪ ਰਾਹੀਂ ਪਿਛਲੇ ਕਰਮਾਂ ਦੀ ਨਿਰਜਰਾ ਹੁੰਦੀ ਹੈ ।

## ਸਮਿਅੱਕਤਵ ਦੇ ਭੇਦ

1) ਔਪਸ਼ਮੀਕ :—ਅਨੰਤਾਨੁਬੰਧੀ ਕਸ਼ਾਏ (ਕਰੋਧ, ਮਾਨ, ਮਾਇਆ, ਲੋਭ) ਅਤੇ ਦਰਸ਼ਨਾਂ ਮੋਹਨੀਆਂ ਕਰਮ ਦੀ ਆਤ ਪ੍ਰਾਕ੍ਰਿਤੀਆਂ ਉਪਸ਼ਮ (ਘੱਟ ਹੋਣਾ) ਹੋਣ ਤੇ ਜੋ ਆਤਮਾ ਦੀ ਤੱਤਵ ਰੁੱਚੀ ਹੁੰਦੀ ਹੈ ਉਹ ਔਪਸ਼ਮੀਕ ਸਮਿਅੱਕਤਵ ਹੈ।

2) ਸਾਸਵਾਦਨ :—ਜੀਵ ਦਾ ਜੋ ਪਰਿਣਾਮ (ਹਾਲਤ) ਥੋੜੇ ਜਿਹੇ ਸਮਿਅੱਤਵ ਦੇ ਸਵਾਦ ਵਾਲਾ ਹੈ ਉਹ ਸਾਸਵਾਦਨ ਹੈ।

3) ਸ਼ਯੋਪਸ਼ਮੀਕ :—ਅਨੰਤਾ ਨੂੰ ਬੰਧੀ ਕਸ਼ਾਏ ਅਤੇ ਮਿਥਿਆਤਵ ਦਾ ਖਾਤਮਾ ਕਰਕੇ ਉਪਸ਼ਮ ਕਰਦੇ ਹੋਏ, ਜੋ ਜੀਵ ਦੀ ਤੱਤਵ ਰੁਚੀ ਹੈ ਉਹ ਸ਼ਯੋਪਸ਼ਮੀਕ ਹੈ।

4) ਵੇਦਕ :—ਸ਼ੁਪਕ ਸ਼ਰੇਣੀ (ਵੇਖੋ ਗੁਣ ਸਥਾਨ) ਪ੍ਰਾਪਤ ਕਰਨ ਤੋਂ ਪਹਿਲਾ ਅਨੰਤਾਨੁ ਬੰਧੀ, ਮਿਥਿਆਤਵ ਮੋਹਨੀਆ ਅਤੇ ਮਿਸ਼ਰ ਮੋਹਨੀਆ ਕਰਮਾ ਦਾ ਖਾਤਮਾ ਹੋਣ ਤੇ ਜੋ ਪੁਦਗਲ ਦਾ ਅੰਸ਼ ਬਚ ਜਾਂਦਾ ਹੈ ਉਸ ਨੂੰ ਨਸ਼ਟ ਕਰਦਾ ਹੋਇਆ ਜੀਵ, ਆਖਰੀ ਇਕ ਸਮੇਂ ਵਿਚ ਜੋ ਭੋਗ ਦਾ ਹੈ ਉਹ ਵੇਦ ਸਮਿਅੱਕਤਵ ਹੈ।

4) ਸਾਯਿਕ :—ਉਪਰੋਕਤ ਕਰਮ ਦੀਆਂ 7 ਪ੍ਰਾਕ੍ਰਿਤੀਆਂ ਦਾ ਹਮੇਸ਼ਾ ਖਾਤਮਾ ਹੈ ਇਸ ਤੋਂ ਬਾਅਦ ਜੋ ਤੱਤਵ ਰੁਚੀ ਪ੍ਰਾਪਤ ਹੁੰਦੀ ਹੈ। ਉਹ ਸ਼ਾਯਕ ਸਮਿਅੱਤਵ ਹੈ। ਇਹ ਸਮਿਅੱਕਤਵ ਹਮੇਸਾਂ ਰਹਿੰਦਾ ਹੈ। ਇਸ ਸਮਿਅੱਕਤਵ ਨੂੰ ਪ੍ਰਾਪਤ ਜੀਵ ਉਸ ਜਨਮ ਵਿਚ ਵੀ ਮੋਕਸ਼ ਜਾ ਸਕਦਾ ਹੈ। ਨਹੀਂ ਤਾਂ ਤੀਸਰੇ ਜਨਮ ਹਰ ਹਾਲਤ ਮੋਕਸ਼ ਚਲਾ ਜਾਂਦਾ ਹੈ।

## ਸਮਿਅੱਕਤਵ ਦੇ 6 ਸਥਾਨ (ਮਾਨਤਾਵਾਂ)

ਸਮਿਅੱਕਤਵੀ ਮਨ ਨੂੰ ਇਨ੍ਹਾਂ ਸਥਾਨਾ ਤੇ ਸਥਾਪਿਤ ਕਰਦਾ ਹੈ।

1) ਆਤਮਾ ਸਰੀਰ ਤੋਂ ਆਲਗ ਸੁਤੰਤਰ ਦਰਵ ਹੈ।

2) ਇਹ ਆਤਮਾ ਨਿੱਤ ਹੈ ਸਨਾਤਨ ਹੈ ਕਿਸੇ ਨੇ ਬਣਾਇਆ ਨਹੀਂ, ਨਾ ਹੀ ਇਸ ਦਾ ਨਾਮ ਹੈ।

3) ਆਤਮਾ ਕਰਮਾ ਦਾ ਕਰਤਾ ਹੈ ਮਿਥਿਆਤਵ ਆਦਿ ਕਾਰਣ ਕਰਮਾਂ ਦੀ ਇਕੱਠਾ ਕਰਦਾ ਹੈ।

4) ਇਹ ਆਤਮਾ ਆਪਣੇ ਕੀਤੇ ਕਰਮਾਂ ਦਾ ਭੋਗਨ ਵਾਲਾ ਵੀ ਆਪ ਹੈ।

5) ਆਤਮਾ ਦਾ ਮੋਕਸ਼ ਵੀ ਹੁੰਦਾ ਹੈ। ਸੰਸਾਰ ਅਨਾਦੀ ਕਾਲ ਤੋਂ ਹੈ "ਸੋ ਮੋਕਸ਼ ਅਸੰਭਵ ਹੈ" ਇਹ ਮਾਨਤਾ ਗਲਤ ਹੈ।

6) ਮੋਕਸ ਲਈ ਸਚਾ ਰਾਹ ਗਿਆਨ, ਦਰਸ਼ਨ, ਚਾਰਿੱਤਰ ਤੇ ਤੱਪ ਹੈ।


## ਮਿਥਿਆਤਵ

ਸਵਾਲ ਪੈਦਾ ਹੁੰਦਾ ਹੈ ਮਿਥਿਆਤਵ ਕਿ ਹੈ ਜੋ ਆਤਮਾ ਨੂੰ ਕਰਮ ਵਿਚ ਬੰਧਦਾ ਹੈ।

ਸਮਿਅੱਕਤਵ (ਸਮਿਅਕ ਦਰਸ਼ਨ) ਦਾ ਉਲਟ ਮਿਥਿਆਤਵ ਹੈ, ਜਿਸਤੋਂ ਭਾਵ ਗਲਤ ਧਾਰਣਾ ਹਨ। (1) ਅਧਰਮ ਨੂੰ ਧਰਮ ਸਮਝਣਾ (2) ਧਰਮ ਨੂੰ ਅਧਰਮ ਸਮਝਣਾ (3) ਝੂਠੇ ਮਾਰਗ ਨੂੰ ਸਚਾ ਮਾਰਗ ਸਮਝਣਾ (4) ਸੱਚੇ ਨੂੰ ਝੂਠਾ ਮਾਰਗ ਸਮਝਣਾ (5) ਅਜੀਵ ਨੂੰ ਜੀਵ ਸਮਝਣਾ (6) ਜੀਵ ਨੂੰ ਅਜੀਵ ਸਮਝਣਾ (7) ਅਸਾਧੂ ਨੂੰ ਸਾਧੂ ਸਮਝਣਾ (8) ਸਾਧੂ ਨੂੰ ਅਸਾਧੂ ਸਮਝਣਾ (9) ਅਮੁਕਤ (ਬਿਨਾ ਕਿਰਵਾਨ ਵਾਲੇ) ਜੀਵ ਨੂੰ ਮੁਕਤ ਸਮਝਣਾ (10) ਮੁਕਤ ਜੀਵ ਨੂੰ ਅਮੁਕਤ ਸਮਝਣਾ। ਇਹ 10 ਪ੍ਰਕਾਰ ਦਾ ਮਿਥਿਆਤਵ ਸਥਾਨੰਗ ਸੂਤਰ ਵਿਚ ਮਿਲਦਾ ਹੈ।

# ਨਵ ਤੱਤਵ






ਇਸ ਚਿੱਤਰ ਵਿਚ ਪੁੰਨ ਨੂੰ ਸੁਧ ਪਾਣੀ ਅਤੇ ਪਾਪ ਨੂੰ ਅਸ਼ੁਧ ਪਾਣੀ ਕਿਹਾ ਹੈ। ਜੀਵ ਰੂਪੀ ਸਰੋਵਰ ਵਿਚ ਕਰਮ ਦਾ ਪਾਣੀ ਆ ਰਿਹਾ। ਨਿਰਜਰਾ ਰੂਪੀ ਸੂਰਜ ਨਾਲ ਪੁੰਨ ਅਤੇ ਪਾਪ ਦੇ ਕਰਮਾ ਦਾ ਪਾਣੀ ਭਾਪ ਬਣ ਕੇ ਉਡ ਜਾਂਦਾ ਹੈ ਅਤੇ ਆਤਮਾ ਮੋਕਸ਼ ਨੂੰ ਪ੍ਰਾਪਤ ਕਰ ਲੈਂਦੀ ਹੈ।

# ਨੌ ਤੱਤਵ

ਜੈਨ ਧਰਮ ਵਿਚ ਸਮਿਅਕ ਦਰਸ਼ਨ ਦਾ ਅਰਥ ਤਤਵਾਂ ਪ੍ਰਤੀ ਸ਼ਰਧਾ ਹੈ।

ਜੈਨ ਧਰਮ ਤੇ ਦਰਸ਼ਨ ਵਿਚੋਂ ਨੌ ਤੱਤਵਾਂ ਦਾ ਬਹੁਤ ਹੀ ਪ੍ਰਮੁੱਖ ਸਥਾਨ ਹੈ ਜੇ ਇੰਝ ਵੀ ਆਖ ਲਿਆ ਜਾਵੇ ਕਿ ਇਕ ਇਹ ਨੌ ਤੱਤਵ ਜੈਨ ਧਰਮ ਦਾ ਸਾਰ ਹਨ ਤਾਂ ਕੋਈ ਅੱਤ ਕਥਨੀ ਨਹੀਂ ਹੋਵੇਗੀ।

## ਤੱਤਵ ਕੀ ਹੈ ?

ਦਰਸ਼ਨ ਸ਼ਾਸਤਰ ਦਾ ਅਧਿਐਨ ਤੱਤਵ ਤੋਂ ਹੀ ਹੁੰਦਾ ਹੈ। ਸੰਸਾਰਿਕ ਦਰਿਸ਼ਟੀ ਨਾਲ ਅਸੀ ਤੱਤਵ ਦਾ ਅਰਥ ਅਸਲਿਅਤ ਲੈਂਦੇ ਹਾਂ।

ਵੈਦਿਕ ਦਰਸ਼ਨ ਵਿਚ ਪ੍ਰਮਾਤਮਾ ਤੇ ਬ੍ਰਹਮਾਂ ਲਈ ਤੱਤਵ ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ। ਬੁੱਧ ਦਰਸ਼ਨ ਵਿਚ ਸੰਕਧ, ਆਯਤਨ, ਧਾਤੂ ਆਦਿ ਭਿੰਨ ਤੱਤਵ ਹਨ।

ਚਾਰਵਾਕ ਆਦਿ ਨਾਸਤਕ ਦਰਸ਼ਨ ਵਿਚ ਪ੍ਰਿਥਵੀ, ਜਲ, ਅੱਗ, ਹਵਾ ਤੇ ਅਕਾਸ਼ ਨੂੰ ਤੱਤਵ ਕਿਹਾ ਗਿਆ ਹੈ।

ਵੈਸ਼ਸਿਕ ਦਰਸ਼ਨ ਵਿਚ ਦਰਵ, ਗੁਣ, ਕਰਮ, ਸਮਾਨਯ, ਵਿਸ਼ੇਸ਼ ਅਤੇ ਸਮਵਾਏ ਆਦਿ ਛੇ ਤੱਤਵ ਹਨ। ਸਾਂਖਯ ਦਰਸ਼ਨ ਵਿਚ ਹੀ ਪੁਰਸ਼, ਪ੍ਰਾਕ੍ਰਿਤੀ ਮਹੱਤਤਵ, ਅਹੰਕਾਰ ਆਦਿ 25 ਤਤਵ ਹਨ। ਮੀਮਾਂਸਾ ਦਰਸ਼ਨ ਦੇ ਦੋ ਹੀ ਤੱਤਵ ਹਨ : ਕਰਮ ਅਤੇ ਈਸ਼ਵਰ।

ਜੈਨ ਦਰਸ਼ਨ ਵਿਚ ਸੰਸਾਰ ਦਾ ਮੂਲ ਅਧਾਰ 9 ਤੱਤਵ ਹਨ। ਇਨ੍ਹਾਂ ਨੂੰ ਸਿਧ ਕਰਨ ਦੀ ਕੋਈ ਜ਼ਰੂਰਤ ਨਹੀਂ। ਇਨ੍ਹਾ ਤਤਵਾਂ ਦਾ ਨਾਂ ਕੋਈ ਸ਼ੁਰੂ ਹੈ ਅਤੇ ਨਾ ਹੀ ਕੋਈ ਅੰਤ ਹੈ। ਇਹ ਤਿੰਨੇ ਕਾਲਾਂ ਵਿਚ ਰਹਿੰਦੇ ਹਨ।

ਆਪਣੇ ਆਪ ਨੂੰ ਪਛਾਣਨਾਂ ਹੀ ਜੀਵਨ ਦਾ ਇਕ ਉਦੇਸ਼ ਹੈ। ਇਸ ਲਈ ਜੀਵ ਨੂੰ ਜੜ ਅਤੇ ਚੇਤਨ ਦਾ ਗਿਆਨ ਹੋਣਾ ਜਰੂਰੀ ਹੈ।

ਜੈਨ ਦਰਸ਼ਨ ਆਖਦਾ ਹੈ ਆਤਮਾ ਅੱਡ ਹੈ ਤੇ ਪੁਦੱਗਲ ਅਡ ਹੈ।

(1) ਜੈਨ ਦਰਸ਼ਨ ਵਿਚ ਤੱਤਵ ਦੇ 3 ਭਾਗ ਬਣਾਏ ਗਏ ਹਨ।

ੳ) (1) ਜੀਵ (2) ਅਜੀਵ

ਅ) (1) ਜੀਵ (2) ਅਜੀਵ (3) ਆਸ਼ਰਵ (4) ਬੰਧ (5) ਸੰਬਰ (6) ਨਿਰਜਰਾ (7) ਮੋਕਸ਼ (ਦਿਗੰਵਰ ਜੈਨ ਪ੍ਰੰਪਰਾ ਅਨੁਸਾਰ)

ੲ) (1) ਜੀਵ (2) ਅਜੀਵ (3) ਪੁੰਨ (4) ਪਾਪ (5) ਆਸ਼ਰਵ (6) ਸੰਬਰ

(7) ਨਿਰਜਰਾ (8) ਬੰਧ (9) ਮੋਕਸ਼ (ਸ਼ਵੇਤਾਂਵਰ ਜੈਨ ਪ੍ਰੰਪਰਾ ਅਨੁਸਾਰ)

ਦੇਵ, ਗੁਰੂ ਧਰਮ ਸ਼ਾਸਤਰ ਅਤੇ ਤਤਵ ਦੇ ਪ੍ਰਤਿ ਸ਼ਰਧਾ ਵਿਵਹਾਰ ਸਮਿਅਕੱਤਵ (ਸਮਿਅਕ ਦਰਸ਼ਨ) ਦਾ ਲਛਣ ਹੈ ਉਹ ਤਦ ਹੀ ਸਾਰਥਕ ਅਤੇ ਸਫਲ ਹੋ ਸਕਦਾ ਹੈ ਜਦ ਆਤਮਾ ਦੇ ਪ੍ਰਤਿ ਸ਼ਰਧਾ ਜਾ ਅਨੁਭੂਤੀ ਹੋਵੇ ਅਤੇ ਆਤਮਾ ਦੇ ਪ੍ਰਤੀ ਦ੍ਰਿੜ ਪ੍ਰਤੀਤੀ, ਰੁਚੀ ਅਤੇ ਵਿਸ਼ਵਾਸ ਹੋਵੇ। ਜਦ ਨਿਸ਼ਚੇ ਸਮਿਅਕ ਦਰਸ਼ਨ ਨਾਲ ਜੀਵ ਅਤੇ ਅਜੀਵ ਦਾ ਨਿਸ਼ਚੇ ਹੋ ਜ਼ਾਵੇ ਤਾਂ ਜੀਵ ਆਪਣਾ ਸਵਰੂਪ ਪਹਿਚਾਨ ਕੇ, ਆਤਮ ਕਲਿਆਨ ਵੱਲ ਵੱਧਦਾ ਹੈ ਰਾਗ ਅਤੇ ਦਵੇਸ਼ ਛੱਡਦਾ ਹੈ। ਮੋਕਸ਼ ਧਰਮ ਦਾ ਪਾਲਨ ਕਰਦਾ ਹੈ। ਪਰ ਵਿਚ ਸਵੈ ਬੁਧੀ ਅਤੇ ਸਵੈ ਵਿਚ ਪਰ ਬੁੱਧੀ ਦਾ ਰਹਿਣਾ ਮਿਥਿਆਤਵ ਹੈ। ਸਵੈ ਵਿਚ ਸਵ ਬੁਧੀ ਪਰ (ਪਰਾਏ) ਪਰ ਬੁਧੀ ਹੋਣਾ ਨਿਸ਼ਚੈ ਸਮਿਅਕ ਦਰਸ਼ਨ ਹੈ।

## ਜੀਵ

ਲਛਣ : ਜੈਨ ਸ਼ਾਸਤਰ ਕਾਰਾਂ ਨੇ ਜੀਵ ਦੇ ਲੱਛਣ ਇਸ ਪ੍ਰਕਾਰ ਆਖੇ ਗਏ ਹਨ :-

1) ਅਨਾਦੀ : ਇਸ ਤੋਂ ਭਾਵ ਇਹ ਕਿ ਅਸੀਂ ਇਹ ਨਹੀਂ ਆਖ ਸਕਦੇ ਕਿ ਜੀਵ ਆਤਮਾ ਦਾ ਜਨਮ ਕਿਸੇ ਖਾਸ ਸਮੇਂ ਹੋਈਆ। ਇਸ ਪਖੋਂ ਜੀਵ ਅਜਨਮਾ ਜਾਂ ਅਨਾਦੀ ਹੈ।

(2) ਅਨਿਧਨ :—ਜੀਵ ਕਦੇ ਮਰਦਾ ਨਹੀਂ, ਜੀਵ ਹਮੇਸ਼ਾਂ ਅਮਰ ਹੈ, ਸ਼ਰੀਰ ਦਾ ਮਰਨਾ ਜੀਵ ਦਾ ਮਰਨ ਨਹੀਂ ਅਖਵਾ ਸਕਦਾ।

(3) ਅਕਸ਼ੇ :—ਜੀਵ ਆਤਮਾ ਸ਼ਕਤੀ ਪਖੋਂ ਪਹਿਲਾਂ ਸੀ, ਹੁਣ ਹੈ, ਅਗੋਂ ਨੂੰ ਰਹੇਗਾ। ਜੀਵ ਆਤਮਾ ਦੀ ਸ਼ਕਤੀ ਵਿਚ ਕਦੇ ਘਾਟਾ ਵਾਧਾ ਨਹੀਂ ਹੁੰਦਾ।

(4) ਧਰੁਵ :—ਜੀਵ ਦਰਵ (6 ਦਰਵ) ਪਖੋਂ ਹਮੇਸ਼ਾ ਹੋਂਦ ਵਾਲਾ ਹੈ।

(5) ਨਿੱਤ :—ਦਰੱਵ ਪਖੋਂ ਜੀਵ ਦਰੱਵ ਦਾ ਕਦੇ ਅੰਤ ਨਹੀਂ। ਕੇਵਲ ਪਰਿਆਏ (ਸੁਭਾਅ) ਪਖੋਂ ਸ਼ਰੀਰ ਬਦਲਦਾ ਹੈ। ਇਹ ਪਰਿਵਰਤਨ ਆਤਮਾ ਦਾ ਨਹੀਂ, ਸਗੋਂ ਆਤਮਾ ਦੇ ਸਹਾਰੇ ਟਿਕੇ ਸਰੀਰ ਦਾ ਹੁੰਦਾ ਹੈ।

(6) ਸੰਕੋਚ ਤੇ ਵਿਕਾਸ਼ ਸ਼ੀਲ :—ਨਿਸਚੈ ਪਖੋਂ ਆਤਮਾ (ਜੀਵ) ਕ੍ਰਿਆ ਰਹਿਤ ਹੈ। ਪਰ ਵਿਵਹਾਰ ਪਖੋਂ ਸ਼ਰੀਰ ਹੋਣ ਕਾਰਣ ਵਿਕਾਸਸ਼ੀਲ ਹੈ।

(7) ਦੇਹ ਪਰਿਮਾਣ :—ਜੀਵ ਆਤਮਾ ਸਾਰੇ ਸ਼ਰੀਰ ਵਿਚ ਫੈਲੀ ਹੋਈ ਹੈ। ਇਸ ਲਈ ਆਤਮਾ ਦਾ ਸਥਾਨ ਸਰੀਰ ਦੇ ਅੰਦਰ ਹੈ ਇਹ ਹਿੰਦੂ ਧਰਮ ਤਰਾਂ ਸਰਵ ਵਿਆਪਕ ਨਹੀਂ।

(8) ਅਸੰਖਿਆਤਮਕ ਪ੍ਰਦੇਸ਼ :—ਪ੍ਰਦੇਸ਼ ਦਾ ਅਰਥ ਹੈ ਸੂਖਮ ਤੋਂ ਸੂਖਮ ਭਾਗ। ਆਤਮਾ ਦੇ ਅਸੰਖ ਚੇਤਨ ਪ੍ਰਦੇਸ਼, ਆਪਸ ਵਿਚ ਇਸ ਤਰ੍ਹਾਂ ਜੁੜੇ ਹਨ ਜਿਵੇਂ ਸੰਗਲ ਦੀਆਂ ਲੜੀਆਂ। ਆਤਮਾ ਦੇ ਕਦੇ ਟੁਕੜੇ ਨਹੀਂ ਹੋ ਸਕਦੇ। ਆਤਮਾ ਅਖੰਡ ਹੈ।

(9) ਅਰੂਪੀ ਅਤੇ ਅਮੂਤਤੀਕ: — ਨਸ਼ਚੇ ਪਖੋਂ ਇੰਦਰੀਆਂ ਰਾਂਹੀਂ ਨਾ ਵਿਖਾਈ ਦੇਣ

ਵਾਲੇ ਸੁਧ ਬੁੱਧ ਰੂਪ ਅਤੇ ਸਰੂਪ, ਰਸ, ਗੰਧ ਤੇ ਸਪਰਸ਼ ਤੋਂ ਰਹਿਤ ਹੈ। ਇਸੇ ਕਾਰਣ ਆਤਮਾ ਅਰੂਪੀ ਹੈ। ਵਿਵਹਾਰ ਪਖੋਂ ਕਰਮਾਂ ਦੀ ਜੰਜੀਰ ਵਿਚ ਜਕੜੀਆ ਹੋਣ ਕਾਰਣ, ਸ਼ਰੀਰ ਦੇ ਅਧੀਨ ਹੋਣ ਕਾਰਣ ਵਰਨ, ਗੰਧ, ਰਸ ਤੇ ਸਪਰਸ਼ ਵਾਲਾ ਹੈ।

(10) ਕ੍ਰਿਆਰਹਿਤ :—ਨਿਸ਼ਚੈ ਤੌਰ ਤੇ ਆਤਮਾ ਸ਼ਕਲ ਰਹਿਤ ਹੋਣ ਕਾਰਣ ਕ੍ਰਿਆ ਰਹਿਤ ਹੈ ਪਰ ਵਿਵਹਾਰ ਪਖੋਂ, ਕਰਮਾਂ ਦੇ ਅਧੀਨ ਜੀਵ ਅਧੋ, ਮਧ ਜਾਂ ਤਿਰਛੇ ਲੋਕ ਵਿਚ ਜਾ ਸਕਦਾ ਹੈ। (ਵੇਖੋ ਲੋਕ ਵਾਦ)

(11) ਉਰਧਵਗਤਿ ਸ਼ੀਲ :—ਨਿਸ਼ਚੇ ਪਖੋਂ ਆਤਮਾ ਕਰਮਾਂ ਤੋਂ ਰਹਿਤ ਹੋ ਕੇ ਹਲਕਾ ਹੋ ਜਾਂਦਾ ਹੈ ਅਤੇ ਆਤਮਾ ਸਿਧਾ ਸੁਭਾਵਿਕ ਰੂਪ ਵਿਚ ਗਤੀ ਕਰਕੇ ਲੋਕ ਅਗਰ (ਲੋਕ ਦੇ ਆਖਰੀ ਹਿਸੇ) ਵਿਚ ਠਹਿਰਦਾ ਹੈ। ਇਸੇ ਸਥਾਨ ਨੂੰ ਸਿਧਸ਼ਿਲਾ (ਪ੍ਰਮਾਤਮਾ ਦਾ ਸਥਾਨ) ਆਖਦੇ ਹਨ। ਜਿਵੇਂ ਧੂਆ ਸੁਭਾਵ ਪਖੋਂ ਉਪਰ ਨੂੰ ਜਾਂਦਾ ਹੈ ਇਸ ਤਰ੍ਹਾਂ ਮੁਕਤ ਆਤਮਾ ਬਿਨਾਂ ਕਿਸੇ ਸਹਾਇਤਾ ਤੋਂ ਆਪਣੇ ਸਥਾਨ ਨੂੰ ਜਾਂਦੀ ਹੈ। ਕਿਉਂਕਿ ਇਹ ਆਤਮਾ ਦਾ ਸੁਭਾਵ ਹੈ। ਇਸ ਸਮੇਂ ਆਤਮਾ ਨੂੰ ਤੇਜਸ ਕਾਰ ਮਨ ਸਰੀਰ ਦੀ ਜਰੂਰਤ ਵੀ ਨਹੀਂ ਰਹਿੰਦੀ।

(12) ਕਰਤਾ ਤੇ ਭੋਗਨ ਵਾਲਾ :—ਚੇਤਨਾ ਗੁਣ ਹੋਣ ਕਾਰਣ ਜੀਵ, ਦੁੱਖ, ਸੁੱਖ ਭੋਗਦਾ ਹੈ ਸ਼ੁਭ, ਅਸ਼ੁਭ ਕਰਮਾਂ ਦਾ ਬੰਧਨ (ਸੰਗ੍ਰਹਿ) ਕਰਦਾ ਹੈ। ਇਸ ਲਈ ਜੀਵ ਕਰਮ ਦਾ ਕਰਤਾ ਤੇ ਭੋਗਨ ਵਾਲਾ ਹੈ।

(13) ਸੰਸਰਤਾ ਅਤੇ ਪਰਿਨਿਰਵਾਤਾ :—ਜੈਨ ਸ਼ਾਸਤਰਾਂ ਅਨੁਸਾਰ ਆਤਮਾ ਮਿਥਿਆਤਵ ਅਵਿਰਤੀ, ਪ੍ਰਮਾਦ, ਕਸ਼ਾਏ ਅਤੇ ਯੋਗ ਕਾਰਣ ਕਰਮਬੰਧਨ ਕਰਦਾ ਹੈ। (ਵੇਖੋ ਚਿੱਤਰ 1) ਇਸ ਦੇ ਸਿਟੇ ਵਜੋਂ ਆਤਮਾਂ ਨੂੰ ਭਿੰਨ ਭਿੰਨ ਜਨਮਾਂ ਤੇ ਰੂਪਾਂ ਵਿਚ ਜਨਮ ਲੈਣਾ ਪੈਂਦਾ ਹੈ। ਪਰ ਇਹ ਆਤਮਾ ਜਦੋਂ ਆਪਣੀ ਸ਼ਕਤੀ ਨੂੰ ਜਾਗਰਤ ਕਰ ਲੈਂਦਾ ਹੈ ਤਾਂ ਉਹ ਪਾਪ ਪੁੰਨ ਦੇ ਕਾਰਣ ਕਰਮਾਂ ਨੂੰ ਜਾਣ ਲੈਂਦਾ ਹੈ। ਕਰਮਾਂ ਦੇ ਕਾਰਣ ਨੂੰ ਜਾਣ ਕੇ ਜੀਵ ਕਰਮਾਂ ਤੋਂ ਮੁੱਕਤ ਹੋਣ ਦੀ ਕੋਸ਼ਿਸ ਕਰਦਾ ਹੈ। ਉਸ ਦਾ ਸੁੱਤਾ, ਅੰਨਤ ਗਿਆਨ, ਅਨੰਤ ਦਰਸ਼ਨ, ਅੰਨਤ ਚਾਰਿਤਰ (ਸੁਖ), ਅਨੰਤ ਵੀਰਜ ਜਾਗ ਜਾਂਦਾ ਹੈ। ਸਿਟੇ ਵਜੋਂ ਜੀਵ ਆਤਮਾ ਤੋਂ ਪ੍ਰਮਾਤਮਾ ਬਣ ਜਾਂਦਾ ਹੈ।

(14) ਜੀਵ ਅਨੰਤ ਹਨ। ਜੈਨ ਦਰਸ਼ਨ ਇਕ ਆਤਮਾ ਨੂੰ (ਬ੍ਰਹਮਾ) ਨਹੀਂ ਮੰਨਦਾ। ਜੈਨ ਦਰਸ਼ਨ ਅਨੁਸਾਰ ਜੇ ਇਕ ਹੀ ਆਤਮਾ ਸਭ ਪਾਸੇ ਹੋਵੇ ਤਾਂ ਸੰਸਾਰ ਵਿਚ ਸਾਰੇ ਜੀਵ ਇਕੋ ਸਮੇਂ ਇਕ ਕ੍ਰਿਆ ਕਰਨ। ਸਾਰੇ ਜੀਵਾਂ ਵਿਚ ਆਪਸੀ ਕੋਈ ਭੇਦ ਨਾ ਹੋਵੇ। ਇਸ ਸਿਧਾਂਤ ਅਨੁਸਾਰ ਜੇ ਇਕ ਆਤਮਾ ਮਨ ਲਈ ਜਾਵੇ, ਤਾਂ ਇਕ ਆਤਮਾ

ਦੀ ਮੁਕਤੀ ਨਾਲ ਸਭ ਦੀ ਮੁਕਤੀ ਇਕੋ ਸਮੇਂ ਹੋਣੀ ਚਾਹੀਦੀ ਹੈ। ਜੀਵਾਂ ਵਿਚ ਦੁਖ-ਸੁੱਖ, ਛੋਟੇ ਬੜੇ ਦਾ ਫਰਕ ਦਾ ਦਸਦਾ ਹੈ ਕਿ ਹਰ ਆਤਮਾ ਦੀ ਸੁਤੰਤਰ ਸਤਾ ਹੈ।

ਸਧਾਰਣ ਭਾਸ਼ਾ ਵਿਚ ਅਸੀਂ ਆਖ ਸਕਦੇ ਹਾਂ ਜੋ ਜਿਉਂਦਾ ਹੈ, ਜਿਸ ਵਿਚ ਪ੍ਰਾਣ ਹੈ। ਉਹ ਜੀਵ ਹੈ। ਨਿਸ਼ਚੇ ਪਖੋਂ ਜੀਵ ਭਾਵ ਪ੍ਰਾਣ (ਗਿਆਨ, ਦਰਸ਼ਨ, ਸੁਖ ਅਤੇ ਵੀਰਜ) ਸਹਾਰੇ ਜਿਉਂਦਾ ਹੈ। ਵਿਵਹਾਰ ਪਖੋਂ ਕਰਮ ਵਸ਼ ਅਸ਼ੁਧ ਦਰੱਵ ਭਾਵ ਪ੍ਰਾਣ (5 ਇੰਦਰੀਆਂ 3 ਬਲ, 1 ਆਯੂ ਅਤੇ 1 ਸ਼ਵਾਸੋਸ਼ਵਾਸ)। ਇਹ 10 ਪ੍ਰਾਣਾਂ ਦੇ ਸਹਾਰੇ ਜਿਉਂਦਾ ਹੈ।

ਜੀਵ ਦੀ ਇਹ ਵਿਆਖਿਆ ਸ਼ਰੀਰ ਧਾਰੀ ਜੀਵਾਂ ਤੇ ਲਾਗੂ ਹੁੰਦਾ ਹੈ ਸਿੱਧ (ਸਰੀਰ ਮੁਕਤ) ਆਤਮਾਂਵਾਂ ਤੇ ਨਹੀਂ।

ਉਪਯੋਗ ਜੀਵ ਦਾ ਲਛਣ ਹੈ ਇਹ ਦੋ ਪ੍ਰਕਾਰ ਦਾ ਹੈ। ਸਾਕਾਰ ਉਪ-ਯੋਗ (ਗਿਆਨ) (2) ਨਿਰਾਕਾਰ ਉਪਯੋਗ (ਦਰਸ਼ਨ)। ਭਾਵ ਜਾਨਣਾ ਅਤੇ ਉਸ ਜਾਣਨ ਦੇ ਆਧਾਰ ਤੇ ਵੇਖਣਾ ਜੀਵ ਦਾ ਲੱਛਣ ਹੈ ਚੇਤਨਾਂ ਜੀਵ ਦਾ ਸੁਭਾਵ ਹੈ।

ਜੀਵ ਆਪਣੇ ਕਰਮਾਂ ਦਾ ਖੁਦ ਕਰਨ ਵਾਲਾ ਅਤੇ ਭੋਗਣ ਵਾਲਾ ਹੈ। ਸੰਸਾਰ ਦੇ ਬੰਧਨ ਵਿਚ ਖੁਦ ਹੀ ਫਸਦਾ ਹੈ ਅਤੇ ਖੁਦ ਹੀ ਮੁਕਤ ਹੁੰਦਾ ਹੈ।

ਬੰਧਨ ਵਿਚ ਫਸੀਆ ਜੀਵ ਸੰਸਾਰੀ ਹੈ ਅਤੇ ਬੰਧਨ ਮੁਕੱਤ ਮੋਕਸ਼ ਧਾਰੀ ਨਿਰਾਕਾਰ ਸਿੱਧ ਪ੍ਰਮਾਤਮਾ ਹੈ।

ਜੀਵ (ਆਤਮਾ) ਦਾ ਸ਼ਰੀਰ ਨਾਲ ਸਬੰਧ ਹੈ ਉਹ ਸਰੀਰ ਨਾਲੋਂ ਵੱਖ ਨਹੀਂ। ਜਦ ਸਰੀਰ ਦੁੱਖੀ ਹੁੰਦਾ ਹੈ ਆਤਮਾ ਵੀ ਪ੍ਰਭਾਵਿਤ ਹੁੰਦੀ ਹੈ। ਕਰਮਾਂ ਦੇ ਬੰਧਨ ਕਾਰਣ ਜੀਵ ਸੁਖੀ, ਦੁਖੀ ਹੁੰਦਾ ਹੈ।

ਸਾਰੇ ਸੰਸਾਰੀ ਜੀਵਾਂ ਦੇ ਸਾਝੇ ਲੱਛਨ ਇਹ ਵੀ ਹਨ 1) ਅਹਾਰ ਸੰਗਿਆਂ 2) ਭੈ ਸੰਗਿਆ 3) ਮੈਥੁਨ ਸੰਗਿਆ 4) ਪਰਿਗ੍ਰਹਿ ਸੰਗਿਆ। ਇਨਾਂ ਚਾਰਾਂ ਦੀ ਹੋਂਦ ਸੰਸਾਰੀ ਜੀਵਾਂ ਵਿਚ ਪਾਈ ਜਾਂਦੀ ਹੈ।

## 1. ਜੀਵ ਤੱਤਵ

ਨੌ ਤੱਤਵਾਂ ਵਿਚ ਪਹਿਲਾ ਤੱਤਵਾਂ ਜੀਵ ਹੈ ਇਸ ਦਾ ਵਰਨਣ ਕਰਨ ਲਈ ਬਹੁਤ ਵਡਾ ਗ੍ਰੰਥ ਲਿਖਿਆ ਜਾ ਸਕਦਾ ਹੈ। ਜਿਸ ਵਿਚ ਚੇਤਨਾ ਹੋਵੇ, ਗਿਆਨ ਅਤੇ ਦਰਸ਼ਨ ਗੁਣ ਪਾਇਆ ਜਾਵੇ, ਉਹ ਜੀਵ ਹੈ। ਜੀਵ ਅਨਾਦਿ ਅਨੰਤ, ਸ਼ਾਸਵਤ ਪਦਾਰਥ ਹੈ। ਨਾਂ ਕਿਸੇ ਨੇ ਬਣਾਇਆ ਹੈ ਅਤੇ ਨਾਂ ਉਸ ਦਾ ਵਿਨਾਸ਼ ਹੁੰਦਾ ਹੈ ਜੀਵ ਸਵੈ ਸਿੱਧ ਹੈ। ਜੀਉਦਾ ਰਹਿਣ ਕਾਰਣ ਜੀਵ ਅਖਵਾਉਦਾ ਹੈ। ਜਿਸ ਪ੍ਰਕਾਰ ਅੱਗ ਦਾ ਗੁਣ ਗਰਮੀ ਅੱਗ ਤੋਂ ਅੱਡ ਨਹੀਂ, ਇਸ ਪ੍ਰਕਾਰ ਚੇਤਨਾ ਜੀਵ ਤੋਂ ਭਿੰਨ ਨਹੀਂ ਹੈ। ਜਿਵੇਂ ਅਕਾਸ਼ ਨੂੰ ਬੱਦਲ

ਢੱਕ ਲੈਂਦੇ ਹਨ ਉਸ ਪ੍ਰਕਾਰ ਗਿਆਨ ਵਰਨੀਆ 8 ਪ੍ਰਕਾਰ ਦੇ ਕਰਮਾਂ ਦਾ ਬੱਦਲ ਜੀਵ ਆਤਮਾ ਨੂੰ ਢੱਕ ਲੈਂਦੇ ਹਨ। ਜੀਵ ਜਨਮ ਮਰਨ ਕਰਦਾ ਹੈ। ਕਰਮਾਂ ਦੇ ਬੱਦਲ ਹਟਨ ਤੇ ਪੰਜ ਪ੍ਰਕਾਰ ਦੇ ਗਿਆਨ ਪ੍ਰਗਟ ਹੋ ਜਾਂਦੇ ਹਨ। ਜੀਵ ਆਪਣੇ ਜਨਮ-ਮਰਨ ਵਿਚ ਦੁੱਖ ਸੁਖ ਭੋਗਦਾ ਹੈ। ਇਸ ਵੇਦਨਾ (ਭੋਗਨ) ਕਾਰਣ ਕਰਮ ਵਿਚ ਫਸਦਾ ਤੇ ਛੁਟਦਾ ਹੈ। ਫੇਰ ਸਮਾਂ ਆਉਣ ਤੇ ਕਰਮ ਰੂਪੀ ਬੱਦਲ ਹਟਨੇ ਤੇ ਆਤਮਾ ਨੂੰ ਪ੍ਰਮਾਤਮਾ ਬਨਾਉਣ ਵਾਲਾ ਕੇਵਲ ਗਿਆਨ, ਕੇਵਲ ਦਰਸ਼ਨ ਕਾਰਣ ਪ੍ਰਮਾਤਮਾ ਬਣ ਜਾਂਦਾ ਹੈ। ਇਸ ਕਾਰਣ ਪਖੋਂ ਜੀਵ ਆਤਮਾ ਅਨੰਤ ਸ਼ਕਤੀ ਵਾਨ ਹੈ।

ਜਿਵੇਂ ਜੜ ਪ੍ਰਮਾਣੂਆ ਦੇ ਸੰਜੋਗ ਨਾਲ ਸੰਕਧ ਬਨਦਾ ਹੈ। ਉਸੇ ਪ੍ਰਕਾਰ ਅਸੰਖਿਆਤ ਚੇਤਨ ਪ੍ਰਦੇਸ਼ਾ ਦਾ ਸਮੂਹ ਜੀਵ ਹੈ। ਪਰਮਾਣੂਆਂ ਦਾ ਸੰਜੋਗ ਵਿਜੋਗ ਹੁੰਦਾ ਹੈ ਪਰ ਆਤਮਾ ਦੇ ਪ੍ਰਦੇਸਾ ਦਾ ਕਦੇ ਸੰਜੋਗ ਵਿਜੋਗ ਨਹੀਂ ਹੁੰਦਾ। ਜੀਵ ਦੇ ਅਨੇਕਾਂ ਭੇਦ ਹਨ ਜਿਨਾਂ ਦਾ ਵਰਨਣ ਅਗੇ ਕੀਤਾ ਜਾਵੇਗਾ। ਭਿੰਨ 2 ਪਖੋਂ ਜੀਵਾਂ ਦਾ ਵਰਗੀ ਕਰਨ ਇਸ ਪ੍ਰਕਾਰ ਕੀਤਾ ਗਿਆ ਹੈ।

1) ਚੇਤਨਾ ਸਭ ਜੀਵਾਂ ਦਾ ਲੱਛਣ ਹੈ
2) ਸਿੱਧ ਅਤੇ ਸੰਸਾਰੀ
3) ਸਿੱਧ, ਤੱਰਸ (ਹਿਲਨ ਚਲਨ ਵਾਲੇ) ਸਥਾਵਰ। ਇਕਇੰਦਰੀਆਂ ਪ੍ਰਿਥਵੀ, ਅੱਗ, ਹਵਾ, ਪਾਣੀ ਤੇ ਬਨਸਪਤੀ ਦੇ ਜੀਵ।
4) ਇਸਤਰੀ, ਪੁਰਸ਼ ਤੇ ਨਪੁੰਸਕ
5) ਸਿੱਧ, ਮਨੁੱਖ, ਦੇਵ, ਪਸ਼ੂ ਅਤੇ ਨਾਰਕੀ
6) ਇਕ ਤੋਂ ਪੰਜ ਇੰਦਰੀਆ ਵਾਲੇ ਜੀਵ ਸੰਗੀ ਅਤੇ ਅਸੰਗੀ।
7) ਪ੍ਰਿਥਵੀ ਆਦਿ ਪੰਜ ਪ੍ਰਕਾਰ ਤਰੱਸ (ਹਿਲਣ ਚਲਣ ਵਾਲੇ ਦੋ ਇੰਦਰੀ ਤੋਂ ਪੰਜ ਇੰਦਰੀ ਜੀਵ)

ਜੀਵਾਂ ਦੇ ਹੋਰ ਭੇਦ ਇਸ ਪ੍ਰਕਾਰ ਹਨ :

1) ਪਰੀਆਪਤ (ਪੂਰਨ) ਪਰਿਆਪਤ (ਅਪੂਰਨ)
2) ਸੁਖਮ (ਬਰੀਕ) ਬਾਦਰ (ਮੋਟੇ)
3) ਸੰਗੀ (ਵਿਕਸਿਤ ਮਨ ਵਾਲੇ) ਅਸੰਗੀ (ਅਵਿਕਸਤ ਮਨ ਵਾਲੇ ਹਿੱਤ, ਸੋਚਨ ਦੀ ਸ਼ਕਤੀ ਤੋਂ ਰਹਿਤ)
4) ਪ੍ਰਤੇਕ ਤੇ ਸਧਾਰਨ ਇਕ ਸਰੀਰ ਵਿਚ ਇਕ ਜੀਵ ਪ੍ਰਤੇਕ ਹੈ। ਇਕ ਸਰੀਰ ਵਿਚ ਬਹੁਤ ਜੀਵ ਸਧਾਰਨ ਹੈ ਇਸ ਨੂੰ ਨਿਗੋਦ ਜਾ ਅਨੰਭ ਕਾਈਆਂ ਵੀ ਆਖਦੇ ਹਨ।

## ਸੰਗੀ ਅਤੇ ਅਸੰਗੀ ਜੀਵਾਂ ਵਿਚ ਅੰਤਰ

ਜੋ ਜੀਵ ਸਿਖਿਆ, ਕ੍ਰਿਆ, ਉਪਦੇਸ਼ ਅਤੇ ਗਲਬਾਤ ਨੂੰ ਗ੍ਰਹਿਣ ਕਰਦੇ ਹਨ ਉਹ

ਸੰਗੀ ਹਨ ਇਸਦੇ ਉਲਟ ਅਸੰਗੀ ਹਨ। ਜੋ ਤੱਤਵਾਂ ਦਾ ਚਿੰਤਨ ਮਨਨ ਕਰ ਸਕਦੇ ਹਨ। ਬੁਲਾਉਣ ਤੇ ਆ ਸਕਦੇ ਹਨ। ਉਹ ਸੰਗੀ ਹੈ ਪੰਜ ਇੰਦਰੀ ਜੀਵਾਂ ਵਿਚ ਸੰਗੀ ਅਤੇ ਅਸੰਗੀ ਦੋਵੇਂ ਤਰ੍ਹਾਂ ਦੇ ਹਨ। ਦੇਵਤੇ ਤੇ ਨਾਰਕੀ ਵੀ ਸੰਗੀ ਹਨ ਕਿਉਂਕਿ ਉਨ੍ਹਾਂ ਪਾਸ ਮਨ ਪਰਿਆਪਤੀ ਹੈ।

ਜੈਨ ਧਰਮ ਅਨੁਸਾਰ ਮਨ ਵੀ ਇਕ ਇੰਦਰੀ ਦੀ ਤਰ੍ਹਾਂ ਹੈ। ਕਿਉਂਕਿ ਮਨ ਤੋਂ ਗਿਆਨ ਪ੍ਰਾਪਤ ਕੀਤਾ ਜਾਂਦਾ ਹੈ। ਪਰ ਹੋਰ ਇੰਦਰੀਆਂ ਦੀ ਤਰ੍ਹਾਂ ਇਸ ਨੂੰ ਸਿਧ ਕਰਨ ਵਾਲਾ ਕੋਈ ਵਾਹਰੀ ਸਾਧਨ ਨਹੀਂ। ਇਸ ਲਈ ਇਸ ਨੂੰ 'ਅੰਤਕਰਨ' ਵੀ ਆਖਦੇ ਹਨ। ਜੋ ਮਨ ਗਿਆਨ ਪ੍ਰਾਪਤੀ ਦਾ ਸਾਧਨ ਹੈ ਫੇਰ ਰੂਪ ਆਦਿ ਵਿਸ਼ੇ ਦੇ ਗਿਆਨ ਲਈ ਹੋਰ ਇੰਦਰੀਆ ਦੇ ਅਧੀਨ ਹੋਣ ਦੇ ਕਾਰਣ, ਜੈਨ ਦਰਸ਼ਨ ਵਿਚ ਇਸ ਨੂੰ **ਅਨਿੰਦਰੀਆਂ** ਜਾਂ **ਨੋਇੰਦਰੀਆਂ** ਕਿਹਾ ਗਿਆ ਹੈ ਪਰ ਅਧੀਨ ਹੋਣ ਤੇ ਵੀ ਮਨ ਦੀ ਸ਼ਕਤੀ ਬਾਹਰੀ ਇੰਦਰੀਆਂ ਦੀ ਤਰ੍ਹਾਂ ਨਹੀਂ ਫੈਲੀ। ਬਾਹਰਲੀ ਇੰਦਰੀਆਂ ਤੋਂ ਮੂਰਤ (ਸ਼ਕਲਵਾਲੇ) ਪਦਾਰਥ ਦਾ ਗਿਆਨ ਹੁੰਦਾ ਹੈ ਉਹ ਵੀ ਕਿਸੇ ਅੰਸ਼ ਤਕ। ਮਨ ਦਾ ਕੰਮ ਵਿਚਾਰ ਕਰਨਾ ਹੈ। ਮਨ ਜਿਸ ਪ੍ਰਕਾਰ ਇੰਦਰੀਆ ਰਾਹੀਂ ਗ੍ਰਹਿਣ ਕੀਤੇ ਵਿਸ਼ੇ ਤੇ ਵਿਚਾਰ ਕਰਦਾ ਹੈ ਉਸੇ ਪ੍ਰਕਾਰ ਇੰਦਰੀਆਂ ਤੋਂ ਬਾਹਰ ਵਿਸ਼ੇ ਦੇ ਵਿਚਾਰ ਕਰ ਸਕਦਾ ਹੈ।

ਜੈਨ ਦਰਸ਼ਨ ਵਿਚ ਮਨ ਪੁਦਗਲ ਹੈ। ਇਹ ਦੋ ਪ੍ਰਕਾਰ ਦਾ ਹੈ।

(1) ਦਰਵ ਮਨ (2) ਭਾਵ ਮਨ।

(1) ਦਰਵ ਮਨ :—ਇਹ ਵਿਸ਼ੇਸ਼ ਪ੍ਰਕਾਰ ਦੇ ਪ੍ਰਮਾਣੂ (ਮਨ ਵਰਗਨਾਂ) ਤੋਂ ਬਨਿਆ ਹੈ। ਜੋ ਵਿਚਾਰ ਵਿਚ ਸਹਾਇਕ ਹੈ। ਬਿਨ੍ਹਾਂ ਦਰਵ ਮਨ ਦੇ ਭਾਵ ਮਨ ਦਾ ਵਿਚਾਰ ਨਹੀਂ ਹੋ ਸਕਦਾ। ਇਹੋ ਕਾਰਣ ਹੈ ਕਿ ਹਰ ਜੀਵ, ਇਕ ਇੰਦਰੀਆਂ ਤੋਂ ਚਾਰ ਇੰਦਰੀਆਂ ਤਕ ਭਾਵ ਮਨ ਰਹਿਤ ਹੋਣ ਤੇ ਵੀ,ਦਰਵ ਮਨ ਨਾ ਰਹਿਨ ਕਾਰਣ ਸ਼ਕਤੀ ਰਹਿਤ ਹੁੰਦੇ ਹਨ। ਜੈਨ ਦਰਸ਼ਨ, ਮਨ ਨੂੰ ਸਮੁਚੇ ਸਰੀਰ ਵਿਚ ਵਿਆਪਕ ਮੰਨਦਾ ਹੈ। ਸ਼ਰੀਰ ਦੇ ਨਸ਼ਟ ਹੋਣ ਨਾਲ ਮਨ ਵੀ ਖਤਮ ਹੋ ਜਾਂਦਾ ਹੈ। ਸੋ ਅਸੰਗੀ ਜੀਵ ਆਪਣੀ ਕੋਈ ਗਲ ਨਹੀਂ ਦਸ ਸਕਦੇ ਜਿਵੇਂ ਪੰਜ ਇੰਦਰੀ ਵਾਲੇ ਸੰਗੀ ਜੀਵ ਦਸਦੇ ਹਨ। ਸੋ ਇਹ ਜੀਵ ਅਵਿਕਸਤ (ਅਸੰਗੀ) ਮਨ ਵਾਲੇ ਅਖਵਾਉਂਦੇ ਹਨ। ਜਿਸ ਦੇ ਸਹਾਰੇ ਸਾਨੂੰ ਗਿਆਨ ਪ੍ਰਾਪਤ ਹੁੰਦਾ ਹੈ ਉਸ ਨੂੰ ਇੰਦਰੀ ਮਨਿਆ ਗਿਆ ਹੈ। ਇੰਦਰੀਆਂ ਦੋ ਪ੍ਰਕਾਰ ਦੀਆਂ ਹਨ। (1) ਦਰਵ ਇੰਦਰੀ (2) ਭਾਵ ਇੰਦਰੀ। ਦਰਵ ਇੰਦਰੀਆਂ ਪੁਦਗਲ ਰਾਹੀਂ ਪੈਦਾ ਹੋਈ ਜੜ ਹਨ ਭਾਵ,ਇੰਦਰੀਆ ਚੇਤਨਾਂ ਰਾਹੀਂ ਪੈਦਾ ਹੁੰਦੀਆਂ ਹਨ। ਦਰਵ ਇੰਦਰੀ ਵੀ ਦੋ ਪ੍ਰਕਾਰ ਦੀ ਹੈ ਕਿ ਨਿਵਰਤੀ ਤੇ ਉਪ ਕਰਨ। ਜੜ ਪੁਦਗਲ ਤੋਂ ਨਿਰਮਤ ਇੰਦਰੀ ਦਾ ਜੋ ਬਾਹਰੀ ਅਕਾਰ ਹੈ ਉਹ ਨਿਵਰਤੀ ਇੰਦਰੀਆ ਅਤੇ ਜੋ ਅੰਦਰਲੀ ਪੁਦਗਲ ਸ਼ਕਤੀ ਹੈ ਉਹ ਉਪਕਰਨ ਇੰਦਰੀ। ਭਾਵ ਇੰਦਰੀਆ ਦੋ ਪ੍ਰਕਾਰ ਦੀਆਂ ਹਨ (1) ਲੱਬਧੀ (2) ਉਪਯੋਗ। ਲੱਬਧੀ ਇੰਦਰੀ ਆਤਮਿਕ ਵਿਸ਼ੇਸ਼ ਪਰਿਣਾਮ (ਅਵਸਥਾ)


ਹੈ। ਲੱਬਧੀ, ਨਿਵਰਤੀ ਅਤੇ ਉਪਕਰਨ ਤਿਨਾ ਦੇ ਸਹਿਯੋਗ ਨਾਲ ਰੂਪ ਆਦਿ ਵਿਸ਼ੇ ਦਾ ਜੋ ਆਮ ਜਾਂ ਖਾਸ ਗਿਆਨ ਹੈ ਉਸ ਨੂੰ ਉਪਯੋਗ ਇੰਦਰੀਆਂ ਆਖਦੇ ਹਨ। ਉਪਯੋਗ ਇੰਦਰੀਆਂ ਦੇ ਗਿਆਨ ਤੇ ਦਰਸ਼ਨ ਰੂਪ ਹੈ। ਹਰ ਇੰਦਰੀਆਂ ਵਿਚ ਦੋ ਪ੍ਰਕਾਰ ਦੇ ਦਰਵ ਅਤੇ ਭਾਵ ਰੂਪ ਇਕ ਇੰਦਰੀਆ ਵਿਚ ਹਨ। ਕਿਸੇ ਕਾਰਣ ਦਾ ਅਧੂਰਾ ਹੋਣ ਨਾਲ ਇੰਦਰੀ ਅਪੂਰਨ ਰਹਿ ਜਾਂਦੀ ਹੈ। ਤਾਂ ਇੰਦਰੀ ਨਾਲ ਅਰੂਪੀ (ਸ਼ਕਲ ਰਹਿਤ) ਪਦਾਰਥ ਜਾਂ ਰੂਪੀ ਪਦਾਰਥ ਦੇ ਸਮੁਚੇ ਗੁਣ ਤੇ ਪਰਿਆਏ ਦਾ ਗਿਆਨ ਨਹੀਂ ਹੁੰਦਾ, ਕੇਵਲ ਰੂਪ, ਰਸ, ਗੰਧ, ਸਪਰਸ ਤੇ ਸ਼ਬਦਾ ਦਾ ਗਿਆਨ ਹੁੰਦਾ ਹੈ। ਪੰਜੇ ਇੰਦਰੀਆਂ ਦੇ ਅੱਡ ਅੱਡ ਵਿਸ਼ੇ ਹਨ। ਇਕ ਇੰਦਰੀ ਦਾ ਗਿਆਨ ਦੂਸਰੀ ਤੋਂ ਨਹੀਂ ਹੁੰਦਾ। ਇੰਦਰੀਆਂ ਦੀ ਸੰਖਿਆਂ ਅਨੁਸਾਰ ਜੀਵ ਰਾਸ਼ੀ ਦਾ ਜੋ ਭਾਗ ਕੀਤਾ ਜਾਂਦਾ ਹੈ ਉਹ ਦਰਵ ਇੰਦਰੀ ਤੇ ਨਿਰਭਰ ਹੈ। ਕਾਰਣ ਇਹ ਹੈ ਕਿ ਜੀਵ ਵਿਚ ਲਬੱਧੀ ਇੰਦਰੀ ਰੂਪ ਪੰਜ ਭਾਵ ਇੰਦਰੀਆਂ ਸੂਖਮ ਰੂਪ ਵਿਚ ਵਿਦਮਾਨ ਰਹਿੰਦੀਆਂ ਹਨ। ਪਰ ਉਸ ਜੀਵ ਦੇ ਸਭ ਦਰਵ ਇੰਦਰੀਆਂ ਨਾਂ ਹੋਣ ਤੇ ਕੋਈ ਭਾਵ ਇੰਦਰੀ ਕੰਮ ਨਹੀਂ ਕਰ ਸਕਦੀ।

ਛੋਟੇ ਜੀਵ ਤੋਂ ਲੈ ਕੇ ਮਨੁਖ ਤੇ ਦੇਵਤਾ ਤਕ ਸਾਰੇ ਸੰਸਾਰੀ ਜੀਵਾਂ ਵਿਚ ਭੋਜਨ, ਭੈ, ਮੈਥੁਨ (ਕਾਮ ਭੋਗ ਲਾਲਸਾ) ਅਤੇ ਪਰੀਗ੍ਰਹਿ ਇਨ੍ਹਾਂ ਚਾਰਾਂ ਪ੍ਰਤੀ ਜੋ ਤ੍ਰਿਸਨਾ (ਭੜਕਾਉ) ਹੈ ਉਹ ਸੰਗਿਆ ਹੈ। ਭੁੱਖ ਦੀ ਇੱਛਾ ਅਹਾਰ ਸੰਗਿਆ ਹੈ। ਡਰ ਦੇ ਆਉਣ ਤੇ ਭਜ ਕੇ ਛਿਪਨਾ ਭੈ ਸੰਗਿਆ ਹੈ। ਮੈਥੁਨ ਭੋਗ ਦੀ ਇੱਛਾ ਮੈਥੁਨ ਸੰਗਿਆ ਹੈ। ਧਨ, ਦੌਲਤ ਇਕੱਠੇ ਕਰਨ ਦੀ ਇੱਛਾ ਪਰਿਗ੍ਰਹਿ ਸੰਗਿਆ ਹੈ। ਇੱਛਾ, ਨਾਉ, ਦੁੱਖ ਦੇ ਅਰਥ ਵਿਚ ਵਿਚ ਵੀ ਸੰਗਿਆ ਸ਼ਬਦ ਦਾ ਪ੍ਰਯੋਗ ਆਇਆ ਹੈ।

## ਅਨੰਤ, ਸੰਖਿਆਤ ਅਤੇ ਅਸੰਖਿਆਤ

ਜੋ ਸੰਖਿਆ ਪੰਜ ਇੰਦਰੀਆ ਦਾ ਵਿਸ਼ਾ (ਗ੍ਰਹਿਣ ਕਰਨ ਦੀ ਸ਼ਕਤੀ) ਹੈ। ਉਹ ਸੰਖਿਆਤ ਹੈ ਉਸ ਤੋਂ ਉਪਰ ਦੀ ਸੰਖਿਆ ਅਵਧੀ ਗਿਆਨੀ ਮਹਾਂਪੁਰਸ਼ ਦਾ ਵਿਸ਼ਾ ਹੈ ਉਹ ਅਸਖਿਆਤ ਹੈ ਉਸ ਤੋਂ ਵੀ ਉਪਰ ਜੋ ਸੰਖਿਆ ਕੇਵਲ ਗਿਆਨ ਦੇ ਵਿਸ਼ੇ ਭਾਵ ਨੂੰ ਪ੍ਰਾਪਤ ਹੁੰਦੀ ਹੈ ਉਹ ਅਨੰਤ ਹੈ। ਸੋ ਸਧਾਰਨ ਮਨੁਖ ਸੱਖਿਆਤ ਤਕ ਜਾਨ ਸਕਦਾ ਹੈ। (ਜਿਨੇਦਰ ਸਿਧਾਂਤ ਕੋਸ਼ ਭਾਗ ਪਹਿਲਾ 59) ਆਯ (ਵਾਧੇ) ਰਹਿਤ ਅਤੇ ਲਗਾਤਾਰ ਵਿਆਏ (ਖਰਚ) ਸਹਿਤ ਹੋਣ ਤੇ ਵੀ ਜੋ ਰਾਸ਼ੀ ਕਦੇ ਸਮਾਪਤ ਨਾਂ ਹੋਵੇ ਉਹ ਅਨੰਤ ਹੈ [ਜੈਨ ਲਖਸ਼ਨਾਵਲੀ ਭਾਗ 1]

ਚਿੱਤਰ ਨੰ. 2



**ਜੀਵ ਵਿਗਿਆਨ** :
1) ਇਕ ਇੰਦਰੀਆਂ ਵਾਲੇ ਜੀਵ 2) ਦੋ ਇੰਦਰੀਆਂ ਵਾਲੇ ਜੀਵ 3) ਤਿੰਨ ਇੰਦਰੀਆਂ ਵਾਲੇ ਜੀਵ 4) ਚਾਰ ਇੰਦਰੀਆਂ ਵਾਲੇ ਜੀਵ 5) ਪੰਜ ਇੰਦਰੀਆਂ ਵਾਲੇ ਜੀਵ । 1] ਦੇਵ 2] ਮਨੁੱਖ 3] ਨਾਰਕੀ ੳ) ਜਲਚਰ ਅ] ਖੇਚਰ ੲ] ਸਥੱਲਚਰ

## ਸਥਾਵਰ ਜੀਵ (ਵੇਖੋ ਚਿੱਤਰ ਨੰ: 2)

### (1) ਪ੍ਰਿਥਵੀ ਕਾਇਆ ਦੇ ਚਾਰ ਭੇਦ

1) ਸੁਖਮ ਪ੍ਰਿਥਵੀ ਕਾਇਆ ਜੋ ਸਾਰੇ ਲੋਕ ਵਿਚ ਕੁਪੀ ਵਿਚ ਕੱਜਲ ਦੀ ਤਰ੍ਹਾਂ ਭਰੇ ਪਏ ਹਨ।

2) ਵਾਦਰ ਪ੍ਰਿਥਵੀ ਕਾਇਆਂ ਨੂੰ ਦੇਸ਼ ਵੀ ਆਖਦੇ ਹਨ। ਇਹਨਾਂ ਵਿਚੋਂ ਅਸੀਂ ਕਿਸੇ 2 ਨੂੰ ਵੇਖ ਸਕਦੇ ਹਾਂ ਕਿਸੇ ਨੂੰ ਨਹੀਂ। ਪਰੀਆਪਤ ਤੇ ਅਪਰੀਆਪਤ ਭੇਦ ਕਾਰਣ ਇਨ੍ਹਾਂ ਦੇ 4 ਭੇਦ ਹਨ।

(1) ਕਾਲੀ ਮਿੱਟੀ (2) ਨੀਲੀ ਮਿੱਟੀ (3) ਪੀਲੀ ਮਿੱਟੀ (4) ਸਫੇਦ ਮਿੱਟੀ (5) ਪਾਡੂੰ (6) ਗੋਪੀਚੰਦਨ ਇਹ ਕੋਮਲ ਮਿਟੀਆ ਹਨ।

22 ਕਠੋਰ ਪ੍ਰਿਥਵੀਆਂ ਹਨ :

(1) ਖਾਨ (2) ਮੁਰੜ (3) ਰੇਤਾ (4) ਪਥਰ (5) ਸ਼ਿਲ (6) ਨਮਕ (7) ਸਮੁਦਰ ਦੀ ਖਾਰ (8) ਲੋਹੇ ਦੇ ਦੀ ਮਿਟੀ (9) ਤਾਬੇ ਦੀ ਮਿਟੀ (10) ਤਰੁਆ ਦੀ ਮਿਟੀ (11) ਸ਼ੀਸ਼ੇ ਦੇ ਮਿਟੀ (12) ਚਾਂਦੀ ਦੀ ਮਿਟੀ (13) ਸੋਨੇ ਦੀ ਮਿਟੀ (14) ਬਜਰ ਹੀਰਾ (15) ਹੜਤਾਲ (16) ਹਿੰਗਲ (17) ਮੈਨਮਿਲੀ (18) ਰਤਨ (19) ਸ਼ਰਮਾ (20) ਪ੍ਰਵਾਲਮੁੰਗ (21) ਅਭਰਕ (22) ਪਾਗ

### 18 ਰਤਨ

(1) ਗੋਮੇਦ (2) ਰੁਚਕ (3) ਅੰਕ (4) ਸਫ਼ਟਿਕ (5) ਲੋਹਿਤਾਕਸ਼ (6) ਮਰਕਤ (7) ਮਸਲਗ (8) ਭਜ ਮੋਚਕ (9) ਇੰਦਰ ਨੀਲ (10) ਚੰਦਰਨੀਲ (11) ਗੇਰੂਕ (12) ਹੰਸ ਗਰਭ (13) ਪੋਲਕ (14) ਚੰਦਰ ਪ੍ਰਭ (15) ਬੇਡਰਿਆ (16) ਜਲਕਾਤ (17) ਸੁਰਿਆਕਾਤ (18) ਸੁੰਗਧੀ ਰਤਨ।

### (2) ਅਪਕਾਇਆ (ਪਾਣੀ) ਦੇ 4 ਭੇਦ ਹਨ

(1) ਸਾਰੇ ਲੋਕਾਂ ਵਿਚ ਫੈਲਿਆ ਸੁਖਮ ਅਪਕਾਇਆ (2) ਲੋਕ ਦੇ ਇਕ ਦੇਸ਼ ਵਿਚ ਨਜ਼ਰ ਆਉਣ ਵਾਲੀ ਮੋਟੀ ਅੱਪਕਾਈਆ ਦੇ ਦੋ ਪਰਿਆਪਤ ਅਪਰਿਆਪਤ ਭੇਦ ਹਨ।

### ਪਾਣੀ 16 ਪ੍ਰਕਾਰ ਦਾ ਪਰਮੁੱਖ ਹੈ

(1) ਵਰਖਾ (2) ਸਦਾ ਰਾਤ ਨੂੰ ਵਰਸਨ ਵਾਲਾ (3) ਮੇਘਜਲ (4) ਸ਼ਬਨਮ (5) ਔਲੇ (6) ਔਸ (7) ਗਰਮ ਪਾਣੀ ਜਾਂ ਗੰਧਕ ਦਾ ਪਾਣੀ (9) ਖਾਰਾ ਪਾਣੀ (10) ਖਟਾ ਪਾਣੀ (11) ਦੁੱਧ ਵਰਗਾ ਪਾਣੀ (12) ਵਾਰੁਣੀ ਸ਼ਰਾਬ ਵਰਗਾ ਪਾਣੀ (13) ਘੀ ਜਿਹਾ ਪਾਣੀ (14) ਮਿਠਾ ਪਾਣੀ (15) ਗੰਨੇ ਦੇ ਰਸ ਵਰਗਾ ਪਾਣੀ।

### (3) ਤੇਜਸਕਾਇਆ (ਅੱਗ) ਦੇ ਭੇਦ

ਇਸ ਦਾ ਪਹਿਲਾ ਭੇਦ ਸੂਖਮ ਤੇਜਸ ਕਾਇਆ ਹੈ ਇਸ ਦੇ ਜੀਵ ਸਾਰੇ ਲੋਕ ਅਲੋਕ ਵਿਚ ਠਸਾ ਠਸ ਭਰੇ ਪਏ ਹਨ। ਦੂਸਰੇ ਵਾਕਰ ਤੇਜਸ ਕਾਈਆਂ ਹੈ ਲੋਕਾਂ ਦੇ ਇਕ ਹਿੱਸੇ ਵਿਚ ਹਨ। ਇਸ ਦੇ ਪਰੀਆਪਤ ਅਤੇ ਅਪਰੀਆਪਤ ਦੋ ਭੇਦ ਵੀ ਹਨ '

**ਵਾਕਰ ਅੱਗ 14 ਪਰਕਾਰ ਦੀ ਹੈ :**

(1) ਭੁਭਲ ਦੀ ਅੱਗ (2) ਆਵੇ ਵੀ ਅੱਗ (3) ਟੁਟ ਦੀ ਜਵਾਲਾ (4) ਅਖੰਡ ਜਵਾਲਾ (5) ਚਕਮਕ ਪਥਰ ਦੀ ਅੱਗ (6) ਬਿਜਲੀ (7) ਖਿਰਨਵਾਲਾ ਤਾਰਾ (8) ਅਰਨੀ ਦੀ ਅੱਗ (9) ਬਾਂਸ (10) ਕਾਠ (11) ਸੁਰਿਆਕਾਂਤ ਕੱਚ ਦੀ ਅੱਗ (12) ਜੰਗਲ ਦੀ ਅੱਗ (13) ਉਲਕਾਪਾਤ (14) ਸਮੁੰਦਰ ਦੀ ਅੱਗ।

**ਵਾਯਕਾਈਆ ਦੇ ਭੇਦ :**

ਸੂਖਮ ਅਤੇ ਵਾਦਰ ਪਰੀਆਪਤ ਅਤੇ ਅਪਰਿਆਤ ਇਸਦੇ 4 ਭੇਦ ਹਨ ਸੂਖਮ ਵਾਯੂ ਸਾਰੇ ਲੋਕ ਵਿਚ ਠਸਾਠਸ ਭਰੀ ਲਈ ਹੈ ਜਦ ਕਿ ਵਾਦਰ ਲੋਕ ਦੇ ਖਾਸ ਭਾਗਾਂ ਵਿਚ ਹੈ। ਹਵਾ 16 ਪ੍ਰਕਾਰ ਦੀ ਹੈ।

(1) ਪੂਰਵ (2) ਪੱਛਮ (3) ਉਤਰ (4) ਦਖਣ (5) ਉੱਚੀ ਦਿਸ਼ਾ (6) ਨੀਚੀ ਦਿਸਾ (7) ਤਿਰਛੀ ਦਿਸ਼ਾ (8) ਵਿਦਿਸ਼ਾ (9) ਚੱਕਰ ਖਾਨ ਵਾਲੀ ਹਵਾ (10) ਚਾਰੇ ਪਾਸੇ ਫਿਰਨ ਵਾਲੀ ਹਵਾ (11) ਮੰਡਲ ਉੱਚਾ ਚੜਨ ਵਾਲੀ ਹਵਾ (12) ਗੁੰਜਨ ਵਾਲੀ ਹਵਾ (13) ਝਾੜਾ ਨੂੰ ਪੁਟਣ ਵਾਲੀ (14) ਹੌਲੀ 2 ਚਲਨ ਵਾਲੀ ਸ਼ੁਧ ਹਵਾ (16) ਤਨੁਵਾਯੂ (ਇਹੋ ਦੋਵੇਂ ਪ੍ਰਕਾਰ ਦੀ ਹਵਾ ਨਰਕ ਅਤੇ ਸਵਰਗ ਦੇ ਹੇਠਾਂ ਹੈ। ਹੋਰ ਵੀ ਹਵਾ ਦੀਆਂ ਕਈ ਕਿਸਮਾਂ ਹਨ।

### 5 ਬਨਾਸਪਤੀ ਕਾਈਆ

ਇਸਦੇ ਮੁਖ 2 ਭੇਦ ਹਨ—

1) ਸਰਵ ਲੋਕ ਵਿਚ ਵਿਆਪਤ ਸੂਖਮ ਬਨਾਸਪਤੀ 2) ਲੋਕ ਦੇ ਇਕ ਦੇਸ ਵਿਚ ਰਹਿਣ ਵਾਲੀ ਵਾਦਰ ਬਨਾਸਪਤੀ ਕਾਈਆ। ਬਾਦਰ ਬਨਾਸਪਤੀ ਕਾਈਆ ਦੇ ਦੋ ਭੇਦ ਹਨ।

1) ਪ੍ਰਤਯੇਕ ਸ਼ਰੀਰ (ਜਿਸ ਬਨਾਸਪਤੀ ਦੇ ਅੰਦਰ ਇਕ ਸਰੀਰ ਵਿਚ ਇਕ ਜੀਵ ਹੋਵੇ।

2) ਸਾਧਾਰਨ ਸਰੀਰ (ਜਿਥੇ ਇਕ ਸਰੀਰ ਵਿਚ ਅਨੰਤ ਜੀਵ ਹੋਣ)।

ਇਸੇ ਪ੍ਰਕਾਰ ਸੂਖਮ, ਪ੍ਰਤਯੇਕ. ਸਾਧਾਰਨ, ਪਰਿਆਪਤ, ਅਪਰਿਆਪਤ ਦੇ 6 ਭੇਦ ਹੋ ਜਾਂਦੇ ਹਨ—

### ਪ੍ਰਤਯੇਕ ਬਨਾਸਪਤੀ ਦੇ 12 ਭੇਦ

1, ਬ੍ਰਿਖ—ਇਸ ਦੇ ਦੋ ਭੇਦ ਹਨ 1) ਇਕ ਬੀਜ ਵਾਲੇ 2) ਬਹੁਤ ਬੀਜ ਵਾਲੇ

ਹਰੜ ਆਦਿ ਇਕ ਬੀਜ ਵਾਲੇ ਹਨ। ਅਨਾਰ ਆਦਿ ਬਹੁਤ ਬੀਜ ਵਾਲੇ ਹਨ।

2. ਗੁੱਛੇ—ਤੁਲਸੀ ਵਰਗੇ ਬੂਟੇ ਗੁੱਛੇ ਅਖਵਾਉਂਦੇ ਹਨ।

3. ਗੁਲਮ—ਗੁਲਾਬ, ਕੇਵੜਾ ਆਦਿ ਫੁੱਲਾਂ ਦੇ ਝਾੜ ਗੁਲਮ ਹਨ।

4. ਲਤਾ—ਜਮੀਨ ਤੇ ਫੈਲ ਕੇ ਉਪਰ ਨੂੰ ਜਾਣ ਵਾਲੇ ਅਨੇਕਾ ਵੇਲਾ ਵਾਲੀ ਅਸ਼ੋਕ ਲਤਾ ਆਦਿ ਦੇ ਝਾੜ ਲਤਾ ਹਨ।

5. ਬਲੀ—ਤੋਰੀ, ਕਕੜੀ ਦੇ ਜਮੀਨ ਤੇ ਫੈਲੀਆਂ ਵੇਲਾਂ ਬੱਲੀ ਹਨ।

6. ਤਰਿਣ—ਘਾਂਹ, ਦੁਭ ਆਦਿ ਘਾਹ ਤਰਿਣ ਹਨ।

7. ਬੱਲਯਾ—ਦਰਖਤ ਉਪਰ ਵਲ ਗੋਲ ਅਕਾਰ ਹੋਵੇ ਬੇਲਿਆ ਹੈ ਜਿਵੇਂ ਸੁਪਾਰੀ ਖਜੂਰ, ਦਾਲ ਚੀਨੀ, ਇਲਾਇਚੀ, ਲੌਂਗ।

8. ਪਵਯਾ—ਜਿਸ ਬਨਾਸਪਤੀ ਤੇ ਵਿਚਕਾਰ ਗਠਾ ਹੋਵੇ। ਜਿਵੇਂ ਗਨੀ, ਬਾਰਾਂ ਤੇ ਵੈਂਤ ਦੇ ਦਰਖਤ।

9. ਕੁਹਣ—ਜੋ ਬੂਟੇ ਜਮੀਨ ਫੋੜ ਕੇ ਬਾਹਰ ਆਉਣ ਜਿਵੇਂ ਕੁਤੇ ਦਾ ਟੋਪ ਆਦਿ ਹੈ।

10. ਜਲਬ੍ਰਿਖ—ਝਸਲਾ, ਸਿੰਘਾੜਾ ਆਦਿ ਪਾਣੀ ਵਿਚ ਉਤਪੰਨ ਹੋਣ ਵਾਲੇ ਜਲਬ੍ਰਿਖ ਹਨ।

11. ਔਸ਼ਧਿ—ਇਸ ਵਿਚ 24 ਪ੍ਰਕਾਰ ਦੇ ਧਾਨ, ਦਾਲਾ ਸ਼ਾਮਲ ਹਨ।

12. ਹਰਿਤ—ਜਿਸ ਦੇ ਪਤਿਆਂ ਦੀ ਭਾਜ਼ੀ ਬਣ ਸਕੇ ਜਿਵੇਂ ਮੂਲੀ, ਮੇਥੀ, ਬਾਥੂ,

ਇਹ ਸਭ ਪ੍ਰਤਯੇਕ ਬਨਾਸਪਤੀ ਦੇ ਭੇਦ ਹਨ ਇਹ ਜਦ ਤਕ ਹਰੇ ਰਹਿੰਦੇ ਹਨ ਉਸ ਵਿਚ ਅਸੰਖਿਅਤ ਜੀਵ ਪਾਏ ਜਾਂਦੇ ਹਨ। ਪਕ ਜਾਣ ਤੇ ਜਿੰਨੇ ਬੀਜ ਹੁੰਦੇ ਹਨ ਪਕੇ ਬੀਜ ਹੀ ਜੀਵ ਰਹਿੰਦੇ ਹਨ।

**ਸਾਧਾਰਣ ਬਨਾਸਪਤੀ**

ਮੂਲੀ, ਅਦਰਕ, ਲੱਸਣ, ਪਿਆਜ, ਹਰ ਤਰਾਂ ਦਾ ਜਿਮੀਕੰਦ ਜੋ ਫੁੱਲ ਦੇ ਰੂਪ ਵਿਚ ਜ਼ਮੀਨ ਵਿਚ ਰਹਿੰਦੇ ਹਨ। ਸੂਈ ਦੀ ਨੋਕ ਤੇ ਵੀ ਸਧਾਰਣ ਬਨਾਸਪਤੀ ਦੇ ਛੋਟੇ ਟੁਕੜੇ ਵਿਚ ਨਿਗੋਦੀਆ ਜੀਵਾਂ ਦੀਆਂ ਅਸੰਖਿਆਤ ਸ਼੍ਰੇਣੀਆਂ ਹਨ।

ਨਿਗੋਦੀਆ ਜੀਵ ਮਨੁੱਖ ਦੇ ਇਕ ਸਾਹ ਦੇ ਸਮੇਂ ਵਿਚ $17\frac{1}{2}$ ਵਾਰ ਜਨਮ ਮਰਨ ਕਰਦਾ ਹੈ। 48 ਮਿੰਟ (ਇਕ ਸ਼ਹੂਰਤ) 65536 ਵਾਰ ਜਨਮ ਮਰਨ ਦਾ ਕਸ਼ਟ ਨਿਗੋਦ ਦੇ ਜੀਵ ਭੋਗਦੇ ਹਨ। ਸੋ ਸਾਰੇ ਸਥਾਵਰ ਤਰਿਅੰਚ ਜੀਵ ਦੇ 22 ਭੇਦ ਹਨ।

## ਤਰੱਸ ਕਾਇਆ

ਇਸ ਤਰੱਸ ਜੀਵਾਂ ਦੀ ਉਤਪਤੀ ਦੇ 8 ਸਥਾਨ ਹਨ

1) ਅੰਡਜ—ਅੰਡੇ ਤੋਂ ਉਤਪੰਨ ਹੋਣ ਵਾਲੇ।

2) ਪੋਤਜ਼—ਜਨਮ ਤੋਂ ਬਾਅਦ ਹੀ ਚਲਣ ਫਿਰਨ ਵਾਲੇ ਹਾਥੀ ਆਦਿ ਜੀਵ।

3) ਜੇਰਜ਼ਾ—ਜੇਰ ਤੋਂ ਉਤਪੰਨ ਹੋਣ ਵਾਲੇ ਗਉ, ਮਨੁੱਖ ਪ੍ਰਾਣੀ।

4) ਰਸ਼ਜ—ਰਸ ਤੋਂ ਉਤਪੰਨ ਹੋਣ ਵਾਲੇ ਕੀੜੇ।

5) ਸੰਸਵੇਦਜ—ਪਸੀਨੇ ਤੋਂ ਉਤਪੰਨ ਹੋਣ ਵਾਲੇ ਜੂੰ ਆਦਿ ਜ਼ੀਵ।

6) ਸਮੁਰਛਿਮ—ਬਿਨਾਂ ਮਾਤਾ ਪਿਤਾ ਦੇ ਮੇਲ ਤੋਂ ਪੈਦਾ ਹੋਣ ਵਾਲੇ ਪ੍ਰਾਣੀ। ਇਧਰ ਉਧਰ ਦੇ ਪੁਦਗਲ ਵੀ ਮੱਖੀ ਆਦਿ ਜੀਵਾਂ ਨੂੰ ਜਨਮ ਦਿੰਦੇ ਹਨ।

7) ਉਦਭਿਜ—ਜ਼ਮੀਨ ਫੋੜ ਕੇ ਪੈਦਾ ਹੋਣ ਵਾਲੇ ਪੰਤਗੇ ਆਦਿ।

8) ਔਪਾਪਤਿਕ—ਉਪਪਾਤ ਸੈਯਾ (ਦੇਵਤਿਆ ਦੀ ਉਤਪਤੀ ਆਸਨ) ਅਤੇ ਨਾਰਕੀ, ਖ਼ੱਡਾਂ ਦੇ ਜੀਵ।

**ਤਰੱਸ ਜੀਵਾਂ ਦੇ ਲੱਛਣ** (ਵੇਖੋ ਚਿੱਤਰ ਨੰ. 2)

1) ਸਾਮਣੇ ਆਉਣਾ 2) ਪਿਛੇ ਹਟਨਾ 3) ਸਰੀਰ ਨੂੰ ਸਿਕੋੜਨਾ 4) ਸਰੀਰ ਫੈਲਾਉਣਾ 5) ਬੋਲਨਾ ਜਾਂ ਰੋਣਾ 6) ਡਰਨਾ 7) ਦੁੱਖ ਕਸ਼ਟ ਪਾਉਣਾ 8) ਦੋੜਨਾ 9) ਆਵਾਗਮਨ ਕਰਨਾ। ਇਹ ਲੱਛਣ ਤਰੱਸ ਜੀਵ ਦੀ ਪਛਾਣ ਹਨ।

## ਤਰੱਸ ਕਾਇਆ ਦੇ ਜੀਵ

## ਤਰੱਸ ਤਰਿਅੰਚ ਦੇ 26 ਭੇਦ ਹਨ

**ਦੋ ਇੰਦਰੀਆਂ ਵਾਲੇ**—ਸੰਖ, ਸੀਪੀ, ਕੋਡੀ ਕਿਰਮ ਜਿਸ ਵਿਚ ਸ਼ਪਰਸ ਅਤੇ ਰਸਨਾ ਇੰਦਰੀਆਂ ਹਨ ਇਨ੍ਹਾਂ ਦੇ ਪਰਿਆਪਤ ਅਤੇ ਅਪਰਿਆਪਤ ਦੋ ਭੇਦ ਹਨ।

**ਤਿੰਨ ਇੰਦਰੀਆਂ ਵਾਲੇ**—ਜੂੰ, ਲੀਖ. ਖੱਟਮਲ, ਦੀਮਕ, ਮਕੌੜ, ਸਰੀਰ, ਮੂੰਹ, ਨੱਕ ਆਦਿ ਤਿੰਨ ਖਿੰਦਰੀਆਂ ਹੋਣ ਉਹ ਇਸ ਸ਼ਰੇਣੀ ਵਿਚ ਆਉਂਦੇ ਹਨ। ਇਹ ਵੀ ਪਰਿਆਪਤ ਅਤੇ ਅਪਰਿਆਪਤ ਦੋ ਪ੍ਰਕਾਰ ਦੇ ਹਨ।

**ਚਾਰ ਇੰਦਰੀ ਵਾਲੇ**--ਮੱਛਰ, ਮੱਖੀ, ਟਿੱਡੀ, ਮੱਕੜੀ ਆਦਿ ਇਸ ਵਿਚ ਸ਼ਾਮਲ ਹਨ। ਇਹ ਚਾਰ ਇੰਦਰੀ ਹਨ 1) ਕੰਨ 2) ਮੂੰਹ 3) ਨੱਕ 4) ਅੱਖ
ਇਹ ਤਰੱਸ ਦੇ ਪਰਿਆਪਤ ਅਤੇ ਅਪਰਿਆਪਤ ਦੋ ਭੇਦ ਹਨ।

## ਪੰਜ ਇੰਦਰੀ ਤਰੱਸ ਦੇ 20 ਭੇਦ ਹਨ

1) ਜਲਚਰ—ਪਾਣੀ ਵਿਚ ਰਹਿਣ ਵਾਲੇ ਮੱਛੀ ਆਦਿ ਜੀਵ, ਇਸਦੇ ਚਾਰ ਭੇਦ ਹਨ 1) ਸੰਗੀ 2) ਅਸੰਗੀ 3) ਪਰਿਆਪਤ 4) ਅਪਰਿਆਪਤ

2) ਸੱਥਲ ਚਰ—ਜ਼ਮੀਨ ਤੇ ਰਹਿਣ ਵਾਲੇ ਜੀਵ। ਇਨਾ ਦੇ ਚਾਰ ਭੇਦ ਹਨ ਇਹ ਘੋੜੇ ਗੰਧ ਇਕ ਖੁਰ ਵਾਲੇ ਹਨ ਦੋ ਖੁਰ ਵਾਲੇ ਵਿਚ ਗਾਂ, ਬਕਰਾ ਸ਼ਾਮਲ ਹਨ। ਪੰਜੇ ਵਾਲੇ ਸ਼ੇਰ, ਚੀਤੇ ਸਣੀਪਦ ਹਨ।

3) ਖੇਚਰ-ਅਕਾਸ਼ ਵਿਚ ਉਡਨ ਵਾਲੇ ਜੀਵ—ਇਨਾਂ ਦੇ ਵੀ ਪਹਿਲਾਂ ਦਸੇ ਚਾਰ

ਭੇਦ ਪ੍ਰਮੁਖ ਹਨ

ੳ) ਰੋਮ ਪੰਛੀ—ਤੋਤਾ ਮੈਨਾ ।

ਅ) ਚਰਮ ਪੰਚੀ—ਚਮਗਿਦੜ ਆਦਿ ਚਮੜੇ ਦੇ ਫੰਗਾਂ ਵਾਲੇ ।

ੲ) ਸਾਮੰਤ ਪੰਛੀ—ਗੋਲ ਫੰਗਾਂ ਵਾਲੇ ਹਨ ।

ਸ) ਵਿਤੱਤ ਪੰਛੀ—ਬਚਿਤਰ ਫੰਗਾਂ ਵਾਲੇ ਹਨ ।

4) ਉਰਿਸਰੱਪ—ਦਿਲ ਦੇ ਸਹਾਰੇ ਚਲਣ ਵਾਲੇ ਸੱਪ ਆਦਿ ਪ੍ਰਾਣੀ ਇਨਾਂ ਦੇ ਪਹਿਲਾਂ ਦਸੇ ਚਾਰ ਭੇਦ ਹਨ :

ੳ) ਅਹਿਸਰਪ : ਕਈ ਸਪ ਫਨ ਵਾਲੇ ਅਤੇ ਕਈ ਬਿਨਾਂ ਫਨ ਤੋਂ ਹੁੰਦੇ ਹਨ ।

ਅ) ਅਜਗਰ : ਜੋ ਮਨੁੱਖ ਨੂੰ ਨਿਗਲ ਜਾਂਦੇ ਹਨ :

ੲ) ਅਲਸੀਆ ।

ਸ) ਮਹੋਰਗ : ਲੰਬੇ ਸਰੀਰ ਵਾਲੇ ।

5) ਭੁਜਿਪਰਿਸਰਪ—ਭੁਜਾਵਾਂ ਦੇ ਸਹਾਰੇ ਚਲਣ ਨਾਲੇ ਚੂਹੇ, ਨੇਵਲੇ ਇਸ ਵਿਚ ਸ਼ਾਮਲ ਹਨ । ਜਿਨਾਂ ਜੀਵਾਂ ਦੇ ਇੰਦਰੀਆ ਅਧੂਰੀਆ ਹਨ ਉਹ ਵਿਕਲ ਇੰਦਰੀ ਅਖ-ਵਾਉਂਦੇ ਹਨ ।

## ਮਨੁਖ ਦੇ 303 ਭੇਦ

ਜੈਨ ਧਰਮ ਅਨੁਸਾਰ ਮਨੁੱਖ ਦੇ 303 ਭੇਦ ਹਨ । ਇਨ੍ਹਾਂ ਵਿਚੋਂ ਗਰਭ ਮਨੁੱਖ ਦੇ 101 ਭੇਦ ਹਨ, ਜੋ 15 ਕਰਮ ਭੂਮੀ, 30 ਅਕਰਮ ਭੂਮੀ 56 ਅੰਤਰ ਦੀਪ ਵਿਚ ਪੈਦਾ ਹੁੰਦੇ ਹਨ । ਇਨ੍ਹਾਂ ਗਰਭ ਤੋਂ ਪੈਦਾ ਹੋਣ ਵਾਲੇ ਮਨੁਖ ਦੇ ਪਰਿਆਪਤ ਅਤੇ ਅਪਰਿਆਪਤ ਦੋ ਭੇਦ ਹੋ ਕੇ 202 ਭੇਦ ਹੋ ਜਾਂਦੇ ਹਨ ਇਨ੍ਹਾਂ 101 ਪ੍ਰਕਾਰ ਦੇ ਗਰਭ ਵਿਚੋਂ ਪੈਦਾ ਹੋਣ ਵਾਲੇ ਗੰਦ, ਮੈਲ, ਮਲਮੂਤਰ ਆਦਿ14 ਪ੍ਰਕਾਰ ਦੇ ਮੈਲਾਂ ਤੋਂ ਉਤਪੰਨ ਹੋਣ ਵਾਲੇ ਸਮੁਰਛਿਮ ਮਨੁੱਖ ਵੀ ਹਨ ਜੋ ਅਪਰਿਆਪਤ ਅਵਸਥਾਂ ਵਿਚ ਹੀ ਮਰ ਜਾਂਦੇ ਹਨ । ਇਨ੍ਹਾਂ ਦੇ 101 ਭੇਦ ਹਨ । ਸੋ ਮਨੁੱਖ ਦੇ 303 ਭੇਦ ਹਨ ।

ਕਰਮ ਭੂਮੀ ਤੋਂ ਭਾਵ ਹੈ ਜਿਥੇ ਲੋਕ ਖੇਤੀ, ਹਥਿਆਰ, ਲੇਖ ਵਿਉਪਾਰ ਆਦਿ ਕੰਮ ਕਰਕੇ ਜੀਵਨ ਗੁਜਾਰਨ । ਇਹ ਪੰਜ ਕਰਮ ਭੂਮੀਆਂ ਹਨ

1) ਪੰਜ ਭਰਤ (ਇਕ ਜੰਬੂ ਦੀਪ ਦਾ, ਦੋ ਧਾਤਕੀ ਖੰਡ, ਅੱਧਾ ਪੁਸ਼ਕਰ ਅਰਧ ਦੀਪ) ਪੰਜ ਏਰਾਵਤ ਅਤੇ ਪੰਜ ਮਹਾ ਵਿਦੇਹ ।

ਜਿਥੇ ਕਰਮ ਨਹੀਂ, ਸਗੋਂ ਕਲਪ ਬ੍ਰਿਖਾਂ ਨਾਲ ਲੋਕ ਨਿਰਵਾਹ ਕਰਦੇ ਹਨ । ਉਹ ਅਕਰਮ ਭੂਮੀ ਹੈ । ਇਹ ਅਕਰਮ ਭੂਮੀ 35 ਹਨ ।

## ਸਮਰੁਛਿਮ ਜੀਵਾਂ ਦੀ ਉਤਪਤੀ ਦੇ ਸਥਾਨ

1) ਵਿਸ਼ਠਾ 2) ਮੂਤਰ 3) ਬੱਲਗਮ 4) ਨੱਕ ਦਾ ਮੈਲ 5) ਵਮਨ (ਉਲਟੀ) 6) ਪਿਤ 7) ਪੀਕ 8) ਖੂਨ 9) ਵੀਰਜ 10) ਸੁਕੇ ਵੀਰਜ ਦੇ ਫੇਰ ਗਿਲੇ

ਹੋਏ ਪੁਦਗਲ 11) ਮੁਰਦੇ ਦਾ ਸ਼ਰੀਰ 12) ਇਸਤਰੀ ਪੁਰਸ਼ ਦਾ ਸੰਭੋਗ 13) ਗੰਦੀਆਂ ਨਾਲੀਆਂ 14) ਸਾਰੇ ਗੰਦੇ ਸਥਾਨ। ਇਨ੍ਹਾਂ 14 ਸਥਾਨਾਂ ਵਿਚ ਸਮੂਰਛਿਮ ਮਨੁੱਖ ਦੇ ਸਰੀਰ ਅਸੰਖਿਆਤ ਪੈਦਾ ਹੋਣ ਸਾਰ ਹੀ ਮਰ ਜਾਂਦੇ ਹਨ। ਇਨ੍ਹਾਂ ਜੀਵਾਂ ਦੇ ਸਪਰਸ਼ ਨਾਲ ਅਨੇਕਾ ਜੀਵ ਵੀ ਮਰ ਜਾਂਦੇ ਹਨਇਨਾਂ ਜੀਵਾਂ ਦੀ ਉਤਪਤੀ ਕੇਵਲ ਗਿਆਨ ਹੀ ਜਾਣਦੇ ਹਨ।

## ਜੀਵਾ ਦਾ ਜਨਮ ਅਤੇ ਜੀਵ ਦੀਆਂ ਵਿਸ਼ੇਸਤਾਵਾਂ

ਜੀਵਾਂ ਦੀਆਂ ਪਰਿਆਪਤ, ਪ੍ਰਾਣ, ਸਥਿਤੀ, ਕਾਈਆ ਸਥਿਤੀ, ਯੋਗ ਉਪਯੋਗ, ਲੇਸ਼ਿਆ ਇਹ ਵਿਸ਼ੇਸ਼ਤਾਵਾਂ ਹਨ ਜੋ ਜੜ ਪਦਾਰਥ ਵਿਚ ਨਹੀਂ ਮਿਲਦੀਆਂ।

## ਪਰਿਆਪਤ (ਸ਼ਕਤੀ)

ਪਰਿਆਪਤੀਆਂ ਛੇ ਹਨ : 1) ਅਹਾਰ 2) ਸਰੀਰ 3) ਇੰਦਰੀ 4) ਸਵਾਸੋ ਸਵਾਸ 5) ਭਾਸ਼ਾ 6) ਮਨ।

## ਸੂਖਮ ਸ਼ਰੀਰ ਅਤੇ ਪਰਿਆਪਤੀ

ਜਦ ਜੀਵ ਇਕ ਸਰੀਰ ਤੋਂ ਦੂਸਰੇ ਸਰੀਰ ਨੂੰ ਆਪਣੇ ਕਰਮ ਅਨੁਸਾਰ ਅਤੇ ਜੂਨ ਅਨੁਸਾਰ ਪੈਦਾ ਹੁੰਦਾ ਹੈ ਤਾਂ ਉਹ ਆਉਂਦੇ ਹੀ ਉਹ ਭੋਜਨ ਰੂਪ ਅਹਾਰ ਦੇ ਪੁਦਗਲ ਗ੍ਰਹਿਣ ਕਰਦਾ ਹੈ। ਪੂਰਵ ਜਨਮ ਤੋਂ ਹੀ ਆਤਮਾ ਦੇ ਨਾਲ ਜੁੜੇ ਦੋ ਸੁਖਮ ਸਰੀਰ. **ਤੇਜਸ** ਅਤੇ **ਕਾਰਮਣ** ਵੀ ਲੈ ਆਉਂਦਾ ਹੈ। ਆਤਮਾ ਨਿਰਾਕਾਰ ਹੋਣ ਕਾਰਣ ਇਨ੍ਹਾਂ ਸ਼ਰੀਰ ਦੇ ਆਸਰੇ ਜਨਮ ਦੀ ਕ੍ਰਿਆ ਪੂਰੀ ਕਰਦੀ ਹੈ। ਮਰਨ ਤੋਂ ਬਾਅਦ ਇਹ ਸਰੀਰ ਨਾਲ ਹੀ ਚਲਦੇ ਹਨ। ਇਹ ਅਵਸਥਾ ਅਰਿਹੰਤ ਅਵਸਥਾ ਤਕ ਰਹਿੰਦੀ ਹੈ। ਸਿੱਧ ਗਤੀ ਵਿਚ ਜਾ ਕੇ ਇਨ੍ਹਾਂ ਸੁਖਮ ਸਰੀਰਾਂ ਤੋਂ ਛੁਟਕਾਰਾ ਹੁੰਦਾ ਹੈ। ਤੇਜਸ ਸਰੀਰ ਦਾ ਕੰਮ ਖਾਏ ਭੋਜਨ ਨੂੰ ਪਚਾਉਣਾ ਹੈ। ਇਹ ਸਰੀਰ ਭੋਜਨ ਨੂੰ ਪਚਾ ਕੇ ਰਸ, ਖੂਨ ਆਦਿ ਰਾਹੀਂ ਸਰੀਰ ਦਾ ਨਿਰਮਾਨ ਕਰਦਾ ਹੈ, ਇਸ ਵਿਚ ਤੇਜਸਵੀ ਪੁਦਗਲਾਂ ਨਾਲ ਇੰਦਰੀਆਂ ਦਾ ਨਿਰਮਾਨ ਕਰਦਾ ਹੈ। ਹਰ ਵੇਲੇ ਭੋਜਨ ਗ੍ਰਹਿਣ ਕਰਕੇ, ਸਰੀਰ ਵਿਚ ਵਾਧਾ ਕਰਕੇ ਅਤੇ ਇੰਦਰੀਆਂ ਨੂੰ ਮਜਬੂਤ ਕਰਨ ਦਾ ਕੰਮ ਜਾਰੀ ਰਹਿੰਦਾ ਹੈ ਅਤੇ ਮਹੂਰਤ ਵਿਚ ਸਰੀਰ ਤੇ ਇੰਦਰੀਆਂ ਤਿਆਰ ਹੋ ਜਾਂਦੀਆਂ ਹਨ ਫ਼ੇਰ ਸਾਹ ਦੇ ਪੁਦਗਲ ਗ੍ਰਹਿਣ ਕਰਕੇ ਸ਼ਵਾਸੋ ਸਵਾਸ ਦੀ ਸ਼ਕਤੀ ਪੈਦਾ ਕਰਦਾ ਹੈ। ਬਾਹਰਲਾ ਸਰੀਰ ਔਦਾਰਿਕ ਹੈ। ਵੈਕਾਰਿਆ ਸਰੀਰ ਵਿਸ਼ੇਸ਼ ਗਿਆਨੀਆਂ ਤੇ ਦੇਵਤਿਆਂ ਕੋਲ ਹੁੰਦਾ ਹੈ। ਅਹਾਰਕ ਸਰੀਰ ਵੀ ਗਿਆਨ ਸ਼ਰੀਰ ਹੈ।

ਪੂਰਨ ਸ਼ਕਤੀਆਂ ਨੂੰ ਪਰਿਆਪਤੀ ਆਖਦੇ ਹਨ।

ਇਕ ਇੰਦਰੀਆਂ ਤਕ ਦੇ ਸਾਰੇ ਜੀਵਾਂ ਨੂੰ ਇਹ 4 (ਪਰਿਆਪਤੀ) ਸ਼ਕਤੀਆਂ ਪ੍ਰਾਪਤ ਹਨ। ਦੋ ਇੰਦਰੀਆਂ ਵਾਲੇ ਜੀਵਾਂ ਦੇ ਰਸਨਾ ਹੁੰਦੀ ਹੈ ਉਹ ਭਾਸ਼ਾ ਦੇ ਪੁਦਗਲ ਧਾਰਨ ਕਰਕੇ ਭਾਸ਼ਾ ਦੀ ਸ਼ਕਤੀ ਪ੍ਰਾਪਤ ਕਰਦੇ ਹਨ। ਸੰਗੀ (ਵਿਕਸ਼ਤ ਮਨ ਵਾਲੇ) ਪੰਜ ਇੰਦਰੀ ਜੀਵ ਮਨ ਦੇ ਪੁਦਗਲਾਂ ਰਾਹੀਂ ਮਾਨਸਿਕ ਵਿਚਾਰ ਰਖ ਸਕਦੇ ਸਨ। ਇਸੇ ਪ੍ਰਕਾਰ ਇਹ 6

ਸ਼ਕਤੀਆਂ ਇਨ੍ਹਾਂ ਸ਼ਕਤੀਆਂ ਦੇ ਪੁਦਗਲਾਂ ਰਾਹੀਂ ਪ੍ਰਾਪਤ ਹੁੰਦੀਆਂ ਹਨ। ਪਰਿਆਪਤ ਜੀਵ ਆਪਣੇ ਪਰਿਆਪਤ ਨਾਮ ਕਰਮ ਦੇ ਉਦੇ (ਵੇਖੋ ਕਰਮਵਾਦ) ਨਾਲ ਸਾਰੀਆਂ ਸ਼ਕਤੀਆਂ (ਪਰਿਆਪਤੀਆਂ) ਪ੍ਰਾਪਤ ਕਰਦੇ ਹਨ। ਛੇ ਪਰਿਆਪਤੀ ਦਾ ਸ਼ੁਰੂ ਇਕੋ ਸਮੇਂ ਹੁੰਦੀ ਹੈ ਪਰ ਉਨ੍ਹਾਂ ਦੀ ਪੂਰਨਤਾ ਸਿਲਸਿਲੇ ਵਾਰ ਹੁੰਦੀ ਹੈ।

1) ਜਿਸ ਸ਼ਕਤੀ ਤੋਂ ਜੀਵ ਜਨਮ ਤੋਂ ਲੈ ਕੇ ਭੋਜਨ ਯੋਗ ਬਾਹਰੀ ਪੁਦਗਲ ਲੈਂਦਾ ਲੈਂਦਾ ਹੈ ਉਨਾਂ ਨੂੰ ਮਲ ਮੂਤਰ ਤੇ ਰਸ ਦੇ ਰੂਪ ਵਿਚ ਬਦਲਦਾ ਹੈ ਉਹ ਅਹਾਰ ਪਰਿ-ਆਪਤੀ ਹੈ।

2) ਜਿਸ ਸ਼ਕਤੀ ਤੋਂ ਜੀਵ ਰਸ ਰੂਪ ਤੋਂ ਪੈਦਾ ਭੋਜਨ ਨੂੰ ਰਸ, ਖੂਨ, ਮਾਸ, ਚਰਬੀ, ਹਡੀ, ਚਰਬੀ ਤੇ ਵੀਰਜ ਸਤ ਧਾਤਾਂ ਦੇ ਰੂਪ ਸ਼ਰੀਰ ਦਾ ਰੂਪ ਦਿੰਦਾ ਹੈ। ਉਹ ਅਹਾਰ ਪਰਿਆਪਤੀ ਹੈ।

3) ਜਿਸ ਸ਼ਕਤੀ ਤੋਂ ਜੀਵ ਸੱਤ ਧਾਤੂ ਰਾਹੀਂ ਪੈਦਾ ਭੋਜਨ ਨੂੰ ਇੰਦਰੀਆ ਰੂਪ ਵਿਚ ਬਦਲਦਾ ਹੈ ਉਹ ਇੰਦਰੀਆ ਪਰਿਆਪਤੀ ਹਨ।

4) ਜਿਸ ਸ਼ਕਤੀ ਨਾਲ ਜੀਵ ਸ਼ਵਾਸੋਸ਼ਵਾਸ ਦੇ ਯੋਗ ਪੁਦਗਲ ਨੂੰ ਸਵਾਸੋਸਵਾਸ ਵਿਚ ਗ੍ਰਹਿਣ ਕਰਦਾ ਤੇ ਛੱਡਦਾ ਹੈ ਉਹ ਸ਼ਵਾਸੋਸ਼ਵਾਸ ਪਰਿਆਪਤੀ ਹੈ।

5) ਜਿਸ ਸ਼ਕਤੀ ਨਾਲ ਜੀਵ ਭਾਸ਼ਾ ਦੇ ਯੋਗ ਭਾਸ਼ਾ ਵਰਗਨਾਂ ਦੇ ਪੁਦਗਲਾਂ ਨੂੰ ਲੈ ਕੇ ਉਨ੍ਹਾਂ ਨੂੰ ਭਾਸ਼ਾ ਦੇ ਰੂਪ ਵਿਚ ਬਦਲਦਾ ਹੈ ਉਹ ਭਾਸ਼ਾ ਪਰਿਆਪਤੀ ਹੈ।

6) ਜਿਸ ਸ਼ਕਤੀ ਜੀਵ ਮਨ ਦੇ ਯੋਗ ਮਨੋ ਵਰਗਨਾ ਦੇ ਪੁਦਗਲ ਗ੍ਰਹਿਣ ਕਰਕੇ ਉਨਾਂ ਨੂੰ ਮਨ ਦੇ ਰੂਪ ਵਿਚ ਬਦਲਦਾ ਹੈ ਉਹ ਮਨ ਪਿਆਪਤੀ ਹੈ।

## 10 ਪ੍ਰਾਣ

ਪ੍ਰਾਣ ਤੋਂ ਭਾਵ ਜੈਨ ਧਰਮ ਵਿਚ ਖਾਲੀ ਸਾਹ ਨਹੀਂ ਸਗੋਂ ਜੀਵਨ ਸ਼ਕਤੀ ਹੈ ਜਿਵੇਂ ਅੰਨੇ ਕੋਲ ਅੱਖ ਹੈ ਪਰ ਵੇਖਣ ਦੀ ਸ਼ਕਤੀ ਤੋਂ ਬਿਨਾਂ ਵੇਖ ਨਹੀਂ ਸਕਦਾ। ਇਹ ਪ੍ਰਾਣ ਸ਼ਕਤੀ ਦਸ ਪ੍ਰਕਾਰ ਦੀ ਹੈ :

1-5) ਪੰਜ ਇੰਦਰੀਆਂ ਦੀ ਸ਼ਕਤੀ। (ਸੁਣਨ, ਵੇਖਣ, ਸੁੰਘਣ. ਸਵਾਦ ਅਤੇ ਛੋਹਣ ਦੀ ਸ਼ਕਤੀ।

6-8) ਤਿੰਨ (ਮਨ, ਵਚਨ ਅਤੇ ਕਾਈਆ) ਯੋਗ (ਸੁਮੇਲ) ਸ਼ਕਤੀ। (ਵਿਚਾਰਨ, ਬੋਲਣ, ਹਿਲਨ ਅਤੇ ਚਲਣ ਦੀ ਸ਼ਕਤੀ।

9) ਸ਼ਵਾਸੋ ਸ਼ਬਾਸ। (ਸਾਹ ਲੈਣ ਦੀ ਸ਼ਕਤੀ)

10) ਆਯੁਸ਼ (ਉਮਰ)। (ਜਿਉਂਦੇ ਰਹਿਣ ਦੀ ਸ਼ਕਤੀ)

ਭਾਵੇਂ ਪ੍ਰਾਣ 10 ਹਨ ਪਰ ਹਰ ਜੀਵ ਕੋਲ 10 ਪ੍ਰਾਣ ਨਹੀਂ ਹਨ। ਇਕ ਇੰਦ-ਰੀਆਂ ਜੀਵਾਂ ਦੇ ਸਪਰਸ਼, ਉਛਵਾਸ, ਕਾਇਆ, ਆਯੁਸ਼ ਆਦਿ 4 ਪ੍ਰਾਣ ਹਨ। ਦੋ

ਇੰਦਰੀਆਂ ਨਾਲੇ ਜੀਵ ਰਸਨਾ ਤੇ ਵਚਨ ਯੋਗ ਕਾਰਣ 6 ਪ੍ਰਾਣਾ ਦੇ ਧਾਰਕ ਹਨ। ਤਿੰਨ ਇੰਦਰੀਆਂ ਵਾਲੇ ਜੀਵ ਪ੍ਰਾਣ ਕਾਰਣ 7 ਪ੍ਰਾਣਾ ਦੇ ਧਾਰਕ ਹਨ। ਚਾਰ ਇੰਦਰੀਆਂ ਵਾਲੇ ਜੀਵ ਅੱਖ ਹੋਣ ਕਾਰਣ 8 ਪ੍ਰਾਣਾ ਦੇ ਧਾਰਕ ਹਨ। ਪੰਜ ਇੰਦਰੀਆਂ ਵਾਲੇ ਸ਼ਰੋਤ (ਸੁਨਣ ਦੀ ਸ਼ਕਤੀ) ਹੋਣ ਕਾਰਣ 9 ਪ੍ਰਾਣਾ ਦੇ ਧਾਰਕ ਹਨ। ਪੰਜ ਇੰਦਰੀਆ ਵਾਲੇ ਸੰਗੀ ਜੀਵ ਮਨ ਸਮੇਤ 10 ਪ੍ਰਾਣਾ ਦੇ ਧਾਰਕ ਹਨ।

ਦੇਵਤੇ ਤੇ ਨਾਰਕੀ ਜੀਵ ਵੀ ਮਨ ਪਰਿਆਪਤੀ ਕਾਰਣ ਸੰਗੀ ਜੀਵ ਹੁੰਦੇ ਹਨ। ਮਨੁੱਖ ਤੇ ਪਸ਼ੂ ਯੋਨੀ ਵਿਚ ਕਈ ਜੀਵ ਅਜੇਹੇ ਹਨ ਜੋ ਅਵਿਕਸਤ ਮਨ ਕਾਰਣ ਅਸੰਗੀ ਹਨ।

## 84 ਲੱਖ ਜੂਨ

ਅਕਸਰ ਭਾਰਤੀ ਧਰਮ ਵਿਚ ਆਖਿਆ ਜਾਂਦਾ ਹੈ ਕਿ 84 ਲੱਖ ਜੂਨ ਤੋਂ ਬਾਅਦ ਮਾਨਵ ਦੇਹ ਮਿਲਦੀ ਹੈ। ਜੈਨ ਧਰਮ ਵਿਚ ਜੂਨ ਦਾ ਭਾਵ ਪੈਦਾ ਹੋਣ ਦੀ ਥਾਂ, ਇਕ ਤਰਾਂ ਦਾ ਰੂਪ, ਰਸ, ਗੰਧ, ਸਪਰਸ਼ ਵਾਲੇ ਪੁਦਗਲ ਹਨ। 84 ਲੱਖ ਜੂਨਾ ਦੀ ਗਿਣਤੀ ਜੈਨ ਗ੍ਰੰਥਾਂ ਵਿਚ ਇਸ ਪ੍ਰਕਾਰ ਹੈ:

| | |
|---|---|
| ਪ੍ਰਿਥਵੀ ਕਾਈਆ | 7 ਲੱਖ |
| ਅਪਕਾਈਆ | 7 ਲੱਖ |
| ਤੇਜਸ ਕਾਇਆ | 7 ਲੱਖ |
| ਵਾਯੂ ਕਾਇਆ | 7 ਲੱਖ |
| ਪ੍ਰਤੇਯੇਕ ਬਨਾਸਪਤੀ ਕਾਇਆ | 10 ਲੱਖ |
| ਸਧਾਰਣ ਬਨਾਸਪਤੀ ਕਾਇਆ | 14 ਲੱਖ |
| ਦੋ ਇੰਦਰੀਆ ਕਾਇਆ | 2 ਲੱਖ |
| ਤਿੰਨ ਇੰਦਰੀਆ ਕਾਇਆ | 2 ਲੱਖ |
| ਚਾਰ ਇੰਦਰੀਆ ਕਾਇਆ | 2 ਲੱਖ |
| ਪੰਜ ਇੰਦਰੀਆ ਤਰਿਅੰਚ | 4 ਲੱਖ |
| ਪੰਜ ਇੰਦਰੀਆ ਦੇਵਤੇ ਕਾਇਆ | 4 ਲੱਖ |
| ਪੰਜ ਇੰਦਰੀਆ ਨਾਰਕੀ ਕਾਇਆ | 4 ਲੱਖ |
| ਪੰਜ ਇੰਦਰੀਆ ਮਨੁੱਖ ਕਾਇਆ | 14 ਲੱਖ |

ਜੀਵਾਂ ਦੀ ਉਮਰ ਅਨੁਸਾਰ ਸਥਿਤੀ ਹੁੰਦੀ ਹੈ। ਸਰੀਰ ਦੇ ਪ੍ਰਮਾਣ (ਅਕਾਰ) ਨੂੰ ਅਵਗਾਹਨਾ ਆਖਦੇ ਹਨ।

ਜੀਵ ਵਾਰ ਵਾਰ ਮਰ ਕੇ ਫੇਰ ਉਸੇ ਗਤੀ ਵਿਚ ਵਾਰ ਵਾਰ ਜਨਮ ਲਵੇ. ਉਹ ਸਥਿਤੀ ਜਿਨੀ ਲੰਬੀ ਹੋਵੇ, ਉਹ ਕਾਇਆ ਸਥਿਤੀ ਹੈ। ਜੀਵਾਂ ਦੇ ਯੋਗ ਤੇ ਉਪਯੋਗ ਹੁੰਦਾ ਹੈ।

ਯੋਗ ਦਾ ਅਰਥ ਹੈ ਆਤਮ-ਵੀਰਜ ਦੀ ਸਹਾਇਤਾ ਨਾਲ ਮਨ, ਵਚਨ ਕਾਇਆ ਦੀ ਸ਼ਕਤੀ ਉਪਯੋਗ 12 ਪ੍ਰਕਾਰ ਦਾ ਹੈ ਜਿਸ ਵਿਚ 'ਪੰਜ ਪ੍ਰਕਾਰ ਦਾ ਗਿਆਨ, ਤਿੰਨ ਪ੍ਰਕਾਰ ਦਾ ਅਗਿਆਨ 4 ਪ੍ਰਕਾਰ ਦਾ ਦਰਸ਼ਨ ਸ਼ਾਮਲ ਹੈ 13-14ਵੇਂ ਗੁਣ ਸਥਾਨ ਵਿਚ ਕੇਵਲ ਗਿਆਨ ਅਤੇ ਕੇਵਲ ਦਰਸ਼ਨ ਸਿਧਾ ਵਿਚ ਪਾਏ ਜਾਂਦੇ ਹਨ।

## ਲੇਸ਼ਿਆ

ਇਹ ਜੈਨ ਧਰਮ ਦਾ ਆਪਣਾ ਸ਼ਬਦ ਹੈ।

ਲੇਸ਼ਿਆਂ ਬਾਰੇ ਸ੍ਰੀ ਉਤਰਾ ਧਿਆਨ ਸੂਤਰ ਵਿਚ ਬਹੁਤ ਸਪਸ਼ਟ ਵਰਨਣ ਹੈ। ਲੇਸ਼ਿਆ ਆਤਮਾ ਨੂੰ ਕਰਮ ਦੇ ਪੁਦਗਲ ਦਾ ਸੰਪਰਕ ਕਰਾਉਣ ਅਤੇ ਕਰਮ ਬੰਧ ਵਿਚ ਸਹਾਇਕ ਹੈ। ਲੇਸ਼ਿਆ ਕਾਰਣ ਆਤਮਾ ਕਰਮਾ ਨਾਲ ਚਿਪਕਦੀ ਹੈ। ਲੇਸ਼ਿਆ ਕਰਮ ਯੋਗ ਦੇ ਅੰਤਰਗਤ ਉਸ ਰੰਗ ਦੇ ਪੁਦਗਲਾ ਦੀ ਸਹਾਇਤਾ ਤੋਂ ਉਤਪੰਨ ਵਾਲਾ ਆਤਮਾ ਦਾ ਇਕ ਪਰਿਣਾਮ ਹੈ। ਜਿਵੇਂ ਚਿਤਰ ਕਾਰ ਗੂੰਦ ਆਦਿ ਚਿਕਨੇ ਪਦਾਰਥ ਰੰਗ ਨੂੰ ਸਥਿਰਤਾ ਪ੍ਰਦਾਨ ਕਰਦੇ ਹਨ ਉਸੇ ਪ੍ਰਕਾਰ ਲੇਸ਼ਿਆ ਕਰਮ ਬੰਧ ਦੀ ਅਵਸਥਾ ਨੂੰ ਸ਼ਕਤੀ-ਸ਼ਾਲੀ ਤੇ ਲੰਬਾ ਕਰਦੀ ਹੈ ਅਸ਼ੁਭ ਲੇਸ਼ਿਆ ਦਾ ਫਲ ਦੁਖਦਾਇਕ ਵਾਧਾ ਅਤੇ ਸ਼ੁਭ ਲੇਸ਼ਿਆ ਸੁਖ ਦਾ ਕਾਰਣ ਹੈ। ਲੇਸ਼ਿਆ ਲਈ ਅੱਜ ਕਲ ਦੀ ਔਰ (**Aura**) ਹੈ ਜਿਸ ਦਾ ਰੂਸੀ ਵਿਗਿਆਨਕਾਂ ਨੇ ਚਿਤਰ ਲਿਆ ਹੈ। ਜਿਸ ਨੂੰ ਆਭਾ ਮੰਡਲ ਵੀ ਆਖ ਸਕਦੇ ਹਾਂ।

## ਲੇਸ਼ਿਆ ਦਾ ਉਦਾਹਰਣ

ਲੇਸ਼ਿਆ ਨੂੰ ਸਮਝਣ ਲਈ ਜੈਨ ਗ੍ਰੰਥਾਂ ਵਿਚ ਇਸ ਦੀ ਸੁੰਦਰ ਉਦਾਹਰਨ ਪ੍ਰਾਪਤ ਹੁੰਦੀ ਹੈ।

6 ਮਨੁੱਖ ਜੰਗਲ ਵਿਚ ਗਏ,ਉਨਾਂ ਨੂੰ ਭੁਖ ਨੇ ਸਤਾਇਆ। ਉਨਾ ਮਨੁੱਖਾਂ ਨੇ ਜਾਮੁਨ ਫਲ ਨਾਲ ਲਦਿਆ ਦਰਖਤ ਵੇਖਿਆ। ਉਹ ਆਪਸ ਵਿਚ ਵਾਰਤਾਲਾਪ ਕਰਦੇ ਹਨ :

ਪਹਿਲਾ—ਦਰਖਤ ਨੂੰ ਜੜ ਤੋਂ ਪੁਟ ਦੇਵੋ ਫੇਰ ਆਰਾਮ ਨਾਲ ਫਲ ਤੋੜਾਂਗੇ। (ਇਹ ਵਾਕ ਕ੍ਰਿਸ਼ਨ ਲੇਸ਼ਿਆ ਵਾਲੇ ਦੇ ਹਨ ਜੋ ਅਸ਼ੁਭ ਲੇਸ਼ਿਆ ਹੈ)

ਦੂਸਰਾ—ਮੂਲ ਨੂੰ ਉਖਾੜਨ ਦੀ ਜਰੂਰਤ ਨਹੀਂ। ਮੋਟੇ ਮੋਟੇ ਟਾਹਣੇ ਤੋੜ ਕੇ ਫਲ ਖਾਣ ਵਿਚ ਫਾਇਦਾ ਹੈ। (ਨੀਲ ਲੇਸ਼ਿਆ)

ਤੀਸਰਾ—ਜਿਨਾਂ ਸ਼ਾਖਾਵਾਂ ਤੇ ਫਲ ਹਨ ਉਨਾਂ ਨੂੰ ਤੋੜ ਕੇ ਫਲ ਖਾ ਲਏ ਜਾਣ। (ਕਪੋਤ ਲੇਸ਼ਿਆ)

ਚੌਥਾ—ਜਾਮਨ ਦੇ ਦਰਖਤ ਦੇ ਗੁੱਛੇ ਤੋੜ ਲਵੋ ਅਤੇ ਫਲ ਖਾਵੋ। (ਤੇਜੋ ਲੇਸ਼ਿਆ)

ਪੰਜਵਾਂ—ਕੇਵਲ ਪਕੇ ਜਾਮਨ ਫਲ ਖਾਵੋ। (ਪਦਮ ਲੇਸ਼ਿਆ)

ਛੇਵਾਂ—ਜੋ ਫਲ ਪੱਕ ਕੇ ਗਿਰ ਗਿਆ ਹੈ ਉਸ ਨੂੰ ਚੁਕ ਕੇ ਹੀ ਖਾਵੋ। (ਸ਼ੁਕਲ)

ਇਹ 6 ਮਨ ਦੀਆਂ ਸਥਿਤੀਆਂ ਹਨ 6 ਲੇਸ਼ਿਆ ਵਾਲੇ ਇਸ ਸੰਸਾਰ ਵਿਚ ਪ੍ਰਾਣੀ ਹਨ। ਕ੍ਰਿਸ਼ਨ, ਨੀਲ. ਕਪੋਤ ਅਸ਼ੁਭ ਅਤੇ ਤੇਜ. ਪਦਮ. ਸ਼ੁਕਲ ਸ਼ੁਭ ਲੇਸ਼ਿਆਵਾਂ ਹਨ।

## 2. ਅਜੀਵ ਤੱਤਵ

ਅਜੀਵ ਪੰਜ ਹਨ (1) ਧਰਮ (2) ਅਧਰਮ (3) ਅਕਾਸ਼ (4) ਪੁਦਗਲ (5) ਕਾਲ। ਅਸੀਂ ਇਸ ਦਾ ਵਿਸਥਾਰ ਨਾਲ ਵਰਨਣ 6 ਦਰਵਾਂ ਵਿਚ ਕਰਾਂਗੇ।

## ਪੁੰਨ ਅਤੇ ਪਾਪ ਤੱਤਵ

ਜੋ ਆਤਮਾ ਨੂੰ ਪਵਿਤਰ ਕਰਦਾ ਹੈ ਉਹ ਪੁੰਨ ਹੈ ਜੋ ਆਤਮਾ ਨੂੰ ਅਪਵਿੱਤਰ ਕਰੇ, ਉਹ ਪਾਪ ਹੈ। ਸ਼ੁਭ ਕਰਮ ਪੁੰਨ ਹੈ ਅਸ਼ੁਭ ਕਰਮ ਪਾਪ।

ਧਰਮ ਦੀ ਪ੍ਰਾਪਤੀ, ਸਮਿਅਕ (ਸੱਚੀ) ਸ਼ਰਧਾ, ਸੰਜਮ, ਮਨੁੱਖਤਾ ਦਾ ਵਿਕਾਸ ਪੰਨ ਕਾਰਣ ਹੀ ਹੁੰਦਾ ਹੈ।

ਪੁੰਨ ਮੁਕਤੀ ਰੂਪੀ ਲੋਕਾਂ ਲਈ ਯੋਗ, ਹਵਾ ਦਾ ਨਾਂ ਹੈ। ਅਰੋਗਤਾ, ਸੰਪਤੀ ਅਤੇ ਸੰਸਾਰਿਕ ਸੁਖ ਮਾਨ-ਸਨਮਾਨ ਪੁੰਨ ਕਰਮ ਦੇ ਪੁਦਗਲਾਂ ਕਾਰਣ ਹੀ ਮਿਲਦੇ ਹਨ।

ਆਤਮਾ ਦੀਆਂ ਅਨੇਕਾਂ ਵਿਰਤੀਆਂ ਹਨ। ਇਸ ਲਈ ਪੁੰਨ ਪਾਪ ਦੇ ਕਾਰਣ ਅਨ-ਗਿਣਤ ਹਨ ਫੇਰ ਵੀ ਕੁਝ ਪੁੰਨ ਤੇ ਪਾਪ ਦੇ ਭੇਦ ਅਸੀਂ ਹੇਠਾਂ ਦੇ ਰਹੇ ਹਾਂ। ਪੁੰਨ ਦੇ ਦੋ ਪ੍ਰਮੁੱਖ ਭੇਦ ਹਨ। (1) ਪੁੰਨਾ ਅਨੁਬੰਧੀ ਪੁੰਨ (2) ਪਾਪਾ ਅਨੁਬੰਧੀ। ਪੁੰਨ ਕਰਨ ਨਾਲ ਨਵਾਂ ਪੁੰਨ ਮਿਲੇ ਪੁੰਨ ਕਰਮ ਦਾ ਬੰਧ ਹੋਵੇ ਤਾਂ ਪੁੰਨਾ ਅਨੁਬੰਧੀ ਹੈ। ਇਸ ਦੇ ਉਲਟ ਨਵੇਂ ਪਾਪ ਦਾ ਬੰਧ ਹੋਵੇ ਉਹ ਪਾਪਾ ਅਨੁਬੰਧੀ ਪੁੰਨ ਹੈ। ਜਿਵੇਂ ਕੋਈ ਮਨੁਖ ਪੂਰਵ ਪੁੰਨ ਸਦਕਾ ਸਭ ਪ੍ਰਕਾਰ ਦੇ ਸੁਖ ਪ੍ਰਾਪਤ ਕਰਕੇ, ਆਤਮਹਿਤ ਸੋਚਦਾ ਹੋਈਆ ਧਰਮ ਕਰਦਾ ਹੈ ਉਹ ਪੁੰਨ ਅਨੁਬੰਧ ਪੁੰਨ ਹੈ। ਇਕ ਆਦਮੀ ਪਿਛਲੇ ਜਨਮ ਦੇ ਪੁੰਨ ਸਦਕਾ ਸੁਖ ਭੋਗ ਦਾ ਵਰਤਮਾਨ ਪਾਪ ਕਰਦਾ ਹੈ, ਉਹ ਪਾਪਾਂ ਨੂੰ ਬੰਧੀ ਪੁੰਨ ਹੈ।

## 34 ਪੁੰਨ ਤੇ ਕਰਮ ਦੇ ਭੇਦ

ਸ਼ੁਭ ਕਰਮਾਂ ਦੇ ਪ੍ਰਗਟ ਹੋਣ ਨਾਲ ਪੈਦਾ ਹੋਏ ਸ਼ੁਭ ਪੁਦਗਲ ਨੂੰ ਪੁੰਨ ਕਿਹਾ ਜਾਂਦਾ ਹੈ। ਪੁੰਨ ਕਰਮਾਂ ਪੈਦਾ ਹੋਣ ਦੇ ਨੌ ਕਾਰਣ ਪ੍ਰਮੁਖ ਹਨ। ਪੁੰਨ 42 ਪ੍ਰਕਾਰ ਨਾਲ ਭੋਗਿਆ ਜਾਂਦਾ ਹੈ।

(1) ਅਨੰ ਪੁੰਨ (2) ਪਾਣੀ ਦਾ ਪੁੰਨ (3) ਸਥਾਨ ਦਾ ਪੁੰਨ (4) ਸੌਣ ਲਈ ਯੋਗ ਫੱਟਾ ਆਦਿ ਦੇਣ ਦਾ ਪੁੰਨ (5) ਕਪੜੇ ਦਾ ਪੁੰਨ (6) ਮਨ ਪੁੰਨ (7) ਵਚਨ ਪੁੰਨ (8) ਕਾਇਆ ਪੁੰਨ (9) ਨਮਸਕਾਰ ਪੁੰਨ।

ਅੰਨ, ਪਾਣੀ, ਦਵਾਈ ਆਦਿ ਸੁਪਾਤਰ ਨੂੰ ਦਾਨ ਕਰਨਾਂ, ਠਹਿਰਣ ਲਈ ਯੋਗ ਜਗ੍ਹਾਂ ਦੇਣਾ ਅਤੇ ਮਨ ਵਿਚ ਸ਼ੁਭ ਭਾਵਨਾ ਰਖਣਾ, ਚੰਗੇ ਵਚਨ ਬੋਲਣਾ, ਸ਼ਰੀਰ ਰਾਂਹੀ ਸ਼ੁਭ ਕਰਮ ਕਰਨਾ, ਸੱਚੇ ਦੇਵ, ਗੁਰੂ ਤੇ ਧਰਮ ਨੂੰ ਨਮਸਕਾਰ ਕਰਨਾ। ਪੁੰਨ ਕਰਮ ਦਾ 9 ਪ੍ਰਕਾਰ ਨਾਲ ਕੀਤਾ ਜਾਂਦਾ ਹੈ।

ਇਹ ਨੌ ਕਾਰਣਾ ਕਾਰਣ ਪੁੰਨ ਪੈਦਾ ਹੁੰਦਾ ਹੈ। ਦਾਨ ਦੇਣ ਲਗੇ ਇਹ ਵੇਖਣਾ

ਜ਼ਰੂਰੀ ਹੈ ਕਿ ਦਾਨ ਲੈਣ ਵਾਲਾ ਤੇ ਦੇਣ ਵਾਲਾ ਸੁਪਾਤਰ ਹੋਵੇ। ਦੇਣ ਵਾਲੇ ਦੀ ਨੇਕ ਕਮਾਈ ਹੋਵੇ ਅਤੇ ਲੈਣ ਵਾਲਾ ਵੀ ਦਾਨ ਦਾ ਸੱਚਾ ਹੱਕ ਦਾਰ ਹੋਵੇ। ਕੁਪਾਤਰ ਦਾਨ ਮੁਕਤੀ ਦੇ ਰਾਹ ਵਿਚ ਰੁਕਾਵਟ ਬਣ ਸਕਦਾ ਹੈ।

## ਪਾਪ ਕਰਮ ਦੇ ਕਾਰਣ

ਪਾਪ ਵੀ ਪੁੰਨ ਦੀ ਤਰ੍ਹਾਂ ਦੋ ਪ੍ਰਕਾਰ ਦਾ ਹੈ—

ਪਾਪ ਕਰਮ ਪ੍ਰਗਟ ਕਰਨ ਵਾਲੇ ਅਠਾਰਾਂ ਅਸ਼ੁਭ ਕਾਰਣ ਹਨ, ਜੋ ਮਨੁੱਖ ਨੂੰ ਨਰਕ ਤੇ ਪਸ਼ੂ ਗਤੀ ਵਿਚ ਭਟਕਾਉਂਦੇ ਹਨ।

ਪਾਪ ਦੇ 18 ਕਾਰਣ ਇਸ ਪ੍ਰਕਾਰ ਹਨ

(1) ਹਿੰਸਾ (2) ਝੂਠ (3) ਚੋਰੀ (4) ਅਬ੍ਰਹਮਚਰਜ (ਚਾਰਿਤਰ ਹੀਣਤਾ) (5) ਪ੍ਰਿਗ੍ਰਹਿ (6) ਕਰੋਧ (7) ਮਾਨ (8) ਮਾਇਆ (ਧੋਖਾ) (9) ਲੋਭ (10) ਰਾਗ (ਲਗਾਵ) (11) ਦਵੇਸ਼ (ਨਫ਼ਰਤ) (12) ਕਲੇਸ਼ (13) ਅਵਿਆਖਿਆਨ (ਝੂਠਾ ਦੋਸ਼ ਲਾਉਣਾ) (14) ਚੁਗਲੀ ਕਰਨਾ (15) ਪਰਾਈ ਨਿੰਦਾ (16) ਰਤਿ ਅਰਤਿ (ਪਾਪ ਵਿਚ ਰੁਚਿ ਅਤੇ ਧਰਮ ਤੋਂ ਨਫਰਤ) (17) ਮਾਇਆ ਮਰਿਸ਼ਾਵਾਦ (ਧੋਖਾ ਕਰਕੇ ਬੋਲਣਾ) (18) ਮਿਥਿਆ ਸ਼ਲਯ ਦਰਸ਼ਨ (ਝੂਠੇ ਧਾਰਮਿਕ ਵਿਸ਼ਵਾਸ)। ਅਸ਼ੁਭ ਕਰਮ ਕਾਰਣ ਪ੍ਰਗਟ ਹੋਣ ਤੇ ਅਸ਼ੁਭ ਕਰਮ ਪੁਦਗਲ ਨੂੰ ਹੀ ਪਾਪ ਆਖਦੇ ਹਨ।

ਅਧਿਆਤਮਕ ਪਖੋਂ ਪੁੰਨ ਤੇ ਪਾਪ ਦੋਹੇ ਮੁਕਤੀ ਦੇ ਰਾਹ ਦੀ ਰੁਕਾਵਟ ਹਨ। ਇਕ ਸੋਨੇ ਦੀ ਜੰਜੀਰ ਹੈ ਦੂਸਰੀ ਲੋਹੇ ਦੀ ਜੰਜੀਰ। ਜੰਜੀਰ, ਜੰਜੀਰ ਹੈ। ਮੁਕਤੀ ਲਈ ਜੰਜੀਰ ਦੀ ਨਹੀਂ ਸਗੋਂ, ਆਤਮਿਕ ਆਜਾਦੀ ਦੀ ਜ਼ਰੂਰਤ ਹੈ। ਇਸ ਲਈ ਪਹਿਲਾ ਪਾਪ ਕਰਮ ਦੇ ਕਾਰਣ ਛਡ ਨੇ ਚਾਹਿਦੇ ਹਨ ਬਾਅਦ ਵਿਚ ਪੁੰਨ ਫਲ ਤੋਂ ਮੁਕਤੀ ਲਈ ਵੀਤਰਾਗ ਅਵਸਥਾ ਹੋਣੀ ਚਾਹੀਦੀ ਹੈ। ਜਦ ਨਵੇਂ ਕਰਮ ਪੁਦਗਲ ਘਟ ਜਾਂਦੇ ਹਨ। ਤਾਂ ਸ਼ੁਧ ਵੀਤਰਾਗੀ ਮੁਕਤੀ ਪ੍ਰਾਪਤ ਕਰ ਸਕਦਾ ਹੈ ਪ੍ਰਾਪਤ ਪੁੰਨ ਪਾਪ ਦੋਹਾਂ ਦੇ ਬੰਧਨਾਂ ਵਿਚ ਫਸੀਆ ਮਨੁੱਖ ਸ਼ੁਧ ਵੀਤਰਾਗ ਅਰਿਹੰਤ ਅਵਸਥਾ ਪ੍ਰਾਪਤ ਨਹੀਂ ਕਰ ਸਕਦਾ। ਇਹ 18 ਪਾਪ 82 ਪ੍ਰਕਾਰ ਨਾਲ ਜੀਵ ਭੋਗਦਾ ਹੈ।

## 5 ਆਸ਼ਰਵ

ਪੁੰਨ, ਪਾਪ ਰੂਪੀ ਕਰਮਾ ਦੇ ਆਉਣ ਦਾ ਦਰਵਾਜਾ ਹੀ ਆਸ਼ਰਵ ਹੈ। ਆਸ਼ਰਵ ਰਾਂਹੀ ਆਤਮਾ ਕਰਮਾਂ ਨੂੰ ਗ੍ਰਹਿਣ ਕਰਦੀ ਹੈ। ਦਿਗੰਵਰ ਫਿਰਕੇ ਵਿਚ ਪਾਪ ਤੇ ਪੁੰਨ ਨੂੰ ਆਸ਼ਰਵ ਵਿਚ ਸ਼ਾਮਲ ਕੀਤਾ ਗਿਆ ਹੈ।

ਮਨ, ਵਚਨ ਅਤੇ ਕਾਇਆ ਦਾ ਯੋਗ (ਸੁਮੇਲ) ਆਸ਼ਰਵ ਹੈ। ਜਿਵੇਂ ਪਾਣੀ ਆਉਣ ਦੀ ਨਾਲੀ ਹੁੰਦੀ ਹੈ ਉਸ ਨਾਲ ਨਾਲੀ ਰਾਂਹੀਂ ਪਾਣੀ ਆਉਂਦਾ ਰਹਿੰਦਾ ਹੈ। ਉਸੇ ਪ੍ਰਕਾਰ ਆਤਮਾ ਰੂਪੀ ਸਰੋਵਰ ਵਿਚ ਹਿੰਸਾ ਝੂਠ, ਆਦਿ ਪਾਪ ਦੇ ਕਰਮਾਂ ਦੇ ਕਾਰਣ ਦੀ ਨਾਲੀ

ਦਾ ਪਾਣੀ ਭਰਦਾ ਰਹਿੰਦਾ ਹੈ। ਆਤਮਾ ਵਿਚ ਕਰਮ ਆਉਣ ਦਾ ਦਰਵਾਜਾ ਆਸ਼ਰਵ ਹੈ। ਜਿਵੇਂ ਕਿਸ਼ਤੀ ਵਿਚ ਛੇਕ ਕਾਰਣ ਪਾਣੀ ਆਉਂਦਾ ਹੈ। ਉਸੇ ਪ੍ਰਕਾਰ ਮਨ, ਵਚਨ, ਕਾਇਆ ਯੋਗ ਅਤੇ ਕਸ਼ਾਏ ਕਾਰਣ ਕਰਮਾ ਦਾ ਆਗਮਨ ਹੁੰਦਾ ਹੈ।

ਮਨ, ਵਚਨ ਤੇ ਕਾਇਆ ਦੇ ਸ਼ੁਭ ਭਾਵ ਸ਼ੁਭ ਆਸ਼ਰਵ ਹੈ ਅਤੇ ਅਸ਼ੁਭ ਭਾਵ ਅਸ਼ੁਭ ਆਸ਼ਰਵ ਹੈ। ਆਸ਼ਰਵ ਦੋ ਪ੍ਰਕਾਰ ਦਾ ਹੈ। ਕਸ਼ਾਏ ਯੁਕਤ ਜੀਵਾਂ ਦਾ ਜੋ ਬੰਧ ਹੁੰਦਾ ਹੈ ਉਹ ਕਰਮ ਦੀ ਸਥਿਤੀ ਪੈਦਾ ਕਰਨ ਵਾਲਾ ਸੰਾਮਪਰਾਏਕ ਕਰਮ ਬੰਧ ਹੈ। ਕਸ਼ਾਏ ਰਹਿਤ ਵੀਤਰਾਗ ਜੀਵਾਂ ਦਾ ਜੋ ਕਰਮ ਬੰਧ ਹੈ ਉਹ ਏਰਿਆ ਪਥਿਕ ਹੈ। ਏਰਿਆ ਪਥੀਕ ਬੰਧ ਵਿਚ ਕਰਮ ਪਹਿਲੇ ਸਮੇਂ ਵਿਚ, ਜੀਵ ਆਤਮਾ ਦੇ ਨਾਲ ਲਗਦੇ ਹਨ ਅਤੇ ਦੂਸਰੇ ਸਮੇਂ ਝੜ ਜਾਂਦੇ ਹਨ।

## ਆਸ਼ਰਵ ਦੇ ਪੰਜ ਭੇਦ ਹਨ।

(1) ਮਿਥਿਆਤਵ (2) ਅਵਿਰਤਿ (3) ਪ੍ਰਮਾਦ (4) ਕਸ਼ਾਏ (5) ਯੋਗ (ਮਨ-ਵਚਨ ਤੇ ਕਾਇਆਂ।

o ਮਿਥਿਆਤਵੀ, ਦੇਵ, ਗੁਰੂ ਤੇ ਧਰਮ ਤੋਂ ਉਲਟ ਸ਼ਰਧਾ ਕਰਨਾ, ਧਰਮ ਰਹਿਤ ਕੰਮ ਕਰਨਾ, ਨੌ ਤੱਤਵਾਂ ਤੇ ਸ਼ਰਧਾ ਨਾ ਰਖਣਾ ਦਾ ਨਾਂ ਹੈ।

o ਤਿਆਗ ਨੂੰ ਛੱਡ ਕੇ, ਭੋਗ ਪ੍ਰਤੀ ਭੱਜਨਾਂ ਅਵਿਰਤੀ ਹੈ।

o ਆਤਮ ਕਲਿਆਣ ਅਤੇ ਚੰਗੇ ਕਰਮਾਂ ਪ੍ਰਤੀ ਅਣਗਿਹਲੀ ਤੇ ਆਲਸ ਦਾ ਨਾਂ ਪ੍ਰਮਾਦ ਹੈ।

o ਕਰੋਧ, ਮਾਨ ਮਾਇਆ ਤੇ ਲੋਭ ਵਿਚ ਲਗੇ ਰਹਿਣਾ ਕਸ਼ਾਏ ਹੈ।

੯ ਮਨ, ਵਚਨ ਤੇ ਕਾਇਆ ਦੀਆਂ ਸ਼ੁਭ ਅਤੇ ਅਸ਼ੁਭ ਵਿਉਪਾਰ ਯੋਗ ਹਨ।

o ਹਿੰਸਾ ਤੋਂ ਪਰਿਗ੍ਰਹਿ ਤਕ ਪੰਜ ਪਾਪ।

o ਪੰਜ ਇੰਦਰੀਆਂ ਦਾ ਅਸ਼ੁਭ ਕਰਮ ਵਿਚ ਲਗਣਾ।

o ਵਸਤਰ ਪਾਤਰ ਆਦਿ ਵਸਤਾਂ ਨੂੰ ਠੀਕ ਪ੍ਰਕਾਰ ਨਾਲ ਰਖਣਾ।

o ਸੂਈ, ਘਾਹ ਦਾ ਵਿਛੋਨਾ ਠੀਕ ਪ੍ਰਕਾਰ ਨਾਲ ਗ੍ਰਹਿਣ ਕਰਨਾ।

ਕਾਈਕੀ ਆਦਿ 25 ਕ੍ਰਿਆਵਾਂ ਵੀ ਆਸ਼ਰਵ ਅਤੇ ਕਰਮ ਬੰਧ ਹਨ ਸੋ ਇਨ੍ਹਾਂ ਤੋਂ ਬਚਨਾ ਜ਼ਰੂਰੀ ਹੈ।

## 6 ਸੰਬਰ

ਕਰਮ ਆਉਣ ਦੇ ਦਰਵਾਜੇ ਨੂੰ ਰੋਕਣਾ (ਨਿਰੋਧ) ਹੀ ਸੰਬਰ ਹੈ, ਆਸ਼ਰਵ ਦਾ ਵਿਰੋਧੀ ਸੰਬਰ ਹੈ। ਆਸ਼ਰਵ ਕਰਮ ਰੂਪੀ ਪਾਣੀ ਦੇ ਆਉਣ ਦੀ ਨਾਲੀ ਦੇ ਸਮਾਨ ਹੈ। ਇਸ ਕਰਮ ਰੂਪੀ ਨਾਲੀ ਦਾ ਬੰਦ ਕਰਨ ਦਾ ਨਾਂ ਸੰਬਰ ਹੈ।

ਸੰਬਰ ਦੀ ਕ੍ਰਿਆ ਪ੍ਰਗਟ ਹੋਣ ਨਾਲ ਨਵੇਂ ਕਰਮਾਂ ਦਾ ਆਉਣਾ ਬੰਦ ਹੋ ਜਾਂਦਾ ਹੈ।

ਸੰਬਰ ਦੇ ਮੁਖ ਦੋ ਭੇਦ ਹਨ 1) ਦਰਵ ਸੰਬਰ 2) ਭਾਵ ਸੰਬਰ

ਕਰਮ ਪੁਦਗਲ ਨੂੰ ਗ੍ਰਹਿਣ ਕਰਕੇ ਰੋਕਣਾ ਜਾਂ ਖਤਮ ਕਰਨਾ ਦੱਰਵ ਸੰਬਰ ਹੈ।

ਸੰਸਾਰ ਦੇ ਕਾਰਣ ਕ੍ਰਿਆਵਾਂ ਦਾ ਤਿਆਗ ਕਰਕੇ ਆਤਮਾ ਨੂੰ ਆਤਮਾ ਵਿਚ ਲਾਉਣਾ ਹੀ ਭਾਵ ਸੰਬਰ ਹੈ।

### ਤੱਤਵ ਪਖੋਂ ਸੰਬਰ ਦੇ ਪੰਜ ਭੇਦ ਹਨ :

ਸਮਿੱਕਤਵ—ਜੀਵ ਅਜੀਵ ਆਦਿ 9 ਤੱਤਵਾਂ ਪ੍ਰਤੀ ਸੱਚੀ ਸ਼ਰਧਾ ਕਰਕੇ ਗਲਤ ਮਾਨਤਾਵਾਂ ਦਾ ਤਿਆਗ ਕਰਨਾ ਹੀ ਸਮਿਅਕਤਵ ਹੈ।

ਵਿਰਤ—18 ਪ੍ਰਕਾਰ ਦੇ ਪਿਛੇ ਦਸੇ ਪਾਪਾਂ ਦਾ ਤਿਆਗ ਕਰਨਾ। ਪੰਜ ਪ੍ਰਮੁਖ ਪਾਪਾ ਤੋਂ ਆਤਮਾ ਨੂੰ ਰੋਕਣਾ।

ਅਪ੍ਰਮਾਦ—ਧਰਮ ਪ੍ਰਤੀ ਉਤਸ਼ਾਹ ਹੋਣਾ ਅਤੇ ਧਰਮ ਕਰਮ ਪ੍ਰਤੀ ਅਣਗਹਿਲੀ ਨਾ ਰਖਣਾ।

ਅਕਸ਼ਾਏ—ਕਰੋਧ ਆਦਿ ਚਾਰ ਕਸ਼ਾਏ ਦਾ ਖਾਤਮਾ ਜਾਂ ਘੱਟ ਹੋਣਾ।

ਯੋਗ—ਮਨ, ਬਚਨ ਤੇ ਕਾਇਆ ਦੀਆਂ ਸ਼ੁਭ ਅਤੇ ਅਸ਼ੁਭ ਵਿਰਤੀਆਂ ਨੂੰ ਰੋਕਣਾ।

ਇਹ ਸੰਬਰ ਦੇ ਮੁੱਖ ਭੇਦ ਹਨ ਜੋ ਆਸ਼ਰਵ ਵਿਰੋਧੀ ਹਨ। ਕਈ ਵਿਦਵਾਨ ਸਮਿ-ਕਤਵ ਆਦਿ ਦੇ ਪੰਜ ਭੇਦ ਮਿਲਾ ਕੇ 20 ਜਾਂ 57 ਭੇਦ ਵੀ ਕਰਦੇ ਹਨ।

## 7 ਨਿਰਜਰਾ

ਸੰਬਰ ਨਵੇਂ ਆਉਣ ਵਾਲੇ ਕਰਮਾਂ ਦੇ ਰੋਕਣ ਦਾ ਨਾਂ ਹੈ ਪਰ ਇਕਲਾ ਸੰਬਰ ਮਨੁੱਖ ਨੂੰ ਮੁਕਤੀ ਨਹੀਂ ਦਿਲਾ ਸਕਦਾ।

ਆਤਮਾ ਰੂਪੀ ਨੌਕਾ ਵਿਚ ਛੇਦਾਂ ਰਾਹੀਂ ਪਾਣੀ ਆਉਣਾ ਆਸ਼ਰਵ ਹੈ। ਛੇਦ ਬੰਦ ਕਰਕੇ ਪਾਣੀ ਰੋਕਣਾ ਸੰਬਰ ਹੈ। ਪਰ ਜੋ ਪਾਣੀ ਕਿਸ਼ਤੀ ਦੇ ਅੰਦਰ ਆ ਗਿਆ ਹੈ ਉਸ ਨੂੰ ਹੌਲੀ ਹੌਲੀ ਬਾਹਰ ਕਰਨਾ ਨਿਰਜਰਾ ਹੈ।

ਨਿਰਜਰਾ ਦਾ ਅਰਥ ਹੈ ਪੁਰਾਣੇ ਸੰਗ੍ਰਿਹ ਕੀਤੇ ਕਰਮਾਂ ਪੁਦਗਲ ਦੀ ਧੂੜ ਨੂੰ ਝਾੜ ਦੇਣਾ। ਆਤਮ ਪ੍ਰਦੇਸ਼ਾਂ ਨਾਲ ਜੁੜੇ ਕਰਮਾ ਦਾ ਝੜਨਾ ਨਿਰਜਰਾ ਹੈ। ਨਿਰਜਰਾ ਦੀ ਕ੍ਰਿਆ ਵਿਚ, ਕਰਮਾ ਦਾ ਇਕੋ ਸਮੇਂ ਖਾਤਮਾ ਨਹੀਂ ਹੁੰਦਾ। ਪਰ ਨਿਰਜਰਾ ਦੀ ਕ੍ਰਿਆ ਦੀ ਅਵਸਥਾ ਜਦ ਉੱਚਤਮ ਹੋ ਜਾਂਦੀ ਹੈ ਤਾਂ ਆਤਮ ਪ੍ਰਦੇਸ਼ਾ ਨਾਲ ਸੰਬਧਿਤ ਸਾਰੇ ਕਰਮਾ ਦਾ ਖਾਤਮਾ ਹੋ ਜਾਂਦਾ ਹੈ।

ਨਿਰਜਰਾਂ ਦੇ ਦੋ ਪ੍ਰਮੁਖ ਭੇਦ ਹਨ ਸਕਾਮ (ਉਦੇਸ਼ ਪੂਰਨ) ਨਿਰਜ਼ਰਾ ਅਤੇ ਅਕਾਮ (ਬਿਨਾ ਉਦੇਸ਼) ਨਿਰਜਰਾ।

ਨਿਰਜਰਾ ਆਤਮਾ ਸ਼ੁਧੀ ਵਲ ਪੌੜੀਆਂ ਦੀਆਂ ਤਰਾਂ ਹੈ। ਸੰਬਰ ਵਿਚ ਮਨ, ਵਚਨ ਤੇ ਸਰੀਰ ਦੀ ਸ਼ੁਧੀ 10 ਪ੍ਰਕਾਰ ਦਾ ਧਰਮ, 12 ਅਨੁਪਰੇਕਸ਼ਾਵਾਂ ਸਹਾਇਕ ਹਨ।

10 ਪ੍ਰਕਾਰ ਦਾ ਧਰਮ :

1) ਖਿਮਾ :—ਕਰੋਧ ਨੂੰ ਰੋਕਣਾ ।

2) ਮਾਰਦਵ :—ਜਾਤ, ਕੁੱਲ, ਗਿਆਨ, ਸ਼ਾਨ ਸ਼ੌਕਤ ਦਾ ਹੰਕਾਰ ਨਾ ਕਰਨਾ ।

3) ਆਰਜਵ :—ਸਰਲਤਾ ਧਾਰਨ ਕਰਨਾ ।

4) ਸ਼ੌਚ :—ਆਤਮਾ ਦੀ ਸ਼ੁਧੀ ਲਈ ਉਪਾਅ ਕਰਨਾ ।

5) ਸੱਚ :—ਮਿਥਿਆ ਵਚਨ, ਵਿਵਹਾਰ ਦੋਹਾਂ ਤੋਂ ਦੂਰ ਰਹਿਣਾ ।

6) ਸੰਜਮ :—ਹਿੰਸਾ ਆਦਿ ਵਿਰਤੀਆਂ ਤੋਂ ਦੂਰ ਰਹਿਣਾ ।

7) ਤੱਪ :—ਸੰਗ੍ਰਿਹ ਕੀਤੇ ਕਰਮਾਂ ਨੂੰ ਝਾੜਨ ਲਈ ਤੱਪ ਜਰੂਰੀ ਹੈ ।

8) ਤਿਆਗ :—ਚੰਗੇ ਕੰਮ ਲਈ, ਯੋਗ ਪਾਤਰ ਨੂੰ ਹਰ ਪ੍ਰਕਾਰ ਦੀ ਸਹਾਇਤਾ ਕਰਨਾ ।

9) ਅਕਿਚੰਨਯ :—ਪਰਿਗ੍ਰਹਿ ਦੇ ਪ੍ਰਤੀ ਲਗਾਵ ਨਾ ਰਖਣਾ ।

10) ਬ੍ਰਹਮਚਰਜ :—ਆਤਮਾ ਵਿਚ ਹੀ ਸਥਿਤ ਰਹਿਨਾ, ਕਾਮ ਭੋਗਾ ਨੂੰ ਪਾਪਾ ਦਾ ਕਾਰਣ ਜਾਣ ਕੇ ਉਨ੍ਹਾਂ ਵਿਚ ਨਾ ਉਲਝਣਾ ।

## ਨਿਰਜਰਾ ਤੱਤਵਾਂ ਦੇ ਭੇਦ

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਨਿਰਜਰਾ ਕਿਵੇਂ ਹੋਵੇ ? ਕਰਮਾਂ ਦੇ ਖਾਤਮੇ ਲਈ ਤੱਪ ਦੋ ਪ੍ਰਕਾਰ ਦਾ ਹੈ 1) ਅੰਦਰਲਾ ਤਪ 2) ਬਾਹਰਲਾ ਤੱਪ । ਦੋ ਤਪਾਂ ਦੇ ਛੇ ਛੇ ਭੇਦ ਹਨ ।

## ਅੰਦਰਲਾ ਤੱਪ

1) ਪ੍ਰਾਸ਼ਚਿਤ 2) ਵਿਨੇ 3) ਵੈਯਵਰਿਤ (ਬਾਲਕ, ਬੁਢੇ ਅਤੇ ਰੋਗੀ ਦੀ ਸੇਵਾ) 4) ਸਵਾਧਿਆਏ (ਧਰਮ ਗ੍ਰੰਥਾਂ ਦਾਂ ਅਧਿਐਨ) 5) ਧਿਆਨ (ਆਰਤ ਤੇ ਰੋਦਰ ਦੇ ਅਸ਼ੁਭ ਧਿਆਨਾਂ ਨੂੰ ਛੱਡ ਕੇ ਧਰਮ ਤੇ ਸ਼ੁਕਲ ਧਿਆਨ ਕਰਨਾ) 6) ਵਿਯੁਤਸਰਗ

ਇਹ 6 ਤੱਪ ਅੰਦਰਲੇ ਤੱਪ ਹਨ ਅਤੇ ਆਤਮ ਸ਼ੁਧੀ ਲਈ ਸਭ ਤੋਂ ਵਧ ਮਹੱਤਵ-ਪੂਰਵ ਹਨ ।

## ਬਾਹਰਲੇ ਤੱਪ

1) ਵਰਤ 2) ਉਨੋਦਰੀ (ਭੁੱਖ ਤੋਂ ਘੱਟ ਖਾਣਾ) 3) ਭਿਖਿਆ ਨਾਲ ਗੁਜਾਰਾ ਕਰਨਾ 4) ਰਸ ਤਿਆਗ 5) ਕਾਇਆ ਕਲੇਸ਼ (ਸਰੀਰ ਨੂੰ ਭਿੰਨ ਭਿੰਨ ਤੱਪਾਂ ਰਾਹੀਂ ਦੁੱਖੀ ਕਰਨਾ 6) ਪ੍ਰਤੀਸ਼ਲੀਨਤਾ । (ਵੇਖੋ ਗੁਰੂ ਸਬਦ ਦੀ ਵਿਆਖਿਆ)

## 8 ਬੰਧ

ਦੁਧ, ਪਾਣੀ ਦੇ ਮੇਲ ਦੀ ਤਰ੍ਹਾਂ ਆਤਮਾ ਦਾ ਕਰਮਾਂ ਨਾਲ ਘੁਲ ਮਿਲ ਜਾਣਾ ਹੀ ਬੰਧ ਹੈ । ਬੰਧ ਇਕ ਵਸਤੂ ਦਾ ਨਹੀਂ, ਦੋ ਵਸਤੂਆਂ ਦਾ ਮੇਲ ਹੈ । ਆਤਮਾ ਤੇ ਕਰਮਾ ਦਾ

ਮੇਲ ਹੀ ਬੰਧ ਹੈ। ਕਸ਼ਾਏ ਆਦਿ ਦੇ ਪੁਦਗਲਾ ਦਾ ਆਤਮਾ ਨਾਲ ਸੰਬਧਿਤ ਹੋਣਾ ਬਧ ਅਖਵਾਉਂਦਾ ਹੈ। ਜਿਵੇਂ ਵੇਖਣ ਨੂੰ ਦੁਧ ਪਾਣੀ ਇਕ ਵਿਖਾਈ ਦਿੰਦੇ ਹਨ. ਪਰ ਵਖੋ ਵਖ ਹਨ। ਠੀਕ ਇਸੇ ਪ੍ਰਕਾਰ ਆਤਮਾ ਤੇ ਕਰਮ ਬੰਧ ਤੱਤਵ ਕਾਰਣ ਇਕਠੇ ਵਿਖਾਈ ਦਿੰਦੇ ਹਨ। ਬੰਧ ਕਾਰਣ ਹੀ ਮਨੁਖ ਜਨਮ ਮਰਨ ਦੇ ਚਕਰ ਖਾ ਰਿਹਾ ਹੈ ਕਰਮਾ ਨੂੰ ਟੋਲਨ ਦੀ ਲੋੜ ਨਹੀਂ। ਇਸ ਪ੍ਰਕਾਰ ਦੇ (ਕਰਮ) ਪੁਦਗਲ ਦਰਵ ਸਾਰੇ ਲੋਕ ਵਿਚ ਠੁਸ ਠੁਸ ਕੇ ਭਰੇ ਪਏ ਹੈ ਇਸਨੂੰ ਜੈਨ ਸ਼ਾਸਤਰ ਕਰਮ ਵਰਗਨਾ ਆਖਦੇ ਹਨ ਇਹ ਕਰਮ ਵਰਗਨਾ ਦੇ ਪੁਦਗਲ ਰਾਗ ਦਵੇਸ਼ ਮੋਹ ਰੂਪ ਚਿਕਨਾਰਟ ਕਾਰਣ ਆਤਮ ਪ੍ਰਦੇਸ਼ਾਂ ਨੂੰ ਚਿਪਕ ਜਾਂਦੇ ਹਨ।

## ਬੰਧ ਤੱਤਵ ਦੇ ਚਾਰ ਭੇਦ ਹਨ

ਬੰਧ ਸ਼ੁਭ ਅਤੇ ਅਸ਼ੁਭ ਦੋ ਪ੍ਰਕਾਰ ਦਾ ਹੁੰਦਾ ਹੈ।

ਬੰਧ ਪ੍ਰਾਕ੍ਰਿਤੀ ਦਾ ਕਾਰਣ ਅੱਠ ਕਰਮ ਹਨ।

(1) ਗਿਆਨ ਵਰਨੀਆ (2) ਦਰਸ਼ਨਾ ਵਰਨੀਆਂ (3) ਵੇਦਨੀਆ (4) ਮੋਹਨੀਆਂ (5) ਆਯੂਸ਼ (6) ਨਾਮ (7) ਗੋਤਰ (8) ਅੰਤਰਾਏ (ਵੇਖੋ ਕਰਮਵਾਦ)

## ਕਰਮ ਬੰਧ ਦੇ ਕਾਰਣ

1) ਮਿਥਿਆਤਵ 2) ਅਵਿਰਤਿ 3) ਪ੍ਰਮਾਦ 4) ਕਸ਼ਾਏ 5) ਯੋਗ

ਇਨ੍ਹਾਂ ਵਿਚੋਂ ਪਹਿਲੇ 4 ਕਰਮ ਦੇ ਭੇਦ ਆਤਮਾ ਦੇ ਸੁਭਾਵਿਕ ਗੁਣਾਂ ਨੂੰ ਢਕਦੇ ਹਨ ਇਸ ਕਰਕੇ ਇਨ੍ਹਾਂ ਨੂੰ ਘਾਤੀ ਕਰਮ ਕਿਹਾ ਜਾਂਦਾ ਹੈ।

ਬਾਕੀ 4 ਕਰਮ ਅਘਾਤੀ ਹਨ ਕਿਉਂਕਿ ਇਹ ਆਤਮਾ ਨੂੰ ਸੰਸਾਰ ਵਿਚ ਟਿਕਾ ਕੇ ਰੱਖਦੇ ਹਨ।

ਕਰਮ ਦੇ ਫਲ ਪੱਕਣ ਤੋਂ ਪਹਿਲਾਂ ਦੀ ਸਥਿਤੀ ਦਾ ਨਾਂ ਬੰਧ ਹੈ। ਕਰਮ ਦਾ ਫਲ ਮਿਲਣ ਦਾ ਸਮਾਂ ਪੁੰਨ ਤੇ ਪਾਪ ਹੈ। ਪ੍ਰਾਕਿਤੀ ਬੰਧ ਅਤੇ ਪ੍ਰਦੇਸ਼ ਬੰਧ, 3 ਯੋਗ (ਮਨ, ਵਚਨ ਤੇ ਸਰੀਰ) ਕਾਰਣ ਅਤੇ ਸਥਿਤੀ, ਅਨੁਭਾਗ ਕਸ਼ਾਏ ਕਾਰਣ ਹੁੰਦੇ ਹਨ।

1) ਪ੍ਰਾਕ੍ਰਿਤੀ ਬੰਧ :—ਕਰਮਾਂ ਦੇ ਸੁਭਾਵ ਅਨੁਸਾਰ ਬੰਧਨਾਂ।

2) ਸਥਿਤੀ :—ਕਰਮ ਬੰਧਨ ਦਾ ਸਮਾਂ ਨਿਸ਼ਚਿਤ ਹੋਣਾ।

3) ਅਨੁਭਾਗ :—ਕਰਮ ਦੇ ਫਲ ਦੀ ਤੇਜੀ ਜਾਂ ਕਮੀ ਸ਼ੁਭ ਜਾਂ ਅਸ਼ੁਭ ਰਸ ਦੀ ਸ਼ਕਤੀ ਪਤਾ ਲਗਣਾ।

4) ਪ੍ਰਦੇਸ਼ :—ਕਰਮ ਪੁਦਗਲਾਂ ਦੀ ਸ਼ਕਤੀ ਦੇ ਸੁਭਾਅ ਅਨੁਸਾਰ ਭਿੰਨ ਭਿੰਨ ਭਾਗਾਂ ਵਿਚ ਵੰਡੀਆਂ ਜਾਣਾਂ।

## 9 ਮੋਕਸ਼

ਜੈਨ ਧਰਮ ਅਨੁਸਾਰ ਜਿੰਦਗੀ ਦਾ ਪਹਿਲਾ ਤੇ ਆਖਰੀ ਨਿਸ਼ਾਨਾ ਜਨਮ, ਜਰਾ, ਦੁੱਖ ਤੱਤਵ ਤੋਂ ਛੁਟਕੇ ਮੋਕਸ਼ ਨੂੰ ਪ੍ਰਾਪਤ ਕਰਨਾ ਹੈ। ਜਦ ਤਕ ਸਰੀਰ ਹੈ ਜੀਵ ਆਤਮਾ ਕਰਮਾਂ

ਦੇ ਬੰਧਨਾਂ ਵਿਚ ਇਸ ਪ੍ਰਕਾਰ ਜਕੜੀ ਹੋਈ ਹੈ। ਆਤਮਾ ਸ਼ੁਧ ਸ਼ੀਸ਼ਾ ਹੈ। ਜਿਸ ਪ੍ਰਕਾਰ ਸ਼ੁਧ ਸ਼ੀਸ਼ੇ ਤੇ ਧੂਲ ਪੈ ਜਾਵੇ ਤਾਂ ਮਨੁੱਖ ਆਪਣਾ ਮੂੰਹ ਨਹੀਂ ਵੇਖ ਸਕਦਾ। ਠੀਕ ਉਸੇ ਪ੍ਰਕਾਰ ਆਤਮਾ ਰੂਪੀ ਸ਼ੀਸ਼ੇ ਤੇ ਕਰਮਾਂ ਪ੍ਰਮਾਣੂ ਪੁਦਗਲ ਦੀ ਧੂਲ ਅਨੰਤ ਕਾਲ ਤੋਂ ਪਈ ਹੈ।

ਜਦ ਕਰਮ ਬੰਧਨ ਟੁਟ ਜਾਂਦੇ ਹਨ ਤਾਂ ਆਤਮਾ ਫਿਰ ਆਪਣੇ ਸ਼ੁਧ ਨਿੱਤ, ਅਜ਼ਰ, ਅਮਰ ਤੇ ਸਚਿਦਾਨੰਦ ਸਵਰੂਪ ਵਿਚ ਆ ਜਾਂਦੀ ਹੈ।

ਜਦ ਰਾਗ ਦੇਵ ਦਾ ਖਾਤਮਾ ਹੋ ਜਾਂਦਾ ਹੈ ਤਾਂ ਜੀਵ ਆਤਮਾ ਵੀਤਰਾਗੀ ਅਵਸਥਾ ਨੂੰ ਪ੍ਰਾਪਤ ਕਰ ਲੈਂਦੀ ਹੈ।

ਮੋਕਸ਼ ਅਵਸਥਾ ਵਾਲੀ ਆਤਮਾ ਹੀ ਪ੍ਰਮਾਤਮਾ ਹੈ। ਇਸ ਅਵਸਥਾ ਦਾ ਵਰਨਣ ਕੋਈ ਸ਼ਬਦ ਜਾਂ ਉਪਮਾ ਰਾਹੀਂ ਨਹੀਂ ਕੀਤਾ ਜਾ ਸਕਦਾ। ਇਹ ਹੀ ਕਿਹਾ ਜਾ ਸਕਦਾ ਹੈ ਨਿਮੋਕਸ਼ ਸਮੇਂ ਸੰਸਾਰ ਵਿਚ ਆਉਣਾ ਜਾਣਾ ਖਤਮ ਹੋ ਜਾਂਦਾ ਹੈ। ਆਤਮਾ ਆਪਣੇ ਨਿਜ ਸੁਭਾਅ ਵਿਚ ਆ ਜਾਂਦੀ ਹੈ।

ਮੋਕਸ਼ ਪ੍ਰਾਪਤੀ ਦੇ ਚਾਰ ਉਪਾਅ ਹਨ। (1) ਗਿਆਨ (2) ਦਰਸ਼ਨ (3) ਚਾਰਿੱਤਰ (4) ਤੱਪ

ਗਿਆਨ ਰਾਹੀਂ ਸ਼ੁਧ ਤੱਤਵਾਂ ਦੀ ਜਾਣਕਾਰੀ ਹੁੰਦੀ ਹੈ। ਦਰਸ਼ਨ ਰਾਹੀਂ ਤੱਤਵਾਂ ਪ੍ਰਤੀ ਸ਼ਰਧਾ ਜਾਗਦੀ ਹੈ। ਚਾਰਿੱਤਰ (ਅਮਲ ਰਾਹੀਂ) ਰਾਹੀਂ ਆਉਂਦੇ ਕਰਮਾਂ ਨੂੰ ਰੋਕਿਆ ਜਾ ਸਕਦਾ ਹੈ। (4) ਤਪ ਰਾਹੀਂ ਬੰਧਨ ਕੀਤੇ ਕਰਮਾਂ ਦਾ ਖਾਤਮਾ ਹੁੰਦਾ ਹੈ।

ਜੈਨ ਧਰਮ ਵਿਚ ਕਰਮ ਬੰਧਨ ਤੋਂ ਮੁਕਤ ਅਵਸਥਾ ਨੂੰ ਸਿਧ, ਬੁੱਧ ਤੇ ਮੁਕਤ ਅਵਸਥਾ ਆਖਦੇ ਹਨ। ਕੇਵਲ ਗਿਆਨ ਰਾਹੀਂ ਜੀਵ ਅਰਿਹੰਤ ਤੇ ਸਰਵੱਗ ਅਵਸਥਾ ਪ੍ਰਾਪਤ ਕਰਦਾ ਹੈ। ਇਹ ਜੀਵ ਕਰਮਾਂ ਦੇ ਬੰਧਨ ਖਤਮ ਕਰਕੇ ਹੀ ਪ੍ਰਮਾਤਮਾ ਜਾਂ ਮੋਕਸ਼ ਦਾ ਅਧਿਕਾਰੀ ਬਣਦਾ ਹੈ।

ਜੈਨ ਧਰਮ ਸਾਧਨਾਂ ਵਿਚ ਮੋਕਸ਼ ਪ੍ਰਾਪਤੀ ਲਈ ਕਿਸੇ ਜਾਤੀ, ਕੁਲ, ਫਿਰਕੇ ਜਾਂ ਵਿਅਕਤੀ ਨੂੰ ਪ੍ਰਧਾਨਤਾ ਨਹੀਂ ਦਿੱਤੀ ਗਈ। ਆਤਮਾ ਦੀ ਕਰਮ ਬੰਧ ਤੋਂ ਮੁਕਤ ਅਵਸਥਾ ਹੀ ਮੋਕਸ਼ ਦਾ ਕਾਰਣ ਹੈ।


## ਜੀਵ

### ਵਰਗਨਾ


ਵਰਗਨਾ ਸਭ ਤੋਂ ਸੂਖਮ ਹੁੰਦੀ ਹੈ। ਵਰਗਨਾ ਦਾ ਅਰਥ ਹੈ ਇਕ ਹੀ ਜਾਤੀ ਦੇ ਪੁਦਗਲ ਸਕੰਧ ਦਾ ਸਮੂਹ। ਉਂਝ ਇਹ ਵਰਗਨਾ ਅਸੰਖ ਹਨ। ਪਰ ਮੂਲ ਰੂਪ ਵਿਚ 8 ਹਨ। ਪਹਿਲੀ 5 ਸਰੀਰ ਦੇ ਨਿਰਮਾਨ ਵਿਚ ਸਹਾਇਕ ਹਨ। ਬਾਕੀ ਮਨ ਦੀ ਕ੍ਰਿਆ ਵਿਚ ਸਹਾਇਕ ਹਨ।

(1) ਔਦਾਰਇਕ ਵਰਗਨਾ (2) ਬੈਕਰਿਆ ਵਰਗਨਾ (3) ਅਹਾਰਕ ਵਰਗਨਾ

(4) ਤੇਜਸ ਵਰਗਨਾ (5) ਕਾਰਮਨ ਵਰਗਨਾ [6] ਸ਼ਵਾਸੋਸਵਾਸ ਵਰਗਨਾ [7] ਭਾਸਾ ਵਰਗਨਾ [8] ਮਨ ਵਰਗਨਾ। ਪ੍ਰਾਣੀ ਅਨਾਦਿ ਕਾਲ ਤੋਂ ਕਾਰਮਨ ਵਰਗਨਾ ਨਾਲ ਪ੍ਰਭਾਵਿਤ ਹੈ। ਪ੍ਰਾਣੀ ਦੇ ਛੋਟੇ ਵਿਭਾਗ ਦਾ ਨਾਂ ਨਿਗੋਦ ਹੈ। ਨਿਗੋਦ ਤੋਂ ਭਾਵ ਹੈ ਅਜਿਹਾ ਇਕ ਸਰੀਰ ਜਿਸ ਵਿਚ ਕਈ ਜੀਵ ਹੋਣ, ਜਿਵੇਂ ਸੰਪੂਰਨ ਬਨਸਪਤੀ ਜੀਵ ਹਨ। ਇਕ ਸ਼ਰੀਰ ਇਕ ਜੀਵ ਵਿਚ ਹੋਣ ਤਾਂ ਪ੍ਰਤੇਕ ਬਨਸਪਤਿ ਹੈ।



# ਛੇ ਦਰਵ




**ਪੁਦਗਲ** ਕਾਠ, ਪੱਥਰ, ਰਤਨ, ਮਿੱਟੀ, ਧਾਤੂ, ਮਕਾਨ ਅਤੇ ਮੁਰਦਾ

**ਕਾਲ** : ਬੁਢਾਪਾ ਤੇ ਬਚਪਨ—ਗਤਿ ਵਿਚ ਸਹਾਇਕ ਧਰਮ ਦਰਵ, ਰੁਕਨ ਵਿਚ ਸਹਾਇਕ ਅਧਰਮ ਦਰਵ ।

# 6 ਦਰਵ

ਸਾਰਾ ਸੰਸਾਰ ਜੈਨ ਦਰਸ਼ਨ ਅਨੁਸਾਰ 6 ਦਰਵਾ ਦਾ ਬਨਿਆ ਹੋਇਆ ਹੈ। ਜਦ ਕਿ ਵੈਸ਼ਿਸ਼ਨਕ ਦਰਸ਼ਨ ਪ੍ਰਿਥਵੀ, ਜਲ, ਅੱਗ, ਹਵਾ, ਅਕਾਸ਼, ਦਿਸ਼ਾ, ਆਤਮਾ ਤੇ ਮਨ ਨੌ ਤਤਵ ਮੰਨਦਾ ਹੈ। ਜੈਨ ਧਰਮ ਸੰਸਾਰ ਦਾ ਕਰਤਾ, ਈਸ਼ਵਰ ਨੂੰ ਨਹੀਂ ਮੰਨਦਾ। ਸੋ ਸੁਭ-ਵਿਕ ਹੀ ਹੈ ਕਿ ਜੈਨ ਧਰਮ ਸ੍ਰਿਸ਼ਟੀ ਬਾਰੇ ਕਿ ਵਿਚਾਰ ਰਖਦਾ ਹੈ ਸ੍ਰਿਸ਼ਟੀ ਦਾ ਮੂਲ ਕਾਰਣ 6 ਦਰਵ ਜਾਣਿਆ ਜਾਵੇ।

ਇਹ 6 ਦਰਵ ਹਨ : (1) ਧਰਮਾਸਤੀ ਕਾਇਆ (2) ਅਧਰਮਾਸਤੀ ਕਾਇਆ (3) ਅਕਾਸ਼ (4) ਕਾਲ (5) ਪੁਦਗੱਲ (6) ਜੀਵ।

## ਦਰਵ-ਪਰਿਆਏ

ਇਨ੍ਹਾਂ ਦਰਵਾਂ ਦੇ ਗੁਣ ਅਤੇ ਪਰਿਆਏ (ਅਵਸਥਾ) ਵਿਚ ਪਰੀਵਰਤਨ ਹੁੰਦਾ ਰਹਿੰਦਾ ਹੈ ਇਸ ਕੰਮ ਦਾ ਚਲਦੇ ਰਹਿਣਾ ਹੀ ਸੰਸਾਰ ਦਾ ਚਲਨਾ ਹੈ। ਦਰਵ ਉਸ ਨੂੰ ਆਖਦੇ ਹਨ ਜਿਸ ਵਿਚ ਗੁਣ ਹੋਵੇ ਅਨੇਕ ਪ੍ਰਕਾਰ ਦੀ ਸ਼ਕਤੀ ਅਤੇ ਅਨੇਕ ਪਰਿਆਏ ਹੋਵੇ। ਸੰਸਾਰ ਵਿਚ ਦਰਵ ਹੋਣ ਤੇ ਹੀ ਗੁਣ, ਪਰਿਆਏ ਅਤੇ ਸ਼ਕਤੀ ਰਹਿ ਸਕਦੇ ਹਨ।

ਜੋ ਸਾਥ ਰਹੇ ਉਹ ਗੁਣ ਹੈ। ਜੋ ਸਿਲਸਲੇ ਵਾਰ ਬਦਲਦਾ ਰਹੇ ਉਹ ਪਰਿਆਏ ਹੈ। ਜਿਵੇਂ ਅਸੀਂ ਆਖਦੇ ਹਾਂ ਸੋਨਾ ਪੀਲਾ, ਚਮਕਦਾਰ ਤੇ ਕਠੋਰ ਹੈ। ਇਹ ਸੋਨੇ ਦੇ ਗੁਣ ਹਨ। ਇਸੇ ਸੋਨੇ ਨੂੰ ਤੋੜ ਕੇ ਭਿੰਨ 2 ਪ੍ਰਕਾਰ ਦੇ ਗਹਿਣੇ ਬਣਦੇ ਹਨ ਇਹ ਸੋਨੇ ਦੀ ਭਿੰਨ 2 ਪਰਿਆਏ ਹਨ।

ਇਸੇ ਪ੍ਰਕਾਰ ਆਤਮਾ ਦੇ ਗੁਣ ਤੇ ਪਰਿਆਏ ਹਨ। ਆਤਮਾ ਵਿਚ ਗਿਆਨ ਦਰਸ਼ਨ, ਸੁਖ, ਵੀਰਜ (ਆਤਮ ਸ਼ਕਤੀ) ਹੈ। ਦੇਹਧਾਰੀ ਆਤਮਾ ਵਿਚ ਪਰਿਵਰਤਨ ਹੁੰਦਾ ਰਹਿੰਦਾ ਹੈ। ਬਚਪਨ, ਜਵਾਨੀ, ਬਢਾਪਾ ਦੇਹਧਾਰੀ ਆਤਮਾ ਦੀ ਪਰਿਆਏ ਹੈ।

ਪਦਾਰਥ ਦੀਆਂ ਭਿੰਨ ੨ ਅਵਸਥਾਵਾਂ ਦਾ ਅਰਥ ਵੀ ਪਰਿਆਏ ਹੈ। ਜੈਨ ਦਰਸ਼ਨ ਆਸ਼ਤੀਵਾਦੀ ਹੈ। ਇਹ ਵਿਸ਼ਵ ਵਿਚ ਸਾਰੇ ਪਦਾਰਥ ਦੀ ਹੋਂਦ ਮੰਨਦਾ ਹੈ। ਹੋਂਦ ਪਖੋਂ ਸਾਰੇ ਪਦਾਰਥਾਂ ਸਮਾਨ ਹਨ। ਪਰ ਇਨਾਂ ਦਾ ਮੂਲ ਪਾਉਣਾ ਚੇਤਨਾ ਦਾ ਵਿਸ਼ਾ ਹੈ।

ਸੰਸਾਰ ਦਾ ਕ੍ਰਮ ਅਨਾਦਿਕਾਲੀਨ ਹੈ ਇਸ ਨੂੰ ਮੁਰਗੀ ਅਤੇ ਆਂਡੇ ਦੇ ਉਦਾਹਰਨ ਨਾਲ ਸਮਝਿਆ ਜਾ ਸਕਦਾ ਹੈ। ਸਵਾਲ ਪੈਦਾ ਹੁੰਦਾ ਹੈ ਪਹਿਲਾ ਆਂਡਾ ਕਿ ਪਹਿਲਾ ਆਂਡਾ ਕਿ ਪਹਿਲਾ ਮੁਰਗੀ ? ਜੇ ਆਂਡਾ ਆਖਦੇ ਹਾਂ, ਤਾਂ ਮੁਰਗੀ ਦੀ ਹੋਂਦ ਸਿਧ ਹੁੰਦੀ ਹੈ

ਜੇ ਮੁਰਗੀ ਆਖਦੇ ਹਾਂ ਤਾਂ ਆਂਡੇ ਦੀ ਹੋਂਦ ਸ਼ਿਧ ਹੁੰਦੀ ਹੈ ? ਸੋ ਇਸ ਪ੍ਰਕਾਰ ਆਤਮਾ ਅਤੇ ਕਰਮ ਜਨਮ ਤੇ ਮਰਨ ਦੀ ਪ੍ਰਪੰਰਾ ਸਮਝਣੀ ਚਾਹੀਦੀ ਹੈ ।

ਪਰੀਆਏ ਦੋ ਪ੍ਰਕਾਰ ਦਾ ਹੈ :

ਜਿਸ ਰਾਹੀਂ ਵਸਤੂ ਪ੍ਰਗਟ ਹੋਵੇ ਉਹ ਵਿਅੰਜਨ ਪਰਿਆਏ ਹੈ ਜਿਵੇਂ ਘੜੇ ਦਾ ਪਰਿਆਏ ਕੁੰਭ, ਕਲਸ਼, ਗਾਗਰ ਹੈ । ਇਸ ਤਰ੍ਹਾਂ ਆਤਮਾ, ਜੀਵ, ਚੇਤਨ ਪ੍ਰਾਣ ਜੀਵ ਦੇ ਵਿਅੰਜਨ ਪਰਿਆਏ ਹਨ ।

ਕੇਵਲੀ ਭਗਵਾਨ ਨੇ ਇਨ੍ਹਾਂ 6 ਦਰਵਾਂ ਦੀ ਹੋਂਦ ਨੂੰ ਹੀ ਲੋਕ ਆਖਿਆ ਹੈ । ਕਾਲ ਨੂੰ ਜੈਨ ਸਵੇਂਤਾਵਰ ਪ੍ਰਪੰਪਰਾ ਵਿਚ ਦਰਵ ਮੰਨੀਆ ਗਿਆ ਹੈ । ਇਸ ਕਾਰਣ ਕਾਲ ਨੂੰ ਛਡ ਕੇ ਬਾਕੀ ਸਭ ਦਰੱਵ ਆਸਾਤੀ ਕਾਈਆ ਹੇਠ ਆਉਂਦੇ ਹਨ । ਦਿਗੰਵਰ ਪ੍ਰਪੰਰਾ ਕਾਲ ਨੂੰ ਦਰਵ ਨਹੀਂ ਮੰਨਦੀ ।

## ਆਸਤੀ ਕਾਈਆ ਦਾ ਅਰਥ

ਆਸਤੀ ਕਾਈਆਂ ਦਾ ਅਰਥ ਹੈ ਪ੍ਰਦੇਸ਼ ਦਾ ਸਮੂੰਹ । ਪ੍ਰਦੇਸ਼ ਤੋਂ ਭਾਵ ਹੈ ਦਰਵ ਦਾ ਇਕ ਅੰਸ਼ । ਧਰਮ, ਅਧਰਮ, ਅਕਾਸ਼ ਅਤੇ ਜੀਵ ਆਦਿ ਦੇ ਪ੍ਰਦੇਸ਼ ਨਹੀਂ ਟੁਟਦੇ ਇਹ ਤਾਂ ਇਕ ਕਲਪਨਾ ਹੈ ਕਿ ਜੇ ਦਰਵ ਨੂੰ ਤੋੜਿਆ ਜਾਵੇ ਤਾਂ ਇਸ ਦੇ ਪ੍ਰਮਾਣੂ ਦੀ ਤਰ੍ਹਾਂ ਅੰਸਖ ਭਾਗ ਹੋ ਜਾਂਦੇ ਹਨ ।

ਪੁਦਗਲ ਦਾ ਸ਼ੁਧ ਰੂਪ ਪ੍ਰਮਾਣੂ ਹੈ । ਜੋ ਵੰਡਿਆ ਨਹੀਂ ਜਾ ਸਕਦਾ । ਪ੍ਰਮਾਣੂ ਦਾ ਸੁਭਾਅ ਮਿਲਣਾ ਵਿਛੜਣਾ ਹੈ । ਇਸ ਤੋਂ ਸਬੰਧ ਬਣਦਾ ਹੈ । ਅਤੇ ਟੁਟਦਾ ਹੈ । ਕੋਈ ਸਬੰਧ ਹਮੇਸ਼ਾ ਰਹਿਣਾ ਵਾਲਾ ਨਹੀਂ ਹੁੰਦਾ । ਇਸ ਪਖੋਂ ਪੁਦਗਲ ਦਰੱਵ ਅਨੇਕਾਂ ਹਿਸਿਆਂ ਵਾਲਾ ਹੈ । ਜਿਸ ਸਕੰਧ ਦੇ ਜਿਨੇ ਪ੍ਰਮਾਣੂ ਹੁੰਦੇ ਹਨ ਉਹ ਸਕੰਧ ਉਸੇ ਪ੍ਰਮਾਣੂ ਦਾ ਹੁੰਦਾ ਹੈ । ਦੇਸ, ਸਕੰਧ ਦਾ ਭਾਗ ਹੈ । ਪ੍ਰਦੇਸ਼ ਤੋਂ ਭਾਵ ਹੈ ਜਿਸ ਦੇ ਦੋ ਭਾਗ ਨਾ ਹੋ ਸਕਨ ।

ਕਾਲ (ਸਮਾਂ) ਦੇ ਨਾਂ ਤਾਂ ਪ੍ਰਮਾਣ ਹਨ, ਨਾ ਹੀ ਪ੍ਰਦੇਸ਼ । ਕਾਲ ਦਾ ਸੁਭਾਅ ਪੈਦਾ ਹੋਣਾ, ਚਲਣਾ ਅਤੇ ਖਤਮ ਹੋਣਾ ਹੈ । ਕਾਲ ਵਰਤਮਾਨ ਵਿਚ ਇਕ ਸਮੇਂ ਦਾ ਹੀ ਹੁੰਦਾ ਹੈ । ਇਸ ਦੇ ਕੋਈ ਸਕੰਧ ਨਹੀਂ ਬਣਦੇ ।

ਪੰਜ ਆਸਤੀ ਕਾਈਆਂ ਦਾ ਜੋ ਧਰਮ ਅਤੇ ਅਧਰਮ ਦੇ ਹਨ ਗੁਣ, ਪਰਿਆਏ ਹੈ ਉਸ ਨੂੰ ਆਸਤੀ ਕਾਈਆ ਧਰਮ ਆਖਦੇ ਹਾਂ ।

ਇਸ ਜਗਤ ਵਿਚ ਮੂਲ ਰੂਪ ਵਿਚ ਦੋ ਹੀ ਪਦਾਰਥ ਹਨ ਜੀਵ ਅਤੇ ਅਜੀਵ ਇਨ੍ਹਾਂ ਦੋਹਾਂ ਦਰੱਵਾਂ ਦੀ ਹੋਂਦ ਅਨਾਦਿ ਅਤੇ ਅਨੰਤ ਹੈ । ਇਹ ਤਿੰਨ ਕਾਲ ਵਿਚ ਮੌਜੂਦ ਰਹਿੰਦੇ ਹਨ । ਇਸੇ ਨੂੰ ਅਸ਼ਾਤੀ ਸ਼ਬਦ ਤੋਂ ਸਤ ਦੀ ਹੋਂਦ ਆਈ ਹੈ ।

## ਛੇ ਦਰਵਾਂ ਦੇ ਲਛਣ

### ਧਰਮ ਅਤੇ ਅਧਰਮ

ਧਰਮ ਉਹ ਦਰੱਵ ਹੈ ਜੋ ਚਲਣ ਫਿਰਣ (ਗਤੀ) ਵਿਚ ਸਹਾਇਤਾ ਦਿੰਦਾ ਹੈ । ਜੋ

ਦਰੱਵ ਰੁਕਣ ਵਿਚ ਸਹਾਇਤਾ ਦਿੰਦਾ ਹੈ ਉਹ ਅਧਰਮ ਹੈ। ਸਾਫ ਜਾਹਰ ਹੈ ਕਿ ਖੁਦ ਚਲਣ ਲਈ ਤਿਆਰ ਜੀਵਾਂ ਅਤੇ ਪੁਦਗਲਾਂ ਨੂੰ ਚਾਲ ਪ੍ਰਦਾਨ ਕਰਨ ਵਾਲਾ ਧਰਮਾਸਤੀ ਕਾਈਆ ਹੈ। ਠਹਿਰੇ ਹੋਏ ਅਤੇ ਪੁਦਗਲਾਂ ਨੂੰ ਸਥਿਰ ਕਰਨ ਵਾਲਾ ਪਦਾਰਥ ਅਧਰਮਾਸਤੀ ਕਾਈਆ ਹੈ।

ਜਿਵੇਂ ਪਾਣੀ ਵਿਚ ਤੈਰਨ ਵਾਲੇ ਸੁਭਾਅ ਵਾਲੀ ਮਛਲੀ ਨੂੰ ਤੈਰਨ ਵਿਚ ਸਹਾਇਤਾ ਕਰਨ ਵਾਲਾ ਪਾਣੀ ਹੈ। ਇਸੇ ਪ੍ਰਕਾਰ ਜੜ ਅਤੇ ਜੀਵਾਂ ਨੂੰ ਗਤੀ (ਚਾਲ) ਦੇਣ ਵਾਲਾ ਪਦਾਰਥ ਧਰਮ ਆਸਤੀ ਕਾਈਆ ਹੈ।

ਜਿਵੇਂ ਥੱਕੇ ਮੁਸਾਫਰ ਲਈ, ਦਰੱਖਤਾਂ ਦੀ ਠੰਡੀ ਛਾਂ ਵਿਸ਼ਰਾਮ ਦਾ ਕਾਰਣ ਬਣਦੀ ਹੈ ਉਸੇ ਤਰ੍ਹਾਂ ਗਤੀ ਸ਼ੀਲ ਅਤੇ ਜੀਵਾਂ ਤੇ ਜੜ ਪਦਾਰਥ ਦੀ ਗਤੀ ਨੂੰ ਸਥਿਰਤਾ ਵਿਚ ਅਧਰਮਾਸਤੀ ਕਾਈਆ ਸਹਾਇਕ ਹੈ।

## ਅਕਾਸ਼ ਦਰਵ

ਜੋ ਸਾਰੇ ਪਦਾਰਥਾਂ ਦਾ ਆਸਰਾ ਹੈ। ਉਸਨੂੰ ਅਕਾਸ਼ ਆਖਦੇ ਹਨ। ਸੰਸਾਰ ਦੇ ਪਦਾਰਥ ਅਕਾਸ਼ ਦੇ ਸਹਾਰੇ ਟਿਕੇ ਹੋਏ ਹਨ। ਜਿਸ ਤਰ੍ਹਾਂ ਦੁੱਧ, ਚੀਨੀ ਨੂੰ ਆਪਣੇ ਅੰਦਰ ਸਹਾਰਾ ਦਿੰਦਾ ਹੈ ਉਸੇ ਪ੍ਰਕਾਰ ਅਕਾਸ਼ ਦਰਵ ਹੈ। ਅਕਾਸ਼ ਸਥਿਰ ਅਧਾਰ ਦਾ ਹੈ ਇਸਦੇ ਸਹਾਰੇ ਜਮੀਨ ਆਦਿ ਹੋਰ ਅਕਾਸ਼ ਵਾਲੇ ਪਿੰਡ ਰਹਿ ਰਹੇ ਹਨ। ਅਕਾਸ਼ ਅਸੀਮ ਵਿਸਥਾਰ ਵਾਲਾ ਹੈ ਹੋਰ ਕੋਈ ਪਦਾਰਥ ਉਸ ਨੂੰ ਗ੍ਰਹਿਣ ਨਹੀਂ ਕਰ ਸਕਦਾ। ਅਕਾਸ਼ ਸੁਤੰਤਰ ਦਰਵ ਹੈ ਦਿਸ਼ਾ ਆਦਿ ਉਸ ਦਾ ਕਾਲਪਨਿਕ ਹਿਸਾ ਹਨ। ਇਹ ਠੋਸ ਦਰਵ ਨਹੀਂ, ਸਗੋਂ ਖਾਲੀ ਸਥਾਨ ਹੈ।

ਜਿਸ ਪ੍ਰਕਾਰ ਇਕ ਕਮਰੇ ਵਿਚ ਹਜ਼ਾਰਾਂ ਦੀਪਕਾਂ ਦਾ ਪ੍ਰਕਾਸ਼ ਇਕਮਿਕ ਹੋ ਜਾਂਦਾ ਹੈ ਉਸੇ ਪ੍ਰਕਾਰ ਅਕਾਸ਼ ਅੰਦਰ ਅਨੇਕਾਂ ਦਰੱਵ ਸਮਾ ਜਾਂਦੇ ਹਨ।

## ਕਾਲ ਦਰਵ

ਕਾਲ ਦਾ ਸੁਭਾਅ ਵੀਤਨਾ ਜਾਂ ਵਰਤਨਾ ਹੈ। ਜੋ ਖੁਦ ਵੀਤ ਰਿਹਾ ਹੈ ਅਤੇ ਸਮੇਂ ਨਾਲ, ਬਦਲਣ ਵਾਲੇ ਜੀਵ ਅਤੇ ਅਜੀਵ ਦਰਵਾਂ ਦਾ ਬੀਤਣ ਵਿਚ ਸਹਾਇਕ ਬਣਦਾ ਹੈ ਉਹ ਕਾਲ ਹੈ।

ਇਸ ਸੰਸਾਰ ਵਿਚ ਅਜੀਵ ਪੁਦਗਲ ਆਦਿ ਪਦਾਰਥ ਆਪਣੇ ਆਪ ਬਦਲਦੇ ਹਨ। ਉਨ੍ਹਾਂ ਦੇ ਨਵੇਂ ਪੁਰਾਣੇ ਰੂਪ ਵਿਚ ਕਾਲ ਸਹਾਇਕ ਬਣਦਾ ਹੈ। ਜਿਵੇਂ ਘੁਮਾਰ ਦੇ ਚੱਕੇ ਵਿਚ ਘੁਮਣ ਦੀ ਸ਼ਕਤੀ ਮੌਜੂਦ ਹੈ ਪਰ ਕਿਲ ਦੀ ਸਹਾਇਤਾ ਬਿਨਾਂ ਇਹ ਘੁੰਮ ਨਹੀਂ ਸਕਦਾ। ਇਸੇ ਪ੍ਰਕਾਰ ਸੰਸਾਰ ਦੇ ਸਾਰੇ ਪਦਾਰਥ ਕਾਲ ਦੀ ਮਦਦ ਬਿਨਾਂ ਘੁਮ ਨਹੀਂ ਸਕਦੇ। ਇਸੇ ਪ੍ਰਕਾਰ ਕਾਲ ਦੀ ਸਹਾਇਤਾ ਸੰਸਾਰ ਦੇ ਸਾਰੇ ਪਦਾਰਥਾਂ ਨਾਂ ਤਾ ਪਰਿਵਰਤਨ ਹੁੰਦੇ ਹਨ ਅਤੇ ਨਾ ਹੀ ਇਕ ਦਰਵ ਦਾ ਦੂਸਰੇ ਦਰੱਵ ਵਿਚ ਪਰਿਵਰਤਨ ਹੁੰਦਾ ਹੈ। ਇਸ

ਪ੍ਰਕਾਰ ਕਾਲ ਪਦਾਰਥ ਦੀ ਨਵੀਨਤਾ ਅਤੇ ਪ੍ਰਾਚੀਨਤਾ ਵਿਚ ਸਹਾਇਕ ਬਣਦਾ ਹੈ ।

ਜਿਆਦਾ ਜਾਂ ਘਟ ਉਮਰ, ਜਵਾਨੀ, ਬੁਢਾਪਾ, ਨਵਾਂ, ਪੁਰਾਣਾ. ਸਵੇਰ, ਦੁਪਹਿਰ, ਸ਼ਾਮ ਅਤੇ ਰਾਤ ਛੋਟਾ, ਬੜਾਂ ਆਦਿ ਸਭ ਵਿਚ ਕਾਲ ਦਾ ਬਹੁਤ ਮਹੱਤਵਪੂਰਣ ਹੱਥ ਹੈ ।

## ਜੀਵ

ਉਪਯੋਗ (ਮਤੀ ਗਿਆਨ ਆਦਿ) ਜੀਵ ਦਾ ਲਛਣ ਹੈ । ਦੂਸਰੇ ਸ਼ਬਦਾਂ ਵਿਚ ਜਿਸ ਵਿਚ ਚੇਤਨ ਸ਼ਕਤੀ ਹੋਵੇ ਉਹ ਜੀਵ ਹੈ । ਅਸੰਖ ਪ੍ਰਦੇਸ਼ਾਂ ਪੁਦਗਲ ਦੇ ਸਮੂਹ ਨੂੰ ਜੀਵ ਆਸਤੀ ਕਾਇਆ ਆਖਦੇ ਹਨ । ਗਿਆਨ, ਦਰਸ਼ਨ, ਚਾਰਿਤਰ, ਵੀਰਜ ਜੀਵ ਦੇ ਸੁਭਾਵਕ ਗੁਣ ਹਨ ।

ਅਜੀਵ ਵਿਚ ਚੇਤਨ ਸ਼ਕਤੀ ਨਹੀਂ ਹੁੰਦੀ । ਜਿਵੇਂ ਕੜਛੀ ਜਿਨੇ ਮਰਜੀ ਸੁਆਦੀ ਪਦਾਰਥਾਂ ਵਿਚ ਫੇਰ ਦਿਤੀ ਜਾਵੇ, ਪਰ ਕੜਛੀ ਪਦਾਰਥ ਦੇ ਸੁਆਦ ਦਾ ਆਨੰਦ ਨਹੀਂ ਮਾਣ ਸਕਦੀ । ਉਸੇ ਪ੍ਰਕਾਰ ਅਜੀਵ ਜੜ ਹੋਣ ਕਾਰਣ ਸੁਖ, ਦੁਖ, ਗਿਆਨ ਤੇ ਵਿਚਾਰ ਤੋਂ ਰਹਿਤ ਹੈ ।

ਜੀਵ ਦਰਵ, ਪੁਦੱਗਲ ਦਰਵ ਤੋਂ ਵੱਖ ਇਕ ਦਰਵ ਹੈ । ਜਿਸ ਵਿਚ ਰੂਪ, ਰਸ, ਗੰਧ ਜਾਂ ਸ਼ਬਦ ਨਹੀਂ ਹੈ ਜਿਸ ਕਾਰਣ ਬਿਆਨ ਨਹੀਂ ਕੀਤਾ ਜਾ ਸਕਦਾ ਕੋਈ ਸ਼ਰੀਰਕ ਨਿਸ਼ਾਨੀ ਜਾਂ ਅਕਾਰ ਵੀ ਇਸ ਦਰੱਵ ਦੀ ਵਿਆਖਿਆ ਨਹੀਂ ਕਰ ਸਕਦੇ । ਇਸ ਚੇਤੰਨ ਦਰੱਵ ਨੂੰ ਜੀਵ ਜਾਂ ਆਤਮਾ ਆਖਦੇ ਹਨ ।

ਲਛਣ ਦੋ ਪ੍ਰਕਾਰ ਦੇ ਹਨ : (1) ਆਤਮਭੂਤ (2) ਅਨਾਤਮ ਰਹਿਤ । ਜਿਸ ਵਿਚ ਗਿਆਨ, ਦਰਸ਼ਨ, ਚਾਰਿੱਤਰ, ਤੱਪ, ਵੀਰਜ (ਆਤਮੀਕ ਸ਼ਕਤੀ) ਅਤੇ ਉਪਯੋਗ ਹੋਵੇ, ਇਨ੍ਹਾ ਲਛਣਾ ਨੂੰ ਆਤਮ ਭੂਤ ਆਖਦੇ ਹਨ । ਜੋ ਇਸ ਤੋਂ ਉਲਟ ਹੈ ਉਹ ਅਨਾਤਮ ਰੂਪ ਹੈ ।

ਜੀਵ ਦਾ ਆਤਮਾ ਤੋਂ ਰਹਿਤ ਸਵਰੂਪ ਇਸ ਪ੍ਰਕਾਰ ਹੈ । (1) ਪੰਜ ਇੰਦਰੀਆ (2) ਤਿੰਨ ਬੱਲ (ਮਨ) ਵਚਨ ਤੇ ਸਰੀਰ (9) ਉਮਰ (10) ਸਵਾਸ਼ੋ ਸਵਾਸ਼ (ਸਾਹ)

## ਪੁਦਗਲ

ਜੋ ਦਰਵ ਇਕੱਠਾ ਹੋਵੇ ਅਤੇ ਅੱਡ ਹੋਵੇ, ਟੁਟੇ ਅਤੇ ਫੇਰ ਜੁੜੇ ਅਤੇ ਵਿਖਰ ਜਾਵੇ ਬਣੇ ਅਤੇ ਬਿਗੜੇ ਇਸ ਨੂੰ ਪੁਦਗਲ ਆਖਦੇ ਹਨ ।

## ਪੁਦਗਲ ਦੀ ਪਰੀਆਏ

ਪੁਦਗਲ ਵਿਚ ਵਰਨ, ਗੱਧ, ਰਸ ਅਤੇ ਸਪਰਸ਼ ਹੁੰਦਾ ਹੈ ਜੋ ਮੂਰਤ (ਸ਼ਕਲ) ਵਾਲਾ ਦਰਵਾਂ ਹੈ, ਉਹ ਪੁਦਗਲ ਹੈ ਅਤੇ ਉਸ ਦੇ ਪ੍ਰਦੇਸ਼ਾਂ ਨੂੰ ਪੁਦਗਲ ਆਸਤੀਕਾਈਆਂ ਆਖਦੇ ਹਨ । ਸ਼ਬਦ, ਅੰਧਕਾਰ, ਉਦੋਤ (ਚਾਂਨਣ) ਪ੍ਰਭਾ, ਛਾਂ, ਧੁੱਪ, ਵਰਨ, ਗੱਧ, ਰਸ ਅਤੇ ਸਪਰਸ਼ ਪੁਦਗਲ ਦੇ ਲਛਣ ਹਨ ।

**ਪੁਦਗਲ** (Mattar)

ਪੁਦਗਲ ਦਰਵ ਵਿਚ 5 ਰੂਪ, 5 ਰਸ, 2 ਗੰਧ ਅਤੇ 8 ਸਪਰਸ਼ ਚਾਰ ਪ੍ਰਕਾਰ ਦੇ ਗੁਣ ਹੁੰਦੇ ਹਨ।

ਪੁਦਗਲ ਦੇ ਗੁਣ

| ਵਰਨ | ਰਸ | ਗੰਧ | ਸਪਰਸ਼ |
|---|---|---|---|
| ਨੀਲ | ਮਿਠਾ | ਤਿਖੀ | ਕੋਮਲ |
| ਪੀਲਾ | ਤੇਜ਼ਾਬੀ | ਸੁਗੰਧ | ਕਠੋਰ |
| ਸਫੇਦ | ਕੌੜਾ | ਦੁਰਗੰਧ | ਗੁਰੂ (ਭਾਰ) |
| ਕਾਲਾ | ਕਸੇਲਾ | | ਲਘੂ (ਹਲਕਾ) |
| ਲਾਲ | | | ਸ਼ੀਤ (ਠੰਡਾ) |
| | | | ਗਰਮ |
| | | | ਚਿਕਨਾ |
| | | | ਰੁਖਾ |

## ਪੁਦਗਲ ਦੇ ਭੇਦ

ਪੁਦਗਲ ਦੋ ਪ੍ਰਕਾਰ ਦਾ ਹੈ ਇਕ ਅਣੂ ਅਤੇ ਦੂਸਰਾ ਸੰਕਧਰੂਪ। ਅਗੇ ਸੰਕਧ ਦੇ ਤਿੰਨ ਰੂਪ ਹੋਣ ਕਾਰਣ ਪੁਦਗਲ ਦੇ ਚਾਰ ਭੇਦ ਹਨ (1) ਸੰਕਧ (2) ਸੰਕਧ ਦੇਸ਼ (3) ਸੰਕਧ ਪ੍ਰਦੇਸ਼ (4) ਪਰਮਾਣੂ। ਅਨੰਤ ਅਨੰਤ ਪ੍ਰਮਾਣੂ ਦਾ ਪਿੰਡ ਸੰਕਧ ਅਖਵਾਉਂਦਾ ਹੈ ਸੰਕਧ ਦਾ ਅੱਧਾ ਭਾਗ ਸੰਕਧ ਦੇਸ਼ ਅਤੇ ਉਸ ਦਾ ਵੀ ਅੱਧਾ ਸੰਕਧ ਪ੍ਰਦੇਸ਼। ਜਿਸ ਦਾ ਹੋਰ ਭਾਗ ਨਾਂ ਹੋ ਸਕੇ ਉਹ ਪ੍ਰਮਾਣੂ ਹੈ।

ਸੰਕਧ ਦੋ ਪ੍ਰਕਾਰ ਦਾ ਹੈ ਵਾਦਰ ਤੇ ਸੁਖਮ। ਵਾਦਰ ਅੱਖਾਂ ਆਦਿ ਇੰਦਰੀਆ ਨਾਲ ਵੇਖਿਆ ਜਾ ਸਕਦਾ ਹੈ। ਸੁਖਮ ਇੰਦਰੀਆਂ ਰਾਹੀਂ ਗ੍ਰਹਿਣ ਨਹੀਂ ਹੋ ਸਕਦਾ। ਇਹ ਛੇ ਪ੍ਰਕਾਰ ਦਾ ਹੈ। ਦੋ ਅਣੂਆ ਦਾ ਇਕ ਸਕੰਧ ਬਣਦਾ ਹੈ ਇਨ੍ਹਾਂ ਵਿਚੋਂ ਇਕ ਰੁਖਾ ਅਣੂ ਹੈ ਅਤੇ ਇਕ ਚਿਕਨਾ। ਇਥੇ ਚਿਕਨਾ ਤੋਂ ਭਾਵ ਚਿਕਨਾਹਟ ਨਹੀਂ ਨਾ ਹੀ ਰੁਖੇ ਦਾ ਅਰਥ ਖੁਰਦਰਾ ਹੈ। ਇਹ ਦੋਵੇਂ ਸ਼ਬਦ ਨੇਗਟਿਵ ਅਤੇ ਪੋਜਟਿਵ ਅਰਥ ਵਿਚ ਹਨ। ਸੰਕਧ ਕੇਵਲ ਪ੍ਰਮਾਣੂ ਦੇ ਸਹਿਯੋਗ ਨਾਲ ਨਹੀਂ ਬਨਦਾ। ਸਕੰਧ ਦੀ ਉਤਪਤੀ ਵਿਚ ਰੁਖਾ ਅਤੇ ਚਿਕ-ਨਾਹਟ ਜਰੂਰੀ ਹੈ।

(1) ਵਾਦਰ ਵਾਦਰ (ਮੋਟਾ ਮੋਟਾ) ਜੋ ਸੰਕਧ ਭਿੰਨ ਭਿੰਨ ਹੋਣ ਤੇ ਵੀ ਨਾਂ ਮਿਲ ਸਕੇ ਜਿਵੇਂ ਲਕੜੀ ਆਦਿ ਠੋਸ ਪਦਾਰਥ।

(2) ਵਾਦਰ (ਸਥੂਲ) (ਜੋ ਛਿਨ ਭਿੰਨ ਹੋਣ ਤੇ ਵੀ ਮਿਲ ਜਾਵੇ ਜਿਵੇਂ ਦਰਵ ਪਦਾਰਥ ਘੀ, ਦੁੱਧ, ਪਾਣੀ।

(3) ਵਾਦਰ ਸੂਖਮ (ਸਥੂਲ ਸੂਖਮ) ਜੋ ਵੇਖਣ ਵਿਚ ਵਿਖਾਈ ਦੇਵੇ, ਪਰ ਪਕੜ ਵਿਚ ਨਾਂ ਆਵੇ ਜਿਵੇਂ ਪ੍ਰਕਾਸ਼, ਅੰਧਕਾਰ।

(4) ਸੂਖਮ ਵਾਦਰ (ਸੂਖਮ ਸਥੂਲ) ਜੋ ਅੱਖ ਨਾਲ ਵਿਖਾਈ ਨਾਂ ਦੇਵੇ ਪਰ ਹੋਰ ਰਸਨਾ, ਨੱਕ ਛੋਹ ਇੰਦਰੀਆ ਰਾਹੀਂ ਗ੍ਰਹਿਣ ਕੀਤਾ ਜਾ ਸਕੇ ਜਿਵੇਂ ਤਾਪ, ਧੁੰਨੀ, ਰਸ ਗੰਧ ਤੇ ਸ਼ਪਰਸ਼।

(5) ਸੂਖਮ :—ਸੰਕਧ ਹੋਣ ਤੇ ਜੋ ਸੂਖਮ ਹੋਣ ਕਾਰਨ ਇੰਦਰੀਆ ਰਾਹੀਂ ਗ੍ਰਹਿਣ ਨਾ ਕੀਤਾ ਜਾ ਸਕੇ ਜਿਵੇਂ ਤੇਜਸ ਤੇ ਕਾਰਮਨ (ਇੰਦਰੀਆ ਰਹਿਤ ਸਰੀਰ)

(6) ਅਤਿਸੂਖਮ : ਕਰਮ ਵਰਗਨਾ ਤੋਂ ਵੀ ਛੋਟੇ ਦਰਵ ਅਣੂ।


## ਪ੍ਰਮਾਣ ਦੀ ਉਤਪਤੀ

ਪ੍ਰਮਾਣੂ ਸੂਖਮ ਵਿਭਾਗ ਰਹਿਤ ਹੈ। ਸ਼ਾਸਵਤ, ਸ਼ਬਦ ਰਹਿਤ ਤੇ ਇਕ ਹੈ ਪ੍ਰਮਾਣੂ ਦਾ ਸ਼ੁਰੂ ਵਿਚਕਾਰ ਅਤੇ ਅੰਤ ਉਹ ਖੁਦ ਹੀ ਹੈ। ਪ੍ਰਮਾਣੂ ਨਿੱਤ ਹੈ ਅਤੇ ਸਪਰਸ਼ ਆਦਿ ਚਾਰ ਗੁਣਾ ਨੂੰ ਥਾਂ ਦਿੰਦਾ ਹੈ। ਪਰਮਾਣੂ ਕਾਰਜ ਵੀ ਹੈ ਕਾਰਣ ਵੀ। ਜਦ ਕਾਰਜ ਕਿਹਾ ਜਾਂਦਾ ਹੈ ਤਾਂ ਉਪਚਾਰ ਪਖੋਂ ਕਿਹਾ ਜਾਂਦਾ ਹੈ। ਕਿਉਂਕਿ ਪ੍ਰਮਾਣੂ ਸੱਤ ਸਵਰੂਪ ਹੈ ਧਰੋਵਯ ਹੈ। ਇਸ ਦੀ ਕੋਈ ਉਤਪਤਿ ਨਹੀਂ। ਪ੍ਰਮਾਣੂ ਪੁਦਗਲ ਦਾ ਸੁਭਾਵਿਕ ਵਿਸ਼ਾ ਹੈ। ਦੋ ਜਾਂ ਜ਼ਿਆਦਾ ਪ੍ਰਮਾਣੂ ਮਿਲਕੇ ਸੰਕਧ ਬਣਦੇ ਹਨ। ਇਸ ਲਈ ਪ੍ਰਮਾਣੂ ਸੱਕਧ ਦਾ ਕਾਰਣ ਹੈ। ਲੋਕ ਵਿਚ ਸੰਕਧ ਦੇ ਭੇਦ ਤੋਂ ਪ੍ਰਮਾਣੂਆਂ ਦੀ ਉਤਪਤਿ ਵੇਖੀ ਜਾਂਦੀ ਹੈ।

ਪ੍ਰਮਾਣੂ ਵਿਚ ਜੀਵ ਵਾਲੇ ਕਈ ਲੱਛਣ ਨਹੀਂ ਹਨ। ਇਹ ਸ਼ਰੀਰ ਰਹਿਤ ਹੋਣ ਦੇ ਬਾਵਜੂਦ ਦੂਸਰੇ ਪ੍ਰਮਾਣੂਆਂ ਨਾਲ ਮਿਲ ਕੇ ਸ਼ਰੀਰ ਰਚਨਾ ਵਿਚ ਸਹਾਇਕ ਹੈ। ਇਹ ਅਕਾਰ ਰਹਿਤ ਹੈ ਪ੍ਰਮਾਣੂ ਕ੍ਰਿਆ ਕਰਨ ਵਿਚ ਤਾਂ ਸਮਰਥ ਹੈ ਪਰ ਕ੍ਰਿਆ ਨੀਅਤ ਨਹੀਂ ਪ੍ਰਮਾਣੂ ਪੁਦਗਲ ਨਾ ਆਪ ਗਲਦਾ ਹੈ ਨਾ ਵਿਖਰਦਾ ਹੈ ਨਾ ਵਿਛੜਦਾ ਹੈ ਪਰ ਹੋਰ ਪ੍ਰਮਾਣੂਆਂ ਨਾਲ ਮਿਲ ਇਹ ਸਭ ਕ੍ਰਿਆਵਾਂ ਕਰਦਾ ਹੈ। ਪ੍ਰਮਾਣੂ ਅਨੰਤ ਹਨ ਅਲੋਕ ਵਿਚ ਕੋਈ ਪ੍ਰਮਾਨੂ ਨਹੀਂ। ਲੋਕ ਵਿਚ ਸਭ ਪਾਸੇ ਇਨਾਂ ਦਾ ਪਸਾਰਾ ਹੈ ਪ੍ਰਮਾਣੂ ਪੁਦਗਲ ਜੀਵਾਂ ਦੇ ਰਾਹੀਂ ਗ੍ਰਹਿਣ ਨਹੀਂ ਕੀਤਾ ਜਾ ਸਕਦਾ। ਨਾ ਹੀ ਇਹ ਜੀਵਾਂ ਤੇ ਕੋਈ ਉਪਕਾਰ ਕਰਦਾ ਹੈ।

ਦਸ ਪ੍ਰਾਣ ਸੰਸਾਰ ਜੀਵ ਆਤਮਾ ਦੇ ਹੁੰਦੇ ਹਨ। ਮੁੱਕਤ ਆਤਮਾਂ ਦੇ ਨਹੀਂ ਹੁੰਦੇ। ਇਸ ਪਖੋਂ ਜੀਵ ਅਨਾਤਮ ਭੂਤ ਲਛਣ ਵਾਲੇ ਹੀ ਹਨ।

## ਪੁਦਗਲ ਦੀ ਪਰਿਆਇ (ਅਵਸਥਾ)




ਸ਼ਬਦ ਨੂੰ ਵੈਸੇਸ਼ਿਕ ਦਰਸ਼ਨ ਨੇ ਅਕਾਸ਼ ਦਾ ਗੁਣ ਮੰਨਿਆ ਹੈ ਜੈਨ ਦਰਸ਼ਨ ਨੇ ਇਸ ਨੂੰ ਪੁਦਗਲ ਦੀ ਪਰੀਆਏ ਮੰਨਿਆ ਹੈ ।

ਪਹਿਲੇ ਪੰਜ ਦਰੱਵ ਅਰੂਪੀ (ਸ਼ਕਲ ਰਹਿਤ) ਹਨ ਜਦੋਂ ਕਿ ਪੁਦਗਲ ਰੂਪੀ (ਸ਼ਕਲਵਾਲਾ) ਅਤੇ ਅਰੂਪੀ ਵੀ ਹੈ ।

ਇਸ ਪ੍ਰਕਾਰ ਜੈਨ ਧਰਮ ਵਿਚ ਸ੍ਰਿਸ਼ਟੀ ਚਲਾਉਣ ਵਾਲੇ ਇਹ 6 ਦਰਵਾਂ ਦੀ ਗੱਲ ਕੀਤੀ ਗਈ ਹੈ । ਇਸੇ ਨੂੰ ਲੋਕ ਕਿਹਾ ਗਿਆ ਹੈ । ਲੋਕ ਇੰਦਰੀਆਂ ਨਾਲ ਵਿਖਾਈ ਦਿੰਦਾ ਹੈ । ਇਸ ਤੋਂ ਅਗੇ ਅਲੋਕ ਹੈ ਜੋ ਇੰਦਰੀਆਂ ਦੀ ਪਕੜ ਤੋਂ ਪਰੇ ਹੈ ।

ਹੁਣ ਅਸੀਂ 6 ਦਰਵਾਂ ਦਾ, ਦਰੱਵ, ਕਾਲ, ਖੇਤਰ, ਭਾਵ ਤੇ ਗੁਣ ਪਖੋਂ ਨਿਰਨਾ ਕਰਾਂਗੇ ।

## ਛੇ ਦਰੱਵਾਂ ਦੇ ਗੁਣ ਅਤੇ ਉਪਕਾਰ

### ਧਰਮ

ਸੰਖਿਆ ਪਖੋਂ ਧਰਮ ਆਸਤੀ ਕਾਈਆਂ ਇਕ ਹੈ ਭਾਵ ਅਸੰਖਿਆਤ ਪ੍ਰਦੇਸ਼ਾਂ ਦਾ ਇਕ ਅਣਵੰਡੀਆਂ ਸਮੂਹ (ਪਿੰਡ) ਹੈ ।

ਇਹ ਪ੍ਰਦੇਸ਼ ਹਮੇਸ਼ਾਂ ਹੀ ਇਕ ਸਮਾਨ ਰਹਿੰਦੇ ਹਨ । ਕਦੇ ਵੀ ਘਟਦੇ ਵਧਦੇ ਨਹੀਂ । ਖੇਤਰ ਪਖੋਂ ਧਰਮ ਆਸਤੀ ਕਾਈਆਂ ਸਰਵ ਵਿਆਪਕ ਹੈ । ਲੋਕ ਵਿਚ ਅਜਿਹਾ ਕੋਈ ਸਥਾਨ ਨਹੀਂ ਜਿਥੇ ਧਰਮ ਆਸਤੀ ਕਾਈਆਂ ਨਾ ਹੋਵੇ ।

ਕਾਲ ਪਖੋਂ ਧਰਮ ਦਰੱਵ ਅਨਾਦੀ, ਅਨੰਤ ਅਤੇ ਸ਼ਾਸਵਤ ਹੈ । ਇਹ ਪਹਿਲਾਂ ਸੀ, ਸਦਾ ਹੈ, ਅਤੇ ਹਮੇਸ਼ਾਂ ਰਹੇਗਾ । ਇਹ ਨਾ ਕਦੇ ਪੈਦਾ ਨਹੀਂ ਹੋਇਆ ਹੈ ਅਤੇ ਨਾ ਹੀ ਇਸ ਦਾ ਖਾਤਮਾ ਹੈ ।

ਭਾਵ ਪਖੋਂ ਇਹ ਵਰਨ, ਗੰਧ, ਰਸ, ਸਪਰਸ਼ ਤੋਂ ਰਹਿਤ ਹੋਣ ਕਾਰਣ ਇਹ ਪਦਾਰਥ ਅਰੂਪੀ, ਅਮੂਰਤ ਅਤੇ ਅਕਾਰ ਰਹਿਤ ਹੈ ।

ਗੁਣ ਪਖੋਂ ਇਹ ਪਦਾਰਥਾਂ (ਜੀਵ ਤੇ ਪੁਦਗਲ) ਨੂੰ ਚਲਣ ਫਿਰਣ ਵਿਚ ਸਹਾਇਤਾ ਦਿੰਦਾ ਹੈ। ਇਹ ਜੀਵਾਂ ਨੂੰ ਚਲਣ ਫਿਰਣ, ਹਿਲਣ, ਬੋਲਣ, ਬੈਠਣ, ਵੇਖਣ ਮਨ, ਵਚਨ ਤੇ ਸ਼ਰੀਰ ਦੀ ਹਰ ਹਰਕਤ ਵਿਚ ਸਹਾਇਕ ਹੈ ਗਤੀ ਕ੍ਰਿਆ ਵਿਚ ਸਹਾਇਕ ਹੋਣ ਕਾਰਣ ਇਹ ਨਿੱਤ ਪਦਾਰਥ ਹੈ।

## ਅਧਰਮ

ਇਹ ਦਰਵ, ਖੇਤਰ, ਕਾਲ, ਭਾਵ ਪਖੋਂ ਧਰਮ ਪਦਾਰਥ ਦੀ ਤਰ੍ਹਾਂ ਹੈ।

ਗੁਣ ਪਖੋਂ ਇਹ ਜੀਵ ਤੇ ਪੁਦਗਲਾਂ ਨੂੰ ਸਥਿਰ ਰਹਿਣ ਵਿਚ ਸਹਾਇਤਾ ਦਿੰਦਾ ਹੈ। ਇਹ ਦਰੱਵ ਵੀ ਲੋਕ ਤਕ ਹੈ।

## ਅਕਾਸ਼

ਦਰੱਵ ਪਖੋਂ ਅਕਾਸ਼ ਅਨੰਤ ਪ੍ਰਦੇਸ਼ਾਂ ਦਾ ਬਣਿਆ ਅਖੰਡ ਦਰਵ ਹੈ। ਖੇਤਰ ਪਖੋਂ ਲੋਕ ਅਤੇ ਅਲੋਕ ਵਿਚ ਫੈਲਿਆਂ ਹੈ ਅਕਾਸ਼ ਅਨੰਤ ਵਿਸਥਾਰ ਵਾਲਾ ਹੈ।

ਕਾਲ ਪਖੋਂ ਅਕਾਸ਼ ਅਨਾਦਿ ਅਤੇ ਅਨੰਤ ਹੈ। ਭਾਵ ਪਖੋਂ ਅਕਾਸ ਅਰੂਪੀ ਅਮੂਰਤ ਹੈ। ਗੁਣ ਪਖੋਂ ਅਕਾਸ਼ ਸਾਰੇ ਦਰੱਵਾ ਦਾ ਸਹਾਰਾ ਹੈ।

## ਕਾਲ

ਦਰੱਵ ਪਖੋਂ ਕਾਲ ਅੰਨਤ ਹੈ। ਕਿਉਂਕਿ ਅਨੰਤ ਜੀਵਾਂ ਤੇ ਪੁਦਗਲਾ ਵਿਚ ਚਲਦਾ ਹੈ।

ਖੇਤਰ ਪਖੋਂ 2½ ਦੀਪ ਵਿਚ ਹੀ ਕਾਲ ਦਰੱਵ ਹੈ। ਕਿਉਂਕਿ ਲੋਕ ਵਿਚ ਹੀ ਸੂਰਜ, ਚੰਦਰ. ਘੁੰਮਦੇ ਹਨ। ਇਸ ਦੇ ਹਿਸਾਬ ਨਾਲ ਘੜੀ, ਮਹੀਨੇ ਤੇ ਸਾਲ ਨਿਸ਼ਚਿਤ ਹੁੰਦੇ ਹਨ। ਇਸ ਹਿਸਾਬ ਨਾਲ ਹੀ ਮਨੁੱਖ ਤੇ ਜੀਵਾਂ ਦੀ ਉਮਰ ਦਾ ਪਤਾ ਲਗਦਾ ਹੈ। ਜਵਾਨੀ ਬੁਢਾਪਾ ਅਤੇ ਰੁੱਤਾ, ਕਾਲ ਦਰਵ ਦੀ ਪਰਿਆਏ ਹਨ।

ਮੁਖ ਰੂਪ ਵਿਚ ਕਾਲ ਦੇ ਭੂਤ, ਵਰਤਮਾਨ ਤੇ ਭਵਿੱਖ ਇਹ ਤਿੰਨ ਭਾਗ ਹਨ ਪਰ ਕੋਈ ਆਦਮੀ ਜਾਂ ਸਰੱਵਗ ਇਹ ਨਹੀਂ ਦਸ ਸਕਦਾ ਕਿ ਕਿੰਨੇ ਕਾਲ ਬੀਤ ਚੁਕੇ ਹਨ, ਭਵਿਖ ਵਿਚ ਹੋਰ ਕਿੰਨੇ ਕਾਲ ਆਉਣਗੇ।

## ਕਾਲ ਅਨਾਦੀ ਅਨੰਤ ਹੈ

ਕਾਲ ਦਾ ਛੋਟਾ ਹਿਸਾ ਸਮਾਂ ਹੈ ਜੋ ਵੰਡਿਆ ਨਹੀਂ ਜਾ ਸਕਦਾ।

## ਕਾਲ ਚੱਕਰ

ਸਮੇਂ, ਆਵਲਿਕਾ, ਘੜੀ, ਦਿਨ, ਰਾਤ, ਮਹੀਨਾ, ਵਰਸ਼ ਆਦਿ ਕਾਲ ਦਾ ਵਿਭਾਗ ਹਨ। ਮੁਖ ਰੂਪ ਵਿਚ ਕਾਲ ਦੇ ਦੋ ਵਿਭਾਗ ਹਨ। (1) ਅਵਸਪਰਨੀ ਕਾਲ (2) ਉਤਸਰਪਨੀ ਕਾਲ।

ਜਿਸ ਕਾਲ ਵਿਚ ਜੀਵਾਂ ਦੀ ਸ਼ਕਤੀ ਅਕਾਰ ਤੇ ਉਮਰ ਘੱਟਦੀ ਹੈ ਉਹ ਅਵਸਪਰਨੀ ਕਾਲ ਹੈ। ਜਦੋਂ ਇਨ੍ਹਾਂ ਵਿਚ ਵਾਧਾ ਹੁੰਦਾ ਹੈ ਤਾਂ ਇਹ ਉਤਸਵਰਨੀ ਕਾਲ ਹੈ। ਆਨਦਿ

ਕਾਲ ਤੋਂ ਇਹ ਕ੍ਰਮ ਚਲ ਰਿਹਾ ਹੈ। ਇਹ ਗੱਲ ਧਿਆਨ ਰੱਖਣ ਵਾਲੀ ਹੈ ਕਿ ਮੱਧ ਲੋਕ ਵਿਚ ਭਰਤ ਅਤੇ ਏਰਾਵਤ ਖੇਤਰ ਵਿਚ ਹੀ ਇਹ ਭੇਦ ਵਿਖਾਈ ਦਿੰਦਾ ਹੈ। ਬਾਕੀ ਸਾਰੇ ਲੋਕ ਵਿਚ ਇਹ ਪਰਿਵਰਤਨ ਨਹੀਂ ਹੁੰਦਾ। ਉਤਸਰਪਨੀ 10 ਕਰੋੜ × 10 ਕਰੋੜ ਸਾਗਰੋ ਪਮ ਹੈ ਅਤੇ ਅਵਸਪਰਨੀ ਕਾਲ ਵੀ ਇੰਨੇ ਸਮੇਂ ਦਾ ਹੈ। ਹਰ ਕਾਲ ਚੱਕਰ ਦੇ 6-6 ਭਾਗ ਹਨ।

1) **ਸਖਮਾ—ਸੁਖਮਾ**—ਜੈਨ ਪ੍ਰੰਪਰਾ ਅਨੁਸਾਰ ਇਸ ਕਾਲ ਵਿਚ ਮਨੁੱਖ ਦੇ ਸਰੀਰ ਦੀ ਲੰਬਾਈ ਤਿੰਨ ਕੋਹ, ਉਮਰ ਤਿੰਨ ਪਲੋਯਪਮ ਦੀ ਹੁੰਦੀ ਹੈ। ਲੋਕ ਸਰਲ ਸੁਭਾਵ ਵਾਲੇ ਹੁੰਦੇ ਹਨ। ਇਕੋ ਸਮੇਂ ਇਸਤਰੀ-ਪੁਰਸ਼ ਜਨਮ ਲੈਂਦੇ ਹਨ ਅਤੇ ਬੜੇ ਹੋ ਕੇ ਆਪਸ ਵਿਚ ਇਹ ਸ਼ਾਦੀ ਕਰ ਲੈਂਦੇ ਹਨ। ਦਸ ਪ੍ਰਕਾਰ ਦੇ ਕਲਪ ਬ੍ਰਿਖ ਮਨੁੱਖ ਦੀਆਂ ਸਾਰੀਆਂ ਜਰੂਰਤਾਂ ਪੂਰੀਆਂ ਕਰਦੇ ਹਨ। ਇਨਾਂ ਦੇ ਪਾਲਨ ਪੋਸ਼ਨ 49 ਦਿਨ ਹੈ।

(1) ਮਤੰਗਾ ਦਰਖਤ ਮਿੱਠੇ ਫਲ ਦਿੰਦੇ ਹਨ (2) ਭਰਿੰਤਗਾ ਸੋਨੇ ਦੇ ਵਰਤਨ ਦਿੰਦੇ ਹਨ (3) ਤੁਰਟਿਤਾਗ ਚਿਤ ਪ੍ਰਚਾਉਣ ਲਈ ਬਾਜੇ ਪ੍ਰਦਾਨ ਕਰਦੇ ਹਨ (4) ਜਯੋਤੀਰੰਗਾ ਰਾਤ ਨੂੰ ਵੀ ਸੂਰਜ ਦਾ ਪ੍ਰਕਾਸ਼ ਦਿੰਦੇ ਹਨ (5) ਦੀਪਾਂਗਾ ਦੀਪਕ ਦੀ ਤਰ੍ਹਾਂ ਪ੍ਰਕਾਸ਼ ਦਿੰਦੇ ਹਨ (6) ਚਿਤੰਰਸਗਾਂ ਸੁਗੰਧਿਤ ਫੂਲ ਦੇ ਗਹਿਣੇ ਪ੍ਰਕਾਸ਼ ਕਰਦੇ ਹਨ (7) ਚਿਤ ਰਸ 18 ਪ੍ਰਕਾਰ ਦੇ ਭੋਜਨ ਪ੍ਰਦਾਨ ਕਰਦੇ ਹਨ (8) ਗੇਹਾਕਾਰਾਂ ਦਰਖਤ ਘਰਾਂ ਦੇ ਅਕਾਰ ਵਾਲੇ ਬਨ ਕੇ ਇਨ੍ਹਾਂ ਮਨੁੱਖਾਂ ਦੀ ਰਖਿਆ ਕਰਦੇ ਹਨ। (9) ਅਨਿਧਰਾਣਾ ਉਤਮ ਵਸਤਰ ਪਾਤਰ ਦਿੰਦੇ ਹਨ।

---

i) ਕਰੋੜ ਦੀ ਸੰਖਿਆ ਨੂੰ ਕਰੋੜ ਨਾਲ ਗੁਣਾ ਕਰਨਾ ਨਾਲ ਇਕ ਕਰੋੜ ਆਉਂਦਾ ਹੈ।

ii) 70 ਲੱਖ 56 ਹਜਾਰ ਸਾਲ ਨੂੰ ਕਰੋੜ ਨਾਲ ਗੁਣਾ ਕਰਨ ਤੇ 7056000000000 ਸਾਲ ਦਾ ਇਕ ਪੂਰਵ ਹੁੰਦਾ ਹੈ।

iii) ਪਲੋਯਪਮ ਅਤੇ ਸਾਗਰੋ ਪਮ

ਇਕ ਯੋਜਨ ਲੰਬਾ, ਇਕ ਯੋਜਨ ਚੋੜਾ, ਇਕ ਯੋਜਨ ਡੂੰਗਾ ਖੂਹ ਹੋਵੇ। ਉਸ ਵਿਚ ਦੇਵ ਕੁਰੂ, ਉਤਰ ਕੁਰੂ ਵਿਚ ਪੈਦਾ ਹੋਣ ਵਾਲੇ ਇਕ ਦਿਨ ਤੋਂ ਸੱਤ ਦਿਨ ਦੇ ਬੱਚੇ ਦੇ ਵਾਲ ਭਰ ਦਿੱਤੇ ਜਾਣ। ਇਨ੍ਹਾਂ ਭਰ ਦਿੱਤਾ ਜਾਵੇ ਕਿ ਚੱਕਰਵਰਤੀ ਦੀ ਵਿਸ਼ਾਲ ਸੈਨਾ ਗੁਜਰ ਜਾਵੇ ਤਾਂ ਵੀ ਇਹ ਬਾਲ ਪੂਰੇ ਦਬੇ ਰਹਿਣ ਫੇਰ 100-100 ਸਾਲ ਬਾਅਦ ਇਕ ਇਕ ਬਾਲ ਬਾਹਰ ਕੱਢਿਆ ਜਾਵੇ ਜਿਨ੍ਹਾਂ ਸਮ ਉਨ੍ਹਾਂ ਬਾਲਾ ਵਾਲੇ ਖੂਹ ਨੂੰ ਖਾਲੀ ਕਰਨ ਤੇ ਲੱਗੇਗਾ ਉਨੇ ਸਮੇਂ ਦਾ ਇਕ ਪਲੋਯਪਮ ਹੈ। ਤੇ 10 ਕਰੋੜ × 10ਕਰੋੜ (100000000000000) ਪਲੋਯਪਮ ਦਾ ਇਕ ਸਾਗਰੋ ਪਮ ਅਖਵਾਉਂਦਾ ਹੈ। ਇਹ ਪੈਮਾਨਾ ਦੇਵਤੇ ਅਤੇ ਯੁਗਾਂ ਦੀ ਉਮਰ ਮਾਪਨ ਲਈ ਹੈ। ਜੈਨ ਧਰਮ ਵਿਚ ਅੰਕਾਂ ਦੀ ਗਿਣਤੀ ਪ੍ਰਚਲਿਤ ਅੰਕਾਂ ਨਾਲ ਕਈ ਗੁਣਾ ਜਿਆਦਾ ਹੈ। ਸੰਖਿਆ ਇਹ ਹੈ ਜੋ ਸੰਖਿਆ ਦੀ ਗਿਣਤੀ ਵਿਚ ਆਵੇ। ਜੋ ਸੰਖਿਆ ਗਿਣਤੀ ਤੋਂ ਉਪਰ ਹੈ ਉਹ ਅਸੰਖਿਅਤ ਹੈ। ਜਿਸ ਸੰਖਿਆ ਦਾ ਕੋਈ ਅੰਤ ਨਹੀਂ, ਉਹ ਅਨੰਤ ਹੈ।

**ਜਦ** ਇਹ ਮਨੁੱਖ ਤਿੰਨ ਤਿੰਨ ਦਿਨਾਂ ਬਾਅਦ ਇਨ੍ਹਾਂ ਦਰਖਤਾਂ ਤੋਂ ਭੋਜਨ ਗ੍ਰਹਿਣ ਕਰਦੇ ਹਨ। ਘੱਟ ਪਾਪ ਕਰਮ ਕਾਰਨ ਇਹ ਯੁਗਲ ਇਕਠੇ ਹੀ ਦੇਵ ਗਤਿ ਪ੍ਰਾਪਤ ਕਰਦੇ ਹਨ। ਜਮੀਨ ਦਾ ਸੁਭਾਅ ਮਿਸ਼ਰੀ ਵਰਗਾ ਹੁੰਦਾ ਹੈ।

**ਸੁਖਮਾ** :—ਤਿੰਨ ਕਰੋੜ × ਤਿੰਨ ਕਰੋੜ ਸਾਗਰੋ ਪਮ ਦਾ ਸੁਖਮਾ ਨਾਂ ਦਾ ਦੂਸਰਾ ਆਰਾ ਸ਼ੁਰੂ ਹੁੰਦਾ ਹੈ। ਦੂਸਰੇ ਆਰੇ ਵਿਚ ਪਹਿਲੇ ਆਰੇ ਨਾਲੋਂ ਉਮਰ, ਕੱਦ, ਲੰਬਾਈ ਘੱਟ ਜਾਂਦੀ ਹੈ। ਲੰਬਾਈ ਦੋ ਕੋਸ, ਉਮਰ ਦੋ ਪਲੋਯਪਮ ਭੋਜਨ ਦੀ ਇੱਛਾ ਦੋ ਦਿਨ ਬਾਅਦ ਜਾਗਦੀ ਹੈ। ਜਮੀਨ ਦਾ ਸਵਾਦ ਸ਼ਕਰ ਵਰਗਾ ਹੁੰਦਾ ਹੈ ਜੀਵ ਪਾਲਨ ਪੋਸ਼ਨ ਦਾ ਸਮਾਂ 64 ਦਿਨ ਹੈ।

(2) **ਸੁਖਮਾ ਦੁਖਮ** :—ਦੂਸਰਾ ਆਰਾ ਸਮਾਪਤ ਹੁੰਦੇ ਹੀ ਦੋ ਕਰੋੜ × ਦੋ ਕਰੋੜ ਸਾਗਰੋਪਮ ਦਾ ਤੀਸਰਾ ਸੁਖਮਾ-ਦੁਖਮਾ (ਬਹੁਤ ਸੁਖ ਅਤੇ ਥੋੜਾ ਦੁੱਖ) ਕਾਲ ਸ਼ੁਰੂ ਹੁੰਦਾ ਹੈ। ਇਸ ਆਰੇ ਵਿਚ ਵਰਨ; ਗੰਧ ਰਸ ਅਤੇ ਸਪਰਸ਼ ਬਹੁਤ ਘੱਟ ਜਾਂਦੀ ਹੈ ਭੋਜਨ ਦੀ ਇੱਛਾ ਇਕ ਦਿਨ ਬਾਅਦ ਜਾਗਦੀ ਹੈ। ਬੱਚਾ 79 ਦਿਨ ਦੇ ਪਾਲਨ ਪੋਸ਼ਨ ਬਾਅਦ ਤੁਰ ਫਿਰਸਕਦਾ ਹੈ। ਇਨ੍ਹਾਂ ਤਿੰਨਾਂ ਕਾਲਾਂ ਵਿਚ ਪਸ਼ੂ ਵੀ ਯੁਗਲ (ਨਰ-ਨਾਰੀ ਇੱਕਠੇ) ਪੈਦਾ ਹੁੰਦੇ ਹਨ। ਤੀਸਰੇ ਆਰੇ ਦੇ ਤੀਸਰੇ ਭਾਗ (ਛਿਆਠ ਲੱਖ ਕਰੋੜ, ਛਿਆਠ ਹਜਾਰ ਕਰੋੜ, ਛਿਆਠ ਕਰੋੜ, ਛਿਆਠ ਲੱਖ, ਛਿਆਠ ਹਜਾਰ, ਛਿਆਠ ਸੋ ਛਿਆਠ ਸਾਗਰੋ ਪਮ) ਬੀਤ ਜਾਣ ਤੇ ਕਲਪ ਬ੍ਰਿਖ ਪੂਰੀ ਵਸਤੂਆਂ ਨਹੀਂ ਦਿੰਦੇ। ਜਰੂਰਤਾਂ ਵੱਧ ਜਾਂਦੀਆਂ ਹਨ। ਜਰੂਰਤ ਵੱਧ ਜਾਣ ਨਾਲ ਝਗੜੇ ਵੱਧਦੇ ਹਨ। ਇਨ੍ਹਾਂ ਝਗੜਿਆਂ ਨੂੰ ਮਿਟਾਉਣ ਲਈ 15 ਕੁਲਕਰ ਪੈ ਦਾ ਹੁੰਦੇ ਹਨ। ਪਹਿਲੇ ਕੁਲਕਰ ਪਹਿਲੇ ਹੀ ਨੀਤੀ ਦੰਡ ਤਹਿ ਕਰਦੇ ਹਨ ਭਾਵ ਗੁਨਾਹ ਹੋ ਜਾਣ ਤੇ ਇਸ਼ਾਰੇ ਨਾਲ ਹੀ ਦਿੰਦੇ ਹਨ। ਪਰ ਸਮਾਂ ਬੀਤਨ ਤੇ ਮਨੁੱਖ ਜਿਆਦਾ ਪਾਮ ਕਰਦੇ ਹਨ ਤਾਂ ਸ਼ਰਮ **ਸਕਾਰ** (ਸ਼ਰਮ ਕਰ) ਨੀਤੀ ਤਹਿ ਕਰਦੇ ਹਨ। ਗੁਨਾਹ ਹੋਣ ਤੇ ਕੁਲਕਰ ਨਾ ਕਰੋ (ਮਚਾਰ) ਆਖਦੇ ਹਨ। 5 ਕੁਲਕਰ ਬਹੁਤ ਹੀ ਅਪਰਾਧ ਵੱਧਣ ਤੇ **ਧਿਕ** (ਧਿਕਾਰ) ਆਖ ਕੇ ਦੰਡ ਦਿੰਦੇ ਹਨ। ਇਸ ਯੁਗ ਵਿਚ ਜੀਵਨ ਨਿਰਵਾਹ ਲਈ **ਅਸੀ** (ਸ਼ਸਤਰ) ਮੱਸੀ (ਵਿਉਪਾਰ) ਅਤੇ ਕ੍ਰਿਸ਼ੀ (ਖੇਤੀ) ਦੀ ਜਰੂਰਤ ਨਹੀਂ ਪੈਂਦੀ। ਪਹਿਲੇ ਆਰੇ ਤੋਂ ਤੀਸਰੇ ਆਰੇ ਤੱਕ ਇਹ ਭੂਮੀ ਅਕਰਮ ਭੂਮੀ ਅਖਵਾਉਂਦੀ ਹੈ।

ਤੀਸਰਾ ਆਰਾ ਖਤਮ ਹੋਣ ਤੋਂ ਚੋਰਾਸੀ ਲੱਖ ਪੂਰਵ ਤਿੰਨ ਵਰਸ਼ ਅਤੇ $8\frac{1}{2}$ ਮਹੀਨੇ ਬਾਕੀ ਰਹਿਣ ਤੇ ਪੰਦਰਵੇ ਕੁਲਕਰ ਅਤੇ ਪਹਿਲੇ ਤੀਰਥੰਕਰ ਦਾ ਜਨਮ ਹੁੰਦਾ ਹੈ। ਇਸ ਸਮੇਂ ਕਲਪ ਬ੍ਰਿਖ ਖਤਮ ਹੋ ਜਾਂਦੇ ਹਨ। ਮਨੁੱਖ ਭੁੱਖਾ ਪਿਆਸਾ ਘੁਮਦਾ ਹੈ। ਮਨੁੱਖਾਂ ਦੀ ਇਹ ਹਾਲਤ ਵੇਖ ਕੇ ਤੀਰਥੰਕਰ ਪਿਛਲੇ ਜਨਮ ਦੇ ਗਿਆਨ ਸਦਕਾ ਆਮ ਲੋਕਾਂ ਨੂੰ ਘਰਾ ਬਣਾ ਕੇ ਰਹਿਣਾ ਦੱਸਦੇ ਹਨ। ਅੱਗ ਜਲਾ ਕੇ ਅੰਨ ਪਕਾਉਣਾ ਸਿਖਾਉਂਦੇ ਹਨ। 18 ਸ਼੍ਰੇਣੀਆਂ ਕਰਭ ਦੇ ਅਧਾਰ ਤੇ ਕਾਇਮ ਕਰਦੇ ਹਨ। ਪੁਰਸ਼ ਨੂੰ 72 ਅਤੇ ਇਸਤਰੀ ਨੂੰ

72 ਕਲਾਵਾਂ ਦਾ ਗਿਆਨ ਦਿੰਦੇ ਹਨ। 18 ਲਿਪਿਆਂ ਅਤੇ 14 ਵਿਦਿਆਵਾਂ ਸਿਖਾਉਂਦੇ ਹਨ। ਫੇਰ ਰਾਜ ਵਿਵਸਥਾ ਕਾਇਮ ਕਰਦੇ ਸਮਾਜਿਕ ਵਿਵਸਥਾ (ਵਿਆਹ) ਆਦਿ ਰਸਮ ਸ਼ੁਰੂ ਕਰਦੇ ਹਨ। ਕਿਉਂਕਿ ਯੁਗਲ ਪੈਦਾ ਹੋਣੇ ਘੱਟ ਜਾਂਦੇ ਹਨ। ਤੀਰਥੰਕਰ ਤੋਂ ਛੁਟ ਪਹਿਲੇ ਚਕਰਵਤੀ ਵੀ ਇਸ ਯੁਗ ਵਿਚ ਪੈਦਾ ਹੁੰਦਾ ਹੈ।

4) **ਦੁਖਮਾ ਸੁਖਮਾ** :—42000 ਸਾਲ ਘੱਟ ਇਕ ਕਰੋੜ ਸਾਗਰੋ ਪਮ ਦਾ ਚੌਥਾ ਦੁਖਮਾ-ਸੁਖਮਾ (ਜਿਆਦਾ ਦੁਖ-ਸੁਖ ਥੋੜਾ) ਚੌਥਾ ਆਰਾ ਹੈ। ਇਸ ਆਰੇ ਵਿਚ ਸਰੀਰ ਦੀ ਲੰਬਾਈ 500 ਧਨੁਸ਼ ਰਹਿ ਜਾਂਦੀ ਹੈ ਉਮਰ ਘੱਟ ਰਹਿ ਜਾਂਦੀ ਹੈ ਦਿਨ ਵਿਚ ਇਕ ਵਾਰ ਭੋਜਨ ਕਰਨ ਦੀ ਇੱਛਾ ਮਨੁੱਖਾਂ ਵਿਚ ਜਾਗਦੀ ਹੈ। ਇਸ ਸਮੇਂ 23 ਤੀਰਥੰਕਰ, 11 ਚਕਰਵਰਤੀ, 9 ਬਲਦੇਵ, 9 ਵਾਸਦੇਵ, 9 ਪ੍ਰਤਿ ਵਾਸਦੇਵ ਜਨਮ ਲੈਂਦੇ ਹਨ। ਤੀਸਰੇ ਤੇ ਚੌਥੇ ਆਰੇ ਵਿਚ 24 ਕਾਮਦੇਵ, 11 ਰੁਦੱਰ, ਨੌ ਨਾਰਦ ਵੀ ਜਨਮ ਲੈਂਦੇ ਹਨ। ਚੌਥੇ ਘਰ ਦੇ ਤਿੰਨ ਸਾਲ ਅਤੇ 8½ ਮਹੀਨੇ ਬਾਕੀ ਰਹਿਣ ਤੇ 24ਵੇ ਤੀਰਥੰਕਰ ਮੋਕਸ਼ ਪਧਾਰਦੇ ਹਨ।

5) **ਦੁਖਮਾ** :— ਅੱਜ ਕੱਲ ਅਸੀਂ ਇਸ ਆਰੇ ਵਿਚੋਂ ਹੀ ਗੁਜਰ ਰਹੇ ਹਾਂ। ਇਸ ਦਾ ਸਮਾ 21000 ਸਾਲ ਹੈ। ਵਰਨ, ਗੰਧ. ਰਸ ਤੇ ਸਪਰਸ ਤੇ ਕੱਦ ਚੌਥੇ ਆਰੇ ਨਾਲੋਂ ਘੱਟ ਜਾਂਦਾ ਹੈ। ਘੱਟ ਦੇ ਘੱਟ ਦੇ ਸਰੀਰ ਦੀ ਲੰਬਾਈ 7 ਹੱਥ ਰਹਿ ਜਾਂਦੀ ਹੈ ਦੋ ਵਾਰ ਭੋਜਨ ਦੀ ਇੱਛਾ ਜਾਗਦੀ ਹੈ ਇਸ ਆਰੇ ਵਿਚ 10 ਗੱਲਾਂ ਖਤਮ ਹੋ ਜਾਂਦੀਆਂ ਹਨ (1) ਕੇਵਲ ਗਿਆਨ (2) ਮਨ ਪ੍ਰਯਵਭ (3) ਪਰਮਅਵਧੀ (ਸੰਪੂਰਨ ਲੋਕ ਅਤੇ ਲੋਕ ਦੇ ਅਸੰਖਿਆਤ ਦਾ ਗਿਆਨ) (4-6) ਪਰਿਹਾਰ ਵਿਸ਼ੁਧੀ, ਸੁਖਮ ਸੰਪਰਾਏ ਅਤੇ ਯਥਾ ਅਖਿਆਤ ਤਿੰਨ ਚਾਰਿੱਤਰ (7) ਪੁਲਾਲ ਲੱਭਧੀ (ਰਿਧੀ) (8) ਅਹਾਰਕ ਸਰੀਰ (9) ਸ਼ਾਯੀਕ ਸਮਿਅੱਕਤਵ (ਨਾਂ ਖਤਮ ਹੋਣ ਵਾਲਾ ਸਮਿਅੱਕਤਵ) (10) ਜਿਨ ਕਲਪੀ ਮੁਨੀ ਬਾਕੀ ਦਾ ਵਰਨਣ ਹਿੰਦੂ ਪੁਰਾਣਾਂ ਦੇ ਕਲਯੁਗ ਦੇ ਵਰਨਣ ਵਰਗਾ ਹੈ ਮਾਂ, ਪਿਓ, ਗੁਰੂ ਦੀ ਇੱਜਤ ਘੱਟਦੀ ਹੈ। ਪਾਪੀ ਸੁਖੀ ਹੁੰਦਾ ਹੈ ਧਰਮੀ ਦੁਖੀ ਹੁੰਦਾ ਹੈ। ਪ੍ਰਾਕ੍ਰਿਤੀਕ ਮੁਸੀਬਤਾਂ ਵੱਧਦੀਆਂ ਹਨ ਅਕਾਲ ਪੈਂਦਾ ਹੈ। ਸਾਧੂ ਪਾਖੰਡੀ ਹੋ ਜਾਂਦੇ ਹਨ। ਠੀਕ ਵਰਤ ਪਾਲਨ ਨਹੀਂ ਕਰਦੇ। ਸ਼ਾਸਤਰ ਦਾ ਗਲਤ ਅਰਥ ਕਰਦੇ ਹਨ। ਅਜਿਹੀ 30 ਗੱਲਾਂ ਸ਼ਾਸਤਰਾ ਵਿਚ ਆਉਂਦੀਆਂ ਹਨ। ਪੰਜਵੇ ਆਰੇ ਦੇ ਆਖਰੀ ਦਿਨ ਸੰਕੇਦਰ ਦਾ ਆਸਨ ਕੰਬਦਾ ਹੈ ਤਾਂ ਉਹ ਦੇਵਤਿਆਂ ਨੂੰ ਆਖਦਾ ਹੈ "ਸਾਵਧਾਨ ਕੱਲ ਨੂੰ ਛੇਵਾ ਦੁਖਮਾ, ਦੁਖਮਾ ਆਰਾ ਲੱਗੇਗਾ ਜੋ ਧਰਮ ਕਰਮ ਕਰਨਾ ਹੈ ਕਰ ਲਵੋ।"

8) **ਦੁਖਮਾ-ਦੁਖਮਾ** : ਪੰਜਵਾ ਆਰਾ ਬੀਤਨ ਤੇ ਛੇਵਾ ਆਰਾ ਸ਼ੁਰੂ ਹੋ ਜਾਂਦਾ ਹੈ। ਭਰਤ ਖੇਤਰ ਵਿਚ ਨਸ਼ਟ ਹੋ ਰਹੇ ਮਨੁੱਖਾਂ ਵਿਚ ਕੁਝ ਮਨੁੱਖ ਦੇਵ ਤੇ ਉਨ੍ਹਾਂ ਨੇ ਵੇਤਾਡਿਆ ਪਰਬਤ ਦੇ ਦੱਖਣ ਉਤਰ ਭਾਗਾ ਵਿਚ ਜੋ ਗੰਗਾ ਸਿੰਧੂ ਨਦੀ ਹਨ ਉਨ੍ਹਾਂ ਦੇ 8 ਕਿਨਾਰੇ ਦੀਆ

9-9 ਖਡਾਂ ਹਨ। ਹਰ ਖਡ ਤਿੰਨ ਮੰਜਲੀ ਹੈ ਛੇਵੇ ਆਰੇ ਵਿਚ ਵਰਨ, ਗੰਧ, ਰਸ, ਸਪਰਸ ਅਤੇ ਸ਼ੁਭ ਪੁਦਗਲ ਘੱਟਣੇ ਸ਼ੁਰੂ ਹੋ ਜਾਂਦੇ ਹਨ। ਉਮਰ ਘੱਟਦੀ ਘੱਟਦੀ 20 ਸਾਲ ਰਹਿ ਜਾਂਦੀ ਹੈ। ਵਾਰ-2 ਭੋਜਨ ਦੀ ਇੱਛਾ ਜਾਗਦੀ ਹੈ। ਰਾਤ ਨੂੰ ਠੰਡ ਅਤੇ ਦਿਨ ਜਿਆਦਾ ਗਰਮੀ ਪੈਂਦੀ ਹੈ। ਮਨੁੱਖ ਖੱਡਾਂ ਵਿਚੋਂ ਨਿਕਲ ਨਹੀਂ ਸਕਦੇ। ਮਨੁੱਖ ਸੂਰਜ ਛਿਪਣ ਤੇ 48 ਮਿੰਟ ਲਈ ਬਾਹਰ ਨਿਕਲਦੇ ਹਨ। ਗੰਗਾ ਸਿੰਧੂ ਨਦੀਆਂ ਦਾ ਆਕਾਰ ਘੱਟਦਾ ਹੈ ਪਾਣੀ ਵਿਚ ਕਛੂ ਤੇ ਮੱਛੀਆਂ ਪੈਦਾ ਹੁੰਦੇ ਹਨ। ਮਨੁੱਖ ਇਨ੍ਹਾਂ ਜਾਨਵਰਾਂ ਨੂੰ ਪਕੜ ਕੇ ਰੇਤ ਤੇ ਰੱਖ ਦਿੰਦੇ ਹਨ। ਧੁਪ ਦੀ ਗਰਮੀ ਨਾਲ ਜਦ ਇਹ ਕਛੂ ਆਦਿ ਜਾਨਵਰ ਪੱਕ ਜਾਂਦੇ ਹਨ ਤਾਂ ਖਾ ਲੈਂਦੇ ਹਨ। ਮਾਸ ਲਈ ਲੜਾਈ ਹੁੰਦੀ ਹੈ ਮਰੇ ਮਨੁੱਖਾਂ ਦੀ ਖੋਪੜੀ ਵਿਚ ਭੋਜਨ ਕਰਦੇ ਹਨ। ਮਨੁੱਖ ਦੀਨ, ਦੁਰਵਲ, ਬੀਮਾਰ, ਨੰਗੇ, ਆਚਾਰ ਵਿਚਾਰ ਰਹਿਤ ਹੁੰਦੇ ਹਨ। ਮਾਂ, ਭੈਣ ਦੀ ਕੋਈ ਸ਼ਰਮ ਨਹੀਂ ਰਹਿੰਦੀ। 6 ਸਾਲ ਦੀ ਲੜਕੀ ਬੱਚਾ ਪੈਦਾ ਕਰਦੀ ਹੈ। ਇਸ ਸਮੇਂ ਮਰਨ ਵਾਲੇ ਪ੍ਰਾਣੀ ਨਰਕ ਵਿਚ ਜਾਂਦੇ ਹਨ। ਇਨ੍ਹਾਂ ਖੱਡਾ ਵਿਚ ਕੁਝ ਇਸ ਤਰ੍ਹਾਂ ਦੇ ਮਨੁੱਖ ਰਹਿੰਦੇ ਹਨ।

## ਉਤਸਰਪਨੀ ਕਾਲ

ਇਸੇ ਛੇ ਆਰੇ ਪਹਿਲੇ ਛੇ ਆਰੇ ਦੀ ਤਰ੍ਹਾਂ ਹਨ। ਪਰ ਇਸ ਆਰੇ ਦਾ ਸ਼ੁਰੂ ਦੁਖਮਾ ਦੁਖਮਾ ਤੋਂ ਹੋ ਕੇ ਸੁਖਮਾ ਸੁਖਮਾ ਤੇ ਖਤਮ ਹੁੰਦਾ ਹੈ।

ਦੂਸਰੇ ਦੁਖਮਾ ਆਰੇ ਦੇ ਆਉਣ ਤੇ ਸਾਵਨ ਕ੍ਰਿਸ਼ਨਾ 15 ਦਿਨ ਨੂੰ ਨਿਕਲਦਾ ਹੈ ਇਸ ਆਰੇ ਤੇ 5 ਪ੍ਰਕਾਰ ਦੀ ਵਰਖਾ ਹੁੰਦੀ ਹੈ। ਹਰ ਵਰਖਾ 7-7 ਦਿਨ ਹੁੰਦੀ ਹੈ। (1) ਪੁਸ਼ਕਰ ਨਾਂ ਦੇ ਬੱਦਲ ਧਰਤੀ ਦੀ ਗਰਮੀ ਦੂਰ ਕਰਦੇ ਹਨ। (2) ਛੇਰ ਖੀਰ (ਦੁਧ ਦੀ ਵਰਖਾ) ਦੁਰਗੰਧ ਦੂਰ ਹੁੰਦੀ ਹੈ। (3) ਘੀ ਦੀ ਵਰਖਾ ਨਾਲ ਧਰਤੀ ਵਿਚ ਚਿਕਨਾਹਟ ਪੈਦਾ ਹੁੰਦੀ ਹੈ। (4) ਅੰਮ੍ਰਿਤ ਦੀ ਵਰਖਾ ਨਾਲ 24 ਪ੍ਰਕਾਰ ਦੇ ਧਾਨ ਤੇ ਬਨਾਸਪਤੀ ਪੈਦਾ ਹੁੰਦਾਂ ਹੈ। ਧਰਤੀ ਤੇ ਘਾਹ ਫੂਸ ਉਗਦਾ ਹੈ। (5) ਹਾਕੇ ਦੇ ਰਸ ਦੀ ਤਰ੍ਹਾਂ ਵਰਖਾ ਨਾਲ ਬਨਸਪਤੀ ਵਿਚ ਮਿਠਾਸ, ਕੌੜਾ, ਤੀਖਾ, ਕਸੈਲਾ ਤੇ ਤੇਜਾਬੀ ਰਸ ਪੈਦਾ ਹੁੰਦਾ ਹੈ। ਇਹ ਸਭ ਕੇ ਮਨੁੱਖ ਹੈਰਾਨ ਰਹਿ ਜਾਂਦੇ ਹਨ।

ਬਾਕੀ 3 ਤੋਂ 6 ਆਰੇ ਤੱਕ ਪਹਿਲਾਂ ਦੀ ਤਰ੍ਹਾਂ ਹੀ ਹੈ।

---

ਟਿਪਣੀ

## ਰਾਜੂ ਦਾ ਹਿਸਾਬ

3, 81, 27, 970 ਮਨ ਵਜਨ ਨੂੰ ਭਾਰ ਆਖਦੇ ਹਨ। ਅਜਿਹੇ 1000 ਭਾਰ ਦੇ ਲੋਹੇ ਦੇ ਗੋਲੇ ਨੂੰ ਕੋਈ ਦੇਵਤਾ ਉਪਰੋ ਸੁਟੇ। ਉਹ ਗੋਲਾ 6 ਮਹੀਨੇ, 6 ਦਿਨ, 6 ਪਹਿਰ 6 ਘੜੀ ਵਿਚ ਜਿਨ੍ਹਾਂ ਸਮਾਂ ਪਾਰ ਕਰ ਲਵੇ ਉਹ ਇਕ ਰਾਜ ਲੋਕ ਦਾ ਹਿਸਾਬ ਹੈ।

ਕਾਲ ਦਾ ਛੋਟਾ ਹਿੱਸਾ ਸਮਾਂ ਹੈ ਜੋ ਵੰਡਿਆ ਨਹੀਂ ਜਾ ਸਕਦਾ।

## ਕਾਲ ਗਣਨਾ

ਜਦ ਅਸੀਂ ਅੱਖ ਮੀਟ ਕੇ ਖੋਲਦੇ ਹਾਂ ਉਹ ਅਨਰਾਸ ਹੈ ਉਨਸੇਸ਼ਦਾ ਅਨ ਵੰਡਿਆ ਭਾਗ ਹੈ। ਕਾਲ ਦਾ ਸਭ ਤੋਂ ਛੋਟਾ ਹਿਸਾ ਸਮਾਂ ਹੈ।

ਅਣਵੰਡੇ ਕਾਲ — 1 ਸਮਾਂ
ਅਸੰਖ ਸਮੇਂ — 1 ਆਵਲੀਕਾ
256 ਆਵਲੀਕ — 1 ਸੁਲਕਵ
4446 ਆਵਲੀਕਾ — 1 ਪ੍ਰਾਣ
(ਸਭ ਤੋਂ ਛੋਟੀ ਉਮਰ)
7 ਪ੍ਰਾਣ — 1 ਸਤੋਕ
7 ਸਤੋਕ — 1 ਲਵ
$38\frac{1}{2}$ ਲਵ — 1 ਘੜੀ
77 ਲਵ —2 ਘੜੀ(48 ਮਿੰਟ
(1 ਮਹੂਰਤ —(16777216
ਆਵਲੀਕਾ
—(65536 ਸੁਲਕ ਭਵ)
30 ਮਹੁਰਤ — 1 ਅਹੋਰਾਤ (1
ਦਿਨ-ਰਾਤ)
15 ਦਿਨ ਰਾਤ — 1 ਪੱਖ

$2223\frac{1}{3}\frac{2}{7}\frac{2}{7}\frac{9}{3}$ ਆਵਾਲਿਕਾ )
ਜਾਂ ਸਾਧਕ 17 ਸੁਲਕਭਵ ) 1 ਪ੍ਰਾਣ
ਜਾਂ ਇਕ ਸ਼ਵਾਸੋਸਵਾਸ਼ )
2 ਪੱਖ—1 ਮਾਹ (ਮਹੀਨਾ) )
2 ਮਹੀਨੇ—1 ਰਿਤੂ
3 ਰਿਤੂ — 1 ਅਯਨ
2 ਅਯਨ — 1 ਵਰਸ਼
5 ਵਰਸ਼ — 1 ਯੁਗ
84 ਲੱਖ ਸਾਲ — ਪੂਰਵ
70 ਲੱਖ ਕਰੋੜ, 56 ਹਜਾਰ
ਕਰੋੜ ਸਾਲ ਦਾ — 1 ਪੂਰਵ
ਅਜੇਹੇ 21 ਵਾਰ ਗੁਣਾ ਕਰਨ ਨਾਲ 54 ਅੰਕਾਂ ਅਤੇ 140 ਬਿੰਦੀਆਂ ਲਗਾਉਣ ਤੇ ਸ਼ਰੀਸ਼ ਪ੍ਰਹੇਲਕਾ ਸੰਖਿਆ ਬਣਦੀ ਹੈ।
ਅਸੰਖ ਸਾਲ ਦਾ — 1 ਪਲਯੋਪਮ
10 ਕਰੋੜ+10 ਕਰੋੜ
ਪਲਯੋਪਮ — 1 ਸਾਗੋਰਪਮ
20 ਕਰੋੜ×20 ਕਰੋੜ
ਸਾਗੋਰਪਮ — 1 ਕਾਲ ਚਕਰ
ਉਤਸਰਪਨੀ ਅਤੇ ਅਵਸਰਪਨੀ
ਅਨੰਤਕਾਲ ਚਕਰ—ਇਕ ਪੁਦਗਲ
ਪਰਾਵਰਤਨ

ਭਾਵ ਪੱਖੋ ਕਾਲ ਅਮੂਰਤ, ਅਰੂਪੀ ਹੈ। ਵਰਨ, ਗੰਧ, ਰਸ ਤੇ ਸਪਰਸ਼ ਤੋਂ ਰਹਿਤ ਹੈ। ਇਕ ਪ੍ਰਦੇਸ਼ ਵਾਲਾ ਹੈ। ਇਸੇ ਕਾਰਣ ਦੋ ਸਮੇਂ ਇਕਠੇ ਨਹੀਂ ਚਲ ਸਕਦੇ।

ਗੁਣ ਪੱਖੋਂ ਕਾਲ ਦਾ ਸੁਭਾਵ ਵਰਤਨਾ ਹੈ ਕਾਲ ਚਲਦਾ ਹੈ। ਬੀਜ ਤੋਂ ਪੈਦਾ ਬਚੇ ਨੌਜਵਾਨੀ ਅਤੇ ਬੁਢਾਪਾ ਕਾਲ ਦੀ ਸਹਾਇਤਾ ਨਾਲ ਹੁੰਦੇ ਹਨ। ਇਸ ਤਰ੍ਹਾਂ ਖਾਣਾ ਪੀਣਾ ਇਸ਼ਨਾਨ, ਵਿਉਪਾਰ ਨੌਕਰੀ ਹਿਲਣ ਤੇ ਤੈਰਨਾ ਵਿਚ ਕਾਲ ਦਰਵ ਸਹਾਇਕ ਹੈ, ਕਾਲ ਬਿਨਾਂ ਕੋਈ ਕ੍ਰਿਆ ਸੰਭਵ ਹੈ।

## ਜੀਵ

ਜੀਵ ਦਰਵ ਪੱਖੋਂ ਅਨੰਤ ਹੈ। ਖੇਤਰ ਪੱਖੋਂ 14 ਰਾਜੂ ਲੋਕ ਹੈ। ਕਾਲ ਪੱਖੋ

ਅਨਾਦੀ ਅਨੰਤ ਹੈ। ਭਾਵ ਪੱਖੋਂ ਅਰੂਪੀ ਹੈ। ਗੁਣ ਪੱਖੋਂ ਚੇਤਨ ਵਾਲਾ ਹੈ।

## ਪੁਦਗਲ

ਪੁਦਗਲ ਗੁਣ ਪੱਖੋਂ ਅਨੰਤ ਹੈ। ਖੇਤਰ ਪੱਖੋਂ ਲੋਕ ਤਕ ਹੈ। ਕਾਲ ਪੱਖੋਂ ਅਨਾਦੀ ਅਨੰਤ ਹੈ। ਭਾਵ ਪੱਖੋਂ ਰੂਪੀ (ਸ਼ਕਲ ਵਾਲਾ) ਹੈ। ਗੁਣ ਪੱਖੋਂ ਬਨਣਾ, ਗਲਣਾ, ਸੜਨਾ ਅਤੇ ਪੈਦਾ ਹੋਣਾ ਪੁਦਗਲ ਦਾ ਸੁਭਾਅ ਹੈ।

(1) ਪਰਿਣਮਨ :—ਪਦਾਰਥ ਦੀ ਅਸਲ ਸਥਿਤੀ ਛੱਡੇ ਬਿਨਾਂ ਪਹਿਲਾਂ ਵਾਲੀ ਹਾਲਤ ਵਿਚ ਆ ਜਾਣਾ ਹੀ ਪਰਿਣਮਨ ਹੈ।

(2) ਗਤੀ :—ਅਕਾਸ਼ ਪ੍ਰਦੇਸ਼ਾਂ ਵਿਚ ਸਿਲਸਿਲੇ ਵਾਰ ਪਰਿਵਰਤਨ ਕਰਨਾ।

(3) ਕ੍ਰਿਆ :—ਹੋਰ ਕ੍ਰਿਆਵਾਂ ਵਿਚ ਸਮਾਂ ਬੀਤ ਜਾਣਾ।

(5) ਪਰਤਯੇ-ਅਪਰੱਤਯ :—ਪਹਿਲਾ ਪਿਛੇ. ਨਵਾਂ, ਪੁਰਾਣਾ, ਵੱਡਾ, ਛੋਟਾ ਹੋਣਾ। ਇਨ੍ਹਾਂ ਸਭ ਵਿਚ ਕਾਲ ਦਰਵ ਸਹਾਇਕ ਹੈ।

ਪੁਦਗਲ ਦਰਵ ਦੇ ਉਪਕਾਰ ਇਸ ਪ੍ਰਕਾਰ ਹਨ (1) ਸ਼ਰੀਰ (2) ਬਾਣੀ (3) ਮਨ (4) ਸਾਹ (5) ਉਛਵਾਸ (6) ਸੁਖ ਦੁਖ (7) ਜ਼ਿੰਦਗੀ, (8) ਮੌਤ। ਇਹ ਸਭ ਪੁਦਗਲ ਹਨ।

## ਪੁਦਗਲ ਦੇ ਕੰਮ

ਸ਼ਬਦ, ਬੰਧ, ਸੁਖਮਤਵ, ਸਥੋਲਯ, ਸੰਸਥਾਨ, ਭੇਦ, ਤਮ, ਛਾਈਆ ਆਤਪ (ਹਨੇਰਾ) ਅਤੇ ਉਦਯੋਤ ਪੁਦਗਲ ਦੇ ਕੰਮ ਹਨ। ਇਹ ਸਭ ਜੀਵ ਲਈ ਸਹਿਯੋਗੀ ਹਨ।

ਔਦਾਰੀਕ ਆਦੀ ਸਰੀਰ ਦਾ ਨਿਰਮਾਣ ਪੁਦਗਲਾਂ ਰਾਹੀਂ ਹੁੰਦਾ ਹੈ। ਤੇਜਸ ਤੇ ਕਾਰਮਣ ਇੰਦਰੀਆਂ ਤੋਂ ਪਰੇ ਸੂਖਮ ਸਰੀਰ ਹਨ। ਇਹ ਸਰੀਰ ਸਾਹਮਣੇ ਵਿਖਾਈ ਦੇਣ ਵਾਲੇ ਔਦਾਰਿਕ ਦਾ ਸਿਟਾ ਹਨ। ਸਰੀਰ ਦੇ ਦੁਖ ਸੁਖ ਦਾ ਕਾਰਨ ਬਣਦੇ ਹਨ।

ਭਾਸ਼ਾ ਦੇ ਪੁਦਗਲਾ ਨੂੰ ਭਾਸ਼ਾ ਵਰਗਨਾ ਆਖਦੇ ਹਨ।

ਮਨ ਦੀਆ ਵਰਗਣਾ ਕਾਰਨ ਮਨੁੱਖ ਦੇ ਸਰੀਰ ਤੇ ਠੀਕ ਤੇ ਗਲਤ ਅਸਰ ਪੈਂਦਾ ਹੈ। ਮਨ ਦੇ ਵਰਗਨਾ ਨਾਲ ਮਨ ਦੀ ਉਤਪਤੀ ਦਾ ਕਾਰਣ ਹਨ।

ਆਤਮਾ ਰਾਹੀਂ ਸਰੀਰ ਵਿਚ ਪਹੁੰਚਾਇਆ ਪ੍ਰਾਣ ਵਾਯੂ [ਪ੍ਰਾਣ] ਅਤੇ ਪੇਟ ਰਾਹੀਂ ਬਾਹਰ ਕੱਢਿਆ ਜਾਣ ਵਾਲੀ ਉਛੱਵਾਸ ਵਾਯੂ [ਅਪਾਣ] ਇਹ ਦੋਹੇ ਪੁਦਗਲ ਹਨ।

ਅਚਾਰਿਆ ਨੇਮੀ ਚੰਦਰ ਅਨੁਸਾਰ ਪੁਦਗਲ ਸਰੀਰ ਨਿਰਮਾਣ ਵਿਚ ਸਹਾਇਕ ਬਣਦਾ ਹੈ, ਔਦਾਰਿਕ ਵਰਗਣਾ ਨਾਲ ਔਦਾਰਿਕ, ਵੈਕਰਿਆ ਵਰਗਣਾ ਨਾਲ ਵੈਕਰੀਆ, ਆਹਾਰਕ ਵਰਗਣਾ ਨਾਲ ਅਹਾਰਕ ਸ਼ਰੀਰ ਸ਼ਵਾਸੋਸਵਾਸ਼, ਤੇਜਸ ਵਰਗਣਾ ਰਾਹੀਂ ਤੇਜਸ ਸ਼ਰੀਰ, ਭਾਸ਼ਾ ਵਰਗਣਾ ਰਾਹੀਂ ਬਣੀ, ਮਨ ਵਰਗਣ ਰਾਹੀਂ ਮਨ ਅਤੇ ਕਰਮ ਵਰਗਣਾ ਰਾਹੀਂ

ਕਾਰਮਣ ਸਰੀਰ ਦੀ ਉਤਪਤੀ ਹੁੰਦੀ ਹੈ।

ਸੁਖ ਦੁਖ ਅਤੇ ਜੀਵਨ ਮਰਨ ਦਾ ਕਾਰਣ ਵੀ ਪੁਦਗਲ ਹੈ। ਜੀਵ ਅਤੇ ਖਾਸ ਕਰਮ ਪੁਦਗਲ ਜੁੜੇ ਹੁੰਦੇ ਹਨ। ਕਰਮ ਪੁਦਗਲਾ ਨਾਲ ਹੀ ਜੀਵ ਦਾ ਸੰਬੰਧ ਉਸ ਦੀਆਂ ਭਿੰਨ ਭਿੰਨ ਕ੍ਰਿਆਵਾ ਅਤੇ ਮਾਨਸਿਕ ਅਵਸਥਾ ਨਾਲ ਜੁੜਦਾ ਹੈ। ਇਸ ਸਥਿਤੀ ਵਿਚ ਉਹ ਕਰਮ ਪੁਦਗਲ ਸੰਸਾਰੀ ਮਨੁੱਖਾਂ ਨੂੰ ਸੁਖ ਦੁਖ ਜੀਵਨ ਮਰਨ ਦਾ ਕਾਰਣ ਬਣੇ ਹਨ।

ਪ੍ਰਮਾਣੂ ਰੂਪੀ ਪੁਦਗਲ ਇੰਦਰੀਆਂ ਰਾਹੀਂ ਗ੍ਰਹਿਣ ਨਹੀਂ ਹੁੰਦਾ। ਇਹ ਬਹੁਤ ਸੁਖਮ ਹੁੰਦਾ ਹੈ। ਫੇਰ ਵੀ ਇਹ ਮੂਰਤ [ਸ਼ਕਲ ਵਾਲਾ] ਹੈ।

## ਛੇ ਦਰਵਾਂ ਦਾ ਨਿਤ (ਧਰੂਵ) ਗੁਣ

### ਧਰਮ

(1) ਅਰੂਪੀ (2) ਅਚੇਤਨ (3) ਅਕ੍ਰਿਆਵਾਨ (4) ਚਲਨ ਵਿਚ ਸਹਾਇਕ

### ਅਧਰਮ

(1) ਅਰੂਪੀ (2) ਅਚੇਤਨ (3) ਅਕ੍ਰਿਆ (4) ਰੁਕਣ ਵਿਚ ਸਹਾਇਕ

### ਅਕਾਸ਼

(1) ਅਰੂਪੀ (2) ਅਚੇਤਨ (3) ਅਕ੍ਰਿਆ (4) ਦਰਵਾਂ ਦੇ ਠਹਿਰਣ ਵਿਚ ਸਹਾਇਕ

### ਕਾਲ

1) ਅਰੂਪੀ 2) ਅਚੇਤਨ 3) ਅਕ੍ਰਿਆ 4) ਨਵੇਂ ਤੋਂ ਪੁਰਾਣੇ ਰੂਪ ਵਿਚ ਵੀਤਨਾ।

### ਪੁਦਗਲ

1] ਰੂਪੀ 2] ਅਚੇਤਨ 3] ਕ੍ਰਿਆਵਾਨ 4] ਸੰਜੋਗ ਵਿਜੋਗ ਦੇ ਸੁਭਾਅ ਵਾਲਾ

### ਜੀਵ

1] ਅਨੰਤ ਗਿਆਨ 2] ਅਨੰਤ ਦਰਸ਼ਨ 3] ਅਨੰਤ ਸੁੱਖ 4] ਅਨੰਤ ਵੀਰਜ।

ਇਨ੍ਹਾਂ ਗੁਣਾ ਵਿਚ ਅਕਾਸ਼ ਦਰੱਵ ਨੂੰ ਕ੍ਰਿਆ ਤੋਂ ਰਹਿਤ ਦਸਿਆ ਗਿਆ ਹੈ। ਅਕਾਸ਼ ਵਿਚ ਜੋ ਵੀ ਭਿੰਨ ਭਿੰਨ ਕ੍ਰਿਆਵਾਂ ਹੁੰਦੀਆਂ ਹਨ ਉਹ ਜੀਵ ਤੇ ਪੁਦਗਲ ਦੀ ਕ੍ਰਿਆ ਤੇ ਸੁਭਾਅ ਦਾ ਸਿਟਾ ਹੈ, ਅਕਾਸ਼ ਤਾਂ ਉਨਾਂ ਦਰਵਾਂ ਨੂੰ ਖੇਤਰ ਦਿੰਦਾ ਹੈ। ਜਿਵੇਂ ਘਰ ਵਿਚ ਉਠਣ, ਬੈਠਣ, ਚਲਣ, ਫਿਰਣ, ਖਾਣ, ਪੀਣ ਦੀਆਂ ਅਨੇਕਾਂ ਕ੍ਰਿਆਵਾਂ ਵਿਖਾਈ ਦਿੰਦੀਆਂ ਹਨ। ਉਹ ਕ੍ਰਿਆਵਾਂ ਘਰ ਨਹੀਂ ਕਰਦਾ, ਸਗੋਂ ਘਰ ਵਿਚ ਰਹਿਣ ਵਾਲੇ ਮਨੁੱਖ ਕਰਦੇ ਹਨ।

ਅਕਾਸ਼ ਵਿਚ ਬਿਜਲੀ, ਬਦਲ, ਆਦਿ ਦੇ ਸ਼ਬਦ ਅਕਾਸ਼ ਵਿਚੋਂ ਨਹੀਂ ਸਗੋਂ

ਪੁਦਗਲਾਂ ਕਾਰਣ ਉਤਪੰਨ ਹੁੰਦੇ ਹਨ । ਆਕਸ਼ ਤਾਂ ਉਨਾਂ ਦਾ ਖੇਤਰ ਹੈ ।

## ਛੇ ਦਰਵਾਂ ਦਾ ਉਪਕਾਰ

ਸਾਰਾ ਸੰਸਾਰ ਛੇ ਦਰਵਾਂ ਦਾ ਸੁਮੇਲ ਹੈ । ਧਰਮ ਗਤਿ ਵਿਚ ਸਹਾਇਕ ਹੈ ਅਧਰਮ ਰੁਕਾਨ ਵਿਚ ਸਹਾਇਕ ਹੈ ਅਕਾਸ਼ ਸਾਰੇ ਦਰਵਾਂ ਨੂੰ ਥਾਂ ਦਿੰਦਾ ਹੈ । ਕਾਲ ਦਾ ਸੁਭਾਅ ਇਸ ਪ੍ਰਕਾਰ ਹੈ ।

## ਪੁਦਗਲ ਦਰਵ ਦਾ ਉਪਕਾਰ

1) ਪੁਦਗਲ ਦਰੱਵ ਦੀ ਧੁਨੀ ਦਾ ਰੂਪ ਸ਼ਬਦ ਹੈ ਜਿਸ ਦੇ ਭਿੰਨ ਭਿੰਨ ਰੂਪ ਹਨ ।

2) ਮਿਲਣਾ, ਵਿਛੜਣਾ, ਸੁਭਾਅ ਹੋਣ ਕਾਰਣ ਪੁਦਗਲ ਬੰਧ ਦਾ ਕਾਰਣ ਹਨ ।

3) ਪੁਦਗਲ ਵਿਚ ਛੋਟਾ ਤੇ ਬੜਾ ਭਾਗ ਹੁੰਦਾ ਹੈ ।

4) ਪੁਦਗਲ ਵਿਚ ਪਤਲਾ ਪਨ ਤੇ ਮੋਟਾਪਾ ਵੀ ਹੁੰਦਾ ਹੈ ।

5) ਪੁਦਗਲ ਗੋਲ, ਤਿਕੋਨੇ, ਚੋਰਸ, ਅਤੇ ਆਯਾਤ ਵਾਲੇ ਆਕਾਰ ਵਾਲੇ ਹੁੰਦੇ ਹਨ ।

6) ਪੁਦਗਲ ਦੇ ਭੇਦ, ਟੁਕੜੇ. ਚੂਰਨ, ਕਣ ਕੀਤੇ ਜਾ ਸਕਦੇ ਹਨ ।

7) ਪੁਦਗਲ ਦਾ ਜੋ ਹਿਸਾ ਵੇਖਣ ਵਿਚ ਰੁਕਾਵਟ ਬਣਦਾ ਹੈ ਉਹ ਤਮ [ਹਨੇਰਾ] ਹੈ ।

8) ਪੁਦਗਲ ਦਾ ਜੋ ਹਿਸਾ ਚਾਨਣ ਨੂੰ ਢੱਕ ਲੈਂਦਾ ਹੈ ਉਹ ਛਾਂ ਹੈ ।

9) ਪੁਦਗਲ ਦਾ ਇਕ ਭਾਗ ਧੁਪ ਹੈ ।

10) ਪੁਦਗਲ ਦਾ ਇਕ ਭਾਗ ਚਾਨਣਾ ਜਾਂ ਸ਼ੀਤਲਤਾ ਹੈ ।

## ਜੀਵ ਦਰਵ ਦਾ ਉਪਕਾਰ

ਇਕ ਦੂਸਰੇ ਜੀਵਾਂ ਤੇ ਉਪਕਾਰ ਕਰਨਾ ਜੀਵਾਂ ਦਾ ਕੰਮ ਹੈ ਜਿਵੇਂ ਮਾਲਕ ਦਾ ਨੌਕਰ ਤੇ ਤਨਖਾਹ ਦੇ ਕੇ ਗੁਰੂ ਦਾ ਚੇਲੇ ਨੂੰ ਸਿਖਿਆ ਦੇਣਾ ।

### ਛੇ ਦਰਵਾਂ ਦਾ ਗੁਣ-ਪਰਿਆਏ ਨਿਰਨਾ

ਜੈਨ ਦਰਸ਼ਨ ਦੇ ਦਰਵ ਦਾ ਇਹ ਲੱਛਣ ਕਿਹਾ ਹੈ "ਦਰਵ ਉਹ ਹੈ ਜਿਸ ਵਿਚ ਗੁਣ ਤੇ ਪਰਿਆਏ ਹੋਣ । ਪਰਿਆਏ ਬਿਨਾਂ ਦਰਵ ਨਹੀਂ ਅਤੇ ਦਰੱਵ ਬਿਨਾਂ ਪਰਿਆਏ ਨਹੀਂ । ਜਿਸ ਵਿਚ ਗੁਣ ਜਰੂਰ ਰਹਿੰਦੇ ਹਨ, ਉਸ ਨੂੰ ਦਰਵ ਆਖਦੇ ਹਨ । ਗੁਣ ਉਹ ਹਨ ਜੋ ਸਦਾ ਦਰਵ ਵਿਚ ਰਹਿੰਦੇ ਹਨ ਅਤੇ ਆਪ ਨਿਰਗੁਣ ਹੁੰਦੇ ਹਨ । ਕੁਝ ਅਚਾਰਿਆ ਨੇ ਗੁਣ ਦੇ ਦੋ ਭੇਦ ਚੀਤੇ ਹਨ । ਸਹਭਾਵੀ ਅਤੇ ਕ੍ਰਮਭਾਵੀ । ਜੋ ਦਰੱਵ ਦੇ ਨਾਲ ਹਮੇਸ਼ਾਂ ਇਕ ਰੂਪ ਵਿਚ ਰਹਿੰਦੇ ਹਨ, ਉਹ ਸਹਿਭਾਵੀ ਗੁਣ ਹਨ, ਜਿਨ੍ਹਾਂ ਦਾ ਰੂਪ ਬਦਲਦਾ ਰਹਿੰਦਾ ਹੈ ਉਹ ਕ੍ਰਮਿਕ ਗੁਣ ਹਨ । ਜੋ ਛੇ ਦਰਵਾ ਵਿਚ ਸਮਾਨ ਹੋਣ ਉਹ ਸਮਾਨਯ ਸਹਿ ਭਾਵ ਗੁਣ ਹਨ ਅਤੇ ਜੋ ਵਿਸ਼ੇਸ਼ ਗੁਣ ਸਮਾਨਯ ਵਿਸ਼ੇਸ਼ ਦਰਵ ਵਿਚ ਹੋਣ ਉਹ ਵਿਸ਼ੇਸ਼ ਗੁਣ ਹਨ ।

**ਸਮਾਨਯ ਸਹਿਭਾਵ ਗੁਣ 6 ਪ੍ਰਕਾਰ ਦੇ ਹਨ :**

1) ਜਿਸ ਕਾਰਣ ਦਰਵ ਵਿਚ ਉਤਪਾਦ, ਵਿਆਏ, ਧਰੌਵਯ ਇਹ ਤਿੰਨ ਕ੍ਰਿਆਵਾਂ ਹੁੰਦੀਆਂ ਹਨ ਉਹ ਅਸੀਤੱਤਵ ਗੁਣ ਹੈ :

2) ਜਿਸ ਦੇ ਕਾਰਣ ਦਰਵ ਕੋਈ ਨਾ ਕੋਈ ਅਰਥ ਪੂਰਨ ਕ੍ਰਿਆ ਕਰੇ ਉਹ ਵਸ ਤਤਵ ਹੈ :

3) ਜਿਸ ਕਾਰਣ ਦਰਵ ਇਸ ਤਰ੍ਹਾਂ ਦਾ ਨਾ ਰਹਿ ਕੇ ਨਵੀਂ ਨਵੀਂ ਹਾਲਤ ਅਵ-ਸਥਾ ਧਾਰਨ ਕਰਦਾ ਹੈ ਉਹ ਦਰਵਤਤਵ ਗੁਣ ਹੈ ।

4) ਜਿਸ ਦੇ ਕਾਰਣ ਦਰਵ ਗਿਆਨ ਰਾਹੀਂ ਜਾਣੀਆ ਜਾ ਸਕੇ, ਉਹ ਪ੍ਰੇਮਯਤੱਤਵ ਗੁਣ ਹੈ ।

5) ਜਿਸ ਦੇ ਕਾਰਣ ਦਰਵ ਦੇ ਪ੍ਰਦੇਸ਼ਾ ਦਾ ਮਾਪ ਕੀਤਾ ਜਾ ਸਕੇ, ਉਹ ਪ੍ਰਦੇਸ਼ਤਵ ਗੁਣ ਹੈ ।

6) ਜੋ ਦਰਵ ਕੋਈ ਨਾ ਕੋਈ ਅਕਾਰ ਬਣਾ ਕੇ ਰਖੇ ਅਤੇ ਉਸ ਦੇ ਗੁਣਾਂ ਨੂੰ ਵਿਚਾਰ ਕੇ ਅੱਡ ਨਾ ਹੋਣ ਦੇਵੇ. ਉਹ ਅਗੁਰੂਲਘਤਵ ਭਾਵ ਹੈ ।

**ਵਿਸ਼ੇਸ਼ ਸਹਿਭਾਵੀ ਗੁਣ** :

1) ਗਤੀ ਸਹਾਇਕ (2) ਸਥਿਤੀ ਸਹਾਇਕ 3) ਅਵਗਾਹ ਸਹਾਇਕ 4) ਵਰਤਨ, ਅਧਰਮ, ਅਕਾਸ਼ ਅਤੇ ਕਾਲ ਦਰਵ ਦੇ ਵਿਸ਼ੇਸ਼ ਗੁਣ । (5-9) ਵਰਨ, ਗੰਧ-ਰਗ, ਸਪਰਸ਼, ਮੂਰਤੀ (ਪੁਦਗਲ ਦੇ ਵਿਸ਼ੇਸ਼ ਗੁਣ) (10-14) ਗਿਆਨ, ਦਰਸ਼ਨ, ਵੀਰਜ, ਸੁਖ ਅਤੇ ਚੇਤਨ (ਜੀਵ ਦੇ ਵਿਸ਼ੇਸ਼ ਗੁਣ) (15) ਅਮੂਰਤੀਤੱਤਵ : ਇਹ ਵਿਸ਼ੇਸ਼ ਗੁਣ ਜੀਵ ਨੂੰ ਛਡ ਕੇ ਪੰਜ ਦਰਵਾਂ ਵਿਚ ਹੈ । (16) ਪ੍ਰਚੇਤਨ (ਜੜ੍ਹਤਾ ਇਹ ਗੁਣ ਜੀਵ ਨੂੰ ਛੱਡ ਕੇ 5 ਦਰਵਾਂ ਵਿਚ ਹੈ ।

**ਛੇ ਦਰਵਾਂ ਦੇ ਗੁਣ** :

1) ਨਿਸ਼ਚੈ ਨਯ (ਵੇਖੋਂ ਨਯਾਵਾਦ,) ਪਖੋਂ ਸਾਰੇ ਦਰਵ ਪਰਿਣਾਮੀ ਹਨ । ਵਿਵ-ਹਾਰ ਨਯ ਪਖੋਂ ਜੀਵ ਅਤੇ ਪੁਦਗਲ ਹੀ ਪਰਿਣਾਮ ਹਨ ।

2) ਛੇ ਦਰਵਾ ਵਿਚ ਇਕ ਜੀਵ ਅਤੇ 5 ਅਜੀਵ ਹਨ ।

3) ਛੇ ਦਰਵਾ ਵਿਚ ਇਕ ਕਾਲ ਦਰਵ ਅਪ੍ਰਦੇਸ਼ੀ ਹੈ ਬਾਕੀ ਪੰਜ ਦਰਵ ਪ੍ਰਦੇਸ਼ ਵਾਲੇ ਹਨ ।

4) ਛੇ ਦਰੱਵਾ ਵਿਚ ਇਕ ਪੁਦਗਲ ਦਰਵ ਰੂਪੀ (ਮੂਰਤਕ) ਹੈ ਬਾਕੀ ਅਰੂਪੀ ਹਨ ।

5) ਛੇ ਦਰਵਾਂ ਵਿਚ ਧਰਮ, ਅਧਰਮ, ਅਕਾਸ਼ ਇਕ ਇਕ ਦਰਵ ਹੈ ਬਾਕੀ ਜੀਵ, ਪੁਦਗਲ ਅਤੇ ਕਾਲ ਅਨੰਤ ਹਨ ।

6) ਨਿਸ਼ਚੱਨਯ ਤੋਂ 6 ਦਰਵ ਸਕ੍ਰਿਆ (ਅਰਥ ਕ੍ਰਿਆਕਾਰੀ) ਹਨ ਪਰ ਵਿਵਹਾਰ ਨਯ ਤੋਂ ਜੀਵ ਅਤੇ ਪੁਦਗਲ ਹੀ ਕ੍ਰਿਆ ਹਨ ਬਾਕੀ 4 ਅਕ੍ਰਿਆ ਹਨ।

7) ਨਿਸ਼ਚੈ ਨਯ ਤੋਂ 6 ਦਰਵ ਨਿੱਤ ਵੀ ਹਨ, ਅਸਿਤੱਤਵੀ ਹਨ ਪਰ ਵਿਵਹਾਰ ਨਯ ਤੋਂ ਜੀਵ ਅਤੇ ਪੁਦਗਲ ਦੋ ਹੀ ਦਰਵ ਅਨਿੱਤ ਹਨ। ਬਾਕੀ ਦਰਵ ਨਿਤ ਹਨ।

8) ਛੇ ਦਰਵਾਂ ਵਿਚ ਇਕ ਜੀਵ ਦਰਵ ਕਾਰਣ ਹੈ ਬਾਕੀ ਅਕਾਰਣ ਹਨ।

9) ਨਿਸ਼ਚੇ ਨਯ ਤੋਂ 6 ਦਰਵ ਆਪਣੇ ਆਪਣੇ ਸੁਭਾਵ ਦੇ ਕਰਤਾ ਹਨ ਵਿਵ-ਹਾਰ ਨਯ ਪਖੋਂ ਜੀਵ ਦਰਵ ਹੀ ਕਰਤਾ ਹੈ ਬਾਕੀ 5 ਅਕਰਤਾ ਹਨ।

10) ਛੇ ਦਰਵਾਂ ਵਿਚ ਇਕ ਅਕਾਸ਼ ਦਰਵ ਹੀ ਸਰਵ ਵਿਆਪਕ ਤੇ ਬਾਕੀ ਦਰਵ, ਕੇਵਲ ਲੋਕ ਵਿਚ ਵਿਆਪਕ ਹਨ।

11) ਛੇ ਦਰਵ ਇਕ ਖੇਤਰ ਵਿਚ ਠਹਿਰੇ ਹੋਏ ਹਨ ਪਰ ਗੁਣ ਸਭ ਦੇ ਅੱਡ ਅੱਡ ਹਨ।

ਛੇ ਦਰਵਾਂ ਦਾ ਸਵਰੂਪ ਅਰਿਹੰਤ ਨੇ ਕੇਵਲ ਗਿਆਨ ਨਾਲ ਵੇਖਿਆ ਹੈ ਉਹ ਹੀ ਸਾਨੂੰ ਦਸਿਆ ਹੈ। ਇਸ ਤੇ ਵਿਸ਼ਵਾਸ਼ ਕਰਨ ਨਾਲ ਸ੍ਰਿਸ਼ਟੀ ਦਾ ਕ੍ਰਮ, ਆਤਮਾ ਅਤੇ ਪ੍ਰਮਾਤਮਾ ਦਾ ਗਿਆਨ ਹੋ ਜਾਂਦਾ ਹੈ।

**ਅਲੋਕ**

ਜਿਥੇ ਛੇ ਦਰਵ ਹਨ ਉਹ ਲੋਕ ਹੈ ਪਰ ਜਿਥੇ ਕੇਵਲ ਅਕਾਸ਼ ਹੈ ਉਹ ਸਥਾਨ ਅਲੋਕ ਹੈ।

# ਜੈਨ ਦਰਸ਼ਨ

ਅਨੇਕਾਂਤਵਾਦ

ਪ੍ਰਮਾਣ-ਨਯ

ਨਿਕਸ਼ੇਪ


ਆਤਮਾ

ਕਰਮਵਾਦ

ਲੋਕਵਾਦ

ਪ੍ਰਮਾਤਮਾਂ

ਮੋਕਸ਼



# ਜੈਨ ਦਰਸ਼ਨ ਦਾ ਪ੍ਰਾਣ : ਅਨੇਕਾਂਤਵਾਦ

ਜੈਨ ਦਰਸ਼ਨ ਨੂੰ ਜੇ ਕੋਈ ਇਕ ਸ਼ਬਦ ਵਿਚ ਬਿਆਨ ਕਰਨਾ ਚਾਹੇ ਤਾਂ ਉਹ ਅਹਿੰਸਾ ਨਹੀਂ ਹੋਵੇਗਾ, ਉਹ ਸ਼ਬਦ ਹੋਵੇਗਾ 'ਅਨੇਕਾਂਤ'। ਇਸ ਨੂੰ ਸਿਆਦਵਾਦ ਜਾਂ ਸ਼ੱਪਤ ਭੰਗੀ ਵੀ ਆਖਦੇ ਹਨ। ਠੀਕ ਹੈ ਕਿ ਜੈਨ ਦਾਰਸ਼ਨਿਕਾਂ ਨੇ ਅਹਿੰਸਾ ਦੀ ਵਿਆਖਿਆ ਖੁੱਲ ਕੇ ਕੀਤੀ ਹੈ। ਪਰ ਜੈਨ ਤੱਤਵ ਦਰਸ਼ਨ ਦਾ ਪ੍ਰਾਣ ਤਾਂ ਇਹ ਅਨੇਕਾਂਤ ਵਾਦ ਦਾ ਸਿਧਾਂਤ ਹੈ। ਇਹ ਸਿਧਾਂਤ ਨੂੰ ਜੇ ਕੋਈ ਸਮਝ ਲਵੇ ਤਾਂ ਜੈਨ ਧਰਮ, ਦਰਸ਼ਨ ਜਾਂ ਪ੍ਰੰਪਰਾ ਬਾਰੇ ਕੁਝ ਵੀ ਸਮਝਣਾ ਬਾਕੀ ਨਹੀਂ ਰਹਿ ਜਾਂਦਾ। ਆਖਿਰ ਇਹ ਅਨੇਕਾਂਤ ਵਾਦ ਦਾ ਸਿਧਾਂਤ ਕੀ ਹੈ ? ਜੋ ਜੈਨ ਦਰਸ਼ਨ ਦਾ ਪ੍ਰਾਣ ਹੀ ਨਹੀਂ, ਸਗੋਂ ਆਤਮਾ ਵੀ ਹੈ ਅਜ ਧਾਰਮਿਕ ਜਗਤ ਵਿਚ ਹੀ ਨਹੀਂ ਵਿਗਿਆਨਕ ਆਇਨਸਟਨ ਨੇ ਵੀ ਇਸ ਸਿਧਾਂਤ ਨੂੰ ਵਿਗਿਆਨਕ ਜਗਤ ਵਿਚ ਸਾਪੇਖਵਾਦ ਵਝੋਂ ਮਾਨਤਾ ਦਿਵਾਈ ਹੈ।

**ਅਨੇਕਾਂਤ ਸ਼ਬਦ ਦਾ ਅਰਥ** :

ਅਸੀਂ ਜਿਸ ਸੰਸਾਰ ਵਿਚ ਰਹਿੰਦੇ ਹਾਂ ਉਹ ਦਵੰਦ ਆਤਮਕ ਹੈ ਉਸ ਵਿਚ ਚੇਤਨ ਸਤਾ ਵੀ ਹੈ ਅਚੇਤਨ ਵੀ ਹੈ। ਦੋਹਾਂ ਦੀ ਹੋਂਦ ਸੁਤੰਤਰ ਹੈ। ਚੇਤਨ ਤੋਂ ਅਚੇਤਨ ਉਤਪਤਿ ਨਹੀਂ ਹੈ ਅਚੇਤਨ ਤੋਂ ਚੇਤਨ ਨਹੀਂ। ਚੇਤਨ ਅਤੇ ਅਚੇਤਨ ਭੂਤ, ਵਰਤਮਾਨ ਅਤੇ ਭਵਿਖ ਵਿਚ ਵੀ ਰਹਿੰਦੇ ਹਨ। ਦੋਹੇ ਆਪਸ ਵਿਚ ਦੁੱਧ ਅਤੇ ਪਾਣੀ ਦੀ ਤਰ੍ਹਾਂ ਮਿਲੇ ਹੋਏ ਹਨ। ਸ਼ਰੀਰ ਅਚੇਤਨ ਹੈ ਆਤਮ ਚੇਤਨ ਹੈ। ਦੋਹੇ ਇਕ ਦੂਸਰੇ ਤੋਂ ਪ੍ਰਭਾਵਿਤ ਹਨ। ਅਚੇਤਨ ਜੀਵ ਹੈ ਅਚੇਤਨ ਦੇ ਅਸਰ ਤੋਂ ਮੁਕਤ ਜੀਵ, ਨਿਰਾਕਾਰ, ਮੁਕਤ ਪ੍ਰਮਾਤਮਾ ਹੈ। ਬੰਧ ਵਿਚ ਫਸੇ, ਜੀਵ ਦੀ ਵਿਆਖਿਆ ਸਾਪੇਖ (ਕਿਸੇ ਪੱਖੋਂ) ਤੋਂ ਹੀ ਕੀਤੀ ਜਾ ਸਕਦੀ ਹੈ।

ਹਰ ਪਦਾਰਥ ਅਖੰਡ ਹੈ ਉਹ ਆਪਣੇ ਆਪ ਵਿਚ ਇਕ ਹੈ, ਅਨੰਤ ਧਰਮ (ਗੁਣਾਂ) ਵਾਲਾ ਹੈ। ਉਸ ਵਿਚ ਉਤਪਾਦ, ਵਿਆਏ ਅਤੇ ਧਰੋਵਯ ਤਿੰਨ ਗੁਣ ਵਿਦਮਾਨ ਹਨ। ਉਤਪਾਦ ਅਤੇ ਵਿਆਏ ਪਰਿਵਰਤਨ ਦਾ ਪ੍ਰਤੀਕ ਹਨ। ਧਰੋਵਯ ਨਿੱਤ (ਹਮੇਸ਼ਾ ਰਹਿਣ ਵਾਲਾ) ਹੈ। ਹਰ ਵਸਤੂ ਵਿਚ ਸਥਿਰਤਾ ਸਮਾਨਤਾ ਤੇ ਇਕ ਰੂਪਤਾ ਹੁੰਦੀ ਹੈ। ਪਰਿਵਰਤਨ ਸਮੇਂ ਵੀ ਪਹਿਲੇ ਰੂਪ ਦਾ ਵਿਨਾਸ਼ ਹੁੰਦਾ ਹੈ। ਫੇਰ ਉਤਰ ਰੂਪ ਵਿਚ ਉਤਪਤਿ ਹੁੰਦੀ ਹੈ। ਇਸ ਦੋਹਾਰਾਨ ਵਸਤੂ ਦਾ ਮੂਲ ਸਵਰੂਪ ਨਹੀਂ ਬਦਲਦਾ। ਜਿਵੇਂ ਸੁਨਿਆਹ ਹਾਰ ਤੋੜ ਕੇ ਕੰਗਨ ਬਨਾਉਂਦਾ ਹੈ ਇਸ ਵਿਚ ਹਾਰ ਦਾ ਵਿਨਾਸ਼ ਹੁੰਦਾ ਹੈ। ਪਰ ਉਤਪਾਦ ਅਤੇ ਵਿਆਏ ਵਿਚ ਸੋਨਾ ਹੀ ਜ਼ਿਮੇਵਾਰ ਹੈ। ਇਸ ਤਰ੍ਹਾਂ ਵਸਤੂਆਂ ਦੇ ਉਤਪਾਦ, ਵਿਆਏ ਸਮੇਂ ਮੂਲ ਰੂਪ ਵਿਚ ਪਰੀਵਰਤਨ ਨਹੀਂ ਹੁੰਦਾ। ਵਸਤੂ ਦੀ ਜੋ ਇਹ ਸਥਿਰਤਾ ਹੈ ਉਸ ਨੂੰ ਨਿੱਤ, ਧਰੁਵ ਅਤੇ ਸ਼ਾਸਵਤ ਆਖਦੇ ਹਨ। ਪਰੀਆਏ ਤੋਂ ਭਾਵ ਭਿੰਨ ਭਿੰਨ ਅਕਾਰ ਜਾਂ ਅਵਸਥਾ ਹੈ।

ਅਨੇਕਾਂਤਵਾਦ ਵਿਚ ਅੰਤ ਪਦ ਦਾ ਅਰਥ ਹੈ—ਧਰਮ। ਵਸਤੂ ਦੇ ਅਨੇਕ ਸੁਭਾਅ ਜਾਂ ਅਨੰਤ ਧਰਮ ਦਾ ਕਥਨ। ਜੈਨ ਦਰਸ਼ਨ ਅਨੁਸਾਰ ਹਰ ਵਸਤੂ ਚਾਹੇ ਜੀਵ ਹੈ ਜਾਂ ਅਜੀਵ। ਉਸ ਵਿਚ ਉਤਪਾਦ, ਵਿਆਏ, ਧਰੋਵਯ ਸ਼ੀਲਤਾ ਹੈ। ਵਸਤੂ ਦੇ ਆਪਸੀ ਵਿਰੋਧੀ ਦਵੰਦਾਂ ਦੀ ਮਾਨਤਾ ਅਨੇਕਾਂਤ ਵਾਦ ਹੈ ਅਤੇ ਅਨੇਕਾਤ ਵਾਦ ਦੀ ਕਥਨ ਸ਼ੈਲੀ ਸਿਆਦ ਵਾਦ ਹੈ। ਜੈਨ ਅਚਾਰੀਆਂ ਨੇ ਇਸ ਸਿਧਾਂਤ ਤੇ ਕਈ ਸੁਤੰਤਰ ਗ੍ਰੰਥ ਲਿਖੇ ਹਨ।

ਸਿਆਦਵਾਦ ਵਿਚ ਦੋ ਪੱਦ ਹਨ। ਸਿਆਦ ਦਾ ਅਰਥ ਹੈ ਕਿਸੇ ਪੱਖ ਤੋਂ। ਭਾਵ ਸੱਚ ਦੇ ਅਨੇਕਾਂ ਪੱਖ ਹਨ। ਕਿਸੇ ਪੱਖ ਤੋਂ ਕੋਈ ਪੱਖ ਠੀਕ ਹੈ ਤਾਂ ਦੂਸਰੇ ਪੱਖ ਤੋਂ ਕੋਈ ਹੋਰ ਪੱਖ ਠੀਕ ਹੈ। ਸੰਕਰਾ ਅਚਾਰੀਆ, ਸਵਾਮੀ ਦਿਆਨੰਦ ਬਾਣੀ ਆਰੀਆ ਸਮਾਜ, ਅਤੇ ਡਾਕਟਰ ਰਾਧਾ ਕ੍ਰਿਸ਼ਨ ਨੇ ਸਿਆਦ ਦਾ ਅਰਥ ਸ਼ਾਇਦ ਕੀਤਾ ਹੈ ਸਿਟੇ ਵਝੋਂ, ਉਨ੍ਹਾਂ ਇਸ ਸਿਧਾਂਤ ਨੂੰ ਸੰਸ਼ਯਵਾਦ ਆਖਿਆ ਹੈ। ਜੋ ਜੈਨ ਪ੍ਰੰਪਰਾ ਅਨੁਸਾਰ ਗਲਤ ਹੈ।

## ਸ਼ਪਤਭੰਗੀ

ਸਿਆਦ ਵਾਦ ਵਿਚ ਇਕ ਵਚਨ ਨੂੰ 7 ਪ੍ਰਕਾਰ ਨਾਲ ਕਥਨ ਕੀਤਾ ਜਾਂਦਾ ਹੈ ਜੋ ਜਾਨਣਾ ਜ਼ਰੂਰੀ ਹੈ। ਇਹ ਸਭ ਵਚਨ ਸਾਪੇਖ (ਕਿਸੇ ਪੱਖ ਤੋਂ) ਹੈ।

(1) ਸਿਆਦ ਆਸਤੀ :—ਕਿਸੇ ਪਖੋਂ ਹੈ।

(2) ਸਿਆਦ ਨਾਸਤੀ :—ਕਿਸੇ ਪਖੋਂ ਨਹੀਂ ਹੈ।

(3) ਸਿਆਦ ਆਸਤੀਨਾਸਤੀ :—ਕਿਸੇ ਪੱਖੋਂ ਹੈ ਅਤੇ ਕਿਸੇ ਪਖੋਂ ਨਹੀਂ ਹੈ।

(4) ਸਿਆਦ ਅਵੱਕਤਯ :—ਕਿਸੇ ਪਖੋਂ ਨਾਂ ਆਖਣ ਯੋਗ ਹੈ

(5) ਸਿਆਦ ਆਸਤੀ, ਸਿਆਦ ਅਵਕੱਤਵਯ :—ਕਿਸੇ ਪਖੋਂ ਹੈ ਅਤੇ ਕਿਸੇ ਪਖੋਂ ਨਾਂ ਆਖਣ ਯੋਗ ਹੈ।

(6) ਸਿਆਦ ਨਾਸਤੀ, ਸਿਆਦ ਅਵਕੱਤਵਯ :—ਕਿਸੇ ਪਖੋਂ ਨਹੀਂ ਹੈ, ਕਿਸੇ ਪਖੋਂ ਨਾਂ ਵਰਨਣ ਯੋਗ ਹੈ।

(7) ਸਿਆਦ ਆਸਤੀ, ਸਿਆਦ ਨਾਸਤੀ ਅਤੇ ਸਿਆਦ ਅਵਕੱਤਵਯ :—ਕਿਸੇ ਪਖੋਂ ਹੈ, ਕਿਸੇ ਪਖੋਂ ਨਹੀਂ ਹੈ, ਕਿਸੇ ਪਖੋਂ ਨਾਂ ਵਰਨਣ ਯੋਗ ਹੈ।

ਪਹਿਲੇ 4 ਬੋਲਾਂ ਦਾ ਵਿਸਥਾਰ ਹੀ ਅੰਤਮ ਤਿੰਨ ਬੋਲ ਹਨ। ਸਿਆਦ ਵਾਦ ਦੀ ਹਾਂ, ਨਾਂ, ਨਾਂ ਆਖਣ ਯੋਗ ਬੋਲ ਵਸਤੂ ਦੇ ਦਰਵ ਖੇਤਰ, ਕਾਲ ਅਤੇ ਭਾਵ ਤੇ ਨਿਰਭਰ ਕਰਦੇ ਹਨ।

## ਕੁਝ ਉਦਾਹਰਣ :

ਜਿਵੇਂ ਅਸੀਂ ਉਪਰ ਅਨੇਕਾਂਤਵਾਦ ਵਰਗੇ ਸਿਧਾਂਤ ਦਾ ਸੰਖੇਪ ਵਰਨਣ ਕਰਦੇ ਸਤ ਬੋਲ ਲਿਖੇ ਹਨ। ਅਸੀਂ ਇਨ੍ਹਾਂ ਨੂੰ ਦੋ ਉਦਾਹਰਨਾ ਰਾਹੀਂ ਸਿਧ ਕਰਾਂਗੇ।

ਇਕ ਪਦਾਰਥ ਵਿਚ ਬਹੁਤ ਸਾਰੇ ਵਿਖਾਈ ਦੇਣ ਵਾਲੇ ਸੁਭਾਵ ਹੁੰਦੇ ਹਨ ਸਭ ਦਾ

ਵਰਨਣ ਇਕ ਵਾਰ ਜਾਂ ਇਕ ਹੀ ਸਮੇਂ ਨਹੀਂ ਕੀਤਾ ਜਾ ਸਕਦਾ। ਜਿਸ ਕਾਲ ਜਾਂ ਸੁਭਾਅ ਦਾ ਕਥਨ ਕਰਨਾ ਹੋਵੇ, ਉਸ ਨਾਲ ਸਿਆਦ—ਕਿਸੇ ਪਖੋਂ ਪ੍ਰਯੋਗ ਕਰਨਾ ਚਾਹੀਦਾ ਹੈ।

ਇਕ ਆਦਮੀ ਦੁਕਾਨ ਤੇ ਬੈਠਾ ਹੈ ਉਹ ਕਿਸੇ ਦਾ ਪਿਤਾ ਹੈ,ਉਹ ਕਿਸੇ ਦਾ ਪੁਤਰ ਹੈ ਪੋਤਰਾ ਹੈ, ਭਾਈ ਹੈ, ਪਤੀ ਹੈ, ਮਿਤੱਰ ਹੈ। ਉਸ ਨੂੰ ਇਕ ਰੂਪ ਵਿਚ ਇਸ ਪ੍ਰਕਾਰ ਆਖ ਸਕਦੇ ਹਾਂ।

"ਪੁਤਰ ਪਖੋਂ ਪਿਤਾ ਹੈ ਆਪਣੇ ਪਿਤਾ ਪਖੋਂ ਉਹ ਪਿਤਾ ਨਹੀਂ ਹੈ ਬਾਬੇ ਪਖੋਂ ਪੋਤਰਾ ਹੈ, ਭਾਈ ਪਖੋਂ ਭਾਈ ਹੈ, ਪਤਨੀ ਪਖੋਂ ਪਤੀ ਹੈ ਮਿੱਤਰ ਪਖੋਂ ਮਿੱਤਰ ਹੈ।"ਇਥੇ ਇਹ ਗੱਲ ਖਾਸ ਧਿਆਨ ਦੇਣ ਵਾਲੀ ਹੈ ਕਿ ਵਿਅਕਤੀ ਇਕ ਹੈ ਪਰ ਹਰ ਪਖੋਂ ਉਸ ਦਾ ਰਿਸ਼ਤਾ ਵੱਖ 2 ਹੈ। ਸਾਰੇ ਪੱਖ ਸੱਚ ਹਨ। ਜੇ ਪੁੱਤਰ ਆਖੇ ਇਹ ਮੇਰਾ ਪਿਤਾ **ਹੀ** ਹੈ ਹੋਰ ਕੁਝ ਨਹੀਂ ਤਾਂ ਝਗੜਾ ਪੈਦਾ ਹੋ ਜਾਂਦਾ ਹੈ। ਭਾਂਵੇਂ ਪੁੱਤਰ ਬਿਲਕੁਲ ਸੱਚਾ ਹੈ, ਪਰ ਉਹ ਇਹ ਸੱਚੀ ਗੱਲ ਆਖਦਾ, ਹੋਇਆ ਹੋਰ ਮਨੁੱਖਾਂ ਦੇ ਸੱਚੇ ਸੰਬੰਧਾਂ ਪ੍ਰਤੀ ਅਣਗਹਿਲੀ ਕਰੇਗਾ ਉਸ ਦਾ '**ਹੀ**'ਆਖਣਾ ਲੜਾਈ ਝਗੜੇ ਤੇ ਹਿੰਸਾ ਦਾ ਕਾਰਣ ਬਣ ਸਕਦਾ ਹੈ ਅਜੇਹੇ ਸਮੇਂ ਅਨੇਕਾਂਤ ਵਾਦੀ ਸਿਧਾਂਤ ਵਾਲਾ ਪੁਰਸ਼ ਜੱਜ ਦਾ ਕੰਮ ਕਰੇਗਾ।

ਸੰਸਾਰ ਦੇ ਧਾਰਮਿਕ ਦਰਸਨ ਸਿਰਫ 'ਹੀ' ਤੇ ਖੜੇ ਹਨ। ਸਭ ਆਖਦੇ ਹਨ ਕਿ ਆਖਰੀ ਸੱਚ ਉਸ ਧਰਮ ਕੋਲ ਹੀ ਹੈ ਪਰ ਸੱਚ ਤਾਂ ਅਸੀਮ ਹੈ। ਉਸ ਸੱਚ ਨੂੰ ਅਨੇਕਾਤ ਵਾਦ ਰਾਹੀਂ ਪ੍ਰਗਟ ਕੀਤਾ ਜਾ ਸਕਦਾ ਹੈ। ਜੈਨ ਧਰਮੀ ਕਦੇ ਇਹ ਨਹੀਂ ਆਖਦਾ ਕਿ ਜੋ ਮੈਂ ਆਖਦਾ ਹਾਂ ਉਹ ਹੀ ਸੱਚ ਹੈ। ਜੈਨ ਧਰਮੀ ਹਮੇਸ਼ਾ ਆਖਦਾ ਹੈ "ਜੋ ਸੱਚਾ ਹੈ, ਚਾਹੇ ਉਹ ਕਿਸੇ ਕੋਲ ਵੀ ਹੈ, ਉਹ ਹੀ ਠੀਕ ਹੈ।" ਸਾਰੀਆਂ ਰਾਜਨੀਤਿਕ, ਸਮਾਜਿਕ, ਧਾਰਮਿਕ ਲੜਾਈਆਂ ਦਾ ਕਾਰਣ ਏਕਾਂਤ (ਇਕ ਪਾਸੜ) ਚਿੰਤਨ ਹੈ। ਪਰ ਪੱਖ ਵਿਚ ਕੁਝ ਸਚਾਈ ਨੂੰ ਮੰਨਣਾ ਅਨੇਕਾਂਤ ਵਾਦੀ ਦਾ ਸੁਭਾਵ ਹੈ।

## ਸ਼ਪਤ ਭੰਗੀ ਸੰਬਧੀ ਉਦਾਹਰਨ :

ਸ਼ਪਤ ਭੰਗੀ ਜਾ ਸਿਆਦ ਵਾਦ ਨੂੰ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਇਕ ਚੇਲਾ ਗੁਰੂ ਤੋਂ ਆਤਮਾ ਵਾਰੇ ਪ੍ਰਸ਼ਨ ਕਰਦਾ ਹੈ, ਗੁਰੂ ਉਸ ਨੂੰ ਇਕ ਨਹੀਂ, ਇਕੋ ਸਮੇਂ ਸਤ ਉੱਤਰ ਸ਼ਪਤ ਭੰਗੀ ਨਾਲ ਇਸ ਤਰ੍ਹਾਂ ਦਿੰਦਾ ਹੈ।

(1) ਪ੍ਰਸ਼ਨ : ਆਤਮਾ ਨਿੱਤ ਹੈ ?

ਉੱਤਰ : ਆਤਮਾ ਸਦਾ ਬਨਿਆ ਰਹਿਨ ਕਾਰਣ ਨਿਤ ਹੈ।

2) ਪ੍ਰਸ਼ਨ : ਆਤਮਾ ਅਨਿੱਤ ਹੈ ?

ਉੱਤਰ : ਹਾਂ ਆਤਮਾ ਅਵੱਸਥਾਵਾਂ ਪਰੀਵਰਤਨ ਕਰਦਾ ਰਹਿੰਦਾ ਹੈ ਇਸ ਪਖੋਂ ਅਨਿੱਤ ਹੈ।

(3) ਪ੍ਰਸ਼ਨ : ਕਿ ਆਤਮਾ ਨਿੱਤ ਅਤੇ ਅਨਿੱਤ ਦੋਵੇਂ ਤਰ੍ਹਾਂ ਦਾ ਹੈ ?

ਉੱਤਰ : ਹਾਂ ਆਤਮ ਇਕੋ ਸਮੇਂ ਨਿੱਤ ਅਤੇ ਅਨਿੱਤ ਵੀ ਹੈ ਜਿਵੇਂ ਸੋਨੇ ਦੀ ਅੰਗੂਠੀ ਤੋੜ ਕੇ ਕੁੰਡਲ ਬਨਾਉਣ ਤੇ ਵੀ ਮੂਲ ਸੋਨਾ ਰਹਿੰਦਾ ਹੈ। ਇਸੇ ਤਰ੍ਹਾਂ ਜਨਮ-ਮਰਨ ਦੇ ਚਕਰ ਸਮੇਂ ਆਤਮਾ ਦਾ ਮੂਲ ਸਵਰੂਪ ਬਣਿਆ ਰਹਿੰਦਾ ਹੈ।

(4) ਪ੍ਰਸ਼ਨ : ਕਿ ਇਹ ਦੋਹੇ ਗੱਲਾਂ (ਨਿੱਤ ਅਨਿੱਤ) ਅਸੀਂ ਇਕੋ ਸਮੇਂ ਨਹੀਂ ਆਖ ਸਕਦੇ ?

ਉੱਤਰ : ਸ਼ਬਦਾਂ ਵਿਚ ਸ਼ਕਤੀ ਨਾ ਹੋਣ ਕਾਰਣ ਆਤਮਾ ਅਵਕੱਤਯ ਹੈ ਭਾਵ ਸ਼ਬਦਾਂ ਨਾਲ ਆਤਮਾ ਦੀ ਵਿਆਖਿਆ ਨਹੀਂ ਹੋ ਸਕਦੀ। (ਕਿਉਂਕਿ ਨਿਰਕਾਰ ਆਤਮਾ ਅਨੁਭਵ ਦਾ ਵਿਸ਼ਾ ਹੈ।)

(5) ਪ੍ਰਸ਼ਨ : ਕਿ ਅਵੱਕਤੱਯ ਹੋਣ ਕਾਰਣ ਨਿੱਤ ਹੈ ?

ਉੱਤਰ : ਹਾਂ, ਜਿਸ ਸਮੇਂ ਅਵਕੱਤਯ (ਨਾ ਆਖਣ ਯੋਗ) ਹੁੰਦਾ ਹੈ ਉਸ ਸਮੇਂ ਆਤਮਾ ਨਿੱਤ ਵੀ ਹੁੰਦਾ ਹੈ।

(6) ਪ੍ਰਸ਼ਨ : ਕਿ ਅਵੱਕਤਵਯ ਹੁੰਦੇ ਹੋਏ ਅਨਿੱਤ ਵੀ ਹੈ ?

ਉੱਤਰ : ਹਾਂ ਜਿਸ ਸਮੇਂ ਅਵੱਕਤਵਯ ਹੁੰਦਾ ਹੈ ਉਸ ਸਮੇਂ ਅਨਿੱਤ ਵੀ ਹੁੰਦਾ ਹੈ।

(7) ਪ੍ਰਸ਼ਨ : ਕਿ ਅਵੱਕਤਵਯ ਹੁੰਦੇ ਹੋਏ ਵੀ ਨਿਤ-ਅਨਿੱਤ ਵੀ ਹੈ ?

ਉੱਤਰ : ਹਾਂ, ਜਿਸ ਸਮੇਂ ਅਵੱਕਤਵਯ ਹੁੰਦਾ ਹੈ ਉਸ ਸਮੇਂ ਨਿੱਤ ਅਨਿੱਤ ਵੀ ਹੁੰਦਾ ਹੈ।

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਹਰ ਪਦਾਰਥ ਸਵੈ ਦਰਵ, ਸਵੈ ਖੇਤਰ, ਸਵੈ ਕਾਲ, ਸਵੈ ਭਾਵ, ਦੀ ਦ੍ਰਿਸ਼ਟੀ ਤੋਂ ਸਤ ਇਹ ਹੈ ਅਤੇ ਪਰ ਦਰਵ, ਪਰ ਖੇਤਰ, ਪਰ ਕਾਲ, ਪਰ ਭਾਵ ਪਖੋਂ ਅਸਤ ਹੈ। ਇਸ ਪ੍ਰਕਾਰ ਇਕ ਪਦਾਰਥ ਦੇ ਸਤ ਅਤੇ ਅਸਤ ਹੋਣ ਵਿਚ ਕੋਈ ਵਿਰੋਧ ਨਹੀਂ।

ਜੈਨ ਅਚਾਰੀਆਂ ਨੇ ਅਨੇਕਾਂਤ ਵਾਦ ਨੂੰ ਸਮਝਨ ਲਈ ਸੱਤ ਅਨੇਆਂ ਦਾ ਉਦਾਹਰਨ ਦਿਤਾ ਹੈ। ਕਿਸੇ ਪਿੰਡ ਵਿਚ ਸੱਤ ਅੰਨੇ ਰਹਿੰਦੇ ਸਨ। ਉਸ ਪਿੰਡ ਵਿਚ ਇਕ ਹਾਥੀ ਆ ਗਿਆ। ਉਨਾਂ ਵਿਚੋਂ ਕਿਸੇ ਨੇ ਉਸ ਦੀ ਸੁੰਡ ਨੂੰ ਹੱਥ ਪਾ ਲਿਆ, ਕਿਸੇ ਨੇ ਹੋਰ ਅੰਗਾਂ ਨੂੰ। ਉਹ ਆਪਸ ਵਿਚ ਵਹਿਸ ਕਰਨ ਲਗੇ। ਕੋਈ ਆਖਦਾ ਹੈ "ਹਾਥੀ ਮੁਸਲ ਵਰਗਾ ਹੈ ਕੋਈ ਉਸ ਨੂੰ ਕਿਸੇ ਹੋਰ ਅਕਾਰ ਨਾਲ ਆਖਦਾ ਹੈ। ਉਥੇ ਇਕ ਅੱਖ ਵਾਲਾ ਪੁਰਸ਼ ਆਉਂਦਾ ਹੈ। ਉਹ ਅਨਿਆਂ ਨੂੰ ਆਖਦਾ ਹੈ "ਕਿਉਂ ਝਗੜਦੇ ਹੋ। ਤੁਸੀਂ ਸਭ ਸੱਚ ਆਖਦੇ ਹੋ। ਹਾਥੀ ਸੁੰਡ ਪਖੋਂ ਮੁਸਲ ਵਰਗਾ ਹੈ। ਤੁਸਾ ਹਾਥੀ ਨੂੰ ਛੋਹ ਕੇ ਇਕ ਪਾਸੇ ਦਾ ਨਿਰਣੈ ਨਹੀਂ ਕਰ ਸਕਦੇ। ਇਹ ਅੱਖ ਵਾਲਾ ਪ੍ਰਾਣੀ ਅਨੇਕਾਂਤਵਾਦ ਹੈ।ਅੰਨੇ ਸੰਸਾਰ ਦੇ ਏਕਾਂਤਵਾਦੀ ਮੱਤ ਹਨ। ਜੋ ਹੀ ਵਿਚ ਵਿਸ਼ਵਾਸ ਰਖਦੇ ਹਨ।ਅਨੇਕਾਂਤਵਾਦੀ ਵੀ ਵਿਚ ਵਿਸ਼ਵਾਸ਼ ਰਖਦਾ ਹੈ।

# ਨਿਕਸ਼ੇਪ

ਇਕ ਹੀ ਅਰਥ ਨੂੰ ਭਿੰਨ-ਭਿੰਨ ਰੂਪ ਵਿਚ ਸਥਾਪਿਤ ਕਰਨਾ ਹੀ ਨਿਕਸ਼ੇਪ ਹੈ। ਇਕ ਹੀ ਨਾਂ, ਅਲਗ ਅਲਗ ਪਦਾਰਥਾਂ ਲਈ ਇਸਤੇਮਾਲ ਹੁੰਦਾ ਹੈ। ਜਿਵੇਂ (1) ਕਿਸੇ ਬੱਚੇ ਦਾ ਨਾਂ ਰਾਜਾ ਰਖਿਆ ਗਿਆ ਹੈ ਉਸਨੂੰ ਰਾਜਾ ਦੇ ਰੂਪ ਵਿਚ ਸੰਬੋਧਨ ਕੀਤਾ ਜਾਂਦਾ ਹੈ। (2) ਇਸੇ ਤਰ੍ਹਾਂ ਕੋਈ ਰਾਜਾ ਦਾ ਚਿੱਤਰ ਬਣਾ ਕੇ, ਉਸ ਨੂੰ ਹੀ ਰਾਜਾ ਆਖਦੇ ਹਨ। (3) ਕਦੇ ਕਦੇ ਰਾਜੇ ਦੇ ਪੁੱਤਰ ਨੂੰ ਹੀ ਰਾਜਾ ਕਿਹਾ ਜਾਂਦਾ ਹੈ ਜਿਵੇਂ 'ਇਹ ਅਪਣੇ ਪਿਤਾ ਤੋਂ ਵੀ ਸਵਾਇਆ ਰਾਜਾ ਹੈ।" (4) ਅਸਲ ਰਾਜੇ ਨੂੰ ਵੀ ਰਾਜਾ ਆਖਦੇ ਹਨ। ਇਸ ਤਰ੍ਹਾਂ ਰਾਜੇ ਦੀ ਸਥਾਪਨਾ ਕੇਵਲ ਨਾਂ, ਸ਼ਕਲ ਜਾਂ ਕਾਰਣ ਦਰਵ ਤੋਂ ਹੁੰਦੀ ਹੈ। ਬਾਦਸ਼ਾਹਤ ਰਾਜਿਆਂ ਵਾਲੇ ਭਾਵ ਵਿਚ ਹੁੰਦੀ ਹੈ। ਜੈਨ ਆਗਮ ਅਰਥਾਂ ਦੀ ਭਿੰਨ ਭਿੰਨ ਸਥਾਪਨਾ ਨੂੰ ਨਿਕਸ਼ੇਪ ਆਖਦੇ ਹਨ। ਹਰ ਵਸਤੂ ਦੇ ਘਟੋ ਘਟ ਚਾਰ ਨਿਕਸ਼ੇਪ ਜ਼ਰੂਰ ਹੁੰਦੇ ਹਨ :—

(1) **ਨਾਮ ਨਿਕਸ਼ੇਪ** :—ਕੇਵਲ ਵਸਤੂ ਦਾ ਨਾਂ। ਜਿਵੇਂ ਕਿਸੇ ਮਨੁੱਖ ਦਾ ਨਾ **ਇੰਦਰ** ਰਖਿਆ ਗਿਆ ਜਾਂ ਕਿਸੇ 'ਅਜੈਨ' ਦਾ ਨਾਂ ਜੈਨ ਰਖਿਆ ਗਿਆ। ਇਹ ਨਾਮ ਨਿਕਸ਼ੇਪ ਹੈ।

(2) **ਸਥਾਪਨਾ ਨਿਕਸ਼ੇਪ** :—ਅਸਲ ਆਦਮੀ ਦੀ ਮੂਰਤੀ, ਚਿੱਤਰ ਜਾਂ ਆਕ੍ਰਿਤੀ ਸਥਾਪਨਾ ਹੈ। ਇਸ ਫੋਟੋ ਵਿਚ ਅਸਲ ਵਿਅਕਤੀ ਦੀ ਧਾਰਨਾ ਕੀਤੀ ਜਾਂਦੀ ਹੈ। ਚਿੱਤਰ ਨੂੰ ਵੇਖ ਕੇ ਆਖਨਾ, ਇਹ ਤੀਰਥੰਕਰ ਦੀ ਫੋਟੋ ਹੈ ਜਾਂ ਨਕਸ਼ੇ ਨੂੰ ਵੇਖ ਕੇ ਆਖਣਾ '**ਇਹ ਭਾਰਤ ਦੇਸ਼ ਹੈ** ।

(3) **ਦਰਵ ਨਿਕਸ਼ੇਪ** :—ਕਦੇ ਕਦੇ ਭੂਤ ਅਤੇ ਭਵਿੱਖ ਕਾਲੀਨ ਭਾਸ਼ਾ ਜਾਂ ਅਰਥਾਂ ਦਾ ਪ੍ਰਯੋਗ ਵਰਤਮਾਨ ਕਾਲ ਵਿਚ ਕੀਤਾ ਜਾਂਦਾ ਹੈ। ਇਹ ਦਰਵ ਨਿਕਸ਼ੇਪ ਹੈ ਜਿਵੇਂ ਮਰੇ ਹੋਏ ਰਾਜਾ ਦੇ ਸ਼ਰੀਰ ਨੂੰ ਵੇਖ ਕੇ ਆਖਨਾ '**ਇਹ ਰਾਜਾ ਹੈ**'। ਖਾਲੀ ਘਿਓ ਦੇ ਘੜੇ ਨੂੰ '**ਘਿਓ ਦਾ ਘੜਾ ਆਖਣਾ**'।

(4) **ਭਾਵ ਨਿਕਸ਼ੇਪ** :—ਨਾਉਂ ਵਿਸੇਸ਼ ਦਾ ਅਰਥ, ਭਾਵ ਵਸਤੂ ਦੀ ਜਿਸ ਅਵਸਥਾ ਵਿਚ ਠੀਕ ਤਰ੍ਹਾਂ ਲਾਗੂ ਹੋਵੇ, ਉਸਨੂੰ ਭਾਵ ਨਿਕਸ਼ੇਪ ਆਖਦੇ ਹਨ। ਜਿਵੇਂ ਧਰਮ ਰੂਪੀ ਤੀਰਥ ਦੀ ਸਥਾਪਨਾ ਕਰਨ ਵਾਲੇ ਨੂੰ ਤੀਰਥੰਕਰ ਆਖਣਾ, ਨੌਕਰੀ ਕਰਨ ਵਾਲੇ ਨੂੰ ਨੌਕਰ ਆਖਣਾ। ਸਾਧੂ ਦੇ ਗੁਣਾਂ ਵਾਲੇ ਨੂੰ ਸਾਧੂ ਆਖਣਾ, ਇਹ ਭਾਵ ਨਿਕਸ਼ੇਪ ਹੈ।

# ਲੋਕਵਾਦ

ਜੋ ਆਤਮਾ ਦੀ ਹੋਂਦ ਵਿਚ ਵਿਸ਼ਵਾਸ਼ ਰਖਦਾ ਹੈ ਉਹ ਸਵਰਗ, ਨਰਕ, ਪਸ਼ੂ ਅਤੇ ਮਨੁੱਖ ਦੀ ਜੂਨੀ ਵਿਚ ਵੀ ਵਿਸ਼ਵਾਸ਼ ਰਖਦਾ ਹੈ। ਇਨ੍ਹਾਂ ਗੱਲਾਂ ਤੋਂ ਛੁਟ ਲੋਕ ਦੀ ਸਥਿਤੀ ਅਤੇ ਇਸ ਵਿਚ ਘੁੰਮਨ, ਫਿਰਨ ਵਾਲੇ ਜੀਵਾਂ ਬਾਰੇ ਵੀ ਜਾਣਕਾਰੀ ਹਾਸਲ ਕਰਨੀ ਚਾਹੁੰਦਾ ਹੈ।

ਸੰਸਾਰ, ਜਗਤ ਲਈ ਜੈਨ ਧਰਮ ਵਿਚ ਲੋਕ ਸ਼ਬਦ ਆਇਆ ਹੈ। ਲੋਕ ਤੋਂ ਭਾਵ ਹੈ ਜੋ ਵੇਖਿਆ ਜਾਵੇ। ਜਿਥੇ 6 ਦਰਵ ਹਨ ਉਹ ਲੋਕ ਹੈ। ਜਿਥੇ ਇਕੱਲਾ ਅਕਾਸ਼ ਦਰਵ ਹੈ ਹੋਰ ਕੋਈ ਦਰੱਵ ਨਹੀਂ ਉਹ ਅਲੋਕ ਹੈ। ਜਿਥੋਂ ਤਕ ਇਹ 6 ਤੱਤਵ ਹਨ ਉਥੋਂ ਤਕ ਲੋਕ ਹੈ। ਜੀਵ ਅਤੇ ਪੁਦਗਲ ਲੋਕ ਵਿਚ ਹਨ ਅਲੋਕ ਵਿਚ ਨਹੀਂ। ਜੈਨ ਦ੍ਰਿਸ਼ਟੀ ਪਖੋਂ ਲੋਕ ਸੀਮਾ ਵਾਲਾ ਹੈ ਪਰ ਆਲੋਕ ਅਸੀਮ ਹੈ।

## ਲੋਕ ਦਾ ਆਕਾਰ

ਜੈਨ ਦਰਸ਼ਨ ਅਨੁਸਾਰ ਲੋਕ ਦੇ ਤਿੰਨ ਭਾਗ ਹਨ।

1) ਉਰਧਵ ਲੋਕ 2) ਮੱਧ ਲੋਕ 3) ਅਧੋ ਲੋਕ

ਤਿੰਨ ਲੋਕਾਂ ਦੀ ਲੰਬਾਈ 14 ਰੱਜੂ ਹੈ। ਚਾਰੇ ਗਤੀਆਂ ਦੇ ਪ੍ਰਾਣੀ ਇਸ ਘੇਰੇ ਵਿਚ ਘੁੰਮ ਰਹੇ ਹਨ। ਉਰਧਵ ਲੋਕ ਦੀ ਲੰਬਾਈ 7 ਰੱਜੂ ਤੋਂ ਕੁਝ ਘਟ ਹੈ। ਮੱਧ ਲੋਕ 1800 ਪਰਿਮਾਨ ਯੋਜਨ ਦਾ ਹੈ ਅਤੇ ਅਧੋ ਲੋਕ 7 ਰੱਜੂ ਤੋਂ ਕੁਝ ਜਿਆਦਾ ਹੈ।

ਜਿਥੇ ਅਸੀਂ ਰਹਿੰਦੇ ਹਾਂ ਉਹ ਮਨੁੱਖ ਲੋਕ ਰਤਨ ਪ੍ਰਭਾ ਪ੍ਰਿਥਵੀ ਦੇ ਛੱਤ ਤੇ ਹੈ। ਇਸ ਦੇ ਵਿਚਕਾਰ ਮੇਰੂ ਪਰਬਤ ਹੈ। ਮੇਰੂ ਪਰਬਤ ਦੇ ਹੇਠ ਗਾਂ ਦੇ ਥਨ ਦੀ ਤਰਾਂ 8 ਰੁਚਕ ਪ੍ਰਦੇਸ਼ ਹਨ। ਇਨਾਂ ਰੁਚਕ ਪ੍ਰਦੇਸ਼ਾ ਦੇ 900 ਯੋਜਨ ਹੇਠ ਤੇ 900 ਯੋਜਨ ਉਪਰ ਕੁਲ 1800 ਯੋਜਨ ਉਚਾਈ ਵਾਲਾ ਤਿਰਛਾ ਮਨੁਖ ਲੋਕ ਹੈ।

## ਸੁਮੇਰ ਪਰਵਤ

ਸਾਰੇ ਪ੍ਰਿਥਵੀ ਮੰਡਲ ਦੇ ਵਿਰਕਾਰ ਸੁਦਰਸ਼ਨ ਮੇਰੂ ਪਰਵਤ ਹੈ। ਜ਼ੋ ਖੰਬੇ ਦੀ ਤਰਾਂ ਹੈ। ਹੇਠਾ ਤੋਂ ਚੋੜਾ ਹੈ ਉਪਰ ਤੋਂ ਘਟ ਚੋੜਾ ਹੈ। ਇਸ ਪਰਬਤ ਦੀ ਉਚਾਈ 100000 ਯੋਜਨ ਹੈ। ਇਸ ਇਕ ਲੱਖ ਯੋਜਨ ਵਿਚੋਂ 1000 ਯੋਜਨ ਜਮੀਨ ਹੇਠਾਂ ਹੈ 99000 ਯੋਜਨ ਉਪਰ ਹੈ। ਪ੍ਰਿਥਵੀ ਦੇ ਮੂਲ ਰੂਪ ਵਿਚ $10090\frac{1}{2}$ ਯੋਜ਼ਨ ਚੋੜਾ ਹੈ। ਜਮੀਨ ਤੋਂ

10000 ਯੋਜਨ ਚੋੜਾ ਹੁੰਦਾ ਹੁੰਦਾ ਸਿਖਰ ਤੇ 1000 ਯੋਜਨ ਰਹਿ ਗਿਆ ਹੈ ।

## ਉਰਧਵ ਲੋਕ

ਮੱਧ ਲੋਕ ਤੋਂ 900 ਯੋਜਨ ਉਪਰਲਾ ਹਿਸਾ ਉਰਧਵ ਲੋਕ ਹੈ । ਇਥੇ ਦੇਵਤਿਆਂ ਦਾ ਨਿਵਾਸ ਹੈ । ਇਸੇ ਨੂੰ ਆਮ ਭਾਸ਼ਾ ਵਿਚ ਸਵਰਗ ਲੋਕ ਜਾਂ ਦੇਵ ਲੋਕ ਆਖਦੇ ਹਨ । ਇਸ ਲੋਕ (ਸਰਵਾਰਥ ਵਿਮਾਨ)ਤੋਂ 12 ਯੋਜਨ ਉਪਰ ਸਿਧ ਸ਼ਿਲਾ ਹੈ ਜੋ 45 ਲੱਖ ਯੋਜਨ ਲੰਬੀ ਅਤੇ 45 ਲੱਖ ਯੋਜਨ ਚੋੜੀ ਗੋਲਾ ਅਕਾਰ ਹੈ । ਵਿਚਕਾਰਲੇ ਹਿਸੇ ਤੋਂ ਇਸ ਦੀ ਮੋਟਾਈ 8 ਯੋਜਨ ਹੈ ਜੋ ਕਿਨਾਰਿਆ ਤੋਂ ਪਤਲੀ ਹੁੰਦੀ ਹੁੰਦੀ ਮੱਖੀ ਦੇ ਪੈਰਾਂ ਜਿਨ੍ਹੀ ਪਤਲੀ ਹੋ ਗਈ ਹੈ । ਇਸ ਸਿਧ ਸ਼ਿਲਾ ਦਾ ਅਕਾਰ ਉਲਟੇ ਛੱਤਰ ਦੀ ਤਰ੍ਹਾਂ ਹੈ । ਇਸ ਤੋਂ ਇਕ ਯੋਜਨ ਉਪਰ ਵਾਲੇ ਖੇਤਰ ਨੂੰ ਲੋਕ ਅੰਤ ਆਖਦੇ ਹਨ । ਭਾਵ ਇਸ ਤੋਂ ਅਗੇ ਕੋਈ ਕੁਝ ਵੀ ਨਹੀਂ ਨਹੀਂ, ਇਹੋ ਲੋਕ ਦਾ ਸਿਰਾ ਹੈ । ਇਸ ਯੋਜਨ ਉਪਰ ਕੋਹ ਦੇ 1/6 ਹਿਸੇ ਵਿਚ ਸਿੱਧ ਆਤਮਾ ਵਿਰਾਜਮਾਨ ਹਨ ।

ਉਰਧਵ ਲੋਕ ਵਿਚ ਵੇਮਾਨਿਕ ਦੇਵਤੇ ਨਿਵਾਸ ਕਰਦੇ ਹਨ । ਦੇਵਤੇਆਂ ਦੇ ਅਨੇਕਾਂ ਭੇਦ ਹਨ ।

1] ਕਲਪੋਉਤਪਨ 2] ਕਲਪਾਤੀਤ । ਇਹ ਭੇਦ ਵੈਮਾਨੀਕ ਦੇਵਤਾਵਾਂ ਦੇ ਹਨ । ਜਿਨਾ ਦੇਵ ਲੋਕ ਵਿਚ ਇੰਦਰੀ ਆਦਿ ਪਦਵੀਆਂ ਹਨ । ਉਨ੍ਹਾਂ ਨੂੰ ਕਲਪ ਆਖਦੇ ਹਨ । ਇਨਾਂ ਦੇਵ ਲੋਕਾਂ ਦੀ ਗਿਣਤੀ 12 ਹੈ । ਕਲਪ ਵਿਚ ਪੈਦਾ ਹੋਣ ਕਾਰਣ ਇਨ੍ਹਾਂ ਨੂੰ ਕਲਪ ਉਪਨ ਆਖਦੇ ਹਨ । 12 ਕਲਪਾ ਤੋਂ ਉਪਰ 9 ਗਰੇਵਕ ਅਤੇ 5 ਅਨੁਤਰ ਵਿਮਾਨ ਦੇ ਦੇਵਤੇ ਕਲਪਾਤੀਤ ਅਖਵਾਉਂਦੇ ਹਨ । ਕਲਪਾਤੀਤ ਦੇਵਤਿਆਂ ਵਿਚ ਕੋਈ ਸਵਾਮੀ ਸੇਵਕ ਦਾ ਭੇਦ ਨਹੀਂ । ਸਾਰੇ ਇੰਦਰ ਦੀ ਤਰਾਂ ਹੋਣ ਕਾਰਨ ਅਹਿਮਿੰਦਰ ਅਖਵਾਉਂਦੇ ਹਨ । ਧਰਤੀ ਤੇ ਕਿਸੇ ਵੀ ਕੰਮ ਲਈ ਕਲਪ ਉਪਨ ਦੇਵਤੇ ਹੀ ਆਉਂਦੇ ਹਨ, ਕਲਪਾਤੀਤ ਨਹੀਂ । ਉਰਧਵ ਲੋਕ ਵਿਚ ਵੈਮਾਨਿਕ ਦੇਵ ਹਨ ਤਿਰਛੇ ਲੋਕ ਦੇ ਸ਼ੁਰੂ ਜੋਤਸ਼ੀ ਦੇਵਤਾ ਹਨ । ਮਨੁਖ ਤੇ ਵਾਅਬਿਅੰਤਕ ਦੇਵਤਾ ਰਹਿੰਦੇ ਹਨ । ਅਧੋ ਲੋਕ ਵਿਚ ਭਵਨ ਪਤੀ ਅਤੇ ਥੋੜੇ ਜੇਹੇ ਵਾਣਸਿਅੰਤਰ ਵੀ ਰਹਿੰਦੇ ਹਨ ।

## ਭਵਨਪਤਿ ਦੇਵਤਾ

ਭਵਨਪਤੀ ਦੇਵਤਾ ਹੇਠ ਲਿਖੀਆਂ ਕਿਸਮਾਂ ਦੇ ਹਨ ।

1) ਅਸੁਰ ਕੁਮਾਰ 2) ਨਾਗ ਕੁਮਾਰ 3) ਵਿਦੁਤ ਕੁਮਾਰ 4) ਸੁਪਰਨ ਕੁਮਾਰ 5) ਅਗਨੀ ਕੁਮਾਰ 6) ਵਾਯੂ ਕੁਮਾਰ 7) ਸਤਨ ਕੁਮਾਰ 8) ਉੱਦਧੀ ਕੁਮਾਰ 9) ਦੀਪ ਕੁਮਾਰ 10) ਦਿਕ ਕੁਮਾਰ ।

10 ਪ੍ਰਕਾਰ ਦੇ ਤਿਯੰਗ ਜੀਵਕ ਦੇਵ ।

1) ਅਨ 2) ਪਾਨ 3) ਸ਼ਯਨ 4) ਵਸਤਰ 5) ਪੁਸ਼ਪ 6) ਫੁੱਲ

7) ਪੁਸ਼ਪ 8) ਪੁਸ਼ਪ ਫਲ 9) ਆਵੰਤੀ । ਭੋਜਨ, ਪੀਣ ਯੋਗ, ਘਰ, ਰਖਿਆ, ਕਪੜੇ, ਫੁਲ, ਫਲ, ਅਤੇ ਫੁਲ ਦੋਹਾ, ਬੀਜ, ਧਨ ਆਦਿ ਨੂੰ ਘਟਾਨਾ ਵਧਾਉਣਾ ਇਨਾ ਦੇਵਤਿਆਂ ਦਾ ਕੰਮ ਹੈ :

## 12 ਦੇਵ ਲੋਕ

1) ਸੁਧਰਮ 2) ਈਸ਼ਾਨ 3) ਸਨਤ ਕੁਮਾਰ 4) ਮਹੇਂਦਰ 5) ਬ੍ਰਹਮ 6) ਲਾਂਤਕ 7) ਮਹਾਸੁਕਰ 8) ਸਹਸ਼ਤਰਨਾਰ 9) ਆਨਤ 10) ਪ੍ਰਾਣਤ 11) ਅਰੁਣ 12) ਅਚੁਯਤ

**9 ਗਰੇਵਯਕ** :

1) ਭਦਰ 2) ਸੁਭਦਰ 3) ਸੁਜਾਤ 4) ਸਮਨਸ਼ 5) ਪ੍ਰਿਆ ਦਰਸ਼ਨ 7) ਅਮੋਹ 8) ਸਪ੍ਰਤਿਬੁਧ 9) ਯਸ਼ੋਧਰ ।

**5 ਅਨੁਤਰ ਵਿਮਾਨ** :

1) ਵਿਜੈ 2) ਵਿਜੈਅੰਤ 3) ਜੈਅੰਤ 4) ਅਪਰਾਜਿਤ 5) ਸਰਵਾਰਥ ਸਿੱਧ

**9 ਲੋਕਾਂਤਿਕ ਦੇਵ** :

1) ਸਾਰਸਵਤ 2) ਆਦਿਤ 3) ਵਨਹੀ 4) ਵਰੁਣ 5) ਗਰਦ ਤੋਯ 6) ਤਸ਼ਿਤ 7) ਅਵਿਆਬਾਧ 8) ਮਰੁਤ 9) ਅਰਿਸ਼ਟ

**3 ਕਿਲਾਵਿਸ਼ੀ ਦੇਵਤਾ :**

3 ਪ੍ਰਕਾਰ ਦੇ ਕਿਲਵਿਸ਼ਕ ਦੇਵਤੇ ਜੋ ਇਸ ਦੇਵਾ ਤੋਂ ਉਪਰ ਅਤੇ ਪਹਿਲੇ ਤੇ ਦੂਸਰੇ ਦੇਵ ਲੋਕ ਦੇ ਹੇਠਾ ਰਹਿੰਦੇ ਹਨ ।

ਦੂਸਰੀ ਤਰਾਂ ਦੇ ਦੂਸਰੇ ਦੇਵ ਲੋਕ ਤੋਂ ਉਪਰ ਅਤੇ ਤੀਸਰੇ ਦੇਵ ਲੋਕ ਦੇ ਹੇਠਾ ਰਹਿੰਦੇ ਹਨ ।

ਤੀਸਰੀ ਤਰਾਂ ਦੇ ਪੰਜਵੇ ਦੇਵ ਲੋਕ ਤੋਂ ਉਪਰ ਛੇਵੇਂ ਦੇਵ ਲੋਕ ਤੋਂ ਹੇਠਾ ਰਹਿੰਦੇ ਹਨ । ਇਹ ਦੇਵ ਦੂਸਰੇ ਮਤਾ ਦੀ ਮਿਥਿਆਤਵੀ ਧਾਰਣਾ ਦੇ ਧਾਰਕ ਹੋਣ ਕਾਰਣ ਬਣਦੇ ਹਨ ।

## 15 ਪ੍ਰਕਾਰ ਦੇ ਪਰਮਾਧਾਰਮਿਕ (ਯਮਦੂਤ)

1) ਅੰਬ 2) ਅੰਬ ਰਸ 3) ਸ਼ਿਆਮ 4) ਸੰਬਲ 5) ਰੁਦਰ 6) ਮਗਰੁਦਰ 7) ਕਾਲ 8) ਮਹਾਕਾਲ 9) ਅਸੀ ਪੱਤਰ 10) ਧਨ ਪੱਤਰ 11) ਕੁੰਭੀ 12) ਬਾਲੂ 13) ਵੈਤਰਨੀ 14) ਖਰਸਵਰ 15) ਮਹਾ ਘੋਸ਼ । ਇਹ ਦੇਵ ਨਾਰ-ਕੀਆ ਨੂੰ ਸਜ਼ਾ ਦਿੰਦੇ ਹਨ । ਇਹ ਸਭ 99 ਪ੍ਰਕਾਰ ਦੇ ਦੇਵ ਹਨ । ਜਿਨਾਂ ਦੇ ਪਰਿਆਪਤ ਅਤੇ ਅਪਰਿਆਪਤ 198 ਭੇਦ ਹੋ ਜਾਂਦੇ ਹਨ ।

## 10 ਪ੍ਰਕਾਰ ਦੇ ਜੋਤਿਸ਼ ਦੇਵ

1) ਚੰਦਰਮਾ 2) ਸੂਰਜ 3) ਗ੍ਰਹਿ 4) ਨਛੱਤਰ 5) ਤਾਰਾ। ਇਹ ਇਨਾਂ ਨਾਮ ਨਾਲ ਸਥਿਰ ਹਨ 2½ ਦੇ ਚਲਦੇ ਹਨ 2½ ਦੇ ਬਾਹਰ ਨਿਕਲਦੇ ਹਨ।

2) ਵੈਮਾਨਿਕ ਦੇਵਤੇ ਦੋ ਪ੍ਰਕਾਰ ਦੇ ਹਨ 1) ਕਲਾਉਪਨ 2) ਕਲਪਾਤੀਤ

## ਵਿਅੰਤਰ ਦੇਵ ਦੇ ਨਾਉ

| | |
|---|---|
| 1. ਪਿਸ਼ਾਚ | 9. ਆਣਪਣਿ |
| 2. ਭੂਤ | 10. ਪਾਣਪਣਿ |
| 3. ਯਕਸ਼ | 11. ਈਸ਼ਵਾਣੀ |
| 4. ਰਾਖਸ਼ | 12. ਭਈਵਾਣੀ |
| 5. ਕਿਨਰ | 13. ਕੰਦੀ |
| 6. ਕਿਮ ਪੁਰਸ਼ | 14. ਮਹਾਕੰਦੀ |
| 7. ਮਹੋਰਗ | 15. ਕੁਰੰਡ |
| 8. ਗੰਧਰਵ | 16. ਪਯੰਗ ਦੇਵ |

## ਦੇਵਤੇ ਦੇ ਰਾਜਾ ਇੰਦਰ ਦਾ ਪਰਿਵਾਰ

ਕਲਪੋ ਉਪਨ ਦੇਵਤਿਆਂ ਦੇ ਇੰਦਰ ਵਿਚ ਸਾਮਨਿਕ, ਤਰਾਏ ਇਸਤ੍ਰਾਸ਼. ਪਰਿਸ਼ਧ ਆਤਮ ਰਖਿਅਕ, ਲੋਕਪਾਲ, ਸੈਨਿਕ, ਪ੍ਰਕਿਣਕ, ਅਭਿਯੋਗੀਕ, ਕਿਲਿਵਿਸ਼ਕ ਆਦਿ 9 ਪ੍ਰਕਾਰ ਦੇ ਦੇਵਤੇ ਹੁੰਦੇ ਹਨ।

1) ਸਾਮਨਿਕ ਦੇਵ. ਮੁੱਖੀ, ਪਿਤਾ, ਗੁਰੂ ਅਤੇ ਵਡਿਆਂ ਦੀ ਤਰਾਂ ਸਤਿਕਾਰ ਦੇ ਪਾਤਰ ਸਮਝੇ ਜਾਂਦੇ ਹਨ। ਪਰ ਇਹ ਇੰਦਰ ਪਦਵੀ ਤੋਂ ਰਹਿਤ ਹੁੰਦੇ ਹਨ।
2) ਤਰਾਏ ਇਸਤਰੀਸ਼ ਦਾ ਦਰਜਾ ਮੰਤਰੀ ਤੇ ਪੁਰੋਹਤ ਦਾ ਹੁੰਦਾ ਹੈ।
3) ਪਾਰਿਸ਼ਧ ਦੇਵ ਮਿੱਤਰ ਦੀ ਤਰਾਂ ਹੁੰਦੇ ਹਨ।
4) ਆਤਮ ਰਖਿਅਕ ਅੰਗ ਰਖਿਅਕ ਦਾ ਕੰਮ ਕਰਦੇ ਹਨ।
5) ਲੋਕਪਾਲ, ਕੋਤਵਾਲ ਜਾਂ ਰਾਜਦੂਤ ਦਾ ਕੰਮ ਕਰਦੇ ਹਨ।
6) ਸੇਨਿਕ, ਸੈਨਿਕਾਂ ਦਾ ਕੰਮ ਕਰਦੇ ਹਨ।
7) ਪ੍ਰਕਿਣਕ ਦੇਵ ਨਗਰ, ਦੇਸ਼ ਵਾਸ਼ੀਆਂ ਦੀ ਤਰਾਂ ਹਨ।
8) ਅਭਿਯੋਗਿਕ ਦੇਵ ਦਾਸ ਸੇਵਕ ਦੀ ਤਰਾਂ ਹਨ।
9) ਕਿਲਿਵਿਸ਼ਕ ਦੇਵ ਰਿਸ਼ਤੇਦਾਰ ਦੀ ਤਰਾਂ ਹਨ।

## ਦੇਵਤਿਆਂ ਦੇ ਸੁੱਖ

ਸੋਧਰਮ ਦੇਵ ਲੋਕ ਤੇ ਸਰਵਾਰਥਸਿੱਧ ਤਕ ਸਾਰੇ ਦੇਵਤਿਆਂ ਦੀ ਉਮਰ, ਸਥਿਤੀ ਪ੍ਰੀਵਾਰ, ਸੁਖ, ਸੁਧੀ, ਇੰਦਰੀਆਂ ਦੇ ਵਿਸ਼ੇ ਅਵਧੀ ਗਿਆਨ ਅਗੇ ਤੋਂ ਅਗੇ ਵੱਧਦਾ ਹੈ। ਜਿਨਾਂ ਦੇਵਤਿਆ ਦੀ ਆਯੂ ਜਿਨੇ ਸਾਗਰੋ ਪੋਪਮ ਦੀ ਹੁੰਦੀ ਹੈ ਉਸ ਤੋਂ 15 ਦਿਨਾਂ ਬਾਅਦ ਉਹ ਸਵਾਸ ਲੈਂਦੇ ਹਨ। ਉਨੇ ਹੀ ਹਜਾਰ ਸਾਲਾ ਬਾਅਦ ਉਹ ਦੇਵਤੇ ਭੋਜਨ ਕਰਦੇ ਹਨ। ਦੇਵਤੇ ਦੀ ਉਤਪਤੀ ਉਤਪਾਦ ਸ਼ੈਯਾ ਤੋਂ ਹੁੰਦੀ ਹੈ। ਇਹ ਸ਼ੈਯਾ ਦੇਵ ਦੁਸ਼ਯ

ਵਸਤਰ ਨਾਲ ਢਕੀ ਰਹਿੰਦੀ ਹੈ । ਜਦੋਂ ਕੋਈ ਆਤਮਾ ਦੇਵ ਲੋਕ ਵਿਚ ਉਤਪੰਨ ਹੁੰਦਾ ਹੈ ਤਾਂ ਇਹ ਅੰਗਾਰੇ ਵਿਚਕਾਰ ਰਖੀ ਰੋਟੀ ਦੀ ਤਰਾਂ ਫੁਲ ਜਾਂਦੀ ਹੈ। ਫੇਰ ਦੇਵ ਜਦ ਘੜੀਆਲ ਬਜਾਂਦੇ ਹਨ । ਫੇਰ ਉਸ ਅਧੀਨ ਦੇਵ, ਦੇਵੀਆਂ ਉਸ ਸ਼ੈਯਾ ਕੋਲ ਇਕਠੇ ਹੋ ਕੇ ਪੁਛਦੇ ਹਨ ਕਿ ਤੁਮੀਂ ਕੀ ਦਾਨ ਕੀਤਾ ਸੀ ਜੋ ਤੁਸੀਂ ਕਰਨੀ ਕੀਤੀ ਸੀ ਅਤੇ ਕਿ ਭੋਜਨ ਕੀਤਾ ਸੀ ? ਭੋਜਨ ਸੁਧ ਸਵਾਮੀ ਬਣੇ। ਅਵਧੀ ਗਿਆਨ ਹੋਣ ਕਾਰਣ ਸਾਰੇ ਪ੍ਰਸ਼ਨਾ ਦਾ ਉਤਰ ਦਿੰਦੇ ਹਨ । ਦੇਵਤੇ ਹਮੇਸ਼ਾ ਇਕ ਉਮਰ ਦੇ ਜਵਾਨ ਰਹਿੰਦੇ ਹਨ ।

## ਜਨਮ ਦੇ ਪ੍ਰਕਾਰ

ਜੈਨ ਆਗਮ ਅਨੁਸਾਰ ਤਿੰਨ ਪ੍ਰਕਾਰ ਨਾਲ ਜੀਵ ਪੈਦਾ ਹੁੰਦੇ ਹਨ ਜਿਨਾਂ ਦੀ ਉਤਪਤੀ ਦਾ ਸਥਾਨ ਨੀਅਤ ਨਹੀਂ ਨਾ ਹੀ ਗਰਭ ਧਾਰਨ ਕਰਦੇ ਹਨ ਉਹ ਜੀਵ ਸਮੂਰਛਿਮ ਅਖ-ਵਾਉਂਦੇ ਹਨ । ਇਨਾਂ ਦੀ ਉਤਪਤੀ ਦੇ 14 ਸਥਾਨ ਹਨ । ਅੰਡਜ਼, ਪੋਤਜ਼, ਜਰਾਜੂ ਪੰਜ ਇੰਦਰੀਆਂ ਪ੍ਰਾਣੀ 'ਗਰਭ' ਤੋਂ ਪੈਦਾ ਹੁੰਦੇ ਹਨ । ਦੇਵਤੇ ਤੇ ਨਾਰਕੀ ਉਪਾਪਾਤ ਤੋਂ ਪੈਦਾ ਹੁੰਦੇ ਹਨ । ਨਾਰਕੀ ਕੁੰਭੀ ਰਾਹੀਂ ਪੈਦਾ ਹੁੰਦੇ ਹਨ । ਦੇਵਤੇ ਦੇਵ ਸ਼ੈਯਾ ਤੋਂ ਪੈਦਾ ਹੁੰਦੇ ਹਨ ਮਨੁਖ ਵਿਚ ਚਾਰ ਪ੍ਰਕਾਰ ਦੇ ਗਰਭ ਦੇ ਜੀਵ ਹਨ ਔਜ ਬਲਵਾਨ, ਵੀਰਜ ਕਮਜੋਰ ਹੋਵੇ ਤਾਂ ਲੜਕੀ ਪੈਦਾ ਹੁੰਦੀ ਹੈ ਵੀਰਜ ਜਿਆਦਾ ਔਜ ਘੱਟ ਹੋਵੇ ਤਾਂ ਪੁਰਸ਼ ਪੈਦਾ ਹੁੰਦਾ ਹੈ । ਦੋਹੇ ਬਰਾਬਰ ਹੋਣ ਤਾਂ ਨਪੁੰਸਕ ਪੈਦਾ ਹੁੰਦਾ ਹੈ । ਵਾਯੂ ਦੋਸ਼ ਕਾਰਨ ਔਜ ਦਾ ਗਰਭਾਸ਼ਯ ਵਿਚ ਠਹਿਰਨਾ ਬਿੰਬ ਹੈ ।

ਦੇਵੀਆਂ ਦੀ ਉਤਪਤੀ ਦੂਸਰੇ ਈਸ਼ਾਨ ਲੋਕ ਤਕ ਹੀ ਹੁੰਦੀ ਹੈ । ਪਰ ਆਪਣੀ ਸ਼ਕਤੀ ਤੇ ਇੱਛਾ ਅਨੁਸਾਰ 8 ਵੇਂ ਦੇਵ ਲੋਕ ਵਿਚ ਦੇਵਤੇ ਲੈ ਜਾ ਸਕਦੇ ਹਨ ।

ਇਹ ਦੇਵਤੇ ਭਾਵਨਾ ਵਿਚ ਨਿਵਾਸ ਕਰਦੇ ਹਨ ।

ਦੂਸਰੇ ਧਰਮ ਉਪਸਾਕ ਚੰਗੇ ਕਰਮ ਕਾਰਣ ਪੰਜਵੇਂ ਦੇਵ ਲੋਕਾਂ ਵਿਚ ਹੀ ਜਨਮ ਲੈ ਸਕਦੇ ਹਨ ਪੰਜ ਇੰਦਰੀਆਂ ਵਾਲੇ ਪਸ਼ੂ ਅਠਵੇਂ ਸਹਸਤਾਰ ਕਲਪ ਤਕ ਜਨਮ ਲੈ ਸਕਦੇ ਹਨ । ਸ਼੍ਰਾਵਕ ਅਚੂਯਤ ਦੇਵ ਲੋਕ ਤਕ ਜਨਮ ਲੈ ਸਕਦੇ ਹਨ । ਜੈਨ ਭੇਖ ਵਿਚ ਦੇਵ ਗੁਰੂ ਅਤੇ ਧਰਮ ਅਨੁਸਾਰ ਜੀਵਨ ਬਿਤਾਉਣ ਵਾਲੇ ਸਾਧੂ ਨੌਵੇਂ ਗ੍ਰੇਯਕ ਤਕ ਜਨਮ ਲੈ ਸਕਦੇ ਹਨ । 14 ਪੂਰਵਾਂ ਦੇ ਜਾਣਕਾਰ ਗਿਆਨੀ ਬ੍ਰਹਮ ਲੋਕ ਤੇ ਸਰਵਾਰਥ ਸਿਧ ਤਕ ਜਨਮ ਲੈ ਸਕਦੇ ਹਨ । ਧਰਮ ਪਾਲਨ ਕਰਨ ਵਾਲੇ ਸਾਧੂ, ਅਤੇ ਉਚੇ ਦਰਜੇ ਦੇ ਜੈਨ ਉਪਾਸਕ ਸੋਧਰਮ ਦੇਵ ਲੋਕ ਵਿਚ ਜਨਮ ਲੈਂਦੇ ਹਨ ।

## ਦੇਵਤੇ ਦੇ ਸੁੱਖ

ਪਹਿਲੇ ਤੇ ਦੂਸਰੇ ਦੇਵ ਲੋਕ ਦੇ ਦੇਵਤਾ ਮਨੁੱਖਾਂ ਦੀ ਤਰਾਂ ਕਾਮ ਭੋਗ ਕਰਦੇ ਹਨ । ਤੀਸਰੇ ਤੇ ਚੌਥੇ ਕਲਪਵਾਸੀ ਕੇਵਲ ਸਪਰਸ਼ ਨਾਲ ਕਾਮ ਸੁੱਖ ਭੋਗਦੇ ਹਨ ।

ਪੰਜਵੇਂ ਤੇ ਛੇਵੇਂ ਦੇ ਦੇਵਤਾ ਦੇਵੀਆਂ ਦੇ ਵਿਸ਼ੇ ਸ਼ਬਦ ਸੁਣ ਕੇ ਹੀ ਕਾਮ ਤ੍ਰਿਸ਼ਨਾ ਪੂਰੀ ਕਰ ਲੈਂਦੇ ਹਨ ।

ਸਤਵੇਂ ਤੇ ਅਠਵੇਂ ਦੇ ਦੇਵ, ਦੇਵੀਆਂ ਦੇ ਭਿੰਨ੨ਅੰਗ ਵੇਖ ਕੇ ਕਾਮ ਭੋਗ ਪੂਰਨ ਕਰਦੇ ਹਨ

ਨੌਵੇਂ ਤੋਂ ਬਾਹਰਵੇਂ ਦੇਵ ਲੋਕ ਤਕ ਦੇਵ ਪਹਿਲੇ ਅਤੇ ਦੂਸਰੇ ਦੇਵ ਲੋਕ ਦੀਆਂ ਦੇਵੀਆਂ ਦਾ ਮਨ ਰਾਹੀਂ ਚਿੰਤਨ ਕਰਕੇ ਹੀ ਕਾਮ ਭੋਗ ਭੋਗ ਲੈਂਦੇ ਹਨ। ਬਾਹਰਵੇਂ ਦੇਵ ਲੋਕ ਤੋਂ ਉਪਰ ਦੇ ਦੇਵਤੇ ਭੋਗੀ ਨਹੀਂ ਹਨ।

ਦੇਵ ਲੋਕ ਵਿਚ ਮਿਥਿਆ ਦ੍ਰਿਸ਼ਟੀ, ਅਗਿਆਨੀ, ਕਿਲਵਸ਼ਕੀ ਦੇਵ ਵੀ ਹੁੰਦੇ ਹਨ। ਸੋ ਸਾਰਾ ਦੇਵ ਲੋਕ ਭੋਗ ਭੂਮੀ ਹੈ ਭਾਵੇਂ ਦੇਵਤੇ ਭੌਤਿਕ ਸੁੱਖਾਂ ਤੋਂ ਮਨੁੱਖ ਤੋਂ ਅਗੇ ਹਨ। ਪਰ ਅਧਿਆਤਮਕ ਪਖੋਂ ਇਹ ਮਨੁਖ ਤੋਂ ਹੇਠਾਂ ਹੀ ਹਨ। ਕਿਉਂਕਿ ਦੇਵਤੇ ਧਰਮ ਕਰਮ ਨਹੀਂ ਕਰ ਸਕਦੇ।

## ਮੱਧ ਲੋਕ

ਮੱਧ ਲੋਕ ਦੀ ਉਚਾਈ 1800 ਯੋਜਨ ਦੀ ਹੈ ਸਭ ਤੋਂ ਵਿਚਕਾਰ ਮੇਰੂ ਪਰਵਤ ਹੈ ਉਸ ਦੇ ਆਸ ਪਾਸ ਇਕ ਲੱਖ ਯੋਜਨ ਦਾ ਜੰਬੂ ਦੀਪ ਹੈ ਦੋ ਲੱਖ ਯੋਜਨ ਲਵਨ ਸਮੁੰਦਰ ਹੈ ਉਸ ਤੋਂ ਬਾਅਦ 8 ਲੱਖ ਯੋਜਨ ਦਾ ਕਾਲੋਧਦੀ ਸਮੁੰਦਰ ਹੈ ਉਸ ਤੋਂ ਬਾਅਦ 16 ਲੱਖ ਯੋਜਨ ਦਾ ਪੁਸ਼ਕਰ ਦੀਪ ਹੈ ਜਿਸ ਦੇ ਵਿਚਕਾਰ ਇਕ ਮਾਨਸੋਤਰ ਪਰਵਤ ਹੈ। ਇਨੇ ਢਾਈ ਦੀਪਾਂ ਵਿਚ ਮਨੁਖ ਰਹਿੰਦੇ ਹਨ। ਇਸ ਲਈ ਇਨਾਂ ਢਾਈ ਦੀਪਾ ਨੂੰ ਮਨੁਖ ਲੋਕ ਵੀ ਆਖਦੇ ਹਨ 5 ਭਰਤ 5 ੲੇਰਾਵਰਤ,5 ਮਹਾਵਿਦੇਹ। ਜੰਬੂ ਦੀਪ ਦੇ ਦੱਖਣ ਵਿਚ ਇਕ ਭਰਤ ਧਾਤਕੀ ਖੰਡ ਦੇ ਦਖਣ ਵਿਚ ਦੋ ਭਰਤ, ਅਰਧ ਪੁਸਕਰ ਵਿਚ ਦੋ ਭਰਤ ਹਨ। ਇਸ ਤਰਾਂ ਉਤਰ ਵਲ 5 ੲੇਰਾਵਤ ਪੂਰਵ ਪੱਛਮ ਦੇ ਦੋਹਾ ਪਾਸੇ 5 ਮਹਾਵਿਦੇਹ ਖੇਤਰ ਹਨ। ਇਕ ਇਕ ਮਹਾਵਿਦੇਹ ਦੇ 32-32 ਹਿਸੇ (ਵਿਜੇ) ਹਨ। ਇਕ ਇਕ ਵਿਜੇ ਵਿਚ 6-6 ਖੰਡ ਹਨ।

ਜੰਬੂ ਦੀਪ ਦੇ ਸੱਤ ਖੇਤਰ ਹਨ।

1) ਭਰਤ 2) ਹੈਮਵਤ 3) ਹਰੀ 4) ਵਿਦੇਹ 5) ਰਮਿਅਕ 6) ਹਿਰ-ਣਯਾਵਤ 7) ੲੇਰਾਵਤ।

## ਕਰਮ ਭੂਮੀ

ਜਿਥੇ ਮਨੁੱਖ ਖੇਤੀ, ਵਿਉਪਾਰ ਰਾਜਨੀਤੀ, ਧਰਮ, ਰਣਨੀਤੀ ਅਤੇ ਸ਼ਿਲਪਕਲਾ ਆਦੀ ਕਰਮ ਕਰਦਾ ਹੈ, ਜੀਵ ਚੰਗੇ ਮਾੜੇ ਕਰਮਾਂ ਦਾਂ ਚੰਗਾ ਮਾੜਾ ਫਲ ਭੋਗਦਾ ਹੈ ਉਹ ਕਰਮ ਭੂਮੀ ਹੈ।

## ਅਕਰਮ ਭੂਮੀ

ਅਕਰਮ ਭੂਮੀ ਵਿਚ ਕਰਮ ਆਦਿ ਕੁਝ ਨਹੀਂ ਸਭ ਕੁਝ ਬਿਨਾਂ ਮਹਨਤ ਤੋਂ ਪ੍ਰਾਪਤ ਹੋ ਜਾਂਦਾ ਹੈ। ਇਥੇ ਕਲਪ ਬ੍ਰਿਖਾ ਹੋਣ ਕਰਕੇ ਇਹ ਭੋਗ ਭੂਮੀ ਅਖਵਾਂਦੀ ਹੈ। ਅਕਰਮ ਭੂਮੀ ਦੇ ਖੇਤਰ ਦੀ ਗਿਣਤੀ 30 ਹੈ। ਜੰਬੂ ਦੀਪ ਵਿਚ 6, ਧਾਤਕੀ ਖਡ ਵਿਚ 12 ਅਰਧ ਪੁਸਕਰ ਵਿਚ 12 ਹਨ।

## ਅੰਤਰਦੀਪ

ਜੰਬੂ ਦੀਪ ਦੇ ਭਰਤ ਖੇਤਰ ਦੇ ਜਾਲ ਹਿਮੰਵਤ ਖੇਤਰ ਵਿਚ ਦੋ ਭਾਗ ਹਨ ਜੋ ਸਮੁੰਦਰ ਵਿਚ ਚਲੇ ਗਏ ਹਨ ਜੋ ਸੈਂਕੜੇ ਯੋਜਨਾ ਵਿਚ ਫੈਲੇ ਹੋਏ ਹਨ।

ਚੁਲ ਹੇਮੰਤ ਪਰਵਤ ਦੀ ਦੋ ਪੂਰਵ ਵਲ ਅਤੇ ਦੋ ਪਛਮ ਵੱਲ ਦਾੜਾ ਹਨ ਇਨ੍ਹਾਂ ਦਾੜਾ ਦਾ ਅਕਾਰ ਹਾਥੀ ਦੰਦ ਵਰਗਾ ਹੈ। ਇਸ ਪ੍ਰਕਾਰ ਉਤਰ ਵਿਚ ਸ਼ਿਖਰੀ ਪਰਵਤ ਹੈ ਉਸ ਦੀਆਂ ਵੀ ਇਥੇ ਦੋ ਦਾੜਾ ਹਨ। ਇਕ ਇਕ ਦਾੜਾ ਤੇ 7-7 ਦੀਪ ਹਨ। ਇਸ ਪ੍ਰਕਾਰ 8 ਦਾੜਾਵਾਂ ਦੇ 56 ਦੀਪ ਹਨ। ਇਥੇ ਅਕਰਮ ਭੂਮੀ ਦੀ ਤਰ੍ਹਾਂ ਸਭ ਕੁਝ ਹੈ। ਇਸ ਪ੍ਰਕਾਰ ਮਨੁਖ ਦੀਆਂ 15+30+56=101 ਕਿਸਮਾਂ ਹਨ।

ਅਕਰਮ ਭੂਮੀ ਤੋਂ ਛੁੱਟ ਜੋ ਸਮੁੰਦਰ ਵਿਚਕਾਰ ਦੀਪ ਹਨ ਉਨਾਂ ਨੂੰ ਅਤਰ ਦੀਪ ਆਖਦੇ ਹਨ ਇਸ ਪ੍ਰਕਾਰ 7 ਖੇਤਰਾ ਵਿਚ 56 ਅੰਦਰ ਦੀਪ ਹਨ।

ਮਹਾਵਿਦੇਹ ਖੇਤਰ ਵਿਚ ਹਮੇਸ਼ਾ ਤੀਰਥੰਕਰ ਵਿਚਰਦੇ ਰਹਿੰਦੇ ਹਨ। ਇਸ ਖੇਤਰ ਵਿਚ 32 ਵਿਜੇ (ਉਪਭਾਗ ਹਨ) ਇਹ ਭਾਗ ਜੰਬੂ ਦੀਪ ਦਾ ਹਿਸਾ ਹਨ। ਭਰਤ ਅਤੇ ਐਰਾਵਤ ਵਿਚ ਇਕ ਇਕ (ਵਿਜੈ) ਹੈ। ਇਸ ਤਰ੍ਹਾਂ ਕੁਲ ਮਿਲਾ ਕੇ 34 ਵਿਜੇ ਹਨ। ਧਾਤਕੀ ਖੰਡਾਂ ਵਿਚ 68 ਵਿਜੈ ਹਨ ਅਤੇ ਅਰਧ ਪੁਸ਼ਕਰ ਦੀਪ ਖੰਡ ਅੱਧਾ ਹੋਣ ਕਾਰਣ 68 ਵਿਜੈ ਵਾਲਾ ਹੈ। ਇਸ ਪ੍ਰਕਾਰ ਸਾਰੀ ਧਰਤੀ ਵਿਚ ਢਾਈ ਦੀਪ ਹੀ ਮਨੁੱਖ ਦੀ ਆਬਾਦੀ ਵਾਲੇ ਹਨ। ਇਸ ਨੂੰ ਹੀ ਕਰਮ ਭੂਮੀ ਆਖਦੇ ਹਨ। ਇਥੇ ਹਰ ਸਮੇਂ ਤੀਰਥੰਕਰ ਵਿਦਮਾਨ ਰਹਿੰਦੇ ਹਨ।

ਹਰ ਖੇਤਰ ਵਿਚ ਇਕੋ ਸਮੇਂ ਇਕ ਤੀਰਥੰਕਰ ਘੁੰਮਦਾ ਹੈ ਇਕ ਸਮੇਂ ਵੱਧ ਤੋਂ ਵੱਧ 170 ਤੀਰਥੰਕਰ ਹੀ ਜਨਮ ਲੈ ਸਕਦੇ ਹਨ ਵੱਧ ਨਹੀਂ। ਇਹ ਘਟਨਾ ਦੂਸਰੇ ਤੀਰਥੰਕਰ ਭਗਵਾਨ ਅਜੀਤ ਨਾਥ ਸਮੇਂ ਹੋਈ ਸੀ।

## ਜੋਤਸ਼ ਲੋਕ (ਖਗੋਲ)

ਮੱਧ ਲੋਕਵਰਤੀ ਜੰਬੂ ਦੀਪ ਦੇ ਸੁਦਰਸ਼ਨ ਮੇਰੂ ਦੇ ਕਰੀਬ ਸਮਤਲ ਭੂਮੀ ਤੋਂ 790 ਯੋਜਨ ਉਚਾ ਤਾਰਾ ਮੰਡਲ ਹੈ ਜਿਥੇ ਅਧੇ ਕੋਹ ਲੰਬੇ ਚੋੜੇ ਤੇ 3/4 ਕੋਹ ਉਚੇ ਤਾਰਾ ਵਿਮਾਨ ਹਨ। ਤਾਰਾ ਮੰਡਲ ਤੋਂ 10 ਯੋਜਨ ਉਪਰ ਇਕ ਯੋਜਨ ਦੇ 61 ਵੇ ਭਾਗ ਵਿਚੋਂ 48 ਭਾਗ ਲੰਬਾ ਚੋੜਾ ਅਤੇ 24 ਭਾਗ ਉੱਚਾ ਅੰਕਰਤਨ ਸੂਰਜ ਦੇਵ ਦਾ ਵਿਮਾਨ ਹੈ।

ਸੂਰਜ ਦੇਵ ਦੇ ਵਿਮਾਨ ਤੋਂ 80 ਯੋਜਨ ਉਪਰ ਇਕ ਯੋਜਨ ਦੇ 61 ਭਾਗ ਵਿਚੋਂ 56 ਭਾਗ ਲੰਬਾ-ਚੋੜਾ ਅਤੇ 28 ਭਾਗ ਉੱਚਾ ਚੰਦਰਮਾ ਦਾ ਵਿਮਾਨ ਹੈ।

ਚੰਦਰ ਵਿਮਾਨ ਤੋਂ 4 ਯੋਜਨ ਉਪਰ ਨਛੱਤਰ ਮਾਲਾ ਹੈ ਇਸ ਵਿਚ ਰਤਨਾ ਵਰਗੇ ਪੰਜ ਰੰਗੇ ਵਿਮਾਨ ਇਕ ਇਕ ਕੋਹ ਲੰਬੇ ਚੋੜੇ ਅਤੇ 1/2 ਕੋਹ ਉਚੇ ਹਨ। ਨਛੱਤਰ ਮਾਲਾ

ਤੋਂ 4 ਯੋਜਨ ਉਪਰ ਗ੍ਰਹਿ ਮਾਲਾ ਹੈ ਗ੍ਰਹਿ ਮਾਲਾ ਦੇ ਵਿਮਾਨ ਪੰਜ ਰੰਗੇ ਰਤਨਾ ਵਰਗੇ ਹਨ। ਇਹ ਦੋ ਕੋਹ ਲੰਬੇ ਚੌੜੇ ਅਤੇ ਇਕ ਕੋਹ ਉਚੇ ਗ੍ਰਹਿਮਾਲਾ ਤੋਂ 4 ਯੋਜਨ ਉਪਰ ਹਰਿਤ ਰਤਨ ਬੁੱਧ ਦਾ ਤਾਰਾ ਹੈ। ਇਸ ਤੋਂ ਤਿੰਨ ਯੋਜਨ ਉਪਰ ਰਤਨ ਵਰਗਾ ਸ਼ੁਕਰ ਤਾਰਾ ਹੈ। ਇਸ ਤਿੰਨ ਯੋਜਨ ਉਪਰ ਪੀਲੇ ਰਤਨ ਵਰਗਾ ਬ੍ਰਹਸਪਤੀ ਤਾਰਾ ਹੈ। ਇਸ ਤੋਂ ਤਿੰਨ ਯੋਜਨ ਉਪਰ ਮੰਗਲ ਦਾ ਤਾਰਾ ਹੈ। ਇਸ ਤੋਂ ਤਿੰਨ ਯੋਜਨ ਉਪਰ ਲਾਲ ਰੰਗ ਦਾ ਮੰਗਲ ਤਾਰਾ ਹੈ। ਇਸ ਤੋਂ ਤਿੰਨ ਯੋਜਨ ਉਪਰ ਜਾਮੁਨ ਵਰਗਾ ਸ਼ਨੀ ਦਾ ਤਾਰਾ ਹੈ ਇਹ ਸਭ ਤੋਂ ਉਪਰ ਹੈ ਇਸ ਪ੍ਰਕਾਰ ਸਾਰਾ ਜੋਤਸ਼ ਚੱਕਰ ਮੱਧ ਲੋਕਾਂ ਵਿਚ ਹੀ ਹੈ ਅਤੇ ਸਮਤੱਲ ਤੋਂ 790 ਯੋਜਨ ਦੀ ਉਚਾਈ ਤੋਂ ਸ਼ੁਰੂ ਹੋ 900 ਯੋਜਨ ਤਕ ਅਰਥਾਤ 110 ਯੋਜਨ ਤੇ ਸਥਿਤ ਹੈ। ਜੋਤਿਸ਼ ਦੇਵਾਂ ਦੇ ਵਿਮਾਨ ਜੰਬੂ ਦੀਪ ਦੇ ਮੇਰੂ ਪਰਬਤ ਤੋਂ 1121 ਯੋਜਨ ਦੂਰ ਚਾਰੋ ਪਾਸੇ ਘੁਮਦੇ ਰਹਿੰਦੇ ਹਨ।

## ਅਧੋ ਲੋਕ (ਨਰਕ)

ਮੱਧ ਲੋਕ ਤੋਂ ਹੇਠਾਂ ਦਾ ਪ੍ਰਦੇਸ਼ ਅਧੋ ਲੋਕ ਹੈ। ਇਸ ਵਿਚ 7 ਨਰਕ ਪ੍ਰਿਥਵੀਆਂ ਹਨ। ਸੱਤਾ ਦੀ ਚੋੜਾਈ ਇਕ ਤਰਾਂ ਦੀ ਨਹੀਂ। ਹੇਠਾਂ ਦੀਆਂ ਭੂਮੀਆਂ ਉਪਰ ਦੀਆਂ ਭੂਮੀਆਂ ਤੋਂ ਇਕ ਦੂਸਰੇ ਤੋਂ ਵਧ ਹਨ। ਇਹ ਭੂਮੀਆਂ ਇਕ ਦੂਸਰੇ ਦੇ ਹੇਠਾ ਹਨ ਫੇਰ ਵੀ ਇਕ ਦੂਸਰੇ ਨਾਲ ਜੁੜੀਆਂ ਨਹੀਂ। ਵਿਚਕਾਰ ਖਾਲੀ ਜਗਾ ਹੈ। ਸੱਤ ਨਰਕ ਭੂਮੀਆਂ ਦੇ ਨਾਂ ਇਸ ਪ੍ਰਕਾਰ ਹਨ : 1) ਰਤਨ ਪ੍ਰਭਾ 2) ਸ਼ਰਕਰ ਪ੍ਰਭਾ 3) ਬਾਲੁਕਾ ਪ੍ਰਭਾ 4) ਪੰਕ ਪ੍ਰਭਾ 5) ਧੂਮ ਪ੍ਰਭਾ 6) ਤਮ ਪ੍ਰਭਾ 7) ਤੱਮ ਤਮ ਪ੍ਰਭਾ। ਨਰਕ ਭੂਮੀ ਵਿਚ ਹਨੇਰਾ ਹੈ।

ਰਤਨ ਪ੍ਰਭਾ ਨਰਕ ਉਪਰ ਜੋ 1000 ਯੋਜਨ ਦਾ ਪਿੰਡ ਹੈ ਉਸ ਵਿਚ ਉਪਰ 10 ਹਿਸੇ ਹਨ ਉਨ੍ਹਾਂ 10 ਹਿਸਿਆਂ ਵਿਚਾਰਕਾਰ10 ਪ੍ਰਕਾਰ ਦੇ 10 ਭਵਨ ਪਤਿ ਦੇਵਤੇ ਰਹਿੰਦੇ ਹਨ। ਸਭ ਤੋਂ ਉਪਰ ਵਾਨਾਵਿਅੰਤਰ ਦੇਵ ਰਹਿੰਦੇ ਹਨ। ਜੈਨ ਦਰਸ਼ਨ ਅਨੁਸਾਰ ਪ੍ਰਿਥਵੀ ਦਾ ਅਧਾਰ ਇਸ ਪ੍ਰਕਾਰ ਮੰਨਿਆ ਹੈ।

ਸਭ ਤੋਂ ਹੇਠਾਂ ਅਕਾਸ਼ ਹੈ ਫੇਰ ਤਨ ਵਾਯੂ (ਹਲਕੀ ਹਵਾ) ਫੇਰ ਤਨ ਦਧਿ (ਹਲਕਾ ਪਾਣੀ ਧੁੰਦ ਵਰਗਾ) ਘਨਵਾਯੂ (ਤੂਫਾਨੀ ਹਵਾ), ਘਨੋਦਧਿ ਬਰਫ (ਜਿਹਾ ਜਮਿਆ ਪਾਣੀ) ਉਸ ਦੇ ਉਪਰ ਪ੍ਰਿਥਵੀ ਹੈ। ਸਾਰੀ ਨਰਕ ਦੀ ਪ੍ਰਿਥਵੀ ਵੀ ਇਸ ਅਧਾਰ ਤੇ ਟਿਕੀ ਹੋਈ ਹੈ ਸੱਤ ਪ੍ਰਿਥਵੀ ਵਿਚੋਂ 6 ਪਿਥਵੀ ਤੇ ਨਾਰਕੀ ਹਨ। ਸਤ ਪ੍ਰਿਥਵੀ ਦੇ ਉਪਰ ਮੱਧ ਲੋਕ ਹੈ। ਜਿਸ ਤੇ ਮਨੁਖ ਰਹਿੰਦੇ ਹਨ।

ਪਹਿਲੀ ਨਰਕ ਰਤਨ ਪ੍ਰਭਾ ਦੇ ਤਿੰਨ ਹਿੱਸੇ ਹਨ। ਜਿਸ ਦੀ ਉਪਰ ਤੋਂ ਹੇਠਾਂ ਦੀ

ਮੋਟਾਈ 16000 ਯੋਜਨ ਹੈ। ਇਸ ਨੂੰ ਖਰ ਕਾਂਡ ਆਖਦੇ ਹਨ ਦੂਸਰੇ ਹਿਸੇ ਨੂੰ ਪੰਕ ਬਹੁਲ ਆਖਦੇ ਹਨ ਜਿਸ ਦੀ ਮੋਟਾਈ 80000 ਯੋਜਨ ਹੈ ਉਸ ਦੇ ਹੇਠਾਂ ਜਲ ਬਹੁਲ ਨਾਂ ਦਾ ਨਰਕ ਹੈ। 1,80000 ਯੋਜਨ ਮੋਟਾਈ ਵਾਲਾ ਨਰਕ ਹੈ।

ਇਸ ਤੋਂ ਉਪਰ ਅਤੇ ਹੇਠ 1000-1000 ਯੋਜਨ ਛੱਡ ਕੇ ਵਿਚਕਾਰ 178000 ਯੋਜਨ ਦੀ ਵਿੱਥ ਹੈ। ਜਿਸ ਵਿਚ 13 ਪਾਥੜੇ ਅਤੇ 12 ਅੰਤਰ ਹਨ ਵਿਚਕਾਰਲੇ 10 ਅੰਤਰਾਂ ਵਿਚ ਅਸੁਰ ਕੁਮਾਰ ਆਦਿ ਭਵਨਪਤੀ ਦੇਵ ਰਹਿੰਦੇ ਹਨ। ਹਰ ਪਾਥੜੇ ਦੇ ਦਰਮਿਆਨ 1000 ਯੋਜਨ ਦੀ ਪੋਲ ਹੈ। ਜਿਸ ਵਿਚ 30 ਲੱਖ ਨਰਕਾਵਾਸ ਹਨ।

ਦੂਸਰੀ ਨਰਕ ਦੀ ਮੋਟਾਈ 1,32000 ਯੋਜਨ ਹੈ, ਤੀਸਰੀ ਨਰਕ ਦੀ ਮੋਟਾਈ 1,28000 ਯੋਜਨ ਹੈ। ਚੋਥੀ ਨਰਕ ਦੀ ਮੋਟਾਈ 1,20000 ਯੋਜਨ ਹੈ। ਪੰਜਵੀਂ ਨਰਕ ਦੀ ਮੋਟਾਈ 1,18000 ਯੋਜਨ ਹੈ। ਛੇਵੀ, ਨਰਕ ਦੀ ਮੋਟੀ 1,16000 ਯੋਜਨ ਹੈ, ਸਤਵੀ ਨਰਕ ਦੀ ਮੋਟਾਈ 10,8000 ਯੋਜਨ ਹੈ।

ਪਹਿਲੀ ਰਤਨ ਪ੍ਰਭਾ ਨਰਕ ਦੀ ਮੋਟਾਈ ਜੋ ਦਸੀ ਗਈ ਹੈ ਉਸ ਦੇ ਉਪਰ ਤੇ ਹੇਠ 1000-1000 ਯੋਜਨ ਛੱਡ ਕੇ ਬਾਕੀ ਹਿਸੇ ਵਿਚ ਨਰਕ ਵਾਸ ਹਨ।

ਇਨ੍ਹਾਂ ਸੱਤ ਭੂਮੀਆ ਵਿਚ ਨਾਰਕੀ ਜੀਵ ਆਪਣੇ ਕਰਮਾਂ ਦੇ ਅਨੁਸਾਰ ਜਨਮ ਲੈਂਦੇ ਹਨ। ਜਿਊ ਜਿਊ ਨਰਕੀ ਜੀਵ ਹੇਠਾ ਜਾਂਦੇ ਹਨ ਕਰੁਪਤਾ ਭਿਅੰਕਰ ਅਤੇ ਬੇਡੋਲਪੁਣਾ ਵੱਧਦਾ ਜਾਂਦਾ ਹੈ।

ਨਰਕ ਭੂਮੀ ਵਿਚ ਤਿੰਨ ਪ੍ਰਕਾਰ ਦੇ ਕਸ਼ਟ ਹੁੰਦੇ ਹਨ। [1] ਪਰਮ ਧਾਰਮਿਕ ਰਾਹੀਂ [2] ਖੇਤਰ ਗ੍ਰਮਿਤ ਨਰਕ ਦੀ ਭੂਮੀ ਖੂਨ ਨਾਲ ਲੱਥ ਪਥ, ਕੀਚੜ ਨਾਲ ਭਰੀ ਜਾਂ ਬਹੁਤ ਠੰਡੀ ਜਾਂ ਬਹੁਤ ਗਰਮ ਹੁੰਦੀ ਹੈ ਇਸ ਕਾਰਨ ਕਸ਼ਟ ਹੁੰਦਾ ਹੈ। [3] ਨਾਰਕੀ ਜੀਵ ਇਕ ਦੂਸਰੇ ਨਾਲ ਹਮੇਸ਼ਾ ਲੜਦੇ ਰਹਿੰਦੇ ਹਨ।

ਪਰਮ ਧਾਰਮਿਕ ਅਸੁਰ ਤੀਸਰੇ ਨਰਕ ਤਕ ਹੀ ਜਾਂਦੇ ਹਨ। ਇਹ ਸੁਭਾਵ ਤੋਂ ਕਠੋਰ ਪਾਪ ਕਰਮ ਕਰਨ ਵਾਲੇ ਦੁਖ ਦੇ ਕੇ ਖੁਸ਼ੀ ਮਨਾਉਣ ਵਾਲੇ ਹੁੰਦੇ ਹਨ, ਨਰਕ ਦੇ ਜੀਵ ਨੂੰ ਭਿੰਨ ੨ ਕਿਸਮ ਦੀਆਂ ਸਜ਼ਾਵਾਂ ਇਹੋ ਦਿੰਦੇ ਹਨ। ਪਹਿਲੀ ਤੋਂ ਸਤਵੀ ਨਰਕ ਤਕ ਕਸ਼ਟ ਵਧਦਾ ਹੀ ਜਾਂਦਾ ਹੈ।

ਅਗਲੇ ਚਾਰ ਨਰਕਾਂ ਵਿਚ ਦੋ ਹੀ ਤਰ੍ਹਾਂ ਦੇ ਕਸ਼ਟ ਹਨ।

ਨਾਰਕੀ ਜੀਵਾਂ ਪਾਸ ਵੇਕਰੀਆ ਸ਼ਰੀਰ ਹੁੰਦਾ ਹੈ ਇਨ੍ਹਾਂ ਜੀਵਾਂ ਨੂੰ ਦੇਵਤਿਆਂ ਦੀ ਤਰ੍ਹਾਂ ਅਵਧੀ ਗਿਆਨ ਹੁੰਦਾ ਹੈ। ਇਹ ਵੇਖਣ ਨੂੰ ਕਈ ਵਾਰ ਮਰਦੇ ਹਨ। ਪਰ ਵੇਕਰੀਆ ਕਾਰਨ ਫੇਰ ਜਿਊਂਦੇ ਹੋ ਜਾਂਦੇ ਹਨ। ਨਾਰਕੀ ਆਪਣੀ ਨਿਸ਼ਚਿਤ ਆਯੂ ਪੂਰੀ ਕਰਦੇ ਹੀ ਨਾਰਕੀ ਸਰੀਰ ਤੋਂ ਛੁਟਕਾਰਾ ਪਾਉਂਦੇ ਹਨ।

ਇਸ ਲੋਕ ਦੇ ਚਾਰੇ ਪਾਸੇ ਅਲੋਕ ਆਕਾਸ਼ [ਹਨੇਰਾ] ਹੈ। ਸੰਖੇਪ ਵਿਚ ਇਹੋ ਤਿੰਨ

ਲੋਕ ਦੀ ਰਚਨਾ ਹੈ ।

## ਲੋਕ ਦੀ ਸਥਿਤੀ

ਲੋਕ ਸ਼ਾਸਵਤ ਹੈ ਇਹ ਕਿਸੇ ਨੇ ਨਹੀਂ ਬਣਾਇਆ । ਲੋਕ ਅਤੇ ਅਲੋਕ ਵਿਚ ਪਹਿਲਾਂ ਪਿਛੇ ਦਾ ਕੋਈ ਕ੍ਰਮ ਨਹੀਂ । ਲੋਕ ਦੀ ਸਥਿਤੀ ਇਸ ਪ੍ਰਕਾਰ ਹੈ । ਵਾਯੂ ਅਕਾਸ਼ ਤੇ ਟਿਕੀ ਹੋਈ ਹੈ ਸਮੁੰਦਰ ਹਵਾ ਤੇ ਟਿਕਿਆ ਹੈ । ਪ੍ਰਿਥਵੀ ਸਮੁੰਦਰ ਤੇ ਟਿਕੀ ਹੈ । ਤਰੱਸ ਸਥਾਵਰ ਜੀਵ ਪ੍ਰਿਥਵੀ ਤੇ ਟਿਕੇ ਹਨ ਅਜੀਵ ਜੀਵ ਦੇ ਸਹਾਰੇ ਹੈ । ਸ਼ਕਰਮ ਜੀਵ ਕਰਮ ਦੇ ਸਹਾਰੇ ਹੈ ਅਜੀਵ ਜੀਵ ਰਾਹੀਂ ਸੰਗ੍ਰਹਿਤ ਹੈ ਜੀਵ ਕਰਮ ਸੰਗ੍ਰਹਿਤ ਹੈ ।

# ਆਤਮਾ

ਭਾਰਤੀ ਦਰਸ਼ਨ ਸ਼ਾਸਤਰ ਵਿਚ ਆਤਮਾ ਬਾਰੇ ਕਈ ਮਾਨਤਾਵਾਂ ਪ੍ਰਸਿੱਧ ਹਨ। ਅਸੀਂ ਇਥੇ ਆਤਮਾ ਸਬੰਧੀ ਬੁੱਧ, ਨਿਆਇ, ਸਾਂਖਯ, ਵੇਦਾਂਤੀ, ਵੈਸ਼ੀਸ਼ਕ ਅਤੇ ਉਪਨਿਸਧ ਦਰਸ਼ਨ ਦਾ ਖਾਸ ਉਲੇਖ ਕਰਾਂਗੇ।

**ਬੁੱਧ ਦਰਸ਼ਨ :**

ਬੁੱਧ ਆਪਣੇ ਆਪਨੂੰ ਅਨਾਤਮਵਾਦੀ ਮੰਨਦੇ ਹਨ। ਬੋਧੀ ਆਤਮਾ ਦੀ ਹੋਂਦ ਨੂੰ ਸੱਚ ਨਹੀਂ ਕਾਲਪਨਿਕ ਸੰਗਿਆ (ਨਾਮ) ਆਖਦੇ ਹਨ। ਛਿਨ ਛਿਨ ਨਸ਼ਟ ਅਤੇ ਉਤਪੰਨ ਹੋਣ ਵਾਲੀ ਵਿਗਿਆਨ (ਚੇਤਨਾ) ਅਤੇ ਰੂਪ (ਭੌਤੀਕ ਸ਼ਰੀਰ) ਦੀ ਸੰਸਾਰਿਕ ਯਾਤਰਾ ਹੀ ਆਤਮਾ ਹੈ। ਆਤਮਾ ਕੋਈ ਹਮੇਸ਼ਾ ਰਹਿਣ ਵਾਲਾ (ਨਿੱਤ) ਨਹੀਂ ਹੈ। ਫੇਰ ਵੀ ਬੁੱਧ ਧਰਮ ਵਾਲੇ ਕਰਮ, ਪੁਰਨ ਜਨਮ ਅਤੇ ਮੁਕਤੀ (ਨਿਰਵਾਨ)ਨੂੰ ਮੰਨਦੇ ਹਨ ਆਤਮਾ ਦੇ ਸਬੰਧ ਵਿਚ ਬੁੱਧ ਚੁਪ ਹੀ ਰਹੇ ਹਨ। ਆਤਮਾ ਸਥਾਈ ਨਹੀਂ, ਸਿਰਫ ਚੇਤਨਾ ਦਾ ਵਹਾ ਹੈ।

**ਨਿਆਇਕ :**

ਆਤਮਾ ਨਿੱਤ ਅਤੇ ਵਿਭੂ ਹੈ। ਇੱਛਾ, ਦਵੇਸ਼, ਪ੍ਰਯਤਨ, ਸੁਖ ਦੁੱਖ ਗਿਆਨ ਇਹ ਉਸਦੇ ਲਿੰਗ ਹਨ ਆਤਮਾ ਨਿੱਤ ਹੈ ਉਸ ਦੀ ਚੇਤਨਾ ਸਥਿਰ ਨਹੀਂ।

**ਸਾਂਖਯ :**

ਸਾਂਖਯ ਜੀਵ (ਆਤਮਾ) ਨੂੰ ਕਰਤਾ ਨਹੀਂ ਮੰਨਦੇ। ਫਲ ਭੋਗਨ ਵਾਲਾ ਮੰਨਦੇ ਹਨ। ਉਨ੍ਹਾਂ ਦੇ ਮੱਤ ਅਨੁਸਾਰ ਕਰਤਾ ਸ਼ਕਤੀ ਪ੍ਰਾਕ੍ਰਿਤੀ ਹੈ। ਆਤਮਾ ਸਥਾਈ, ਅਨਾਦਿ, ਅਨੰਤ, ਅਵਿਕਾਰੀ ਨਿੱਤ ਅਤੇ ਚਿੱਤ ਸਵਰੂਪ ਹੈ।

**ਵੇਦਾਂਤੀ :**

ਸੁਭਾਵ ਪਖੋਂ ਇਕ ਹੀ ਆਤਮਾ ਹੈ ਪਰ ਦੇਹ ਪਖੋਂ ਭਿੰਨ ਭਿੰਨ ਰੂਪ ਵਿਚ ਪ੍ਰਗਟ ਹੁੰਦਾ ਹੈ। ਆਤਮਾ ਪ੍ਰਮਾਤਮਾ ਦਾ ਹੀ ਵਿਸਥਾਰ ਹੈ।

ਰਾਮਾਨੁਜ ਦੇ ਮਤ ਅਨੁਸਾਰ ਜੀਵ ਅਨੰਤ ਹਨ ਅਤੇ ਇਕ ਦੂਸਰੇ ਤੋਂ ਭਿੰਨ ਹਨ।

**ਵੈਸ਼ੇਸਿਕ :**

ਸੁਖ ਦੁਖ ਦੀ ਸਮਾਨਤਾ ਪਖੋਂ ਆਤਮਾ ਇਕ ਹੈ ਪਰ ਵਿਵਸਥਾ ਪਖੋਂ ਅਨੇਕ ਹੈ। ਮੋਕਸ਼ ਵਿਚ ਉਸ ਦੀ ਚੇਤਨਾ ਨਸ਼ਟ ਹੋ ਜਾਂਦੀ ਹੈ।

## ਉਪਨਿਸ਼ਧ ਤੇ ਗੀਤਾ :

ਆਤਮਾ ਸ਼ਰੀਰ ਤੋਂ ਵਿਲੱਖਨ, ਮਨ ਤੋਂ ਭਿੰਨ, ਵਿਭੂ ਵਿਆਪਕ ਹੈ ਇਹ ਅਵਸਥਾ ਪਖੋਂ ਨਾ ਬਦਲਨ ਯੋਗ ਹੈ। ਵਿਆਖਿਆ ਯੋਗ ਨਹੀਂ। ਉਹ ਨਾ ਸਥੂਲ ਮੋਟੀ ਹੈ ਨਾ ਅਣੂ ਛੋਟੀ, ਨਾ ਵਿਸ਼ਾਲ ਹੈ, ਨਾ ਦਰਵ ਨ ਛਾਂ ਹੈ, ਨਾ ਗਰਮੀ ਹੈ, ਨਾ ਹਵਾ ਹੈ, ਨਾ ਅਕਾਸ਼ ਹੈ ਨਾ ਰੰਗ ਹੈ, ਨਾ ਰਸ ਹੈ ਨਾ ਗੰਧ ਹੈ ਨਾ ਨੇਤਰ ਹੈ ਨਾ ਕੰਨ ਹੈ ਨਾ ਬਾਣੀ ਹੈ, ਨਾ ਮਨ ਹੈ, ਨਾ ਤੇਜ ਹੈ, ਨਾ ਪ੍ਰਾਣ ਹੈ ਨਾ ਸੁਖ ਹੈ ਨਾ ਮਾਪ ਹੈ ਉਸ ਦਾ ਅੰਦਰ ਬਾਹਰ ਕੁਝ ਨਹੀਂ।

ਉਪਨਿਸ਼ਧਾਂ ਵਿਚ ਸ੍ਰਿਸ਼ਟੀ ਦੇ ਕ੍ਰਮ ਵਿਚ ਆਤਮਾ ਦਾ ਪਹਿਲਾ ਸਥਾਨ ਹੈ ਆਤਮਾ ਸ਼ਬਦ ਤੋਂ ਭਾਵ ਇਥੇ ਬ੍ਰਹਮ ਹੈ। ਬ੍ਰਹਮ ਤੋਂ ਅਕਾਸ਼, ਅਕਾਸ਼ ਤੋਂ ਵਾਯੂ, ਵਾਯੂ ਤੋਂ ਅੱਗ, ਅੱਗ ਤੋਂ ਪਾਣੀ, ਪਾਣੀ ਤੋਂ ਪ੍ਰਿਥਵੀ, ਪ੍ਰਿਥਵੀ ਤੋਂ ਅਸ਼ੋਧੀ (ਦਵਾਈਆ) ਔਸ਼ਧੀਆਂ ਤੋਂ ਅੰਨ, ਅੰਨ ਤੋਂ ਪੁਰਸ਼ ਉਤਪਨ ਹੋਇਆ। ਇਹ ਪੁਰਸ ਰਸਮਯ ਹੈ ਅੰਨ ਤੇ ਰਸ ਦਾ ਵਿਕਾਰ (ਸਿਟਾ) ਹੈ। ਪ੍ਰਾਣਵਾਨ ਆਤਮਾ (ਸ਼ਰੀਰ) ਅੰਨ ਵਾਲੇ ਭੰਡਾਰ ਦੀ ਤਰ੍ਹਾਂ ਪੁਰਸ਼ਅਕਾਰ ਹੈ। ਆਤਮਾ ਦੇ ਅੰਗ ਉਪ ਅੰਗ ਨਹੀਂ। ਪ੍ਰਾਣਵਾਨ ਆਤਮਾ ਜਿਵੇਂ ਅੰਨਕੋਸ਼ ਦੇ ਅੰਦਰ ਰਹਿੰਦਾ ਹੈ ਇਸੇ ਤਰ੍ਹਾਂ ਮਨਵਾਲੀ ਆਤਮ, ਪ੍ਰਾਣਗਯ ਕੋਸ਼ ਵਿਚ ਰਹਿੰਦਾ ਹੈ। ਉਪਨਿਸ਼ਧਾ ਵਿਚ ਆਤਮਾ ਬਾਰੇ ਕਈ ਕਲਪਨਾਵਾਂ ਮਿਲਦੀਆਂ ਹਨ ਆਤਮਾ ਪ੍ਰਦੇਸ਼ ਮਾਤਰ (ਅੰਗੂਠੇ ਤੋਂ ਛੋਟੀ ਉਗਲੀ ਤਕ) ਹੈ, ਆਤਮਾ ਸ਼ਰੀਰ ਵਿਆਪੀ ਹੈ ਆਤਮਾ ਸਰਭ ਵਿਆਪੀ ਹੈ ਹਿਰਦੇ ਕਮਲ ਵਿਚ ਮੇਰਾ ਆਤਮਾ ਪ੍ਰਿਥਵੀ, ਅੰਤਰਿਕਸ਼ ਲੋਕ ਤੋਂ ਬੜਾ ਹੈ। ਆਤਮਾ ਅਜਰ, ਅਮਰ, ਹੈ। ਜਨਮ ਜਰਾ ਵਿਆਪੀ ਤੋਂ ਪਰੇ ਹੈ।

ਉਪਰਲੇ ਵਿਸ਼ਲੇਸ਼ਨ ਤੋਂ ਪਤਾ ਚਲਦਾ ਹੈ ਕਿ ਬੁੱਧ ਧਰਮ ਆਤਮਾ ਨੂੰ ਮਰਨ ਵਾਲਾ ਮੰਨਦਾ ਹੈ ਹਰ ਜਨਮ ਵਿਚ ਨਵਾਂ ਆਤਮਾ ਪੈਦਾ ਹੁੰਦਾ ਹੈ ਹਿੰਦੂ ਧਰਮ ਆਤਮਾ ਬਾਰੇ ਇਕ ਮੱਤ ਨਹੀਂ। ਹੁਣ ਅਸੀਂ ਜੈਨ ਧਰਮ ਅਨੁਸਾਰ ਆਤਮਾ ਦੇ ਸਿਧਾਂਤ ਤੇ ਵਿਚਾਰ ਕਰਾਂਗੇ।

## ਜੈਨ ਧਰਮ :

ਜੈਨ ਧਰਮ ਦਾ ਆਤਮਾ ਬਾਰੇ ਸਿਧਾਂਤ ਅਨੇਕਾਂਤ ਵਾਦ ਤੇ ਅਧਾਰਿਤ ਹੈ ਭਗਵਾਨ ਮਹਾਂਵੀਰ ਸਮੇਂ 363 ਮੱਤ ਸਨ। ਸਭ ਦੀ ਅਪਣੀ ਦਾਰਸ਼ਨਿਕ ਵਿਚਾਰ ਧਾਰਾ ਸੀ। ਉਨ੍ਹਾਂ ਵਿਚ ਦੋ ਪ੍ਰਮੁਖ ਮੱਤ ਸਨ (1) ਅਕ੍ਰਿਆਵਾਦੀ (2) ਕ੍ਰਿਆਵਾਦੀ। ਸਾਨੂੰ ਇਹ ਜਾਨਣਾ ਬਹੁਤ ਜ਼ਰੂਰੀ ਹੈ ਕਿ ਆਤਮਾ ਕਿਉਂ ਹੈ ? ਅਕ੍ਰਿਆਵਾਦੀ ਆਖਦੇ ਹਨ ਜੋ ਪਦਾਰਥ ਪ੍ਰਤਖ ਹੈ ਨਹੀਂ ਉਸ ਨੂੰ ਕਿਵੇਂ ਮੰਨਿਆ ਜਾਵੇ ? ਆਤਮਾ, ਇੰਦਰੀਆਂ ਅਤੇ ਮਨ ਜਦ ਪ੍ਰਤਖ ਨਹੀਂ ਫੇਰ ਉਸ ਨੂੰ ਕਿਉਂ ਮੰਨਿਆ ਜਾਵੇ। ਕ੍ਰਿਆਵਾਦੀ ਆਖਦੇ ਹਨ "ਪਦਾਰਥਾਂ ਨੂੰ ਜਾਨਣ ਦਾ ਸਾਧਨ ਕੇਵਲ ਇੰਦਰੀਆ ਤੇ ਮਨ ਪ੍ਰਤਖ ਹੀ ਨਹੀਂ ਇਸ ਤੋਂ ਛੁਟ ਅਨੁਭਵ-ਪ੍ਰਤਖ,ਅਨੁਮਾਨ

ਵੀ ਹੈ। ਇੰਦਰੀਆ ਤੇ ਮਨ ਰਾਹੀਂ ਕਿ ਕੀ ਜਾਣਿਆਂ ਜਾ ਸਕਦਾ ਹੈ ?" ਕਿ ਇਨ੍ਹਾਂ ਸ਼ਕਤੀ ਸੀਮਤ ਹੈ, ਇਨ੍ਹਾਂ ਰਾਹੀਂ ਤਾਂ ਅਪਣੇ ਦੋ ਤਿੰਨ ਪੀੜੀ ਪੁਰਾਣੇ ਬਜ਼ੁਰਗ ਠੀਕ ਤਰ੍ਹਾਂ ਨਾਲ ਨਹੀਂ ਜਾਨੇ ਜਾ ਸਕਦੇ। ਇੰਦਰੀਆਂ ਸਿਰਫ ਸਪਰਸ਼, ਰਸ, ਗੰਧ ਆਦਿ ਰੂਪ ਸ਼ਰੂਤ ਦਰਵ ਨੂੰ ਜਾਣਦੀਆਂ ਹਨ। ਮਨ ਇੰਦਰੀਆਂ ਦੇ ਪਿਛੇ ਹੈ। ਸੰਸਾਰ ਦੇ ਸਾਰੇ ਪਦਾਰਥਾਂ ਨੂੰ ਜਾਨਣ ਲਈ ਇੰਦਰੀਆਂ ਤੇ ਮਨ ਤੇ ਨਿਰਭਰ ਹੋ ਜਾਣਾ ਗਲਤੀ ਹੈ। ਆਤਮਾ ਸ਼ਬਦ, ਰੂਪ, ਰਸ, ਗੰਧ ਤੇ ਸ਼ਪਰਸ ਤੋਂ ਰਹਿਤ ਹੈ। ਅਰੂਪੀ ਤੱਤਵ ਇੰਦਰੀਆ ਰਾਹੀਂ ਜਾਨਣੇ ਅਸੰਭਵ ਹਨ। ਇੰਦਰੀਆ ਰਾਹੀਂ ਤਾਂ ਕਈ ਪ੍ਰਤਖ ਬਾਰਿਕ ਪਦਾਰਥ ਵੀ ਨਹੀਂ ਜਾਨੇ ਜਾ ਸਕਦੇ। ਸੋ ਇੰਦਰੀਆ ਪ੍ਰਤਖ ਦਾ ਸਿਧਾਂਤ ਗਲਤ ਹੈ। ਅਨਾਤਮਵਾਦੀਆ ਅਨੁਸਾਰ ਇੰਦਰੀਆਂ ਤੇ ਮਨ ਪ੍ਰਤਖ ਨਹੀਂ, ਇਸ ਲਈ ਉਹ ਨਹੀਂ ਹਨ। ਅਧਿਆਤਮਵਾਦੀ ਆਖਦੇ ਹਨ ਆਤਮਾ ਇੰਦਰੀਆਂ ਤੇ ਮਨ ਵੀ ਵੇਖੇ ਨਹੀਂ ਜਾ ਸਕਦੇ। ਆਤਮਾ ਦੀ ਸਿਧੀ ਲਈ ਹੇਠ ਲਿਖੇ ਪ੍ਰਮਾਣ ਹਨ।

(1) ਆਤਮਾ ਅਨੁਭਵ ਰਾਹੀਂ ਸਿਧ ਹੈ 'ਮੈਂ ਹਾਂ', ਦੁਖੀ ਹਾਂ ਸੁਖੀ ਹਾਂ ਇਹ ਅਨੁਭਵ ਸਰੀਰ ਤੋਂ ਭਿੰਨ ਨਹੀਂ ਹੁੰਦਾ। ਸਰੀਰ ਤੋਂ ਭਿੰਨ ਜੋ ਵਸਤੂ ਹੈ ਉਸ ਤੋਂ ਇਹ ਹੁੰਦਾ ਹੈ।

(2) ਹਰ ਪਦਾਰਥ ਵਸਤੂ ਵਿਸ਼ੇਸ਼ ਗੁਣ ਰਾਹੀਂ ਸਿਧ ਕੀਤਾ ਜਾਂਦਾ ਹੈ ਜਿਸ ਪਦਾ-ਰਥ ਵਿਚ ਤ੍ਰਿਲੋਕ ਵਰਤੀ ਗੁਣ ਮਿਲੇ, ਜੋ ਕਿਸੇ ਹੋਰ ਪਦਾਰਥ ਵਿਚ ਨਾ ਮਿਲੇ ਉਹ ਸੁਤੰਤਰ ਦਰਵ ਆਤਮਾ ਹੀ ਹੋ ਸਕਦਾ ਹੈ। ਆਤਮਾ ਵਿਚ ਚੇਤਨਾ ਨਾ ਦਾ ਵਿਸ਼ੇਸ਼ ਗੁਣ ਹੈ।

(3) ਭੋਰੇ ਵਿਚ ਬੈਠਾ ਮਨੁੱਖ ਇਹ ਨਹੀਂ ਜਾਨ ਸਕਦਾ ਕਿ ਸੂਰਜ ਨਿਕਲ ਚੁਕਾ ਹੈ ਕਿ ਨਹੀਂ।

(4) ਹਰ ਇੰਦਰੀਆ ਤੋਂ ਨਿਸ਼ਚਿਤ ਵਿਸ਼ੇ ਦਾ ਹੀ ਗਿਆਨ ਹੁੰਦਾ ਹੈ।

ਇਕ ਇੰਦਰੀਆਂ ਤੋਂ ਦੂਸਰੀ ਇੰਦਰੀ ਦਾ ਗਿਆਨ ਨਹੀਂ ਹੁੰਦਾ। ਇਸ ਲਈ ਇੰਦਰੀਆ ਦਾ ਗਿਆਨ ਅੱਡ ਹੈ ਇਨ੍ਹਾਂ ਦਾ ਇਕੱਠਾ ਗਿਆਨ ਕਰਾਉਣ ਵਾਲਾ ਪਦਾਰਥ ਅੱਡ ਮੰਨਣਾ ਪਵੇਗਾ। ਇਹੋ ਆਤਮਾ ਹੈ।

(5) ਪਦਾਰਥ ਨੂੰ ਜਾਨਣ ਵਾਲਾ ਆਤਮਾ ਹੈ ਇੰਦਰੀਆਂ ਨਹੀਂ। ਇੰਦਰੀਆ ਜਾਨਣ ਦਾ ਸਾਧਨ ਹਨ ਆਤਮਾ ਦੇ ਚਲੇ ਜਾਨ ਤੇ ਇੰਦਰੀਆ ਵੀ ਕੰਮ ਨਹੀਂ ਕਰ ਸਕਦੀਆਂ। ਇੰਦਰੀਆਂ ਦੇ ਨਸ਼ਟ ਹੋ ਜਾਣ ਤੇ ਆਤਮ ਦੇ ਗਿਆਨ ਤੇ ਕੋਈ ਅਸਰ ਨਹੀਂ ਪੈਂਦਾ। ਜਿਵੇਂ ਕੰਨ ਦਾ ਪਰਦਾ ਫਟ ਜਾਨ ਤੇ, ਫੇਰ ਵੀ ਸੁਨਣ ਦਾ ਗਿਆਨ ਠੀਕ ਰਹਿੰਦਾ ਹੈ। ਸੋ ਇਹ ਗਲ ਮੰਨਣੀ ਜ਼ਰੂਰੀ ਹੈ ਕਿ ਇੰਦਰੀਆਂ ਨੂੰ ਸਥਿਰ ਕਰਨ ਵਾਲਾ ਕੋਈ ਹੋਰ ਤੱਤਵ ਹੈ।

(6) ਜੜ ਤੇ ਚੇਤਨ ਦੋ ਪਦਾਰਥ ਹਨ ਜੜ ਕਦੇ ਚੇਤਨ ਨਹੀਂ ਬਣ ਸਕਦਾ ਨਾ ਜੜ ਚੇਤਨ ਨੂੰ ਪੈਦਾ ਕਰਦਾ ਹੈ।

(7) ਜੜ ਕਦੇ ਚੇਤਨ ਨਹੀਂ ਹੁੰਦਾ।

(8) ਜਿਸ ਵਸਤੂ ਵਿਚ ਵਿਰੋਧੀ ਤੱਤਵ ਨਾ ਮਿਲੇ ਉਸ ਦਾ ਅਸਿੱਤਤਵ ਸਿਧ ਨਹੀਂ

ਹੁੰਦਾ । ਜੇ ਚੇਤਨ ਨਾ ਦੀ ਕੋਈ ਸੱਤਾ ਨਹੀਂ ਤਾਂ ਅਚੇਤਨ ਦੀ ਸੱਤਾ ਸਿੱਧ ਕਰਨੀ ਮੁਸ਼ਕਿਲ ਹੈ ।

ਗਿਆਏ (ਜਾਨਣ ਯੋਗ) ਵਸਤੂ, ਇੰਦਰੀਆ ਤੇ ਆਤਮਾ ਤਿੰਨੋ ਭਿੰਨ ਭਿੰਨ ਹਨ । ਆਤਮਾ ਗਿਆਤਾ ਹੈ । ਇੰਦਰੀਆ ਗ੍ਰਹਿਣ ਕਰਨ ਦੇ ਸਾਧਨ ਹੈ । ਵਸਤੂ ਸਮੂਹ ਗ੍ਰਹਿਣ ਯੋਗ ਹੈ । ਲੋਹਾਰ ਸ਼ੰਡਾਸੀ ਨਾਲ ਲੋਹੇ ਦਾ ਪਿੰਡ ਉਠਉਦਾ ਹੈ ਲੋਹਾ ਪਿੰਡ (ਗ੍ਰਹਿਣ ਯੋਗ) ਸੰਡਾਸੀ (ਗ੍ਰਹਿਣ ਦਾ ਸਾਧਨ) ਅਤੇ ਲੋਹਾਰ ਗ੍ਰਹਿਣ ਕਰਨ ਵਾਲਾ ਹੈ । ਲੋਹਾਰ ਨਾ ਹੋਵੇ ਤਾਂ ਸੰਡਾਸੀ ਤੇ ਲੋਹਾ ਬੇਕਾਰ ਹੈ । ਆਤਮਾ ਦੇ ਚਲੇ ਜਾਣ ਨਾਲ ਇੰਦਰੀਆ ਅਪਣੇ ਵਿਸ਼ੇ ਦਾ ਗ੍ਰਹਿਣ ਨਹੀਂ ਕਰ ਸਕਦੀ ।

### ਆਤਮਾ ਕੀ ਹੈ ?

ਆਤਮਾ ਦੇ ਇਕ ਜਾਂ ਅਨੇਕ ਦੀ ਤਰ੍ਹਾਂ ਆਤਮਾ ਦਾ ਪਰਿਮਾਣ ਨੂੰ ਲੈਕੇ (ਅਕਾਰ) ਦਾਰਸ਼ਨਿਕਾਂ ਵਿਚ ਕਾਫੀ ਵਹਿਸ ਚਲਦੀ ਰਹੀ ਹੈ । ਕੋਈ ਆਤਮਾ ਦਾ ਅਕਾਰ ਅਣੂ ਦੀ ਤਰ੍ਹਾਂ ਆਖਦਾ ਹੈ ਕੋਈ ਚਾਵਲ ਵਰਗਾ ਕੋਈ ਅੰਗੂਠੇ ਵਰਗ, ਕੋਈ ਸ਼ਰੀਰ ਦੇ ਕਣ ਕਣ ਵਿਚ ਅਤੇ ਕੋਈ ਆਤਮਾ ਨੂੰ ਸਾਰੀ ਸ੍ਰਿਸਟੀ ਵਿਚ ਫੈਲਿਆ ਮੰਨਦਾ ਹੈ । ਜੈਨ ਦਰਸ਼ਨ ਅਨੁਸਾਰ ਆਤਮਾ ਸ਼ਰੀਰ ਦੇ ਕਣ ਕਣ ਵਿਚ ਫੈਲੀ ਹੋਈ ਹੈ । ਇਸੇ ਕਾਰਣ ਸ਼ਰੀਰ ਦਾ ਕੋਈ ਅੰਗ ਕਟਣ ਤੇ ਉਸਦਾ ਦੁੱਖ ਇਕ ਅੰਗ ਨਹੀਂ ਮਹਿਸੂਸ ਕਰਦਾ, ਸਗੋਂ ਸਾਰਾ ਸ਼ਰੀਰ ਕਰਦਾ ਹੈ । ਸਿੱਧ ਅਵਸਥਾ ਵਿਚ ਕਿਸੇ ਤਰ੍ਹਾਂ ਦੇ ਸਰੀਰ ਨਾ ਰਹਿਨ ਤੇ ਵੀ ਨਿਰਾਕਾਰ ਅਕਾਰ ਵਿਚ ਆਤਮ ਪ੍ਰਦੇਸ਼ ਬਾਕੀ ਰਹਿੰਦੇ ਹਨ । ਕੇਵਲ ਗਿਆਨੀ ਨਿਰਵਾਨ ਸਮੇਂ ਆਯੁਸ਼ ਕਰਮ ਥੋੜਾ ਅਤੇ ਵੈਦਨੀਆਂ ਕਰਮ ਜਿਆਦਾ ਰਹਿ ਜਾਵੇ, ਤਾਂ ਦੋਹਾਂ ਕਰਮਾਂ ਨੂੰ ਸਮ ਬਨਾਉਣ ਲਈ ਕੇਵਲ ਗਿਆਨੀ ਸਮੁਦਘਾਤ ਕ੍ਰਿਆ ਕਰਦੇ ਹਨ । ਇਸ ਪ੍ਰਕ੍ਰਿਆ ਵਿਚ ਉਹ ਆਪਣੇ ਆਤਮ ਪ੍ਰਵੇਸ਼ਾਂ ਨੂੰ ਸਾਰੇ ਲੋਕ ਵਿਚ ਫੈਲਾ ਦਿੰਦੇ ਹਨ ਅਤੇ ਫੇਰ ਸਮੇਟ ਕੇ ਸਿਧ ਗਤਿ ਪ੍ਰਾਪਤ ਕਰ ਲੈਂਦੇ ਹਨ । ਇਸ ਪਖੋਂ ਆਤਮਾ ਸਰਵ ਵਿਆਪਕ ਹੈ । ਪਰ ਉਂਝ ਆਤਮਾ ਸਰਬ ਵਿਆਪਕ ਨਹੀਂ, ਸਗੋਂ ਸ਼ਰੀਰ ਵਿਆਪਕ ਹੈ । ਸੰਖਿਆ ਪਖੋਂ ਆਤਮਾ ਅਨੰਤ ਅੰਸਿਖਆਤ ਪ੍ਰਦੇਸ਼ੀ ਹਨ । ਹਰ ਜੀਵ ਦੀ ਵਖ ਸੁਤੰਤਰ ਹੋਣ ਹੈ । ਪਰ ਗੁਣਾਂ ਪਖੋਂ ਆਤਮਾ ਇਕ ਹੈ । ਇੰਦਰੀਆਂ ਪੁਦਗਲ ਹਨ ਆਤਮਾ ਪੁਦਗਲ ਨਹੀਂ । ਕਈ ਲੋਕ ਅੰਤ ਕਰਨ ਨੂੰ ਹੀ ਆਤਮਾਂ ਮੰਨਦੇ ਹਨ ਮਨ ਅੰਤਕਰਨ ਇਕ ਹੀ ਹੈ ਸੋ ਇਹ ਆਤਮਾ ਨਹੀਂ । ਆਤਮਾ ਹਿਰਦਾ ਜਾ ਦਿਮਾਗ ਵੀ ਨਹੀਂ । ਬੁੱਧੀ, ਚਿਤ, ਦਿਲੋ, ਦਿਮਾਗ਼ ਸਭ ਮਨ ਦੇ ਵਿਸ਼ੇ ਹਨ, ਇੰਦਰੀਆ ਤੇ ਪੁਦਗਲ ਦੇ ਵਿਸ਼ੇ ਹਨ ਆਤਮਾ ਦੇ ਨਹੀਂ ।

ਆਤਮਾ ਚੇਤਨਾ ਮਯ ਅਰੂਪੀ ਸਤਾ ਹੈ ਉਪਯੋਗ (ਚੇਤਨਾ ਦੀ ਕ੍ਰਿਆ) ਉਸ ਦਾ ਲੱਛਣ ਹੈ । ਗਿਆਨ, ਦਰਸ਼ਨ ਸੁਖ ਦੁਖ ਆਦਿ ਰਾਹੀਂ ਆਤਮਾ ਜਾਹਰ ਹੁੰਦਾ ਹੈ । ਆਤਮਾ ਸ਼ਬਦ, ਰੂਪ, ਗੰਧ, ਰਸ ਤੇ ਸਪਰਸ਼ ਤੋਂ ਰਹਿਤ ਹੈ । ਉਹ ਲੰਬਾ, ਛੋਟਾ, ਟੇਡਾ, ਗੋਲ'

ਚੋਰਸ, ਮੰਡਲਕਾਰ, ਹਲਕਾ ਭਾਰੀ, ਇਸਤਰੀ. ਪੁਰਸ ਅਤੇ ਨਪੁਸੰਕ ਕੁਝ ਵੀ ਨਹੀਂ ਹੈ। ਆਤਮਾ ਅਸੰਖਿਆ ਗਿਆਨ ਮਯ ਪ੍ਰਦੇਸ਼ਾ ਦਾ ਪਿੰਡ ਹੈ। ਉਹ ਵੇਖਿਆ ਨਹੀਂ ਜਾ ਸਕਦਾ ਉਹ ਅਰੂਪੀ ਹੈ ਉਸ ਤੋਂ ਚੇਤਨਾ ਗੁਣ ਸਾਨੂੰ ਮਿਲਦਾ ਹੈ। ਆਤਮਾ ਗੁਣਾਂ ਪਖੋਂ ਇਕ ਹੈ ਪਰ ਸੰਖਿਆ ਪਖੋਂ ਅਨੰਤ ਹਨ ਜਿਨੇ ਜੀਵ ਹਨ ਹਰ ਜੀਵ ਦੀ ਆਪਣੀ ਆਤਮਾ ਹੈ। ਕਰਮ ਬੰਧ ਟੁਟਨ [ਸਿੱਧ ਅਵਸਥਾ] ਸਮੇਂ ਆਤਮਾ ਦਾ ਸ਼ੁਧ ਸਵਰੂਪ ਪ੍ਰਗਟ ਹੋ ਜਾਂਦਾਹੈ। ਸਿਧ ਆਤਮਾ ਦੇ ਸਰੀਰ ਵਾਲੀ ਕ੍ਰਿਆ, ਜਨਮ, ਮੌਤ ਕੁਝ ਨਹੀਂ। ਆਤਮਾ ਦੀ ਸਿੱਧ ਅਵਸਥਾ ਨੂੰ ਸੱਤ ਚਿੱਤ ਆਨੰਦ ਕਿਹਾ ਜਾਂਦਾ ਹੈ। ਇਨ੍ਹਾਂ ਮੁਕਤ ਆਤਮਾ ਦਾ ਨਿਵਾਸ ਲੋਕ ਦੇ ਅਗਰ ਭਾਗ ਵਿਚ ਹੈ। ਆਤਮਾ ਦਾ ਸੁਭਾਵ ਉਪਰ ਜਾਣਦਾ ਹੈ। ਬੰਧਨ ਕਾਰਣ ਹੀ ਆਤਮਾ ਤਿਰਛੇ ਲੋਕ ਜਾਂ ਹੇਠਾਂ ਨੂੰ ਜਾਂਦਾ ਹੈ। ਉਪਰ ਜਾ ਕੇ ਆਤਮਾ ਫੇਰ ਸੰਸਾਰ ਵਿਚ ਨਹੀਂ ਫਸਦਾ। ਉਹ ਆਤਮਾ ਅਲੋਕ ਵਿਚ ਵੀ ਨਹੀਂ ਜਾਂਦਾ ਕਿਉਂਕਿ ਉਥੇ ਧਰਮ ਤੱਤਵ ਨਹੀਂ (ਗਤੀ ਤੱਤਵ) ਨਹੀਂ ਹੈ। ਦੂਸਰੀ ਸਰੇਣੀ ਦੀਆਂ ਆਤਮਾ ਕਰਮ ਬੰਧ ਹੋਣ ਕਾਰਣ ਭਿੰਨ ੨ ਜੂਨਾਂ ਵਿਚ ਘੁਮਦੀਆਂ ਹਨ। ਕਰਮ ਕਰਦੀਆਂ ਹਨ, ਫਲ ਭੋਗਦੀਆਂ ਹਨ। ਸਾਰੀਆਂ ਸੰਸਾਰੀ ਆਤਮਾ ਸਰੀਰ ਨਾਲ ਬੰਧੀਆ ਹਨ। ਆਤਮਾ ਦਾ ਅਕਾਰ ਜੈਨ ਧਰਮ ਅਨੁਸਾਰ ਸਰੀਰ ਵਿਆਪੀ ਹੈ। ਆਤਮਾ ਧਰਮ ਨੂੰ ਜੈਨ ਸਰਵ ਵਿਆਪੀ ਨਹੀਂ ਮੰਨਦਾ।

## ਜੈਨ ਦਰਿਸ਼ਟੀ ਪਖੋ ਆਤਮਾ ਦਾ ਸਵਰੂਪ :

(1) ਜੀਵ ਆਨੰਦ ਹੈ ਅਵਿਨਾਸ਼ੀ ਅਤੇ ਅਕਸ਼ੇ (ਨਾ ਖਤਮ ਹੋਣ ਵਾਲਾ) ਹੈ। ਦਰਵ ਨਯ ਪਖੋਂ ਪਖੋਂ ਉਸ ਦਾ ਸਵਰੂਪ ਨਸ਼ਟ ਨਹੀਂ ਹੁਦਾ। ਇਸ ਕਾਰਣ ਆਤਮਾ ਨਿੱਤ ਹੈ ਪਰਿਆਏ ਪਖੋਂ ਭਿੰਨ 2 ਰੂਪ ਵਿਚ ਬਦਲਦਾ ਹੈ ਸੋ ਆਤਮਾ ਅਨਿੱਤ ਹੈ।

(2) ਸੰਸਾਰੀ ਜੀਵ ਅਤੇ ਸਰੀਰ ਦਾ ਕੋਈ ਭੇਦ ਨਹੀਂ ਜਾਪਦਾ। ਦੁੱਧ ਤੇ ਪਾਣੀ, ਤਿੱਲ ਤੇ ਤੇਲ ਇਕ ਲਗਦੇ ਹਨ ਇਸੇ ਤਰ੍ਹਾਂ ਸੰਸਾਰੀ ਦਸਾ ਵਿਚ ਜੀਵ ਅਤੇ ਸਰੀਰ ਇਕ ਲਗਦੇ ਹਨ।

## ਜੀਵ ਦਾ ਪਰਿਮਾਣ :

ਜੀਵ ਦੇ ਸਰੀਰ ਦੇ ਅਕਾਰ ਅਨੁਸਾਰ ਆਤਮਾ ਦਾ ਅਕਾਰ ਸਰੀਰ ਵਿਚ ਫੈਲਿਆ ਹੋਇਆ ਹੈ।

(1) ਆਤਮਾ ਕਾਲ ਪਖੋਂ ਆਨੰਦ ਅਵਿਨਾਸ਼ੀ ਹੈ।

(2) ਆਤਮਾ ਅਕਾਸ਼ ਦੀ ਤਰ੍ਹਾਂ ਅਮੂਰਤ ਹੈ ਫੇਰ ਵੀ ਅਵਗਾਹ (ਅਕਾਰ) ਗੁਣ ਤੇ ਜਾਣਿਆ ਜਾਂਦਾ ਹੈ ਇਸੇ ਤਰ੍ਹਾਂ ਜੀਵ ਅਮੂਰਤ ਹੈ ਅਤੇ ਵਿਗਿਆਨ ਗੁਣ ਨਾਲ ਜਾਣਿਆ ਜਾਂਦਾ ਹੈ।

(3) ਜੀਵ ਜਿਵੇਂ ਪ੍ਰਿਥਵੀ ਸਭ ਦਰੱਵਾਂ ਦਾ ਅਧਾਂਰ ਹੈ ਉਸੇ ਪ੍ਰਕਾਰ ਹੀ ਜੀਵ

ਗਿਆਨ ਆਦਿ ਗੁਣਾਂ ਦਾ ਅਧਾਰ ਹੈ ।

[4] ਜਿਵੇਂ ਅਕਾਸ਼ ਤਿੰਨ ਕਾਲਾ ਵਿਚ ਅਕਸ਼ੈ, ਅਨੰਤ, ਅਤੇ ਅਤੁਲ ਹੈ ਉਸੇ ਪ੍ਰਕਾਰ ਜੀਵ (ਆਤਮਾ) ਤਿੰਨ ਕਾਲਾਂ ਵਿਚ ਅਵਿਨਾਸ਼ੀ ਹੈ ।

[5] ਜਿਵੇਂ ਸੋਨੇ ਦੀ ਪਰਿਆਏ ਅਵਸਥਾ ਕੁੰਡਲ, ਮੁਕੱਟ ਹੋਣ ਤੇ ਸੋਨਾ ਮੂਲ ਰੂਪ ਵਿਚ ਸੋਨਾ ਹੀ ਰਹਿਦਾ ਹੈ । ਉਸ ਦੇ ਨਾ ਤੇ ਰੂਪ ਵਿਚ ਅੰਤਰ ਪੈਂਦਾ ਹੈ ਉਸੇ ਪ੍ਰਕਾਰ ਚਾਰ ਗਤੀਆਂ ਵਿਚ ਘੁਮ ਰਹੇ ਜੀਵਾਂ ਦੀ ਪਰਿਆਏ ਬਦਲ ਦੀ ਰਹਿੰਦੀ ਹੈ । ਜੀਵ ਦਰੱਵ ਸੋਨੇ ਦੀ ਤਰ੍ਹਾਂ ਨਿੱਜ ਮੂਲ ਵਿਚ ਹੀ ਰਹਿੰਦਾ ਹੈ ।

[6] ਜਿਵੇਂ ਕਾਮਾ ਕੰਮ ਕਰਕੇ ਫਲ ਭੋਗਦਾ ਹੈ । ਉਸ ਪ੍ਰਕਾਰ ਜੀਵ ਕਰਮ ਕਰਦਾ ਹੈ ਅਤੇ ਫ਼ਲ ਭੋਗਦਾ ਹੈ ।

[7] ਜਦ ਦਿਨ ਵਿਚ ਸੂਰਜ ਹੁੰਦਾ ਹੈ ਤਾਂ ਵਿਖਾਈ ਦਿੰਦਾ ਹੈ ਅਤੇ ਇਹ ਰਾਤ ਨੂੰ ਦੂਸਰੇ ਪਾਸੇ ਚਲਾ ਜਾਂਦਾ ਹੈ ਪ੍ਰਕਾਸ਼ ਕਰਦਾ ਹੈ ਪਰ ਦੂਸਰੇ ਪਾਸੇ ਦਾ ਪ੍ਰਕਾਸ਼ ਵਿਖਾਈ ਨਹੀਂ ਦਿੰਦਾ । ਉਸੇ ਪ੍ਰਕਾਰ ਵਰਤਮਾਨ ਸਰੀਰ ਵਿਚ ਰਹਿੰਦਾ ਹੋਇਆ ਜੀਵ ਉਸ ਨੂੰ ਪ੍ਰਕਾਸ਼ਿਤ ਕਰਦਾ ਹੈ ਅਤੇ ਪਹਿਲੇ ਸਰੀਰ ਨੂੰ ਛੱਡ ਕੇ ਦੂਸਰੇ ਨੂੰ ਪ੍ਰਕਾਸ਼ਿਤ ਕਰਦਾ ਹੈ ।

[8] ਜਿਵੇਂ ਕਮਲ ਦੀ ਖੁਸ਼ਬੂ ਅੱਖਾਂ ਨਾਲ ਵੇਖੀ ਨਹੀਂ ਜਾ ਸਕਦੀ । ਫਿਰ ਵੀ ਨਕ ਰਾਹੀਂ ਗ੍ਰਹਿਣ ਹੁੰਦੀ ਹੈ ਜਿਵੇਂ ਸਾਜਾਂ ਦੀ ਅਵਾਜ ਕੰਨਾਂ ਨਾਲ ਗ੍ਰਹਿਣ ਹੁੰਦੀ ਹੈ ਅੱਖਾਂ ਨਾਲ ਵਿਖਾਈ ਨਹੀਂ ਦਿੰਦੀ । ਇਸ ਤਰ੍ਹਾਂ ਆਤਮਾ ਗਿਆਨ ਵਾਨ ਹੈ ਪਰ ਇਸਦਾ ਗਿਆਨ ਜੀਵ ਦੇ ਨਾ ਵਿਖਾਈ ਦੇਣ ਤੇ ਵੀ ਗਿਆਨ ਗੁਣ ਹੋਣ ਕਾਰਣ ਗ੍ਰਹਿਣ ਕੀਤਾ ਜਾਂਦਾ ਹੈ । ਗਿਆਨ ਗ੍ਰਹਿਣ ਦਾ ਵਿਸ਼ਾ ਹੈ ਵੇਖਣ ਦਾ ਵਿਸ਼ਾ ਨਹੀਂ ।

[9] ਜਿਵੇਂ ਸਰੀਰ ਅੰਦਰ ਰਿਹਾ ਹੋਇਆ ਜੀਵ ਹਾਸੇ ਨਾਚ, ਸੁਖ ਦੁਖ ਬੋਲ-ਚਾਲ ਆਦਿ ਕ੍ਰਿਆਵਾਂ ਤੋਂ ਜਾਣਿਆ ਜਾਂਦਾ ਹੈ । ਇਸੇ ਪ੍ਰਕਾਰ ਆਤਮਾ ਜਾਣਿਆ ਜਾਂਦਾ ਹੈ ।

[10] ਜਿਵੇਂ ਖਾਇਆ ਭੋਜਨ ਸੱਤ ਧਾਤੂਆਂ ਵਿਚ ਬਦਲ ਜਾਂਦਾ ਹੈ । ਉਸੇ ਤਰ੍ਹਾਂ ਜੀਵ ਦਵਾਰਾ ਗ੍ਰਹਿਣ ਕਰਮਯੋਗ ਪੁਦਗਲ ਅਪਣੇ,ਆਪ ਰੂਪ ਵਿਚ ਬਦਲ ਜਾਂਦੇ ਹਨ ।

[11] ਜਿਵੇਂ ਸੋਨਾ ਤੇ ਮਿਟੀ ਦਾ ਮਿਲਾਪ ਅਨਾਦਿ ਹੈ ਉਸੇ ਪ੍ਰਕਾਰ ਜੀਵ ਅਤੇ ਕਰਮ ਦਾ ਸਬੰਧ ਅਨਾਦਿ ਹੈ ।

**ਜੀਵ ਦਾ ਬਾਹਰਲਾ ਲੱਛਣ :**

ਅਪਣੀ ਤਰ੍ਹਾਂ ਦੇ ਜੀਵਾਂ ਨਾਲ ਜਨਮ, ਵਾਧਾ, ਉਤਪਾਦਨ, ਜਨਮ ਮਰਨ ਦੀ ਸ਼ਕਤੀ ਜੀਵ ਦਾ ਬਾਹਰਲਾ ਲਛਣ ਹੈ । ਕੀੜੀ ਵਿਚ ਚੇਤਨਾ ਹੈ ਪਰ ਰੇਲ ਗਡੀ ਜੜ ਹੈ ਘੁਮਦੇ ਦੋਵੇਂ ਹਨ ।

**ਨਿਸਚੇ ਲੱਛਣ :**

ਆਤਮਾ ਦਾ ਨਿਸ਼ਚੇ ਗੁਣ ਚੇਤਨਾ ਹੈ ਪ੍ਰਾਣੀ ਮਾਤਰਾ ਵਿਚ ਵੇਖਨ ਵਿਚ ਇਹ ਘੱਟ

ਵੱਧ ਹੋ ਸਕਦੀ ਹੈ। ਪਰ ਸਤਾ ਰੂਪ ਵਿਚ ਚੇਤੰਨ ਸ਼ਕਤੀ ਸਭ ਪ੍ਰਾਣੀਆਂ ਵਿਚ ਅਨੰਦ ਹੈ। ਪਰ ਵਿਕਾਸ ਪਖੋਂ ਸਭ ਵਿਚ ਇਕ ਤਰ੍ਹਾਂ ਦੀ ਨਹੀਂ। ਗਿਆਨ ਤੇ ਪਰਦਾ ਪੈ ਜਾਣ ਕਾਰਣ ਦੁਰਬਲਤਾ ਆ ਸਕਦੀ ਹੈ। ਸੋ ਆਤਮਾ ਨਾ ਤਾਂ ਮਨ ਹੈ ਨਾ ਹੀ ਇੰਦਰੀਆਂ, ਨਾ ਹੀ ਕਰਮ। ਮਨ, ਇੰਦਰੀਆ ਅਤੇ ਕਰਮ ਆਤਮਾ ਦੀ ਹੋਂਦ ਤੋਂ ਬਿਨਾ ਚੇਤਨਾ ਰਹਿਤ ਹਨ। ਹਰ ਆਤਮਾ ਦੀ ਸੁਤੰਤਰ ਸੱਤਾ ਹੈ ਸੁਤੰਤਰ ਵਿਕਾਸ ਹੈ। ਧਰਮ ਗ੍ਰਹਿਣ ਕਰਨ ਦੀ ਸ਼ਕਤੀ ਹਰ ਆਤਮਾ ਵਿਚ ਇਕ ਤਰ੍ਹਾਂ ਦੀ ਨਹੀਂ। ਮਨੁੱਖ ਜੂਨ ਤੋਂ ਛੁਟ ਕੋਈ ਵੀ ਜੂਨ ਅਜਿਹੀ ਨਹੀਂ ਜਿਸ ਵਿਚ ਸਾਧਨਾ ਰਾਹੀਂ ਆਤਮਾ ਮੋਕਸ਼ ਜਾਂ ਨਿਰਵਾਨ ਹਾਸਲ ਕਰ ਸਕੇ। ਮੋਕਸ਼ ਲਈ 14 ਗੁਣ ਸਥਾਨਾ ਰੂਪੀ ਪੌੜੀ ਤੇ ਚੜਨਾ ਬਹੁਤ ਜ਼ਰੂਰੀ ਹੈ। (ਵੇਖੋ ਗੁਣ ਸਥਾਨ)

ਸੰਸਾਰ ਵਿਚ ਭਿਨਤਾਵਾਂ ਦਾ ਕਾਰਣ ਜੀਵ ਅਤੇ ਪੁਦਗਲ ਦਾ ਸੁਮੇਲ ਹੈ ਜੋ ਸ੍ਰਿਸ਼ਟੀ ਅਖਵਾਉਂਦਾ ਹੈ। ਜੀਵ ਤੇ ਪੁਦਗਲ ਵਿਚ ਦੋ ਅਵਸਥਾਵਾਂ ਮਿਲਦੀਆਂ ਹਨ।

ਜੀਵ ਅਤੇ ਪੁਦਗਲ ਵਿਚ ਕਾਲ ਕਾਰਣ ਜੋ ਪਰੀਵਰਤਨ ਹੁੰਦਾ ਹੈ। ਉਹ ਸੁਭਾਵਿਕ ਪਰੀਵਰਤਨ ਹੈ। ਜੀਵ ਦੇ ਨਮਿਤ ਜੋ ਪੁਦਗਲ ਵਿਚ ਅਤੇ ਪੁਦਗਲ ਦੇ ਨਮਿਤ ਜੋ ਜੀਵ ਵਿਚ ਪਰੀਵਰਤਨ ਹੁੰਦਾ ਹੈ ਉਹ ਵਿਭਾਵ ਪਰੀਵਰਤਨ ਹੈ ਪੁਦਗਲ ਜੜ ਹੈ ਅਚੇਤਨ ਹੈ ਆਤਮਾ ਤੇ ਪੁਦਗਲ ਦੋਹਾਂ ਦੇ ਸਹਿਯੋਗ ਨਾਲ ਜੀਉਂਦਾ ਸਰੀਰ ਬਣਦਾ ਹੈ। ਪੁਦਗਲ ਦੇ ਸਹਿਯੋਗ ਕਾਰਣ ਜੀਵ ਦੇ ਗਿਆਨ ਨੂੰ ਕ੍ਰਿਆਤਮਕ ਰੂਪ ਮਿਲਦਾ ਹੈ ਪੁਦਗਲ ਦੋ ਪ੍ਰਕਾਰ ਦਾ ਹੈ ਜੀਵ ਸਹਿਤ ਅਤੇ ਜੀਵ ਰਹਿਤ। ਸਰੀਰ ਅਤੇ ਆਤਮਾ ਦਾ ਨਾ ਸੁਮੇਲ ਜੀਵ ਸਹਿਤ ਸਰੀਰ ਹੈ।

ਜੀਵ ਤੇ ਸਰੀਰ ਦਾ ਸਬੰਧ ਅਨੰਤ ਕਾਲ ਤੋਂ ਹੈ। ਜਦ ਤਕ ਇਹ ਸਬੰਧ ਟੁਟਦਾ ਨਹੀਂ ਉਦੋਂ ਤਕ ਪੁਦਗਲ ਜੀਵ ਤੇ ਜੀਵ, ਪੁਦਗਲ ਤੇ ਆਪਣਾ ੨ ਅਸਰ ਪਾਉਂਦੇ ਰਹਿੰਦੇ ਹਨ।ਜੀਵ (ਆਤਮਾ)ਤੇ ਪ੍ਰਭਾਵ ਪਾਉਣ ਵਾਲਾ ਕਾਰਮਣ ਸਰੀਰ ਹੈ ਜੋ ਕਰਮਾਂ ਦੇ ਪੁਦਗਲ ਤੋਂ ਜਨਮ ਸਮੇਂ ਬਣਦਾ ਹੈ। ਅਤੀਇੰਦਰੀਆ (ਇੰਦਰੀ ਰਹਿਤ) ਹੋਣ ਕਾਰਣ ਮੁਕਤ ਅਵਸਥਾ ਤਕ ਜਨਮ ਮਰਨ ਸਮੇਂ ਗਤਿ ਤਹਿ ਕਰਦਾ ਹੈ ਅਤੇ ਆਤਮਾ ਨੂੰ ਇਕ ਗਤਿ ਤੋਂ ਦੂਸਰੀ ਗਤਿ ਤਕ ਕਰਮ ਅਨੁਸਾਰ ਲੈ ਜਾਂਦਾ ਹੈ। ਇਸਦਾ ਸਹਿਯੋਗੀ ਇੰਦਰੀ ਰਹਿਤ ਤੇਜਸ ਸਰੀਰ ਹੈ ਇਸ ਦਾ ਕੰਮ ਖਾਏ ਅੰਨ ਨੂੰ ਪਚਾਉਣਾ ਹੈ। ਇਸਤੋਂ ਛੁੱਟ ਆਮ ਜੀਵ ਕੋਲ ਔਦਾਰਿਕ ਸਰੀਰ ਹੁੰਦਾ ਹੈ ਜੋ ਵਿਖਾਈ ਦਿੰਦਾ ਹੈ ਮਰਨ ਸਮੇਂ ਜੋ ਅਗਨ ਭੇਟ ਹੁੰਦਾ ਹੈ। ਅਹਾਰਕ ਸਰੀਰ ਖਾਸ਼ ਗਿਆਨੀਆਂ ਪਾਸ ਹੁੰਦਾ ਹੈ ਜੋ ਤੱਪ ਰਾਹੀਂ ਪ੍ਰਾਪਤ ਹੁੰਦਾ ਹੈ ਇਹ ਸਰੀਰ ਹਰ ਮਨੁੱਖ ਕੋਲ ਨਹੀਂ ਹੋ ਸਕਦਾ। ਇਸ ਸਰੀਰ ਨਾਲ ਗਿਆਨੀ ਸੂਖਮ ਸਰੀਰ ਦੀ ਰਚਨਾ ਕਰਕੇ, ਤੀਰਥੰਕਰਾਂ ਤੋਂ ਪ੍ਰਸ਼ਨ ਦਾ ਉਤਰ ਪੁਛਦੇ ਹਨ। ਬੇਕਰਿਆ ਸਰੀਰ ਦੇਵਤਿਆਂ ਤੇ ਨਾਰਕੀਆਂ ਕੋਲ ਹੈ।

## ਆਤਮ ਦੀ ਮੁਕਤੀ ਦਾ ਕ੍ਰਮ

ਆਤਮਾ ਦੀ ਮੁਕਤੀ ਲਈ ਜ਼ਰੂਰੀ ਹੈ ਕਿ 14 ਗੁਣ ਸਥਾਨਾਂ ਦਾ ਸਵਰੂਪ ਸ਼ਾਸਤਰ ਅਨੁਸਾਰ ਸਮਝਿਆ ਜਾਵੇ।

## ਗੁਣ ਸਥਾਨ ਜਾਂ ਗੁਣ ਸ਼੍ਰੇਣੀ

'ਗੁਣ ਸਥਾਨ' ਜੈਨ ਸਿਧਾਂਤ ਦਾ ਪਰਿਭਾਸ਼ਿਕ ਸ਼ਬਦ ਹੈ।ਆਤਮਾ ਦੀ ਪ੍ਰਮਾਤਮਾ ਬਨਣ ਤਕ ਦੀ ਕ੍ਰਿਆ ਹੀ ਗੁਣ ਸਥਾਨ ਹੈ। ਆਤਮਾ ਨੂੰ ਪ੍ਰਮਾਤਮਾ ਬਨਣ ਲਈ ਜਿਨ੍ਹਾਂ ਗੁਣਾਂ ਨੂੰ ਪਾਲਨ ਕਰਨਾ ਪੈਂਦਾ ਹੈ ਅਤੇ ਜਿਨ੍ਹਾਂ ਹਾਲਤਾਂ ਵਿਚੋਂ ਗੁਜਰਨਾ ਪੈਂਦਾ ਹੈ। ਇਸ ਨੂੰ ਹੀ ਸੰਖੇਪ ਵਿਚ ਗੁਣ ਸਥਾਨ ਆਖਦੇ ਹਨ। ਆਤਮ ਵਿਕਾਸ ਦੀ 14 ਸ਼੍ਰੇਣੀਆਂ ਜਾਂ ਸਥਾਨ ਹਨ।

(1) ਮਿਥਿਆਤਵ ਦਰਿਸ਼ਟੀ ਗੁਣ ਸਥਾਨ (2) ਸਾਸਵਾਦਨ ਸਮਿਅਕ ਦਰਿਸ਼ਟੀ ਗੁਣ ਸਥਾਨ (3) ਮਿਸ਼ਰਗੁਣ ਸਥਾਨ (4) ਅਵਿਰਤੀ ਸਮਿਅਕ ਦ੍ਰਿਸ਼ਟੀ ਗੁਣ ਸਥਾਨ (5) ਦੇਸ਼ ਵਿਰਤੀ ਗੁਣ ਸਥਾਨ (6) ਪ੍ਰਮਤ ਗੁਣ ਸਥਾਨ (7) ਅਪ੍ਰਮਤਸੰਯਤ ਗੁਣ ਸਥਾਨ (8) ਨਿਵਰਤੀਵਾਦ ਗੁਣ ਸਥਾਨ (9) ਅਨਿਵਰਤੀ ਗੁਣ ਸਥਾਨ (10) ਸੂਖਮਸੰਪਰਾਏ ਗੁਣ ਸਥਾਨ (11) ਉਪਸ਼ਾਤ ਮੋਹ ਗੁਣ ਸਥਾਨ (12) ਸ਼ੀਨ ਮੋਹ ਗੁਣ ਸਥਾਨ (13) ਸਯੋਗ ਕੇਵਲੀ ਗੁਣ ਸਥਾਨ (14) ਅਯੋਗੀ ਕੇਵਲ ਗੁਣ ਸਥਾਨ।

(1) **ਮਿਥਿਆ ਦ੍ਰਿਸ਼ਟੀ :—** ਜਦ ਤਕ ਜੀਵ ਨੂੰ ਆਤਮਾ ਦੇ ਸਵਰੂਪ ਦਾ ਪਤਾ ਨਹੀਂ ਲਗਦਾ, ਉਹ ਮਿਥਿਆ ਦ੍ਰਿਸ਼ਟੀ ਅਖਵਾਉਂਦਾ ਹੈ। ਉਹ ਮਿਥਿਆ ਦਰਿਸ਼ਟੀ ਜੀਵ ਸ਼ਰੀਰ ਦੀ ਉਤਪਤੀ ਨੂੰ ਹੀ ਆਤਮਾ ਦੀ ਉਤਪੱਤੀ ਤੇ ਸਰੀਰ ਦੇ ਮਰਨ ਨੂੰ ਹੀ ਆਤਮਾ ਦੀ ਮੌਤ ਸਮਝਦਾ ਹੈ। ਪਰ ਜਦੋਂ ਕਿਸੇ ਸਤਿਗੁਰੂ ਦੀ ਸੰਗਤ ਸਦਕਾ ਆਤਮਾ ਦੇ ਸਵਰੂਪ ਨੂੰ ਸਮਝ ਲੈਂਦਾ ਹੈ ਤਾਂ ਉਸਦੇ ਕਸ਼ਾਏ ਘੱਟ ਜਾਂਦੇ ਹਨ। ਰਾਗ ਦਵੇਸ਼ ਠੰਡੇ ਪੈ ਜਾਂਦੇ ਹਨ। ਅਜੇਹੇ ਸਮੇਂ ਜੀਵ ਅਨਾਦਿ ਕਾਲ ਤੋਂ ਆਤਮ ਨਾਲ ਚਿਮੜੇ ਕਸ਼ਾਏ ਖਤਮ ਹੋ ਕੇ ਜੀਵ ਸੱਚੀ (ਸਮਿਅਕ) ਦ੍ਰਿਸ਼ਟੀ ਪ੍ਰਾਪਤ ਕਰਦਾ ਹੈ ਆਪਣੀ ਆਤਮਾ ਦੇ ਸੱਚੇ ਸਵਰੂਪ ਪਛਾਣ ਲੈਂਦਾ ਹੈ। ਮਿਥਿਆ ਦ੍ਰਿਸ਼ਟੀ ਜੀਵ ਆਤਮਾ ਨੂੰ ਪਛਾਣ ਕੇ ਪਹਿਲੇ ਗੁਣ ਸਥਾਨ ਤੋਂ ਚੌਥੇ ਗੁਣ ਸਥਾਨ ਤਕ ਪਹੁੰਚ ਜਾਂਦਾ ਹੈ।

ਮਿਥਿਆ ਦ੍ਰਿਸ਼ਟੀ ਜੀਵ ਦੇ ਨਾਲ ਦਰਸ਼ਨਾ ਮੋਹਨੀਆਂ ਕਰਮ ਅਨਾਦਿ ਕਾਲ ਤੋਂ ਮਿਥਿਆਤਵ ਰੂਪ ਵਿਚ ਚਲੇ ਆ ਰਹੇ ਸਨ। ਪਰ 'ਕਰਨ ਲਬਧੀ' ਦੀ ਕ੍ਰਿਪਾ ਸਦਕਾ ਉਸ ਦੇ ਤਿੰਨ ਹਿੱਸੇ ਹੋ ਜਾਂਦੇ ਹਨ। ਜੋ ਇਸ ਪ੍ਰਕਾਰ ਹਨ।

(1) ਮਿਥਿਆਤਵ (2) ਸਮਿਅਕ ਮਿਥਿਆਤਵ ਤੇ (3) ਸਮਿਅਕ ਪ੍ਰਾਕ੍ਰਿਤੀ।

ਜੀਵ ਨੂੰ ਪਹਿਲੀ ਵਾਰ ਜੋ ਸਮਿਅਕ ਦਰਸ਼ਨ (ਸੱਹੀ ਵਿਸ਼ਵਾਸ) ਹੁੰਦਾ ਹੈ ਉਸ ਨੂੰ ਪ੍ਰਥਮ-ਸਮਿਅਕਤਵ ਆਖਦੇ ਹਨ। ਇਸ ਦਾ ਸਮਾਂ ਮਹੂਰਤ ਤੋਂ ਘੱਟ ਹੈ। ਕਿਸੇ ਵੀ ਸਮੇਂ ਇਸ

ਦੇ ਖਤਮ ਹੁੰਦੇ ਹੀ ਜੀਵ ਸਮਿਅਕਤਵ (ਗਿਆਨ, ਦਰਸ਼ਨ ਤੇ ਚਾਰਿਤਰ) ਰੂਪੀ ਪਰਬਤ ਤੋਂ ਹੇਠਾਂ ਗਿਰ ਜਾਂਦਾ ਹੈ ਉਸ ਸਮੇਂ ਜੇ ਸਮਿਅਕ ਮਿਥਿਆਤਵ-ਪ੍ਰਾਕ੍ਰਿਤੀ ਪੈਦਾ ਹੋ ਜਾਵੇ ਤਾਂ ਜੀਵ ਤੀਸਰੇ ਗੁਣ ਸਥਾਨ ਵਿਚ ਪਹੁੰਚ ਜਾਂਦਾ ਹੈ। ਜੇ ਕਰੋਧ ਆਦਿ ਕਸ਼ਾਏ ਪੈਦਾ ਹੋ ਜਾਵੇ ਤਾ ਦੂਸਰੇ ਸਥਾਨ ਵਿਚ ਪਹੁੰਚ ਜਾਂਦਾ ਹੈ। ਜੇ ਮਿਥਿਆ ਕਰਮ ਪੈਦਾ ਹੋ ਜਾਵੇ, ਤਾਂ ਜੀਵ ਫੇਰ ਮਿਥਿਆ ਦ੍ਰਿਸ਼ਟੀ ਬਣ ਜਾਂਦਾ ਹੈ ਭਾਵ ਇਹ ਹੈ ਕਿ ਦੂਸਰੇ ਤੇ ਤੀਸਰੇ ਗੁਣ ਸਥਾਨ ਇੰਨੇ ਸੂਖਮ ਹਨ ਕਿ ਜੀਵ ਦੇ ਪਤਨ ਦਾ ਕਾਰਨ ਹੀ ਬਣਦੇ ਹਨ।

(2) **ਸਾਸਵਾਦਨ ਸਮਿਅਕ ਦ੍ਰਿਸ਼ਟੀ** :—ਜਿਵੇਂ ਕਿ ਉਪਰ ਦਸਿਆ ਗਿਆ ਹੈ ਕਿ ਇਸ ਗੁਣ ਸਥਾਨ ਕਾਰਨ ਜੀਵ ਪਤਿੱਤ ਹੋ ਜਾਂਦਾ ਹੈ। ਸਾਸਵਾਦਨ ਦਾ ਅਰਥ ਸਮਿਅਕਤਵ ਦੀ ਰੁਕਾਵਟ ਹੀ ਹੈ। ਜਿਵੇਂ ਕੋਈ ਮਿੱਠੀ ਖੀਰ ਖਾਵੇ ਅਤੇ ਉਸ ਨੂੰ ਉਸੇ ਸਮੇਂ ਉਲਟੀ ਆ ਜਾਵੇ। ਜਿਵੇਂ ਉਹ ਉਲਟੀ ਕਰਦੀਆਂ ਖੀਰ ਦੀ ਮਿਠਾਸ ਅਨੁਭਵ ਕਰਦਾ ਹੈ ਉਸੇ ਪ੍ਰਕਾਰ ਸਮਿਅਕਤਵ ਦ੍ਰਿਸ਼ਟੀ ਜੀਵ ਜਦ ਕਰਮਾ ਕਾਰਣ ਸਮਿਅਕਤਵ ਨੂੰ ਉਲਟਦਾ ਹੈ ਤਾਂ ਉਸ ਉਲਟੀ ਕਰਦੇ ਸਮੇਂ ਉਸ ਨੂੰ ਸਮਿਅਕ ਦਰਸ਼ਨ ਤੇ ਆਤਮ ਸ਼ੁਧੀ ਦਾ ਧਿਆਨ ਰਹਿੰਦਾ ਹੈ। ਸਮਿਅਕ ਦਰਸ਼ਨ ਤੋਂ ਗਿਰਿਆ ਜੀਵ ਦੂਸਰੇ ਸਥਾਨ ਵਿਚ ਇਕ ਸਮੇਂ ਤੋਂ ਲੈ ਕੇ 6 ਆਵਲੀ ਤਕ ਰਹਿੰਦਾ ਹੈ ਤੇ ਫੇਰ ਮਿਥਿਆ ਕਰਮ ਪੈਦਾ ਹੋਣ ਲੱਗ ਜਾਂਦੇ ਹਨ।

(3) **ਸਮਿਅਕ ਮਿਥਿਆ ਦਰਿਸ਼ਟੀ** : ਇਸ ਗੁਣ ਸਥਾਨ ਵਿਚ ਆਤਮਾ ਦੇ ਭਾਵ ਬੜੇ ਵਚਿੱਤਰ ਹੁੰਦੇ ਹਨ। ਇਸ ਗੁਣ ਸਥਾਨ ਵਾਲਾ ਸਮਿਅਕ (ਸੱਚ) ਮਿਥਿਆਤਵ (ਝੂਠ) ਦੋਹਾਂ ਤੇ ਸ਼ਰਧਾ ਰੱਖਦਾ ਹੈ। ਇਸ ਤਰ੍ਹਾਂ ਇਸ ਗੁਣ ਸਥਾਨ ਵਾਲਾ ਨਾਂ ਤਾਂ ਸਚ ਪ੍ਰਤਿ ਰੁਚੀ ਰਖਦਾ ਹੈ ਅਤੇ ਨਾਂ ਹੀ ਨਫ਼ਰਤ। ਜਿਸ ਤਰ੍ਹਾਂ ਦਹੀਂ ਤੇ ਚੀਨੀ ਵਾਲਾ ਦਾ ਸਵਾਦ ਖੱਟਾ-ਮਿੱਠਾ, ਇਕ ਹੋਰ ਹੀ ਤਰ੍ਹਾਂ ਦਾ ਹੁੰਦਾ ਹੈ ਇਸ ਤਰ੍ਹਾਂ ਤੀਸਰੇ ਗੁਣ ਸਥਾਨ ਵਾਲਾ ਨਾਂ ਤੇ ਠੀਕ ਹੁੰਦਾ ਹੈ ਨਾਂ ਹੀ ਗਲਤ। ਇਸ ਹਾਲਤ ਦਾ ਸਮ੍ਹਾਂ ਇਕ ਮਹੂਰਤ (48 ਮਿੰਟ) ਤੋਂ ਘੱਟ ਹੈ। ਪਰ ਜੇ ਜੀਵ ਇਸ ਹਾਲਤ ਵਿਚ ਵੀ ਸੰਭਲ ਜਾਵੇ ਤਾਂ ਉਹ ਚੌਥੇ ਗੁਣ ਸਥਾਨ ਵਿਚ ਪਹੁੰਚ ਜਾਂਦਾ ਹੈ।

(4) **ਅਸੰਯਤ ਸਮਿਅਕ ਦਰਿਸ਼ਟੀ** :—ਇਸ ਅਵਸਥਾ ਵਿਚ ਆਤਮਾ ਨੂੰ ਸਮਿਅਕ ਦਰਸ਼ਨ (ਸੱਚਾ ਵਿਸ਼ਵਾਸ) ਦੀ ਪ੍ਰਾਪਤੀ ਹੁੰਦੀ ਹੈ। ਸਮਿਅਕ ਦਰਸ਼ਨ ਤਿੰਨ ਪ੍ਰਕਾਰ ਦਾ ਹੈ।

(1) ਔਪਸ਼ਮੀਕ (2) ਸ਼ਾਯੀਕ (3) ਖਾਯੋਪਸ਼ਮਿਕ।

ਦਰਸ਼ਨ-ਮੋਹਨੀਆ ਕਰਮ ਦੀਆਂ ਮਿਥਿਆਤਵ, ਸਮਿਅਕ ਮਿਥਿਆਤਵ ਅਤੇ ਸਮਿਅਕਤਵ, ਇਹ ਤਿੰਨ ਪ੍ਰਕ੍ਰਿਤੀਆਂ ਅਤੇ ਚਾਰਿੱਤਰ ਅਤੇ ਮੋਹਨੀਆ ਕਰਮ ਦੀ ਕਰੋਧ, ਮਾਨ, ਮਾਇਆ ਤੇ ਲੋਭ ਚਾਰ ਹਾਲਤਾਂ ਹਨ।

ਇਨ੍ਹਾਂ ਸੱਤਾ ਦੇ ਖਾਤਮੇ ਤੇ ਔਪਸ਼ਮਿਕ ਸਮਿਅਕ ਦਰਸ਼ਨ ਪ੍ਰਾਪਤ ਹੁੰਦਾ ਹੈ। ਜੀਵ

ਨੂੰ ਪਹਿਲਾਂ ਸਮਿਅਕ ਦਰਸ਼ਨ ਪ੍ਰਾਪਤ ਹੁੰਦਾ ਹੈ, ਪਰ ਇਹ ਹਾਲਤ ਇਕ ਮਹੂਰਤ ਤੋਂ ਵੀ ਘੱਟ ਰਹਿੰਦੀ ਹੈ ਜੀਵ ਜਲਦ ਹੀ ਮਿਥਿਆ ਦ੍ਰਿਸ਼ਟੀ ਬਣ ਜਾਂਦਾ ਹੈ। ਪਰ ਇਨ੍ਹਾਂ ਹਾਲਤਾਂ ਤੇ ਕਾਬੂ ਪਾਉਣ ਨਾਲ ਜੀਵ ਸਮਿਅਕ ਦ੍ਰਿਸ਼ਟੀ ਪ੍ਰਾਪਤ ਕਰ ਲੈਂਦਾ ਹੈ। ਸਮਿਅਕ ਦਰਸ਼ਨ ਦੀ ਸਥਿਤੀ ਇਕ ਮਹੂਰਤ ਤੋਂ ਲੈ ਕੇ 66 ਸਾਗਰੋਪਮ ਹੈ। ਮਨੁਸਮ੍ਰਿਤੀ ਅਨੁਸਾਰ ਸਮਿਅਕ ਦਰਸ਼ਨ ਵਾਲਾ ਜੀਵ ਕਰਮਾਂ ਦਾ ਸੰਗ੍ਰਹਿ ਨਹੀਂ ਕਰਦਾ। ਪਰ ਸਮਿਅਕ ਦਰਸ਼ਨ ਰਹਿਤ ਪ੍ਰਾਣੀ ਸੰਸਾਰ ਵਿਚ ਭਟਕਦਾ ਹੈ।

(5) **ਦੇਸ਼ ਵਿਰਤੀ** :—ਇਸ ਤੋਂ ਬਾਅਦ ਆਤਮਾ ਗ੍ਰਹਿਸਥ ਦੇ 12 ਵਰਤਾਂ ਦਾ ਪਾਲਨ ਕਰਨ ਲੱਗ ਜਾਂਦਾ ਹੈ। ਦੇਸ਼ ਵਿਰਤੀ ਤੋਂ ਭਾਵ ਹੈ ਪਾਪ ਤੋਂ ਕੁਝ ਹੱਦ ਤਕ ਬਚਨਾ ਪਰ ਪੂਰੇ ਰੂਪ ਵਿਚ ਨਹੀਂ ਅਤੇ ਇਸ ਸਮੇਂ ਜੀਵ ਸਾਧੂ ਬਨਣ ਦੀ ਕੋਸ਼ਿਸ਼ ਵੀ ਕਰਨ ਲੱਗ ਜਾਂਦਾ ਹੈ। 11ਵੀਂ ਸ਼੍ਰਮਣ ਕਲਪ ਪ੍ਰਤਿਮਾ ਤੱਕ ਤਾਂ ਮਨੁੱਖ ਇਕ ਕਿਸਮ ਦਾ ਸਾਧੂ ਬਣ ਜਾਂਦਾ ਹੈ।

(6) **ਪ੍ਰਮੱਤ ਗੁਣ ਸਥਾਨ** :—ਇਹ ਗੁਣ ਸਥਾਨ ਮੁਨੀਆਂ ਦਾ ਹੈ। ਜੋ ਪੰਜ ਮਹਾਂਵਰਤਾ ਦਾ ਪਾਲਨ ਕਰਦੇ ਹੋਏ ਵੀ, ਪ੍ਰਮਾਦ (ਅਣਗਹਿਲੀ) ਤੋਂ ਸਦਾ ਲਈ ਮੁਕਤ ਨਹੀਂ ਹੁੰਦਾ ਪ੍ਰਮਾਦ ਦੇ 15 ਭੇਦ ਹਨ :—(1) ਚਾਰ ਕਸਾਏ (2) ਚਾਰ ਵਿਕਥਾ (3) 5 ਇੰਦਰੀਆਂ ਦੇ ਵਿਸ਼ੇ (4) ਸਨੇਹ ਅਤੇ (5) ਨੀਂਦਰ।

(7) **ਅਪ੍ਰਮੱਤ ਗੁਣ ਸਥਾਨ** :—ਪ੍ਰਮਾਦ ਦੀ ਜੰਜੀਰ ਤੋਂ ਮੁਕਤਾ ਹੋਣਾ ਹੀ ਸਤਵਾਂ ਗੁਣ ਸਥਾਨ ਹੈ। ਇਸ ਗੁਣ ਸਥਾਨ ਦੇ ਦੋ ਭੇਦ ਹਨ। (1) ਸਵ ਸਥਾਨ (2) ਸਾਤਿਸ਼ੈ।

ਸਤਵੇਂ ਤੋਂ ਛੇਵੇਂ ਤੇ ਛੇਵੇਂ ਤੋਂ ਸਤਵੇਂ ਗੁਣ ਸਥਾਨ ਵਿਚ ਪਹੁੰਚਨਾ ਸਵ-ਸਥਾਨ ਹੈ। ਪਰ ਜੋ ਸਾਧੂ ਮਹੋਨੀਆਂ ਕਰਮ ਨੂੰ ਖਤਮ ਕਰਨਾ ਸ਼ੁਰੂ ਕਰਦਾ ਹੈ ਉਸ ਦੀ ਹਾਲਤ ਨੂੰ ਸਾ-ਅਤਿਸ਼ੈ ਆਖਦੇ ਹਨ।

ਅਗਲੇ ਗੁਣ ਸਥਾਨਾਂ ਦਾ ਸਵਰੂਪ ਜਾਨਣ ਲਈ ਇਹ ਸਮਝਨਾ ਜਰੂਰੀ ਹੈ ਕਿ ਅਠਵੇਂ ਗੁਣ ਸਥਾਨ ਦੀਆਂ ਦੋ ਸ਼੍ਰੇਣੀਆਂ ਹਨ। (1) ਉਪਸ਼ਮ (2) ਸ਼ਪਕ

ਉਪਸ਼ਮ ਸ਼ਰੇਣੀ ਵਿਚ 8-9-10 ਤੋਂ 11 ਗੁਣ ਸਥਾਨ ਆਉਂਦੇ ਹਨ। ਅਤੇ ਸ਼ਪਕ ਸ਼ਰੇਣੀ ਤੇ ਕੇਵਲ ਤਦ ਭਵ ਮੋਕਸ਼ ਗਾਮੀ (ਭਾਵ ਸ਼ਾਯਕ ਸਮਿਅਕ ਦ੍ਰਿਸ਼ਟੀ ਜੀਵ ਜੋ ਇਸੇ ਜਨਮ ਵਿਚ ਮੁਕਤ ਹੋਣਾ ਹੋਵੇ) ਔਪਸ਼ਮੀਕ ਦ੍ਰਿਸ਼ਟੀ ਤੇ ਸ਼ਾਯਕ ਸਮਿਅਕ ਦ੍ਰਿਸ਼ਟੀ, ਇਹ ਜੀਵ ਸਭ ਇਸੇ ਸ਼੍ਰੇਣੀ ਵਿਚ ਹਨ।

ਪਰ ਉਪਸ਼ਮ ਸ਼ਰੇਣੀ ਤੇ ਚੜ੍ਹਨ ਵਾਲਾ ਸਾਧੂ ਗਿਆਰਵੇਂ ਗੁਣ ਸਥਾਨ ਤੇ ਪਹੁੰਚ ਕੇ ਅਤੇ ਮੋਹਨੀਆਂ ਕਰਮ ਨੂੰ ਸ਼ਾਤ ਕਰਕੇ ਵੀਤਰਾਗਤਾ ਅਨੁਭਵ ਕਰਨ ਤੋਂ ਬਾਅਦ ਵੀ ਨਿਯਮਾਂ ਤੋਂ ਗਿਰ ਸਕਦਾ ਹੈ। ਜੇ ਉਹ ਹਾਲਤ ਵਿਚ ਸੰਭਲਨਾ ਚਾਹੇ ਤਾਂ ਛੇਵੇਂ ਸਤਵੇਂ ਗੁਣ ਸਥਾਨ

# ਲੋਕਵਾਦ

ਜੋ ਆਤਮਾ ਦੀ ਹੋਂਦ ਵਿਚ ਵਿਸ਼ਵਾਸ਼ ਰਖਦਾ ਹੈ ਉਹ ਸਵਰਗ, ਨਰਕ, ਪਸ਼ੂ ਅਤੇ ਮਨੁੱਖ ਦੀ ਜੋਨੀ ਵਿਚ ਵੀ ਵਿਸ਼ਵਾਸ਼ ਰਖਦਾ ਹੈ। ਇਨ੍ਹਾਂ ਗੱਲਾਂ ਤੋਂ ਛੁਟ ਲੋਕ ਦੀ ਸਥਿਤੀ ਅਤੇ ਇਸ ਵਿਚ ਘੁੰਮਨ, ਫਿਰਨ ਵਾਲੇ ਜੀਵਾਂ ਬਾਰੇ ਵੀ ਜਾਣਕਾਰੀ ਹਾਸਲ ਕਰਨੀ ਚਾਹੁੰਦਾ ਹੈ।

ਸੰਸਾਰ, ਜਗਤ ਲਈ ਜੈਨ ਧਰਮ ਵਿਚ ਲੋਕ ਸ਼ਬਦ ਆਇਆ ਹੈ। ਲੋਕ ਤੋਂ ਭਾਵ ਹੈ ਜੋ ਵੇਖਿਆ ਜਾਵੇ। ਜਿਥੇ 6 ਦਰਵ ਹਨ ਉਹ ਲੋਕ ਹੈ। ਜਿਥੇ ਇਕੱਲਾ ਅਕਾਸ਼ ਦਰਵ ਹੈ ਹੋਰ ਕੋਈ ਦਰੱਵ ਨਹੀਂ ਉਹ ਅਲੋਕ ਹੈ। ਜਿਥੋਂ ਤਕ ਇਹ 6 ਤੱਤਵ ਹਨ ਉਥੋਂ ਤਕ ਲੋਕ ਹੈ। ਜੀਵ ਅਤੇ ਪੁਦਗਲ ਲੋਕ ਵਿਚ ਹਨ ਅਲੋਕ ਵਿਚ ਨਹੀਂ। ਜੈਨ ਦ੍ਰਿਸ਼ਟੀ ਪਖੋਂ ਲੋਕ ਸੀਮਾ ਵਾਲਾ ਹੈ ਪਰ ਆਲੋਕ ਅਸੀਮ ਹੈ।

## ਲੋਕ ਦਾ ਆਕਾਰ

ਜੈਨ ਦਰਸ਼ਨ ਅਨੁਸਾਰ ਲੋਕ ਦੇ ਤਿੰਨ ਭਾਗ ਹਨ।

1) ਉਰਧਵ ਲੋਕ 2) ਮੱਧ ਲੋਕ 3) ਅਧੋ ਲੋਕ

ਤਿੰਨ ਲੋਕਾਂ ਦੀ ਲੰਬਾਈ 14 ਰੱਜੂ ਹੈ। ਚਾਰੇ ਗਤੀਆਂ ਦੇ ਪ੍ਰਾਣੀ ਇਸ ਘੇਰੇ ਵਿਚ ਘੁੰਮ ਰਹੇ ਹਨ। ਉਰਧਵ ਲੋਕ ਦੀ ਲੰਬਾਈ 7 ਰੱਜੂ ਤੋਂ ਕੁਝ ਘਟ ਹੈ। ਮੱਧ ਲੋਕ 1800 ਪਰਿਮਾਨ ਯੋਜਨ ਦਾ ਹੈ ਅਤੇ ਅਧੋ ਲੋਕ 7 ਰੱਜੂ ਤੋਂ ਕੁਝ ਜਿਆਦਾ ਹੈ।

ਜਿਥੇ ਅਸੀਂ ਰਹਿੰਦੇ ਹਾਂ ਉਹ ਮਨੁੱਖ ਲੋਕ ਰਤਨ ਪ੍ਰਭਾ ਪ੍ਰਿਥਵੀ ਦੇ ਛੱਤ ਤੇ ਹੈ। ਇਸ ਦੇ ਵਿਚਕਾਰ ਮੇਰੂ ਪਰਬਤ ਹੈ। ਮੇਰੂ ਪਰਬਤ ਦੇ ਹੇਠ ਗਾਂ ਦੇ ਥਨ ਦੀ ਤਰਾਂ 8 ਰੁਚਕ ਪ੍ਰਦੇਸ਼ ਹਨ। ਇਨਾਂ ਰੁਚਕ ਪ੍ਰਦੇਸ਼ਾ ਦੇ 900 ਯੋਜਨ ਹੇਠ ਤੇ 900 ਯੋਜਨ ਉਪਰ ਕੁਲ 1800 ਯੋਜਨ ਉਚਾਈ ਵਾਲਾ ਤਿਰਛਾ ਮਨੁਖ ਲੋਕ ਹੈ।

### ਸੁਮੇਰ ਪਰਵਤ

ਸਾਰੇ ਪ੍ਰਿਥਵੀ ਮੰਡਲ ਦੇ ਵਿਰਕਾਰ ਸੁਦਰਸ਼ਨ ਮੇਰੂ ਪਰਵਤ ਹੈ। ਜੋ ਖੰਬੇ ਦੀ ਤਰਾਂ ਹੈ। ਹੇਠਾ ਤੋਂ ਚੋੜਾ ਹੈ ਉਪਰ ਤੋਂ ਘਟ ਚੋੜਾ ਹੈ। ਇਸ ਪਰਬਤ ਦੀ ਉਚਾਈ 100000 ਯੋਜਨ ਹੈ। ਇਸ ਇਕ ਲੱਖ ਯੋਜਨ ਵਿਚੋਂ 1000 ਯੋਜਨ ਜਮੀਨ ਹੇਠਾਂ ਹੈ 99000 ਯੋਜਨ ਉਪਰ ਹੈ। ਪ੍ਰਿਥਵੀ ਦੇ ਮੂਲ ਰੂਪ ਵਿਚ $10090\frac{1}{2}$ ਯੋਜ਼ਨ ਚੋੜਾ ਹੈ। ਜਮੀਨ ਤੋਂ

10000 ਯੋਜਨ ਚੋੜਾ ਹੁੰਦਾ ਹੁੰਦਾ ਸਿਖਰ ਤੇ 1000 ਯੋਜਨ ਰਹਿ ਗਿਆ ਹੈ।

## ਉਰਧਵ ਲੋਕ

ਮੱਧ ਲੋਕ ਤੋਂ 900 ਯੋਜਨ ਉਪਰਲਾ ਹਿਸਾ ਉਰਧਵ ਲੋਕ ਹੈ। ਇਥੇ ਦੇਵਤਿਆਂ ਦਾ ਨਿਵਾਸ ਹੈ। ਇਸੇ ਨੂੰ ਆਮ ਭਾਸ਼ਾ ਵਿਚ ਸਵਰਗ ਲੋਕ ਜਾਂ ਦੇਵ ਲੋਕ ਆਖਦੇ ਹਨ। ਇਸ ਲੋਕ (ਸਰਵਾਰਥ ਵਿਮਾਨ)ਤੋਂ 12 ਯੋਜਨ ਉਪਰ ਸਿਧ ਸ਼ਿਲਾ ਹੈ ਜੋ 45 ਲੱਖ ਯੋਜਨ ਲੰਬੀ ਅਤੇ 45 ਲੱਖ ਯੋਜਨ ਚੋੜੀ ਗੋਲਾ ਅਕਾਰ ਹੈ। ਵਿਚਕਾਰਲੇ ਹਿਸੇ ਤੋਂ ਇਸ ਦੀ ਮੋਟਾਈ 8 ਯੋਜਨ ਹੈ ਜੋ ਕਿਨਾਰਿਆ ਤੋਂ ਪਤਲੀ ਹੁੰਦੀ ਹੁੰਦੀ ਮੱਖੀ ਦੇ ਪੈਰਾਂ ਜਿਨ੍ਹੀ ਪਤਲੀ ਹੋ ਗਈ ਹੈ। ਇਸ ਸਿਧ ਸ਼ਿਲਾ ਦਾ ਅਕਾਰ ਉਲਟੇ ਛੱਤਰ ਦੀ ਤਰ੍ਹਾਂ ਹੈ। ਇਸ ਤੋਂ ਇਕ ਯੋਜਨ ਉਪਰ ਵਾਲੇ ਖੇਤਰ ਨੂੰ ਲੋਕ ਅੰਤ ਆਖਦੇ ਹਨ। ਭਾਵ ਇਸ ਤੋਂ ਅਗੇ ਕੋਈ ਕੁਝ ਵੀ ਨਹੀਂ ਨਹੀਂ, ਇਹੋ ਲੋਕ ਦਾ ਸਿਰਾ ਹੈ। ਇਸ ਯੋਜਨ ਉਪਰ ਕੋਹ ਦੇ 1/6 ਹਿਸੇ ਵਿਚ ਸਿੱਧ ਆਤਮਾ ਵਿਰਾਜਮਾਨ ਹਨ।

ਉਰਧਵ ਲੋਕ ਵਿਚ ਵੇਮਾਨਿਕ ਦੇਵਤੇ ਨਿਵਾਸ ਕਰਦੇ ਹਨ। ਦੇਵਤੇਆਂ ਦੇ ਅਨੇਕਾਂ ਭੇਦ ਹਨ।

1] ਕਲਪੋਉਤਪਨ 2] ਕਲਪਾਤੀਤ। ਇਹ ਭੇਦ ਵੈਮਾਨੀਕ ਦੇਵਤਾਵਾਂ ਦੇ ਹਨ। ਜਿਨਾ ਦੇਵ ਲੋਕ ਵਿਚ ਇੰਦਰੀ ਆਦਿ ਪਦਵੀਆਂ ਹਨ। ਉਨ੍ਹਾਂ ਨੂੰ ਕਲਪ ਆਖਦੇ ਹਨ। ਇਨਾਂ ਦੇਵ ਲੋਕਾਂ ਦੀ ਗਿਣਤੀ 12 ਹੈ। ਕਲਪ ਵਿਚ ਪੈਦਾ ਹੋਣ ਕਾਰਣ ਇਨ੍ਹਾਂ ਨੂੰ ਕਲਪ ਉਪਨ ਆਖਦੇ ਹਨ। 12 ਕਲਪਾ ਤੋਂ ਉਪਰ 9 ਗਰੇਵਕ ਅਤੇ 5 ਅਨੁਤਰ ਵਿਮਾਨ ਦੇ ਦੇਵਤੇ ਕਲਪਾਤੀਤ ਅਖਵਾਉਂਦੇ ਹਨ। ਕਲਪਾਤੀਤ ਦੇਵਤਿਆਂ ਵਿਚ ਕੋਈ ਸਵਾਮੀ ਸੇਵਕ ਦਾ ਭੇਦ ਨਹੀਂ। ਸਾਰੇ ਇੰਦਰ ਦੀ ਤਰਾਂ ਹੋਣ ਕਾਰਨ ਅਹਿਮਿੰਦਰ ਅਖਵਾਉਂਦੇ ਹਨ। ਧਰਤੀ ਤੇ ਕਿਸੇ ਵੀ ਕੰਮ ਲਈ ਕਲਪ ਉਪਨ ਦੇਵਤੇ ਹੀ ਆਉਂਦੇ ਹਨ, ਕਲਪਾਤੀਤ ਨਹੀਂ। ਉਰਧਵ ਲੋਕ ਵਿਚ ਵੈਮਾਨਿਕ ਦੇਵ ਹਨ ਤਿਰਛੇ ਲੋਕ ਦੇ ਸ਼ੁਰੂ ਜੋਤਸ਼ੀ ਦੇਵਤਾ ਹਨ। ਮਨੁਖ ਤੇ ਵਾਅਬਿਅੰਤਕ ਦੇਵਤਾ ਰਹਿੰਦੇ ਹਨ। ਅਧੋ ਲੋਕ ਵਿਚ ਭਵਨ ਪਤੀ ਅਤੇ ਥੋੜੇ ਜੇਹੇ ਵਾਣਸਿਅੰਤਰ ਵੀ ਰਹਿੰਦੇ ਹਨ।

### ਭਵਨਪਤਿ ਦੇਵਤਾ

ਭਵਨਪਤੀ ਦੇਵਤਾ ਹੇਠ ਲਿਖੀਆਂ ਕਿਸਮਾਂ ਦੇ ਹਨ।

1) ਅਸੁਰ ਕੁਮਾਰ 2) ਨਾਗ ਕੁਮਾਰ 3) ਵਿਦੁਤ ਕੁਮਾਰ 4) ਸੁਪਰਨ ਕੁਮਾਰ 5) ਅਗਨੀ ਕੁਮਾਰ 6) ਵਾਯੂ ਕੁਮਾਰ 7) ਸਤਨ ਕੁਮਾਰ 8) ਉੱਦਧੀ ਕੁਮਾਰ 9) ਦੀਪ ਕੁਮਾਰ 10) ਦਿਕ ਕੁਮਾਰ।

10 ਪ੍ਰਕਾਰ ਦੇ ਤਿਯੰਗ ਜੀਵਕ ਦੇਵ।

1) ਅਨ 2) ਪਾਨ 3) ਸ਼ਯਨ 4) ਵਸਤਰ 5) ਪੁਸ਼ਪ 6) ਫੁੱਲ

7) ਪੁਸ਼ਪ 8) ਪੁਸ਼ਪ ਫਲ 9) ਆਵੰਤੀ । ਭੋਜਨ, ਪੀਣ ਯੋਗ, ਘਰ, ਰਖਿਆ, ਕਪੜੇ, ਫੂਲ, ਫਲ, ਅਤੇ ਫੂਲ ਦੋਹਾ, ਬੀਜ, ਧਨ ਆਦਿ ਨੂੰ ਘਟਾਨਾ ਵਧਾਉਣਾ ਇਨਾ ਦੇਵਤਿਆਂ ਦਾ ਕੰਮ ਹੈ :

## 12 ਦੇਵ ਲੋਕ

1) ਸੁਧਰਮ 2) ਈਸ਼ਾਨ 3) ਸਨਤ ਕੁਮਾਰ 4) ਮਹੇਂਦਰ 5) ਬ੍ਰਹਮ 6) ਲਾਂਤਕ 7) ਮਹਾਸੁਕਰ 8) ਸਹਸ਼ਤਰਨਾਰ 9) ਆਨਤ 10) ਪ੍ਰਾਣਤ 11) ਅਰੁਣ 12) ਅਚੁਯਤ

## 9 ਗਰੇਵਯਕ :

1) ਭਦਰ 2) ਸੁਭਦਰ 3) ਸੁਜਾਤ 4) ਸਮਨਸ਼ 5) ਪ੍ਰਿਆ ਦਰਸ਼ਨ 7) ਅਮੋਹ 8) ਸਪ੍ਰਤਿਬੁਧ 9) ਯਸ਼ੋਧਰ ।

## 5 ਅਨੁਤਰ ਵਿਮਾਨ :

1) ਵਿਜੈ 2) ਵਿਜੈਅੰਤ 3) ਜੈਅੰਤ 4) ਅਪਰਾਜਿਤ 5) ਸਰਵਾਰਥ ਸਿੱਧ

## 9 ਲੋਕਾਂਤਿਕ ਦੇਵ :

1) ਸਾਰਸਵਤ 2) ਆਦਿਤ 3) ਵਨਹੀ 4) ਵਰੁਣ 5) ਗਰਦ ਤੋਯ 6) ਤਸ਼ਿਤ 7) ਅਵਿਆਬਾਧ 8) ਮਰੁਤ 9) ਅਰਿਸ਼ਟ

## 3 ਕਿਲਾਵਿਸ਼ੀ ਦੇਵਤਾ :

3 ਪ੍ਰਕਾਰ ਦੇ ਕਿਲਵਿਸ਼ਕ ਦੇਵਤੇ ਜੋ ਇਸ ਦੇਵਾ ਤੋਂ ਉਪਰ ਅਤੇ ਪਹਿਲੇ ਤੇ ਦੂਸਰੇ ਦੇਵ ਲੋਕ ਦੇ ਹੇਠਾ ਰਹਿੰਦੇ ਹਨ ।

ਦੂਸਰੀ ਤਰਾਂ ਦੇ ਦੂਸਰੇ ਦੇਵ ਲੋਕ ਤੋਂ ਉਪਰ ਅਤੇ ਤੀਸਰੇ ਦੇਵ ਲੋਕ ਦੇ ਹੇਠਾ ਰਹਿੰਦੇ ਹਨ ।

ਤੀਸਰੀ ਤਰਾਂ ਦੇ ਪੰਜਵੇ ਦੇਵ ਲੋਕ ਤੋਂ ਉਪਰ ਛੇਵੇਂ ਦੇਵ ਲੋਕ ਤੋਂ ਹੇਠਾ ਰਹਿੰਦੇ ਹਨ । ਇਹ ਦੇਵ ਦੂਸਰੇ ਮਤਾ ਦੀ ਮਿਥਿਆਤਵੀ ਧਾਰਣਾ ਦੇ ਧਾਰਕ ਹੋਣ ਕਾਰਣ ਬਣਦੇ ਹਨ ।

## 15 ਪ੍ਰਕਾਰ ਦੇ ਪਰਮਾਧਾਰਮਿਕ (ਯਮਦੂਤ)

1) ਅੰਬ 2) ਅੰਬ ਰਸ 3) ਸ਼ਿਆਮ 4) ਸੰਬਲ 5) ਰੁਦਰ 6) ਮਗਰੁਦਰ 7) ਕਾਲ 8) ਮਹਾਕਾਲ 9) ਅਸੀ ਪੱਤਰ 10) ਧਨ ਪੱਤਰ 11) ਕੁੰਭੀ 12) ਬਾਲੂ 13) ਵੈਤਰਨੀ 14) ਖਰਸਵਰ 15) ਮਹਾ ਘੋਸ਼ । ਇਹ ਦੇਵ ਨਾਰਕੀਆ ਨੂੰ ਸਜਾ ਦਿੰਦੇ ਹਨ । ਇਹ ਸਭ 99 ਪ੍ਰਕਾਰ ਦੇ ਦੇਵ ਹਨ । ਜਿਨਾਂ ਦੇ ਪਰਿਆਪਤ ਅਤੇ ਅਪਰਿਆਪਤ 198 ਭੇਦ ਹੋ ਜਾਂਦੇ ਹਨ ।

## 10 ਪ੍ਰਕਾਰ ਦੇ ਜੋਤਿਸ਼ ਦੇਵ

1) ਚੰਦਰਮਾ 2) ਸੂਰਜ 3) ਗ੍ਰਹਿ 4) ਨਛੱਤਰ 5) ਤਾਰਾ। ਇਹ ਇਨਾਂ ਨਾਮ ਨਾਲ ਸਥਿਰ ਹਨ 2½ ਦੇ ਚਲਦੇ ਹਨ 2½ ਦੇ ਬਾਹਰ ਨਿਕਲਦੇ ਹਨ।

2) ਵੈਮਾਨਿਕ ਦੇਵਤੇ ਦੋ ਪ੍ਰਕਾਰ ਦੇ ਹਨ 1) ਕਲਾਉਪਨ 2) ਕਲਪਾਤੀਤ

## ਵਿਅੱਤਰ ਦੇਵ ਦੇ ਨਾਉ

| | |
|---|---|
| 1. ਪਿਸ਼ਾਚ | 9. ਆਣਪਣਿ |
| 2. ਭੂਤ | 10. ਪਾਣਪਣਿ |
| 3. ਯਕਸ਼ | 11. ਈਸ਼ਵਾਣੀ |
| 4. ਰਾਖਸ਼ | 12. ਭੁਈਵਾਣੀ |
| 5. ਕਿਨਰ | 13. ਕੰਦੀ |
| 6. ਕਿਮ ਪੁਰਸ਼ | 14. ਮਹਾਕੰਦੀ |
| 7. ਮਹੋਰਗ | 15. ਕੁਰੰਡ |
| 8. ਗੰਧਰਵ | 16. ਪਯੰਗ ਦੇਵ |

## ਦੇਵਤੇ ਦੇ ਰਾਜਾ ਇੰਦਰ ਦਾ ਪਰਿਵਾਰ

ਕਲਪੋ ਉਪਨ ਦੇਵਤਿਆਂ ਦੇ ਇੰਦਰ ਵਿਚ ਸਾਮਨਿਕ, ਤਰਾਏ ਇਸਤ੍ਰਾਸ਼. ਪਰਿਸ਼ਧ ਆਤਮ ਰਖਿਅਕ, ਲੋਕਪਾਲ, ਸੈਨਿਕ, ਪ੍ਰਕਿਣਕ, ਅਭਿਯੋਗੀਕ, ਕਿਲਿਵਿਸ਼ਕ ਆਦਿ 9 ਪ੍ਰਕਾਰ ਦੇ ਦੇਵਤੇ ਹੁੰਦੇ ਹਨ।

1) ਸਾਮਨਿਕ ਦੇਵ. ਮੁੱਖੀ, ਪਿਤਾ, ਗੁਰੂ ਅਤੇ ਵਡਿਆਂ ਦੀ ਤਰਾਂ ਸਤਿਕਾਰ ਦੇ ਪਾਤਰ ਸਮਝੇ ਜਾਂਦੇ ਹਨ। ਪਰ ਇਹ ਇੰਦਰ ਪਦਵੀ ਤੋਂ ਰਹਿਤ ਹੁੰਦੇ ਹਨ।
2) ਤਰਾਏ ਇਸਤਰੀਸ਼ ਦਾ ਦਰਜਾ ਮੰਤਰੀ ਤੇ ਪੁਰੋਹਤ ਦਾ ਹੁੰਦਾ ਹੈ।
3) ਪਾਰਿਸ਼ਧ ਦੇਵ ਮਿੱਤਰ ਦੀ ਤਰਾਂ ਹੁੰਦੇ ਹਨ।
4) ਆਤਮ ਰਖਿਅਕ ਅੰਗ ਰਖਿਅਕ ਦਾ ਕੰਮ ਕਰਦੇ ਹਨ।
5) ਲੋਕਪਾਲ, ਕੋਤਵਾਲ ਜਾਂ ਰਾਜਦੂਤ ਦਾ ਕੰਮ ਕਰਦੇ ਹਨ।
6) ਸੈਨਿਕ, ਸੈਨਿਕਾਂ ਦਾ ਕੰਮ ਕਰਦੇ ਹਨ।
7) ਪ੍ਰਕਿਣਕ ਦੇਵ ਨਗਰ, ਦੇਸ਼ ਵਾਸ਼ੀਆਂ ਦੀ ਤਰਾਂ ਹਨ।
8) ਅਭਿਯੋਗਿਕ ਦੇਵ ਦਾਸ ਸੇਵਕ ਦੀ ਤਰਾਂ ਹਨ।
9) ਕਿਲਿਵਿਸ਼ਕ ਦੇਵ ਰਿਸ਼ਤੇਦਾਰ ਦੀ ਤਰਾਂ ਹਨ।

## ਦੇਵਤਿਆਂ ਦੇ ਸੁੱਖ

ਸੋਧਰਮ ਦੇਵ ਲੋਕ ਤੇ ਸਰਵਾਰਥਸਿੱਧ ਤਕ ਸਾਰੇ ਦੇਵਤਿਆਂ ਦੀ ਉਮਰ, ਸਥਿਤੀ ਪ੍ਰੀਵਾਰ, ਸੁਖ, ਸੁਧੀ, ਇੰਦਰੀਆਂ ਦੇ ਵਿਸ਼ੇ ਅਵਧੀ ਗਿਆਨ ਅਗੇ ਤੋਂ ਅਗੇ ਵੱਧਦਾ ਹੈ। ਜਿਨਾਂ ਦੇਵਤਿਆ ਦੀ ਆਯੂ ਜਿਨੇ ਸਾਗਰੋ ਪੋਪਮ ਦੀ ਹੁੰਦੀ ਹੈ ਉਸ ਤੋਂ 15 ਦਿਨਾਂ ਬਾਅਦ ਉਹ ਸਵਾਸ ਲੈਂਦੇ ਹਨ। ਉਨੇ ਹੀ ਹਜਾਰ ਸਾਲਾ ਬਾਅਦ ਉਹ ਦੇਵਤੇ ਭੋਜਨ ਕਰਦੇ ਹਨ। ਦੇਵਤੇ ਦੀ ਉਤਪਤੀ ਉਤਪਾਦ ਸ਼ੈਯਾ ਤੋਂ ਹੁੰਦੀ ਹੈ। ਇਹ ਸ਼ੈਯਾ ਦੇਵ ਦੂਸ਼ਯ

ਵਸਤਰ ਨਾਲ ਢਕੀ ਰਹਿੰਦੀ ਹੈ । ਜਦੋਂ ਕੋਈ ਆਤਮਾ ਦੇਵ ਲੋਕ ਵਿਚ ਉਤਪੰਨ ਹੁੰਦਾ ਹੈ ਤਾਂ ਇਹ ਅੰਗਾਰੇ ਵਿਚਕਾਰ ਰਖੀ ਰੋਟੀ ਦੀ ਤਰਾਂ ਫੁਲ ਜਾਂਦੀ ਹੈ। ਫੇਰ ਦੇਵ ਜਦ ਘੜੀਆਲ ਬਜਾਂਦੇ ਹਨ । ਫੇਰ ਉਸ ਅਧੀਨ ਦੇਵ, ਦੇਵੀਆਂ ਉਸ ਸ਼ੈਯਾ ਕੋਲ ਇਕਠੇ ਹੋ ਕੇ ਪੁਛਦੇ ਹਨ ਕਿ ਤੁਮੀਂ ਕੀ ਦਾਨ ਕੀਤਾ ਸੀ ਜੋ ਤੁਸੀਂ ਕਰਨੀ ਕੀਤੀ ਸੀ ਅਤੇ ਕਿ ਭੋਜਨ ਕੀਤਾ ਸੀ ? ਭੋਜਨ ਸੂਧ ਸਵਾਮੀ ਬਣੇ। ਅਵਧੀ ਗਿਆਨ ਹੋਣ ਕਾਰਣ ਸਾਰੇ ਪ੍ਰਸ਼ਨਾ ਦਾ ਉਤਰ ਦਿੰਦੇ ਹਨ । ਦੇਵਤੇ ਹਮੇਸ਼ਾ ਇਕ ਉਮਰ ਦੇ ਜਵਾਨ ਰਹਿੰਦੇ ਹਨ ।

## ਜਨਮ ਦੇ ਪ੍ਰਕਾਰ

ਜੈਨ ਆਗਮ ਅਨੁਸਾਰ ਤਿੰਨ ਪ੍ਰਕਾਰ ਨਾਲ ਜੀਵ ਪੈਦਾ ਹੁੰਦੇ ਹਨ ਜਿਨਾਂ ਦੀ ਉਤਪਤੀ ਦਾ ਸਥਾਨ ਨੀਅਤ ਨਹੀਂ ਨਾ ਹੀ ਗਰਭ ਧਾਰਨ ਕਰਦੇ ਹਨ ਉਹ ਜੀਵ ਸਮੁਤਛਿਮ ਅਖ-ਵਾਉਂਦੇ ਹਨ । ਇਨਾਂ ਦੀ ਉਤਪਤੀ ਦੇ 14 ਸਥਾਨ ਹਨ । ਅੰਡਜ਼, ਪੋਤਜ਼, ਜਰਾਜੂ ਪੰਜ ਇੰਦਰੀਆਂ ਪ੍ਰਾਣੀ 'ਗਰਭ' ਤੋਂ ਪੈਦਾ ਹੁੰਦੇ ਹਨ । ਦੇਵਤੇ ਤੇ ਨਾਰਕੀ ਉਪਾਪਾਤ ਤੋਂ ਪੈਦਾ ਹੁੰਦੇ ਹਨ । ਨਾਰਕੀ ਕੁੰਭੀ ਰਾਹੀਂ ਪੈਦਾ ਹੁੰਦੇ ਹਨ । ਦੇਵਤੇ ਦੇਵ ਸ਼ੈਯਾ ਤੋਂ ਪੈਦਾ ਹੂੰਦੇ ਹਨ ਮਨੁਖ ਵਿਚ ਚਾਰ ਪ੍ਰਕਾਰ ਦੇ ਗਰਭ ਦੇ ਜੀਵ ਹਨ ਔਜ ਬਲਵਾਨ, ਵੀਰਜ ਕਮਜੋਰ ਹੋਵੇ ਤਾਂ ਲੜਕੀ ਪੈਦਾ ਹੁੰਦੀ ਹੈ ਵੀਰਜ ਜਿਆਦਾ ਔਜ ਘੱਟ ਹੋਵੇ ਤਾਂ ਪੁਰਸ਼ ਪੈਦਾ ਹੁੰਦਾ ਹੈ । ਦੋਹੇ ਬਰਾਬਰ ਹੋਣ ਤਾਂ ਨਪੁੰਸਕ ਪੈਦਾ ਹੁੰਦਾ ਹੈ । ਵਾਯੂ ਦੋਸ਼ ਕਾਰਨ ਔਜ ਦਾ ਗਰਭਾਸਯ ਵਿਚ ਠਹਿਰਨਾ ਬਿੰਬ ਹੈ ।

ਦੇਵੀਆਂ ਦੀ ਉਤਪਤੀ ਦੂਸਰੇ ਈਸ਼ਾਨ ਲੋਕ ਤਕ ਹੀ ਹੁੰਦੀ ਹੈ। ਪਰ ਆਪਣੀ ਸ਼ਕਤੀ ਤੇ ਇੱਛਾ ਅਨੁਸਾਰ 8 ਵੇਂ ਦੇਵ ਲੋਕ ਵਿਚ ਦੇਵਤੇ ਲੈ ਜਾ ਸਕਦੇ ਹਨ ।

ਇਹ ਦੇਵਤੇ ਭਾਵਨਾ ਵਿਚ ਨਿਵਾਸ ਕਰਦੇ ਹਨ ।

ਦੂਸਰੇ ਧਰਮ ਉਪਸਾਕ ਚੰਗੇ ਕਰਮ ਕਾਰਣ ਪੰਜਵੇਂ ਦੇਵ ਲੋਕਾਂ ਵਿਚ ਹੀ ਜਨਮ ਲੈ ਸਕਦੇ ਹਨ ਪੰਜ ਇੰਦਰੀਆਂ ਵਾਲੇ ਪਸ਼ੂ ਅਠਵੇਂ ਸਹਸਤਾਰ ਕਲਪ ਤਕ ਜਨਮ ਲੈ ਸਕਦੇ ਹਨ । ਸ਼੍ਰਾਵਕ ਅਚੂਯਤ ਦੇਵ ਲੋਕ ਤਕ ਜਨਮ ਲੈ ਸਕਦੇ ਹਨ । ਜੈਨ ਭੇਖ ਵਿਚ ਦੇਵ ਗੁਰੂ ਅਤੇ ਧਰਮ ਅਨੁਸਾਰ ਜੀਵਨ ਬਿਤਾਉਣ ਵਾਲੇ ਸਾਧੂ ਨੌਵੇਂ ਗੇਰਯਕ ਤਕ ਜਨਮ ਲੈ ਸਕਦੇ ਹਨ । 14 ਪੂਰਵਾਂ ਦੇ ਜਾਣਕਾਰ ਗਿਆਨੀ ਬ੍ਰਹਮ ਲੋਕ ਤੇ ਸਰਵਾਰਥ ਸਿਧ ਤਕ ਜਨਮ ਲੈ ਸਕਦੇ ਹਨ । ਧਰਮ ਪਾਲਨ ਕਰਨ ਵਾਲੇ ਸਾਧੂ, ਅਤੇ ਉਚੇ ਦਰਜੇ ਦੇ ਜੈਨ ਉਪਾਸਕ ਸੋਧਰਮ ਦੇਵ ਲੋਕ ਵਿਚ ਜਨਮ ਲੈਂਦੇ ਹਨ ।

## ਦੇਵਤੇ ਦੇ ਸੁੱਖ

ਪਹਿਲੇ ਤੇ ਦੂਸਰੇ ਦੇਵ ਲੋਕ ਦੇ ਦੇਵਤਾ ਮਨੁੱਖਾਂ ਦੀ ਤਰਾਂ ਕਾਮ ਭੋਗ ਕਰਦੇ ਹਨ । ਤੀਸਰੇ ਤੇ ਚੌਥੇ ਕਲਪਵਾਸੀ ਕੇਵਲ ਸਪਰਸ਼ ਨਾਲ ਕਾਮ ਸੁੱਖ ਭੋਗਦੇ ਹਨ ।

ਪੰਜਵੇਂ ਤੇ ਛੇਵੇਂ ਦੇ ਦੇਵਤਾ ਦੇਵੀਆਂ ਦੇ ਵਿਸ਼ੇ ਸ਼ਬਦ ਸੁਣ ਕੇ ਹੀ ਕਾਮ ਤ੍ਰਿਸ਼ਨਾ ਪੂਰੀ ਕਰ ਲੈਂਦੇ ਹਨ ।

ਸਤਵੇਂ ਤੇ ਅਠਵੇਂ ਦੇ ਦੇਵ, ਦੇਵੀਆਂ ਦੇ ਭਿੰਨ੨ਅੰਗ ਵੇਖ ਕੇ ਕਾਮ ਭੋਗ ਪੂਰਨ ਕਰਦੇ ਹਨ

ਨੌਵੇਂ ਤੋਂ ਬਾਹਰਵੇਂ ਦੇਵ ਲੋਕ ਤਕ ਦੇਵ ਪਹਿਲੇ ਅਤੇ ਦੂਸਰੇ ਦੇਵ ਲੋਕ ਦੀਆਂ ਦੇਵੀਆਂ ਦਾ ਮਨ ਰਾਹੀਂ ਚਿੰਤਨ ਕਰਕੇ ਹੀ ਕਾਮ ਭੋਗ ਭੋਗ ਲੈਂਦੇ ਹਨ। ਬਾਹਰਵੇਂ ਦੇਵ ਲੋਕ ਤੋਂ ਉਪਰ ਦੇ ਦੇਵਤੇ ਭੋਗੀ ਨਹੀਂ ਹਨ।

ਦੇਵ ਲੋਕ ਵਿਚ ਮਿਥਿਆ ਦ੍ਰਿਸ਼ਟੀ, ਅਗਿਆਨੀ, ਕਿਲਵਸ਼ਕੀ ਦੇਵ ਵੀ ਹੁੰਦੇ ਹਨ। ਸੋ ਸਾਰਾ ਦੇਵ ਲੋਕ ਭੋਗ ਭੂਮੀ ਹੈ ਭਾਵੇਂ ਦੇਵਤੇ ਭੌਤਿਕ ਸੁੱਖਾਂ ਤੋਂ ਮਨੁੱਖ ਤੋਂ ਅਗੇ ਹਨ। ਪਰ ਅਧਿਆਤਮਕ ਪਖੋਂ ਇਹ ਮਨੁਖ ਤੋਂ ਹੇਠਾਂ ਹੀ ਹਨ। ਕਿਉਂਕਿ ਦੇਵਤੇ ਧਰਮ ਕਰਮ ਨਹੀਂ ਕਰ ਸਕਦੇ।

## ਮੱਧ ਲੋਕ

ਮੱਧ ਲੋਕ ਦੀ ਉਚਾਈ 1800 ਯੋਜਨ ਦੀ ਹੈ ਸਭ ਤੋਂ ਵਿਚਕਾਰ ਮੇਰੂ ਪਰਵਤ ਹੈ ਉਸ ਦੇ ਆਸ ਪਾਸ ਇਕ ਲੱਖ ਯੋਜਨ ਦਾ ਜੰਬੂ ਦੀਪ ਹੈ ਦੋ ਲੱਖ ਯੋਜਨ ਲਵਨ ਸਮੁੰਦਰ ਹੈ ਉਸ ਤੋਂ ਬਾਅਦ 8 ਲੱਖ ਯੋਜਨ ਦਾ ਕਾਲੋਧਦੀ ਸਮੁੰਦਰ ਹੈ ਉਸ ਤੋਂ ਬਾਅਦ 16 ਲੱਖ ਯੋਜਨ ਦਾ ਪੁਸ਼ਕਰ ਦੀਪ ਹੈ ਜਿਸ ਦੇ ਵਿਚਕਾਰ ਇਕ ਮਾਨਸੋਤਰ ਪਰਵਤ ਹੈ। ਇਨੇ ਢਾਈ ਦੀਪਾਂ ਵਿਚ ਮਨੁਖ ਰਹਿੰਦੇ ਹਨ। ਇਸ ਲਈ ਇਨਾਂ ਢਾਈ ਦੀਪਾ ਨੂੰ ਮਨੁਖ ਲੋਕ ਵੀ ਆਖਦੇ ਹਨ 5 ਭਰਤ 5 ਏਰਾਵਰਤ,5 ਮਹਾਵਿਦੇਹ। ਜੰਬੂ ਦੀਪ ਦੇ ਦੱਖਣ ਵਿਚ ਇਕ ਭਰਤ ਧਾਤਕੀ ਖੰਡ ਦੇ ਦਖਣ ਵਿਚ ਦੋ ਭਰਤ, ਅਰਧ ਪੁਸਕਰ ਵਿਚ ਦੋ ਭਰਤ ਹਨ। ਇਸ ਤਰਾਂ ਉਤਰ ਵਲ 5 ਏਰਾਵਤ ਪੂਰਵ ਪੱਛਮ ਦੇ ਦੋਹਾ ਪਾਸੇ 5 ਮਹਾਵਿਦੇਹ ਖੇਤਰ ਹਨ। ਇਕ ਇਕ ਮਹਾਵਿਦੇਹ ਦੇ 32-32 ਹਿਸੇ (ਵਿਜੇ) ਹਨ। ਇਕ ਇਕ ਵਿਜੇ ਵਿਚ 6-6 ਖੰਡ ਹਨ।

ਜੰਬੂ ਦੀਪ ਦੇ ਸੱਤ ਖੇਤਰ ਹਨ।

1) ਭਰਤ 2) ਹੈਮਵਤ 3) ਹਰੀ 4) ਵਿਦੇਹ 5) ਰਮਿਅਕ 6) ਹਿਰ-ਣਯਾਵਤ 7) ਏਰਾਵਤ।

## ਕਰਮ ਭੂਮੀ

ਜਿਥੇ ਮਨੁੱਖ ਖੇਤੀ, ਵਿਉਪਾਰ ਰਾਜਨੀਤੀ, ਧਰਮ, ਰਣਨੀਤੀ ਅਤੇ ਸ਼ਿਲਪਕਲਾ ਆਦੀ ਕਰਮ ਕਰਦਾ ਹੈ, ਜੀਵ ਚੰਗੇ ਮਾੜੇ ਕਰਮਾਂ ਦਾਂ ਚੰਗਾ ਮਾੜਾ ਫਲ ਭੋਗਦਾ ਹੈ ਉਹ ਕਰਮ ਭੂਮੀ ਹੈ।

## ਅਕਰਮ ਭਮੀ

ਅਕਰਮ ਭੂਮੀ ਵਿਚ ਕਰਮ ਆਦਿ ਕੁਝ ਨਹੀਂ ਸਭ ਕੁਝ ਬਿਨਾਂ ਮਹਨਤ ਤੋਂ ਪ੍ਰਾਪਤ ਹੋ ਜਾਂਦਾ ਹੈ। ਇਥੇ ਕਲਪ ਬ੍ਰਿਖਾ ਹੋਣ ਕਰਕੇ ਇਹ ਭੋਗ ਭੂਮੀ ਅਖਵਾਂਦੀ ਹੈ। ਅਕਰਮ ਭੂਮੀ ਦੇ ਖੇਤਰ ਦੀ ਗਿਣਤੀ 30 ਹੈ। ਜੰਬੂ ਦੀਪ ਵਿਚ 6, ਧਾਤਕੀ ਖਡ ਵਿਚ 12 ਅਰਧ ਪੁਸਕਰ ਵਿਚ 12 ਹਨ।

## ਅੰਤਰਦੀਪ

ਜੰਬੂ ਦੀਪ ਦੇ ਭਰਤ ਖੇਤਰ ਦੇ ਜਾਲ ਹਿਮੰਵਤ ਖੇਤਰ ਵਿਚ ਦੋ ਭਾਗ ਹਨ ਜੋ ਸਮੁੰਦਰ ਵਿਚ ਚਲੇ ਗਏ ਹਨ ਜੋ ਸੈਂਕੜੇ ਯੋਜਨਾ ਵਿਚ ਫੈਲੇ ਹੋਏ ਹਨ ।

ਚੁਲ ਹੇਮੰਤ ਪਰਵਤ ਦੀ ਦੋ ਪੂਰਵ ਵਲ ਅਤੇ ਦੋ ਪਛਮ ਵੱਲ ਦਾੜ੍ਹਾ ਹਨ ਇਨ੍ਹਾਂ ਦਾੜ੍ਹਾ ਦਾ ਅਕਾਰ ਹਾਥੀ ਦੰਦ ਵਰਗਾ ਹੈ । ਇਸ ਪ੍ਰਕਾਰ ਉਤਰ ਵਿਚ ਸ਼ਿਖਰੀ ਪਰਵਤ ਹੈ ਉਸ ਦੀਆਂ ਵੀ ਇਥੇ ਦੋ ਦਾੜ੍ਹਾ ਹਨ । ਇਕ ਇਕ ਦਾੜ੍ਹਾ ਤੇ 7-7 ਦੀਪ ਹਨ । ਇਸ ਪ੍ਰਕਾਰ 8 ਦਾੜ੍ਹਾਵਾਂ ਦੇ 56 ਦੀਪ ਹਨ । ਇਥੇ ਅਕਰਮ ਭੂਮੀ ਦੀ ਤਰ੍ਹਾਂ ਸਭ ਕੁਝ ਹੈ । ਇਸ ਪ੍ਰਕਾਰ ਮਨੁਖ ਦੀਆਂ 15+30+56=101 ਕਿਸਮਾਂ ਹਨ ।

ਅਕਰਮ ਭੂਮੀ ਤੋਂ ਛੁੱਟ ਜੋ ਸਮੁੰਦਰ ਵਿਚਕਾਰ ਦੀਪ ਹਨ ਉਨਾਂ ਨੂੰ ਅਤਰ ਦੀਪ ਆਖਦੇ ਹਨ ਇਸ ਪ੍ਰਕਾਰ 7 ਖੇਤਰਾ ਵਿਚ 56 ਅੰਦਰ ਦੀਪ ਹਨ ।

ਮਹਾਵਿਦੇਹ ਖੇਤਰ ਵਿਚ ਹਮੇਸ਼ਾ ਤੀਰਥੰਕਰ ਵਿਚਰਦੇ ਰਹਿੰਦੇ ਹਨ । ਇਸ ਖੇਤਰ ਵਿਚ 32 ਵਿਜੇ (ਉਪਭਾਗ ਹਨ) ਇਹ ਭਾਗ ਜੰਬੂ ਦੀਪ ਦਾ ਹਿਸਾ ਹਨ । ਭਰਤ ਅਤੇ ਐਰਾਵਤ ਵਿਚ ਇਕ ਇਕ (ਵਿਜੈ) ਹੈ । ਇਸ ਤਰ੍ਹਾਂ ਕੁਲ ਮਿਲਾ ਕੇ 34 ਵਿਜੇ ਹਨ । ਧਾਤਕੀ ਖੰਡਾਂ ਵਿਚ 68 ਵਿਜੈ ਹਨ ਅਤੇ ਅਰਧ ਪੁਸ਼ਕਰ ਦੀਪ ਖੰਡ ਅੱਧਾ ਹੋਣ ਕਾਰਣ 68 ਵਿਜੈ ਵਾਲਾ ਹੈ । ਇਸ ਪ੍ਰਕਾਰ ਸਾਰੀ ਧਰਤੀ ਵਿਚ ਢਾਈ ਦੀਪ ਹੀ ਮਨੁੱਖ ਦੀ ਆਬਾਦੀ ਵਾਲੇ ਹਨ । ਇਸ ਨੂੰ ਹੀ ਕਰਮ ਭੂਮੀ ਆਖਦੇ ਹਨ । ਇਥੇ ਹਰ ਸਮੇਂ ਤੀਰਥੰਕਰ ਵਿਦਮਾਨ ਰਹਿੰਦੇ ਹਨ ।

ਹਰ ਖੇਤਰ ਵਿਚ ਇਕੋ ਸਮੇਂ ਇਕ ਤੀਰਥੰਕਰ ਘੁੰਮਦਾ ਹੈ ਇਕ ਸਮੇਂ ਵੱਧ ਤੋਂ ਵੱਧ 170 ਤੀਰਥੰਕਰ ਹੀ ਜਨਮ ਲੈ ਸਕਦੇ ਹਨ ਵੱਧ ਨਹੀਂ । ਇਹ ਘਟਨਾ ਦੂਸਰੇ ਤੀਰਥੰਕਰ ਭਗਵਾਨ ਅਜੀਤ ਨਾਥ ਸਮੇਂ ਹੋਈ ਸੀ ।

## ਜੋਤਸ਼ ਲੋਕ (ਖਗੋਲ)

ਮੱਧ ਲੋਕਵਰਤੀ ਜੰਬੂ ਦੀਪ ਦੇ ਸੁਦਰਸ਼ਨ ਮੇਰੂ ਦੇ ਕਰੀਬ ਸਮਤਲ ਭੂਮੀ ਤੋਂ 790 ਯੋਜਨ ਉਚਾ ਤਾਰਾ ਮੰਡਲ ਹੈ ਜਿਥੇ ਅਧੇ ਕੋਹ ਲੰਬੇ ਚੋੜੇ ਤੇ 3/4 ਕੋਹ ਉਚੇ ਤਾਰਾ ਵਿਮਾਨ ਹਨ । ਤਾਰਾ ਮੰਡਲ ਤੋਂ 10 ਯੋਜਨ ਉਪਰ ਇਕ ਯੋਜਨ ਦੇ 61 ਵੇ ਭਾਗ ਵਿਚੋਂ 48 ਭਾਗ ਲੰਬਾ ਚੋੜਾ ਅਤੇ 24 ਭਾਗ ਉੱਚਾ ਅੰਕਰਤਨ ਸੂਰਜ ਦੇਵ ਦਾ ਵਿਮਾਨ ਹੈ ।

ਸੂਰਜ ਦੇਵ ਦੇ ਵਿਮਾਨ ਤੋਂ 80 ਯੋਜਨ ਉਪਰ ਇਕ ਯੋਜਨ ਦੇ 61 ਭਾਗ ਵਿਚੋਂ 56 ਭਾਗ ਲੰਬਾ-ਚੋੜਾ ਅਤੇ 28 ਭਾਗ ਉੱਚਾ ਚੰਦਰਮਾ ਦਾ ਵਿਮਾਨ ਹੈ ।

ਚੰਦਰ ਵਿਮਾਨ ਤੋਂ 4 ਯੋਜਨ ਉਪਰ ਨਛੱਤਰ ਮਾਲਾ ਹੈ ਇਸ ਵਿਚ ਰਤਨਾ ਵਰਗੇ ਪੰਜ ਰੰਗੇ ਵਿਮਾਨ ਇਕ ਇਕ ਕੋਹ ਲੰਬੇ ਚੋੜੇ ਅਤੇ 1/2 ਕੋਹ ਉਚੇ ਹਨ । ਨਛੱਤਰ ਮਾਲਾ

ਤੋਂ 4 ਯੋਜਨ ਉਪਰ ਗ੍ਰਹਿ ਮਾਲਾ ਹੈ ਗ੍ਰਹਿ ਮਾਲਾ ਦੇ ਵਿਮਾਨ ਪੰਜ ਰੰਗੇ ਰਤਨਾ ਵਰਗੇ ਹਨ। ਇਹ ਦੋ ਕੋਹ ਲੰਬੇ ਚੋੜੇ ਅਤੇ ਇਕ ਕੋਹ ਉਚੇ ਗ੍ਰਹਿਮਾਲਾ ਤੋਂ 4 ਯੋਜਨ ਉਪਰ ਹਰਿਤ ਰਤਨ ਬੁੱਧ ਦਾ ਤਾਰਾ ਹੈ। ਇਸ ਤੋਂ ਤਿੰਨ ਯੋਜਨ ਉਪਰ ਰਤਨ ਵਰਗਾ ਸ਼ੁਕਰ ਤਾਰਾ ਹੈ। ਇਸ ਤਿੰਨ ਯੋਜਨ ਉਪਰ ਪੀਲੇ ਰਤਨ ਵਰਗਾ ਬ੍ਰਹਸਪਤੀ ਤਾਰਾ ਹੈ। ਇਸ ਤੋਂ ਤਿੰਨ ਯੋਜਨ ਉਪਰ ਮੰਗਲ ਦਾ ਤਾਰਾ ਹੈ। ਇਸ ਤੋਂ ਤਿੰਨ ਯੋਜਨ ਉਪਰ ਲਾਲ ਰੰਗ ਦਾ ਮੰਗਲ ਤਾਰਾ ਹੈ। ਇਸ ਤੋਂ ਤਿੰਨ ਯੋਜਨ ਉਪਰ ਜਾਮੁਨ ਵਰਗਾ ਸ਼ਨੀ ਦਾ ਤਾਰਾ ਹੈ ਇਹ ਸਭ ਤੋਂ ਉਪਰ ਹੈ ਇਸ ਪ੍ਰਕਾਰ ਸਾਰਾ ਜੋਤਸ਼ ਚੱਕਰ ਮੱਧ ਲੋਕਾਂ ਵਿਚ ਹੀ ਹੈ ਅਤੇ ਸਮਤੱਲ ਤੋਂ 790 ਯੋਜਨ ਦੀ ਉਚਾਈ ਤੋਂ ਸ਼ੁਰੂ ਹੋ 900 ਯੋਜਨ ਤਕ ਅਰਥਾਤ 110 ਯੋਜਨ ਤੇ ਸਥਿਤ ਹੈ। ਜੋਤਿਸ਼ ਦੇਵਾਂ ਦੇ ਵਿਮਾਨ ਜੰਬੂ ਦੀਪ ਦੇ ਮੇਰੂ ਪਰਬਤ ਤੋਂ 1121 ਯੋਜਨ ਦੂਰ ਚਾਰੋ ਪਾਸੇ ਘੁਮਦੇ ਰਹਿੰਦੇ ਹਨ।

## ਅਧੋ ਲੋਕ (ਨਰਕ)

ਮੱਧ ਲੋਕ ਤੋਂ ਹੇਠਾਂ ਦਾ ਪ੍ਰਦੇਸ਼ ਅਧੋ ਲੋਕ ਹੈ। ਇਸ ਵਿਚ 7 ਨਰਕ ਪ੍ਰਿਥਵੀਆਂ ਹਨ। ਸੱਤਾ ਦੀ ਚੋੜਾਈ ਇਕ ਤਰਾਂ ਦੀ ਨਹੀਂ। ਹੇਠਾਂ ਦੀਆਂ ਭੂਮੀਆਂ ਉਪਰ ਦੀਆਂ ਭੂਮੀਆਂ ਤੋਂ ਇਕ ਦੂਸਰੇ ਤੋਂ ਵਧ ਹਨ। ਇਹ ਭੂਮੀਆਂ ਇਕ ਦੂਸਰੇ ਦੇ ਹੇਠਾ ਹਨ ਫੇਰ ਵੀ ਇਕ ਦੂਸਰੇ ਨਾਲ ਜੁੜੀਆਂ ਨਹੀਂ। ਵਿਚਕਾਰ ਖਾਲੀ ਜਗਾ ਹੈ। ਸੱਤ ਨਰਕ ਭੂਮੀਆਂ ਦੇ ਨਾਂ ਇਸ ਪ੍ਰਕਾਰ ਹਨ : 1) ਰਤਨ ਪ੍ਰਭਾ 2) ਸ਼ਰਕਰ ਪ੍ਰਭਾ 3) ਬਾਲੁਕਾ ਪ੍ਰਭਾ 4) ਪੰਕ ਪ੍ਰਭਾ 5) ਧੂਮ ਪ੍ਰਭਾ 6) ਤਮ ਪ੍ਰਭਾ 7) ਤੱਮ ਤਮ ਪ੍ਰਭਾ। ਨਰਕ ਭੂਮੀ ਵਿਚ ਹਨੇਰਾ ਹੈ।

ਰਤਨ ਪ੍ਰਭਾ ਨਰਕ ਉਪਰ ਜੋ 1000 ਯੋਜਨ ਦਾ ਪਿੰਡ ਹੈ ਉਸ ਵਿਚ ਉਪਰ 10 ਹਿਸੇ ਹਨ ਉਨ੍ਹਾਂ 10 ਹਿਸਿਆਂ ਵਿਚਾਰਕਾਰ10 ਪ੍ਰਕਾਰ ਦੇ 10 ਭਵਨ ਪਤਿ ਦੇਵਤੇ ਰਹਿੰਦੇ ਹਨ। ਸਭ ਤੋਂ ਉਪਰ ਵਾਨਾਵਿਅੰਤਰ ਦੇਵ ਰਹਿੰਦੇ ਹਨ। ਜੈਨ ਦਰਸ਼ਨ ਅਨੁਸਾਰ ਪ੍ਰਿਥਵੀ ਦਾ ਅਧਾਰ ਇਸ ਪ੍ਰਕਾਰ ਮੰਨਿਆ ਹੈ।

ਸਭ ਤੋਂ ਹੇਠਾਂ ਅਕਾਸ਼ ਹੈ ਫੇਰ ਤਨ ਵਾਯੂ (ਹਲਕੀ ਹਵਾ) ਫੇਰ ਤਨ ਦਧਿ (ਹਲਕਾ ਪਾਣੀ ਧੁੰਦ ਵਰਗਾ) ਘਨਵਾਯੂ (ਤੂਫਾਨੀ ਹਵਾ), ਘਨੋਦਧਿ ਬਰਫ (ਜਿਹਾ ਜਮਿਆ ਪਾਣੀ) ਉਸ ਦੇ ਉਪਰ ਪ੍ਰਿਥਵੀ ਹੈ। ਸਾਰੀ ਨਰਕ ਦੀ ਪ੍ਰਿਥਵੀ ਵੀ ਇਸ ਅਧਾਰ ਤੇ ਟਿਕੀ ਹੋਈ ਹੈ ਸੱਤ ਪ੍ਰਿਥਵੀ ਵਿਚੋਂ 6 ਪਿਥਵੀ ਤੇ ਨਾਰਕੀ ਹਨ। ਸਤ ਪ੍ਰਿਥਵੀ ਦੇ ਉਪਰ ਮੱਧ ਲੋਕ ਹੈ। ਜਿਸ ਤੇ ਮਨੁਖ ਰਹਿੰਦੇ ਹਨ।

ਪਹਿਲੀ ਨਰਕ ਰਤਨ ਪ੍ਰਭਾ ਦੇ ਤਿੰਨ ਹਿੱਸੇ ਹਨ। ਜਿਸ ਦੀ ਉਪਰ ਤੋਂ ਹੇਠਾਂ ਦੀ

ਮੋਟਾਈ 16000 ਯੋਜਨ ਹੈ। ਇਸ ਨੂੰ ਖਰ ਕਾਂਡ ਆਖਦੇ ਹਨ ਦੂਸਰੇ ਹਿਸੇ ਨੂੰ ਪੰਕ ਬਹੁਲ ਆਖਦੇ ਹਨ ਜਿਸ ਦੀ ਮੋਟਾਈ 80000 ਯੋਜਨ ਹੈ ਉਸ ਦੇ ਹੇਠਾਂ ਜਲ ਬਹੁਲ ਨਾਂ ਦਾ ਨਰਕ ਹੈ। 1,80000 ਯੋਜਨ ਮੋਟਾਈ ਵਾਲਾ ਨਰਕ ਹੈ।

ਇਸ ਤੋਂ ਉਪਰ ਅਤੇ ਹੇਠ 1000-1000 ਯੋਜਨ ਛੱਡ ਕੇ ਵਿਚਕਾਰ 178000 ਯੋਜਨ ਦੀ ਵਿੱਥ ਹੈ। ਜਿਸ ਵਿਚ 13 ਪਾਥੜੇ ਅਤੇ 12 ਅੰਤਰ ਹਨ ਵਿਚਕਾਰਲੇ 10 ਅੰਤਰਾਂ ਵਿਚ ਅਸੁਰ ਕੁਮਾਰ ਆਦਿ ਭਵਨਪਤੀ ਦੇਵ ਰਹਿੰਦੇ ਹਨ। ਹਰ ਪਾਥੜੇ ਦੇ ਦਰਮਿਆਨ 1000 ਯੋਜਨ ਦੀ ਪੋਲ ਹੈ। ਜਿਸ ਵਿਚ 30 ਲੱਖ ਨਰਕਾਵਾਸ ਹਨ।

ਦੂਸਰੀ ਨਰਕ ਦੀ ਮੋਟਾਈ 1,32000 ਯੋਜਨ ਹੈ, ਤੀਸਰੀ ਨਰਕ ਦੀ ਮੋਟਾਈ 1,28000 ਯੋਜਨ ਹੈ। ਚੋਥੀ ਨਰਕ ਦੀ ਮੋਟਾਈ 1,20000 ਯੋਜਨ ਹੈ। ਪੰਜਵੀਂ ਨਰਕ ਦੀ ਮੋਟਾਈ 1,18000 ਯੋਜਨ ਹੈ। ਛੇਵੀ, ਨਰਕ ਦੀ ਮੋਟੀ 1,16000 ਯੋਜਨ ਹੈ, ਸਤਵੀ ਨਰਕ ਦੀ ਮੋਟਾਈ 10,8000 ਯੋਜਨ ਹੈ।

ਪਹਿਲੀ ਰਤਨ ਪ੍ਰਭਾ ਨਰਕ ਦੀ ਮੋਟਾਈ ਜੋ ਦਸੀ ਗਈ ਹੈ ਉਸ ਦੇ ਉਪਰ ਤੇ ਹੇਠ 1000-1000 ਯੋਜਨ ਛੱਡ ਕੇ ਬਾਕੀ ਹਿਸੇ ਵਿਚ ਨਰਕ ਵਾਸ ਹਨ।

ਇਨ੍ਹਾਂ ਸੱਤ ਭੂਮੀਆ ਵਿਚ ਨਾਰਕੀ ਜੀਵ ਆਪਣੇ ਕਰਮਾਂ ਦੇ ਅਨੁਸਾਰ ਜਨਮ ਲੈਂਦੇ ਹਨ। ਜਿਉ ਜਿਉ ਨਰਕੀ ਜੀਵ ਹੇਠਾ ਜਾਂਦੇ ਹਨ ਕਰੂਪਤਾ ਭਿਅੰਕਰ ਅਤੇ ਬੇਡੋਲਪੁਣਾ ਵੱਧਦਾ ਜਾਂਦਾ ਹੈ।

ਨਰਕ ਭੂਮੀ ਵਿਚ ਤਿੰਨ ਪ੍ਰਕਾਰ ਦੇ ਕਸ਼ਟ ਹੁੰਦੇ ਹਨ। [1] ਪਰਮ ਧਾਰਮਿਕ ਰਾਹੀਂ [2] ਖੇਤਰ ਗ੍ਰਮਿਤ ਨਰਕ ਦੀ ਭੂਮੀ ਖੂਨ ਨਾਲ ਲੱਥ ਪਥ, ਕੀਚੜ ਨਾਲ ਭਰੀ ਜਾਂ ਬਹੁਤ ਠੰਡੀ ਜਾਂ ਬਹੁਤ ਗਰਮ ਹੁੰਦੀ ਹੈ ਇਸ ਕਾਰਨ ਕਸ਼ਟ ਹੁੰਦਾ ਹੈ। [3] ਨਾਰਕੀ ਜੀਵ ਇਕ ਦੂਸਰੇ ਨਾਲ ਹਮੇਸ਼ਾ ਲੜਦੇ ਰਹਿੰਦੇ ਹਨ।

ਪਰਮ ਧਾਰਮਿਕ ਅਸੁਰ ਤੀਸਰੇ ਨਰਕ ਤਕ ਹੀ ਜਾਂਦੇ ਹਨ। ਇਹ ਸੁਭਾਵ ਤੋਂ ਕਠੋਰ ਪਾਪ ਕਰਮ ਕਰਨ ਵਾਲੇ ਦੁਖ ਦੇ ਕੇ ਖੁਸ਼ੀ ਮਨਾਉਣ ਵਾਲੇ ਹੁੰਦੇ ਹਨ, ਨਰਕ ਦੇ ਜੀਵ ਨੂੰ ਭਿੰਨ ੨ ਕਿਸਮ ਦੀਆਂ ਸਜ਼ਾਵਾਂ ਇਹੋ ਦਿੰਦੇ ਹਨ। ਪਹਿਲੀ ਤੋਂ ਸਤਵੀ ਨਰਕ ਤਕ ਕਸ਼ਟ ਵਧਦਾ ਹੀ ਜਾਂਦਾ ਹੈ।

ਅਗਲੇ ਚਾਰ ਨਰਕਾਂ ਵਿਚ ਦੋ ਹੀ ਤਰ੍ਹਾਂ ਦੇ ਕਸ਼ਟ ਹਨ।

ਨਾਰਕੀ ਜੀਵਾਂ ਪਾਸ ਵੇਕਰੀਆ ਸ਼ਰੀਰ ਹੁੰਦਾ ਹੈ ਇਨ੍ਹਾਂ ਜੀਵਾਂ ਨੂੰ ਦੇਵਤਿਆਂ ਦੀ ਤਰ੍ਹਾਂ ਅਵਧੀ ਗਿਆਨ ਹੁੰਦਾ ਹੈ। ਇਹ ਵੇਖਣ ਨੂੰ ਕਈ ਵਾਰ ਮਰਦੇ ਹਨ। ਪਰ ਵੇਕਰੀਆ ਕਾਰਨ ਫੇਰ ਜਿਉਂਦੇ ਹੋ ਜਾਂਦੇ ਹਨ। ਨਾਰਕੀ ਆਪਣੀ ਨਿਸ਼ਚਿਤ ਆਯੂ ਪੂਰੀ ਕਰਦੇ ਹੀ ਨਾਰਕੀ ਸਰੀਰ ਤੋਂ ਛੁਟਕਾਰਾ ਪਾਉਂਦੇ ਹਨ।

ਇਸ ਲੋਕ ਦੇ ਚਾਰੇ ਪਾਸੇ ਅਲੋਕ ਆਕਾਸ਼ [ਹਨੇਰਾ] ਹੈ। ਸੰਖੇਪ ਵਿਚ ਇਹੋ ਤਿੰਨ

ਲੋਕ ਦਾ ਰਚਨਾ ਹੈ ।

## ਲੋਕ ਦੀ ਸਥਿਤੀ

ਲੋਕ ਸ਼ਾਸਵਤ ਹੈ ਇਹ ਕਿਸੇ ਨੇ ਨਹੀਂ ਬਣਾਇਆ । ਲੋਕ ਅਤੇ ਅਲੋਕ ਵਿਚ ਪਹਿਲਾਂ ਪਿਛੇ ਦਾ ਕੋਈ ਕ੍ਰਮ ਨਹੀਂ । ਲੋਕ ਦੀ ਸਥਿਤੀ ਇਸ ਪ੍ਰਕਾਰ ਹੈ । ਵਾਯੂ ਅਕਾਸ਼ ਤੇ ਟਿਕੀ ਹੋਈ ਹੈ ਸਮੁੰਦਰ ਹਵਾ ਤੇ ਟਿਕਿਆ ਹੈ । ਪ੍ਰਿਥਵੀ ਸਮੁੰਦਰ ਤੇ ਟਿਕੀ ਹੈ । ਤਰੱਸ ਸਥਾਵਰ ਜੀਵ ਪ੍ਰਿਥਵੀ ਤੇ ਟਿਕੇ ਹਨ ਅਜੀਵ ਜੀਵ ਦੇ ਸਹਾਰੇ ਹੈ । ਸ਼ਕਰਮ ਜੀਵ ਕਰਮ ਦੇ ਸਹਾਰੇ ਹੈ ਅਜੀਵ ਜੀਵ ਰਾਹੀਂ ਸੰਗ੍ਰਹਿਤ ਹੈ ਜੀਵ ਕਰਮ ਸੰਗ੍ਰਹਿਤ ਹੈ ।

# ਆਤਮਾ

ਭਾਰਤੀ ਦਰਸ਼ਨ ਸ਼ਾਸਤਰ ਵਿਚ ਆਤਮਾ ਬਾਰੇ ਕਈ ਮਾਨਤਾਵਾਂ ਪ੍ਰਸਿੱਧ ਹਨ। ਅਸੀਂ ਇਥੇ ਆਤਮਾ ਸਬੰਧੀ ਬੁੱਧ, ਨਿਆਏ, ਸਾਂਖਯ, ਵੇਦਾਂਤੀ, ਵੈਸ਼ੀਸ਼ਕ ਅਤੇ ਉਪਨਿਸਧ ਦਰਸ਼ਨ ਦਾ ਖਾਸ ਉਲੇਖ ਕਰਾਂਗੇ।

**ਬੁੱਧ ਦਰਸ਼ਨ :**

ਬੁੱਧ ਆਪਣੇ ਆਪਨੂੰ ਅਨਾਤਮਵਾਦੀ ਮੰਨਦੇ ਹਨ। ਬੋਧੀ ਆਤਮਾ ਦੀ ਹੋਂਦ ਨੂੰ ਸੱਚ ਨਹੀਂ ਕਾਲਪਨਿਕ ਸੰਗਿਆ (ਨਾਮ) ਆਖਦੇ ਹਨ। ਛਿਨ ਛਿਨ ਨਸ਼ਟ ਅਤੇ ਉਤਪੰਨ ਹੋਣ ਵਾਲੀ ਵਿਗਿਆਨ (ਚੇਤਨਾ) ਅਤੇ ਰੂਪ (ਭੌਤੀਕ ਸ਼ਰੀਰ) ਦੀ ਸੰਸਾਰਿਕ ਯਾਤਰਾ ਹੀ ਆਤਮਾ ਹੈ। ਆਤਮਾ ਕੋਈ ਹਮੇਸ਼ਾ ਰਹਿਣ ਵਾਲਾ (ਨਿੱਤ) ਨਹੀਂ ਹੈ। ਫੇਰ ਵੀ ਬੁੱਧ ਧਰਮ ਵਾਲੇ ਕਰਮ, ਪੁਰਨ ਜਨਮ ਅਤੇ ਮੁਕਤੀ (ਨਿਰਵਾਨ)ਨੂੰ ਮੰਨਦੇ ਹਨ ਆਤਮਾ ਦੇ ਸਬੰਧ ਵਿਚ ਬੁੱਧ ਚੁਪ ਹੀ ਰਹੇ ਹਨ। ਆਤਮਾ ਸਥਾਈ ਨਹੀਂ, ਸਿਰਫ ਚੇਤਨਾ ਦਾ ਵਹਾ ਹੈ।

**ਨਿਆਇਕ :**

ਆਤਮਾ ਨਿੱਤ ਅਤੇ ਵਿਭੂ ਹੈ। ਇੱਛਾ, ਦਵੇਸ਼, ਪ੍ਰਯਤਨ, ਸੁਖ ਦੁੱਖ ਗਿਆਨ ਇਹ ਉਸਦੇ ਲਿੰਗ ਹਨ ਆਤਮਾ ਨਿੱਤ ਹੈ ਉਸ ਦੀ ਚੇਤਨਾ ਸਥਿਰ ਨਹੀਂ।

**ਸਾਂਖਯ :**

ਸਾਂਖਯ ਜੀਵ (ਆਤਮਾ) ਨੂੰ ਕਰਤਾ ਨਹੀਂ ਮੰਨਦੇ। ਫਲ ਭੋਗਨ ਵਾਲਾ ਮੰਨਦੇ ਹਨ। ਉਨ੍ਹਾਂ ਦੇ ਮੱਤ ਅਨੁਸਾਰ ਕਰਤਾ ਸ਼ਕਤੀ ਪ੍ਰਾਕ੍ਰਿਤੀ ਹੈ। ਆਤਮਾ ਸਥਾਈ, ਅਨਾਦਿ, ਅਨੰਤ, ਅਵਿਕਾਰੀ ਨਿੱਤ ਅਤੇ ਚਿੱਤ ਸਵਰੂਪ ਹੈ।

**ਵੇਦਾਂਤੀ :**

ਸੁਭਾਵ ਪਖੋਂ ਇਕ ਹੀ ਆਤਮਾ ਹੈ ਪਰ ਦੇਹ ਪਖੋਂ ਭਿੰਨ ਭਿੰਨ ਰੂਪ ਵਿਚ ਪ੍ਰਗਟ ਹੁੰਦਾ ਹੈ। ਆਤਮਾ ਪ੍ਰਮਾਤਮਾ ਦਾ ਹੀ ਵਿਸਥਾਰ ਹੈ।

ਰਾਮਾਨੁਜ ਦੇ ਮਤ ਅਨੁਸਾਰ ਜੀਵ ਅਨੰਤ ਹਨ ਅਤੇ ਇਕ ਦੂਸਰੇ ਤੋਂ ਭਿੰਨ ਹਨ।

**ਵੈਸ਼ੇਸਿਕ :**

ਸੁਖ ਦੁਖ ਦੀ ਸਮਾਨਤਾ ਪਖੋਂ ਆਤਮਾ ਇਕ ਹੈ ਪਰ ਵਿਵਸਥਾ ਪਖੋਂ ਅਨੇਕ ਹੈ। ਮੋਕਸ਼ ਵਿਚ ਉਸ ਦੀ ਚੇਤਨਾ ਨਸ਼ਟ ਹੋ ਜਾਂਦੀ ਹੈ।

**ਉਪਨਿਸ਼ਧ ਤੇ ਗੀਤਾ :**

ਆਤਮਾ ਸ਼ਰੀਰ ਤੋਂ ਵਿਲੱਖਨ, ਮਨ ਤੋਂ ਭਿੰਨ, ਵਿਭੂ ਵਿਆਪਕ ਹੈ ਇਹ ਅਵਸਥਾ ਪਖੋਂ ਨਾ ਬਦਲਨ ਯੋਗ ਹੈ। ਵਿਆਖਿਆ ਯੋਗ ਨਹੀਂ। ਉਹ ਨਾ ਸਥੂਲ ਮੋਟੀ ਹੈ ਨਾ ਅਣੂ ਛੋਟੀ, ਨਾ ਵਿਸ਼ਾਲ ਹੈ, ਨਾ ਦਰਵ ਨ ਛਾਂ ਹੈ, ਨਾ ਗਰਮੀ ਹੈ, ਨਾ ਹਵਾ ਹੈ, ਨਾ ਅਕਾਸ਼ ਹੈ ਨਾ ਰੰਗ ਹੈ, ਨਾ ਰਸ ਹੈ ਨਾ ਗੰਧ ਹੈ ਨਾ ਨੇਤਰ ਹੈ ਨਾ ਕੰਨ ਹੈ ਨਾ ਬਾਣੀ ਹੈ, ਨਾ ਮਨ ਹੈ, ਨਾ ਤੇਜ ਹੈ, ਨਾ ਪ੍ਰਾਣ ਹੈ ਨਾ ਸੁਖ ਹੈ ਨਾ ਮਾਪ ਹੈ ਉਸ ਦਾ ਅੰਦਰ ਬਾਹਰ ਕੁਝ ਨਹੀਂ।

ਉਪਨਿਸ਼ਧਾਂ ਵਿਚ ਸ੍ਰਿਸ਼ਟੀ ਦੇ ਕ੍ਰਮ ਵਿਚ ਆਤਮਾ ਦਾ ਪਹਿਲਾ ਸਥਾਨ ਹੈ ਆਤਮਾ ਸ਼ਬਦ ਤੋਂ ਭਾਵ ਇਥੇ ਬ੍ਰਹਮ ਹੈ। ਬ੍ਰਹਮ ਤੋਂ ਅਕਾਸ਼, ਅਕਾਸ਼ ਤੋਂ ਵਾਯੂ, ਵਾਯੂ ਤੋਂ ਅੱਗ, ਅੱਗ ਤੋਂ ਪਾਣੀ, ਪਾਣੀ ਤੋਂ ਪ੍ਰਿਥਵੀ, ਪ੍ਰਿਥਵੀ ਤੋਂ ਅਸ਼ੋਧੀ (ਦਵਾਈਆ) ਔਸ਼ਧੀਆਂ ਤੋਂ ਅੰਨ, ਅੰਨ ਤੋਂ ਪੁਰਸ਼ ਉਤਪਨ ਹੋਇਆ। ਇਹ ਪੁਰਸ ਰਸਮਯ ਹੈ ਅੰਨ ਤੇ ਰਸ ਦਾ ਵਿਕਾਰ (ਸਿਟਾ) ਹੈ। ਪ੍ਰਾਣਵਾਨ ਆਤਮਾ (ਸ਼ਰੀਰ) ਅੰਨ ਵਾਲੇ ਭੰਡਾਰ ਦੀ ਤਰ੍ਹਾਂ ਪੁਰਸ਼ਅਕਾਰ ਹੈ। ਆਤਮਾ ਦੇ ਅੰਗ ਉਪ ਅੰਗ ਨਹੀਂ। ਪ੍ਰਾਣਵਾਨ ਆਤਮਾ ਜਿਵੇਂ ਅੰਨਕੋਸ਼ ਦੇ ਅੰਦਰ ਰਹਿੰਦਾ ਹੈ ਇਸੇ ਤਰ੍ਹਾਂ ਮਨਵਾਲੀ ਆਤਮ, ਪ੍ਰਾਣਗਯ ਕੋਸ਼ ਵਿਚ ਰਹਿੰਦਾ ਹੈ। ਉਪਨਿਸ਼ਧਾ ਵਿਚ ਆਤਮਾ ਬਾਰੇ ਕਈ ਕਲਪਨਾਵਾਂ ਮਿਲਦੀਆਂ ਹਨ ਆਤਮਾ ਪ੍ਰਦੇਸ਼ ਮਾਤਰ (ਅੰਗੂਠੇ ਤੋਂ ਛੋਟੀ ਉਗਲੀ ਤਕ) ਹੈ, ਆਤਮਾ ਸ਼ਰੀਰ ਵਿਆਪੀ ਹੈ ਆਤਮਾ ਸਰਭ ਵਿਆਪੀ ਹੈ ਹਿਰਦੇ ਕਮਲ ਵਿਚ ਮੇਰਾ ਆਤਮਾ ਪ੍ਰਿਥਵੀ, ਅੰਤਰਿਕਸ਼ ਲੋਕ ਤੋਂ ਬੜਾ ਹੈ। ਆਤਮਾ ਅਜਰ, ਅਮਰ, ਹੈ। ਜਨਮ ਜਰਾ ਵਿਆਪੀ ਤੋਂ ਪਰੇ ਹੈ।

ਉਪਰਲੇ ਵਿਸ਼ਲੇਸ਼ਨ ਤੋਂ ਪਤਾ ਚਲਦਾ ਹੈ ਕਿ ਬੁੱਧ ਧਰਮ ਆਤਮਾ ਨੂੰ ਮਰਨ ਵਾਲਾ ਮੰਨਦਾ ਹੈ ਹਰ ਜਨਮ ਵਿਚ ਨਵਾਂ ਆਤਮਾ ਪੈਦਾ ਹੁੰਦਾ ਹੈ ਹਿੰਦੂ ਧਰਮ ਆਤਮਾ ਬਾਰੇ ਇਕ ਮੱਤ ਨਹੀਂ। ਹੁਣ ਅਸੀਂ ਜੈਨ ਧਰਮ ਅਨੁਸਾਰ ਆਤਮਾ ਦੇ ਸਿਧਾਂਤ ਤੇ ਵਿਚਾਰ ਕਰਾਂਗੇ।

**ਜੈਨ ਧਰਮ :**

• ਜੈਨ ਧਰਮ ਦਾ ਆਤਮਾ ਬਾਰੇ ਸਿਧਾਂਤ ਅਨੇਕਾਂਤ ਵਾਦ ਤੇ ਅਧਾਰਿਤ ਹੈ ਭਗਵਾਨ ਮਹਾਂਵੀਰ ਸਮੇਂ 363 ਮੱਤ ਸਨ। ਸਭ ਦੀ ਅਪਣੀ ਦਾਰਸ਼ਨਿਕ ਵਿਚਾਰ ਧਾਰਾ ਸੀ। ਉਨ੍ਹਾਂ ਵਿਚ ਦੋ ਪ੍ਰਮੁਖ ਮੱਤ ਸਨ (1) ਅਕ੍ਰਿਆਵਾਦੀ (2) ਕ੍ਰਿਆਵਾਦੀ। ਸਾਨੂੰ ਇਹ ਜਾਨਣਾ ਬਹੁਤ ਜ਼ਰੂਰੀ ਹੈ ਕਿ ਆਤਮਾ ਕਿਉਂ ਹੈ ? ਅਕ੍ਰਿਆਵਾਦੀ ਆਖਦੇ ਹਨ ਜੋ ਪਦਾਰਥ ਪ੍ਰਤਖ ਹੈ ਨਹੀਂ ਉਸ ਨੂੰ ਕਿਵੇਂ ਮੰਨਿਆ ਜਾਵੇ ? ਆਤਮਾ, ਇੰਦਰੀਆਂ ਅਤੇ ਮਨ ਜਦ ਪ੍ਰਤਖ ਨਹੀਂ ਫੇਰ ਉਸ ਨੂੰ ਕਿਉਂ ਮੰਨਿਆ ਜਾਵੇ। ਕ੍ਰਿਆਵਾਦੀ ਆਖਦੇ ਹਨ "ਪਦਾਰਥਾਂ ਨੂੰ ਜਾਨਣ ਦਾ ਸਾਧਨ ਕੇਵਲ ਇੰਦਰੀਆ ਤੇ ਮਨ ਪ੍ਰਤਖ ਹੀ ਨਹੀਂ ਇਸ ਤੋਂ ਛੁਟ ਅਨੁਭਵ-ਪ੍ਰਤਖ,ਅਨੁਮਾਨ

ਵੀ ਹੈ। ਇੰਦਰੀਆ ਤੇ ਮਨ ਰਾਹੀਂ ਕਿ ਕੀ ਜਾਣਿਆਂ ਜਾ ਸਕਦਾ ਹੈ ?" ਕਿ ਇਨ੍ਹਾਂ ਸ਼ਕਤੀ ਸੀਮਤ ਹੈ, ਇਨ੍ਹਾਂ ਰਾਹੀਂ ਤਾਂ ਅਪਣੇ ਦੋ ਤਿੰਨ ਪੀੜੀ ਪੁਰਾਣੇ ਬਜ਼ੁਰਗ ਠੀਕ ਤਰ੍ਹਾਂ ਨਾਲ ਨਹੀਂ ਜਾਨੇ ਜਾ ਸਕਦੇ। ਇੰਦਰੀਆਂ ਸਿਰਫ ਸਪਰਸ਼, ਰਸ, ਗੰਧ ਆਦਿ ਰੂਪ ਸ਼ਰੂਤ ਦਰਵ ਨੂੰ ਜਾਣਦੀਆਂ ਹਨ। ਮਨ ਇੰਦਰੀਆਂ ਦੇ ਪਿਛੇ ਹੈ। ਸੰਸਾਰ ਦੇ ਸਾਰੇ ਪਦਾਰਥਾਂ ਨੂੰ ਜਾਨਣ ਲਈ ਇੰਦਰੀਆਂ ਤੇ ਮਨ ਤੇ ਨਿਰਭਰ ਹੋ ਜਾਣਾ ਗਲਤੀ ਹੈ। ਆਤਮਾ ਸ਼ਬਦ, ਰੂਪ, ਰਸ, ਗੰਧ ਤੇ ਸ਼ਪਰਸ ਤੋਂ ਰਹਿਤ ਹੈ। ਅਰੂਪੀ ਤੱਤਵ ਇੰਦਰੀਆ ਰਾਹੀਂ ਜਾਨਣੇ ਅਸੰਭਵ ਹਨ। ਇੰਦਰੀਆ ਰਾਹੀਂ ਤਾਂ ਕਈ ਪ੍ਰਤਖ ਬਾਰਿਕ ਪਦਾਰਥ ਵੀ ਨਹੀਂ ਜਾਨੇ ਜਾ ਸਕਦੇ। ਸੋ ਇੰਦਰੀਆ ਪ੍ਰਤਖ ਦਾ ਸਿਧਾਂਤ ਗਲਤ ਹੈ। ਅਨਾਤਮਵਾਦੀਆ ਅਨੁਸਾਰ ਇੰਦਰੀਆਂ ਤੇ ਮਨ ਪ੍ਰਤਖ ਨਹੀਂ, ਇਸ ਲਈ ਉਹ ਨਹੀਂ ਹਨ। ਅਧਿਆਤਮਵਾਦੀ ਆਖਦੇ ਹਨ ਆਤਮਾ ਇੰਦਰੀਆਂ ਤੇ ਮਨ ਵੀ ਵੇਖੇ ਨਹੀਂ ਜਾ ਸਕਦੇ। ਆਤਮਾ ਦੀ ਸਿਧੀ ਲਈ ਹੇਠ ਲਿਖੇ ਪ੍ਰਮਾਣ ਹਨ।

(1) ਆਤਮਾ ਅਨੁਭਵ ਰਾਹੀਂ ਸਿਧ ਹੈ 'ਮੈਂ ਹਾਂ', ਦੁਖੀ ਹਾਂ ਸੁਖੀ ਹਾਂ ਇਹ ਅਨੁਭਵ ਸਰੀਰ ਤੋਂ ਭਿੰਨ ਨਹੀਂ ਹੁੰਦਾ। ਸਰੀਰ ਤੋਂ ਭਿੰਨ ਜੋ ਵਸਤੂ ਹੈ ਉਸ ਤੋਂ ਇਹ ਹੁੰਦਾ ਹੈ।

(2) ਹਰ ਪਦਾਰਥ ਵਸਤੂ ਵਿਸ਼ੇਸ਼ ਗੁਣ ਰਾਹੀਂ ਸਿਧ ਕੀਤਾ ਜਾਂਦਾ ਹੈ ਜਿਸ ਪਦਾ-ਰਥ ਵਿਚ ਤ੍ਰਿਲੋਕ ਵਰਤੀ ਗੁਣ ਮਿਲੇ, ਜੋ ਕਿਸੇ ਹੋਰ ਪਦਾਰਥ ਵਿਚ ਨਾ ਮਿਲੇ ਉਹ ਸੁਤੰਤਰ ਦਰਵ ਆਤਮਾ ਹੀ ਹੋ ਸਕਦਾ ਹੈ। ਆਤਮਾ ਵਿਚ ਚੇਤਨਾ ਨਾ ਦਾ ਵਿਸ਼ੇਸ਼ ਗੁਣ ਹੈ।

(3) ਭੋਰੇ ਵਿਚ ਬੈਠਾ ਮਨੁੱਖ ਇਹ ਨਹੀਂ ਜਾਨ ਸਕਦਾ ਕਿ ਸੂਰਜ ਨਿਕਲ ਚੁਕਾ ਹੈ ਕਿ ਨਹੀਂ।

(4) ਹਰ ਇੰਦਰੀਆ ਤੋਂ ਨਿਸ਼ਚਿਤ ਵਿਸ਼ੇ ਦਾ ਹੀ ਗਿਆਨ ਹੁੰਦਾ ਹੈ।

ਇਕ ਇੰਦਰੀਆਂ ਤੋਂ ਦੂਸਰੀ ਇੰਦਰੀ ਦਾ ਗਿਆਨ ਨਹੀਂ ਹੁੰਦਾ। ਇਸ ਲਈ ਇੰਦਰੀਆ ਦਾ ਗਿਆਨ ਅੱਡ ਹੈ ਇਨ੍ਹਾਂ ਦਾ ਇਕੱਠਾ ਗਿਆਨ ਕਰਾਉਣ ਵਾਲਾ ਪਦਾਰਥ ਅੱਡ ਮੰਨਣਾ ਪਵੇਗਾ। ਇਹੋ ਆਤਮਾ ਹੈ।

(5) ਪਦਾਰਥ ਨੂੰ ਜਾਨਣ ਵਾਲਾ ਆਤਮਾ ਹੈ ਇੰਦਰੀਆਂ ਨਹੀਂ। ਇੰਦਰੀਆ ਜਾਨਣ ਦਾ ਸਾਧਨ ਹਨ ਆਤਮਾ ਦੇ ਚਲੇ ਜਾਨ ਤੇ ਇੰਦਰੀਆ ਵੀ ਕੰਮ ਨਹੀਂ ਕਰ ਸਕਦੀਆਂ। ਇੰਦਰੀਆਂ ਦੇ ਨਸ਼ਟ ਹੋ ਜਾਣ ਤੇ ਆਤਮ ਦੇ ਗਿਆਨ ਤੇ ਕੋਈ ਅਸਰ ਨਹੀਂ ਪੈਂਦਾ। ਜਿਵੇਂ ਕੰਨ ਦਾ ਪਰਦਾ ਫਟ ਜਾਨ ਤੇ, ਫੇਰ ਵੀ ਸੁਨਣ ਦਾ ਗਿਆਨ ਠੀਕ ਰਹਿੰਦਾ ਹੈ। ਸੋ ਇਹ ਗਲ ਮੰਨਣੀ ਜ਼ਰੂਰੀ ਹੈ ਕਿ ਇੰਦਰੀਆਂ ਨੂੰ ਸਥਿਰ ਕਰਨ ਵਾਲਾ ਕੋਈ ਹੋਰ ਤੱਤਵ ਹੈ।

(6) ਜੜ ਤੇ ਚੇਤਨ ਦੋ ਪਦਾਰਥ ਹਨ ਜੜ ਕਦੇ ਚੇਤਨ ਨਹੀਂ ਬਣ ਸਕਦਾ ਨਾ ਜੜ ਚੇਤਨ ਨੂੰ ਪੈਦਾ ਕਰਦਾ ਹੈ।

(7) ਜੜ ਕਦੇ ਚੇਤਨ ਨਹੀਂ ਹੁੰਦਾ।

(8) ਜਿਸ ਵਸਤੂ ਵਿਚ ਵਿਰੋਧੀ ਤੱਤਵ ਨਾ ਮਿਲੇ ਉਸ ਦਾ ਅਸਿੱਤਤਵ ਸਿਧ ਨਹੀਂ

ਹੁੰਦਾ। ਜੇ ਚੇਤਨ ਨਾ ਦੀ ਕੋਈ ਸੱਤਾ ਨਹੀਂ ਤਾਂ ਅਚੇਤਨ ਦੀ ਸੱਤਾ ਸਿੱਧ ਕਰਨੀ ਮੁਸ਼ਕਿਲ ਹੈ।

ਗਿਆਏ (ਜਾਨਣ ਯੋਗ) ਵਸਤੂ, ਇੰਦਰੀਆ ਤੇ ਆਤਮਾ ਤਿੰਨੋ ਭਿੰਨ ਭਿੰਨ ਹਨ। ਆਤਮਾ ਗਿਆਤਾ ਹੈ। ਇੰਦਰੀਆ ਗ੍ਰਹਿਣ ਕਰਨ ਦੇ ਸਾਧਨ ਹੈ। ਵਸਤੂ ਸਮੂਹ ਗ੍ਰਹਿਣ ਯੋਗ ਹੈ। ਲੋਹਾਰ ਸੰਡਾਸੀ ਨਾਲ ਲੋਹੇ ਦਾ ਪਿੰਡ ਉਠਉਦਾ ਹੈ ਲੋਹਾ ਪਿੰਡ (ਗ੍ਰਹਿਣ ਯੋਗ) ਸੰਡਾਸੀ (ਗ੍ਰਹਿਣ ਦਾ ਸਾਧਨ) ਅਤੇ ਲੋਹਾਰ ਗ੍ਰਹਿਣ ਕਰਨ ਵਾਲਾ ਹੈ। ਲੋਹਾਰ ਨਾ ਹੋਵੇ ਤਾਂ ਸੰਡਾਸੀ ਤੇ ਲੋਹਾ ਬੇਕਾਰ ਹੈ। ਆਤਮਾ ਦੇ ਚਲੇ ਜਾਣ ਨਾਲ ਇੰਦਰੀਆ ਅਪਣੇ ਵਿਸ਼ੇ ਦਾ ਗ੍ਰਹਿਣ ਨਹੀਂ ਕਰ ਸਕਦੀ।

**ਆਤਮਾ ਕੀ ਹੈ?**

ਆਤਮਾ ਦੇ ਇਕ ਜਾਂ ਅਨੇਕ ਦੀ ਤਰ੍ਹਾਂ ਆਤਮਾ ਦਾ ਪਰਿਮਾਣ ਨੂੰ ਲੈਕੇ (ਅਕਾਰ) ਦਾਰਸ਼ਨਿਕਾਂ ਵਿਚ ਕਾਫੀ ਵਹਿਸ ਚਲਦੀ ਰਹੀ ਹੈ। ਕੋਈ ਆਤਮਾ ਦਾ ਅਕਾਰ ਅਣੂ ਦੀ ਤਰ੍ਹਾਂ ਆਖਦਾ ਹੈ ਕੋਈ ਚਾਵਲ ਵਰਗਾ ਕੋਈ ਅੰਗੂਠੇ ਵਰਗ, ਕੋਈ ਸ਼ਰੀਰ ਦੇ ਕਣ ਕਣ ਵਿਚ ਅਤੇ ਕੋਈ ਆਤਮਾ ਨੂੰ ਸਾਰੀ ਸ੍ਰਿਸਟੀ ਵਿਚ ਫੈਲਿਆ ਮੰਨਦਾ ਹੈ। ਜੈਨ ਦਰਸ਼ਨ ਅਨੁਸਾਰ ਆਤਮਾ ਸ਼ਰੀਰ ਦੇ ਕਣ ਕਣ ਵਿਚ ਫੈਲੀ ਹੋਈ ਹੈ। ਇਸੇ ਕਾਰਣ ਸ਼ਰੀਰ ਦਾ ਕੋਈ ਅੰਗ ਕਟਣ ਤੇ ਉਸਦਾ ਦੁੱਖ ਇਕ ਅੰਗ ਨਹੀਂ ਮਹਿਸੂਸ ਕਰਦਾ, ਸਗੋਂ ਸਾਰਾ ਸ਼ਰੀਰ ਕਰਦਾ ਹੈ। ਸਿੱਧ ਅਵਸਥਾ ਵਿਚ ਕਿਸੇ ਤਰ੍ਹਾਂ ਦੇ ਸਰੀਰ ਨਾ ਰਹਿਨ ਤੇ ਵੀ ਨਿਰਾਕਾਰ ਅਕਾਰ ਵਿਚ ਆਤਮ ਪ੍ਰਦੇਸ਼ ਬਾਕੀ ਰਹਿੰਦੇ ਹਨ। ਕੇਵਲ ਗਿਆਨੀ ਨਿਰਵਾਨ ਸਮੇਂ ਆਯੁਸ਼ ਕਰਮ ਥੋੜਾ ਅਤੇ ਵੇਦਨੀਆਂ ਕਰਮ ਜਿਆਦਾ ਰਹਿ ਜਾਵੇ, ਤਾਂ ਦੋਹਾਂ ਕਰਮਾਂ ਨੂੰ ਸਮ ਬਨਾਉਣ ਲਈ ਕੇਵਲ ਗਿਆਨੀ ਸਮੁਦਘਾਤ ਕ੍ਰਿਆ ਕਰਦੇ ਹਨ। ਇਸ ਪ੍ਰਕ੍ਰਿਆ ਵਿਚ ਉਹ ਆਪਣੇ ਆਤਮ ਪ੍ਰਵੇਸ਼ਾਂ ਨੂੰ ਸਾਰੇ ਲੋਕ ਵਿਚ ਫੈਲਾ ਦਿੰਦੇ ਹਨ ਅਤੇ ਫੇਰ ਸਮੇਟ ਕੇ ਸਿਧ ਗਤਿ ਪ੍ਰਾਪਤ ਕਰ ਲੈਂਦੇ ਹਨ। ਇਸ ਪਖੋਂ ਆਤਮਾ ਸਰਵ ਵਿਆਪਕ ਹੈ। ਪਰ ਉਂਝ ਆਤਮਾ ਸਰਬ ਵਿਆਪਕ ਨਹੀਂ, ਸਗੋਂ ਸ਼ਰੀਰ ਵਿਆਪਕ ਹੈ। ਸੰਖਿਆ ਪਖੋਂ ਆਤਮਾ ਅਨੰਤ ਅੰਸਿਖਆਤ ਪ੍ਰਦੇਸ਼ੀ ਹਨ। ਹਰ ਜੀਵ ਦੀ ਵਖ ਸੁਤੰਤਰ ਹੋਣ ਹੈ। ਪਰ ਗੁਣਾਂ ਪਖੋਂ ਆਤਮਾ ਇਕ ਹੈ। ਇੰਦਰੀਆਂ ਪੁਦਗਲ ਹਨ ਆਤਮਾ ਪੁਦਗਲ ਨਹੀਂ। ਕਈ ਲੋਕ ਅੰਤ ਕਰਨ ਨੂੰ ਹੀ ਆਤਮਾਂ ਮੰਨਦੇ ਹਨ ਮਨ ਅੰਤਕਰਨ ਇਕ ਹੀ ਹੈ ਸੋ ਇਹ ਆਤਮਾ ਨਹੀਂ। ਆਤਮਾ ਹਿਰਦਾ ਜਾ ਦਿਮਾਗ ਵੀ ਨਹੀਂ। ਬੁੱਧੀ, ਚਿਤ, ਦਿਲੋ, ਦਿਮਾਗ਼ ਸਭ ਮਨ ਦੇ ਵਿਸ਼ੇ ਹਨ, ਇੰਦਰੀਆ ਤੇ ਪੁਦਗਲ ਦੇ ਵਿਸ਼ੇ ਹਨ ਆਤਮਾ ਦੇ ਨਹੀਂ।

ਆਤਮਾ ਚੇਤਨਾ ਮਯ ਅਰੂਪੀ ਸਤਾ ਹੈ ਉਪਯੋਗ (ਚੇਤਨਾ ਦੀ ਕ੍ਰਿਆ) ਉਸ ਦਾ ਲੱਛਣ ਹੈ। ਗਿਆਨ, ਦਰਸ਼ਨ ਸੁਖ ਦੁਖ ਆਦਿ ਰਾਹੀਂ ਆਤਮਾ ਜਾਹਰ ਹੁੰਦਾ ਹੈ। ਆਤਮਾ ਸ਼ਬਦ, ਰੂਪ, ਗੰਧ, ਰਸ ਤੇ ਸਪਰਸ਼ ਤੋਂ ਰਹਿਤ ਹੈ। ਉਹ ਲੰਬਾ, ਛੋਟਾ, ਟੇਡਾ, ਗੋਲ'

ਚੋਰਸ, ਮੰਡਲਕਾਰ, ਹਲਕਾ ਭਾਰੀ, ਇਸਤਰੀ. ਪੁਰਸ ਅਤੇ ਨਪੁਸੰਕ ਕੁਝ ਵੀ ਨਹੀਂ ਹੈ। ਆਤਮਾ ਅਸੰਖਿਆ ਗਿਆਨ ਮਯ ਪ੍ਰਦੇਸ਼ਾ ਦਾ ਪਿੰਡ ਹੈ। ਉਹ ਵੇਖਿਆ ਨਹੀਂ ਜਾ ਸਕਦਾ ਉਹ ਅਰੂਪੀ ਹੈ ਉਸ ਤੋਂ ਚੇਤਨਾ ਗੁਣ ਸਾਨੂੰ ਮਿਲਦਾ ਹੈ। ਆਤਮਾ ਗੁਣਾਂ ਪਖੋਂ ਇਕ ਹੈ ਪਰ ਸੰਖਿਆ ਪਖੋਂ ਅਨੰਤ ਹਨ ਜਿਨੇ ਜੀਵ ਹਨ ਹਰ ਜੀਵ ਦੀ ਆਪਣੀ ਆਤਮਾ ਹੈ। ਕਰਮ ਬੰਧ ਟੁਟਨ [ਸਿੱਧ ਅਵਸਥਾ] ਸਮੇਂ ਆਤਮਾ ਦਾ ਸ਼ੁਧ ਸਵਰੂਪ ਪ੍ਰਗਟ ਹੋ ਜਾਂਦਾਹੈ। ਸਿਧ ਆਤਮਾ ਦੇ ਸਰੀਰ ਵਾਲੀ ਕ੍ਰਿਆ, ਜਨਮ, ਮੌਤ ਕੁਝ ਨਹੀਂ। ਆਤਮਾ ਦੀ ਸਿੱਧ ਅਵਸਥਾ ਨੂੰ ਸੱਤ ਚਿੱਤ ਆਨੰਦ ਕਿਹਾ ਜਾਂਦਾ ਹੈ। ਇਨ੍ਹਾਂ ਮੁਕਤ ਆਤਮਾ ਦਾ ਨਿਵਾਸ ਲੋਕ ਦੇ ਅਗਰ ਭਾਗ ਵਿਚ ਹੈ। ਆਤਮਾ ਦਾ ਸੁਭਾਵ ਉਪਰ ਜਾਣਦਾ ਹੈ। ਬੰਧਨ ਕਾਰਣ ਹੀ ਆਤਮਾ ਤਿਰਛੇ ਲੋਕ ਜਾਂ ਹੇਠਾਂ ਨੂੰ ਜਾਂਦਾ ਹੈ। ਉਪਰ ਜਾ ਕੇ ਆਤਮਾ ਫੇਰ ਸੰਸਾਰ ਵਿਚ ਨਹੀਂ ਫਸਦਾ। ਉਹ ਆਤਮਾ ਅਲੋਕ ਵਿਚ ਵੀ ਨਹੀਂ ਜਾਂਦਾ ਕਿਉਂਕਿ ਉਥੇ ਧਰਮ ਤੱਤਵ ਨਹੀਂ (ਗਤੀ ਤੱਤਵ) ਨਹੀਂ ਹੈ। ਦੂਸਰੀ ਸਰੇਣੀ ਦੀਆਂ ਆਤਮਾ ਕਰਮ ਬੰਧ ਹੋਣ ਕਾਰਣ ਭਿੰਨ ੨ ਜੂਨਾਂ ਵਿਚ ਘੁਮਦੀਆਂ ਹਨ। ਕਰਮ ਕਰਦੀਆਂ ਹਨ, ਫਲ ਭੋਗਦੀਆਂ ਹਨ। ਸਾਰੀਆਂ ਸੰਸਾਰੀ ਆਤਮਾ ਸਰੀਰ ਨਾਲ ਬੰਧੀਆ ਹਨ। ਆਤਮਾ ਦਾ ਅਕਾਰ ਜੈਨ ਧਰਮ ਅਨੁਸਾਰ ਸਰੀਰ ਵਿਆਪੀ ਹੈ। ਆਤਮਾ ਧਰਮ ਨੂੰ ਜੈਨ ਸਰਵ ਵਿਆਪੀ ਨਹੀਂ ਮੰਨਦਾ।

## ਜੈਨ ਦਰਿਸ਼ਟੀ ਪਖੋ ਆਤਮਾ ਦਾ ਸਵਰੂਪ :

(1) ਜੀਵ ਆਨੰਦ ਹੈ ਅਵਿਨਾਸ਼ੀ ਅਤੇ ਅਕਸ਼ੇ (ਨਾ ਖਤਮ ਹੋਣ ਵਾਲਾ) ਹੈ। ਦਰਵ ਨਯ ਪਖੋਂ ਪਖੋਂ ਉਸ ਦਾ ਸਵਰੂਪ ਨਸ਼ਟ ਨਹੀਂ ਹੁਦਾ। ਇਸ ਕਾਰਣ ਆਤਮਾ ਨਿੱਤ ਹੈ ਪਰਿਆਏ ਪਖੋਂ ਭਿੰਨ 2 ਰੂਪ ਵਿਚ ਬਦਲਦਾ ਹੈ ਸੋ ਆਤਮਾ ਅਨਿੱਤ ਹੈ।

(2) ਸੰਸਾਰੀ ਜੀਵ ਅਤੇ ਸਰੀਰ ਦਾ ਕੋਈ ਭੇਦ ਨਹੀਂ ਜਾਪਦਾ। ਦੁੱਧ ਤੇ ਪਾਣੀ, ਤਿੱਲ ਤੇ ਤੇਲ ਇਕ ਲਗਦੇ ਹਨ ਇਸੇ ਤਰ੍ਹਾਂ ਸੰਸਾਰੀ ਦਸਾ ਵਿਚ ਜੀਵ ਅਤੇ ਸਰੀਰ ਇਕ ਲਗਦੇ ਹਨ।

## ਜੀਵ ਦਾ ਪਰਿਮਾਣ :

ਜੀਵ ਦੇ ਸਰੀਰ ਦੇ ਅਕਾਰ ਅਨੁਸਾਰ ਆਤਮਾ ਦਾ ਅਕਾਰ ਸਰੀਰ ਵਿਚ ਫੈਲਿਆ ਹੋਇਆ ਹੈ।

(1) ਆਤਮਾ ਕਾਲ ਪਖੋਂ ਆਨੰਦ ਅਵਿਨਾਸ਼ੀ ਹੈ।

(2) ਆਤਮਾ ਅਕਾਸ਼ ਦੀ ਤਰ੍ਹਾਂ ਅਮੂਰਤ ਹੈ ਫੇਰ ਵੀ ਅਵਗਾਹ (ਅਕਾਰ) ਗੁਣ ਤੇ ਜਾਣਿਆ ਜਾਂਦਾ ਹੈ ਇਸੇ ਤਰ੍ਹਾਂ ਜੀਵ ਅਮੂਰਤ ਹੈ ਅਤੇ ਵਿਗਿਆਨ ਗੁਣ ਨਾਲ ਜਾਣਿਆ ਜਾਂਦਾ ਹੈ।

(3) ਜੀਵ ਜਿਵੇਂ ਪ੍ਰਿਥਵੀ ਸਭ ਦਰੱਵਾਂ ਦਾ ਅਧਾਂਰ ਹੈ ਉਸੇ ਪ੍ਰਕਾਰ ਹੀ ਜੀਵ

ਗਆਨ ਆਦਿ ਗੁਣਾਂ ਦਾ ਅਧਾਰ ਹੈ।

[4] ਜਿਵੇਂ ਅਕਾਸ਼ ਤਿੰਨ ਕਾਲਾ ਵਿਚ ਅਕਸ਼ੈ, ਅਨੰਤ, ਅਤੇ ਅਤੁਲ ਹੈ ਉਸੇ ਪ੍ਰਕਾਰ ਜੀਵ (ਆਤਮਾ) ਤਿੰਨ ਕਾਲਾਂ ਵਿਚ ਅਵਿਨਾਸ਼ੀ ਹੈ।

[5] ਜਿਵੇਂ ਸੋਨੇ ਦੀ ਪਰਿਆਏ ਅਵਸਥਾ ਕੁੰਡਲ, ਮੁਕੱਟ ਹੋਣ ਤੇ ਸੋਨਾ ਮੂਲ ਰੂਪ ਵਿਚ ਸੋਨਾ ਹੀ ਰਹਿਦਾ ਹੈ। ਉਸ ਦੇ ਨਾ ਤੇ ਰੂਪ ਵਿਚ ਅੰਤਰ ਪੈਂਦਾ ਹੈ ਉਸੇ ਪ੍ਰਕਾਰ ਚਾਰ ਗਤੀਆਂ ਵਿਚ ਘੁਮ ਰਹੇ ਜੀਵਾਂ ਦੀ ਪਰਿਆਏ ਬਦਲ ਦੀ ਰਹਿੰਦੀ ਹੈ। ਜੀਵ ਦਰੱਵ ਸੋਨੇ ਦੀ ਤਰ੍ਹਾਂ ਨਿੱਜ ਮੂਲ ਵਿਚ ਹੀ ਰਹਿੰਦਾ ਹੈ।

[6] ਜਿਵੇਂ ਕਾਮਾ ਕੰਮ ਕਰਕੇ ਫਲ ਭੋਗਦਾ ਹੈ। ਉਸ ਪ੍ਰਕਾਰ ਜੀਵ ਕਰਮ ਕਰਦਾ ਹੈ ਅਤੇ ਫ਼ਲ ਭੋਗਦਾ ਹੈ।

[7] ਜਦ ਦਿਨ ਵਿਚ ਸੂਰਜ ਹੁੰਦਾ ਹੈ ਤਾਂ ਵਿਖਾਈ ਦਿੰਦਾ ਹੈ ਅਤੇ ਇਹ ਰਾਤ ਨੂੰ ਦੂਸਰੇ ਪਾਸੇ ਚਲਾ ਜਾਂਦਾ ਹੈ ਪ੍ਰਕਾਸ਼ ਕਰਦਾ ਹੈ ਪਰ ਦੂਸਰੇ ਪਾਸੇ ਦਾ ਪ੍ਰਕਾਸ਼ ਵਿਖਾਈ ਨਹੀਂ ਦਿੰਦਾ। ਉਸੇ ਪ੍ਰਕਾਰ ਵਰਤਮਾਨ ਸਰੀਰ ਵਿਚ ਰਹਿੰਦਾ ਹੋਇਆ ਜੀਵ ਉਸ ਨੂੰ ਪ੍ਰਕਾਸ਼ਿਤ ਕਰਦਾ ਹੈ ਅਤੇ ਪਹਿਲੇ ਸਰੀਰ ਨੂੰ ਛੱਡ ਕੇ ਦੂਸਰੇ ਨੂੰ ਪ੍ਰਕਾਸ਼ਿਤ ਕਰਦਾ ਹੈ।

[8] ਜਿਵੇਂ ਕਮਲ ਦੀ ਖੁਸ਼ਬੂ ਅੱਖਾਂ ਨਾਲ ਵੇਖੀ ਨਹੀਂ ਜਾ ਸਕਦੀ। ਫਿਰ ਵੀ ਨਕ ਰਾਹੀਂ ਗ੍ਰਹਿਣ ਹੁੰਦੀ ਹੈ ਜਿਵੇਂ ਸਾਜਾਂ ਦੀ ਅਵਾਜ ਕੰਨਾਂ ਨਾਲ ਗ੍ਰਹਿਣ ਹੁੰਦੀ ਹੈ ਅੱਖਾਂ ਨਾਲ ਵਿਖਾਈ ਨਹੀਂ ਦਿੰਦੀ। ਇਸ ਤਰ੍ਹਾਂ ਆਤਮਾ ਗਿਆਨ ਵਾਨ ਹੈ ਪਰ ਇਸਦਾ ਗਿਆਨ ਜੀਵ ਦੇ ਨਾ ਵਿਖਾਈ ਦੇਣ ਤੇ ਵੀ ਗਿਆਨ ਗੁਣ ਹੋਣ ਕਾਰਣ ਗ੍ਰਹਿਣ ਕੀਤਾ ਜਾਂਦਾ ਹੈ। ਗਿਆਨ ਗ੍ਰਹਿਣ ਦਾ ਵਿਸ਼ਾ ਹੈ ਵੇਖਣ ਦਾ ਵਿਸ਼ਾ ਨਹੀਂ।

[9] ਜਿਵੇਂ ਸਰੀਰ ਅੰਦਰ ਰਿਹਾ ਹੋਇਆ ਜੀਵ ਹਾਸੇ ਨਾਚ, ਸੁਖ ਦੁਖ ਬੋਲ-ਚਾਲ ਆਦਿ ਕ੍ਰਿਆਵਾਂ ਤੋਂ ਜਾਣਿਆ ਜਾਂਦਾ ਹੈ। ਇਸੇ ਪ੍ਰਕਾਰ ਆਤਮਾ ਜਾਣਿਆ ਜਾਂਦਾ ਹੈ।

[10] ਜਿਵੇਂ ਖਾਇਆ ਭੋਜਨ ਸੱਤ ਧਾਤੂਆਂ ਵਿਚ ਬਦਲ ਜਾਂਦਾ ਹੈ। ਉਸੇ ਤਰ੍ਹਾਂ ਜੀਵ ਦਵਾਰਾ ਗ੍ਰਹਿਣ ਕਰਮਯੋਗ ਪੁਦਗਲ ਅਪਣੇ.ਆਪ ਰੂਪ ਵਿਚ ਬਦਲ ਜਾਂਦੇ ਹਨ।

[11] ਜਿਵੇਂ ਸੋਨਾ ਤੇ ਮਿਟੀ ਦਾ ਮਿਲਾਪ ਅਨਾਦਿ ਹੈ ਉਸੇ ਪ੍ਰਕਾਰ ਜੀਵ ਅਤੇ ਕਰਮ ਦਾ ਸਬੰਧ ਅਨਾਦਿ ਹੈ।

**ਜੀਵ ਦਾ ਬਾਹਰਲਾ ਲੱਛਣ :**

ਅਪਣੀ ਤਰ੍ਹਾਂ ਦੇ ਜੀਵਾਂ ਨਾਲ ਜਨਮ, ਵਾਧਾ, ਉਤਪਾਦਨ, ਜਨਮ ਮਰਨ ਦੀ ਸ਼ਕਤੀ ਜੀਵ ਦਾ ਬਾਹਰਲਾ ਲਛਣ ਹੈ। ਕੀੜੀ ਵਿਚ ਚੇਤਨਾ ਹੈ ਪਰ ਰੇਲ ਗਡੀ ਜੜ ਹੈ ਘੁਮਦੇ ਦੋਵੇਂ ਹਨ।

**ਨਿਸਚੇ ਲੱਛਣ :**

ਆਤਮਾ ਦਾ ਨਿਸ਼ਚੇ ਗੁਣ ਚੇਤਨਾ ਹੈ ਪ੍ਰਾਣੀ ਮਾਤਰਾ ਵਿਚ ਵੇਖਨ ਵਿਚ ਇਹ ਘੱਟ

ਵੱਧ ਹੋ ਸਕਦੀ ਹੈ। ਪਰ ਸਤਾ ਰੂਪ ਵਿਚ ਚੇਤੰਨ ਸ਼ਕਤੀ ਸਭ ਪ੍ਰਾਣੀਆਂ ਵਿਚ ਅਨੰਦ ਹੈ। ਪਰ ਵਿਕਾਸ ਪਖੋਂ ਸਭ ਵਿਚ ਇਕ ਤਰ੍ਹਾਂ ਦੀ ਨਹੀਂ। ਗਿਆਨ ਤੇ ਪਰਦਾ ਪੈ ਜਾਣ ਕਾਰਣ ਦੁਰਬਲਤਾ ਆ ਸਕਦੀ ਹੈ। ਸੋ ਆਤਮਾ ਨਾ ਤਾਂ ਮਨ ਹੈ ਨਾ ਹੀ ਇੰਦਰੀਆਂ, ਨਾ ਹੀ ਕਰਮ। ਮਨ, ਇੰਦਰੀਆ ਅਤੇ ਕਰਮ ਆਤਮਾ ਦੀ ਹੋਂਦ ਤੋਂ ਬਿਨਾ ਚੇਤਨਾ ਰਹਿਤ ਹਨ। ਹਰ ਆਤਮਾ ਦੀ ਸੁਤੰਤਰ ਸੱਤਾ ਹੈ ਸੁਤੰਤਰ ਵਿਕਾਸ ਹੈ। ਧਰਮ ਗ੍ਰਹਿਣ ਕਰਨ ਦੀ ਸ਼ਕਤੀ ਹਰ ਆਤਮਾ ਵਿਚ ਇਕ ਤਰ੍ਹਾਂ ਦੀ ਨਹੀਂ। ਮਨੁੱਖ ਜੂਨ ਤੋਂ ਛੁਟ ਕੋਈ ਵੀ ਜੂਨ ਅਜਿਹੀ ਨਹੀਂ ਜਿਸ ਵਿਚ ਸਾਧਨਾ ਰਾਹੀਂ ਆਤਮਾ ਮੋਕਸ਼ ਜਾਂ ਨਿਰਵਾਨ ਹਾਸਲ ਕਰ ਸਕੇ। ਮੋਕਸ਼ ਲਈ 14 ਗੁਣ ਸਥਾਨਾ ਰੂਪੀ ਪੌੜੀ ਤੇ ਚੜਨਾ ਬਹੁਤ ਜ਼ਰੂਰੀ ਹੈ। (ਵੇਖੋ ਗੁਣ ਸਥਾਨ)

ਸੰਸਾਰ ਵਿਚ ਭਿਨਤਾਵਾਂ ਦਾ ਕਾਰਣ ਜੀਵ ਅਤੇ ਪੁਦਗਲ ਦਾ ਸੁਮੇਲ ਹੈ ਜੋ ਸ੍ਰਿਸ਼ਟੀ ਅਖਵਾਉਦਾ ਹੈ। ਜੀਵ ਤੇ ਪੁਦਗਲ ਵਿਚ ਦੋ ਅਵਸਥਾਵਾਂ ਮਿਲਦੀਆਂ ਹਨ।

ਜੀਵ ਅਤੇ ਪੁਦਗਲ ਵਿਚ ਕਾਲ ਕਾਰਣ ਜੋ ਪਰੀਵਰਤਨ ਹੁੰਦਾ ਹੈ। ਉਹ ਸੁਭਾਵਿਕ ਪਰੀਵਰਤਨ ਹੈ। ਜੀਵ ਦੇ ਨਮਿਤ ਜੋ ਪੁਦਗਲ ਵਿਚ ਅਤੇ ਪੁਦਗਲ ਦੇ ਨਮਿਤ ਜੋ ਜੀਵ ਵਿਚ ਪਰੀਵਰਤਨ ਹੁੰਦਾ ਹੈ ਉਹ ਵਿਭਾਵ ਪਰੀਵਰਤਨ ਹੈ ਪੁਦਗਲ ਜੜ ਹੈ ਅਚੇਤਨ ਹੈ ਆਤਮਾ ਤੇ ਪੁਦਗਲ ਦੋਹਾਂ ਦੇ ਸਹਿਯੋਗ ਨਾਲ ਜੀਉਂਦਾ ਸਰੀਰ ਬਣਦਾ ਹੈ। ਪੁਦਗਲ ਦੇ ਸਹਿਯੋਗ ਕਾਰਣ ਜੀਵ ਦੇ ਗਿਆਨ ਨੂੰ ਕ੍ਰਿਆਤਮਕ ਰੂਪ ਮਿਲਦਾ ਹੈ ਪੁਦਗਲ ਦੋ ਪ੍ਰਕਾਰ ਦਾ ਹੈ ਜੀਵ ਸਹਿਤ ਅਤੇ ਜੀਵ ਰਹਿਤ। ਸਰੀਰ ਅਤੇ ਆਤਮਾ ਦਾ ਨਾ ਸੁਮੇਲ ਜੀਵ ਸਹਿਤ ਸਰੀਰ ਹੈ।

ਜੀਵ ਤੇ ਸਰੀਰ ਦਾ ਸਬੰਧ ਅਨੰਤ ਕਾਲ ਤੋਂ ਹੈ। ਜਦ ਤਕ ਇਹ ਸਬੰਧ ਟੁਟਦਾ ਨਹੀਂ ਉਦੋਂ ਤਕ ਪੁਦਗਲ ਜੀਵ ਤੇ ਜੀਵ, ਪੁਦਗਲ ਤੇ ਆਪਣਾ ੨ ਅਸਰ ਪਾਉਂਦੇ ਰਹਿੰਦੇ ਹਨ।ਜੀਵ (ਆਤਮਾ)ਤੇ ਪ੍ਰਭਾਵ ਪਾਉਣ ਵਾਲਾ ਕਾਰਮਣ ਸਰੀਰ ਹੈ ਜੋ ਕਰਮਾਂ ਦੇ ਪੁਦਗਲ ਤੋਂ ਜਨਮ ਸਮੇਂ ਬਣਦਾ ਹੈ। ਅਤੀਇੰਦਰੀਆ (ਇੰਦਰੀ ਰਹਿਤ) ਹੋਣ ਕਾਰਣ ਮੁਕਤ ਅਵਸਥਾ ਤਕ ਜਨਮ ਮਰਨ ਸਮੇਂ ਗਤਿ ਤਹਿ ਕਰਦਾ ਹੈ ਅਤੇ ਆਤਮਾ ਨੂੰ ਇਕ ਗਤਿ ਤੋਂ ਦੂਸਰੀ ਗਤਿ ਤਕ ਕਰਮ ਅਨੁਸਾਰ ਲੈ ਜਾਂਦਾ ਹੈ। ਇਸਦਾ ਸਹਿਯੋਗੀ ਇੰਦਰੀ ਰਹਿਤ ਤੇਜਸ ਸਰੀਰ ਹੈ ਇਸ ਦਾ ਕੰਮ ਖਾਏ ਅੰਨ ਨੂੰ ਪਚਾਉਣਾ ਹੈ। ਇਸਤੋਂ ਛੁੱਟ ਆਮ ਜੀਵ ਕੋਲ ਅੌਦਾਰਿਕ ਸਰੀਰ ਹੁੰਦਾ ਹੈ ਜੋ ਵਿਖਾਈ ਦਿੰਦਾ ਹੈ ਮਰਨ ਸਮੇਂ ਜੋ ਅਗਨ ਭੇਟ ਹੁੰਦਾ ਹੈ। ਅਹਾਰਕ ਸਰੀਰ ਖਾਸ਼ ਗਿਆਨੀਆਂ ਪਾਸ ਹੁੰਦਾ ਹੈ ਜੋ ਤੱਪ ਰਾਹੀਂ ਪ੍ਰਾਪਤ ਹੁੰਦਾ ਹੈ ਇਹ ਸਰੀਰ ਹਰ ਮਨੁੱਖ ਕੋਲ ਨਹੀਂ ਹੋ ਸਕਦਾ। ਇਸ ਸਰੀਰ ਨਾਲ ਗਿਆਨੀ ਸੂਖਮ ਸਰੀਰ ਦੀ ਰਚਨਾ ਕਰਕੇ, ਤੀਰਥੰਕਰਾਂ ਤੋਂ ਪ੍ਰਸ਼ਨ ਦਾ ਉਤਰ ਪੁਛਦੇ ਹਨ। ਬੈਕਰਿਆ ਸਰੀਰ ਦੇਵਤਿਆਂ ਤੇ ਨਾਰਕੀਆਂ ਕੋਲ ਹੈ।

## ਆਤਮ ਦੀ ਮੁਕਤੀ ਦਾ ਕ੍ਰਮ

ਆਤਮਾ ਦੀ ਮੁਕਤੀ ਲਈ ਜ਼ਰੂਰੀ ਹੈ ਕਿ 14 ਗੁਣ ਸਥਾਨਾਂ ਦਾ ਸਵਰੂਪ ਸ਼ਾਸਤਰ ਅਨੁਸਾਰ ਸਮਝਿਆ ਜਾਵੇ।

## ਗੁਣ ਸਥਾਨ ਜਾਂ ਗੁਣ ਸ਼੍ਰੇਣੀ

'ਗੁਣ ਸਥਾਨ' ਜੈਨ ਸਿਧਾਂਤ ਦਾ ਪਰਿਭਾਸ਼ਿਕ ਸ਼ਬਦ ਹੈ।ਆਤਮਾ ਦੀ ਪ੍ਰਮਾਤਮਾ ਬਨਣ ਤਕ ਦੀ ਕ੍ਰਿਆ ਹੀ ਗੁਣ ਸਥਾਨ ਹੈ। ਆਤਮਾ ਨੂੰ ਪ੍ਰਮਾਤਮਾ ਬਨਣ ਲਈ ਜਿਨ੍ਹਾਂ ਗੁਣਾਂ ਨੂੰ ਪਾਲਨ ਕਰਨਾ ਪੈਂਦਾ ਹੈ ਅਤੇ ਜਿਨ੍ਹਾਂ ਹਾਲਤਾਂ ਵਿਚੋਂ ਗੁਜਰਨਾ ਪੈਂਦਾ ਹੈ। ਇਸ ਨੂੰ ਹੀ ਸੰਖੇਪ ਵਿਚ ਗੁਣ ਸਥਾਨ ਆਖਦੇ ਹਨ। ਆਤਮ ਵਿਕਾਸ ਦੀ 14 ਸ਼੍ਰੇਣੀਆਂ ਜਾਂ ਸਥਾਨ ਹਨ।

(1) ਮਿਥਿਆਤਵ ਦਰਿਸ਼ਟੀ ਗੁਣ ਸਥਾਨ (2) ਸਾਸਵਾਦਨ ਸਮਿਅਕ ਦਰਿਸ਼ਟੀ ਗੁਣ ਸਥਾਨ (3) ਮਿਸ਼ਰਗੁਣ ਸਥਾਨ (4) ਅਵਿਰਤੀ ਸਮਿਅਕ ਦ੍ਰਿਸ਼ਟੀ ਗੁਣ ਸਥਾਨ (5) ਦੇਸ਼ ਵਿਰਤੀ ਗੁਣ ਸਥਾਨ (6) ਪ੍ਰਮਤ ਗੁਣ ਸਥਾਨ (7) ਅਪ੍ਰਮਤਸੰਯਤ ਗੁਣ ਸਥਾਨ (8) ਨਿਵਰਤੀਵਾਦ ਗੁਣ ਸਥਾਨ (9) ਅਨਿਵਰਤੀ ਗੁਣ ਸਥਾਨ (10) ਸੂਖਮਸੰਪਰਾਏ ਗੁਣ ਸਥਾਨ (11) ਉਪਸ਼ਾਤ ਮੋਹ ਗੁਣ ਸਥਾਨ (12) ਸ਼ੀਨ ਮੋਹ ਗੁਣ ਸਥਾਨ (13) ਸਯੋਗ ਕੇਵਲੀ ਗੁਣ ਸਥਾਨ (14) ਅਯੋਗੀ ਕੇਵਲ ਗੁਣ ਸਥਾਨ।

(1) **ਮਿਥਿਆ ਦ੍ਰਿਸ਼ਟੀ :—** ਜਦ ਤਕ ਜੀਵ ਨੂੰ ਆਤਮਾ ਦੇ ਸਵਰੂਪ ਦਾ ਪਤਾ ਨਹੀਂ ਲਗਦਾ, ਉਹ ਮਿਥਿਆ ਦ੍ਰਿਸ਼ਟੀ ਅਖਵਾਉਂਦਾ ਹੈ। ਉਹ ਮਿਥਿਆ ਦਰਿਸ਼ਟੀ ਜੀਵ ਸ਼ਰੀਰ ਦੀ ਉਤਪਤੀ ਨੂੰ ਹੀ ਆਤਮਾ ਦੀ ਉਤਪੱਤੀ ਤੇ ਸਰੀਰ ਦੇ ਮਰਨ ਨੂੰ ਹੀ ਆਤਮਾ ਦੀ ਮੌਤ ਸਮਝਦਾ ਹੈ। ਪਰ ਜਦੋਂ ਕਿਸੇ ਸਤਿਗੁਰੂ ਦੀ ਸੰਗਤ ਸਦਕਾ ਆਤਮਾ ਦੇ ਸਵਰੂਪ ਨੂੰ ਸਮਝ ਲੈਂਦਾ ਹੈ ਤਾਂ ਉਸਦੇ ਕਸ਼ਾਏ ਘੱਟ ਜਾਂਦੇ ਹਨ। ਰਾਗ ਦਵੇਸ਼ ਠੰਡੇ ਪੈ ਜਾਂਦੇ ਹਨ। ਅਜੇਹੇ ਸਮੇਂ ਜੀਵ ਅਨਾਦਿ ਕਾਲ ਤੋਂ ਆਤਮ ਨਾਲ ਚਿਮੜੇ ਕਸ਼ਾਏ ਖਤਮ ਹੋ ਕੇ ਜੀਵ ਸੱਚੀ (ਸਮਿਅਕ) ਦ੍ਰਿਸ਼ਟੀ ਪ੍ਰਾਪਤ ਕਰਦਾ ਹੈ ਆਪਣੀ ਆਤਮਾ ਦੇ ਸੱਚੇ ਸਵਰੂਪ ਪਛਾਣ ਲੈਂਦਾ ਹੈ। ਮਿਥਿਆ ਦ੍ਰਿਸ਼ਟੀ ਜੀਵ ਆਤਮਾ ਨੂੰ ਪਛਾਣ ਕੇ ਪਹਿਲੇ ਗੁਣ ਸਥਾਨ ਤੋਂ ਚੌਥੇ ਗੁਣ ਸਥਾਨ ਤਕ ਪਹੁੰਚ ਜਾਂਦਾ ਹੈ।

ਮਿਥਿਆ ਦ੍ਰਿਸ਼ਟੀ ਜੀਵ ਦੇ ਨਾਲ ਦਰਸ਼ਨਾ ਮੋਹਨੀਆਂ ਕਰਮ ਅਨਾਦਿ ਕਾਲ ਤੋਂ ਮਿਥਿਆਤਵ ਰੂਪ ਵਿਚ ਚਲੇ ਆ ਰਹੇ ਸਨ। ਪਰ 'ਕਰਨ ਲਬਧੀ' ਦੀ ਕ੍ਰਿਪਾ ਸਦਕਾ ਉਸ ਦੇ ਤਿੰਨ ਹਿੱਸੇ ਹੋ ਜਾਂਦੇ ਹਨ। ਜੋ ਇਸ ਪ੍ਰਕਾਰ ਹਨ।

(1) ਮਿਥਿਆਤਵ (2) ਸਮਿਅਕ ਮਿਥਿਆਤਵ ਤੇ (3) ਸਮਿਅਕ ਪ੍ਰਾਕ੍ਰਿਤੀ।

ਜੀਵ ਨੂੰ ਪਹਿਲੀ ਵਾਰ ਜੋ ਸਮਿਅਕ ਦਰਸ਼ਨ (ਸੱਹੀ ਵਿਸ਼ਵਾਸ) ਹੁੰਦਾ ਹੈ ਉਸ ਨੂੰ ਪ੍ਰਥਮ-ਸਮਿਅਕਤਵ ਆਖਦੇ ਹਨ। ਇਸ ਦਾ ਸਮਾਂ ਮਹੂਰਤ ਤੋਂ ਘੱਟ ਹੈ। ਕਿਸੇ ਵੀ ਸਮੇਂ ਇਸ

ਦੇ ਖਤਮ ਹੁੰਦੇ ਹੀ ਜੀਵ ਸਮਿਅਕਤਵ (ਗਿਆਨ, ਦਰਸ਼ਨ ਤੇ ਚਾਰਿਤਰ) ਰੂਪੀ ਪਰਬਤ ਤੋਂ ਹੇਠਾਂ ਗਿਰ ਜਾਂਦਾ ਹੈ ਉਸ ਸਮੇਂ ਜੇ ਸਮਿਅਕ ਮਿਥਿਆਤਵ-ਪ੍ਰਾਕ੍ਰਿਤੀ ਪੈਦਾ ਹੋ ਜਾਵੇ ਤਾਂ ਜੀਵ ਤੀਸਰੇ ਗੁਣ ਸਥਾਨ ਵਿਚ ਪਹੁੰਚ ਜਾਂਦਾ ਹੈ। ਜੇ ਕਰੋਧ ਆਦਿ ਕਸ਼ਾਏ ਪੈਦਾ ਹੋ ਜਾਵੇ ਤਾ ਦੂਸਰੇ ਸਥਾਨ ਵਿਚ ਪਹੁੰਚ ਜਾਂਦਾ ਹੈ। ਜੋ ਮਿਥਿਆ ਕਰਮ ਪੈਦਾ ਹੋ ਜਾਵੇ, ਤਾਂ ਜੀਵ ਫੇਰ ਮਿਥਿਆ ਦ੍ਰਿਸ਼ਟੀ ਬਣ ਜਾਂਦਾ ਹੈ ਭਾਵ ਇਹ ਹੈ ਕਿ ਦੂਸਰੇ ਤੇ ਤੀਸਰੇ ਗੁਣ ਸਥਾਨ ਇੰਨੇ ਸੂਖਮ ਹਨ ਕਿ ਜੀਵ ਦੇ ਪਤਨ ਦਾ ਕਾਰਨ ਹੀ ਬਣਦੇ ਹਨ।

(2) **ਸਾਸਵਾਦਨ ਸਮਿਅਕ ਦ੍ਰਿਸ਼ਟੀ** :—ਜਿਵੇਂ ਕਿ ਉਪਰ ਦਸਿਆ ਗਿਆ ਹੈ ਕਿ ਇਸ ਗੁਣ ਸਥਾਨ ਕਾਰਨ ਜੀਵ ਪਤਿੱਤ ਹੋ ਜਾਂਦਾ ਹੈ। ਸਾਸਵਾਦਨ ਦਾ ਅਰਥ ਸਮਿਅਕਤਵ ਦੀ ਰੁਕਾਵਟ ਹੀ ਹੈ। ਜਿਵੇਂ ਕੋਈ ਮਿੱਠੀ ਖੀਰ ਖਾਵੇ ਅਤੇ ਉਸ ਨੂੰ ਉਸੇ ਸਮੇਂ ਉਲਟੀ ਆ ਜਾਵੇ। ਜਿਵੇਂ ਉਹ ਉਲਟੀ ਕਰਦੀਆਂ ਖੀਰ ਦੀ ਮਿਠਾਸ ਅਨੁਭਵ ਕਰਦਾ ਹੈ ਉਸੇ ਪ੍ਰਕਾਰ ਸਮਿਅਕਤਵ ਦ੍ਰਿਸ਼ਟੀ ਜੀਵ ਜਦ ਕਰਮਾ ਕਾਰਣ ਸਮਿਅਕਤਵ ਨੂੰ ਉਲਟਦਾ ਹੈ ਤਾਂ ਉਸ ਉਲਟੀ ਕਰਦੇ ਸਮੇਂ ਉਸ ਨੂੰ ਸਮਿਅਕ ਦਰਸ਼ਨ ਤੇ ਆਤਮ ਸ਼ੁਧੀ ਦਾ ਧਿਆਨ ਰਹਿੰਦਾ ਹੈ। ਸਮਿਅਕ ਦਰਸ਼ਨ ਤੋਂ ਗਿਰਿਆ ਜੀਵ ਦੂਸਰੇ ਸਥਾਨ ਵਿਚ ਇਕ ਸਮੇਂ ਤੋਂ ਲੈ ਕੇ 6 ਆਵਲੀ ਤਕ ਰਹਿੰਦਾ ਹੈ ਤੇ ਫੇਰ ਮਿਥਿਆ ਕਰਮ ਪੈਦਾ ਹੋਣ ਲੱਗ ਜਾਂਦੇ ਹਨ।

(3) **ਸਮਿਅਕ ਮਿਥਿਆ ਦਰਿਸ਼ਟੀ** : ਇਸ ਗੁਣ ਸਥਾਨ ਵਿਚ ਆਤਮਾ ਦੇ ਭਾਵ ਬੜੇ ਵਚਿੱਤਰ ਹੁੰਦੇ ਹਨ। ਇਸ ਗੁਣ ਸਥਾਨ ਵਾਲਾ ਸਮਿਅਕ (ਸੱਚ) ਮਿਥਿਆਤਵ (ਝੂਠ) ਦੋਹਾਂ ਤੇ ਸ਼ਰਧਾ ਰੱਖਦਾ ਹੈ। ਇਸ ਤਰ੍ਹਾਂ ਇਸ ਗੁਣ ਸਥਾਨ ਵਾਲਾ ਨਾਂ ਤਾਂ ਸਚ ਪ੍ਰਤਿ ਰੁਚੀ ਰਖਦਾ ਹੈ ਅਤੇ ਨਾਂ ਹੀ ਨਫ਼ਰਤ। ਜਿਸ ਤਰ੍ਹਾਂ ਦਹੀਂ ਤੇ ਚੀਨੀ ਵਾਲਾ ਦਾ ਸਵਾਦ ਖੱਟਾ-ਮਿੱਠਾ, ਇਕ ਹੋਰ ਹੀ ਤਰ੍ਹਾਂ ਦਾ ਹੁੰਦਾ ਹੈ ਇਸ ਤਰ੍ਹਾਂ ਤੀਸਰੇ ਗੁਣ ਸਥਾਨ ਵਾਲਾ ਨਾਂ ਤੇ ਠੀਕ ਹੁੰਦਾ ਹੈ ਨਾਂ ਹੀ ਗਲਤ। ਇਸ ਹਾਲਤ ਦਾ ਸਮ੍ਹਾਂ ਇਕ ਮਹੂਰਤ (48 ਮਿੰਟ) ਤੋਂ ਘੱਟ ਹੈ। ਪਰ ਜੇ ਜੀਵ ਇਸ ਹਾਲਤ ਵਿਚ ਵੀ ਸੰਭਲ ਜਾਵੇ ਤਾਂ ਉਹ ਚੌਥੇ ਗੁਣ ਸਥਾਨ ਵਿਚ ਪਹੁੰਚ ਜਾਂਦਾ ਹੈ।

(4) **ਅਸੰਯਤ ਸਮਿਅਕ ਦਰਿਸ਼ਟੀ** :—ਇਸ ਅਵਸਥਾ ਵਿਚ ਆਤਮਾ ਨੂੰ ਸਮਿਅਕ ਦਰਸ਼ਨ (ਸੱਚਾ ਵਿਸ਼ਵਾਸ) ਦੀ ਪ੍ਰਾਪਤੀ ਹੁੰਦੀ ਹੈ। ਸਮਿਅਕ ਦਰਸ਼ਨ ਤਿੰਨ ਪ੍ਰਕਾਰ ਦਾ ਹੈ।

(1) ਔਪਸ਼ਮੀਕ (2) ਸ਼ਾਯੀਕ (3) ਖਾਯੋਪਸ਼ਮਿਕ।

ਦਰਸ਼ਨ-ਮੋਹਨੀਆ ਕਰਮ ਦੀਆਂ ਮਿਥਿਆਤਵ, ਸਮਿਅਕ ਮਿਥਿਆਤਵ ਅਤੇ ਸਮਿਅਕਤਵ, ਇਹ ਤਿੰਨ ਪ੍ਰਕ੍ਰਿਤੀਆਂ ਅਤੇ ਚਾਰਿੱਤਰ ਅਤੇ ਮੋਹਨੀਆ ਕਰਮ ਦੀ ਕਰੋਧ, ਮਾਨ, ਮਾਇਆ ਤੇ ਲੋਭ ਚਾਰ ਹਾਲਤਾਂ ਹਨ।

ਇਨ੍ਹਾਂ ਸੱਤਾ ਦੇ ਖਾਤਮੇ ਤੇ ਅਪੋਸ਼ਮਿਕ ਸਮਿਅਕ ਦਰਸ਼ਨ ਪ੍ਰਾਪਤ ਹੁੰਦਾ ਹੈ। ਜੀਵ

ਨੂੰ ਪਹਿਲਾਂ ਸਮਿਅਕ ਦਰਸ਼ਨ ਪ੍ਰਾਪਤ ਹੁੰਦਾ ਹੈ, ਪਰ ਇਹ ਹਾਲਤ ਇਕ ਮਹੂਰਤ ਤੋਂ ਵੀ ਘੱਟ ਰਹਿੰਦੀ ਹੈ ਜੀਵ ਜਲਦ ਹੀ ਮਿਥਿਆ ਦ੍ਰਿਸ਼ਟੀ ਬਣ ਜਾਂਦਾ ਹੈ। ਪਰ ਇਨ੍ਹਾਂ ਹਾਲਤਾਂ ਤੇ ਕਾਬੂ ਪਾਉਣ ਨਾਲ ਜੀਵ ਸਮਿਅਕ ਦ੍ਰਿਸ਼ਟੀ ਪ੍ਰਾਪਤ ਕਰ ਲੈਂਦਾ ਹੈ। ਸਮਿਅਕ ਦਰਸ਼ਨ ਦੀ ਸਥਿਤੀ ਇਕ ਮਹੂਰਤ ਤੋਂ ਲੈ ਕੇ 66 ਸਾਗਰੋਪਮ ਹੈ। ਮਨੁਸਮ੍ਰਿਤੀ ਅਨੁਸਾਰ ਸਮਿਅਕ ਦਰਸ਼ਨ ਵਾਲਾ ਜੀਵ ਕਰਮਾਂ ਦਾ ਸੰਗ੍ਰਹਿ ਨਹੀਂ ਕਰਦਾ। ਪਰ ਸਮਿਅਕ ਦਰਸ਼ਨ ਰਹਿਤ ਪ੍ਰਾਣੀ ਸੰਸਾਰ ਵਿਚ ਭਟਕਦਾ ਹੈ।

(5) **ਦੇਸ਼ ਵਿਰਤੀ** :—ਇਸ ਤੋਂ ਬਾਅਦ ਆਤਮਾ ਗ੍ਰਹਿਸਥ ਦੇ 12 ਵਰਤਾਂ ਦਾ ਪਾਲਨ ਕਰਨ ਲੱਗ ਜਾਂਦਾ ਹੈ। ਦੇਸ਼ ਵਿਰਤੀ ਤੋਂ ਭਾਵ ਹੈ ਪਾਪ ਤੋਂ ਕੁਝ ਹੱਦ ਤਕ ਬਚਨਾ ਪਰ ਪੂਰੇ ਰੂਪ ਵਿਚ ਨਹੀਂ ਅਤੇ ਇਸ ਸਮੇਂ ਜੀਵ ਸਾਧੂ ਬਨਣ ਦੀ ਕੋਸ਼ਿਸ਼ ਵੀ ਕਰਨ ਲੱਗ ਜਾਂਦਾ ਹੈ। 11ਵੀਂ ਸ਼੍ਰਮਣ ਕਲਪ ਪ੍ਰਤਿਮਾ ਤੱਕ ਤਾਂ ਮਨੁੱਖ ਇਕ ਕਿਸਮ ਦਾ ਸਾਧੂ ਬਣ ਜਾਂਦਾ ਹੈ।

(6) **ਪ੍ਰਮੱਤ ਗੁਣ ਸਥਾਨ** :—ਇਹ ਗੁਣ ਸਥਾਨ ਮੁਨੀਆਂ ਦਾ ਹੈ। ਜੋ ਪੰਜ ਮਹਾਂਵਰਤਾ ਦਾ ਪਾਲਨ ਕਰਦੇ ਹੋਏ ਵੀ, ਪ੍ਰਮਾਦ (ਅਣਗਹਿਲੀ) ਤੋਂ ਸਦਾ ਲਈ ਮੁਕਤ ਨਹੀਂ ਹੁੰਦਾ ਪ੍ਰਮਾਦ ਦੇ 15 ਭੇਦ ਹਨ :—(1) ਚਾਰ ਕਸਾਏ (2) ਚਾਰ ਵਿਕਥਾ (3) 5 ਇੰਦਰੀਆਂ ਦੇ ਵਿਸ਼ੇ (4) ਸਨੇਹ ਅਤੇ (5) ਨੀਂਦਰ।

(7) **ਅਪ੍ਰਮੱਤ ਗੁਣ ਸਥਾਨ** :—ਪ੍ਰਮਾਦ ਦੀ ਜੰਜੀਰ ਤੋਂ ਮੁਕਤਾ ਹੋਣਾ ਹੀ ਸਤਵਾਂ ਗੁਣ ਸਥਾਨ ਹੈ। ਇਸ ਗੁਣ ਸਥਾਨ ਦੇ ਦੋ ਭੇਦ ਹਨ। (1) ਸਵ ਸਥਾਨ (2) ਸਾਤਿਸ਼ੈ।

ਸਤਵੇਂ ਤੋਂ ਛੇਵੇਂ ਤੇ ਛੇਵੇਂ ਤੋਂ ਸਤਵੇਂ ਗੁਣ ਸਥਾਨ ਵਿਚ ਪਹੁੰਚਨਾ ਸਵ-ਸਥਾਨ ਹੈ। ਪਰ ਜੋ ਸਾਧੂ ਮਹੋਨੀਆਂ ਕਰਮ ਨੂੰ ਖਤਮ ਕਰਨਾ ਸ਼ੁਰੂ ਕਰਦਾ ਹੈ ਉਸ ਦੀ ਹਾਲਤ ਨੂੰ ਸਾ-ਅਤਿਸ਼ੈ ਆਖਦੇ ਹਨ।

ਅਗਲੇ ਗੁਣ ਸਥਾਨਾਂ ਦਾ ਸਵਰੂਪ ਜਾਨਣ ਲਈ ਇਹ ਸਮਝਨਾ ਜਰੂਰੀ ਹੈ ਕਿ ਅਠਵੇਂ ਗੁਣ ਸਥਾਨ ਦੀਆਂ ਦੋ ਸ਼੍ਰੇਣੀਆਂ ਹਨ। (1) ਉਪਸ਼ਮ (2) ਸ਼ਪਕ

ਉਪਸ਼ਮ ਸ਼ਰੇਣੀ ਵਿਚ 8-9-10 ਤੋਂ 11 ਗੁਣ ਸਥਾਨ ਆਉਂਦੇ ਹਨ। ਅਤੇ ਸ਼ਪਕ ਸ਼ਰੇਣੀ ਤੇ ਕੇਵਲ ਤਦ ਭਵ ਮੋਕਸ਼ ਗਾਮੀ (ਭਾਵ ਸ਼ਾਯਕ ਸਮਿਅਕ ਦ੍ਰਿਸ਼ਟੀ ਜੀਵ ਜੋ ਇਸੇ ਜਨਮ ਵਿਚ ਮੁਕਤ ਹੋਣਾ ਹੋਵੇ) ਔਪਸ਼ਮੀਕ ਦ੍ਰਿਸ਼ਟੀ ਤੇ ਸ਼ਾਯਕ ਸਮਿਅਕ ਦ੍ਰਿਸ਼ਟੀ, ਇਹ ਜੀਵ ਸਭ ਇਸੇ ਸ਼੍ਰੇਣੀ ਵਿਚ ਹਨ।

ਪਰ ਉਪਸ਼ਮ ਸ਼ਰੇਣੀ ਤੇ ਚੜ੍ਹਨ ਵਾਲਾ ਸਾਧੂ ਗਿਆਰਵੇਂ ਗੁਣ ਸਥਾਨ ਤੇ ਪਹੁੰਚ ਕੇ ਅਤੇ ਮੋਹਨੀਆਂ ਕਰਮ ਨੂੰ ਸ਼ਾਤ ਕਰਕੇ ਵੀਤਰਾਗਤਾ ਅਨੁਭਵ ਕਰਨ ਤੋਂ ਬਾਅਦ ਵੀ ਨਿਯਮਾਂ ਤੋਂ ਗਿਰ ਸਕਦਾ ਹੈ। ਜੇ ਉਹ ਹਾਲਤ ਵਿਚ ਸੰਭਲਨਾ ਚਾਹੇ ਤਾਂ ਛੇਵੇਂ ਸਤਵੇਂ ਗੁਣ ਸਥਾਨ

ਪ੍ਰਕਾਰ ਉਪਸ਼ਮ ਸ਼੍ਰੇਣੀ ਵਿਚ, ਸ਼ੁਕਲ ਧਿਆਨ ਨਾਲ ਮੋਹਨੀਆਂ ਕਰਮ ਇਕ ਮਹੂਰਤ ਤੋਂ ਘਟ ਸਮੇਂ ਲਈ ਖਤਮ ਹੋ ਜਾਂਦਾ ਹੈ। ਜਿਸ ਕਾਰਨ ਜੀਵ ਵਿਚ ਵੀਤਰਾਗਤਾ ਨਿਰਮਲਤਾ ਤੇ ਪਵਿੱਤਰਤਾ ਆ ਜਾਂਦੀ ਹੈ। ਪਰ ਇਥੋਂ ਇਹ ਭੁਲਨਾ ਨਹੀਂ ਚਾਹੀਦਾ ਕਿ ਗਿਆਨਾ ਵਰਨੀਆ (ਅਗਿਆਨ) ਕਰਮ ਮੌਜੂਦ ਰਹਿੰਦਾ ਹੈ। ਜੀਵ ਇਸ ਅਵਸਥਾ ਵਿਚ ਅਗਿਆਨੀ ਬਣ ਸਕਦਾ ਹੈ। ਕਿਉਂਕਿ ਇਹ ਪਵਿੱਤਰ ਹਾਲਤ ਇਕ ਮਹੂਰਤ ਤੋਂ ਘੱਟ ਸਮੇਂ ਤਕ ਹੀ ਰਹਿੰਦੀ ਹੈ। ਇਹ ਸਮਾਂ ਖਤਮ ਹੋਣ ਤੇ ਵੀ ਜੀਵ ਹੇਠਾ ਡਿਗ ਸਕਦਾ ਹੈ :

(12) **ਸ਼ੀਨ ਕਸ਼ਾਏ ਵੀਤਰਾਗ ਛਦਮਸਤ ਅਵਸਥਾ** :—ਸ਼ਪਕ ਸ਼੍ਰੇਣੀ ਵਾਲਾ ਜੀਵ ਦਸਵੇਂ ਗੁਣ ਸਥਾਨ ਦੇ ਅਖੀਰ ਤੇ ਸੂਖਮ ਲੋਭ ਦਾ ਖਾਤਮਾ ਕਰਕੇ ਇਕ ਦਮ ਬਾਰਹਵੇਂ ਗੁਣ ਸਥਾਨ ਵਿਚ ਪਹੁੰਚਦਾ ਹੈ ਤਾਂ ਇਸ ਗੁਣ ਸਥਾਨ ਵਿਚ ਸ਼ੁਕਲ ਧਿਆਨ ਦਾ ਦੂਸਰਾ ਭੇਦ ਪ੍ਰਗਟ ਹੁੰਦਾ ਹੈ। ਇਸ ਰਾਹੀਂ ਜੀਵ ਗਿਆਨਾਵਰਨੀਆ, ਦਰਸ਼ਨਾਵਰਨੀਆ ਅਤੇ ਅੰਤਰਾਏ ਕਰਮਾਂ ਦਾ ਖਾਤਮਾ ਕਰਦਾ ਹੈ। ਮੋਹ ਕਰਮ ਖਾਤਮਾ ਉਹ ਪਹਿਲਾ ਹੀ ਕਰ ਚੁਕਦਾ ਹੈ। ਇਸ ਪ੍ਰਕਾਰ ਜੀਵ ਆਤਮਾ ਚਾਰ ਘਾਤਕ ਕਰਮਾ ਦਾ ਖਾਤਮਾ ਕਰਕੇ ਤੇਹਰਵੇਂ ਕੇਵਲੀ ਗੁਣ ਸਥਾਨ ਵਿਚ ਪਹੁੰਚਦਾ ਹੈ।

(13) **ਸਯੋਗੀ ਕੇਵਲੀ ਗੁਣ ਸਥਾਨ** :—ਬਾਹਰਵੇਂ ਗੁਣ ਸਥਾਨ ਤਕ ਗਿਆਨਾ-ਵਰਨੀਆਂ ਤੇ ਦਰਸ਼ਨਾਵਰਨੀਆਂ ਕਰਮਾਂ ਕਾਰਨ ਜੀਵ ਅਣਜਾਨ ਰਹਿੰਦਾ ਹੈ। ਪਰ ਬਾਹਰਵੇਂ ਗੁਣ ਸਥਾਨ ਖਤਮ ਹੁੰਦੇ ਹੀ ਜੀਵ ਸਭ ਦੁਨੀਆ ਦੀ ਹਰ ਚਲ ਤੇ ਅਚੱਲ ਚੀਜਾਂ ਆਪਣੇ ਸਾਹਮਣੇ ਸਪੱਸ਼ਟ ਵੇਖਣ, ਜਾਨਣ ਲੱਗ ਜਾਂਦਾ ਹੈ ਉਹ ਸਰਵੱਗ ਤੇ ਤਿੰਨ ਲੋਕਾਂ ਦਾ ਜਾਨ-ਕਾਰ ਬ੍ਰਹਮ-ਗਿਆਨੀ, ਅਰਿਹੰਤ ਬਣ ਜਾਂਦਾ ਹੈ। ਕੇਵਲ ਗਿਆਨ ਪ੍ਰਾਪਤ ਹੋਣ ਕਾਰਨ ਉਹ ਕੇਵਲੀ ਬਣ ਜਾਂਦਾ ਹੈ। ਉਹ ਅਨੰਤ, ਗਿਆਨ, ਅਨੰਤ ਦਰਸ਼ਨ, ਅਨੰਤ ਸੁਖ, ਸਮਿਅਕਵ ਨੂੰ ਪ੍ਰਾਪਤ ਕਰਦਾ ਹੈ ਅੰਤਰਾਏਕਰਮ ਦੇ ਖਾਤਮੇ ਕਾਰਨ ਉਹ ਅਨੰਤ ਦਾਨ. ਅਨੰਤ ਲਾਭ, ਅਨੰਤ ਭੋਗ, ਅਨੰਤ ਉਪਭੋਗ ਤੇ ਅਨੰਤ ਵੀਰਜ ਦਾ ਧਨੀ ਹੁੰਦਾ ਹੈ। ਤੀਰਥੰਕਰ ਅਰਿਹੰਤ ਲਈ ਦੇਵਤੇ ਸਮੋਸਰਨ ਲਗਾਉਂਦੇ ਹਨ। 64 ਇੰਦਰ ਉਸ ਦੀ ਸੇਵਾ ਕਰਦੇ ਹਨ ਅਤੇ ਉਹ ਵਿਸ਼ਵ ਦਾ ਕਲਿਆਨ ਕਰਨ ਵਾਲਾ ਅਰਿਹੰਤ ਭਗਵਾਨ ਬਣਦਾ ਹੈ। ਜਦੋਂ ਤੇਹਰਵੇਂ ਗੁਣ ਸਥਾਨ ਦਾ ਇਕ ਮਹੂਰਤ ਬਾਕੀ ਰਹਿ ਜਾਂਦਾ ਹੈ ਤਦ ਸ਼ੁਕਲ ਧਿਆਨ ਦਾ ਤੀਸਰਾ ਭੇਦ ਪ੍ਰਗਟ ਹੁੰਦਾ ਹੈ। ਅਤੇ ਜੀਵ 14ਵੇਂ ਗੁਣ ਸਥਾਨ ਵਿਚ ਪਹੁੰਚ ਜਾਂਦਾ ਹੈ।

(14) **ਅਯੋਗੀ ਕੇਵਲ ਗੁਣ ਸਥਾਨ** :—ਇਸ ਗੁਣ ਸਥਾਨ ਵਿਚ ਪ੍ਰਵੇਸ਼ ਕਰਦੇ ਹੀ ਜੀਵ ਸ਼ੁਕਲ ਧਿਆਨ ਦੇ ਚੌਥੇ ਭੇਦ ਵਿਚ ਪਹੁੰਚ ਜਾਂਦਾ ਹੈ। ਯੋਗਾਂ ਦਾ ਖਾਤਮਾ ਹੋ ਜਾਂਦਾ ਹੈ। ਇਸੇ ਲਈ ਇਸ ਨੂੰ ਅਯੋਗੀ ਕੇਵਲੀ ਆਖਦੇ ਹਨ। ਅੰਤ ਮਹੂਰਤ ਵਿਚ ਹੀ ਕੇਵਲੀ ਆਤਮਾ ਸਭ ਕਰਮ ਪ੍ਰਕ੍ਰਿਤੀਆਂ ਦਾ ਨਾਸ਼ ਕਰਕੇ, ਸਿੱਧ, ਬੁੱਧ, ਮੁਕਤ ਪ੍ਰਮਾਤਮਾ ਜਾ ਈਸ਼ਵਰ ਬਣ ਜਾਂਦੀ ਹੈ। ਇਹੋ ਆਤਮਾ ਦੀ ਸ਼ੁਧ ਅਤੇ ਅਸਲ ਅਵਸਥਾ, ਨਿਸ਼ਾਨਾ ਨਿਰਵਾਨ ਹੈ।

## ਪੰਜ ਇੰਦਰੀਆਂ ਦੇ ਵਿਸ਼ੇ ਅਤੇ ਆਤਮਾ

ਇੰਦਰੀਆ ਅਤੇ ਮਨ ਆਤਮਾ ਨਹੀਂ। ਸੋ ਜ਼ਰੂਰੀ ਹੈ ਕਿ ਪੰਜ ਇੰਦਰੀਆਂ ਦੇ ਵਿਸ਼ਿਆਂ ਨੂੰ ਜਾਣਿਆ ਜਾਵੇ ਜਿਵੇਂ ਪਹਿਲਾ ਦਸਿਆ ਗਿਆ ਹੈ ਕਿ ਹਰ ਪ੍ਰਾਣੀ ਪੰਜ ਇੰਦਰੀਆ ਵਿਚ ਵੰਡੇ ਹਨ। ਇਕ ਇੰਦਰੀਆਂ ਵਾਲੇ ਜੀਵ ਇਕੱਲੀ ਸਪਰਸ਼ ਇੰਦਰੀ ਰਖਦੇ ਹਨ। ਸਾਰੇ ਸਥਾਵਰ ਜੀਵ ਇਸ ਵਿਚ ਸ਼ਾਮਲ ਹਨ। ਸ਼ਪਰਸ ਅਤੇ ਰਸ ਵਾਲੇ (ਜੀਭ) ਵਾਲੇ ਦੋ ਇੰਦਰੀਆਂ ਵਾਲੇ ਲਟ, ਘੁਣ, ਲਗਿਆ ਸੰਖ, ਜੋੜੀ, ਜੋਂਕ ਹਨ। ਤਿੰਨ ਇੰਦਰੀਆ ਵਾਲੇ ਜੀਵਾਂ ਕੋਲ ਸਪਰਸ਼, ਰਸ ਅਤੇ ਘਰਾਣ (ਨੱਕ) ਤਿੰਨ ਇੰਦਰੀਆਂ ਵਾਲੇ ਕੀੜੇ, ਚੀਚੜ, ਮੱਕੜ, ਕੰਨਖਜੂਰੇ ਹਨ। ਚਾਰ ਇੰਦਰੀਆ ਵਾਲੇ ਜੀਵ ਅੱਖ (ਚਕਸ਼ੂ) ਵੀ ਰਖਦੇ ਹਨ। ਇਹ ਮੱਖੀ, ਮੱਛਰ, ਭੌਰੇ, ਬਿੱਛੂ ਸ਼ਾਮਲ ਹਨ ਪੰਜ ਇੰਦਰੀਆਂ ਵਾਲੇ ਜੀਵਾਂ ਕੋਲ ਕੰਨ ਸਮੇਤ ਪੰਜ ਇੰਦਰੀਆਂ ਹਨ। ਪੰਜ ਇੰਦਰੀਆ ਦੇ ਵਿਸ਼ੇ ਇਸ ਪ੍ਰਕਾਰ ਹਨ। ਇੰਦਰੀਆ ਯੋਗ ਜਾਂਨਣ ਸ਼ਬਦ, ਵਰਨ, ਗੰਧ, ਰਸ ਸਪਰਸ ਹੀ ਵਿਸ਼ੇ ਹਨ।

### ਸ਼ਰੋਤ ਇੰਦਰੀਆਂ ਦੇ ਤਿੰਨ ਵਿਸ਼ੇ (ਸ਼ਬਦ)

(1) ਜੀਵ ਸ਼ਬਦ—ਜੀਵ ਦੀ ਅਵਾਜ

(2) ਅਜੀਵ ਸ਼ਬਦ—ਕਿਵਾੜ, ਘੜੀ ਦੀ ਅਵਾਜ

(3) ਮਿਸ਼ਰ ਅਵਾਜ—ਜੀਵ-ਅਜੀਵ ਦੀ ਮਿਲੀ ਜੁਲੀ ਅਵਾਜ ਜਿਵੇਂ ਮੂੰਹ ਨਾਲ ਸਾਜ ਵਜਾਉਣਾ।

### ਅੱਖ (ਚਖਸ਼ੂ) ਇੰਦਰੀਆ ਦੇ ਪੰਜ ਵਿਸ਼ੇ (ਰੰਗ)

(1) ਕਾਲਾ (2) ਨੀਲਾ (3) ਲਾਲ 4) ਪੀਲਾ (5) ਸਫੇਦ

### ਘਰਾਣ ਇੰਦਰੀਆ ਦੇ ਦੋ ਵਿਸ਼ੇ

(1) ਸੁਗੰਧ (2) ਦੁਰਗੰਧ

### ਰਸਨਾ ਇੰਦਰੀਆ ਦੇ 5 ਵਿਸ਼ੇ (ਰਸ)

(1) ਤਿੱਖਾ (2) ਕੌੜਾ 3) ਕਸੈਲਾ (4) ਤੇਜ਼ਾਬੀ (5) ਮਿੱਠਾ

### ਸਪਰਸ਼ਨ ਇੰਦਰੀਆਂ ਦੇ 8 ਵਿਸ਼ੇ (ਛੋਹ)

(1) ਕਰਕਸ਼ (ਖੁਰਦਰਾ) (2) ਮਰਿਦੂ (ਠੀਕ) (3) ਗੁਰੂ (ਭਾਰੀ) (4) ਲਘੂ (ਛੋਟੀ) (5) ਠੰਡਾ (6) ਗਰਮ (7) ਰੁੱਖਾ।

### ਅੱਠ ਪ੍ਰਕਾਰ ਦੀ ਆਤਮਾ

ਭਾਵੇਂ ਆਤਮਾ ਦਾ ਕੋਈ ਵਿਭਾਜਨ ਨਹੀਂ ਕੀਤਾ ਜਾ ਸਕਦਾ ਪਰ ਗਿਆਨ ਆਦਿ ਸਵ ਪਰਿਆਏ (ਅਵਸਥਾ) ਅਤੇ ਕਰੋਧ ਆਦਿ ਪਰ-ਪਰਿਆਏ ਨੂੰ ਆਤਮਾ ਪ੍ਰਾਪਤ ਕਰਦੀ ਰਹਿੰਦੀ ਹੈ। ਇਸ ਪਖੋਂ ਇਹ ਬਾਹਰੀ ਅੱਠ ਭੇਦ ਹਨ।

(1) ਦਰੱਵ ਆਤਮਾ—ਅਸੰਖ ਚੇਤਨਾ ਪ੍ਰਦੇਸ਼ ਰੂਪ ਦਰਵ, ਦਰਵ ਆਤਮਾ ਹੈ, ਦਰਵ

ਆਤਮਾ ਹਰ ਪ੍ਰਕਾਰ ਦੇ ਜੀਵ ਵਿਚ ਹੈ ।

(2) 10ਵੇਂ ਗੁਣ ਸਥਾਨ ਤੱਕ ਕਰੋਧ ਆਦਿ ਸਥਿਤੀ ਨੂੰ ਕਸ਼ਾਏ ਆਤਮਾ ਆਖਦੇ ਹਨ ।

(3) ਯੋਗ ਆਤਮਾ :—ਮਨ-ਵਚਨ ਕਾਇਆ ਦੀ ਪ੍ਰਵਰਿਤੀ (ਹਰਕਤ) ਵਿਚ ਬਦਲੀ ਆਤਮਾ ਹੀ ਯੋਗ ਆਤਮਾ ਹੈ । ਇਹ ਤੇਹਰਵੇ ਗੁਣ ਸਥਾਨ ਤਕ ਰਹਿੰਦੀ ਹੈ ।

(4) ਉਪਯੋਗ ਆਤਮਾ :—ਗਿਆਨ, ਦਰਸ਼ਨ, ਰੂਪ ਚੇਤਨਾਂ ਦੇ ਵਿਉਪਾਰ ਨੂੰ ਉਪਯੋਗ ਆਖਦੇ ਹਨ । ਇਹ ਆਤਮਾ ਹਰ ਤਰ੍ਹਾਂ ਦੇ ਜੀਵ ਵਿਚ ਹੁੰਦੀ ਹੈ ।

(5) ਗਿਆਨ ਆਤਮਾ :—ਵਿਸ਼ੇਸ਼ ਅਨੁਭਵ ਰੂਪ ਸਮਿਅੱਕ ਗਿਆਨ ਵਿਚ ਜੀਵ ਦਾ ਆਉਣ ਗਿਆਨ ਆਤਮਾ ਹੈ । ਜੋ ਸਮਿਅੱਕਤਵੀ ਜੀਵਾ ਦੀ ਹੁੰਦੀ ਹੈ ।

(6) ਦਰਸ਼ਨ ਆਤਮਾ :—ਦਰਸ਼ਨ ਤੋਂ ਭਾਵ ਸ਼ਰਧਾ ਹੈ ਜੀਵ ਆਦਿ 9 ਤੱਤਵਾਂ ਤੇ ਆਤਮਾ ਦੀ ਸ਼ਰਧਾ ਹੀ ਦਰਸ਼ਨ ਆਤਮਾ ਹੈ ।

(7) ਚਾਰਿੱਤਰ ਆਤਮਾ :—ਸ਼੍ਰਾਵਕ ਜਾ ਸਾਧੂ ਧਰਮ ਦੇ ਰੂਪ ਵਿਚ ਆਤਮਾ ਦਾ ਸਥਿਰ ਹੋਣ ਚਾਰਿੱਤਰ ਆਤਮਾ ਹੈ ।

(8) ਵੀਰਜ ਆਤਮਾ :—ਆਤਮਾ ਦੀ ਸ਼ਕਤੀ ਵੀਰਜ ਆਤਮਾ ਹੈ ।

ਨਾਰਕੀ, ਦੇਵ, ਵਿਕਲ ਇੰਦਰੀਆਂ ਪਸ਼ੂ ਅਤੇ ਪੰਜ ਇੰਦਰੀਆ ਜੀਵਾਂ ਦੀਆਂ 7 ਆਤਮਾਵਾਂ ਹੁੰਦੀਆਂ ਹਨ, ਮਨੁੱਖ ਕੋਲ ਚਾਰਿੱਤਰ ਆਤਮਾ ਵੱਧ ਹੁੰਦੀ ਹੈ । ਇਕ ਇੰਦਰੀਆ ਜੀਵਾਂ ਕੋਲ ਗਿਆਨ ਚਾਰਿੱਤਰ ਤੋਂ ਛੁੱਟ 6 ਹੁੰਦੀਆਂ ਹਨ । ਸਿੱਧ ਭਗਵਾਨ ਵਿਚ ਦਰਵ, ਉਪਯੋਗ, ਗਿਆਨ ਅਤੇ ਦਰਸ਼ਨ ਚਾਰ ਆਤਮਾਵਾਂ ਹੁੰਦੀਆਂ ਹਨ ।

# ਕਰਮਵਾਦ

ਜੈਨ ਧਰਮ ਦੇ ਪ੍ਰਮੁਖ ਸਿਧਾਂਤਾ ਵਿਚੋਂ ਕਰਮਵਾਦ, ਭਗਵਾਨ ਮਹਾਵੀਰ ਦੀ ਅੱਦੁਤੀ ਦੇਣ ਹੈ।

ਅਸੀਂ ਕੀ ਹਾਂ ? ਕਿਥੋਂ ਆਏ ਹਾਂ, ਕਿ ਕਰਨਾ ਹੈ ? ਅਤੇ ਕੀ ਨਹੀਂ, ਕਰਨਾਂ ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਉੱਤਰ ਅਸੀਂ ਜੈਨ ਸ਼ਾਸਤਰਾਂ ਦੇ ਕਰਮਵਾਦ ਦੀਆਂ ਭਿੰਨ ਭਿੰਨ ਧਾਰਾਂਵਾਂ ਰਾਂਹੀਂ ਦੇ ਸਕਦੇ ਹਾਂ।

ਸੰਸਾਰ ਵਿਚ ਅਸੀਂ ਭਿੰਨ ਭਿੰਨ ਪ੍ਰਕਾਰ ਦੇ ਪ੍ਰਾਣੀ ਵੇਖਦੇ ਹਾਂ। ਕੋਈ ਦੁਖੀ ਹੈ, ਕੋਈ ਸੁੱਖੀ, ਕੋਈ ਰਾਜਾ ਹੈ,. ਕੋਈ ਫਕੀਰ, ਕੋਈ ਪਸ਼ੂ ਹੈ, ਤਾਂ ਕੋਈ ਮਨੁੱਖ ਕੋਈ ਸਵਰਗ ਦਾ ਦੇਵਤਾ ਹੈ ਅਤੇ ਕੋਈ ਨਰਕ ਦਾ ਭਾਗੀ ਹੈ।

ਇਕ ਹੀ ਮਾਂ ਪਿਉ ਦੇ ਬਾਵਜੂਦ ਔਲਾਦ ਵਿਚ ਭਿੰਨਤਾ ਕਿਉਂ ਵਿਖਾਈ ਦਿੰਦੀ ਹੈ ? ਇਕ ਹੀ ਮਾਂ ਪਿਉ ਦੀ ਔਲਾਦ ਇਕੋ ਜਿਹੀਆਂ ਸੂਰਤਾਂ ਵਿਖਾਈ ਕਿਉਂ ਨਹੀਂ ਦਿੰਦੀਆ ? ਇਕੋ ਹੀ ਮਾਂ ਪਿਉ ਦਾ ਕੋਈ ਬਾਲਕ ਦੁੱਖੀ, ਬੀਮਾਰ ਤੇ ਗਰੀਬ ਹੈ। ਉਸੇ ਮਾਂ ਪਿਉ ਦਾ ਪੁੱਤਰ ਸੁੱਖੀ, ਤੰਦਰੁਸਤ ਹੁੰਦਾ ਹੈ ? ਸੰਸਾਰ ਦੇ ਬਾਹਰੀ ਰਿਸ਼ਤੇਦਾਰੀ ਦਾ ਕਾਰਣ ਕੀ ਹੈ ? ਜੈਨ ਧਰਮ ਵਿਚ ਈਸ਼ਵਰ ਨੂੰ ਕਰਤਾ ਨਹੀਂ ਮੰਨਿਆ ਗਿਆ ਤਾਂ ਇਨਾਂ ਸਭ ਪ੍ਰਸ਼ਨਾਂ ਦਾ ਉਤਰ ਕੀ ਹੈ ?

ਸੰਸਾਰੀ ਜੀਵ ਭਿੰਨ ਭਿੰਨ ਪ੍ਰਕਾਰ ਦੀਆਂ ਜੂਨੀਆਂ ਵਿਚ ਜੀਵਨ ਲੈ ਕੇ ਸੰਸਾਰ ਵਿਚ ਦੁੱਖ ਸੁੱਖ ਭੋਗ ਦੇ ਹੋਏ ਮਰਦੇ, ਜੰਮਦੇ ਰਹਿੰਦੇ ਹਨ। ਇਨ੍ਹਾਂ ਸਭਨਾਂ ਦਾ ਕੋਈ ਨਾ ਕੋਈ ਜ਼ਰੂਰ ਕਾਰਣ ਹੋਵੇਗਾ। ਜੇ ਆਤਮਾ ਗਿਆਨਵਾਨ, ਹੈ ਤਾਂ ਇਸ ਦੀ ਅਗਿਆਨਤਾ ਦਾ ਕੋਈ ਨਾ ਕੋਈ ਤਾਂ ਕਾਰਣ ਹੋਵੇਗਾ ? ਜੇ ਆਤਮਾ ਸ਼ਕਲ ਰਹਿਤ ਹੈ, ਤਾਂ ਇਸ ਸਰੀਰ ਵਿਚ ਕਿਉਂ ਜਕੜੀ ਹੋਈ ਹੈ ?

ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਉਤਰ ਇਕੋ ਹੈ ਕਿ ਸੰਸਾਰ ਵਿਚ ਅਜਿਹੀ ਸ਼ਕਤੀ ਵਿਦ-ਮਾਨ ਹੈ ਜੋ ਸ਼ੁਧ ਗਿਆਨ ਸਵਰੂਪ ਅਤੇ ਸੁਤੰਤਰ ਆਤਮਾ ਨੂੰ ਬੇਵਸ ਬਣਾ ਕੇ ਇਹ ਨਾਚ ਕਰਵਾ ਰਹੀ ਹੈ। ਇਹ ਜੀਵ ਜਿਸ ਆਤਮਾ ਸ਼ਕਤੀ ਕਾਰਣ ਭਿੰਨ ਭਿੰਨ ਰੂਪ ਵਿਚ ਨਜ਼ਰ ਆ ਰਹੀ ਹੈ ਜੈਨ ਦਰਸ਼ਨ ਵਿਚ ਉਸ ਸ਼ਕਤੀ ਨੂੰ ਕਰਮ ਆਖਿਆ ਗਿਆ ਹੈ। ਵੇਦਾਂਤ ਇਸ ਮਾਇਆ ਜਾਂ ਅਵਿਦਿੱਆ ਆਖਦਾ ਹੈ। ਇਸ ਸ਼ਕਤੀ ਨੂੰ ਸਾਂਖਯ ਦਰਸ਼ਨ ਪ੍ਰਾਕ੍ਰਿਤੀ ਅਤੇ ਵੈਸ਼ਾਸ਼ਿਕ ਵਿਚ ਅਦਰਿਸ਼ਟ ਜਾਂ ਸੰਸਕਾਰ ਆਖਿਆ ਗਿਆ ਹੈ।

# ਕਰਮਵਾਦ ਅਤੇ ਹੋਰ ਦਰਸ਼ਨ

## ਆਦ੍ਰਿਸ਼ਟ

ਨਿਆਏ ਦਰਸ਼ਨ ਵਿਚ ਉਸ ਨੂੰ ਆਦ੍ਰਿਸ਼ਟ ਕਿਹਾ ਗਿਆ ਹੈ। ਚੰਗੇ ਮਾੜੇ ਕਰਮਾਂ ਦਾ ਸੰਸਕਾਰ ਆਤਮਾ ਤੇ ਪੈਂਦਾ ਹੈ, ਆਦ੍ਰਿਸ਼ਟ ਆਤਮਾ ਨਾਲ ਜਦ ਤਕ ਰਹਿੰਦਾ ਹੈ ਜਦ ਤਕ ਉਸ ਦਾ ਫਲ ਨਹੀਂ ਮਿਲ ਜਾਂਦਾ। ਆਦਰਿਸ਼ਟ ਦਾ ਫਲ ਈਸ਼ਵਰ ਰਾਹੀਂ ਮਿਲਦਾ ਹੈ। ਇਸ ਦਾ ਕਾਰਣ ਇਹ ਦਸਿਆ ਗਿਆ ਹੈ ਕਿ ਜੇ ਰੱਬ ਕਰਮ ਫਲ ਦੇਣ ਦਾ ਇੰਤਜਾਮ ਨਾ ਕਰੇ ਤਾਂ ਕਰਮ ਨਿਸ਼ਫਲ ਹੋ ਜਾਵੇਗਾ।

## ਪ੍ਰਾਕਿਰਤੀਵਾਦ

ਸਾਂਖਯ ਦਰਸ਼ਨ ਕਰਮ ਨੂੰ ਪ੍ਰਾਕ੍ਰਿਤੀ ਦਾ ਵਿਕਾਰ ਮੰਨਦਾ ਹੈ। ਚੰਗੀਆਂ. ਮਾੜੀਆਂ, ਆਦਤਾਂ ਦਾ ਅਸਰ ਪ੍ਰਾਕ੍ਰਿਤੀ ਤੇ ਪੈਂਦਾ ਹੈ, ਉਸੇ ਅਚੇਤਨ ਪ੍ਰਾਕ੍ਰਿਤੀ ਸੰਸਕਾਰ ਕਰਮਾ ਤੇ ਕਰਮਾਂ ਦਾ ਫਲ ਨੂੰ ਮੰਨ ਕੇ ਆਤਮਾ ਨੂੰ ਅਕਰਤਾ ਆਖਿਆ ਗਿਆ ਹੈ ਪਰ ਨਾਲ ਹੀ ਭਰਮ ਵਸ ਉਸ ਨੂੰ ਭੋਗਤਾ ਮੰਨਿਆ ਗਿਆ ਹੈ। ਜੇ ਕਰਤਾ ਨਹੀਂ, ਤਾਂ ਭੋਗਤਾ ਕਿਵੇਂ ?

## ਵੇਦਾਂਤ ਜਾਂ ਮਾਇਆ

ਇਹ ਵੀ ਕਰਮ ਦੀ ਸਹੀ ਵਿਆਖਿਆ ਨਹੀਂ। ਪਰ ਮਾਇਆ ਦੇ ਰਹਿੰਦੇ ਆਤਮਾ ਦਾ ਸ਼ੁਧ ਨਿੱਤ ਸੁਭਾਵ ਮਨਿਆ ਗਿਆ ਹੈ ਇਸ ਪਖੋਂ ਮਾਇਆ ਫਜ਼ੂਲ ਸਿਧ ਹੁੰਦੀ ਹੈ।

## ਬੁਧ ਦਰਸ਼ਨ ਦਾ ਵਾਸ਼ਨਾਵਾਦ

ਬੁੱਧ ਮੱਤ ਨੇ ਕਰਮ ਨੂੰ ਚਿੱਤ ਦੀ ਵਾਸਨਾ ਮੰਨਿਆ ਹੈ। ਇਹੋ ਵਾਸਨਾ ਸੁੱਖ, ਦੁੱਖ ਦਾ ਕਾਰਨ ਬਣਦੀ ਹੈ।

## ਭੂਤਵਾਦ

ਪੰਜ ਤੱਤਾਂ ਦੇ ਸਰੀਰ ਮੰਨਣ ਵਾਲਿਆਂ ਨੇ ਦੇਹ ਨੂੰ ਹੀ ਆਤਮਾ ਮੰਨਿਆ ਹੈ ਸੋ ਇਹ ਦਰਸ਼ਨ ਆਤਮਾ ਨੂੰ ਹੀ ਸਹੀ ਢੰਗ ਨਾਲ ਨਹੀਂ ਪੇਸ਼ ਕਰਦਾ। ਇਸ ਕਾਰਨ ਕਰਮਾਂ ਬਾਰੇ ਅਤੇ ਕਰਮ ਫਲ ਬਾਰੇ ਇਹ ਚੁੱਪ ਹੈ।

## ਕਾਲ ਆਦਿ ਪੰਚ ਕਾਰਣ ਵਾਦ

1. **ਕਾਲਵਾਦ** : ਸੰਸਾਰ ਦੀਆਂ ਸਾਰੀਆਂ ਵਸਤਾਂ ਸ੍ਰਿਸ਼ਟੀ ਵਿਚ ਪ੍ਰਾਣੀਆਂ ਦੇ ਸੁਖ-ਦੁਖ, ਹਾਨੀ-ਲਾਭ, ਜੀਵਨ ਮਰਨ ਸਭ ਦਾ ਅਧਾਰ ਕਾਲ (ਸਮਾਂ) ਹੈ। ਕਾਲਵਾਦੀਆਂ ਪੁਰਸ਼ਾਰਥ ਨੂੰ ਨਹੀਂ ਮੰਨਦੇ। ਕਾਲ ਦੇ ਭਰੋਸੇ ਰਹਿਕੇ ਕੋਈ ਮਨੁੱਖ ਗਿਆਨ, ਦਰਸ਼ਨ, ਚਾਰਿਤਰ ਦੀ ਅਰਾਧਨਾ ਨਹੀਂ ਕਰ ਸਕਦਾ। ਕਰਮ ਬੰਧਨ ਨਹੀਂ ਕਟ ਸਕਦਾ।

2. **ਸੁਭਾਵਵਾਦ** : ਦੂਸਰੇ ਕਈ ਵਿਚਾਰ ਸੁਭਾਵਵਾਦ ਨੂੰ ਮੰਨਦੇ ਹਨ। ਉਨ੍ਹਾਂ ਦਾ ਆਖਣਾ ਹੈ ਸੰਸਾਰ ਵਿਚ ਜੋ ਅਨੋਖਾ ਪਨ ਹੈ। ਉਹ ਸੁਭਾਵ ਕਾਰਣ ਹੈ। ਕੰਡੇ ਦਾ ਤੀਖਾਪਣ, ਪਸ਼ੂ ਪੰਛੀਆ ਦਾ ਆਲਗ ੨ ਰੂਪ ਸੁਭਾਵ ਕਾਰਣ ਹੈ। ਸੁਭਾਵ ਤੋਂ ਬਿਨਾ ਮੂੰਗੀ ਪੱਕ ਨਹੀਂ

ਸਕਦੀ, ਭਲਾ ਲੱਖ ਕਾਲ ਦਾ ਧਿਆਨ ਰਖਿਆਂ ਜਾਵੇ। ਸ਼ਾਸਰਥਵਾਰਤਾ ਸਮੁਚਯ ਵਿਚ ਅਚਾਰਿਆ ਹਰੀਭੱਦਰ ਨੇ ਸੁਭਾਵਵਾਦ ਵਾਰੇ ਕਿਹਾ ਹੈ ਕਿਸੇ ਪ੍ਰਾਣੀ ਦਾ ਮਾਤ ਗਰਭ ਵਿਚ ਪ੍ਰਵੇਸ਼, ਬਚਪਨਾ ਸੁਭ ਅਸੁਭ ਅਨੁਭਵਾਂ ਦੀ ਪ੍ਰਾਪਤੀ ਆਦਿ ਗੱਲਾਂ ਸੁਭਾਵ ਤੋਂ ਅਸੰਭਵ ਨਹੀਂ ਸੁਭਾਵਵਾਦੀ ਸੰਸਾਰ ਦੀ ਵਿਚਿਤੱਰਤਾ ਦਾ ਕਿਸੇ ਨੂੰ ਕਾਰਣ ਨਹੀਂ ਮੰਨਦੇ। ਇਹ ਦਰਸ਼ਨ ਵੀ ਧਰਮ ਕਰਨ ਵਿਚ ਰੁਕਾਵਟ ਹੈ।

3. **ਪੁਰਸ਼ਵਾਦ** : ਸਾਰੀ ਸ੍ਰਿਸ਼ਟੀ ਦਾ ਰਚਨਹਾਰ ਪਾਲਨਹਾਰ ਤੇ ਮਾਰਨ ਵਾਲਾ ਇਕ ਰੱਬ ਹੈ। ਇਸ ਦਰਸਨ ਅਨੁਸਾਰ ਸ੍ਰਿਸ਼ਟੀ ਦੀ ਸਾਰੀ ਵਿਵਸਥਾ ਰੱਬ ਦੇ ਹਥ ਵਿਚ ਹੈ। ਇਹ ਦਰਸ਼ਨ ਆਤਮਾ ਦੀ ਸੁਤੰਤਰ ਸਤਾ ਨਹੀਂ ਮੰਨਦਾ।

4. **ਨਿਅਤੀਵਾਦੀ** : ਇਸ ਦਰਸ਼ਨ ਵਿਚ ਕਿਹਾ ਗਿਆ ਹੈ ਕਿ ਸੰਸਾਰ ਦੀ ਹਰ ਵਸਤੂ ਨੇ ਜਿਸ ਸਮੇਂ, ਜਿਸ ਕਾਰਣ, ਜਿਸ ਰੂਪ ਵਿਚ ਹੋਣਾ ਹੈ ਉਹ ਵਸਤੂ ਉਸੇ ਸਮੇਂ ਉਸੇ ਸਮੇਂ ਉਸੇ ਕਾਰਣ ਉਸੇ ਰੂਪ ਵਿਚ ਪੈਦਾ ਹੁੰਦੀ ਹੈ, ਹੋਣੀ ਬਲਵਾਨ ਹੈ ਉਸ ਨੂੰ ਕੋਈ ਨਹੀਂ ਟਾਲ ਸਕਦਾ। ਇਸ ਸਿਧਾਂਤ ਵਿਚ ਬਲ, ਵੀਰਜ, ਪੁਰਸ਼ਾਰਥ ਪ੍ਰਕਾਰਮ ਆਦਿ ਦੀ ਕੋਈ ਜਰੂਰਤ ਨਹੀਂ।

5. **ਯੱਦ ਇੱਛਾਵਾਦ** : ਕੋਈ ਵੀ ਨਿਸ਼ਚਿਤ ਕਾਰਣ ਤੋਂ ਬਿਨਾਂ ਹੀ ਕਾਰਜ ਦੀ ਉਤਪਤਿ ਹੋ ਜਾਂਦੀ ਹੈ। ਬਿਨ੍ਹਾਂ ਸਹਾਰੇ ਕਿਸੇ ਘੱਟਨਾ ਦਾ ਘਟ ਜਾਨਾ ਯੱਦ ਇੱਛਾ ਹੈ। ਜਿਸ ਦਾ ਭਾਵ ਹੈ ਅਚਾਨਕ। ਉਪਸ੍ਰਿਸ਼ਟਾ ਅਤੇ ਮਹਾਂਭਾਰਤ ਵਿਚ ਇਸ ਪੁਰਸਾਰਥ ਹੀਨ ਸਿਧਾਂ ਦਾ ਜ਼ਿਕਰ ਹੈ।

## ਦੇਵ ਵਾਦ

ਪਿਛਲੇ ਕੀਤੇ ਕਰਮਾਂ ਦੇ ਸਹਾਰੇ ਬੈਠੇ ਰਹਿਣਾ ਅਤੇ ਕੋਈ ਮੇਹਨਤ ਨਾ ਕਰਨਾ ਹੀ ਦੇਵ ਵਾਦ ਹੈ। ਇਸ ਨੂੰ ਭਾਗ ਵਾਦ ਆਖ ਸਕਦੇ ਹਨ। ਇਹ ਪੂਰਨ ਗੁਲਾਮ ਜਿਧਾਂਤ ਹੈ। ਮਨੁੱਖ ਨੂੰ ਕਿਸਮਤ ਦੇ ਹੱਥ ਖਿਲੋਨਾ ਬਨਣ ਦਾ ਉਪਦੇਸ਼ ਦਿੰਦਾ ਹੈ। ਦੇਵਵਾਦ ਅਤੇ ਨਿਅਤੀਵਾਦ ਵਿਚ ਇਕ ਫਰਕ ਹੈ। ਦੇਵਵਾਦ ਕਰਮ ਅਤੇ ਫੱਲ ਨੂੰ ਮੰਨਦਾ ਹੈ ਪਰ ਨਿਅਤੀਵਾਦ ਤਾਂ ਅਕ੍ਰਿਆਵਾਦ (ਅਕਰਮ) ਨੂੰ ਮੰਨਦਾ ਹੈ।

## ਪੁਰਸ਼ਾਰਥਵਾਦ

ਜੈਨ ਦਰਸ਼ਨ ਅਨੁਸਾਰ ਕਰਮ ਦਾ ਅਰਥ ਗੀਤਾ ਜਾ ਉਪਨਿਸ਼ਧ ਵਾਲਾ ਨਹੀਂ ਹੈ ਕਿਉਂਕਿ ਇਨ੍ਹਾਂ ਗ੍ਰੰਥਾਂ ਵਿਚ ਕਰਮ ਦਾ ਅਰਥ ਕ੍ਰਿਆ ਹੈ। ਜੈਨ ਧਰਮ ਅਨੁਸਾਰ ਕਰਮ ਆਤਮਾ ਨਾਲ ਚਿਮੜੇ ਸੁਖਮ ਪੁਦਗਲ ਪਦਾਰਥ ਦਾ ਨਾਂ ਹੈ।

ਚੰਗਾ ਜਾਂ ਮਾੜਾ ਪ੍ਰਾਪਤ ਹੋਣਾ ਮੇਹਨਤ ਤੇ ਨਿਰਭਰ ਹੈ। ਜੇ ਠੀਕ ਢੰਗ ਨਾਲ ਮਿਹਨਤ ਕੀਤੀ ਜਾਵੇ ਤਾਂ ਹਰ ਵਸਤੂ ਮਿਲ ਸਕਦੀ ਹੈ। ਭਾਗ, ਦੇਵਤਾ, ਨਿਅਤੀ ਕਾਲ

ਸਭ ਕੁਝ ਪੁਰਸ਼ਾਰਥ ਹੈ। ਪੁਰਸ਼ਾਰਥ ਵਿਚ ਇੱਛਾ ਸੁਤੰਤਰ ਹੈ।

ਇਸ ਦਰਸ਼ਨ ਵਿਚ ਭਾਗ ਜਾਂ ਕਿਸਮਤ ਦਾ ਕੋਈ ਅਰਥ ਨਹੀਂ। ਪੁਰਸ਼ਾਰਥੀ ਆਦਮੀ ਆਪਣੇ ਹੱਥ ਨਾਲ ਆਪਣਾ ਯੋਗ ਹਾਲਤ ਬਣਾ ਸਕਦਾ ਹੈ।

## ਜੈਨ ਦਰਸ਼ਨ

ਜੈਨ ਦਰਸ਼ਨ ਵਿਚ ਸਾਰੇ ਸਿਧਾਤਾਂ ਦਾ ਸੁਮੇਲ ਕੀਤਾ ਗਿਆ ਹੈ। ਜੈਨ ਦਰਸ਼ਨ ਆਖਦਾ ਹੈ। ਜਿਵੇਂ ਕਿਸੇ ਕੰਮ ਦੀ ਉਤਪਤੀ ਦਾ ਇਕ ਕਾਰਣ ਨਹੀਂ ਹੁੰਦਾ, ਸਗੋਂ ਅਨੇਕਾਂ ਹੁੰਦੇ ਹਨ ਇਸੇ ਪ੍ਰਕਾਰ ਹਰ ਕਰਮ ਦੇ ਨਾਲ ਨਾਲ, ਕਾਲ. ਸੁਭਾਅ ਨਿਯਤੀ ਅਤੇ ਪੁਰਸ਼ਾਰਥ ਨਾਲ ਨਾਲ ਚਲਦੇ ਹਨ. ਇਨ੍ਹਾਂ ਸਾਰਿਆਂ ਕਾਰਣ ਹੀ ਸੰਸਾਰ ਵਿਚ ਭਿਨੰਤਾ ਨਜ਼ਰ ਆ ਰਹੀ ਹੈ।

ਜਿਵੇਂ ਕਿਸਾਨ ਦੀ ਖੇਤੀ ਤੱਦ ਹੀ ਸਫਲ ਹੁੰਦੀ ਹੈ ਜਦ ਬਿਜਾਈ ਦੀ ਰੁੱਤ ਠੀਕ ਹੋਵੇ, ਬੀਜ, ਸਾਫ ਸੁਥਰਾ ਤੇ ਫੁਟਣ ਯੋਗ ਹੋਵੇ (ਸੁਭਾਵ) ਫੇਰ ਭਾਗ (ਨਿਯਤੀ) ਸਾਥ ਦੇਵੇ, ਕੋਈ ਪ੍ਰਾਕ੍ਰਿਤੀ ਰੁਕਾਵਟ ਨਾ ਆਵੇ, ਤੱਦ ਹੀ ਕਿਸਾਨ ਦਾ ਪੁਰਸਾਰਥ ਸਫਲ ਹੋਵੇਗਾ। ਜੇ ਪੁਰਸਾਰਥ (ਮਿਹਨਤ) ਨਹੀਂ ਕਰੇਗਾ ਤਾਂ ਪਹਿਲੇ ਸਾਰੇ ਕਾਰਣ ਬੇਕਾਰ ਹਨ।

''ਸੰਸਾਰ ਵਿਚ ਸਾਰੀਆਂ ਭਿਨਤਾਵਾਂ ਦਾ ਕਾਰਣ ਕਰਮ ਹੈ। ਅਚਾਰਿਆ ਸਿੱਧ ਸੈਨ ਦਿਵਾਕਰ ਅਤੇ ਅਚਾਰਿਆ ਹਰੀ ਭੱਦਰ ਆਖਦੇ ਹਨ : ''ਕਾਲ, ਸੁਭਾਵ, ਨਿਅੱਤੀ, ਪੂਰਵ ਕਰਮ (ਦੇਵ ਵਾਦ ਜਾਂ ਭਾਗ ਵਾਦ) ਅਤੇ ਪੁਰਸ਼ਾਰਥ ਇਨਾਂ ਪੰਜਾਂ ਕਾਰਣਾ ਵਿਚੋਂ ਇਕ ਨੂੰ ਏਕਾਂਤ ਰੂਪ ਵਿਚ ਕਾਰਣ ਮੰਨਣਾ ਅਤੇ ਬਾਕੀ ਨੂੰ ਨਾ ਮੰਨਣਾ ਹੀ ਮਿਥਿਆਤਵ ਹੈ। ਇਨਾਂ ਪੰਜਾਂ ਕਾਰਣਾ ਦੇ ਸੁਮੇਲ ਤੋਂ ਕਾਰਜ ਦੀ ਉਤਪਤਿ ਤੋਂ ਕਾਰਣ ਮਨਣਾ ਹੀ ਸਮੀ ਔਕਤ ਹੈ।

## ਕਰਮ ਸ਼ਬਦ ਦਾ ਅਰਥ

ਆਮ ਲੋਕ ਕੰਮ ਧੰਦੇ ਰੂਪ ਵਿਚ ਕਰਮ ਸ਼ਬਦ ਦਾ ਪ੍ਰਯੋਗ ਕਰਦੇ ਹਨ ਖਾਣਾ ਪੀਣਾ ਚਲਣਾ, ਫਿਰਣਾ, ਸੋਣਾ, ਜਾਗਣਾ ਆਦਿ ਕ੍ਰਿਆਵਾਂ ਲਈ ਕਰਮ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ।

ਪੁਰਾਣਾਂ ਵਿਚ ਵਿਸਵਾਸ਼ ਕਰਨ ਵਾਲੇ ਵਰਤ ਆਦਿ ਧਾਰਮਿਕ ਕ੍ਰਿਆਂਵਾਂ ਨੂੰ ਕਰਮ ਆਖਦੇ ਹਨ।

ਮੀਮਾਸਾ ਦਰਸ਼ਨ ਵਿਚ ਵਿਸ਼ਵਾਸ ਰਖਣ ਵਾਲੇ ਯੱਗ ਨੂੰ ਕਰਮ ਆਖਦੇ ਹਨ। ਸਮਰਿਤੀਆਂ ਵਿਚ ਵਿਸ਼ਵਾਸ ਰਖਣ ਵਾਲੇ ਵਰਣਾ ਦੇ ਆਖੇ ਕਰਤਵਾਂ ਨੂੰ ਕਰਮ ਆਖਦੇ ਹਨ।

ਕੁਝ ਦਾਰਸ਼ਨੀਕ ਮਤਾ ਨੇ ਸੰਸਕਾਰ, ਆਸ਼ਯ (ਵਿਚਾਰਾਂ, ਅਦਿਰਸ਼ਟ ਅਤੇ ਵਾਸਨਾ ਆਦਿ ਲਈ ਕਰਮ ਸ਼ਬਦ ਪ੍ਰਯੋਗ ਕੀਤਾ ਹੈ।

ਜੈਨ ਧਰਮ ਵਿਚ ਕਰਮ ਸ਼ਬਦ ਬੜੇ ਮਨੋਵਿਗਿਆਨਕ ਢੰਗ ਨਾਲ ਇਸਤੇਮਾਲ ਹੋਈ ਹੈ। ਜੈਨ ਧਰਮ ਦਾ ਸਾਰਾ ਦਰਸ਼ਨ ਹੀ ਕਰਮ ਸਿਧਾਂਤ ਦੇ ਆਲੇ ਦੁਆਲੇ ਘੁਮਦਾ ਹੈ।

ਜੈਨ ਧਰਮ ਅਨੁਸਾਰ ਜੀਵ ਦੀ ਆਪਣੀ ਸ਼ਰੀਰਕ ਮਾਨਸਿਕ ਅਤੇ ਵਚਨ ਦੀ ਸ਼ੁਭ ਅਸ਼ੁਭ ਕ੍ਰਿਆਵਾਂ ਰਾਂਹੀ ਪ੍ਰੇਰਿਤ ਹੋ ਕੇ ਜਾਂ ਮਿਥਿਆਤਵ, ਅਵਿਰਤੀ, ਪ੍ਰਮਾਦ, ਕਸ਼ਾਏ ਅਤੇ ਯੋਗ, ਰਾਗ ਅਤੇ ਦਵੇਸ਼ ਕਾਰਣ ਖਿਚਿਆ ਆਤਮਾ ਜੋ ਵੀ ਕੰਮ ਕਰਦਾ ਹੈ ਉਹ ਹੀ ਕਰਮ ਹੈ। ਕਰਮ ਅਨੰਤ ਪ੍ਰਮਾਣੂਆ ਦਾ ਸੰਕਧ ਹੈ। ਭਾਵ ਪੁਦਗਲ ਦੀ ਅਨੇਕ ਵਰਗਣਾ (ਜਾਤੀਆਂ) ਵਿਚ ਜੋ ਕਾਰਮਣਵਰਗਣਾ ਹੈ ਉਹ ਹੀ ਕਰਮ ਦਰਵ ਹੈ। ਕਰਮ ਦਰਵ ਸਾਰੇ ਲੋਕ ਵਿਚ ਸੂਖਮ (ਰਜ਼) ਦੇ ਰੂਪ ਵਿਚ ਫੈਲੀ ਹੋਈ ਹੈ। ਇਸ ਸੂਖਮ ਧੂਲ ਦੇ ਕਣ ਜਦ ਮਿਥਿਆਤਵ, ਅਵਿਰਤੀ, ਪ੍ਰਮਾਦ ਕਸ਼ਾਏ ਅਤੇ ਯੋਗ ਕਾਰਣ ਜਦ ਜੀਵ ਆਤਮਾ ਨਾਲ ਜੁੜ ਜਾਂਦੇ ਹਨ ਤਾਂ ਇਹ ਕਰਮ ਅਖਵਾਂਦੇ ਹਨ। ਆਤਮਾ ਦੇ ਸ਼ੁਭ ਅਸ਼ੁਭ ਕਾਰਣਾ ਨਾਲ ਖਿਚੇ ਹੋਏ ਅਤੇ ਕਰਮ ਰੂਪੀ ਪੁਦਗਲ ਹੀ ਕਰਮ ਹਨ। ਇਹ ਸਾਰੇ ਲੋਕ ਵਿਚ ਜੀਵ ਆਤਮਾ ਦੀ ਚੰਗੀ ਮਾੜੀ ਭਾਵਾਂ ਰਾਹੀਂ ਬੰਧਦੇ ਹਨ। ਇਸੇ ਨੂੰ ਬੰਧ ਆਖਦੇ ਹਨ। ਬੰਧ ਤੋਂ ਬਾਅਦ ਇਨਾਂ ਦਾ ਪਰਿਪਾਕ (ਸਤਾ) ਹੁੰਦਾ ਹੈ। ਸੁਖ ਦੁਖ ਫਲ ਨੂੰ ਭੋਗਨ ਦੀ ਅਵਸਥਾ ਕਰਮਾ ਦਾ ਉਦੇ ਹੈ।

## ਆਤਮਾ ਤੇ ਕਰਮ ਦਾ ਸੰਬੰਧ

ਆਤਮਾ ਅਮੂਰਤ (ਸ਼ਕਲ ਰਹਿਤ) ਹੈ ਅਤੇ ਕਰਮ ਪੁਦਗਲ ਰੂਪੀ ਸ਼ਕਲ ਵਾਲੇ ਜੜ ਹਨ। ਫੇਰ ਸਹਿਜ ਹੀ ਪ੍ਰਸ਼ਨ ਹੁੰਦਾ ਹੈ ਕਿਵੇਂ ਆਤਮਾ ਨੂੰ ਕਰਮ ਪੁਦਗਲ ਆਪਣੇ ਖਿਚਦੇ ਵੱਲ ਹਨ ਅਤੇ ਕਿਵੇਂ ਕਰਮ ਬੰਧ ਹੁੰਦਾ ਹੈ ?

ਜੈਨ ਅਚਾਰਿਆ ਨੇ ਇਸ ਸਿਧਾਂਤ ਦਾ ਸਪਸ਼ਟੀਕਰਨ ਕਰਦੇ ਹੋਏ ਕਿਹਾ ਹੈ "ਜਿਵੇਂ ਸ਼ਰਾਬ ਅਤੇ ਜ਼ਹਿਰ ਮੂਰਤ ਰੂਪ ਵਿਚ ਹੁੰਦੇ ਹੋਏ ਵੀ ਆਤਮਾ ਦੇ ਗਿਆਨ ਸੁਭਾਵ ਨੂੰ ਪ੍ਰਭਾਵਿਤ ਕਰਦੇ ਹਨ। ਜਿਵੇਂ ਮੂਰਤ ਸ਼ਰਾਬ, ਅਮੂਰਤ ਗਿਆਨ ਨੂੰ ਪ੍ਰਭਾਵਿਤ ਕਰਦੀ ਹੈ ਉਸੇ ਪ੍ਰਕਾਰ ਮੂਰਤ ਕਰਮ, ਅਮੂਰਤ ਆਤਮਾ ਨੂੰ ਆਪਣੇ ਫਲ ਰਾਹੀਂ ਪ੍ਰਭਾਵਿਤ ਕਰਦੇ ਹਨ।

ਜੈਨ ਧਰਮ ਅਨੇਕਾਂਤਵਾਦੀ ਹੈ। ਇਹ ਸਿਧਾਂਤ ਨੂੰ ਹਰ ਪਖੋਂ ਵਿਚਾਰਦਾ ਹੈ। ਅਨੇ-ਕਾਂਤ ਦੀ ਦਰਿਸ਼ਟੀ ਨਾਲ ਆਤਮਾ ਅਮੂਰਤ ਵੀ ਹੈ, ਮੂਰਤ ਵੀ ਕਰਮਾਂ ਦਾ ਵਹਾਅ ਅਨਾਦਿ ਹੋਣ ਕਾਰਣ, ਸੰਸਾਰੀ ਜੀਵ ਅਨਾਦੀ ਕਾਲ ਤੋਂ ਕਰਮ ਪ੍ਰਮਾਣੂਆਂ ਵਿਚ ਬੰਧਿਆ ਆ ਰਹੇ ਹਨ। ਅਤੇ ਇਹ ਕਰਮ ਪ੍ਰਮਾਣੂ ਸੋਨੇ ਉਪਰ ਪਈ ਧੂਲ ਸਮਾਨ ਹਨ। ਇਸ ਪਖੋਂ ਆਤਮਾ ਹਮੇਸ਼ਾ ਅਮੂਰਤ ਨਹੀਂ, ਕਰਮ ਹੋਣ ਕਾਰਣ ਕਿਸੇ ਪਖੋਂ ਆਤਮਾ ਮੂਰਤ ਵੀ ਹੈ। ਇਸ ਸਿਟੇ ਵਜੋਂ ਮੂਰਤ ਕਰਮਾ ਦਾ ਮੂਰਤ ਆਤਮਾ ਨੂੰ ਪ੍ਰਭਾਵਿਤ ਕਰਨਾ ਕੋਈ ਅਣਹੋਣੀ ਗਲ ਨਹੀਂ।

ਸੰਸਾਰੀ ਆਤਮਾ ਦੇ ਹਰ ਆਤਮ ਪ੍ਰਦੇਸ਼ ਤੇ ਅਨਾਦਿ ਕਾਲ ਤੋਂ ਅੰਨਤ, ਅਨੰਤ

ਕਰਮਵਰਗਣਾਂ ਦੇ ਪੁਦਗਲ ਕਾਰਮਣ ਸਰੀਰ ਦੇ ਰੂਪ ਵਿਚ ਚਿਪਕੇ ਰਹਿੰਦੇ ਹਨ।

ਅਸਲ ਵਿਚ ਕਰਮ ਪੁਦਗਲਾ ਕਾਰਣ ਹੀ ਨਵੇਂ ਕਰਮਾਂ ਦਾ ਉਦੇ ਹੁੰਦਾ ਰਹਿੰਦਾ ਹੈ ਕਰਮਾਂ ਦੇ ਪੂਰਨ ਖਾਤਮੇ ਤੇ ਮੁਕਤ ਸਿਧ ਭਗਵਾਨ ਦੇ ਕਾਰਮਣ ਵੀ ਸ਼ਰੀਰ ਨਹੀਂ ਹੁੰਦਾ। ਇਸੇ ਕਾਰਣ ਮੁਕਤ ਆਤਮਾਵਾਂ ਨੂੰ ਕਰਮ ਬੰਧ ਵੀ ਨਹੀਂ ਹੁੰਦਾ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹ ਕਰਮਾਂ ਦਾ ਨਾਸ਼ ਕਿਵੇਂ ਹੋਵੇ। ਇਸ ਤੋਂ ਇਹ ਸਮਝਣਾ ਬਹੁਤ ਜਰੂਰੀ ਹੈ ਕਿ ਕੋਈ ਇਕ ਕਰਮ ਨਿਜੀ ਰੂਪ ਵਿਚ ਅਨਾਦਿ ਨਹੀਂ, ਸਗੋਂ ਇਸ ਦਾ ਭਾਵ ਹੈ ਕਿ ਜਦ ਤੱਕ ਸ਼ਰੀਰ ਹੈ ਤੱਦ ਤਕ ਆਤਮਾ ਪੁਰਾਣੇ ਬੰਧੇ ਕਰਮ ਝਾੜਦੀ ਰਹਿੰਦੀ ਹੈ ਅਤੇ ਨਵੇਂ ਬੰਧਦੀ ਰਹਿੰਦੀ ਹੈ। ਕਰਮ ਪੁਦਗਲ ਦਾ ਆਉਣਾ ਤੇ ਜਾਣਾ ਅਨਾਦਿ ਕਾਲ ਤੋਂ ਚਲਿਆ ਆ ਰਿਹਾ ਹੈ। ਕੋਈ ਸਮਾਂ ਨਹੀਂ ਜਦ ਆਤਮਾ ਕਰਮਾਂ ਦਾ ਬੰਧ ਨਾ ਕਰੇ ਅਤੇ ਨਾ ਭੋਗੇ।

ਆਤਮਾ ਨੂੰ ਕਰਮਾਂ ਤੋਂ ਛੁਟਕਾਰਾ ਦਿਵਾਉਣ ਲਈ ਸਮਿਅਕ ਗਿਆਨ, ਸਮਿਅਕ ਚਾਰਿੱਤਰ ਰੂਪੀ ਤਿੰਨ ਰਤਨਾਂ ਦੀ ਉਪਾਸ਼ਨਾ ਜ਼ਰੂਰੀ ਹੈ।

ਕਰਮਾਂ ਦਾ ਆਤਮਾ ਨਾਲ ਰਿਸ਼ਤਾ ਅਨਾਦਿ ਹੋਣ ਦੇ ਬਾਵਜੂਦ ਵੀ ਆਤਮਾ ਅਥਾਹ ਸ਼ਕਤੀ ਦੀ ਮਾਲਕ ਹੈ। ਭਾਵੇਂ ਵੇਖਣ ਨੂੰ ਕਰਮ ਆਤਮਾ ਤੋਂ ਬਲਵਾਨ ਲਗਦੇ ਹਨ। ਕਿਉਂਕਿ ਇਹੋ ਕਰਮ ਕਾ ਜਨਮ, ਮਰਨ, ਦੁਖ ਤੇ ਸੁਖ ਦਾ ਕਾਰਣ ਹਨ। ਪਰ ਇਹ ਸਾਰੇ ਕਰਮ ਤਾਂ ਆਤਮਾ ਰੂਪੀ ਸ਼ੁਧ ਸੋਨੇ ਤੇ ਪਈ ਧੂਲ ਤੋਂ ਛੁਟ ਕੁਝ ਨਹੀਂ।

ਆਤਮਾ ਨਾਲ ਕਰਮਾਂ ਦਾ ਬੰਧਨਾ ਬੰਧ ਹੈ ਅਤੇ ਤਪ, ਸ਼ੁਭ ਧਰਮ ਧਿਆਨ ਨਾਲ ਕਰਮ ਪੁਦਗਲਾਂ ਦਾ ਝੜਨਾ ਨਿਰਜਰਾ ਹੈ। ਕਰਮਾ ਦੇ ਪੁਦਗਲ ਆਤਮਾ ਪ੍ਰਦੇਸ਼ਾ ਨਾਲ ਇਕ ਮਿਕ ਹੋ ਕੇ ਅੱਠ ਪ੍ਰਕਾਰ ਦੇ ਰੂਪ ਵਿਚ ਬਦਲ ਜਾਂਦੇ ਹਨ।

(1) ਅੱਠ ਪ੍ਰਕਾਰ ਦੇ ਕਰਮਾਂ ਦੀਆ ਜੋ 148 ਪ੍ਰਾਕ੍ਰਿਤੀਆਂ ਹਨ ਉਨ੍ਹਾਂ ਵਿਚ ਜੋ ਵਿਚ ਕਰਮਾ ਦਾ ਭਿਨ ਸੁਭਾਵ (ਪ੍ਰਕ੍ਰਿਤੀ) ਨਿਸ਼ਚਿਤ ਹੋਣਾ ਜਾ ਕਰਮ ਪੁਦਗਲ ਜਦ ਆਤਮਾ ਰਾਹੀਂ ਗ੍ਰਹਿਣ ਕੀਤੇ ਜਾਂਦੇ ਹਨ ਤਾਂ ਭਿੰਨ ਭਿੰਨ ਪ੍ਰਕਾਰ ਦੇ ਸੁਭਾਵ ਹੀ ਪ੍ਰਾਕਤਿ ਬੰਧ ਹੈ।

(2) ਆਤਮਾ ਦੇ ਨਾਲ ਕਰਮ ਬੰਧ ਰਹਿਣ ਦੀ ਕਾਲ ਮਰਿਆਦਾ (ਸਮਾਂ) ਸਥਿਤੀ ਬੰਧ ਹੈ।

(3) ਕਰਮ ਦਾ ਤੇਜ ਜਾ ਘਟ, ਸ਼ੁਭ ਅਸ਼ੁਭ ਰਸ। ਪ੍ਰਾਕ੍ਰਿਤੀ (ਸੁਭਾਵ) ਬੰਧਨ ਨਾਲ ਪ੍ਰਾਕ੍ਰਿਤੀ (ਸੁਭਾਵ ਨਿਰਮਾਨ) ਵੀ ਤੇਜ, ਮਧਮ ਅਤੇ ਘਟ ਸ਼ਕਤੀ ਦਾ ਹੁੰਦਾ ਹੈ। ਇਹ ਸ਼ਕਤੀ ਅਨੁਭਾਗ ਬੰਧ ਹੈ।

(4) ਕਰਮ ਦਲ ਦੇ ਪੁਦਗਲਾਂ ਦਾ ਘਟ ਜਾਂ ਵੱਧ ਜੀਵ ਨਾਲ ਬੰਧਨ ਹੀ ਪ੍ਰਦੇਸ਼ ਬੰਧ ਹੈ। ਆਤਮਾਂ ਰਾਂਹੀਂ ਤੱਪ, ਤਿਆਗ, ਵੇਰਾਗ ਰਾਂਹੀ ਕੀਤੀ ਧਰਮ ਸਾਧਨਾ ਨਾਲ ਇਹ

ਕਰਮ ਸ਼ਕਤੀ ਹਾਰ ਜਾਂਦੀ ਹੈ। ਜੇ ਕਰਮ ਸ਼ਕਤੀ ਜਿੱਤ ਜਾਵੇ, ਤਾਂ ਦੁਨੀਆਂ ਵਿਚ ਧਰਮ ਧਿਆਨ ਹੀ ਖਤਮ ਹੋ ਜਾਵੇਗਾ। ਸੋ ਆਤਮਾ ਦੀ ਸ਼ਕਤੀ ਹੀ ਸੱਚੀ ਸ਼ਕਤੀ ਹੈ।

ਜਦ ਜੀਵ ਰਾਗ ਦਵੇਸ਼ ਰੂਪੀ ਕਰਮਾਂ ਦੇ ਕਾਰਣਾ ਦੁਖੀ ਤੇ ਸੁੱਖੀ ਹੁੰਦਾ ਹੈ। ਇਸੇ ਰਾਗ, ਦਵੇਸ਼ ਕਾਰਣ ਜੜ ਕਰਮ ਇਨੇ ਸ਼ਕਤੀਸ਼ਾਲੀ ਹਮਲੇ (ਸ਼ਰੀਰਧਾਰੀ) ਆਤਮਾ ਤੇ ਕਰਦੇ ਹਨ। ਕਿ ਆਤਮਾ ਗੁਲਾਮ ਹੋ ਜਾਂਦੀ ਹੈ।

ਬੰਧ ਪਖੋਂ ਕਰਮ ਦੋ ਪ੍ਰਕਾਰ ਦੇ ਹਨ। ਦਰਵ ਕਰਮ, ਕਰਮ ਵਰਗਨਾਂ ਦਾ ਸੂਖਮ ਵਿਕਾਰ ਹਨ ਅਤੇ ਭਾਵ ਕਰਮ ਖੁਦ ਆਤਮਾ ਦਾ ਰਾਗ ਦਵੇਸ਼ ਪਰਿਣਾਮ ਹਨ। ਕਰਮ ਪੁਦਗਲਾਂ ਕਾਰਣ ਹੀ ਆਤਮਾ ਨੂੰ ਕਰਮਾਂ ਦਾ ਕਰਤਾ, ਵਿਵਹਾਰ ਨਯ ਪਖੋਂ ਆਖਿਆ ਜਾਂਦਾ ਹੈ ਨਿਸ਼ਚੈ ਪਖੋਂ ਸ਼ੁਧ ਮੁਕਤ ਆਤਮਾ ਤਾਂ ਕਰਮਾਂ ਦਾ ਕਰਤਾ ਨਹੀਂ ਹੁੰਦਾ। ਨਾ ਹੀ ਭੋਗਤਾ ਹੈ।

ਤਤਵਾਰਥ ਸੂੱਤਰ ਵਿਚ ਕਰਮਬੰਧ ਦੇ 5 ਕਾਰਣ ਮੰਨੇ ਗਏ ਹਨ। (1) ਮਿਥਿਆ ਦਰਸ਼ਨ (2) ਅਵਿਰਤਿ (3) ਪ੍ਰਮਾਦ (4) ਕਸ਼ਾਏ (5) ਯੋਗ।

## ਅੱਠ ਕਰਮਾਂ ਦਾ ਬੰਧ

ਜੀਵ ਆਯੂਸ਼ ਕਰਮ ਵਿਚੋਂ ਆਪਣੀ ਉਮਰ ਦੋ ਤਿਹਾਈ ਭਾਗ ਵੀਤਨ ਤੇ ਇਸ ਕਰਮ ਦਾ ਬੰਧ ਕਰਦੇ ਹਨ। ਬਾਕੀ 7 ਕਰਮ ਦਾ ਬੰਧ ਹਰ ਸਮੇਂ ਹੁੰਦਾ ਰਹਿੰਦਾ ਹੈ ਦੇਵ ਤੇ ਨਾਰਕੀ ਅਪਣੀ 6 ਮਹੀਨੇ ਉਮਰ ਬਾਕੀ ਰਹਿਨ ਤੇ ਆਯੂਸ਼ ਕਰਮ ਬੰਧ ਕਰਦੇ ਹਨ। ਕਰਮ ਆਤਮਾ ਦਾ ਗੁਣ ਨਹੀਂ। ਕਰਮ ਆਤਮਾ ਦਾ ਪਰਦਾ, ਗੁਲਾਮੀ, ਦੁਖਾਂ ਤੇ ਗੁਣਾਂ ਦਾ ਘਾਤਕ ਹੈ। ਆਤਮ ਵਿਚ ਅਨੰਤ ਵੀਰਜ (ਸਮਰੱਥ) ਹੈ ਇਸੇ ਕਾਰਣੰ ਉਹ ਲਬਧੀ ਵੀਰਜ ਹੈ। ਆਤਮਾ ਤੇ ਸ਼ਰੀਰ ਇਨ੍ਹਾਂ ਦੋਹਾਂ ਦਾ ਸਹਿਯੋਗ ਨਾਲ ਪ੍ਰਾਪਤ ਸਮਰਥਾ ਕਰਨ ਵੀਰਜ ਹੈ। ਇਸ ਨੂੰ ਅਸੀਂ ਕ੍ਰਿਆਤਮਕ ਸ਼ਕਤੀ ਆਖਦੇ ਹਨ।

## ਕਰਮ ਬੰਧਨ ਦੀਆਂ ਕਿਸਮਾਂ

ਸ਼ਾਸਤਰਾਂ ਵਿਚ ਦਰੱਵ ਕਰਮ ਬੰਧ ਦੇ ਚਾਰ ਭਾਗ ਕੀਤੇ ਗਏ ਹਨ। (1) ਪ੍ਰਾਕ੍ਰਿਤੀ ਬੰਧ (2) ਸਥਿਤੀ ਬੰਧ (3) ਅਨੁਭਾਗ ਬੰਧ (4) ਪ੍ਰਦੇਸ਼ ਬੰਧ।

ਆਤਮ ਪ੍ਰਦੇਸ਼ਾਂ ਦੇ ਕਰਮ ਪੁਦਗਲਾਂ ਨਾਲ ਮਿਲਾਪ ਹੀ ਪ੍ਰਦੇਸ਼ ਬੰਧ ਹੈ। ਇਸ ਬੰਧ ਦੇ ਹੁੰਦੇ ਹੀ ਸੁਭਾਵ ਦੀ ਬਨਾਵਟ ਕਾਲ ਮਰਿਆਦਾ ਅਤੇ ਫਲ ਸ਼ਕਤੀ ਦਾ ਨਿਰਮਾਣ ਹੁੰਦਾ ਹੈ। ਪ੍ਰਾਕ੍ਰਿਤੀ ਤੇ ਪ੍ਰਦੇਸ਼ ਬੰਧ ਜੀਵ ਦੇ ਮਨ, ਵਚਨ ਤੇ ਕਾਈਆ ਦੇ ਯੋਗਾਂ ਰਾਹੀ ਹੋਣ ਵਾਲੇ ਕੰਮਾਂ ਤੇ ਹਰਕਤਾਂ ਨਾਲ ਸੰਭਾਵਿਤ ਹਨ।

ਸਥਿਤੀ ਤੇ ਅਨੁਭਾਗ ਦਾ ਕਾਰਣ ਰਾਗ ਤੇ ਦਵੇਸ਼ ਹਨ। ਕਰਮ ਬੰਧ ਸਮੇਂ, ਆਤਮਾ ਦਾ ਅਤੇ ਕਰਮ ਦਾ ਸੰਜੋਗ ਹੁੰਦਾ ਹੈ। ਕਰਮਾਂ ਨੂੰ ਗ੍ਰਹਿਣ ਕਰਨ ਸਮੇਂ ਪੁਦਗਲ ਵਿਖਰਦੇ ਹਨ, ਗ੍ਰਹਿਣ ਤੋਂ ਬਾਅਦ ਉਹ ਫੇਰ ਆਤਮ ਪ੍ਰਦੇਸ਼ਾਂ ਨਾਲ ਇਕ ਮਿਕ ਹੋ ਜਾਂਦੇ ਹਨ ਇਹੋ ਪ੍ਰਦੇਸ਼ ਬੰਧ ਹੈ।

## ਕਰਮਾਂ ਦੀਆਂ ਮੁੱਖ ਕਿਸਮਾਂ, ਕੰਮ ਤੇ ਭੇਦ

ਕਰਮ ਵਰਗਣਾ ਦੇ ਪੁਦਗਲ ਪ੍ਰਮਾਣੂ ਕੰਮ ਭੇਦ ਪਖੋਂ ਅੱਠ ਭਾਗਾਂ ਵਿਚ ਵੰਡੇ ਜਾ ਸਕਦੇ ਹਨ। ਇਸ ਨੂੰ ਪ੍ਰਾਕ੍ਰਿਤੀ ਬੰਧ ਆਖਦੇ ਹਨ। ਇਨਾਂ ਰਾਹੀਂ ਕਰਮ ਦੇ ਭਿੰਨ ਭਿੰਨ ਸੁਭਾਵਾਂ ਦਾ ਨਿਰਮਾਣ ਹੁੰਦਾ ਹੈ। ਇਹ ਅੱਠ ਭਾਗ ਇਸ ਪ੍ਰਕਾਰ ਹਨ :

1] ਗਿਆਨ ਵਰਨੀਆਂ 2] ਦਰਸ਼ਨ ਵਰਨੀਆਂ 3] ਵੇਦਨੀਆਂ 4] ਮੋਹਨੀਆਂ 5] ਆਯੁਸ਼ 6] ਨਾਮ ਕਰਮ 7] ਗੋਤਰ ਕਰਮ 8] ਅੰਤਰਾਏ।

ਜਦੋਂ ਕੋਈ ਕੰਮ ਕੀਤਾ ਜਾਂਦਾ ਹੈ ਤਾਂ ਅੱਠ ਹੀ ਭਾਗ ਦੇ ਕਰਮ ਪ੍ਰਮਾਣੂ ਆਪਣੇ ੨ ਹਿਸੇ ਵਿਚ ਵੰਡੇ ਜਾਂਦੇ ਹਨ। ਜਿਸ ਪ੍ਰਕਾਰ ਮੂੰਹ ਵਿਚ ਰੋਟੀ ਪਾਉਣ ਨਾਲ ਸਰੀਰ ਵਿਚ ਸੱਤ ਧਾਤਾਂ ਦਾ ਨਿਰਮਾਨ ਆਪਣੇ ਆਪ ਹੋ ਜਾਂਦਾ ਹੈ।

ਇਨ੍ਹਾਂ ਕਰਮਾਂ ਦੇ ਵਿਚੋਂ ਚਾਰ ਕਰਮ ਘਾਤੀ ਹਨ : ਇਹ ਕਰਮ ਆਤਮ ਗੁਣ ਤੇ ਆਤਮ ਸ਼ਕਤੀ ਦੇ ਪ੍ਰਗਟ ਹੋਣ ਵਿਚ ਰੁਕਾਵਟ ਬਣਦੇ ਹਨ। ਇਹ ਕਰਮ ਹਨ 1] ਗਿਆਨ ਵਰਨੀਆ 2] ਦਰਸ਼ਨਾ ਵਰਨੀਆਂ 3] ਮੋਹਨੀਆਂ 4] ਅੰਤਰਾਏ।

ਅਰਿਹੰਤ ਕੇਵਲੀ, ਕੇਵਲ ਗਿਆਨ ਸਮੇਂ ਇਨਾਂ ਚਾਰ ਕਰਮਾਂ ਦਾ ਖਾਤਮਾ ਹਮੇਸ਼ਾ ਲਈ ਕਰ ਦਿੰਦੇ ਹਨ। ਉਨ੍ਹਾਂ ਨੂੰ ਇਨਾਂ ਕਰਮਾਂ ਦਾ ਬੰਧ ਨਹੀਂ ਸਤਾਉਂਦਾ।

### 1. ਗਿਆਨ ਵਰਨੀਆਂ

ਇਹ ਕਰਮ ਦਾ ਉਹ ਭੇਦ ਹੈ ਜਿਸ ਦੇ ਸਿਟੇ ਵਜੋਂ ਆਤਮਾ ਉਪਰ ਆਗਿਆਨ ਛਾ ਜਾਂਦਾ ਹੈ ਅਤੇ ਗਿਆਨ ਪ੍ਰਗਟ ਹੋਣ ਵਿਚ ਰੁਕਾਵਟ ਪੈਦਾ ਹੁੰਦੀ ਹੈ। ਆਵਰਨ ਦਾ ਅਰਥ ਹੀ ਪਰਦਾ ਹੈ। ਗਿਆਨ ਨੂੰ ਢੱਕਨ ਵਾਲੇ ਪੁਦਗਲ ਇਸ ਵਿਚ ਸ਼ਾਮਲ ਹੈ।

### ਗਿਆਨ ਵਰਨੀਆਂ ਕਰਮ ਬੰਧ ਦੇ ਕਾਰਣ

1] ਗਿਆਨ ਤੇ ਗਿਆਨੀਆ ਵਿਰੋਧਤਾ।

2] ਗਿਆਨ ਤੇ ਗਿਆਨੀ ਦਾ ਨਾਂ ਛਿਪਾਉਣਾ।

2] ਸ਼ਰੁਤ ਗਿਆਨ ਪੜਨ ਵਾਲੇ ਦੇ ਰਾਹ ਵਿਚ ਰੁਕਾਵਟ ਬਣਨਾ।

4] ਗਿਆਨ ਤੇ ਗਿਆਨੀਆਂ ਨਾਲ ਦਵੇਸ਼ ਕਰਨਾ।

5] ਗਿਆਨ ਤੇ ਗਿਆਨੀਆ ਦੀ ਨਿੰਦਾ ਕਰਨਾ, ਬੇਇਜਤੀ ਕਰਨਾ।

6] ਗਿਆਨ ਤੇ ਗਿਆਨੀਆਂ ਪ੍ਰਤੀ ਦੋਸ਼ ਤੇ ਝਗੜੇ ਖੜੇ ਕਰਨਾ।

### ਗਿਆਨ ਵਰਨੀਆਂ ਕਰਮ ਬੰਧ ਦਾ ਫਲ

1] ਸਰੋਤ ਵਰਨ 2] ਸਰੋਤ 3] ਗਿਆਨ ਵਰਨ 4] ਨੇਤਰਾ ਵਰਣ 5] ਨੇਤਰਾ ਗਿਆਰੂਰਨ 6] ਘ੍ਰਾਣ [ਸੁੰਘਣ] ਵਰਣ 7] ਘ੍ਰਾਣ ਗਿਆਨ ਵਰਨ 8] ਰਸਾ ਵਰਣ 9] ਰਸ ਗਿਆਨ ਵਰਣ 10] ਸਪਰਸਾ ਵਰਨ 11] ਸੁਪਰਸ਼

ਵਿਗਿਆ ਵਰਸ਼। ਜੋ ਅੰਸ਼ ਰੂਪ ਵਿਚ ਢਕਦਾ ਹੈ ਉਹ ਦੇਸਾਵਰਨ ਹੈ ਅਤੇ ਜੋ ਪੂਰਨ ਢਕਦਾ ਹੈ ਉਹ ਸਰਵਾਵਰਨ ਹੈ।

ਗਿਆਨ ਵਰਨੀਆਂ ਕਰਮ ਬੰਧ ਦੀ ਸਥਿਤੀ ਘਟੋ ਘਟ ਅੰਤ ਮਹੂਰਤ ਅਤੇ ਵਧ ਤੋਂ ਵਧ 30 ਕਰੋੜ ਕਰੋੜਸਾਗੋਰਪਮ ਹੈ। ਮਤੀ, ਸ਼ਰੁਤ, ਅਵਧੀ, ਮਨ ਪ੍ਰਯਭਵ ਚਾਰ ਗਿਆਨ ਦੇਸ਼ਾਵਰਵ ਹਨ। ਕੇਵਲ ਗਿਆਨ ਸਰਵਾਵਰਨ ਹੈ।

## 2. ਦਰਸ਼ਨਾ ਵਰਨੀਆਂ

ਇਸ ਕਰਮ ਬੰਧ ਦੇ ਪ੍ਰਗਟ ਹੋਣ ਨਾਲ ਆਤਮਾ ਦੀ ਵੇਖਨ ਸ਼ਕਤੀ ਤੇ ਪਰਦਾ ਪੈ ਜਾਂਦਾ ਹੈ। ਇਸ ਕਰਮ ਦੇ ਪ੍ਰਗਟ ਹੋਣ ਦੇ 6 ਕਾਰਣ ਮੰਨੇ ਗਏ ਹਨ। ਜੋ ਗਿਆਨ ਵਰਨੀਆਂ ਕਰਮ ਦੀ ਤਰਾਂ ਹੀ ਹਨ। ਸਮਿਅਕ ਦਰਸ਼ਨ ਵਿਚ ਵੀ ਇਹ ਕਰਮ ਰੁਕਾਵਟ ਹੈ।

### ਦਰਸ਼ਨਾਂ ਵਰਨ ਕਰਮ ਦੇ 6 ਕਾਰਣ

(1) ਦਰਸ਼ਨ ਜਾਂ ਦਰਸ਼ਨ ਵਾਨ ਪ੍ਰਤਿ ਉਲਟ ਚਲਣਾ
(2) ਦਰਸ਼ਨ ਜਾਂ ਦਰਸ਼ਨ ਵਾਨ ਦੇ ਨਾਮ ਨੂੰ ਛਿਪਾਉਣਾ।
(3) ਦਰਸ਼ਨ ਅਭਿਆਸ ਵਿਚ ਰੁਕਾਵਟ ਪਾਉਨਾ
(4) ਦਰਸ਼ਨ ਜਾਂ ਦਰਸ਼ਨਵਾਦ ਪ੍ਰਤਿ ਦਵੇਸ਼
(5) ਦਰਸ਼ਨ ਜਾਂ ਦਰਸ਼ਨ ਵਾਨ ਦੀ ਅਵੱਗਿਆ
(6) ਦਰਸ਼ਨ ਦਾ ਦਰਸ਼ਣ ਵਾਨ ਨਾਲ ਬੇਕਾਰ ਝਗੜਾਂ

### ਦਰਸ਼ਨਾਵਰਨ ਕਰਮ ਦਾ ਫਲ

1] ਨੀਂਦ 2] ਨਿੰਦਰਾਂ ਨਿੰਦਰਾ 3] ਪ੍ਰਚਲਾ 4] ਪ੍ਰਚਲਾ ਪ੍ਰਚੇਲਾ 5] ਸੱਤਯ ਨਿਰਿਧੀ 6] ਚਖਸ਼ੂਦਰਸ਼ਨਾ ਵਰਣ 7] ਅੱਚਖਸ਼ੂ ਦਰਸ਼ਨਾ ਵਰਨ 8] ਅਵੱਧੀ ਦਰਸ਼ਨਾ ਵਰਨ 9] ਕੇਵਲ ਦਰਸ਼ਨਾ ਵਰਨ। 10] ਕੇਵਲ ਦਰਸ਼ਨਾ ਵਰਨੀਆ।

## 3. ਮੋਹਨੀਆ ਕਰਮ

ਜਿਸ ਕਰਮ ਦੇ ਅਸਰ ਕਾਰਣ ਆਤਮਾ ਆਪਣੇ ਸਹੀ ਸਵਰੂਪ ਨੂੰ ਭੁਲ ਕੇ ਗੱਲਤ ਰਾਹ ਤੇ ਚਲਦੀ ਹੈ ਉਸਨੂੰ ਮੋਹਨੀਆਂ ਕਰਮ ਆਖਦੇ ਹਨ। ਇਸ ਕਰਮ ਦੇ ਉਦੇ ਕਾਰਣ ਮਨੁੱਖ ਸੱਚੇ ਧਰਮ ਦਾ ਪਾਲਣ ਨਹੀਂ ਕਰਦਾ। ਜੀਵ ਮੋਹਨੀਆਂ ਕਰਮਾਂ ਅਨੰਤਾਨੂੰ ਬੰਧੀ ਕਸ਼ਾਏ, ਅਪ੍ਰਤਿਖਿਆਨੀ ਕਸਾਏ, ਪ੍ਰਤਿਖਿਆਨ ਕਸ਼ਾਏ, ਸੰਜਵੰਲਨਕ ਕਸ਼ਾਏ ਅਤੇ 9 ਕਸ਼ਾਏ ਵੇਦਨੀਆ ਦੇ 9 ਪ੍ਰਕਾਰ ਇਸ ਤਰ੍ਹਾਂ 26 ਪ੍ਰਕਾਰ ਨਾਲ ਭੋਗਦਾ ਹੈ।

ਇਸ ਦੇ ਵਿਅਕਤ, ਅਵਿਅਕਤ ਦੋ ਰੂਪ ਹਨ। ਮੋਹਨੀਆ ਕਰਮ ਬੰਧ ਪ੍ਰਗਟ ਹੋਣ ਦੇ 6 ਕਾਰਣ ਹਨ। 1) ਤੀਵਰ ਕਰੋਧ 2) ਤੀਵਰ ਮਾਨ 3) ਤੀਵਰ ਮਾਈਆ 4) ਤੀਵਰ ਲੋਭ 5) ਤੀਵਰ ਦਰਸ਼ਨ ਮੋਹਨੀਆ 6) ਤੀਵਰ ਚਾਰਿਤਰ ਮੋਹਨੀਆ।

ਚਾਰ ਕਸ਼ਾਏ ਦਵੇਸ਼ ਅਤੇ ਧਰਮ ਤੋਂ ਬੇਮੁੱਖ ਮਨੁੱਖ ਇਨ੍ਹਾਂ ਕਰਮਾਂ ਕਾਰਣ ਹੀ ਹੁੰਦਾ ਹੈ। ਮੋਹਨੀਆਂ ਕਰਮ ਬੰਧ ਦੇ ਪੰਜ ਫਲ ਹੁੰਦੇ ਹਨ। 1) ਸਮਿੱਕਤਵ ਵੇਦਨੀਆਂ 2) ਮਿਥਿਆਤਵ ਵੇਦਨੀਆਂ 3) ਸਮਿਅਕ ਮਿਥਿਆਤਵ ਵੇਦਨੀਆਂ 4) ਕਸ਼ਾਏ ਵੇਦਨੀਆਂ 5) ਨੋ ਕਸ਼ਾਏ ਵੇਦਨੀਆਂ।

ਨੋ ਕਸ਼ਾਏ ਵੇਦਨਿਆ ਤੋਂ ਭਾਵ ਹੈ ਕਸ਼ਾਏ ਨੂੰ ਉਤੇਜਨਾ ਦੇਣ ਵਾਲੇ ਕਰਮ ਪੁਦਗਲ

ਇਸਦੇ 9 ਭੇਦ ਹਨ। (1) ਹਾਸਾ (2) ਰਤਿ (3) ਅਰਤਿ (ਦਵੇਸ਼) (4) ਸੋਗ (5) ਭੈ (6) ਜਗੁਪਸਾ (ਘਿਰਨਾ) (7) ਇਸਤਰੀ ਵੇਦ (ਪੁਰਸ਼ ਭੋਗ ਦੀ ਕਾਮਨਾ (8) ਪੁਰਸ਼ ਵੇਦ (ਇਸਤਰੀ ਭੋਗ ਦੀ ਕਾਮਨਾ) (9) ਨਪੁੰਸਕਵੇਦ (ਇਸਤਰੀ ਪੁਰਸ਼ ਭੋਗ ਦੀ ਕਾਮਨਾ। ਨੌ ਕਸ਼ਾਏ ਤੋਂ ਭਾਵ ਹੈ ਕਸ਼ਾਏ ਤਾਂ ਨਹੀਂ ਪਰ ਕਸ਼ਾਏ ਦਾ ਸਾਥੀ ਹੈ। ਕਸ਼ਾਏ ਤੋਂ ਬਿਨਾਂ ਨੌ ਕਸ਼ਾਵਾਂ ਦੀ ਹੋਂਦ ਨਹੀਂ।

ਇਸ ਕਰਮ ਬੰਧ ਦਾ ਭੋਗ ਸਮਾਂ ਘਟੋ ਘਟ 12 ਮਹੂਰਤ ਅਤੇ ਵਧੋ ਵਧ 30 ਕਰੋੜ × 30 ਕਰੋੜ ਸਾਗਰੋਪਮ ਹੈ।

## 4. ਅੰਤਰਾਏ ਕਰਮ

ਇਸ ਕਰਮ ਬੰਧ ਕਾਰਣ ਆਤਮਾ ਨੂੰ ਦਾਨ, ਲਾਭ, ਭੋਗ, ਉਪਭੋਗ ਤੇ ਪੁਰਸ਼ਾਰਥ (ਵੀਰਜ) ਦੀ ਸ਼ਕਤੀ ਵਧਾਉਣ ਵਿਚ ਰੁਕਾਵਟ ਪੈਦਾ ਹੁੰਦੀ ਹੈ। ਸਭ ਕੁਝ ਹੁੰਦੇ ਹੋਏ ਵੀ ਇਸ ਕਰਮ ਦੇ ਉਦੇ (ਪ੍ਰਗਟ) ਹੋਣ ਕਾਰਣ ਮਨੁੱਖ ਦਾਨ ਨਹੀਂ ਕਰ ਸਕਦਾ। ਚੀਜ ਮਿਲਣ ਦੀ ਆਸ ਤੇ ਵੀ ਜੋ ਚੀਜ ਨਾ ਮਿਲ ਸਕੇ, ਉਸਦਾ ਨਾ ਅੰਤਰਾਏ ਕਰਮ ਹੈ ਇਸ ਕਰਮ ਬੰਧ ਕਾਰਣ ਮਨ ਦੀ ਇੱਛਾ ਮਨ ਵਿਚ ਰਹਿ ਜਾਂਦੀ ਹੈ।

ਅੰਤਰਾਏ ਕਰਮ ਦੇ ਪ੍ਰਗਟ ਹੋਣ ਦੇ ਪੰਜ ਕਾਰਣ ਹਨ।

1) ਦਾਨ ਅੰਤਰਾਏ (ਦਾਨ ਵਿਚ ਰੁਕਾਵਟ ਪਾਉਣ) 2) ਲਾਭ ਅੰਤਰਾਏ 3) ਭੋਗ ਅੰਤਰਾਏ 4) ਉਪਭੋਗ (ਵਾਰ ਵਾਰ ਮਿਲਣ ਵਾਲੀ ਵਸਤੂ) ਅੰਤਰਾਏ 5) ਵੀਰਜ ਅੰਤਰਾਏ (ਕਿਸੇ ਸ਼ੁਭ ਕੰਮ ਲਗੀ ਸ਼ਕਤੀ ਵਿਚ ਰੁਕਾਵਟ ਪਾਉਣਾ

ਅੰਤਰਾਏ ਕਰਮ ਦਾ ਫ਼ਲ ਇਨ੍ਹਾਂ ਕਰਮ ਦੇ ਰੂਪ ਵਿਚ ਇਨ੍ਹਾਂ ਵਸਤੂ ਦੇ ਰੂਪ ਵਿਚ ਮਿਲਦਾ ਹੈ।

ਇਸ ਕਰਮ ਦੀ ਸਥਿਤੀ ਘਟੋ ਘਟ ਅੰਤ ਮਹੂਰਤ ਅਤੇ ਜ਼ਿਆਦਾ ਤੋਂ ਜਿਆਦਾ 30 ਕਰੋੜ × 30 ਕਰੋੜ ਸਗੋਪਮ ਹੈ।

## 5. ਵੇਦਨੀਆਂ ਕਰਮ

ਜਿਸ ਕਰਮ ਦੇ ਸਿਟੇ ਵਜੋਂ ਆਤਮਾ ਆਪਣੇ ਸਵਰੂਪ ਨੂੰ ਭੁਲ ਕੇ ਕੇਵਲ ਸੰਸਾਰਿਕ ਦੁਖ ਸੁਖ ਨੂੰ ਭੋਗਦੀ ਤੇ ਅਨੁਭਵ ਕਰਦਾ ਹੈ ਉਹ ਕਰਮ ਪੁਦਗਲ ਹੀ ਵੇਦਨੀਆਂ ਕਰਮ ਹਨ।

### ਵੇਦਨੀਆਂ ਕਰਮ ਦੋ ਪ੍ਰਕਾਰ ਦਾ ਹੈ

1) ਸਾਤਾਵੇਦਨੀਆਂ : (ਸੁਖ ਪੂਰਵਕ ਭੋਗਨਾ।

2) ਅਸਾਤਾਵੇਦਨੀਆਂ : (ਦੁਖ ਪੂਰਵਕ ਭੋਗਣ ਯੋਗ)।

ਇਸ ਕਰਮ ਦੇ ਖਾਤਮੇ ਨਾਲ ਹੀ ਬਾਕੀ ਆਤਮਾ ਦੇ ਸ਼ੁਭ ਗੁਣ ਪ੍ਰਗਟ ਹੋਣੇ ਸ਼ੁਰੂ ਹੋ ਜਾਂਦੇ ਹਨ।

ਸਾਤਾਵੇਦਨੀਆਂ ਕਰਮ ਅਤੇ ਅਸਾਤਾ ਵੇਦਨੀਆਂ ਕਰਮ ਦੇ ਦਸ-ਦਸ ਭੇਦ ਹਨ।

## ਸਾਤਾ ਵੇਦਨੀਆਂ (ਸੁੱਖ) ਕਰਮ

1] ਪ੍ਰਾਣ (ਦੋ ਇੰਦਰੀਆਂ ਤੋਂ ਚਾਰ ਇੰਦਰੀਆਂ ਜੀਵਾਂ) ਤੇ ਰਹਿਮ ਕਰਨ ਨਾਲ।
2] ਭੂਤ (ਬਨਾਸਪਤਿ ਦੇ ਜੀਵਾਂ ਤੇ ਕਾਈਆ) ਤੇ ਰਹਿਮ ਕਰਨ ਨਾਲ।
3] ਜੀਵ (ਪੰਜ ਇੰਦਰੀਆਂ ਵਾਲੇ ਜੀਵਾਂ) ਤੇ ਰਹਿਮ ਕਰਨ ਕਾਰਣ।
4] ਸਤੱਵ (ਪ੍ਰਿਥਵੀ, ਪਾਣੀ, ਅਗਨੀ, ਤੇ ਹਵਾ ਦੇ ਜੀਵਾਂ) ਤੇ ਰਹਿਮ ਕਰਨ ਕਾਰਣ।
5] ਇਨਾਂ ਸਾਰੇ ਜੀਵਾ ਨੂੰ ਦੁਖ ਨਾ ਦੇਣ ਕਾਰਣ।
6] ਇਨ੍ਹਾਂ ਸਾਰੇ ਜੀਵਾਂ ਵਿਚ ਚਿੰਤਾ ਪੈਦਾ ਹੋਣ ਤੋਂ ਰੋਕਣ ਕਾਰਣ।
7] ਇਨਾਂ ਸਾਰੇ ਜੀਵਾਂ ਨੂੰ ਵਿਲਾਪ ਤੋਂ ਰੋਕਣ ਕਾਰਣ।
8] ਇਨਾਂ ਸਾਰੇ ਜੀਵਾਂ ਨੂੰ ਹੰਝੂ ਵਹਾਉਣ ਤੋਂ ਰੋਕਣ ਕਾਰਣ।
9] ਇਨਾਂ ਸਾਰੇ ਜੀਵਾਂ ਨੂੰ ਮਾਰਣ ਕੁਟਣ ਤੋਂ ਰੋਕਣ ਕਾਰਣ।
10] ਉਨਾਂ ਨੂੰ ਕਿਸੇ ਪ੍ਰਕਾਰ ਦੀ ਵੀ ਤਕਲੀਫ ਨਾ ਦੇਣ ਕਾਰਣ ਸਾਤਾ ਵੇਦਨੀਆਂ ਕਰਮ ਪ੍ਰਗਟ ਹੁੰਦਾ ਹੈ। ਅਤੇ ਇਸ ਕਰਮ ਦੇ ਉਦੇ ਨਾਲ ਮਨੁਖ ਸੁਖੀ ਹੁੰਦਾ ਹੈ।
ਇਨ੍ਹਾਂ ਨੂੰ ਤਕਲੀਫ ਦੇਣ ਕਾਰਣ ਅਸਾਤਾ ਵੇਦਨੀਆਂ ਕਰਮ ਪ੍ਰਗਟ ਹੁੰਦਾ ਹੈ।

### ਅਸਾਤਵੇਦਨੀਆਂ ਕਰਮ ਦਾ ਫਲ

(1-5) ਸ਼ਬਦ, ਰੂਪ, ਗੰਧ ਰਸ ਤੇ ਸਪਰਸ਼ ਦਾ ਸੁਖ (6) ਮਨ ਦਾ ਸੁੱਖ (7) ਵਚਨ ਦਾ ਸੁੱਖ (8) ਕਾਈਆਂ ਦਾ ਸੁਖ ਹੈ।

ਅਸਾਤਾ ਵੇਦਨੀਆਂ ਕਰਮ ਦਾ ਫਲ ਦੁੱਖ ਰੂਪ ਵਿਚ ਉਲਟ ਹੁੰਦਾ ਹੈ। ਵੇਦਨੀਆਂ ਕਰਮ ਦਾ ਸਮਾਂ ਘਟੋ-ਘਟ 12 ਮਹੂਰਤ ਤੇ ਵਧੋ ਵੱਧ 30 ਕਰੋੜਾ ਕਰੋੜ ਸਾਗਰਪਮ ਹੈ।

### (6) ਨਾਮ ਕਰਮ

ਜੀਵਨ ਦੇ ਭਿੰਨ ਭਿੰਨ ਸਮਗਰੀ ਦੀ ਪ੍ਰਾਪਤੀ ਦੇ ਕਾਰਣ ਕਰਮ ਪੁਦਗਲ ਦਾਨਾ ਹੈ। ਇਸੇ ਕਰਮ ਦੇ ਸਿਟੇ ਵਜੋਂ ਜੀਵ ਨੂੰ ਸ਼ੁਭ ਜਾਂ ਅਸ਼ੁਭ ਸ਼ਰੀਰ ਮਿਲਦਾ ਹੈ। ਇਸ ਕਰਮ ਦੇ ਦੋ ਭੇਦ ਹਨ (1) ਸ਼ੁਭ (2) ਅਸ਼ੁਭ। ਜਿਵੇਂ ਚਿੱਤਰ ਕਾਰ ਭਿੰਨ ੨ ਪ੍ਰਕਾਰ ਦੇ ਚਿੱਤਰ ਬਨਾਉਂਦਾ ਹੈ ਉਸ ਪ੍ਰਕਾਰ ਇਹ ਕਰਮ ਭਿੰਨ ੨ ਗਤੀਆਂ ਦੀ ਰਚਨਾ ਵਿਚ ਸਹਾਇਕ ਹੈ।

ਸ਼ੁਭ ਨਾਮ ਵਾਲੇ ਮਨੁੱਖ ਸੁੰਦਰ, ਪ੍ਰਭਾਵਸ਼ਾਲੀ, ਨੀਰੋਗ ਹੁੰਦੇ ਹਨ। ਅਸ਼ੁਭ ਨਾਮ ਵਾਲੇ ਮਨੁੱਖ ਇਸ ਤੋਂ ਉਲਟ ਹੁੰਦੇ ਹਨ। ਇਸ ਕਰਮ ਦੇ ਖਾਤਮੇ ਤੋਂ ਬਾਅਦ ਆਤਮਾ ਆਪਣੇ ਅਮੂਰਤ ਸਥਿਤੀ ਵਿਚ ਸਥਿਤੀ ਹੋ ਜਾਂਦੀ ਹੈ।

ਸ਼ੁਭ ਨਾਮ ਕਰਮ ਪ੍ਰਾਪਤ ਹੋਣ ਦੇ ਚਾਰ ਕਾਰਣ ਹਨ।

(1) ਕਾਈਆ ਰਿਜੂਤਾ (ਸ਼ਰੀਰ ਰਾਂਹੀ ਕਿਸੇ ਨਾਲ ਛੱਲ ਨਾ ਕਰਨਾਂ) (2) ਭਾਵ ਰਿਜੂਤਾ (ਮਨ ਵਿਚ ਛੱਲ ਕਪਟ ਨਾ ਕਰਨਾ) (3) ਭਾਸ਼ਾ ਰਿਜੂਤਾ(ਛੱਲ ਕਪਟ ਵਾਲੀ ਭਾਸ਼ਾ ਨਾ ਬੋਲਣਾ) (4) ਅਵਿੰਸਵਾਦਨਯੋਗ ਮਨ, ਵਚਨ ਕਾਈਆ ਰਾਂਹੀ ਇਕ ਰੂਪ ਰਹਿਣਾ।

ਅਸੁਭ ਨਾਮ ਕਰਮ ਦੇ ਵੀ ਚਾਰ ਕਾਰਣ ਹਨ। ਜੋ ਇਸਦੇ ਉਲਟ ਹਨ ਜਿਸ ਦੇ ਸਿਟੇ

ਵਝੋਂ ਬੇਇਜ਼ਤੀ ਅਤੇ ਸ਼ਰੀਰਕ ਕਰੂਪਤਾ ਮਿਲਦੀ ਹੈ। ਇਹ ਕਰਮ 34 ਪ੍ਰਾਕ੍ਰਿਤੀਆਂ ਨਾਲ ਭੋਗਿਆ ਜਾਂਦਾ ਹੈ।

## ਸ਼ੁਭ ਨਾਮ ਕਰਮ ਦਾ ਫਲ

ਸ਼ੁਭ ਨਾਮ ਕਰਮ ਪ੍ਰਗਟ ਹੋਣ ਨਾਲ 14 ਪ੍ਰਕਾਰ ਦਾ ਸ਼ੁਭ ਕਰਮ ਪੈਦਾ ਹੁੰਦਾ ਹੈ। (1-5) ਇਸ਼ਟ [ਮਨਭਾਉਂਦੇ] ਸ਼ਬਦ, ਰੂਪ, ਰਸ, ਗੰਧ, ਸਪਰਸ਼ (6-7) ਇਸ਼ਟ [ਚੰਗੀ] ਗਤਿ ਤੇ ਸਥਿਤੀ (8) ਲਾਵਣੰਯ (9) ਯਸ਼ ਕੀਰਤੀ [ਮਸ਼ਹੂਰੀ] (10) ਉਥਾਨ, [ਕਰਮ ਬਲ-ਵੀਰਜ ਪੁਰਸ਼ਾਕਾਰ ਪ੍ਰਕਾਰਮ] (11) ਇਸ਼ਟ ਸਵਰਤਾ (12) ਕਾਂਤ ਸਵਰਤਾ (13) ਪ੍ਰਿਆਸਵਰਤਾ (14) ਮੋਰਿਆ ਸਵਰਤ।

ਇਸ ਕਰਮ ਦਾ ਸਮਾਂ ਘਟੋ ਘਟ ਅੱਠ ਮੂਹਰਤ ਵਧ ਤੋਂ ਵਧ 20 ਕਰੋੜ ਕਰੋੜ ਸਾਗੋਰਪਮ ਹੈ।

## (7) ਗੋਤਰ ਕਰਮ

ਇਸ ਕਰਮ ਕਾਰਣ ਉੱਚ ਜਾਂ ਨੀਚ ਅਖਵਾਉਦਾ ਇਹੋ ਗੋਤਰ ਕਰਮ ਉੱਚਤਾ, ਨੀਚਤਾ, ਸਨਮਾਨ ਤੇ ਅਪਮਾਨ ਦਾ ਕਾਰਣ ਵੀ ਬਣਦਾ ਹੈ। ਇਸ ਦੇ ਉੱਚ ਤੇ ਨੀਚ ਦੋ ਭੇਦ ਹਨ।

ਇਸ ਕਰਮ ਦੇ ਖਾਤਮੇ ਤੋਂ ਬਾਅਦ ਆਤਮ ਅਗੁਰੂ ਲਘੂ (ਇਕ ਸਮਾਨ) ਅਵਸਥਾ ਨੂੰ ਪ੍ਰਾਪਤ ਹੁੰਦੀ ਹੈ।

ਉੱਚ ਗੋਤਰ ਦੀ ਪ੍ਰਾਪਤੀ ਲਈ ਅੱਠ ਮੱਦ ਦਾ ਤਿਆਗ ਜ਼ਰੂਰੀ ਹੈ।

1) ਜਾਤ ਮੱਦ [ਹੰਕਾਰ] 2) ਕੁਲ ਮਦ 3) ਬਲ ਮਦ 4) ਰੂਪ ਮਦ 5) ਤੱਪ ਮਦ 6) ਸਰੁਤ [ਸ਼ਾਸਤਰ ਗਿਆਨ] ਮਦ 7) ਲਾਭ ਮਦ 8) ਏਸ਼-ਵਰਿਆ [ਸ਼ਾਨ ਸ਼ੋਕਤ] ਮਦ।

ਇਹਨਾਂ ਵਸਤੂਆਂ ਦਾ ਹੰਕਾਰ ਨਾਂ ਕਰਨ ਕਾਰਣ ਉੱਚ ਗੋਤਰ ਕਰਮ ਦਾ ਬੰਧ ਹੁੰਦਾ ਹੈ। ਨੀਚ ਗੋਤਰ ਕਰਮ ਦਾ ਉਦੇ ਇਨਾਂ ਵਸਤੂਆਂ ਦਾ ਹੰਕਾਰ ਕਰਨਾ ਹੁੰਦਾ ਹੈ।

ਉੱਚ ਗੋਤਰ ਕਰਮ ਦਾ ਫ਼ਲ ਇਨਾਂ ਵਸਤੂਆਂ ਦਾ ਹੰਕਾਰ ਨਾ ਕਰਨ ਦੇ ਰੂਪ ਵਿਚ ਮਿਲਦਾ ਹੈ। ਭਾਵ ਹੰਕਾਰ ਨਾ ਕਰਨ ਨਾਲ ਚੰਗੀ ਜਾਤੀ, ਕੁਲ, ਬਲ, ਰੂਪ ਤੱਪ, ਸ਼ਰੁਤ, ਲਾਭ ਅਤੇ ਸ਼ਾਨ ਸ਼ੋਕਤ ਮਿਲਦੀ ਹੈ।

ਨੀਚ ਗੋਤਰ ਕਰਮ ਦਾ ਸਿੱਟਾ ਇਨਾਂ ਦਾ ਹੰਕਾਰ ਹੈ। ਇਸ ਕਰਮ ਬੰਧ ਦਾ ਸਮਾਂ ਨਾਮ ਕਰਮ ਜਿਨਾਂ ਹੈ।

## (8) ਆਯੂਸ਼ ਕਰਮ

ਇਸ ਕਰਮ ਕਾਰਣ ਆਤਮਾ ਚਾਰੇ ਗਤੀਆਂ ਵਿਚ ਕਿਸੇ ਨਿਸ਼ਚਿਤ ਸਮੇਂ ਲਈ, ਖਾਸ ਗਤੀ ਵਿਚ ਟਿਕਦੀ ਹੈ। ਜੀਵਨ ਦੇ ਕਾਰਣ ਪੁਦਗਲ ਹੀ ਆਯੂਸ਼ ਕਰਮ ਹਨ।

ਇਸ ਕਰਮ ਦੇ ਦੋ ਭੇਦ ਹਨ 1) ਸ਼ੁਭ ਆਯੂ 2) ਅਸ਼ੁਭ ਆਯੂ।

ਦੇਵਤਾ ਤੇ ਮਨੁਖ ਦੀ ਆਯੂ (ਉਮਰ) ਸ਼ੁਭ ਆਯੂ ਹੈ। ਪਸ਼ੂ ਤੇ ਨਾਰਕੀ ਦੀ ਅਸ਼ੁਭ ਆਯੂ ਹੈ। ਇਸ ਕਰਮ ਦੇ ਖਾਤਮੇ ਤੋਂ ਬਾਅਦ ਆਤਮਾ, ਨਜ਼ਰ, ਅਮਰ ਅਤੇ ਅਜਨਮਾਂ ਹੋ ਜਾਂਦਾ ਹੈ।

ਪਹਿਲੇ ਚਾਰ ਕਰਮ ਘਾਤੀ ਹਨ ਪਿਛਲੇ ਚਾਰ ਅਘਾਤੀ।

ਚਾਰ ਗਤੀਆਂ ਦੇ ਆਯੂ ਕਰਮ ਦੇ ਸਬੰਧ ਦੇ ਕਾਰਣ ਇਸ ਪ੍ਰਕਾਰ ਹੈ :—

ਨਰਕ ਆਯੂਸ ਦਾ ਕਾਰਣ :—1) ਮਹਾਂ ਹਿੰਸਾ ਕਰਨਾ 2) ਜਰੂਰਤ ਤੋਂ ਵਧ ਸੰਗ੍ਰਹਿ ਕਰਨਾ 3) ਮਾੱਸ ਅਹਾਰ 4) ਪੰਜ ਇੰਦਰੀਆਂ ਦੇ ਜੀਵਾਂ ਦੀ ਹਤਿਆ ਕਰਨਾ ਹੀ ਨਰਕ ਵਿਚ ਹੋਣ (ਆਯੁਸ਼) ਦੇ ਪ੍ਰਮੁਖ ਕਾਰਣ ਹਨ।

ਪਸ਼ੂ ਆਯੂਸ਼ ਦੇ ਕਾਰਣ :—1) ਪੰਰਬਚਨ :—ਕਿਸੇ ਨਾਲ ਠੱਗੀ ਕਾਰਣ 2) ਮਾਈਆ :—ਕਪਟ ਕਰਨ ਕਾਰਣ 3) ਝੂਠ ਬੋਲਣ ਕਾਰਣ 4) ਝੂਠੇ ਨਾਪ ਤੋਲ ਵਰਤਣ ਕਾਰਣ ਜੀਵ ਆਤਮਾ ਪਸ਼ੂ ਜੂਨ ਵਿਚ ਪੈਦਾ ਹੁੰਦਾ ਹੈ।

ਮਨੁੱਖ ਆਯੂਸ਼ ਦਾ ਕਾਰਣ :—1) ਸਰਲਤਾ (2) ਨਿਮਰਤਾ 3) ਦਿਆਲਤਾ 4) ਈਰਖਾ ਭਾਵ ਦਾ ਤਿਆਗ

ਦੇਵਤਾ ਦੀ ਆਯੂ ਦਾ ਕਾਰਣ :—1) ਸਾਧੂ ਧਰਮ ਪਾਲਣ ਕਰਕੇ 2) ਗ੍ਰਹਿਸਥ ਧਰਮ ਪਾਲਣ ਕਾਰਣ 3) ਅਕਾਮ ਨਿਰਜਰਾ 4) ਬਾਲਤੱਪ [ਅਗਿਆਨਤਾ ਪੂਰਵਕ ਕੀਤੀ ਤਪਸਿਆ]।

## ਲੇਸ਼ਿਆ

ਲੇਸ਼ਿਆ ਸ਼ਬਦ ਜੈਨ ਸਿਧਾਂਤ ਦਾ ਆਪਣਾ ਸ਼ਬਦ ਹੈ। ਇਸ ਸ਼ਬਦ ਦਾ ਅਰਥ ਹੈ ਪੁਦਗਲ ਦਰਵ ਦੇ ਸੁਮੇਲ ਤੋਂ ਪੈਦਾ ਹੋਣ ਵਾਲੇ ਜੀਵ ਦੇ ਵਿਚਾਰ ਪਰਿਣਾਮ। ਆਤਮਾ ਚੇਤੰਨ ਹੈ। ਜੜ ਸ਼ਰੀਰ ਇਸ ਤੋਂ ਵੱਖ ਹੈ। ਫੇਰ ਵੀ ਸੰਸਾਰੀ ਹਾਲਤ ਵਿਚ ਆਤਮਾ ਦਾ ਇਸ ਜੜ ਦਰੱਵ ਦਾ ਪ੍ਰਭਾਵ, ਜੀਵ ਦੇ ਵਿਚਾਰਾਂ ਤੇ ਪੈਂਦਾ ਹੈ। ਜਿਨ੍ਹਾਂ ਪੁਦਗਲਾਂ ਰਾਂਹੀ ਜੀਵ ਦੇ ਵਿਚਾਰ ਪ੍ਰਭਾਵਿਤ ਹੁੰਦੇ ਹਨ ਉਸ ਨੂੰ ਦਰੱਵ ਲੇਸ਼ਿਆ ਆਖਦੇ ਹਨ। ਦਰਵ ਲੇਸ਼ਿਆ ਪੁਦਗਲ ਹਨ। ਇਹਨਾਂ ਦਾ ਵਰਨ, ਗੱਧ, ਰਸ ਅਤੇ ਸਪਰਸ਼ ਹੁੰਦਾ ਹੈ। ਪਹਿਲੀਆਂ ਤਿੰਨ ਲੇਸ਼ਿਆਵਾਂ ਅਸ਼ੁਭ ਹਨ। ਅਤੇ ਪਿਛਲੀ ਤਿੰਨ ਸ਼ੁਭ। ਇਨ੍ਹਾਂ ਦਾ ਨਾਂ ਤੇ ਰੰਗ ਵੀ ਦਰਵ ਲੇਸਿਆ ਦੇ ਅਧਾਰ ਤੇ ਹੋਇਆ ਹੈ।

ਖਾਣ, ਪੀਣ, ਰਹਿਣ, ਸਹਿਣ, ਵਾਤਾਵਰਣ ਅਤੇ ਵਾਯੂ ਮੰਡਲ ਦਾ ਸ਼ਰੀਰ ਤੇ ਮਨ ਤੇ ਆਸਰੇ ਹੁੰਦਾ ਹੈ। ਸਰੀਰ ਅਤੇ ਮਨ ਇਕ ਹਨ। ਇਸੇ ਕਾਰਣ ਇਕ ਦਾ ਅਸਰ ਦੂਸਰੇ ਤੇ ਪਾਦੇ ਹੈ।

ਦਰਵ ਲੇਸ਼ਿਆ ਅਨੁਸਾਰ ਹੀ ਭਾਵ ਲੇਸ਼ਿਆ ਬਣਦੀ ਹੈ। ਦਰਵ ਲੇਸ਼ਿਆ ਅਨੁਸਾਰ ਹੀ ਵਿਚਾਰ ਬਣਦੇ ਹਨ। ਇਹੋ ਭਾਵ ਲੇਸ਼ਿਆ ਹੈ। ਲੇਸ਼ਿਆ ਨਾਲ ਦਰਵ ਤੋਂ ਰਹਿਣ

ਕੀਤੇ ਜਾਂਦੇ ਹਨ ਜੋ ਲੇਸ਼ਿਆ ਦੇ ਪਰਿਣਾਮ ਹਨ।

6 ਲੇਸ਼ਿਆਵਾਂ ਦੇ ਨਾਂ ਇਸ ਪ੍ਰਕਾਰ ਹਨ।

1) ਕ੍ਰਿਸ਼ਨ 2) ਨੀਲ 3) ਕਾਪੋਤ 4) ਤੇਜਸ 5) ਪਦਮ 6) ਸ਼ੁਕਲ

ਕ੍ਰਿਸ਼ਨ, ਨੀਲ, ਕਪੋਤ ਇਹ ਤਿਨ ਅਧਰਮ ਲੇਸ਼ਿਆਵਾਂ [ਅਸ਼ੁਭ ਵਿਚਾਰਾਂ] ਵਾਲੀਆਂ ਹਨ। ਤੇਜਸ, ਪਦਮ ਤੇ ਸ਼ੁਕਲ ਇਹ ਤਿੰਨ ਧਰਮ ਲੇਸ਼ਿਆਵਾਂ ਹਨ।

ਆਤਮਾ ਵਿਚ ਚੰਗੇ ਜਾਂ ਬੁਰੇ ਪ੍ਰਗਟ ਹੋਣ ਵਾਲੇ ਵਿਚਾਰਾਂ ਦਾ ਮੂਲ ਮਾਰਨ ਮੋਹ ਦਾ ਨਾਂ ਹੋਣਾ ਜਾਂ ਹੋਣਾ ਹੈ। ਜਿਸ ਰਾਂਹੀ ਜੀਵ ਆਤਮਾ ਆਪਣੇ ਆਪ ਨੂੰ ਪੁੰਨ ਪਾਪ ਦੇ ਅਧੀਨ ਕਰੇ।

ਕਸ਼ਾਏ ਅਤੇ ਯੋਗ [ਮਨ ਵਚਨ ਤੇ ਸਰੀਰ] ਦੇ ਸੁਮੇਲ ਦਾ ਨਾਂ ਹੀ ਲੇਸ਼ਿਆ ਹੈ।

ਮਨ ਵਿਚ ਭਿੰਨ ਭਿੰਨ ਪ੍ਰਕਾਰ ਦੇ ਵਿਚਾਰ ਉਤਪੰਨ ਹੁੰਦੇ ਹਨ। ਇਨ੍ਹਾਂ ਮਨ ਦੀ ਭਿੰਨ ਅਵਸਥਾਵਾਂ ਨੂੰ ਜੈਨ ਗ੍ਰੰਥਕਾਰਾਂ ਨੇ ਪਰਿਆਏ ਆਖਿਆ ਗਿਆ ਹੈ। ਕਰਮ ਪੁਦਗਲਾਂ ਨੂੰ ਆਤਮਾ ਨਾਲ ਚਿਪਕਾਉਣ ਵਿਚ ਲੇਸ਼ਿਆ ਦਾ ਹੱਥ ਹੈ।

ਲੇਸ਼ਿਆਂ ਦਾ ਕਰਮਬੰਧ ਵਿਚ ਬਹੁਤ ਮਹੱਤਵ ਪੂਰਣ ਸਥਾਨ ਹਨ। ਸੁਭਾਵ ਪਖੋਂ ਹਰ ਲੇਸ਼ਿਆ ਦੇ ਰੰਗ, ਸੁਆਦ ਅਤੇ ਅਸਰ ਦੇ ਗ੍ਰੰਥਕਾਰ ਨੇ ਇਸ ਪ੍ਰਕਾਰ ਵਰਣਨ ਕੀਤਾ ਹੈ।

| ਲੇਸ਼ਿਆ | ਰੰਗ | ਅਸਰ | ਲਛਣ |
|---|---|---|---|
| ਕ੍ਰਿਸ਼ਨ | ਕੱਜਲ ਦੀ ਤਰ੍ਹਾਂ ਕਾਲੀ | ਅਸ਼ੁਭ | ਕਰੋਧੀ, ਲੜਾਕੇ, ਰਹਿਮ ਤੋਂ ਰਹਿਤ ਅਤੇ ਦੁਸ਼ਟ ਸੁਭਾਅ। ਨੀਮ ਤੋਂ ਕੋੜੇ ਸੁਆਦ ਵਾਲੀ। ਮਰੇ ਸੱਪ ਦੀ ਬਦਬੂ ਵਾਲੇ। ਛੋ ਵਿਚ ਗਊ ਦੀ ਪੂੰਛ ਦੀ ਤਰ੍ਹਾਂ ਖੁਰਦਰੀ। |
| ਨੀਲ | ਨੀਲੀ | ਅਸ਼ੁਭ | ਘੱਟ ਕੰਮ ਕਰਨ ਵਾਲਿਆਂ, ਮਨਮਰਜੀ ਵਾਲੇ, ਵਿਵੇਕ ਤੇ ਕਲਾ ਤੋਂ ਰਹਿਤ, ਇੰਦਰੀਆਂ ਵਿਚ ਲਗੇ ਹੋਏ ਠੱਗ, ਧੰਨ ਦੌਲਤ ਦੇ ਭੁਖੇ। ਸੁੰਡ ਵਰਗ ਸਵਾਦ। ਗੰਧ ਤੇ ਛੋ ਪਹਿਲਾ ਦੀ ਤਰ੍ਹਾਂ ਹੈ। |
| ਕਪੋਤ | ਕਬੂਤਰ | ਅਸ਼ੁਭ | ਕਰੋਧੀ, ਨਿੰਦਕ, ਦੂਸਰੇ ਨੂੰ ਦੁਖ ਦੇਣ ਵਾਲੇ ਅਸਹਿਨ ਸ਼ੀਲ, ਹੱਤਕ ਕਰਨ ਵਾਲੇ ਅਵਿਸ਼ਵਾਸੀ ਲਾਪ੍ਰਵਾਹ, ਅਪਣੇ ਹੀ ਪ੍ਰੰਸ਼ਸਕ। ਕਚੇ ਅੰਬ ਦੇ ਤਿਖੀ। |
| ਤੇਜ਼ਸ | ਸਿਧੂਰ ਵਰਗਾ | ਸ਼ੁਭ | ਚੰਗੇ ਮੰਦੇ ਕੰਮ ਨੂੰ ਸਮਝਣ ਵਾਲਾ, ਸਮਦਰਸ਼ੀ ਦਿਆਲੂ, ਦਾਨੀ ਨਰਮ ਸੁਭਾਅ ਵਾਲਾ। ਸੁਆਦ ਪੱਕੇ ਅੰਬ ਦੇ ਰਸ ਵਰਗਾ। |

| | | | |
|---|---|---|---|
| ਪਦਮ | ਹਲਦੀ ਦੇ ਸਮਾਨ | ਸ਼ੁਭ | ਦਾਨੀ, ਉਤਮ ਸੁਭਾਅ ਵਾਲਾ, ਕਸ਼ਟ ਸਹਿਣਵਾਲਾ ਮੁਨੀ ਦੀ ਇੱਜਤ ਕਰਨ ਵਾਲਾ। ਫੁੱਲ ਜੇਹੀ ਗੰਧ ਛੋਹ ਮੱਖਣ ਤੋਂ ਵੱਧ ਚਿਕਨਾਹਟ ਵਰਗੀ ਸੁਆਦ ਸ਼ਹਿਦ ਵਰਗਾ ਸੁਆਦ। |
| ਸ਼ੁਕਲ | ਸਫੇਦ | ਸ਼ੁਭ | ਪੱਖਪਾਤ ਤੋਂ ਰਹਿਤ, ਦੁਖ, ਸੁਖ ਦੀ ਇੱਛਾ ਤੋਂ ਰਹਿਤ, ਰਾਗ, ਦਵੇਰਾ ਨਰਕ,ਸਵਰਗ ਅਤੇ ਪਰਿਵਾਰ ਦੀ ਇਛਾ ਤੋਂ ਰਹਿਤ। ਪਦਮ ਲੇਸ਼ਿਆ ਵਰਗਾ ਹੀ ਹੈ। |

ਲੇਸ਼ਿਆ ਦੇ ਪ੍ਰਭਾਵ ਇਕੱਲਾ ਸੰਸਾਰੀ ਮਨੁੱਖਾਂ ਤੇ ਨਹੀਂ ਸਗੋਂ ਨਰਕ। ਤੇ ਸਵਰਗ ਮਨੁਖ ਤੇ ਪਸ਼ੂ ਸਭ ਪ੍ਰਕਾਰ ਦੀ ਯੋਨੀਆਂ ਤੇ ਪੈਂਦਾ ਹੈ। ਲੇਸ਼ਿਆ ਅੱਠ ਕਰਮਾਂ ਦੇ ਵਾਧੇ ਤੇ ਘਾਟੇ ਦਾ ਕਾਰਣ ਬਣੀ ਹੈ।

ਨਾਮ ਕਰਮ ਦੇ ਵਰਣ ਨਾਮਕ ਭੇਦ ਕਾਰਣ ਹੀ ਮਨੁੱਖ ਦੇ ਸਰੀਰ ਦਾ ਰੰਗ ਬਣਦਾ ਹੈ। ਇਹਨੂੰ ਦਰਵ ਲੈਸ਼ਿਆ ਵਿਚ ਸਮਝਣਾ ਚਾਹੀਦਾ ਹੈ। ਸ਼ੁਭ ਲੇਸ਼ਿਆ ਨਾਲ ਸ਼ੁਭ ਕਰਮ ਦਾ ਉਦੇ ਹੁੰਦਾ ਹੈ। ਅਤੇ ਸੁਭ ਕਰਮ ਦੇ ਉਦੇ ਨਾਲ ਹੀ ਮਨੁਖ ਦੇ ਸੁਭਾਅ ਬਣਾ ਹੈ। ਕਰਮਾਂ ਦਾ ਫਲ ਮਿਲਦਾ ਹੈ।

ਅਸ਼ੁਭ ਲੇਸ਼ਿਆ ਨਾਲ, ਅਸ਼ੁਭ ਸਰੀਰ ਤੇ ਵਿਚਾਰ ਪੈਦਾ ਹੁੰਦਾ ਹੈ। ਸੋ ਲੇਸ਼ਿਆ ਕਰਮ ਬੰਦ ਦੇ 8 ਕਾਰਣ ਨੂੰ ਸੂਖਮ ਰੂਪ ਵਿਚ ਪ੍ਰਭਾਵਿਤ ਕਰਦੀ ਹੈ।

ਲੇਸ਼ਿਆ ਕਰਮਾਂ ਪੁਦਗਲਾਂ ਨਾਲ ਮਿਲਕੇ ਆਤਮਾ ਨਾਲ ਸਬੰਧ ਸਥਾਪਿਤ ਕਰਦੀ ਹੈ। ਲੇਸ਼ਿਆ ਕਰਮ ਬੰਧ ਦਾ ਇਕ ਪ੍ਰਮੁੱਖ ਕਾਰਣ ਯੋਗ ਦਾ ਹੀ ਸਹਾਇਕ ਹਿਸਾ ਹੈ।

ਕਰਮ ਪ੍ਰਮਾਣੂ ਦੇ ਉਦੇ ਹੋਣ ਤੇ ਜੀਵ ਦੀਆਂ ਇਹ ਅਵਸਥਾਵਾਂ ਹੁੰਦੀਆਂ ਹਨ : 1) 4 ਗਤੀਆਂ (ਨਰਕ, ਸਵਰਗ, ਦੇਵ ਤੇ ਮਨੁੱਖ) 2) ਕਾਇਆ (ਤਰੱਸ ਤੇ ਸਥਾਵਰ) 3) 4 ਕਸ਼ਾਏ 4) ਵੇਦ (ਇਸਤਰੀ-ਪੁਰਸ਼ ਤੇ ਨਪੁੰਸਕ 5) ਲੇਸ਼ਿਆ।

## ਕਰਮ ਦੀ 10 ਅਵਸਥਾਵਾਂ ਹਨ

(1) ਬੰਧ :—ਮਿਥਿਆਤਵ ਆਦਿ ਆਸ਼ਰਵਾਂ ਕਾਰਣ ਜੀਵ ਦੇ ਅਸੰਖ ਪ੍ਰਦੇਸਾਂ ਦੀ ਹਲਚਲ ਪੈਦਾ ਹੋਣ ਤੇ ਜਿਸ ਖੇਤਰ ਦੇ ਆਤਮ ਪ੍ਰਦੇਸ਼ ਹਨ ਉਸ ਖੇਤਰ ਵਿਚ ਵਿਦਮਾਨ ਅਨੰਤਾਂ ਅਨੰਤ ਕਰਮ ਯੋਗ ਪੁਦਗਲ ਆਤਮਾ ਪ੍ਰਦੇਸ਼ਾਂ ਦੇ ਨਾਲ ਬੰਧ ਜਾਂਦੇ ਹਨ ਚਿਪਕ ਜਾਂਦੇ ਹਨ ਉਸ ਨੂੰ ਬੰਧ ਆਖਦੇ ਹਨ।

(2) ਉਦਵਰਤਨਾ-ਅਪਵਰਤਨਾ :—ਸਥਿਤੀ ਅਤੇ ਅਨੁਭਾਗ ਦੇ ਵੱਧਨ ਨੂੰ ਉਦ ਵਰਤਨਾ ਅਤੇ ਘਟਨ ਨੂੰ ਅਪਵਰਤਨਾ ਆਖਦੇ ਹਨ। ਕਰਮ ਬੰਧ ਤੋਂ ਬਾਅਦ ਇਹ ਦੋਹੇ ਕ੍ਰਿਆਵਾ ਸ਼ੁਰੂ ਹੁੰਦੀਆਂ ਹਨ।

(3) ਸੱਤਾ :—ਬੰਧੇ ਹੋਏ ਕਰਮ ਉਸੇ ਸਮੇਂ ਫਲ ਨਹੀਂ ਦਿੰਦੇ। ਕੁਝ ਸਮਾਂ ਵਾਅਦ ਉਨ੍ਹਾਂ ਦਾ ਪਰਿਪਾਰਕ (ਵਿਪਾਕ) ਹੁੰਦਾ ਹੈ। ਇਸ ਲਈ ਕਰਮ ਅਪਣਾ ਫਲ ਨਾ ਦੇਕੇ ਜਦ ਤਕ ਆਤਮਾ ਦੇ ਨਾਲ ਹੋਂਦ ਵਿਚ ਰਹਿੰਦੇ ਹਨ ਉਹ ਦਸ਼ਾ ਸੱਤਾ ਹੈ।

(4) ਉਦੈ :—ਵਿਪਾਕ (ਫਲ) ਦਾ ਸਮੇ ਆਉਣ ਤੇ ਕਰਮ ਅਪਣਾ ਫੱਲ ਸ਼ੁਭ ਅਸ਼ੁਭ ਰੂਪ ਵਿਚ ਦਿੰਦੇ ਹਨ। ਉਦੇ ਦੋ ਪ੍ਰਕਾਰ ਦਾ ਹੈ।

(1) ਜੋ ਕਰਮ ਅਪਣਾ ਫਲ ਦੇਨੇ ਨਸ਼ਟ ਹੋ ਜਾਂਦਾ ਹੈ ਉਹ ਵਿਪਾਕਉਂਦੇ ਹਨ।

(2) ਜੋ ਕਰਮ ਉਦੈ ਵਿਚ ਆ ਕੇ ਬਿਨਾਂ ਫੱਲ ਦਿਤੇ ਨਸ਼ਟ ਹੋ ਜਾਵੇ ਉਹ ਪ੍ਰਦੇਸ਼ ਉਦੈ ਹਨ।

(5) ਉਦੀਰਨਾ :—ਜੋ ਕਰਮ ਦਲ ਭਵਿੱਖ ਵਿਚ ਉਦੈ ਹੋਣ ਵਾਲੇ ਉਨ੍ਹਾਂ ਨੂੰ ਖਾਸ ਤਪ, ਕਸ਼ਟ ਸਹਿਕੇ, ਉਦੈ ਵਿਚ ਆਏ ਵਰਤਮਾਨ ਕਰਮਾਂ ਦੇ ਨਾਲ ਭੋਗਨਾ ਉਦੀਰਨਾ ਹੈ। ਉਦੀਰਨਾ ਵਿਚ ਲੰਮੇ ਸਮੇਂ ਤੋਂ ਬਾਅਦ ਉਦੈ ਵਿਚ ਆਉਣ ਵਾਲੇ ਕਰਮ ਦਲ ਨੂੰ ਤੱਤ ਕਾਲ ਭੋਗ ਲਿਆ ਜਾਂਦਾ ਹੈ।

(7) ਸੰਕ੍ਰਮਨ :—ਜਿਸ ਖਾਸ ਪ੍ਰਯਤਨ ਨਾਲ ਜੀਵ ਸਵਰੂਪ ਨੂੰ ਛਡ ਕੇ ਦੂਸਰੇ ਸਜਾਤੀਆ ਸਵਰੂਪ ਨੂੰ ਪ੍ਰਾਪਤ ਕਰਦਾ ਹੈ ਉਸ ਪ੍ਰਯਤਨ ਵਿਸ਼ੇਸ਼ ਸੰਕ੍ਰਮਨ ਆਖਦੇ ਹਨ। ਸੰਕ੍ਰਮਨ ਚਾਰ ਪ੍ਰਕਾਰ ਦਾ ਹੈ (1) ਪ੍ਰਾਕਿਤੀ (2) ਸਥਿਤੀ (3) ਅਨੁਭਾਗ (4) ਪ੍ਰਦੇਸ਼।

ਕਰਮਾਂ ਦੀ ਮੂਲ ਪ੍ਰਾਕ੍ਰਿਤੀਆਂ ਵਿਚ ਸੰਕ੍ਰਮਨ ਨਹੀਂ ਹੁੰਦਾ। ਨਾਲ ਹੀ ਆਯੂ ਕਰਮ ਦੀਆ ਚਾਰ ਉਤਰ ਪ੍ਰਾਕ੍ਰਿਤੀਆਂ ਦਾ ਸੰਕ੍ਰਮਨ ਨਹੀਂ ਹੋ ਸਕਦਾ। ਉਦ ਵਰਤਨਾ, ਅਪਵਰਤਨ, ਉਦੀਰਨਾ. ਸੰਕ੍ਰਮਨ ਇਹ ਚਾਰੋ ਉਦੈ ਵਿਚ ਨਹੀਂ ਆਏ ਕਰਮ ਦਸਦੇ ਹੁੰਦੇ ਹਨ।

(8) ਉਪਸ਼ਮ :—ਕਰਮਾਂ ਦੀ ਹਮੇਸ਼ਾ ਲਈ ਉਦੈ ਨਾ ਆਉਣ ਦੀ ਅਵਸਥਾ ਉਪਸ਼ਮ ਹੈ। ਇਸ ਵਿਚ ਦੋ ਪ੍ਰਕਾਰ ਦਾ ਉਦੈ ਨਹੀਂ ਰਹਿੰਦੇ। ਉਪਸ਼ਮ ਕੇਵਲ ਮੋਹਨੀਆਂ ਕਰਮ ਦਾ ਹੁੰਦਾ ਹੈ।

(9) ਨਿੱਧਤਿ :—ਅੱਗ ਵਿਚ ਤਪਾ ਕੇ ਕਡੀਆਂ ਸੁਈਆਂ ਦੀ ਤਰ੍ਹਾਂ, ਪਿਛਲੇ ਕਰਮਾਂ ਦਾ ਆਤਮਾ ਪ੍ਰਦੇਸ਼ਾਂ ਨਾਲ ਆਪਣਾ ਵਿਚ ਮਿਲ ਜਾਨਾ ਨਿੱਧਤਿ ਹੈ। ਇਸ ਵਿਚ ਉਦਵਰਤਨ-ਅਪਵਰਤਨਾ ਦੇ ਦੋ ਕਾਰਣ ਹੁੰਦੇ ਹਨ। ਉਦੀਰਨਾ ਅਤੇ ਸਕ੍ਰਮਣ ਨਹੀਂ।

(10) ਨਿਕਾਚਨਾ :—ਅੱਗ ਵਿਚ ਤਪਾ ਕੇ ਕੱਡੀ ਸੂਈਆਂ ਨੂੰ ਹਥੋੜੇ ਨਾਲ ਕੁਟਨ ਤੇ ਜਿਵੇਂ ਇਕ ਮਿਕ ਹੋ ਜਾਂਦੀ ਹੈ। ਇਸ ਤਰ੍ਹਾ ਕਰਮ ਪੁਦਗਲਾ ਦਾ ਆਤਮਾ ਦੇ ਨਾਲ ਗਾੜ੍ਹਾ ਸਬੰਧ ਹੋਣਾ ਨਿਕਾਚਿਤ ਬੰਧ ਹੈ। ਉਦਵਰਤਨਾ ਅਪਵਰਤਨਾ, ਉਦੀਰਨਾ ਆਦਿ ਕੋਈ ਵੀ ਇਸ ਦਾ ਕਾਰਨ ਨਹੀਂ ਹੋ ਸਕਦਾ।

# ਪਰਮਾਤਮਾ

ਆਤਮਾ ਅਤੇ ਕਰਮ ਦਾ ਸੰਬੰਧ ਅਨਾਦਿ ਹੈ ਪਰ ਜਦ ਆਤਮਾ ਕਰਮ ਬੰਧ ਤੋਂ ਮੁਕਤ ਅਵਸਥਾ ਪ੍ਰਾਪਤ ਕਰਦਾ ਹੈ ਤਾਂ ਜੈਨ ਧਰਮ ਵਿਚ ਅਜੇਹੀ ਮੁਕਤ ਆਤਮਾ ਨੂੰ ਪ੍ਰਮਾਤਮਾ ਕਿਹਾ ਗਿਆ ਹੈ। ਆਤਮਾ ਅਤੇ ਕਰਮ ਬਾਰੇ ਕਾਫੀ ਕੁਝ ਆਖ ਚੁਕੇ ਹਾਂ। ਇਥੇ ਅਸੀਂ ਉਨਾ ਗੱਲਾਂ ਦੀ ਚਰਚਾ ਕਰਾਂਗੇ, ਜੋ ਜੈਨ ਧਰਮ ਦੇ ਪ੍ਰਮਾਤਮਾ ਸਬੰਧੀ ਵਿਸ਼ਵਾਸ ਨੂੰ ਪ੍ਰਗਟ ਕਰਦੇ ਹਨ।

ਸੰਸਾਰ ਦੇ ਸਾਰੇ ਧਰਮ ਆਸਤਕ ਧਰਮ ਕਿਸੇ ਨਾ ਕਿਸੇ ਰੂਪ ਵਿਚ ਪ੍ਰਮਾਤਮਾ ਜਾਂ ਈਸ਼ਵਰ ਨੂੰ ਮੰਨਦੇ ਹਨ।

ਜੈਨ ਧਰਮ ਅਨੁਸਾਰ ਸੰਸਾਰ ਦਾ ਸਿਰਜਨ ਜਾਂ ਸੰਚਾਲਨ ਕੋਈ ਈਸ਼ਵਰ ਜਾਂ ਈਸ਼ਵਰੀ ਸ਼ਕਤੀ ਨਹੀਂ ਕਰਦੀ। ਜੀਵ ਅਤੇ ਕਰਮ ਇਸ ਦਾ ਸੰਚਾਲਨ ਕਰਦੇ ਹਨ। ਪੁਰਸ਼ਾਰਥ ਜੀਵ ਦਾ ਹੁੰਦਾ ਹੈ ਸਹਾਰਾ ਕਰਮ ਦਾ। ਜੇ ਅਜਿਹਾ ਨਾ ਮਨ ਕੇ, ਈਸ਼ਵਰ ਨੂੰ ਜਗਤ ਦਾ ਕਰਤਾ ਮੰਨ ਲਿਆ ਜਾਵੇ ਤਾਂ ਕਈ ਪ੍ਰਸ਼ਨ ਉਠਦੇ ਹਨ ਜੋ ਈਸ਼ਵਰ ਪ੍ਰਤੀ ਅਵਿਸ਼ਵਾਸ਼ ਨੂੰ ਜਨਮ ਦੇ ਸਕਦੇ ਹਨ :

1] ਈਸ਼ਵਰ ਨੂੰ ਕੀ ਜਰੂਰਤ ਹੈ ਕਿ ਉਹ ਸੰਸਾਰ ਬਨਾਉਣ ਦਾ ਝੰਜਟ ਕਰੇ ?

2] ਈਸ਼ਵਰ ਇਸ ਪ੍ਰਕਾਰ ਦਾ ਨਿਰਮਾਨ ਕਿਉਂ ਕਰਦਾ ਹੈ ?

3] ਈਸ਼ਵਰ ਦਿਆਲੂ ਹੈ। ਜੋ ਈਸ਼ਵਰ ਜਗਤ ਕਰਤਾ ਹੈ ਤਾਂ ਉਹ ਦਿਆਲੂ ਈਸ਼ਵਰ ਜੀਵ ਨੂੰ ਦੁਖ ਦੇਣ ਵਾਲੇ ਪਦਾਰਥਾਂ ਦੀ ਰਚਨਾ ਕਿਉਂ ਕਰਦਾ ਹੈ ?

4] ਈਸ਼ਵਰ ਇਹ ਸਾਰੀ ਰਚਨਾ ਕਿਸ ਸ਼ਰੀਰ ਤੋਂ ਕਰਦਾ ਹੈ ? ਉਹ ਈਸ਼ਵਰ ਕਿਵੇਂ ਬਣਿਆ ਕਿਸ ਤੋਂ ਬਣਿਆ ?

ਇਨ੍ਹਾਂ ਪ੍ਰਮਾਣਾ ਤੇ ਵਿਚਾਰ ਕਰਨ ਤੋਂ ਬਾਂਅਦ ਹੇਠ ਲਿਖੇ ਸਿਟੇ ਨਿਕਲਦੇ ਹਨ :

1) ਜੇ ਈਸ਼ਵਰ ਬਿਨਾਂ ਕਾਰਣ ਤੋਂ ਹੀ ਸ੍ਰਿਸਟੀ ਦੀ ਉਤਪਤੀ ਤੇ ਵਿਨਾਸ਼ ਕਰਦਾ ਹੈ ਤਾਂ ਇਹ ਮੂਰਖਤਾ ਪੂਰਨ ਖੇਲ ਹੀ ਕਿਹਾ ਜਾਵੇਗਾ।

2) ਜੇ ਈਸ਼ਵਰ ਖੇਡ ਰਚਾਉਂਦਾ ਹੈ ਤਾਂ ਉਹ ਬਾਲਕ ਅਖਵਾਏਗਾ।

3) ਜੇ ਦਿਆ ਕਾਰਣ ਅਜਿਹਾ ਕਰਦਾ ਹੈ ਤਾਂ ਈਸ਼ਵਰ ਸਭ ਨੂੰ ਸੁਖੀ ਕਿਉਂ ਨਹੀਂ ਬਣਾਉਂਦਾ। ਕਿਸੇ ਨੂੰ ਦੁਖੀ ਤੇ ਕਿਸੇ ਨੂੰ ਸੁਖੀ ਕਿਉਂ ਬਣਾਉਂਦਾ ਹੈ। ਕਿਉਂਕਿ ਕਰਤਾ ਵਾਦ ਅਨੁਸਾਰ ਈਸ਼ਵਰ ਸਰਬ ਸ਼ਕਤੀਮਾਨ ਹੈ। ਕਿ ਈਸ਼ਵਰ ਵੀ ਰਾਗ ਦਵੇਸ਼ ਰਖਦਾ ਹੈ।

4) ਜੇ ਈਸ਼ਵਰ ਨਿਆਏ ਧੀਸ਼ ਹੈ ਅਪਰਾਧਾਂ ਦਾ ਦੰਡ ਦੇਣ ਲਈ ਦੁਖ ਦੀ ਰਚਨਾ

ਕਰਦਾ ਹੈ ਤਾਂ ਹਜਾਰਾਂ ਚੋਰਾਂ ਨੂੰ ਦੰਡ ਕਿਉਂ ਨਹੀਂ ਦਿੰਦਾ।

5) ਜੇ ਈਸ਼ਵਰ ਹੀ ਸਭ ਕੁਝ ਕਰਦਾ ਹੈ ਤਾਂ ਫੇਰ ਧਰਮ ਕਰਮ ਕਰਨ ਦੀ ਕੀ ਜ਼ਰੂਰਤ ਹੈ

ਹੁਣ ਪ੍ਰਸ਼ਨ ਖੜਾ ਹੁੰਦਾ ਹੈ ਕਿ ਇਹ ਸਭ ਕੁਝ ਕਰਨ ਦੀ ਤਾਕਤ ਵਾਲਾ ਈਸ਼ਵਰ ਸਰਵ ਸ਼ਕਤੀਮਾਨ ਅਤੇ ਦਿਆਲੂ ਹੈ। ਉਹ ਜੀਵ ਨੂੰ ਉਹ ਅਪਰਾਧ ਕਿਉਂ ਕਰਨ ਦਿੰਦਾ ਹੈ, ਜਿਸ ਕਾਰਣ ਉਸ ਨੂੰ ਦੰਡ ਭੋਗਣਾ ਪਵੇ। ਜੇ ਪੁਲਿਸ ਵਾਲੇ ਅੱਖਾਂ ਸਾਹਮਣੇ ਕਿਸੇ ਨੂੰ ਹੱਤਿਆ ਕਰਦੇ ਵੇਖਦੇ ਰਹਿਣ ਤਾਂ ਪੁਲਿਸ ਦੋਸ਼ੀ ਅਖਵਾਏਗੀ ? ਕੀ ਇਹ ਸਮਝਿਆ ਜਾਵੇ ਕਿ ਉਸ ਵਿਚ ਅਪਰਾਧੀ ਨੂੰ ਰੋਕਣ ਦੀ ਸ਼ਕਤੀ ਨਹੀਂ ? ਜਾਂ ਈਸ਼ਵਰ ਦਿਆ ਰਹਿਤ ਹੈ।

ਇਸ ਤੋਂ ਛੁਟ ਹੋਰ ਪ੍ਰਸ਼ਨ ਵੀ ਉਤਪੰਨ ਹੁੰਦੇ ਹਨ :

1) ਜੇ ਈਸ਼ਵਰ ਸੰਸਾਰ ਦਾ ਸੰਚਾਲਨ ਕਰਦਾ ਹੈ ਤਾਂ ਕਿਥੇ ਬੈਠ ਕੇ ਕਰਦਾ ਹੈ।
2) ਜੇ ਈਸ਼ਵਰ ਸਰੀਰ ਧਾਰੀ ਹੈ ਤਾਂ ਉਸ ਈਸ਼ਵਰ ਦੇ ਸਰੀਰ ਦਾ ਨਿਰਮਾਤਾ ਕੌਣ ਹੈ
3) ਜੇ ਉਹ ਈਸ਼ਵਰ ਨਿਰਾਕਾਰ ਹੈ ਤਾਂ ਨਿਰਅਕਾਰ ਸਕਾਰ ਦੀ ਰਚਨਾ ਕਿਵੇਂ ਕਰ ਸਕਦਾ ਹੈ।
4) ਈਸ਼ਵਰ ਕਿਸ ਪਦਾਰਥ ਨਾਲ ਇੰਦਰੀਆਂ ਦੀ ਰਚਨਾ ਕਰਦਾ ਹੈ ? ਕਿ ਉਹ ਪਦਾਰਥ ਸ੍ਰਿਸ਼ਟੀ ਤੋਂ ਪਹਿਲਾ ਮੌਜੂਦ ਸਨ ?

   ਸੰਸਾਰ ਵਿਚ ਧਾਰਮਿਕ ਆਦਮੀ ਦੁਖੀ ਹਨ। ਕਿ ਦਿਆਲੂ ਭਗਵਾਨ ਇਨਾਂ ਨੂੰ ਦੁੱਖ ਦਿੰਦਾ ਹੈ।
5) ਕਈ ਲੋਕ ਬ੍ਰਹਮਾ, ਵਿਸ਼ਨੂੰ, ਸ਼ਿਵ ਨੂੰ ਸੰਸਾਰ ਦਾ ਰਚਨਹਾਰਾ, ਚਲਾਉਣ ਵਾਲਾ ਅਤੇ ਵਿਨਾਸ਼ ਦਾ ਕਾਰਣ ਮੰਨਦੇ ਹਨ ਜੋ ਇਕ ਈਸ਼ਵਰ ਦੇ ਅਧੀਨ ਕੰਮ ਕਰਦੇ ਹਨ। ਇਨਾਂ ਦੇਵਤਿਆਂ ਨੇ ਕਦ ਸ੍ਰਿਸ਼ਟੀ ਦੀ ਰਚਨਾ ਕੀਤੀ ਇਸ ਤੋਂ ਪਹਿਲਾਂ ਕੀ ਸੀ ?

ਜੈਨ ਧਰਮ ਅਨੁਸਾਰ ਆਤਮਾ ਹੀ ਪ੍ਰਮਾਤਮਾ ਹੈ ਸ਼ੁਭ ਅਸ਼ੁਭ ਕਰਮ ਦਾ ਕਰਤਾ ਤੇ ਭੋਗਤਾ ਹੈ। ਆਤਮਾ ਹੀ ਸੰਸਾਰ ਵਿਚ ਕਰਮ ਵਸ ਭਟਕ ਰਹੀ ਹੈ ਜੇ ਇਸ ਕਰਮ ਬੰਧਨ ਤੋਂ ਮੁਕਤ ਹੁੰਦਾ ਹੈ ਉਹ ਵੀ ਆਤਮਾ ਹੈ। ਸਵਾਲ ਪੈਦਾ ਹੋ ਸਕਦਾ ਹੈ ਕਿ ਜੜ ਕਰਮ ਪੁਦਗਲ ਚੇਤਨਾ ਆਤਮਾ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ। ਇਸ ਲਈ ਇਕ ਉਦਾਹਰਨ ਕਾਫੀ ਹੈ। ਕਰਮ ਭਾਵੇਂ ਜੜ੍ਹ ਹਨ ਪਰ ਸ਼ਰਾਬ ਦੇ ਨਸ਼ੇ ਦੀ ਤਰਾਂ ਆਤਮਾ ਨੂੰ ਪ੍ਰਭਾਵਿਤ ਕਰਦੇ ਹਨ। ਜੋ ਸ਼ਰਾਬ ਪੀਂਦਾ ਹੈ ਨਸ਼ਾ ਉਸਨੂੰ ਹੁੰਦਾ ਹੈ। ਨਸ਼ਾ ਤੇ ਸ਼ਰਾਬ ਜੜ ਹੋਣ ਦੇ ਬਾਵਜੂਦ ਚੇਤਨ ਆਤਮਾ ਨੂੰ ਪ੍ਰਭਾਵਿਤ ਕਰਦਾ ਹੈ। ਜੀਵ (ਆਤਮਾ) ਕਰਮ ਅਧੀਨ ਹੈ। ਚੰਗੇ ਜਾਂ ਮਾੜੇ ਕਰਮ ਦੀ ਉਤਪਤੀ ਦ ਕਾਰਣ ਆਤਮਾ ਦੇ ਸ਼ੁਭ ਜਾਂ ਅਸ਼ੁਭ ਭਾਵ ਹਨ। ਆਤਮਾ ਤੇ ਕਰਮ ਦਾ ਸੰਬੰਧ ਜੋੜਨ ਦਾ ਕੰਮ ਲੇਸ਼ਿਆਵਾਂ ਕਰਦੀਆਂ ਹਨ।

## ਜੈਨ ਧਰਮ ਨਾਸਿਤਕ ਜਾਂ ਆਸਤਕ

ਜੈਨ ਧਰਮ ਸ਼ੁਧ ਆਸਤਕ ਧਰਮ ਹੈ ਕਿਉਂਕਿ ਇਹ ਆਤਮਾ, ਪ੍ਰਮਾਤਮਾ, ਪੁੰਨ, ਪਾਪ ਨਰਕ, ਸਵਰਗ, ਦੇਵਤਾ ਆਦਿ ਜੂਨਾਂ ਵਿਚਵਿਸ਼ਵਾਸ਼ ਰਖਦਾ ਹੈ : ਮਨੂ ਸਿਮ੍ਰਤੀ ਵਿਚ

ਕਿਹਾ ਗਿਆ ਹੈ "ਵੇਦਾ ਦਾ ਨਿੰਦਕ ਨਾਸਤਕ ਹੈ" ਇਸ ਪਖੋਂ ਸੰਾਖਯ ਬੁਧ, ਸਿਖ, ਹਿੰਦੂ, ਮੁਸਲਮਾਨ, ਯਹੂਦੀ ਸਾਰੇ ਨਾਸਤਿਕ ਹੋ ਜਾਂਦੇ ਹਨ। ਚਾਰਵਾਕ ਤੋਂ ਛੁਟ ਕੋਈ ਵੀ ਨਾਸਤਕ ਨਹੀਂ। ਨਾਸ਼ਤਕ ਉਹ ਹੈ ਜੋ ਆਤਮਾ ਦੀ ਹੋਂਦ ਨੂੰ ਨਹੀਂ ਮੰਨਦਾ। ਜੈਨ ਧਰਮ ਅਨੁਸਾਰ ਆਤਮਾ ਅਨਾਦਿ ਕਾਲ ਤੋਂ ਸਧਾਰਨ ਸਰੀਰ ਵਿਚੋਂ ਨਿਕਲ ਕੇ ਸ਼ੁਧ ਅਵਸਥਾ ਵਿਚ ਆਉਣ ਦੀ ਕੋਸ਼ਿਸ਼ ਕਰਦੀ ਹੈ, ਕਰ ਰਹੀ ਹੈ, ਅਤੇ ਕਰੇਗੀ। ਇਸ ਪਰਮਾਤਮਾ ਦੇ ਰਾਹ ਵਿਚ ਰਾਗ, ਦਵੇਸ਼ ਕਾਰਣ ਜਨਮ ਮਰਨ ਦਾ ਚਕਰ ਹੈ। ਜਦ ਆਤਮਾ ਇਨ੍ਹਾਂ ਅੰਦਰਲੇ ਬਾਹਰੇ ਕਾਰਣਾ ਤੋਂ ਮੁਕਤ ਹੋ ਜਾਂਦਾਂ ਹੈ। ਉਹ ਸਚਿਦਾਨੰਦ, ਅਵਿਨਾਸ਼ੀ ਅਖਵਾਉਂਦਾ ਹੈ। ਜੈਨ ਧਰਮ ਈਸ਼ਵਰ ਦੀ ਹੋਂਦ ਤੋਂ ਇਨਕਾਰੀ ਨਹੀਂ। ਪ੍ਰਮਾਤਮਾ ਸ਼ਰੀਰ ਮੁਕਤ ਹੋਣ ਕਾਰਣ ਨਿਰਾਕਾਰ ਹੈ ਅਰਿਹੰਤ ਪ੍ਰਮਾਤਮਾ ਸਾਕਾਰ ਵੀ ਹੈ।

ਕਈ ਲੋਕ ਬਿਨਾ ਸਬੂਤ ਤੋਂ ਈਸ਼ਵਰ ਨੂੰ ਕਰਤਾ ਮੰਨਦੇ ਹਨ ਉਹ ਇਹ ਦਸਣ ਤੋਂ ਇਨਕਾਰੀ ਹਨ ਕਿ ਈਸ਼ਵਰ ਰਚਨਾ ਕਿਸ ਨੇ ਕੀਤੀ? ਕਿਸ ਪਦਾਰਥ ਤੋਂ ਕੀਤੀ? ਜੇ ਈਸ਼ਵਰ ਘੁਮਾਰ ਹੈ ਤਾਂ ਮਿਟੀ ਅਤੇ ਸਮਾਨ ਕੀ ਹੈ? ਜੇ ਇਹ ਸਿਧਾਤ ਮਨ ਲਿਆ ਜਾਵੇ ਕਿ ਹਰ ਵਸਤੂ ਦਾ ਕੋਈ ਰਚਿਅਤਾ ਹੈ ਤਾ ਫੇਰ ਈਸ਼ਵਰ ਦੇ ਰਚਿਅਤਾ ਬਾਰੇ ਇਹ ਦਾਰਸ਼ਨਿਕ ਚੁਪ ਕਿਉਂ ਹੈਨ।

ਅਸੀਂ ਵੇਖਦੇ ਹਾਂ ਕਿ ਰੱਬ ਨੂੰ ਕਰਤਾ ਮੰਨਣ ਵਿਚ ਪ੍ਰਭੂ ਦੇ ਮੂਲ ਗੁਣਾਂ ਵਿਚ ਦੋਸ਼ ਵਿਖਾਈ ਦਿੰਦੇ ਹਨ।

ਕਈ ਲੋਕ ਸੰਸਾਰ ਦੀ ਸੁੰਦਰਤਾ ਕ੍ਰਮ ਦੀ ਰਚਨਾ ਨੂੰ ਵੇਖ ਕੇ ਸੋਚਦੇ ਹਨ ਕਿ ਸ੍ਰਿਸ਼ਟੀ ਕਿਸੇ ਸਮਝਦਾਰ ਪੁਰਸ਼ ਦੀ ਰਚਨਾ ਹੋਵੇਗੀ ਪਰ ਸ੍ਰਿਸ਼ਟੀ ਵਿਚ ਅਨੇਕਾਂ ਵਿਪਰਿਤ ਅਤੇ ਕੂਰ ਪਤਾਣਾ ਵੀ ਹਨ। ਜੇ ਅਸੀਂ ਆਖੀਏ ਕਿ ਹਨੇਰੀ, ਭੂਚਾਲ ਅਤੇ ਰੋਗ ਵੀ ਪ੍ਰਭੂ ਦੀ ਕ੍ਰਿਪਾ ਦਾ ਫਲ ਹਨ ਤਾਂ ਈਸ਼ਵਰ ਵਿਚ ਸਰਬ ਸ਼ਕਤੀਮਾਨ ਅਤੇ ਦਿਆਲੂ ਗੁਣ ਮਨਣ ਵਿਚ ਦੋਸ਼ ਆਵੇਗਾ।

ਜੋ ਲੋਕ ਰੱਬ ਨੂੰ ਸ਼ਾਸਵਤ ਮੰਨਦੇ ਹਨ ਅਤੇ ਮੰਨਦੇ ਹਨ ਕਿ ਉਹ ਆਪ ਹੀ ਸੰਸਾਰ ਦਾ ਰੂਪ ਗ੍ਰਹਿਣ ਕਰਦਾ ਹੈ ਇਹ ਰੱਬ ਨੂੰ ਸ਼ੁਧ ਗਿਆਨਵਾਨ ਮੰਨਦੇ ਹਨ ਜਦ ਰੱਬ ਨੇ ਸੰਸਾਰ ਬਣਾਇਆ ਤਾਂ ਉਸ ਨੇ ਅਜਿਹੀ ਕੇਹੜੀ ਖਾਸ ਵਸਤੂ ਦਾ ਸੁਮੇਲ ਕੀਤਾ ਜੋ ਜੜ ਲਗਦੀ ਹੈ। ਇਥੇ ਇਹ ਸਪਸ਼ਟ ਹੈ ਕਿ ਗਿਆਨ ਅਲਗ ਹੈ ਜੜ੍ਹ (ਸਰੀਰ) ਅਲਗ ਹੈ। ਇਸ ਗੱਲ ਨਾਲ ਜਾਪਦਾ ਹੈ ਕਿ ਰੱਬ ਸ਼ਾਸਵਤ ਨਹੀਂ। ਉਸ ਤੋਂ ਪਹਿਲਾਂ ਕੋਈ ਜੜ ਪਦਾਰਥ ਮੌਜੂਦ ਸੀ।

ਕਈ ਲੋਕ ਮੰਨਦੇ ਹਨ ਕਿ ਰਬ ਨੇ ਵਿਸ਼ੇਸ਼ ਸਮੇਂ ਸੰਸਾਰ ਦੀ ਉਤਪਤੀ ਕੀਤੀ, ਜਦ ਕਿ ਜੈਨ ਮਾਨਤਾ ਹੈ ਕਿ ਸੁਧ ਚੇਤਨ (ਆਤਮਾ) ਅਤੇ ਜੜ ਅਨੰਤ ਕਾਲ ਤੋਂ ਕਰਮ ਬੰਧ ਕਾਰਣ ਇਕਠੇ ਚਲੇ ਆ ਰਹੇ ਹਨ। ਆਤਮਾ ਤੇ ਪੁਦਗਲ (ਜੜ) ਅਨਾਦਿ ਕਾਲ ਤੋਂ ਇਕਠੇ ਚਲਦੇ ਆ ਰਹੇ ਹਨ। ਆਤਮਾ ਦਾ ਸੁਧ ਅਸਲ ਸਵਰੂਪ ਇਕ ਹੀ ਹੈ ਚਾਹੇ ਉਹ ਪੁਦਗਲ ਬੰਧ ਸਰੀਰ ਸਾਹਿਤ ਹੋਵੇ ਜਾਂ ਮੁਕਤ। ਸ਼ਰੀਰ ਜੜ ਵਸਤੂ ਹੈ ਸੂਖਮ ਭੌਤਿਕ

ਸ਼ਕਤੀਆਂ ਦੇ ਰੂਪ ਨਾਲ ਮਿਲਿਆ ਹੈ। ਇਸ ਲਈ ਇਨਾਂ ਵਿਚ ਰਾਗ ਦਵੇਸ਼ ਉਤਪੰਨ ਹੁੰਦੇ ਹਨ। ਇਹ ਵਿਕਾਰੀ ਕਸ਼ਾਏ ਕਰਮ ਬੰਧ ਦਾ ਕਾਰਣ ਬਣ ਕੇ ਜੀਵ ਆਤਮਾ ਨੂੰ ਜਨਮ ਮਰਨ ਵਿਚ ਭਟਕਾਉਂਦੇ ਹਨ। ਇਹ ਕ੍ਰਮ ਅਰਿਹੰਤ ਅਵਸਥਾ ਤਕ ਚਲਦਾ ਰਹਿੰਦਾ ਹੈ। ਜਦ ਅਰਿਹੰਤ ਦੇਹ ਤਿਆਗਦੇ ਹਨ ਤਾਂ ਕਰਮ ਪ੍ਰੰਪਰਾ ਖਤਮ ਹੋ ਜਾਂਦੀ ਹੈ।।

ਸਾਰੀਆਂ ਭੌਤਿਕ ਵਸਤੂਆਂ ਦਾ ਕਾਰਣ ਗਿਆਨ ਹੈ। ਪਰ ਜਿਸ ਕੰਮ ਵਿਚ ਗਿਆਨ ਤੇ ਅਗਿਆਨ ਮਿਲੇ ਹੋਣ ਉਹ ਗਿਆਨ ਵਾਲਾ ਕੰਮ ਨਹੀਂ ਕਿਹਾ ਜਾ ਸਕਦਾ। ਸਾਰੀ ਸ੍ਰਿਸ਼ਟੀ ਵਿਚ ਅਜਿਹੇ ਹਜ਼ਾਰਾਂ ਉਦਾਹਰਨ ਹਨ ਜੋ ਈਸ਼ਵਰ ਦੀ ਸਰਵ ਸ਼ਕਤੀ ਗੁਣ ਨੂੰ ਵੰਗਾਰਦੇ ਹਨ।

ਜੈਨ ਧਰਮ ਚੇਤਨ ਤੇ ਅਚੇਤਨ ਤੋਂ ਸੰਸਾਰ ਦੀ ਉਤਪਤੀ ਮੰਨਦਾ ਆ ਰਿਹਾ ਹੈ। ਚੇਤਨ ਜੀਵ (ਆਤਮਾ) ਹੈ ਅਚੇਤਨ 5 ਅਜੀਵ ਦਰਵ। ਇਹ ਛੇ ਦਰਵ ਹੀ ਸੰਸਾਰ ਦਾ ਕਰਮ ਹਨ। ਚੇਤਨਾ ਰਾਹੀਂ ਜਾਣੇ ਜਾਂਦੇ ਹਨ। ਜੈਨ ਧਰਮ 6 ਦਰਵ ਦੀ ਉਤਪਤੀ ਨਹੀਂ ਮੰਨਦਾ ਇਨਾਂ ਦਰਵਾਂ ਦੀ ਹੋਂਦ ਨੂੰ ਅਨਾਦਿ ਅਨੰਤ ਮੰਨਦਾ ਹੈ। ਕਿਉਂਕਿ ਜੇ ਕਿਸੇ ਦਰਵ ਦਾ ਸ਼ੁਰੂ ਮਨ ਲਿਆ ਜਾਵੇ, ਤਾਂ ਅੰਤ ਨਿਸ਼ਚਿਤ ਹੈ। ਫੇਰ ਤਾਂ ਆਤਮਾ ਪ੍ਰਮਾਤਮਾ ਦਾ ਅੰਤ ਹੋ ਜਾਣਾ ਚਾਹੀਦਾ ਹੈ। ਇਨਾਂ ਦਰਵਾਂ ਦੀਆਂ ਪਰਿਆਏ (ਅਵਸਥਾਵਾਂ) ਵਰਤਮਾਨ ਸ੍ਰਿਸ਼ਟੀ ਹੈ। ਹਰ ਦਰਵ ਵਿਚ ਉਪਾਦਾਨ ਅਤੇ ਨਮਿਤ ਕਾਰਣ ਹਨ। ਹਰ ਦਰਵ ਵਿਚ ਉਤਪਾਦ (ਉਤਪੰਨ ਹੋਣਾ) ਵਿਆਏ (ਨਾਸ਼ ਹੋਣਾ) ਅਤੇ ਧਰੋਵਜ (ਸਥਿਰਤਾ) ਦੀ ਸ਼ਕਤੀ ਹੈ ਸ਼ਕਤੀ ਹੀ ਸੱਤਾ ਹੈ। ਇਸ ਸੰਸਾਰ ਦਾ ਕੋਈ ਕਰਿਆਤਾ ਨਹੀਂ। ਉਤਪੰਨ ਤੇ ਨਾਸ਼ ਕਰਨ ਵਾਲੀ ਸ਼ਕਤੀ ਇਨਾਂ ਛੇ ਦਰਵਾਂ ਤੋਂ ਵੱਖਰੀ ਕੋਈ ਨਹੀਂ। ਜੈਨ ਧਰਮ ਕਿਸੇ ਬਾਹਰੀ ਸ਼ਕਤੀ ਨੂੰ ਪ੍ਰਮਾਤਮਾ ਨਹੀਂ ਮੰਨਦਾ।

ਜਿਵੇਂ ਰੱਬ ਨੇ ਸਭ ਕੁਝ ਬਨਾਇਆ ਤਾਂ ਫੇਰ ਮਾਸ, ਸ਼ਰਾਬ, ਵਿਭਚਾਰ, ਨਿੰਦਾ ਚੋਰੀ ਕਿਸ ਨੇ ਪੈਦਾ ਕੀਤੀ ਹੈ ? ਕਈ ਲੋਕ ਮੋਕਸ਼ ਪ੍ਰਾਪਤੀ ਲਈ ਰੱਬ ਦਾ ਸਵਰੂਪ ਸਮਝੇ ਬਿਨਾਂ ਰੱਬ ਦੀ ਪੂਜਾ ਕਰਦੇ ਹਨ। ਜੈਨ ਧਰਮ ਕਰਤਾ ਮੰਨਕੇ ਰੱਬ ਦੀ ਪੂਜਾ ਨਹੀਂ ਕਰਦੇ ਸਗੋਂ ਸੰਪੂਰਨ ਪਰਮਾਤਮਾ, ਨੂੰ ਸਰਵੱਗ, ਸਚਿੱਦਾ ਆਨੰਦ, ਸਰਵ ਸ਼ਕਤੀਮਾਨ (ਕਰਮਾਂ ਦੇ ਜੇਤੂ) ਨਿਰਭੈ (ਜਨਮ ਮਰਨ ਦੇ ਭੈ ਤੋਂ ਰਹਿਤ) ਅਤੇ ਨਿਰਵੈਰ (ਰਾਗ ਦਵੇਸ਼ ਦਾ ਜੇਤੂ) ਜਾਣਕੇ ਮੰਨਦੇ ਹਨ। ਉਹ ਅਜਿਹੀ ਆਤਮਾ ਹੈ ਜੋ ਪ੍ਰਾਣੀਆਂ ਨੂੰ ਨਾ ਉਤਪੰਨ ਕਰਦਾ ਹੈ ਨਾ ਹੀ ਕਰਮ ਫਲ ਦਿੰਦਾ ਹੈ। ਵੀਤ ਰਾਗ ਹੈ। ਕਰਮ ਬੰਧ ਤੋਂ ਪਰੇ ਹੈ।

ਜੇ ਰੱਬ ਨੂੰ ਨਿਆਧੀਸ਼ ਮਨ ਲਿਆ ਜਾਵੇ, ਤਾਂ ਸੰਸਾਰ ਦੀ ਅਦਾਲਤ ਦੀ ਤਰ੍ਹਾਂ ਚਰਿਤਰਹੀਣ ਮਨੁੱਖ ਉਸ ਸਰਵ ਸ਼ਕਤੀਮਾਨ ਤੋਂ ਕਾਬੂ ਨਹੀਂ ਆਉਂਦੇ ? ਕਈ ਵਾਰ ਸੰਸਾਰੀ ਅਦਾਲਤ ਵਿਚ ਸੱਚਾ ਪੁਰਸ਼ ਫਸ ਜਾਂਦਾ ਹੈ ਅਤੇ ਝੂਠਾ ਛੁਟ ਜਾਂਦਾ ਹੈ। ਕਈ ਵਾਰ ਪ੍ਰਸ਼ਨ ਹੁੰਦਾ ਹੈ ਜੇ ਪ੍ਰਮਾਤਮਾ ਕਰਤਾ ਨਹੀਂ, ਫਲ ਨਹੀਂ ਦਿੰਦਾ ਤਾਂ ਇਕ ਜਨਮ ਤੋਂ ਦੂਸਰੇ ਜਨਮ ਵਿਚ ਕੌਣ ਲੈ ਕੇ ਜਾਂਦਾ ਹੈ ਕੋਈ ਤਾਂ ਸ਼ਕਤੀ ਹੋਵੇਗੀ ? ਜੈਨ ਦਰਸ਼ਨ ਇਸਦਾ ਉੱਤਰ ਦਿੰਦਾ ਹੈ ਕਿ ਅਰਿਹੰਤ ਅਵਸਥਾ ਤੱਕ ਤੇਜਸ ਤੇ ਕਾਰਮਨ ਸਰੀਰ ਆਤਮਾ ਨੂੰ ਇਕ ਜਨਮ

ਤੋਂ ਦੂਸਰੇ ਜਨਮ ਤਕ ਲੈ ਜਾਂਦੇ ਹਨ। ਤੇਜਸ ਸਰੀਰ ਦੇ ਨਿਰਮਾਨ ਵਿਚ ਸਹਾਇਕ ਹੈ ਅਤੇ ਕਾਰਮਣ ਸਰੀਰ, ਕਰਮਾਂ ਦੇ ਪੁਦਗਲਾਂ ਤੋਂ ਬਣਿਆ ਹੈ। ਕਾਰਮਣ ਸਰੀਰ ਜੀਵ ਦੀ ਕਰਮ ਅਨੁਸਾਰ ਗਤਿ ਤਹਿ ਕਰਦਾ ਹੈ। ਤੇਜਸ ਸਰੀਰ ਦੀ ਪਾਚਨ ਸ਼ਕਤੀ ਦਾ ਕੰਮ ਕਰਦਾ ਹੈ। ਦੋਹੇ ਸੂਖਮ ਅਤੇ ਇੰਦ੍ਰੀਆਂ ਰਹਿਤ ਸਰੀਰ ਹਨ। ਜੈਨ ਧਰਮ ਵਿਚ ਹਰ ਆਤਮਾ ਵਿਚ ਪ੍ਰਮਾਤਮਾ ਬਨਣ ਦੀ ਸ਼ਕਤੀ ਸਵੀਕਾਰ ਕੀਤੀ ਗਈ ਹੈ ਜੈਨ ਧਰਮ ਈਸ਼ਵਰ ਦੇ ਗੁਣਾਂ ਨੂੰ ਪ੍ਰਾਪਤ ਮੁਕਤ ਆਤਮਾਵਾਂ ਦਾ ਉਪਾਸਕ ਹੈ ਰਾਗ ਦਵੇਸ਼ ਕਾਰਣ ਆਤਮਾ ਕਰਮ ਬੰਧਾਂ ਵਿਚ ਫਸੀ ਹੋਈ ਹੈ। ਕਰਮ ਬੰਧ ਤੋਂ ਮੁਕਤ ਅਵਸਥਾ ਹੀ ਈਸ਼ਵਰ ਅਵਸਥਾ ਹੈ। ਗੁਣਾਂ ਪਖੋਂ ਈਸ਼ਵਰ ਇਕ ਹੈ ਪਰ ਸੰਖਿਆ ਪਖੋਂ ਨਹੀਂ। ਸੰਖਿਆ ਪਖੋਂ ਹਰ ਮੁਕਤ ਆਤਮਾ ਪ੍ਰਮਾਤਮਾ ਹੈ। ਜੈਨ ਧਰਮ ਗੁਣ ਪੂਜਕ ਹੈ ਵਿਅਕਤੀ ਪੂਜਕ ਨਹੀਂ। ਜਿਸ ਵਿਚ ਵੀਤਰਾਗਤਾ ਹੈ। ਉਹ ਹੀ ਜੈਨ ਧਰਮ ਵਿਚ ਪੂਜਨ ਯੋਗ ਹੈ।

ਜੈਨ ਧਰਮ ਸ਼ੁਧ ਆਤਮਕ ਧਰਮ ਹੈ ਕਿਉਂਕਿ ਇਹ ਜੈਨ ਧਰਮ ਜੀਵ ਵਾਦੀ ਹੈ ਅਨੇਕਾਂਤਵਾਦੀ ਹੈ, ਨਿਰਵਾਣਵਾਦੀ ਹੈ। ਪ੍ਰਮਾਤਮਾ ਦੇ ਗੁਣਾਂ ਨੂੰ ਮੰਨਦਾ ਹੈ। ਆਤਮਾ, ਨਰਕ, ਸਵਰਗ ਅਤੇ ਕਰਮ ਫਲ ਨੂੰ ਮੰਨਦਾ ਹੈ। ਜੇ ਸੰਸਾਰ ਵਿਚ ਇਕ ਹੀ ਆਤਮਾ ਸੰਸਾਰ ਵਿਚ ਵਿਆਪਤ ਹੈ ਤਾਂ ਸਾਰੇ ਜੀਵ, ਇਕੋ ਸਮੇਂ ਇਕ ਕੰਮ ਕਰਦੇ ਹੋਣ। ਪਰ ਭਿੰਨਤਾਵਾਂ ਵੇਖੀਆਂ ਜਾਂਦੀਆਂ ਹਨ। ਸੋ ਇਕ ਆਤਮਾ ਤੇ ਇਕ ਪ੍ਰਮਾਤਮਾ ਬਾਰੇ ਵਿਸ਼ਵਾਸ ਨਹੀਂ ਕਰਦਾ। ਇਕ ਆਤਮਾ ਦੇ ਹੋਣ ਤੇ ਸਾਰੀਆਂ ਆਤਮਾ ਦਾ ਸਵਰੂਪ ਇਕ ਹੋਣਾ ਚਾਹੀਦਾ ਹੈ। ਕਰਮ ਗਤੀ ਇਕ ਹੋਣੀ ਚਾਹੀਦੀ ਹੈ ਜਨਮ ਅਤੇ ਮਰਨ ਇਕੋ ਸਮੇਂ ਹੋਣਾ ਚਾਹੀਦਾ ਹੈ। ਪਰ ਇਕ ਵਿਆਪਤ ਆਤਮਾ ਦੇ ਬਾਵਜੂਦ ਇਹ ਭਿੰਨਤਾਵਾਂ ਦਸਦੀਆਂ ਹਨ ਕਿ ਆਤਮਾ ਦਾ ਸ਼ੁਧ ਸਵਰੂਪ ਹੀ ਪ੍ਰਮਾਤਮਾ ਹੈ। ਸੋ ਆਤਮਾ ਦੀ ਕਰਮ ਮੁਕਤ ਅਵਸਥਾ ਹੀ ਪ੍ਰਮਾਤਮਾ ਹੈ। ਪ੍ਰਮਾਤਮਾ ਰਾਗ ਦਵੇਸ਼ ਦੇ ਝਮੇਲੇ ਵਿਚ ਫਸ ਕੇ ਸੰਸਾਰ ਦੀ ਰਚਨਾ ਨਹੀਂ ਕਰਦਾ। ਕਰਤਾਵਾਦ ਨੇ ਨਾਸਤਿਕ ਪੁਣੇ ਨੂੰ ਜਨਮ ਦਿਤਾ ਹੈ ਅਤੇ ਆਤਮਾ ਦੀ ਸ਼ਕਤੀ ਨੂੰ ਘਟਾਇਆ ਹੈ।

# ਮੋਕਸ਼ਵਾਦ

ਭਾਰਤੀ ਦਰਸ਼ਨ ਵਿਚ ਮੋਕਸ਼ ਜਾਂ ਨਿਰਵਾਨ ਸਬੰਧੀ ਸਪਸ਼ਟ ਵਿਚਾਰਧਾਰਾ ਜੈਨ ਅਤੇ ਬੁੱਧ ਦਰਸ਼ਨ ਵਿਚ ਮਿਲਦੀ ਹੈ। ਹਿੰਦੂ ਵੇਦਾਂ ਵਿਚ ਸਵਰਗ ਦੇ ਭੌਤਿਕ ਸੁੱਖਾਂ ਦਾ ਜ਼ਿਕਰ ਹੈ। ਉਪਨਿਸ਼ਦਾਂ ਅਤੇ ਆਤਮਾ ਨੂੰ ਬ੍ਰਹਮ ਦਾ ਅੰਸ਼ ਕਿਹਾ ਗਿਆ ਹੈ। ਭਾਵ ਇਕ ਆਤਮਾ ਹੀ ਸਾਰੇ ਸੰਸਾਰ ਦੇ ਜੀਵ ਵਿਚ ਸਮਾਈ ਹੈ। ਜਦ ਵਿਚ ਆਤਮਾ ਕਰਮ ਬੰਧ ਤੋਂ ਮੁਕਤ ਹੁੰਦੀ ਹੈ ਬ੍ਰਹਮ ਵਿਚ ਸਮਾਂ ਜਾਂਦੀ ਹੈ। ਬੁਧ ਧਰਮ ਅਨਾਤਮਵਾਦੀ ਹੈ। ਬੁਧ ਧਰਮ ਆਤਮਾ ਨੂੰ ਅਜਰ ਅਮਰ ਨਹੀਂ ਮੰਨਦਾ। ਜਦ ਆਤਮਾ ਨੇ ਮਰ ਹੀ ਜਾਣਾ ਹੈ ਤਾਂ ਨਿਰਵਾਨ ਕਿਸ ਦਾ ਹੋਣਾ ਹੈ ? ਇਸ ਗੱਲ ਦਾ ਉਤਰ ਬੁਧ ਧਰਮ ਕੋਲ ਨਹੀਂ । ਆਰੀਆ ਸਮਾਜੀ ਮੁਕਤੀ ਤੋਂ ਆਤਮਾ ਦਾ ਵਾਪਸ ਆਉਣਾ ਮੰਨਦੇ ਹਨ। ਪਰ ਕੌਣ ਕੈਦੀ ਹੈ, ਜੋ ਛੁਟਕਾਰਾ ਪਾ ਕੇ ਫੇਰ ਕੈਦ ਵਿਚ ਆਏਗਾ। ਸੋ ਮੋਕਸ਼ ਵਾਰੇ ਇਕ ਕ੍ਰਮ ਜੋ ਜੈਨ ਧਰਮ ਵਿਚ ਮਿਲਦਾ ਹੈ। ਹੋਰ ਕਿਸੇ ਧਰਮ ਵਿਚ ਨਹੀਂ। ਮੋਕਸ ਸਵਰਗ ਨਹੀਂ। ਸਵਰਗ ਭੋਗ ਭੂਮੀ ਹੈ। ਚਾਰੇ ਗਤੀਆਂ ਤੋਂ ਜੀਵ ਆਤਮਾ ਦਾ ਛੁਟਕਾਰਾ ਹੋ ਜਾਣਾ ਅਤੇ ਨਿਜ ਸਵਰੂਪ ਵਿਚ ਸਥਿਤ ਹੋਣਾ ਹੀ ਮੋਕਸ਼ ਹੈ।

"ਜਿਵੇਂ ਬੀਜ ਦੇ ਜਲ ਜਾਣ ਤੇ ਬੀਜ ਫੇਰ ਨਹੀਂ ਉਗ ਸਕਦਾ ਉਸੇ ਪ੍ਰਕਾਰ ਕਰਮ ਰੂਪੀ ਬੀਜ ਜਲ ਜਾਣ ਨਾਲ ਸੰਸਾਰ (ਜਨਮ ਮਰਨ) ਰੂਪੀ ਅੰਕੁਰ ਨਹੀਂ ਫੁਟਦਾ।"

**ਜੈਨ ਧਰਮ :**

ਜਦੋਂ ਆਤਮਾ ਸਮਿਅਕ ਗਿਆਨ, ਸਮਿਅਕ ਦਰਸ਼ਨ ਅਤੇ ਸਮਿਅਕ ਚਾਰਿਤਰ ਦੀ ਸਾਧਨਾ ਨਾਲ ਕੇਵਲ ਗਿਆਨ ਪ੍ਰਾਪਤ ਕਰ ਲੈਂਦੀ ਹੈ ਤਾਂ ਉਹ ਨਿਸ਼ਚੇ ਹੀ ਮੋਕਸ਼ ਦੀ ਹੱਕ ਦਾਰ ਹੋ ਜਾਂਦੀ ਹੈ ਇਹੋ ਨਿਰਵਾਨ ਹੈ। ਸਰਵ ਕਰਮ ਦਾ ਖਾਤਮਾ ਹੀ ਮੋਕਸ਼ ਹੈ। ਕਸ਼ਾਏ ਦਾ ਨਾਸ 10 ਵੇਂ ਗੁਣ ਸਥਾਨ ਤਕ ਹੋ ਜਾਂਦਾ ਹੈ।

ਇਕ ਵਾਰ ਬੰਧੇ ਕਰਮ ਦਾ ਕਦੇ ਤਾਂ ਕਦੇ ਖਾਤਮਾ ਹੋਣਾ ਹੀ ਹੈ। ਖਾਤਮਾ ਹੋਣ ਤੇ ਉਹ ਕਰਮ ਮੁੜ ਪ੍ਰਗਟ ਨਹੀਂ ਹੁੰਦਾ। ਜਦ ਤਕ ਆਸਰਵ ਦਵਾਰ ਖੁਲਾ ਹੈ ਤੱਦ ਤਕ ਕਰਮ ਪ੍ਰਭਾਤ ਆਉਂਦਾ ਹੀ ਰਹਿੰਦਾ ਹੈ। ਜੀਵ ਪਿਛਲੇ ਬੰਧੇ ਕਰਮਾਂ ਨੂੰ ਭੋਗ ਕੇ ਇਸ ਹਨੇਰੇ ਨੂੰ ਆਤਮ ਪ੍ਰਦੇਸ਼ ਤੋਂ ਦੂਰ ਕਰਦਾ ਹੈ। ਨਾਲ ਹੀ ਨਵੇਂ ਕਰਮਾਂ ਨੂੰ ਰਾਗ ਦਵੇਸ਼ ਕਾਰਣ ਬੰਨਦਾ ਹੈ। ਭਾਵ ਕਰਮ ਪ੍ਰਮਾਣੂਆਂ ਦਾ ਆਉਣਾ ਅਤੇ ਬੰਧਨਾ ਬਨਿਆ ਰਹਿੰਦਾ ਹੈ। ਆਸ਼ਰਵ ਦਾ ਨਿਰੋਧ ਹੀ ਸੰਬਰ (ਕਰਮ ਰੋਕਨ) ਦੀ ਸਾਧਨਾ ਹੈ।

ਮਿਥਿਆਤਵ, ਅਵਰਤ, ਪ੍ਰਮਾਦ, ਕਸ਼ਾਏ, ਅਤੇ ਯੋਗ ਇਹ ਪੰਜ ਆਸ਼ਰਵ ਹਨ।

ਇਸ ਤੋਂ ਉਲਟ ਸਮਿਅਕਤਵ, ਵਰਤ, ਅੱਪ੍ਰਮਾਦ, ਅਕਸ਼ਾਏ ਸ਼ੁਧ ਉਪਯੋਗ ਪੰਜ ਸੰਬਰ ਹਨ ਇਨ੍ਹਾਂ ਪੰਜ ਸੰਬਰਾਂ ਦੀ ਅਰਾਧਨਾ ਨਾਲ ਨਾਲ ਕਰਮਬੰਧ ਰੁਕ ਜਾਂਦਾ ਹੈ ਨਵੇਂ ਕਰਮ ਦਾ ਬੰਧ ਨਹੀਂ ਹੁੰਦਾ। ਦੂਸਰੇ ਪਾਸੇ ਪਹਿਲੇ ਕਰਮਾਂ ਦੇ ਖਾਤਮੇ ਲਈ ਨਿਰਜਰਾ ਜ਼ਰੂਰੀ ਹੈ। ਇਸ ਲਈ 12 ਪ੍ਰਕਾਰ ਦੇ ਤੱਪ ਦਾ ਵਿਧਾਨ ਹੈ। ਇਨ੍ਹਾਂ ਤੱਪ ਦੀ ਠੀਕ ਅਰਾਧਨਾ ਰਾਹੀਂ ਆਤਮਾ ਤੋਂ ਕਰਮਾਂ ਦੀ ਮੈਲ ਇਸ ਤਰ੍ਹਾਂ ਝੜ ਜਾਂਦੀ ਹੈ ਜਿਵੇਂ ਕੁਠਾਲੀ ਵਿਚੋਂ ਸ਼ੁਧ ਸੋਨਾ ਬਾਹਰ ਆ ਜਾਂਦਾ ਹੈ। ਸ਼ਾਸਤਰਾਂ ਵਿਚ ਮੁਕਤੀ ਪ੍ਰਾਪਤੀ ਲਈ ਇਹ ਵਿਵਹਾਰਿਕ ਸਾਧਨ (ਧਰਮ) ਹਨ। ਨਿਸ਼ਚੇ ਪਖੋਂ ਪਰ ਪਦਾਰਥਾਂ ਪ੍ਰਤਿ ਮਮਤਾ ਨਾਂ ਕਰਨਾ, ਪਰ ਭਾਵ ਵਿਚ ਜਾਨ ਤੋਂ ਆਤਮਾ ਨੂੰ ਰੋਕਨ ਦਾ ਨਾਮ ਹੀ ਸਮਿੱਅਕ ਤੱਪ ਹੈ।

ਜਦ ਸਰਵਗ ਭਗਵਾਨ ਯੋਗ ਨਿਰੋਧ ਦੇ ਕ੍ਰਮ ਵਿਚ ਅਖੀਰ ਤੇ ਸੂਖਮ ਸਰੀਰ ਯੋਗ ਦਾ ਆਸਰਾ ਲੈ ਕੇ ਬਾਕੀ ਯੋਗਾਂ ਨੂੰ ਰੋਕ ਦਿੰਦੇ ਹਨ ਇਹ ਸੂਖਮ ਕ੍ਰਿਆ ਅਪ੍ਰਤਿਪਤੀ ਧਿਆਨ ਹੈ। ਇਹ ਧਿਆਨ 13 ਵੇਂ ਗੁਣ ਸਥਾਨ ਦੇ ਅੰਤ ਵਿਚ ਹੁੰਦਾ ਹੈ। ਜਦ ਸਰਵਗ ਅਰਿਹੰਤ ਭਗਵਾਨ ਦਾ ਕਾਈਆ ਯੋਗ ਅਤਿ ਸੂਖਮ ਰਹਿ ਜਾਂਦਾ ਹੈ ਤਾਂ ਸਵਾਸੋਸਵਾਸ਼ ਦੀ ਤਰਾਂ ਸੂਖਮ ਕ੍ਰਿਆ ਬਾਕੀ ਰਹਿ ਜਾਂਦੀ ਹੈ। ਜਦ ਸ਼ਰੀਰ ਦੀ ਇਹ ਕ੍ਰਿਆ ਵੀ ਬੰਦ ਹੋ ਜਾਂਦੀ ਹੈ ਤਾਂ ਆਤਮ ਪ੍ਰਦੇਸ਼ ਮਨ, ਵਚਨ ਤੇ ਕਾਈਆ ਦੇ ਯੋਗ ਨੂੰ ਰੋਕ ਕੇ ਨਿਸ਼ਕੰਪ ਹੋ ਜਾਂਦੇ ਹਨ। ਇਹ 14 ਵੇਂ ਗੁਣ ਸਥਾਨ ਦੀ ਸਥਿਤੀ ਹੈ।

## ਮੋਕਸ਼

ਉੱਚੀ, ਛੋਟੀ, ਦਰਮਿਆਨੀ ਹਰ ਅਕਾਰ ਦੇ ਮਨੁੱਖ ਸਿੱਧ ਹੋ ਸਕਦੇ ਹਨ। ਜੈਨ ਦਰਸ਼ਨ ਅਨੁਸਾਰ ਹਰ ਦੇਸ, ਜਾਤੀ, ਕੁਲ, ਥਾਂ, ਭੇਖ ਅੰਦਰ ਸਿਧ ਗ੍ਰਹਿ ਪ੍ਰਾਪਤ ਕਰ ਸਕਦੇ ਹਨ। ਵੀਤਰਾਗੀ ਜੀਵਾਂ ਲਈ ਮੋਕਸ਼ ਕਠਿਨ ਨਹੀਂ। ਮੋਕਸ਼ ਗੁਣਾ ਤੇ ਆਤਮਿਕ ਭਾਵਾਂ ਦਾ ਹੈ। ਇਕ ਸਮੇਂ ਵਿਚ 108 ਪੁਰਸ਼, 20 ਇਸਤਰੀਆਂ, 10 ਨਪੁੰਸਕ ਮੋਕਸ਼ ਪਾ ਸਕਦੇ ਹਨ। ਘੱਟ ਅਕਾਰ (ਅਵਗਾਹਨ) ਵਿਚ ਦੋ ਹੱਥ ਉੱਚੀ ਅਵਗਾਹਨਾ ਵਿਚ ਦਰਮਿਆਨੀ ਵਿਚ 108 ਸਿੱਧ ਹੋ ਸਕਦੇ ਹਨ। ਜੈਨ ਆਗਮਾ ਨੇ ਮੋਕਸ਼ ਤੋਂ ਬਾਅਦ ਦੀ ਸਥਿਤੀ ਦਾ ਵਰਨਣ ਕੀਤਾ ਹੈ। ਜੋ ਇਸ ਪ੍ਰਕਾਰ ਹੈ : ਜੀਵ ਆਤਮਾ ਚਾਰ ਕਰਮਾ ਦਾ ਖਾਤਮਾ ਹੁੰਦੇ ਹੀ ਸਾਕਾਰ ਉਪਯੋਗ ਸਹਿਤ ਇਕ ਸਮੇਂ ਵਿਚ ਲੋਕ ਦੇ ਉਚਾਈ ਤੇ ਪਹੁੰਚ ਜਾਂਦਾ ਹੈ। ਇਕੋ ਸਮੇਂ ਇਕ ਨਾਲ ਤਿੰਨ ਕੰਮ ਹੁੰਦੇ ਹਨ 1) ਸਾਰੇ ਤਰਾਂ ਦੇ ਸ਼ਰੀਰਾਂ ਦਾ ਖਾਤਮਾ, ਸਿਧ ਗਤੀ ਵਲੋਂ ਯਾਤਰਾ ਅਤੇ ਲੋਕਾਂਤ ਸਥਿਤੀ। ਮੁਕਤ ਆਤਮਾ ਸ਼ਰੀਰ ਛਡਦੇ ਹੀ ਉਰਧਵ ਗਤਿ ਵਲ ਜਾਂਦਾ ਹੈ। ਭਗਵਾਨ ਮਹਾਵੀਰ ਆਖਦੇ ਹਨ "ਹੇ ਗੌਤਮ ! ਸਿੱਧ ਭਗਵਾਨ ਨਾ ਇਸ਼ ਰਤਨ ਪ੍ਰਭਾ (ਨਰਕ) ਪ੍ਰਿਥਵੀ ਦੇ ਹੇਠਾ ਹਨ ਨਾ ਕਿਸੇ ਦੇਵ ਲੋਕ ਤੋਂ ਹੇਠਾਂ ਹਨ।

ਮੋਕਸ਼ ਪ੍ਰਾਪਤੀ ਕਾਲ, ਸੁਭਾਵ, ਨਿਯਤੀ, ਪਿਛਲੇ ਕਰਮਾ ਦਾ ਖਾਤਮਾ ਅਤੇ ਪੁਰਸਾਰਥ

ਦੇ ਸੁਮੇਲ ਦਾ ਨਾ ਹੈ। ਭੱਵਯ (ਆਤਮ) ਕਾਲ ਆਉਣ ਤੇ ਮੋਕਸ਼ ਜਾਂਦੇ ਹਨ। ਕਾਲ ਨਾਲ ਸੁਭਾਵ ਜੁੜੀਆ ਹੈ। ਕੋਲ ਤੇ ਸੁਭਾਵ ਮਿਲਕੇ ਨਿਅਤੀ ਨੂੰ ਜਨਮ ਦਿੰਦੇ ਹਨ। ਜੇ ਨਿਅਤੀ ਨਾ ਹੋਵੇ ਤਾਂ ਸਾਰੇ ਜੀਵ ਇਕੋ ਸਮੇਂ ਮੋਕਸ਼ ਚਲੇ ਜਾਣ। ਕਾਲ, ਸੁਭਾਵ, ਨਿਅਤੀ ਤੇ ਨਾਲ ਪੁਰਸ਼ਾਰਥ (ਧਰਮ ਅਰਾਧਨਾ) ਦੀ ਜਰੂਰਤ ਹੈ। ਮੋਕਸ਼ ਪ੍ਰਾਪਤੀ ਇਕਲੀ ਮਨੁਖਾਂ ਲਈ ਹੈ। ਜਿਨ੍ਹਾਂ ਬੜਾ ਮਨੁੱਖ ਲੋਕ ਉਨ੍ਹਾਂ ਬੜਾ ਹੀ ਸਿੱਧ ਸਥਾਨ ਹੈ। ਮੁਕਤੀ ਕਿਤੇ ਵੀ ਹੋ ਸਕਦੀ ਹੈ।

ਸੁਆਲ ਪੈਦਾ ਹੁੰਦਾ ਹੈ ਜਿਥੇ ਇਕ ਸਿੱਧ ਹੈ ਉਥੇ ਅਨੰਤ ਸਿੱਧ ਕਿਵੇਂ ਟਿਕਦੇ ਹਨ। ਇਸ ਦੇ ਉੱਤਰ ਵਿਚ ਆਖਿਆ ਜਾ ਸਕਦਾ ਹੈ "ਜੇ ਕਿਸੇ ਕਮਰੇ ਵਿਚ ਇਕ ਹਜ਼ਾਰ ਵੋਲਟ ਦਾ ਬਲਬ ਪ੍ਰਕਾਸ਼ ਕਰ ਰਿਹਾ ਹੈ ਤਾਂ ਉਸੇ ਕਮਰੇ ਵਿਚ ਓਨੀ ਹੀ ਹੋਰ ਸ਼ਕਤੀ ਦੇ ਬਲਬ ਲਗਾਏ ਜਾਣ। ਸਭ ਦਾ ਆਪਣਾ ਪ੍ਰਕਾਸ਼ ਹੋਵੇਗਾ। ਕੋਈ ਪ੍ਰਕਾਸ਼ ਦੂਸਰੇ ਪ੍ਰਕਾਸ਼ ਦੀ ਰੁਕਾਵਟ ਨਹੀਂ ਬਨ ਸਕਦਾ। ਸਾਰੇ ਪ੍ਰਕਾਸ਼ਾ ਦੀ ਸੁਤੰਤਰ ਸੱਤਾ ਹੈ। ਜਿਵੇਂ ਪ੍ਰਕਾਸ਼ ਪੁਦਗਲ ਹੋਣ ਤੇ ਵੀ ਉਸ ਵਿਚ ਟਕਰਾਉ ਨਹੀਂ। ਇਸੇ ਤਰਾਂ ਆਤਮਾ ਪ੍ਰਦੇਸ਼ਾ ਵਿਚ ਕਿਵੇਂ ਟਕਰਾਉ ਸੰਭਵ ਹੈ। ਸਿੱਧ ਆਜ਼ਾਦ ਹਨ ਉਹ ਹਰ ਪ੍ਰਕਾਰ ਦੇ ਸ਼ਰੀਰ ਤੋਂ ਮੁਕਤ ਹਨ।

# ਪ੍ਰਮਾਣ ਨਯਵਾਦ

## ਪ੍ਰਮਾਣ

ਪਦਾਰਥ ਦਾ ਗਿਆਨ ਦੋ ਪ੍ਰਕਾਰ ਨਾਲ ਹੁੰਦਾ ਹੈ ਕਿਸੇ ਵੀ ਪਖ ਤੋਂ ਰਹਿਤ ਸਾਰਾ ਪਦਾਰਥ ਵੇਖਣਾ (1) ਕਿਸੇ ਪਖੋਂ ਵਸਤੂ ਦੇ ਵਿਸ਼ੇਸ਼ ਅੰਸ਼ ਦਾ ਗਿਆਨ। ਜਿਵੇਂ ਅਸੀਂ ਘੜਾ ਵੇਖਿਆ ਘੜੇ ਦਾ ਸਮੁਚਾ ਸਵਰੂਪ ਸਾਹਮਣੇ ਆ ਗਿਆ। ਪਰ ਸ਼ਹਿਰ ਤੋਂ ਬਾਹਰ ਜਾ ਕੇ ਯਾਦ ਆਇਆ "ਘੜਾ ਤਾਂ ਸ਼ਹਿਰ ਵਿਚ ਹੀ ਰਹਿ ਗਿਆ ਹੈ" ਇਹ ਗੱਲ ਵਸਤੂ, ਦਾ ਆਂਸ਼ਿਕ ਬੋਧ ਹੈ। ਸਾਰੇ ਸਵਰੂਪ ਦਾ ਬੋਧ ਹੀ ਪ੍ਰਮਾਣ ਹੈ। ਅਤੇ ਇਕ ਵਿਸ਼ੇਸ਼ ਅੰਸ਼ ਦਾ ਬੋਧ (ਗਿਆਨ) ਨਯ ਹੈ।

## ਪੰਜ ਪ੍ਰਮਾਣ

ਪ੍ਰਮਾਣ ਗਿਆਨ ਦੇ ਦੋ ਭੇਦ ਹਨ (1) ਪ੍ਰਤਖ (2) ਪਰੋਕਸ਼। ਜੋ ਗਿਆਨ ਆਤਮਾ ਦੇ ਪ੍ਰਤੀ ਅਰਥਾਤ ਬਾਹਰਲੇ ਸਾਧਨਾ ਇੰਦਰੀਆਂ ਤੇ ਮਨ ਨਾਲ ਵਿਖਾਈ ਦਿੰਦਾ ਹੈ ਉਹ ਪ੍ਰਤਖ ਹੈ (2) ਜੋ ਗਿਆਨ ਆਤਮਾ ਦੇ ਪਰ ਅਰਥਾਤ ਇੰਦਰੀਆਂ ਆਦਿ ਕਿਸੇ ਸਾਧਨ ਤੋਂ ਹੁੰਦਾ ਹੈ ਉਹ ਪਰੋਕਸ਼ ਹੈ। ਪਰੋਕਸ਼ ਗਿਆਨ ਦੋ ਪ੍ਰਕਾਰ ਦਾ ਹੈ। ਮਤਿ ਗਿਆਨ ਅਤੇ ਸ਼ਰੁਤ ਗਿਆਨ। ਪ੍ਰਤਖ ਗਿਆਨ ਤਿੰਨ ਪ੍ਰਕਾਰ ਦਾ ਹੈ ਅਵਧਿ ਗਿਆਨ, ਮਨ ਪਰਿ-ਆਏ ਕੇਵਲ ਗਿਆਨ। ਮਤੀ ਗਿਆਨ ਦੇ ਅਵਗ੍ਰਹਿ, ਈਹਾ, ਅਪਾਏ, ਧਾਰਨਾ ਆਦਿ ਭੇਦ ਦਾ ਵਰਨਣ ਪੰਜ ਪ੍ਰਕਾਰ ਦੇ ਗਿਆਨ ਅਧਿਐਨ ਵਿਚ ਅਸੀਂ ਕਰ ਆਏ ਹਨ। ਮਤਿ ਗਿਆਨ ਦਾ ਉਦਾਹਰਨ ਇਸ ਪ੍ਰਕਾਰ ਹੈ।

1) ਮਨ ਤੋਂ ਭਵਿਖ ਦਾ ਵਿਚਾਰ ਹੈ। 2) ਭੂਤ ਕਾਲ ਦੀ ਯਾਦ ਸਮਿਰਿਤੀ ਹੈ 3) ਵਰਤਮਾਨ ਦਾ ਵਿਚਾਰ ਸੰਗਿਆ ਜਾ ਮਤਿ ਹੈ 4) ਇਹ ਉਹ ਆਦਮੀ ਹੈ ਇਸ ਪ੍ਰਕਾਰ ਵਰਤਮਾਨ ਤੇ ਭੂਤਕਾਲ ਦੀ ਖੋਜ ਪ੍ਰਤਿਅਭਿਗਿਆ ਹੈ 5) ਅਜੇਹੀ ਗੱਲ ਹੋਵੇ ਤਾਂ ਅਜਿਹਾ ਹੀ ਹੋਣਾ ਚਾਹੀਦਾ ਹੈ। ਇਹ ਵਿਕੱਲਪ ਤਰਕ ਹੈ। 6) ਹੇਤੂ (ਕਾਰਣ) ਨੂੰ ਵੇਖਕੇ ਕਲਪਨਾ ਦਾ ਹੋਣਾ ਅਨੁਮਾਨ ਹੈ ਜਿਵੇਂ ਨਦੀ ਵਿਚ ਹੜ ਨੂੰ ਵੇਖਕੇ ਆਖਣਾ 'ਵਰਖਾ ਹੋਈ ਸੀ' 7) ਵਿਖਾਈ ਦੇਣ ਵਾਲੀ ਜਾਂ ਸੁਣੀ ਜਾ ਰਹੀ ਵਸਤੂ ਦੀ ਸਥਿਤੀ ਤੋਂ ਅਣਹੋਂਦ ਨਹੀਂ ਹੋ ਸਕਦੀ। ਇਥੇ ਅਰਥ ਉਤਪਤਿ ਹੈ ਜਿਵੇਂ ਇਕ ਆਦਮੀ ਸ਼ਕਤੀ-ਸ਼ਾਲੀ ਹੈ ਉਹ ਦਿਨ ਵਿਚ ਭੋਜਨ ਨਹੀਂ ਕਰਦਾ। ਜਾਹਰ ਹੈ ਉਹ ਰਾਤ ਨੂੰ ਜਰੂਰ ਕਰੇਗਾ।

ਸ਼ੁਰਤ ਗਿਆਨ ਦੇ ਭੇਦ ਵੀ 5 ਪ੍ਰਕਾਰ ਗਿਆਨ ਪਾਠ ਤੋਂ ਜਾਣ ਲੈਣੇ ਚਾਹੀਦੇ ਹਨ

ਜਿਸ ਵਿਚ ਆਗਮਾ ਦਾ ਗਿਆਨ ਵੀ ਸ਼ਾਮਲ ਹੈ ।

ਅਵਧੀ ਗਿਆਨ ਦਾ ਦਰਵ, ਖੇਤਰ, ਕਾਲ ਤੇ ਭਾਵ ਦੀ ਮਰਿਆਦਾ ਜੋ ਗਿਆਨ ਦਰਵ ਰੂਪੀ ਸੰਬੰਧੀ ਹੋਵੇ, ਇੰਦਰੀਆ ਦੀ ਸਹਾਇਤਾ ਤੋਂ ਬਿਨਾ ਆਤਮਾ ਨੂੰ ਪ੍ਰਤਖ ਹੋਵੇ ਉਹ ਅਵਧੀ ਗਿਆਨ ਹੈ । ਦੇਵਤਿਆਂ ਤੇ ਨਾਰਕੀਆ ਨੂੰ ਇਹ ਜਨਮ ਤੋਂ ਹੁੰਦਾ ਹੈ ।

ਮਨ ਪ੍ਰਯਭਵ ਗਿਆਨੀ ਲਈ ਜ਼ਰੂਰੀ ਹੈ ਕਿ ਉਹ ਮਨੁਖ ਹੋਵੇ, ਗਰਭ ਤੋਂ ਪੈਦਾ ਹੋਵੇ, ਕਰਮ ਭੂਮੀ ਦਾ ਹੋਵੇ, ਪਰਿਆਪਤ ਹੋਵੇ ਸਮਿਅੱਕਤਵੀ ਤੇ ਮੁਨੀ ਹੋਵੇ, ਅਪ੍ਰਮਾਦੀ ਹੋਵੇ ਅਨੇਕ ਲੱਬਧੀ ਦਾ ਧਾਰਕ ਨੂੰ ਹੀ ਮਨ ਪ੍ਰਯਭਵ ਗਿਆਨ ਹੁੰਦਾ ਹੈ । ਉਹ ਆਤਮ ਸ਼ਕਤੀ ਨਾਲ ਹਨ ਦੇ ਭੂਤ, ਭਵਿਖ, ਵਰਤਮਾਨ ਭਾਵਾਂ ਨੂੰ ਜਾਣਦਾ ਹੈ ਇਹ ਗੱਲਾਂ ਅਵਧੀ ਗਿਆਨੀ ਨਹੀਂ ਜਾਨਦਾ ।

ਕੇਵਲ ਗਿਆਨ ਬਾਰੇ ਕਾਫੀ ਚਰਚਾ ਅਸੀਂ ਪਹਿਲਾ ਕਰ ਚੁਕੇ ਹਾਂ ਜੋ ਸਭ ਰੂਪੀ ਅਰੂਪੀ, ਪਦਾਰਥਾਂ ਨੂੰ ਸਭ ਪਾਸੇ ਤੋਂ ਜਾਣੇ ਅਤੇ ਸੰਪੂਰਨ ਲੋਕ, ਆਲੋਕ ਨੂੰ ਜਾਣੇ । ਇਸ ਕਾਰਣ ਉਨ੍ਹਾਂ ਦੇ ਬਚਨ ਆਗਮ ਪ੍ਰਮਾਣ ਹਨ ਗਿਆਨ ਪਖੋਂ ਪ੍ਰਮੁਖ ਤੇ ਪਰੋਕਸ਼ ਮਾਨਤਾ ਪਰਮਾਰਿਥਕ ਦਰਿਸ਼ਟੀ ਤੋਂ ਹੈ । ਵਿਵਹਾਰ ਤੋਂ ਇੰਦਰੀਆਂ ਰਾਹੀਂ ਹੋਣ ਵਾਲਾ ਪ੍ਰਤਖ ਗਿਆਨ ਹੀ ਪ੍ਰਤੱਖ ਮੰਨਿਆ ਜਾਂਦਾ ਹੈ । ਇਹ ਸਾਂਵਿਵਹਾਰਿਕ ਪ੍ਰਤੱਖ ਹੈ । ਮਤਿ ਅਤੇ ਸ਼ਰੁਤ ਗਿਆਨ ਵਿਚ ਪ੍ਰਤੱਖ, ਅਨੁਮਾਨ, ਉਪਮਾਨ, ਆਗਮ, ਅਰਥਾਪਤਿ ਆਦਿ ਪ੍ਰਮਾਣ ਆ ਜਾਂਦੇ ਹਨ । ਵਾਦੀਆ (ਵਾਦਵਿਵਾਦ) ਦੀ ਸਭਾ ਵਿਚ ਪ੍ਰਮੁੱਖ ਤੌਰ ਤੇ ਆਗਮ ਪ੍ਰਮਾਣ ਪ੍ਰਤੱਖ ਅਤੇ ਅਨੁਮਾਨ ਵਿਚ ਇਕ ਪ੍ਰਤੱਖ ਵਿਖਾਈ ਦੇਣ ਵਾਲੀ, ਜਾ ਸੁਣਾਈ ਦੇਣ ਵਾਲੀ ਵਸਤੂ ਅਰਥਾਤ ਹੇਤੂ ਦੇ ਅਧਾਰ ਤੇ ਜਿਸਦੇ ਨਾਲ ਜ਼ਰੂਰ ਜੁੜੀ ਦੂਸਰੀ ਵਸਤੂ ਦੀ ਹੋਂਦ ਦਾ ਨਿਰਣਾ ਕੀਤਾ ਜਾਂਦਾ ਹੈ । 1) ਵਾਦ ਵਿਵਾਦ ਦੇ ਸ਼ੁਰੂ ਵਿਚ ਹੇਤ ਤੇ ਜੋ ਪਹਿਲੀ ਸਥਾਪਨਾ ਕੀਤੀ ਜਾਂਦੀ ਹੈ ਉਸ ਨੂੰ ਪ੍ਰਤਿਗਿਆ ਵਾਕ ਆਖਦੇ ਹਨ ਜਿਵੇਂ ਪਰਬਤ ਤੇ ਅੱਗ ਹੈ । 2) ਹੇਤੂ ਵਾਕ ਉਸ ਨੂੰ ਆਖਦੇ ਹਨ ਜਿਵੇਂ ਕਿਉਂਕਿ ਧੂਆਂ ਵਿਖਾਈ ਦੇ ਰਿਹਾ ਹੈ । ਇਸ ਲਈ ਅੱਗ ਹੈ । 3) ਵਿਆਪਤੀ ਆਦਿ ਲਈ ਹੋਰ ਉਦਾਹਰਨ ਹੈ ਜਿਵੇਂ ਜਿਥੇ ਧੂਆ ਹੁੰਦਾ ਹੈ ਉਥੇ ਅੱਗ ਜਰੂਰ ਹੁੰਦੀ ਹੈ ਜਿਵੇਂ ਰਸੋਈ ਘਰ ।

ਸ਼ਾਧਨ ਅਗਨੀ ਤੇ ਹੇਤੂ ਧੂਏਂ ਦਾ ਅਵਿਨਾਭਾਵੀ ਹੈ । ਅੱਗ ਦੇ ਬਿਨਾ ਧੂਏਂ ਦਾ ਭਾਵ ਸਦਭਾਵ ਦੀ ਹੋਂਦ ਨਹੀਂ । ਅਵਿਨਾਭਾਵੀ ਦਾ ਅਰਥ ਹੈ ਜੋ ਜਿਸ ਦੇ ਆਸਰੇ ਤੋਂ ਬਿਨਾ ਨਾ ਹੋ ਸਕੇ । ਇਸੇ ਪ੍ਰਕਾਰ ਧੂਆ ਅੱਗ ਦਾ ਅਨਯਾਨੁਪਪਨਾ ਅਰਥਾਤ ਧੂਆ ਅੱਗ ਦੀ ਹੋਂਦ ਤੋਂ ਬਿਨਾ ਸੰਭਵ ਨਹੀਂ । ਧੂਆ ਵਿਆਪਯ ਅਤੇ ਅਗਨੀ ਵਿਆਪਕ ਹੈ ।

ਵਿਆਪਯ ਅਤੇ ਵਿਆਪਕ ਦੇ ਵਿਚਕਾਰ ਵਿਆਪਤੀ ਦਾ ਗਿਆਨ ਹੋਵੇ ਤਾਂ ਵਿਆਪਯ ਤੋਂ ਵਿਆਪਕ ਦਾ ਅਨੁਮਾਨ ਹੋ ਸਕਦਾ ਹੈ । ਇਹ ਅਨਵਯੋ-ਵਿਆਪਤਿ ਤੇ ਹੁੰਦਾ ਹੈ । ਵਿਆਪਕ ਦੀ ਅਣਹੋਂਦ ਤੋਂ ਵਿਆਪਯ ਦਾ ਗਿਆਨ ਸੰਭਵ ਹੈ ਇਸ ਨੂੰ ਵਿਯਤਿਰੇਕੀ

ਵਿਆਪਤੀ ਆਖਦੇ ਹਨ। 4) ਵਿਆਪਤੀ ਅਤੇ ਉਦਾਹਰਨ ਦਾ ਗਿਆਨ ਹੋ ਜਾਣ ਤੇ ਉਸ ਦਾ ਸਾਰ ਕੀਤਾ ਜਾਂਦਾ ਹੈ ਉਹ ਉਪਨਯ ਹੈ। ਜਿਵੇਂ ਪਰਬਤ ਤੇ ਅਗਨੀ ਦਾ ਧੂਆ ਵਿਆਪਯ ਧੂਆ ਹੈ 5) ਫੇਰ ਇਹ ਨਿਰਨਾ ਹੁੰਦਾ ਹੈ ਕਿ ਪਰਬਤ ਤੇ ਅੱਗ ਹੈ ਇਹ ਨਿਗਮਨ ਹੈ। ਇਹ 5 ਅਵਯਵ ਪਦਾਰਥ ਅਨੁਮਾਨ ਵਿਚ ਜਰੂਰੀ ਹਨ। ਸਵਾਰਥਨੁਮਾਨ ਹੇਤੂ ਨਿਗਮਨ ਦੋ ਪ੍ਰਕਾਰ ਨਾਲ ਹੁੰਦਾ ਹੈ। ਆਤਮਾ, ਪਰਲੋਕ ਅਤੇ ਕਰਮ ਆਦਿ ਅਤਿੰਦਰੀ-ਆਂ ਪਦਾਰਥਾਂ ਦਾ ਨਿਰਣਾ ਆਗਮ ਪ੍ਰਮਾਣ ਤੋਂ ਕੀਤਾ ਜਾਂਦਾ ਹੈ।

## ਨਯ

ਸ੍ਰੀ ਸਥਾਨੰਗ ਸੂਤਰ ਦੀ ਟੀਕਾ ਵਿਚ ਅਚਾਰੀਆ ਅਭੈ ਦੇਵ ਸੂਰੀ ਜੀ ਫੁਰਮਾਂਦੇ ਹਨ "ਅਨੰਤ ਧਰਮ [ਸੁਭਾਵ] ਵਾਲੀ ਵਸਤੂ ਦਾ ਇਕ ਅੰਸ ਰੂਪ ਗਿਆਨ ਜਿਸ ਰਾਹੀਂ ਹੁੰਦਾ ਹੈ ਉਹ ਗਿਆਨ ਅੰਸ ਹੀ ਨਯ ਹੈ। ਨਯ ਦੇ ਦੋ ਪ੍ਰਮੁਖ ਹੀ ਭੇਦ ਹੋ ਸਕਦੇ ਹਨ (1) ਸਮਾਨਤ [ਆਮ] (2) ਵਿਸ਼ੇਸ਼ [ਖ਼ਾਸ]

ਭਾਵ ਵਸਤੂ ਦੇ ਅਨੇਕ ਅੰਸ਼ਾਂ ਵਿਚੋਂ ਇਕ ਅੰਸ਼ ਨੂੰ ਮੁਖ ਰਖਨਾ, ਬਾਕੀ ਅੰਸ਼ਾਂ ਪ੍ਰਤਿ ਉਦਾਸੀਨਤਾ ਹੀ ਨਯ ਹੈ। ਹਰ ਨਯ ਵਚਨ ਰਾਹੀਂ ਪ੍ਰਗਟ ਹੁੰਦਾ ਹੈ ਨਯ ਨੂੰ ਵਚਨ ਆਤਮਕ ਆਖ ਸਕਦੇ ਹਾਂ ਨਯ ਦੇ ਅਨਗਿਣਤ ਭੇਦ ਹਨ। ਮੌਲਿਕ ਰੂਪ ਵਿਚ ਦੋ ਵਰਗ ਹਨ ਪਦਾਰਥ ਦੇ ਭਿੰਨ ਅਤੇ ਅਭਿੰਨ ਧਰਮ। ਭੇਦ ਪਰਕ ਅਤੇ ਅਭੇਦ ਪਰਕ ਹਨ।

ਕਿਸੇ ਪੱਖੋਂ ਨਯ ਦੋ ਪ੍ਰਕਾਰ ਦਾ ਹੈ ਭਾਵ ਨਯ ਅਤੇ ਦਰਵ ਨਯ। ਗਿਆਨਤਮਕ ਨਯ ਭਾਵ ਨਯ ਹੈ ਅਤੇ ਵਚਨਾਤਮਕ ਨਯ ਦਰਵ ਨਯ ਹੈ। ਪਰਖਨ ਦੀਆਂ ਦੋ ਦ੍ਰਿਸ਼ਟੀਆ ਹਨ। ਦਰੱਵ ਨੂੰ ਮੂਲ ਰੂਪ ਵਿਚ ਨਿਸ਼ਾਨਾ ਰਖਕੇ ਚਲਨ ਵਾਲਾ ਦਰਵ ਪਰਿਆਰਥਕ ਨਯ ਹੈ। ਦਰੱਵ ਪਰਿਆਵੇ ਦਾ ਰੂਪਾਂਤਰ ਹੈ ਸਵਿਕਾਰ ਕਰਨ ਵਾਲਾ ਪਰਿਆਏ ਆਰਥਿਕ ਨਯ ਹੈ। ਵਸਤੂ ਵਿਗਿਆਨ ਦੀ ਦਰਿਸ਼ਟੀ ਤੋਂ ਵਸਤੂ ਦਰਵ ਪਰਿਆਏਤਾਮਕ ਹੈ। ਇਸ ਅਧਾਰ ਤੇ ਦੋ ਦ੍ਰਿਸ਼ਟੀਆਂ ਬਨਦੀਆਂ ਹਨ। ਨਿਸ਼ਚੇ ਵਿਚ ਵਸਤੂ ਸਥਿਤੀ ਨੂੰ ਸਵੀਕਾਰ ਨਿਸ਼ਚੇ ਨਯ ਹੈ ਮੋਟੀ ਪਰਿਆਏ ਜਾਂ ਲੋਕ ਸਮਤ ਤਥ ਨੂੰ ਮੰਨਣ ਵਿਵਹਾਰ ਨਯ ਹੈ। ਨਿਸ਼ਚੇ ਦ੍ਰਿਸ਼ਟੀ ਸਾਧਯ ਵਲ ਅਤੇ ਵਿਵਹਾਰ ਦਰਿਸ਼ਟੀ ਸਾਧਨ ਵਲ ਹੁੰਦੀ ਹੈ ਨਯ ਦੇ ਦੋ ਹੋਰ ਵਰਗ ਕੀਤੇ ਗਏ ਹਨ। ਜੋ ਗਿਆਨ ਨੂੰ ਮੁਕਤੀ ਦਾ ਸਾਧਨ ਮਾਨ ਉਹ ਗਿਆਨ ਨਯ ਅਤੇ ਕ੍ਰਿਆ ਨੂੰ ਮੁਕਤੀ ਦਾ ਸਾਧਨ ਮੰਨਣ ਵਾਲਾ ਕ੍ਰਿਆ ਨਯ ਹੈ।

### 7 ਨਯ :

(1) ਨੈਗਮ—ਜੋ ਨਯਾਤਮਕ ਵਿਚਾਰ ਪਦਾਰਥ ਵਿਚ ਰਹਿੰਦੇ ਹੋਏ ਆਮ ਤੇ ਖਾਸ ਦੋਹੇ ਧਰਮਾਂ ਨੂੰ ਆਪਣਾ ਵਿਸ਼ੇ ਬਨਾਉਂਦਾ ਹੈ ਅਤੇ ਪਦਾਰਥ ਨੂੰ ਕਿਸੇ ਇਕ ਧਰਮ ਵਾਲਾ ਨਹੀਂ ਮੰਨਦਾ। ਉਹ ਨਯ ਨੈਗਮ ਨਯ ਹੈ ਜਿਵੇਂ ਆਤਮਾ ਸਤ ਹੈ ਪਰ ਚੇਤੰਨ ਹੈ। ਇਥੇ ਚੇਤਨ ਧਰਮ (ਸੁਭਾਵ) ਪ੍ਰਮੁਖ ਹੈ। ਸਤ ਧਰਮ ਗੁਪਤ ਹਨ ਇਹੋ ਨੈਗਮ ਨਯ ਹੈ।

(2) ਸੰਗ੍ਰਹਿ ਨਯ :—ਪਦਾਰਥਾਂ ਵਿਚ ਰਹੇ ਹੋਏ ਆਮ ਧਰਮ ਦੇ ਅਧਾਰ ਤੇ ਹੋਰ ਬਾਕੀ ਵਿਸ਼ੇਸ਼ ਦਾ ਵਿਚਾਰ ਨਾ ਕਰਨਾ । ਇਹ ਨਯ ਭੂਤ, ਵਰਤਮਾਨ ਅਤੇ ਭਵਿਖ ਤਿੰਨ ਭੇਦਾਂ ਵਾਲਾ ਹੈ । ਪਦਾਰਥ ਦੇ ਸਮਾਨਯ (ਸਧਾਰਨ) ਨਯ ਨੂੰ ਮੰਨਣਾ ਸੰਗ੍ਰਹਿ ਨਯ ਹੈ ।

(3) ਵਿਵਹਾਰ ਨਯ :—ਇਹ ਮਹੱਤਵ ਪੂਰਨ ਨਯ ਹੈ । ਜਿਸ ਵਿਚਾਰ ਵਿਸ਼ੇਸ਼ ਰਾਹੀਂ, ਸੰਗ੍ਰਹਿ ਨਯ ਰਾਹੀਂ ਜਾਨੇ ਪਦਾਰਥਾਂ ਦਾ ਵਿਧੀ ਪੂਰਵਕ ਭੇਦ ਕੀਤਾ ਜਾਂਦਾ ਹੈ ਵਿਵਹਾਰ ਸੰਸਾਰਿਕ ਪਖੋਂ ਧਿਆਨ ਨਾਲ ਕੀਤਾ ਜਾਂਦਾ ਹੈ ਉਹ ਵਿਵਹਾਰ ਨਯ ਹੈ । ਇਹ ਨਯ ਵਿਸ਼ੇਸ਼ ਤੇ ਜ਼ਿਆਦਾ ਧਿਆਨ ਦਿੰਦਾ ਹੈ । ਆਮ ਨੂੰ ਅਪਣਾ ਅਧਾਰ ਨਹੀਂ ਬਨਾਉਂਦਾ। ਜਿਵੇਂ, ਜੋ ਸਤ ਰੂਪ ਹੁੰਦਾ ਹੈ ਉਹ ਨਾਂ ਤਾਂ ਦਰਵ ਰੂਪ ਹੁੰਦਾ ਹੈ ਨਾ ਪਰਿਆਏ ਰੂਪ । ਜੀਵ ਦੋ ਤਰ੍ਹਾਂ ਦੇ ਹਨ (1) ਸੰਸਾਰੀ (2) ਮੁਕਤ । ਇਹੋ ਭੇਦ ਕਰਨਾ ਵਿਵਹਾਰ ਨਯ ਦਾ ਕੰਮ ਹੈ ।

(4) ਰਿਜੂ ਨਯ :—ਪਦਾਰਥ ਵਿਚ ਰਹੀ ਹੋਈ ਭੂਤ, ਭਵਿਖ ਕਾਲ ਦੀ ਪਰਿਆਏ ਦਾ ਵਿਚਾਰ ਨਾ ਕਰਦੇ ਹੋਏ ਵਰਤਮਾਨ ਕਾਲ ਦੀ ਪਰਿਆਏ ਦਾ ਵਿਚਾਰ ਰਿਜੂ ਨਯ ਹੈ ।

(5) ਸ਼ਬਦ ਨਯ :—ਕਾਲ, ਕਾਰਨ, ਲਿੰਗ, ਸੰਖਿਆ, ਪੁਰਸ਼, ਵਚਨ ਤੇ ਉਪਸਰਗ ਆਦਿ ਵਿਆਕਰਨ ਭੇਦਾਂ ਦੇ ਅਧਾਰ ਤੇ ਇਕ ਹੀ ਪਦਾਰਥ ਭੇਦ ਰੂਪ ਜਾਣਨਾ ਉਹ ਸ਼ਬਦ ਨਯ ਹੈ ।

6) ਸਮਭਿਰੂੜ ਨਯ : ਇਸ ਨਯ ਦੀ ਮਾਨਤਾ ਹੈ ਕਿ ਵਸਤੂ ਵਿਚ ਸ਼ਬਦ ਦਾ ਅਰਥ ਜਾਹਰ ਹੁੰਦਾ ਹੋਵੇ ਤਾਂ ਹੀ ਉਸ ਵਸਤੂ ਨੂੰ ਸਵੀਕਾਰ ਕੀਤਾ ਜਾਵੇ ।

'ਇਕ ਹੀ ਪਦਾਰਥ ਦੇ ਭਿੰਨ ਭਿੰਨ ਪਰਿਆਏ ਦੇ ਅਧਾਰ ਤੇ ਪਰਿਆਏ ਸ਼ਬਦ ਉਤਪਤਿ ਨੂੰ ਲੈ ਕੇ ਉਸ ਇਕ ਪਦਾਰਥ ਨੂੰ ਹੀ ਵਿਵਿਧ ਪਦਾਰਥ ਰੂਪ ਨਾਲ ਸੁਨਣ ਵਾਲਾ ਨਯ ਸਮਭਿਰੂੜ ਨਯ ਹੈ ਜਿਥੇ ਲਿਖੇ ਸ਼ਬਦ ਦਾ ਭੇਦ ਹੈ ਉਥੇ ਅਰਥ ਦਾ ਭੇਦ ਜਰੂਰ ਹੈ ।

(7) ਭੂਤ ਨਯ :—ਜਿਸ ਸਮੇਂ ਵਿਚ ਪਦਾਰਥ ਵਿਚ ਆਪਣੀ ਉਤਪਤਿ ਦੇ ਅਨੁ-ਸਾਰ ਹੀ ਅਰਥ ਕ੍ਰਿਆ ਹੁੰਦੀ ਹੋਈ ਪਾਈ ਜਾਵੇ ਤਾਂ ਉਸ ਸਮੇਂ ਉਸ ਪਦਾਰਥ ਨੂੰ ਉਸ ਵਾਚਕ (ਸੰਬਧਿਤ) ਸ਼ਬਦ ਨਾਲ ਬੋਲਿਆ ਜਾਵੇ, ਹੋਰ ਸ਼ਬਦ ਨਾਲ ਨਹੀਂ, ਅਜਿਹੀ ਧਾਰਨਾ ਭੂਤ ਨਯ ਦੀ ਹੈ ਜਿਵੇਂ ਪੜ੍ਹਾਉਂਦਾ ਹੋਇਆ ਆਦਮੀ ਹੀ ਅਧਿਆਪਕ ਹੈ ਜੇ ਉਹ ਹੋਰ ਕੰਮ ਕਰਦਾ ਹੈ ਤਾਂ ਅਧਿਆਪਕ ਨਹੀਂ ।

ਸਾਰੇ ਨਯ ਅਨਕੇਾਂਤ ਵਾਦ ਦਾ ਭਾਗ ਹਨ । ਅਧਿਆਤਮ ਪਖੋਂ ਦੋ ਨਯ ਹਨ (1) ਨਿਸ਼ਚੈ (2) ਵਿਵਹਾਰ ਨਿਸ਼ਚੈ । ਨਯ ਪਦਾਰਥ ਦੇ ਮੂਲ, ਸ਼ੁਧ, ਸਵਰੂਪ ਦਾ ਗਿਆਨ ਕਰਾਉਣ ਵਿਵਹਾਰ ਨਯ ਪਦਾਰਥ ਪਰ ਸਾਪੇਖ, ਪਰ ਆਸਰਿਤ, ਕਾਰਣ, ਨਮਿਤ ਰੂਪ ਦਾ ਵਰਨਣ ਕਰਦਾ ਹੈ । ਨਿਸ਼ਚੈ ਨਯ ਹੀ ਅਸਲ ਹੈ । ਨਯਵਾਦ ਏਕਾਂਤ ਵਾਦ ਨਹੀਂ, ਇਹ ਅਪੇਕਸ਼ਾ ਵਾਦੀ ਹੈ । ਭਿੰਨ 2 ਨਯਾ ਰਾਹੀਂ ਕੀਤੇ ਗਿਆਨ ਨਾਲ ਅਸੀਂ ਇਕ ਹੀ ਪਦਾਰਥ

ਦੇ ਇਕ ਅੰਸ਼ ਨੂੰ ਪ੍ਰਮੁਖ ਮੰਨਦੇ ਹਨ ਅਤੇ ਇਕ ਨੂੰ ਗੁਪਤ ਮੰਨਦੇ ਹਨ। ਸੋ ਕੋਈ ਅੰਸ਼ ਵੀ ਛਡਨ ਯੋਗ ਨਹੀਂ।

ਅਚਾਰੀਆ ਸਿਧ ਸੇਨ ਲਿਖਦੇ ਹਨ :

"ਬੇਡੂਰਿਆ, ਨੀਲਮ ਰਤਨ ਇਕੱਠੇ ਵਿਖਰੇ ਪਏ ਹਨ। ਉਨ੍ਹਾਂ ਦੀ ਕਿਨੀ ਵੀ ਕੀਮਤ ਹੋਏ ਜਦ ਤਕ ਰਤਨ ਮਾਲਾ ਨਹੀਂ ਬਨਦੀ, ਕੌਣ ਪੁਛਦਾ ਹੈ ? ਇਸੇ ਪ੍ਰਕਾਰ ਸਾਰੇ ਨਯ ਆਪਣੇ 2 ਪਖੋਂ ਕਿਨੇ ਵੀ ਸੱਚ ਹੋਣ, ਪਰ ਜਦ ਅਨੇਕਾਂਤ ਰੂਪੀ ਮਾਲਾ ਵਿਚ ਨਹੀਂ ਪ੍ਰੋਰਦੇ, ਇਨ੍ਹਾਂ ਦੀ ਕੋਈ ਸੁਤੰਤਰ ਹੋਂਦ ਨਹੀਂ।



# ਸ਼੍ਰੀ ਸੂਤਰ ਕ੍ਰਿਤਾਂਗ ਸੂਤਰ





( ਪਹਿਲਾ ਸ਼ਰੁਤ ਸਕੰਧ )

# ਸਮੇਂ ਨਾਮਕ ਪਹਿਲਾ ਅਧਿਐਨ

●

ਇਕ ਹੀ ਅਰਥ ਨੂੰ ਭਿੰਨ-ਭਿੰਨ ਰੂਪ ਵਿਚ ਸਥਾਪਿਤ ਕਰਨਾ ਹੀ ਨਿਕਸ਼ੇਪ ਹੈ। ਇਕ ਹੀ ਨਾਂ, ਅਲਗ ਅਲਗ ਪਦਾਰਥਾਂ ਲਈ ਇਸਤੇਮਾਲ ਹੁੰਦਾ ਹੈ। ਜਿਵੇਂ (1) ਕਿਸੇ ਬੱਚੇ ਦਾ ਨਾਂ ਰਾਜਾ ਰਖਿਆ ਗਿਆ ਹੈ ਉਸਨੂੰ ਰਾਜਾ ਦੇ ਰੂਪ ਵਿਚ ਸੰਬੋਧਨ ਕੀਤਾ ਜਾਂਦਾ ਹੈ। (2) ਇਸੇ ਤਰਾਂ ਕੋਈ ਰਾਜਾ ਦਾ ਚਿੱਤਰ ਬਨਾ ਕੇ, ਉਸ ਨੂੰ ਹੀ ਰਾਜਾ ਆਖਦੇ ਹਨ। (3) ਕਦੇ ਕਦੇ ਰਾਜੇ ਦੇ ਪੁੱਤਰ ਨੂੰ ਹੀ ਰਾਜਾ ਕਿਹਾ ਜਾਂਦਾ ਹੈ ਜਿਵੇਂ "ਇਹ ਅਪਣੇ ਪਿਤਾ ਤੋਂ ਵੀ ਸਵਾਇਆ ਰਾਜਾ ਹੈ।" (4) ਅਸਲ ਰਾਜੇ ਨੂੰ ਵੀ ਰਾਜਾ ਆਖਦੇ ਹਨ। ਇਸ ਤਰ੍ਹਾਂ ਰਾਜੇ ਦੀ ਸਥਾਪਨਾ ਕੇਵਲ ਨਾਂ, ਸ਼ਕਲ ਜਾਂ ਕਾਰਣ ਦਰਵ ਤੋਂ ਹੁੰਦੀ ਹੈ। [illegible] ਸ਼ਾਸ਼ਿਆਂ ਵਰਗੇ ਭਾਵ [illegible] ਹੈ। [illegible] ਅਰਥਾਂ ਦੀ ਭਿੰਨ-ਭਿੰਨ ਸਥਾਪਨਾ ਨੂੰ ਨਿਕਸ਼ੇਪ ਆਖਦੇ ਹਨ। ਹਰ ਵਸਤੂ ਦੇ ਘਟੋ ਘਟ ਚਾਰ ਨਿਕਸ਼ੇਪ ਜ਼ਰੂਰ ਹੁੰਦੇ ਹਨ :—

(1) ਨਾਮ ਨਿਕਸ਼ੇਪ— ਕੇਵਲ ਵਸਤੂ ਦਾ ਨਾਂ। ਜਿਵੇਂ ਕਿਸੇ ਮਨੁੱਖ ਦਾ ਨਾਂ ਇੰਦਰ ਰਖਿਆ ਗਿਆ ਜਾਂ ਕਿਸੇ 'ਅਜੈਨ' ਦਾ ਨਾਂ ਜੈਨ ਰਖਿਆ ਗਿਆ। ਇਹ ਨਾਂ ਨਿਕਸ਼ੇਪ ਹੈ।

(2) ਸਥਾਪਨਾ ਨਿਕਸ਼ੇਪ— ਅਸਲ ਆਦਮੀ ਦੀ ਮੂਰਤੀ, ਚਿੱਤਰ ਜਾਂ ਆਕ੍ਰਿਤੀ ਸਥਾਪਨਾ ਹੈ। ਇਸ ਫੋਟੋ ਵਿਚ ਅਸਲ ਵਿਅਕਤੀ ਦੀ ਧਾਰਨਾ ਕੀਤੀ ਜਾਂਦੀ ਹੈ। ਚਿੱਤਰ ਨੂੰ ਵੇਖ ਕੇ ਆਖਣਾ, ਇਹ ਤੀਰਥੰਕਰ ਦੀ ਫੋਟੋ ਹੈ ਜਾਂ ਨਕਸ਼ੇ ਨੂੰ ਵੇਖ ਕੇ ਆਖਨਾ 'ਇਹ ਭਾਰਤ ਦੇਸ਼ ਹੈ।

(3) ਦਰਵ ਨਿਕਸ਼ੇਪ— ਕਦੇ ਕਦੇ ਭੂਤ ਅਤੇ ਭਵਿੱਖ ਕਾਲੀਨ ਭਾਸ਼ਾ ਜਾਂ ਅਰਥਾਂ ਦਾ ਪ੍ਰਯੋਗ ਵਰਤਮਾਨ ਕਾਲ ਵਿਚ ਕੀਤਾ ਜਾਂਦਾ ਹੈ। ਇਹ ਦਰਵ ਨਿਕਸ਼ੇਪ ਹੈ ਜਿਵੇਂ ਮਰੇ ਹੋਏ ਰਾਜਾ ਦੇ ਸ਼ਰੀਰ ਨੂੰ ਵੇਖ ਕੇ ਆਖਣਾ 'ਇਹ ਰਾਜਾ ਹੈ'। ਖਾਲੀ ਘਿਓ ਦੇ ਘੜੇ ਨੂੰ 'ਘਿਓ ਦਾ ਘੜਾ ਆਖਨਾ'।

(4) ਭਾਵ ਨਿਕਸ਼ੇਪ— ਨਾਉਂ ਵਿਸ਼ੇਸ਼ ਦਾ ਅਰਥ, ਭਾਵ ਵਸਤੂ ਦੀ ਜਿਸ ਅਵਸਥਾ ਵਿਚ ਠੀਕ ਤਰ੍ਹਾਂ ਲਾਗੂ ਹੋਵੇ, ਉਸਨੂੰ ਭਾਵ ਨਿਕਸ਼ੇਪ ਆਖਦੇ ਹਨ। ਜਿਵੇਂ ਧਰਮ ਰੂਪੀ ਤੀਰਥ ਦੀ ਸਥਾਪਨਾ ਕਰਨ ਵਾਲੇ ਨੂੰ ਤੀਰਥੰਕਰ ਆਖਣਾ, ਨੌਕਰੀ ਕਰਨ ਵਾਲੇ ਨੂੰ ਨੌਕਰ ਆਖਣਾ। ਸਾਧੂ ਦੇ ਗੁਣਾਂ ਵਾਲੇ ਨੂੰ ਸਾਧੂ ਆਖਣਾ, ਇਹ ਭਾਵ ਨਿਕਸ਼ੇਪ ਹੈ।

ਸਮੇਂ (ਸਮਯ) ਤੋਂ ਭਾਵ ਖਾਲੀ ਸਮਾਂ ਨਹੀਂ, ਸਮੇਂ ਤੋਂ ਇਕ ਅਰਥ ਆਤਮਾ ਵੀ ਹੈ। ਟੀਕਾਕਾਰ ਨੇ ਸਮੇਂ ਦੇ 11 ਭੇਦ ਦੱਸੇ ਹਨ :

(1) **ਨਾਮ ਸਮੇਂ** — ਕਿਸੇ ਦਾ ਨਾਂ ਸਮੇਂ ਰਖ ਦਿਤਾ ਜਾਵੇ, ਉਹ ਨਾਮ ਸਮੇਂ ਹੈ।

(2) **ਸਥਾਪਨਾ ਸਮੇਂ** — ਸਮੇਂ ਦਾ ਕਾਲਪਨਿਕ ਚਿੱਤਰ ਬਣਾ ਕੇ ਆਖਣਾ, ਇਹ ਸਥਾਪਨਾ ਸਮੇਂ ਹੈ।

(3) **ਦਰਵ ਸਮੇਂ**— ਦਰਵ ਦੇ ਸੁਭਾਵ ਨੂੰ ਦਰੱਵ ਸਮਾਂ ਆਖਦੇ ਹਨ।

(4) **ਕਾਲ ਸਮੇਂ** — ਜਿਸ ਦਰਵ ਦੇ ਯੋਗ ਜੋ ਕਾਲ ਹੋਵੇ, ਉਹ ਕਾਲ ਸਮੇਂ ਹੈ।

(5) **ਖੇਤਰ-ਸਮੇਂ**— ਇਸ ਦਾ ਭਾਵ ਅਕਾਸ਼ ਸਮੇਂ ਹੈ।

(6) **ਕੁਤੀਰਥ ਸਮੇਂ**—ਪਾਖੰਡੀਆਂ (ਦੂਸਰੇ ਮਤਾਂ) ਦੇ ਮੁੱਖ ਗ੍ਰੰਥ ਕੁਤੀਰਥ ਸਮੇਂ ਹੈ।

(7 **ਸੰਗਾਰ ਸਮੇਂ**—ਸੰਗਾਰ ਦਾ ਅਰਥ ਇਸ਼ਾਰਾ ਜਾਂ ਸੰਕੇਤ ਸਮੇਂ ਤੋਂ ਹੈ।

(8) **ਗਣ ਸਮੇਂ** — ਕਿਸੇ ਧਰਮ ਸੰਘ ਦੀ ਵਿਸ਼ੇਸ਼ ਕ੍ਰਿਆ ਗਣ ਸਮੇਂ ਹੈ।

(9) **ਸ਼ੰਕਰ ਸਮੇਂ**— ਭਿੰਨ ਭਿੰਨ ਜਾਤਾਂ ਦਾ ਇਕੱਠਾ ਰਹਿਣਾ ਸ਼ੰਕਰ ਸਮੇਂ ਹੈ।

(10) **ਗੰਡੀ ਸਮੇਂ**— ਭਿੰਨ ਭਿੰਨ ਫਿਰਕਿਆਂ ਦੀਆਂ ਪ੍ਰਥਾਵਾਂ ਗੰਡੀ ਸਮੇਂ ਹੈ।

(11) **ਭਾਵ ਸਮੇਂ**— ਭਿੰਨ ਭਿੰਨ ਅਨੁਕੂਲ ਤੇ ਪ੍ਰਤਿਕੂਲ ਸਿੱਧਾਂਤਾਂ ਨੂੰ ਭਾਵ ਸਮੇਂ ਆਖਦੇ ਹਨ।

ਇਥੇ ਸਿਰਫ ਭਾਵ ਸਮੇਂ ਦਾ ਹੀ ਸੰਬੰਧ ਹੈ। ਇਸ ਅਧਿਐਨ ਦੇ ਚਾਰ ਉਦੇਸ਼ਕ ਹਨ। ਪਹਿਲੇ ਉਦੇਸ਼ਕ ਵਿਚ ਪੰਚ ਮਹਾਭੂਤ ਵਾਦੀਆਂ, ਆਤਮ ਅਦਵੈਤ ਵਾਦ, ਜੀਵ ਤੇ ਸ਼ਰੀਰ ਇਕ ਹੈ, ਆਦਿ ਵਿਸ਼ੇ ਹਨ।

ਇਸ ਤੋਂ ਛੁਟ 'ਪੁੰਨ ਤੇ ਪਾਪ ਆਦਿ ਕੋਈ ਵੀ ਕ੍ਰਿਆ ਜੀਵ ਨਹੀਂ ਕਰਦਾ।' ਇਹ ਵਿਸ਼ਾ ਹੈ।

ਪੰਚ ਮਹਾਭੂਤ ਤੇ ਛੇਵਾਂ ਆਤਮਾ ਹੈ। ਇਹ ਪੰਜਵਾਂ ਵਿਸ਼ਾ ਹੈ। "ਕਿਸੇ ਕ੍ਰਿਆ ਦਾ ਫਲ ਨਹੀ" ਇਹ ਛੇਵਾਂ ਵਿਸ਼ਾ ਹੈ।

ਉਦੇਸ਼ਕ ਦੇ ਚਾਰ ਅਰਥ ਅਧਿਕਾਰ ਹਨ। ਇਨ੍ਹਾਂ ਵਿਚ 1. ਨਿਯਤੀਵਾਦ, 2.

ਅਗਿਆਨਵਾਦ, 3. ਗਿਆਨਵਾਦ 4. ਬੁਧ ਦਰਸ਼ਨ ਆਦਿ ਦਾ ਜਿਕਰ ਹੈ।

ਬੁਧ ਦਰਸ਼ਨ ਦਾ ਕਥਨ ਹੈ ਕਿ ਚਾਰ ਪ੍ਰਕਾਰ ਨਾਲ ਕਰਮ ਉਪਚੈ (ਬੰਧ) ਨਹੀਂ ਹੁੰਦਾ [1] ਅਵਿਦਿਆ ਜਾਂ ਅਗਿਆਨਤਾ [2] ਪਰਿਗੋਪਚਿਤ ਕਰਮ (ਕੇਵਲ ਮਨ ਰਾਹੀਂ ਕੀਤਾ ਕਰਮ ਉਪਚੈ) [3] ਈਰੀਆ ਪ੍ਰਤਯ ਕਰਮ (ਮਾਰਗ ਵਿਚ ਘੁਮਦੇ ਜੋ ਜੀਵ ਹਿੰਸਾ ਹੁੰਦੀ ਹੈ, ਉਸ ਨਾਲ ਵੀ ਕਰਮ ਬੰਧ ਨਹੀਂ ਹੁੰਦਾ। ਸੁਪਨਾਂਤਿਕ ਕਰਮ—ਸੁਪਨੇ ਵਿਚ ਕੀਤੇ ਕਰਮ ਦਾ ਵੀ ਉਪਚੈ ਨਹੀਂ ਹੁੰਦਾ।

ਤੀਸਰੇ ਉਦੇਸ਼ਕ ਵਿਚ ਸਾਧੂ ਨੂੰ ਆਧਾ ਕਰਮੀ (ਸਾਧੂ ਲਈ ਖਰੀਦਿਆ ਜਾਂ ਤਿਆਰ ਕੀਤੇ) ਭੋਜਨ ਦੇ ਤਿਆਗ ਦਾ ਉਪਦੇਸ਼ ਦਿਤਾ ਗਿਆ ਹੈ। ਇਹ ਵਸਤੂ ਭਾਵੇਂ ਕਿੰਨੀ ਵੀ ਸ਼ੁਧ ਹੋਵੇ ਅਤੇ ਦੇਣ ਵਾਲਾ ਵੀ ਇਛੁਕ ਹੋਵੇ। ਪਰ ਸਾਧੂ ਨੂੰ ਗ੍ਰਹਿਣ ਕਰਨੀ ਠੀਕ ਨਹੀਂ। ਕਿਉਂਕਿ ਸਾਧੂ-ਸਾਧਵੀ ਲਈ ਤਾਂ ਅਨਜਾਨ ਕੁਲਾਂ ਤੋਂ ਸ਼ੁਧ ਭੋਜਨ ਲੈਣ ਦੀ ਆਗਿਆ ਹੈ ਇਸ ਉਦੇਸ਼ਕ ਵਿਚ ਈਸ਼ਵਰ ਤੇ ਕਰਤਾਵਾਦੀ ਮਤ ਵੀ ਵਰਨਣ ਕੀਤਾ ਗਿਆ ਹੈ।

ਚੌਥੇ ਉਦੇਸ਼ਕ ਵਿਚ ਪਰ ਤੀਰਥੀਆਂ ਤੋਂ ਬਚਨ ਦਾ ਉਪਦੇਸ਼ ਹੈ। ਕਿਉਂਕਿ ਗਲਤ ਦਾਰਸ਼ਨਿਕ ਸਿੱਧਾਂਤ, ਕਰਮ ਬੰਧ ਦਾ ਕਾਰਣ ਬਣਦੇ ਹਨ। ਕਰਮ ਬੰਧ ਤੋਂ ਬਚਨਾਂ ਲਈ ਅਹਿੰਸਾ, ਸਮਤਾ, ਕਸ਼ਾਏ (ਕਰੋਧ, ਮੋਹ, ਲੋਭ ਤੇ ਹੰਕਾਰ) ਤੋਂ ਬਚਦੇ ਹੋਏ ਸਵ ਸਮੇਂ ਵਾਰੇ ਕਿਹਾ ਗਿਆ ਹੈ। ਅਵਿਰਤ ਤੋਂ ਭਾਵ ਹੈ ਗ੍ਰਹਿਸਥੀ ਦਾ ਉਹ ਕੰਮ ਜਿਸ ਵਿਚ ਅਸੰਜਮ ਹੋਵੇ।

ਪਰਿਗ੍ਰਹਿ ਤੋਂ ਭਾਵ ਵਸਤਾ ਦਾ ਸੰਗ੍ਰਹਿ ਹੈ ਇਸਦੇ ਦੋ ਭੇਦ ਕੀਤੇ ਗਏ ਹਨ—(1) ਸਚਿੱਤ—ਜਾਨਦਾਰ ਵਸਤਾਂ ਇਸਤਰੀ, ਪਸ਼ੂ ਤੇ ਮਨੁੱਖ ਦਾ ਸੰਗ੍ਰਹਿ ਅਤੇ (2) ਅਚਿੱਤ ਬੇਜਾਨ ਵਸਤਾਂ ਮਕਾਨ, ਪੈਸਾ ਖੇਤ ਆਦਿ।

# ਪਹਿਲਾ ਉਦੇਸ਼ਕ

(ਸ਼੍ਰੀ ਸੁਧਰਮਾ ਸਵਾਮੀ ਦੇ ਚੇਲੇ ਸ਼੍ਰੀ ਜੰਬੂ ਸਵਾਮੀ ਪ੍ਰਸ਼ਨ ਕਰਦੇ ਹਨ) "ਭਗਵਾਨ ਮਹਾਵੀਰ ਨੇ ਬੰਧਨ ਕਿਸ ਨੂੰ ਕਿਹਾ ਹੈ ? ਕੀ ਜਾਣ ਕੇ ਬੰਧਨ ਨੂੰ ਦੂਰ ਕਰਨਾ ਚਾਹੀਦਾ ਹੈ ?" (1)

ਸਚਿੱਤ (ਮਨੁੱਖ ਪਸ਼ੂ ਆਦਿ) ਅਚਿੱਤ (ਕਪੜੇ, ਗਹਿਣੇ, ਮਕਾਨ ਆਦਿ) ਪਰਿਗ੍ਰਹਿ ਜਾਂ ਦੋਹਾਂ ਰੂਪਾਂ ਵਿਚ ਪਰਿਗ੍ਰਹਿ ਨੂੰ ਗ੍ਰਹਿਣ ਕਰਦਾ ਹੈ, ਦੂਸਰੇ ਤੋਂ ਕਰਵਾਉਂਦਾ ਹੈ ਜਾਂ ਪਰਿਗ੍ਰਹਿ ਸਵੀਕਾਰ ਕਰਨ ਵਾਲੇ ਨੂੰ ਭਲਾ ਸਮਝਦਾ ਹੈ। ਉਹ ਦੁੱਖਾਂ ਤੋਂ ਮੁਕਤ ਨਹੀਂ ਹੋ ਸਕਦਾ। (2)

ਜੋ ਮਨੁੱਖ ਆਪ ਜੀਵਾਂ ਦਾ ਨਾਸ਼ ਕਰਦਾ ਹੈ, ਦੂਸਰੇ ਤੋਂ ਕਰਵਾਉਂਦਾ ਹੈ ਜਾਂ ਕਰਦੇ ਨੂੰ ਚੰਗਾ ਸਮਝਦਾ ਹੈ। ਉਹ ਮਾਰੇ ਗਏ ਜੀਵਾਂ ਦੀ ਆਤਮਾ ਨਾਲ ਵੈਰ ਵਧਾਉਂਦਾ ਹੈ। (3)

ਅਗਿਆਨੀ ਜੀਵ ਜਿਸ ਕੁਲ ਵਿਚ ਪੈਦਾ ਹੁੰਦਾ ਹੈ ਅਤੇ ਜਿਨ੍ਹਾਂ ਨਾਲ ਨਿਵਾਸ ਕਰਦਾ ਹੈ ਉਥੇ (ਮਾਤਾ, ਪਿਤਾ, ਇਸਤਰੀ, ਪੁਤਰ ਅਤੇ ਮਿਤੱਰ ਆਦਿ ਨਾਲ) ਮਮਤਾ ਕਾਰਣ ਦੁਖੀ ਹੁੰਦਾ ਹੈ। ਨਵੇਂ ਪਦਾਰਥਾਂ ਪ੍ਰਤਿ ਮਮਤਾ ਭਾਵ ਜਗਾਉਂਦਾ ਹੈ। (4)

ਧਨ ਸੰਪੱਤੀ ਆਦਿ ਅਤੇ ਭਾਈ ਭੈਣ ਆਦਿ ਕੋਈ ਵੀ ਜੀਵ ਜਾਂ ਨਿਰਜੀਵ ਪਦਾਰਥ ਜੀਵ ਨੂੰ ਬਚਾਉਣ ਵਿਚ ਸਮਰਥ ਨਹੀਂ। ਇਹ ਜੀਵਨ ਥੋੜਾ ਤੇ ਮਿਟਣ ਵਾਲਾ ਹੈ। ਇਹ ਸਮਝਕੇ ਆਰੰਭ (ਹਿੰਸਾ) ਤੇ ਪਰਿਗ੍ਰਹਿ ਦਾ ਤਿਆਗ ਜੋ ਕਰਦਾ ਹੈ। ਉਹ ਕਰਮ ਬੰਧ ਤੋਂ ਮੁਕਤ ਹੋ ਜਾਂਦਾ ਹੈ। (5)

ਇਸ ਅਧਿਐਨ ਵਿਚ ਭਗਵਾਨ ਮਹਾਵੀਰ ਆਖਦੇ ਹਨ। "ਕੋਈ ਕੋਈ ਸ਼੍ਰਮਣ (ਬੋਧ, ਆਜੀਵਕ, ਪਰਿਵਰਾਜਕ, ਤਾਪਸ) ਅਤੇ ਮਾਹਣ (ਬ੍ਰਾਹਮਣ ਜੋ ਕਿ ਬ੍ਰਹਸਪਤਿ ਨਾਸਤਕ ਦਰਸ਼ਨ ਨੂੰ ਮੰਨਦੇ ਹਨ)। ਪਰਮਾਰਥੀ (ਆਤਮਾ ਦੇ ਗਿਆਨ, ਦਰਸ਼ਨ, ਚੇਤਨ ਸਵਰੂਪ) ਨੂੰ ਜਾਣਦੇ ਹੋਏ, ਆਪਣੇ ਹੀ ਮੱਤ ਦੇ ਕਾਰਣ, ਅਰਿਹੰਤ (ਸਰਵਗ, ਤ੍ਰਿਕਾਲ-ਦਰਸ਼ੀ ਵੀਤਰਾਗ ਆਤਮਾ) ਦੇ ਉਪਦੇਸ਼ ਨੂੰ ਤਿਆਗ ਕੇ, ਕਾਮ ਭੋਗੋ ਵਿਚ ਡੁਬੇ ਰਹਿੰਦੇ ਹਨ। (6)

ਬ੍ਰਹਿਸਪਤੀ ਮਤ ਦੇ ਚਾਰਵਾਕ ਅਨੁਯਾਦੀ ਆਖਦੇ ਹਨ, "ਇਸ ਜਗਤ ਵਿਚ ਜ਼ਮੀਨ, ਅੱਗ, ਪਾਣੀ, ਹਵਾ ਅਤੇ ਅਕਾਸ਼" ਇਹ ਪੰਜ ਮਹਾਭੂਤ ਹਨ। (ਇਸ ਤੋਂ ਛੁੱਟ ਕੋਈ ਪਦਾਰਥ ਨਹੀਂ ਹੈ। (7)

"ਇਹ ਪੰਜ ਮਹਾਂਭੂਤ ਹਨ। ਇਨ੍ਹਾਂ ਦੇ ਸੰਜੋਗ ਨਾਲ ਇਕ (ਚੇਤਨ ਸ਼ਕਤੀ) ਦੀ ਉਤਪੱਤੀ ਹੁੰਦੀ ਹੈ। ਇਨ੍ਹਾਂ ਪੰਜਾਂ ਦੇ ਵਿਕਾਸ ਨਾਲ ਹੀ ਇਕ (ਚੇਤਨ ਸਕਤੀ) ਦਾ ਵਿਕਾਸ ਹੋ ਜਾਂਦਾ ਹੈ।" (8)

"ਜਿਵੇਂ ਇਕ ਹੀ ਜ਼ਮੀਨ, ਇਕ ਸਮੇਂ ਨਦੀ, ਸਮੁੰਦਰ, ਪਰਬਤ, ਪਿੰਡਾਂ ਤੇ ਸ਼ਹਿਰਾਂ ਦੇ ਰੂਪ ਵਿਚ ਵਿਖਾਈ ਦਿੰਦੀ ਹੈ। ਇਸੇ ਪ੍ਰਕਾਰ ਇਹ ਸਾਰਾ ਪਸਾਰਾ ਇਕ ਆਤਮਾ ਦਾ ਰੂਪ ਹੀ ਹੈ। ਪਰ ਅਨੇਕਾਂ ਢੰਗਾਂ ਵਿਚ ਵਿਖਾਈ ਦੇ ਰਿਹਾ ਹੈ।" (9)

"ਕੋਈ ਕੋਈ ਅਗਿਆਨੀ ਅਜੇਹਾ ਆਖਦੇ ਹਨ ਕਿ 'ਇਕ ਹੀ ਆਤਮਾ ਹੈ', 'ਪਰ ਇਸ ਸੰਸਾਰ ਵਿਚ ਕੁਝ ਪਾਪੀ ਪ੍ਰਾਣੀ, ਪਾਪ ਕਰਕੇ ਦੁਖ ਉਠਾਂਦੇ ਹਨ। ਸਾਰੇ ਪ੍ਰਾਣੀ ਦੁਖ ਕਿਉਂ ਨਹੀਂ ਉਠਾਉਂਦੇ ?" (10)

"ਜੋ ਅਗਿਆਨੀ ਹੈ ਅਤੇ ਜੋ ਗਿਆਨੀ ਹੈ ਉਨ੍ਹਾਂ ਸਭ ਦੀ ਆਤਮਾ ਅਲਗ ਅਲਗ ਹੈ ਇਕ ਨਹੀਂ ਹੈ ਹਰ ਸ਼ਰੀਰ ਵਿਚ ਅਲੱਗ ਆਤਮਾ ਹੈ ਪਰ ਮਰਨ ਤੋਂ ਬਾਅਦ, ਆਤਮਾ ਦੀ ਕੋਈ ਹੋਂਦ ਨਹੀਂ। ਸੋ ਪਰਲੋਕ ਵਿਚ ਜਾਣ ਵਾਲਾ ਕੋਈ ਨਿੱਤ (ਅਮਰ) ਪਦਾਰਥ ਨਹੀਂ।" (11)

"ਇਸ ਮੱਤ ਅਨੁਸਾਰ ਨਾ ਪੁੰਨ ਹੈ ਨਾ ਪਾਪ ਹੈ। ਇਸ ਸੰਸਾਰ ਤੋਂ ਛੁੱਟ ਕੋਈ ਸੰਸਾਰ ਨਹੀਂ, ਸ਼ਰੀਰ ਦੇ ਨਾਸ਼ ਹੋ ਜਾਣ ਨਾਲ ਆਤਮਾ ਦਾ ਨਾਸ਼ ਹੋ ਜਾਂਦਾ ਹੈ।" (12)

"ਆਤਮਾ ਨਾ ਖੁਦ ਕਿਰਿਆ ਕਰਦੀ ਹੈ ਨਾ ਦੂਸਰੇ ਰਾਹੀਂ ਕਰਵਾਉਂਦੀ ਹੈ। ਇਸ ਸੰਸਾਰ ਵਿਚ ਉਹ ਸਾਰੀਆਂ ਕਿਰਿਆਵਾਂ ਨਹੀਂ ਕਰਦੀ। ਇਸ ਲਈ ਆਤਮਾ ਅਕਾਰਕ (ਕਰਤਾਪੁਣੇ ਤੋਂ ਰਹਿਤ) ਹੈ।" (13)

"ਜੋ ਲੋਕ ਅਜਿਹਾ ਮੰਨਦੇ ਹਨ ਤਾਂ ਫੇਰ ਚਾਰ ਗਤੀ ਸੰਸਾਰ (ਨਰਕ, ਸਵਰਗ, ਪਸ਼ੂ ਤੇ ਮਨੁਖ)ਕਿਸ ਪ੍ਰਕਾਰ ਹੋ ਸਕਦਾ ਹੈ ? ਭਾਵ ਆਤਮਾ ਜੋ ਸ਼ੁਭ ਅਸ਼ੁਭ ਫਲ ਦਾ ਕਰਤਾ ਨਹੀਂ, ਤਾਂ ਇਹ ਜੂਨਾਂ ਦੀ ਗੱਲ ਬੇਕਾਰ ਹੈ।" (14)

ਇਸ ਪ੍ਰਕਾਰ ਉਹ ਅਗਿਆਨੀ ਲੋਕ ਇਕ ਹਨੇਰੇ ਵਿਚੋਂ ਨਿਕਲ ਕੇ ਦੂਸਰੇ ਹਨੇਰੇ ਨੂੰ ਪ੍ਰਾਪਤ ਕਰਦੇ ਹਨ। (15)

"ਆਤਮਾ ਛੱਟ ਵਾਦਿਆਂ ਦੀ ਮਾਨਤਾ ਹੈ। ਪੰਜ ਮਹਾਂਭੂਤ ਹਨ ਅਤੇ ਛੇਵੀਂ ਆਤਮਾ ਹੈ ਆਤਮਾ ਨਿਤ (ਅਮਰ) ਅਤੇ ਲੋਕ ਨਿਤ ਹੈ। (16)

---

ਟਿੱਪਣੀ ਗਾਥਾ ਨੰ: 8—ਚਾਰਵਾਕ ਮਤ ਅਨੁਸਾਰ ਠੀਕ ਪੰਜ ਭੂਤਾਂ ਦੀ ਸਰੀਰ ਦੇ ਵਿਨਾਸ਼ ਤੋਂ ਬਾਅਦ ਕੁਝ ਵੀ ਨਹੀਂ। ਲੋਕ, ਪਰਲੋਕ ਭੋਗਣ ਵਾਲਾ ਸ਼ਰੀਰ ਹੈ। ਆਤਮਾ ਦੀ ਕੋਈ ਵਖ ਹੋਂਦ ਨਹੀਂ।

ਨਿੱਤਵਾਦੀ ਆਖਦੇ ਹਨ, "ਪੰਜ ਮਹਾਂਭੂਤ ਅਤੇ ਆਤਮਾ ਦੋਵੇਂ ਸ਼ੁਭ ਜਾਂ ਅਸ਼ੁਭ ਕਾਰਣ ਵਿਨਾਸ਼ ਨਹੀਂ ਹੁੰਦੇ। ਇਸ ਲਈ ਅਸੱਤ (ਖਤਮ ਹੋਣ ਵਾਲੇ) ਪਦਾਰਥ ਦੀ ਉਤਪੱਤੀ ਨਹੀਂ ਹੁੰਦੀ। ਸਾਰੇ ਹੀ ਪਦਾਰਥ ਹਮੇਸ਼ ਨਿੱਤ (ਅਮਰ) ਹਨ। (17)

ਕੋਈ ਕੋਈ ਅਗਿਆਨੀ ਆਖਦੇ ਹਨ, "ਖਿਨ ਮਾਤਰ ਵਿਚ ਹੀ ਸਥਿਤ ਰਹਿਣ ਵਾਲੇ ਪੰਜ ਸਕੰਦ (ਰੂਪ, ਵੇਦਨਾ, ਵਿਗਿਆਨ, ਸੰਗਿਆ ਅਤੇ ਸੰਸਕਾਰ) ਹਨ। ਇਨ੍ਹਾਂ ਤੋਂ ਭਿੰਨ ਜਾ ਅਭਿੰਨ, ਕਾਰਣ ਤੋਂ ਉਤਪੰਨ ਹੋਣ ਵਾਲਾ ਕੋਈ ਵੱਖ ਪਦਾਰਥ ਨਹੀਂ। (18)

"ਪ੍ਰਿਥਵੀ, ਪਾਣੀ, ਅੱਗ ਅਤੇ ਹਵਾ ਇਹ ਚਾਰ ਧਾਤੂ ਦੇ ਰੂਪ ਹਨ। ਇਹ ਚਾਰੇ ਸਰੀਰ ਦੇ ਰੂਪ ਵਿੱਚ ਬਦਲਦੇ ਹਨ। ਤਦ ਇਹ ਜੀਵ ਆਤਮਾ ਅਖਵਾਉਂਦੀ ਹੈ।" ਇਹ ਅਫੱਲਵਾਦੀਆਂ ਦੀ ਧਾਰਨਾ ਹੈ।" (19)

"ਸਾਰੇ ਮੱਤਾਂ ਵਾਲੇ ਆਪਣੇ ਆਪਣੇ ਦਰਸ਼ਨ ਨੂੰ ਮੁਕਤੀ ਦਾ ਕਾਰਣ ਦਸਦੇ ਹਨ। ਚਾਹੇ ਕੋਈ ਘਰ ਵਿਚ ਰਹਿੰਦਾ ਹੋਵੇ ਜਾਂ ਜੰਗਲ ਵਿਚ, ਜਾਂ ਦੀਖਿਆ ਲੈ ਲਵੇ ਉਹ ਜੀਵ ਸਾਡੇ ਦਰਸ਼ਨ ਨੂੰ ਅੰਗੀਕਾਰ ਕਰਕੇ ਦੁਖਾਂ ਤੋਂ ਛੁਟਕਾਰਾ ਪਾ ਜਾਂਦੇ ਹਨ। ਅਜੇਹਾ ਦੂਸਰੇ ਦਰਸ਼ਨ ਵਾਲੇ ਆਖਦੇ ਹਨ।"(20)

ਉਹ ਪੰਜ ਭੂਤਵਾਦੀ ਗਿਆਨਾਵਰਣੀਆਂ (ਅਗਿਆਨ ਦਾ ਕਾਰਣ ਕਰਮ) ਆਦਿ ਕਰਮਾਂ ਦੀ ਸੰਧੀ (ਛੇਕ) ਨੂੰ ਨਾ ਜਾਣਦੇ ਹੋਏ, ਦੁੱਖਾਂ ਤੋਂ ਮੁਕਤ ਹੋਣ ਦੀ ਕੋਸ਼ਿਸ਼ ਕਰਦੇ ਹਨ ਪਰ ਉਹ ਦਸ ਪ੍ਰਕਾਰ ਦੇ ਜਤੀ ਧਰਮ ਨੂੰ ਨਹੀਂ ਜਾਣਦੇ। ਇਸ ਪ੍ਰਕਾਰ ਅਫਲਵਾਦੀ ਸੰਸਾਰ ਰੂਪੀ ਸਮੁੰਦਰ ਨੂੰ ਗਲਤ ਧਾਰਨਾਵਾਂ ਕਾਰਣ ਪਾਰ ਨਹੀਂ ਕਰ ਸਕਦੇ।" (21)

"ਉਪਰੋਕਤ ਸਾਰੇ ਤੀਰਥੀ (ਦਰਸ਼ਨ) ਸੰਧੀ (ਕਰਮਾਂ ਦੇ ਛੇਕਾ) ਜਾਣੇ ਬਿਨਾ ਦੁਖਾਂ ਤੋਂ ਹੋਣ ਦੀ ਕ੍ਰਿਆ ਕਰਦੇ ਹਨ। ਪਰ ਉਹ ਧਰਮ ਦੇ ਸਵਰੂਪ ਨੂੰ ਨਹੀਂ ਜਾਣਦੇ।

---

ਟਿੱਪਣੀ ਗਾਥਾ 18— ਬੁਧ ਦਰਸ਼ਨ ਦੀ ਮਾਨਤਾ ਹੈ ਕਿ ਪ੍ਰਿਥਵੀ, ਪਾਣੀ, ਤੇਜ ਅਤੇ ਹਵਾ ਆਦਿ ਚਾਰ ਧਾਤੂ ਰੂਪ ਹਨ। ਉਨ੍ਹਾਂ ਦਾ ਇਕ ਜੀਵ ਸੰਗਿਆ [ਨਾਮ] ਨੂੰ ਪ੍ਰਾਪਤ ਹੁੰਦਾ ਹੈ।

ਟਿੱਪਣੀ ਗਾਥਾ 19— ਦਸ ਪ੍ਰਕਾਰ ਦਾ ਸੱਚਾ ਧਰਮ ਇਸ ਪ੍ਰਕਾਰ ਹੈ : 1. ਖਿਮਾ [ਸਹਿਨਸ਼ੀਲਤਾ] 2. ਲਘੁਤਾ ਨਿਮਰਤਾ 3. ਸਰਲਤਾ 4. ਨਿਰਲੋਭ 5. ਤੱਪ 6. ਸੰਜਮ 7. ਸੱਤ 8. ਸ਼ੌਚ [ਮਾਨਸਿਕ ਪਵਿਤਰਤਾ] 9. ਅਪਰਿਗ੍ਰਹਿ [ਜਰੂਰਤ ਤੋਂ ਵਧ ਵਸਤਾਂ ਦਾ ਤਿਆਗ] 10. ਬ੍ਰਹਮਚਰਯ।

ਟਿੱਪਣੀ ਗਾਥਾ 20—ਸੰਧੀ ਦੇ ਦੋ ਭੇਦ ਹਨ, ਸੰਧੀ ਤੋਂ ਭਾਵ ਛੇਕ ਹੈ [ਦਰਵ ਸੰਧੀ] ਦੂਸਰੀ ਭਾਵ ਸੰਧੀ ਹੈ।

ਜੋ ਅਜਿਹੇ ਵਾਦੀ (ਦਰਸ਼ਨ) ਹਨ, ਉਹ ਜਨਮ, ਬਿਮਾਰੀ ਤੇ ਮੌਤ ਨਾਲ ਭਰੇ ਸੰਸਾਰ ਤੋਂ ਪਾਰ ਨਹੀਂ ਹੋ ਸਕਦੇ" । (21)

"ਦੂਸਰੇ ਤੀਰਥੀ ਸੰਧੀ ਨੂੰ ਜਾਣੇ-ਬਿਨਾਂ ਹੀ ਧਾਰਮਿਕ ਕ੍ਰਿਆਵਾਂ ਕਰਦੇ ਹਨ। ਉਹ ਧਰਮ ਨੂੰ ਨਹੀਂ ਜਾਣਦੇ। ਅਜਿਹੇ ਵਾਦੀ ਗਲਤ ਸਿਧਾਂਤਾਂ ਕਾਰਣ ਸੰਸਾਰ ਤੋਂ ਪਾਰ ਨਹੀਂ ਹੋ ਸਕਦੇ।" (22)

ਇਸ ਤਰ੍ਹਾਂ ਚਾਰ ਵਰਨ ਆਦਿ ਹੋਰ ਤੀਰਥੀ, ਸੰਧੀ ਨੂੰ ਜਾਣੇ ਬਿਨਾਂ ਕ੍ਰਿਆ ਕਰਦੇ ਹਨ। ਉਹ ਧਰਮ ਨਹੀਂ ਜਾਣਦੇ। ਅਜਿਹੇ ਵਾਦੀ ਮਿਥਿਆਤਵ ਸਿਧਾਂਤਾਂ ਕਾਰਣ ਸੰਸਾਰ ਨੂੰ ਪਾਰ ਨਹੀਂ ਕਰ ਸਕਦੇ।"(23)

"ਹੋਰ ਤੀਰਥੀ ਸੰਧੀ ਨੂੰ ਜਾਣੇ ਬਿਨਾਂ ਕ੍ਰਿਆ ਕਰਦੇ ਹਨ। ਉਹ ਧਰਮ ਦੇ ਸਵਰੂਪ ਨੂੰ ਨਹੀਂ ਸਮਝਦੇ। ਅਜਿਹੇ ਜੋ ਵਾਦੀ ਹਨ ਉਹ ਮਿਥਿਆ (ਗਲਤ) ਆਖਦੇ ਹਨ। ਉਹ ਦੁਖਾਂ ਨੂੰ ਪਾਰ ਨਹੀਂ ਕਰ ਸਕਦੇ।" (24)

"ਦੂਸਰੇ ਤੀਰਥੀ ਸੰਧੀ ਨੂੰ ਜਾਣਦੇ ਹੋਏ ਕਰਮ ਬੰਧਨ ਤੋਂ ਮੁਕਤ ਹੋਣ ਲਈ ਕ੍ਰਿਆਵਾਂ ਕਰਦੇ ਹਨ। ਪਰ ਉਹ ਧਰਮ ਦੇ ਅਸਲ ਸਵਰੂਪ ਨਹੀਂ ਸਮਝਦੇ। ਇਹ ਮਿਥਿਆ ਸਿਧਾਂਤ ਦੇ ਉਪਦੇਸ਼ਕ ਮੌਤ ਤੇ ਜਿੱਤ ਹਾਸਿਲ ਨਹੀਂ ਕਰ ਸਕਦੇ। (ਭਾਵ ਇਹ ਜਨਮ-ਮਰਨ ਦ ਗੇੜੇ ਵਿਚ, ਅਗਿਆਨਤਾ ਕਾਰਣ ਫਸੇ ਰਹਿੰਦੇ ਹਨ) (25)

"ਇਸੇ ਪ੍ਰਕਾਰ ਮਿਥਿਆ ਆਖਣ ਵਾਲੇ ਮੌਤ, ਪੀੜ ਬੁਢਾਪੇ ਨਾਲ ਭਰੇ ਸੰਸਾਰ ਰੂਪੀ ਚੱਕਰ ਵਿਚ ਭਿੰਨ-ਭਿੰਨ ਪ੍ਰਕਾਰ ਦੇ ਦੁਖ ਅਨੁਭਵ ਕਰਦੇ ਹਨ। (26)

ਸ੍ਰੀ ਸੁਧਰਮਾ ਸੁਵਾਮੀ ਸ੍ਰੀ ਜੰਬੂ ਸਵਾਮੀ ਨੂੰ ਆਖਦੇ ਹਨ "ਹੇ ਸ਼ਿਸ਼। ਆਤਮਾ ਜੇਤੂ (ਜਿਨੋਤਮ) ਨੇ ਅਜਿਹਾ ਆਖਿਆ ਹੈ ਕਿ ਇਹ ਵਾਦੀ (ਗਲਤ ਸ਼ਰਧਾ, ਗਿਆਨ, ਗਲਤ ਧਾਰਨਾ ਕਾਰਣ) ਉਚ ਨੀਚ ਗਤੀਆਂ ਵਿਚ ਗਰਭ ਧਾਰਨ ਕਰਦੇ ਹਨ। ਅਜਿਹਾ ਮੈਂ (ਭਗਵਾਨ ਮਹਾਵੀਰ) ਅਨੁਸਾਰ ਆਖਦਾ ਹਾਂ। (27)

# ਦੂਸਰਾ ਉਦੇਸ਼ਕ

ਨਿਯਤੀਵਾਦੀ ਆਖਦੇ ਹਨ—"ਜੀਵ-ਆਤਮਾ ਹਰ ਜੀਵ [ਸ਼ਰੀਰ] ਵਿਚ ਅਲਗ ਅਲਗ ਹੈ। ਇਹ ਹਾਲਤ ਸਿੱਧ ਕਰਦੀ ਹੈ ਕਿ [ਆਤਮਾ] ਅੱਡ ਅੱਡ ਹੀ ਸੁੱਖ-ਦੁੱਖ ਨੂੰ ਭੋਗਦੀਆਂ ਹਨ ਅਤੇ ਅੱਡ ਅੱਡ ਹੀ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ [ਜਨਮ-ਮਰਨ] ਕਰਦੀਆਂ ਹਨ।" (1)

ਜਗਤ ਦੇ ਜੀਵ ਜੋ ਸੁੱਖ-ਦੁੱਖ ਭੋਗਦੇ ਹਨ, ਉਹ ਉਨ੍ਹਾਂ ਦਾ ਆਪਣਾ ਕੀਤਾ ਹੋਇਆ [ਕਰਮਬੰਧ] ਨਹੀਂ ਹੈ ਅਤੇ ਨਾ ਹੀ ਹੋਰ ਈਸ਼ਵਰ ਜਾਂ ਸੁਭਾਅ ਕਾਰਨ ਹੈ। ਜੇ ਖੁਦ ਕੀਤਾ ਹੁੰਦਾ, ਤਾਂ ਇਕੋ ਤਰ੍ਹਾਂ ਦੀ ਮਿਹਨਤ ਜਾਂ ਕ੍ਰਿਆ ਦਾ ਇਕ ਤਰ੍ਹਾਂ ਦਾ ਦੁੱਖ-ਸੁੱਖ ਹੁੰਦਾ। ਪਰ ਅਜਿਹੀ ਇਕਸੁਰਤਾ ਵਿਖਾਈ ਨਹੀਂ ਦਿੰਦੀ। ਇਸੇ ਕਾਰਣ ਈਸ਼ਵਰ, ਕਾਲ, ਸੁਭਾਵ ਤੋਂ ਸੁੱਖ-ਦੁੱਖ ਦੀ ਉੱਤਪੱਤੀ ਸਿੱਧ ਨਹੀਂ ਹੁੰਦੀ। ਇਸ ਤਰ੍ਹਾਂ ਸਿੱਧਿਕ (ਸਿੱਧੀ ਰਾਹੀਂ ਉਤਪੰਨ) ਅਸਿੱਧਿਕ [ਅਸਿੱਧੀ ਤੋਂ ਉੱਤਪੰਨ] ਸੁੱਖ-ਦੁੱਖ ਨਾ ਆਪਣੇ ਰਾਹੀਂ ਕੀਤਾ ਜਾਂਦਾ ਹੈ ਨਾ ਕਿਸੇ ਹੋਰ ਰਾਹੀਂ ਕੀਤਾ ਜਾਂਦਾ ਹੈ। (2)

"ਅੱਡ ਅੱਡ ਜੀਵ ਜਿਸ ਸੁੱਖ-ਦੁੱਖ ਦਾ ਵੇਦਨ (ਭੋਗ) ਕਰਦੇ ਹਨ, ਉਹ ਨਾ ਜੀਵ ਆਤਮਾ ਨੇ ਆਪ ਕੀਤਾ ਹੋਇਆ ਹੈ ਨਾ ਹੀ ਕਿਸੇ ਹੋਰ ਸ਼ਕਤੀ ਨੇ ਕੀਤਾ ਹੈ। ਜੀਵਾਂ ਦਾ ਉਹ ਦੁੱਖ ਸੁੱਖ ਨਿਯਤੀ (ਹੋਣੀ) ਰਾਹੀਂ ਉਤਪੰਨ ਹੁੰਦਾ ਹੈ।" ਅਜਿਹਾ ਨਿਯਤੀਵਾਦੀ ਆਖਦੇ ਹਨ [ਹੋਣੀ ਬਲਵਾਨ ਹੈ ਹੋਣੀ ਅੱਗੇ ਕਿਸੇ ਦੀ ਨਹੀਂ ਚਲਦੀ। ਮਨੁੱਖ ਦਾ ਕਰਮ, ਪੁਰਸ਼ਾਰਥ ਕਰਨਾ ਬੇਕਾਰ ਹੈ। ਕਿਉਂਕਿ ਸਭ ਕੁਝ ਪਹਿਲਾਂ ਤੋਂ ਜੀਵ ਲਈ ਨਿਯਤ ਹੁੰਦਾ ਹੈ।] (3)

ਇਸ ਤਰ੍ਹਾਂ ਸੁੱਖ ਦੁੱਖ ਨੂੰ ਨਿਯਤੀਕ੍ਰਿਤ ਆਖਣ ਵਾਲੇ ਅਗਿਆਨੀ ਹਨ ਪਰ ਫੇਰ ਵੀ ਖੁਦ ਨੂੰ ਪੰਡਤ ਤੇ ਗਿਆਨੀ ਆਖਦੇ ਹਨ। ਸੁੱਖ ਦੁੱਖ ਨਿਯਤੀ ਕ੍ਰਿਤ ਵੀ ਹੈ ਅਤੇ ਅਨਿਯਤੀ ਕ੍ਰਿਤ ਵੀ ਹੈ। ਪਰ ਇਹ ਸਿੱਧਾਂਤ (ਅਨੇਕਾਂਤਵਾਦ) ਨੂੰ ਨਾ ਜਾਨਣ ਕਾਰਣ ਉਹ ਇਕਾਂਤ (ਇਕ ਪੱਖ) ਨੂੰ ਹੀ ਨਿਯਤੀ ਰੂਪ [ਹੋਣੀ ਦਾ ਕਾਰਣ] ਮੰਨਦੇ ਹਨ, ਅਜਿਹੇ ਲੋਕ ਮੂਰਖ ਹਨ। (4)

ਇਸੇ ਪ੍ਰਕਾਰ ਸਭ ਪਦਾਰਥਾਂ ਨੂੰ ਏਕਾਂਤ ਰੂਪ ਵਿਚ ਨਿਯਤੀ ਦਾ ਕਾਰਣ ਮੰਨਣ ਵਾਲੇ ਪਾਰਸ਼ਵਥ (ਬਿਨਾ ਤਰਕ ਤੋਂ ਗੱਲ ਕਰਨ ਵਾਲੇ) ਵਾਰ ਵਾਰ ਇਕ ਨਿਯਤੀ ਨੂੰ ਹੀ ਕਰਤਾ ਆਖਣ ਦਾ ਧੋਖਾ ਕਰਦੇ ਹਨ। ਉਹ ਆਪਣੀ ਮਾਨਤਾ ਦੇ ਰਾਹੀਂ ਪਰਲੋਕ ਦੀ ਕ੍ਰਿਆ ਸੁਧਾਰਦੇ ਹੋਏ ਵੀ ਦੁੱਖਾਂ ਤੋਂ ਮੁਕਤ ਨਹੀਂ ਹੋ ਸਕਦੇ। (5)

ਜਿਵੇਂ ਬੇ ਸਹਾਰਾ, ਡਰਿਆ ਮਿਰਗ, ਪ੍ਰਾਣ ਬਚਾਉਂਣ ਲਈ ਭੱਜਦਾ ਹੋਇਆ, ਜਿੱਥੇ ਜਾਲ ਨਹੀਂ ਹੁੰਦਾ ਉਥੇ ਵੀ ਜਾਲ ਮੰਨਦਾ ਹੈ। ਜਿੱਥੇ ਜਾਲ ਹੋਵੇ, ਉੱਥੇ ਉਸ ਨੂੰ ਜਾਲ ਨਹੀਂ ਦਿਸਦਾ। ਉਹ ਡਰਦਾ ਹੋਇਆ, ਸੁਰਖਿਅਕ ਥਾਂ ਨੂੰ ਅਸੁਰਖਿਅਕ ਸਮਝਦਾ ਹੈ ਅਤੇ ਅਸੁਰਖਿਅਕ ਥਾਂ ਨੂੰ ਸੁਰਖਿਅਕ । ਇਸ ਪ੍ਰਕਾਰ ਅਗਿਆਨ ਤੋਂ ਡਰ ਕਾਰਣ ਮਿਰਗ ਰੱਸੇ ਵਾਲੀ ਜਗ੍ਹਾ ਤੇ ਹੀ ਜਾ ਪਹੁੰਚਦਾ ਹੈ। ਜੇ ਉਹ ਮਿਰਗ ਰੱਸੇ ਦੇ ਉੱਪਰ ਜਾਂ ਹੇਠਾਂ ਤੋਂ ਨਿਕਲ ਜਾਵੇ ਤਾਂ ਬਚ ਸਕਦਾ ਹੈ। ਪਰ ਮੂਰਖ ਮਿਰਗ ਇਹ ਨਹੀਂ ਜਾਣਦਾ। (6-8)

ਆਪਣਾ ਬੁਰਾ ਕਰਨ ਵਾਲਾ, ਗਲਤ ਬੁੱਧੀ ਦਾ ਮਾਲਕ ਬੰਧਨ ਨੂੰ ਪ੍ਰਾਪਤ ਹੋਇਆ ਉਹ ਮਿਰਗ, ਬੰਧਨ ਕਾਰਣ, ਵਿਨਾਸ਼ ਨੂੰ ਪ੍ਰਾਪਤ ਹੁੰਦਾ ਹੈ। (9)

ਇਸ ਤਰ੍ਹਾਂ ਕਈ ਗਲਤ ਧਾਰਨਾ ਦੇ ਮਾਲਿਕ ਸ਼੍ਰਮਣ (ਮੁਨੀ), ਸ਼ੰਕਾ ਦੇ ਅਯੋਗ ਧਰਮ ਪ੍ਰਤਿ ਸ਼ੰਕਾ ਕਰਦੇ ਹਨ ਅਤੇ ਸ਼ੰਕਾ ਕਰਨ ਯੋਗ ਧਰਮ ਪ੍ਰਤਿ ਸ਼ੰਕਾ ਨਹੀਂ ਕਰਦੇ। (10)

ਉਹ ਮੂਰਖ, ਸ਼ਾਸਤਰ ਗਿਆਨ ਤੋਂ ਰਹਿਤ ਅਗਿਆਨਵਾਦੀ ਖਿਮਾ ਆਦਿ ਧਰਮ ਦੀ ਸੱਚੀ ਵਿਆਖਿਆ ਪ੍ਰਤਿ ਤਾਂ ਸ਼ਕ ਕਰਦੇ ਹਨ ਪਰ, ਪਾਪਾਂ ਦੇ ਕਾਰਣ ਆਰੰਭ (ਹਿੰਸਾ) ਪ੍ਰਤਿ ਸ਼ੱਕ ਨਹੀ ਕਰਦੇ। (11)

ਸਭ ਪ੍ਰਕਾਰ ਦੇ ਲੋਭ, ਮਾਨ, ਮਾਇਆ ਤੇ ਕਰੋਧ ਦਾ ਨਾਸ਼ ਕਰਕੇ ਜੀਵ ਕਰਮ ਰਹਿਤ ਹੋ ਜਾਂਦਾ ਹੈ। ਪਰ ਮਿਰਗ ਦੀ ਤਰ੍ਹਾਂ ਅਗਿਆਨੀ ਜੀਵ, ਇਹ ਗਲ ਨਾ ਸਮਝਕੇ ਇਸ ਕਰਤੱਵ (ਧਰਮ ਦੇ) ਨੂੰ ਵਿਸਾਰ ਦਿੰਦਾ ਹੈ। (12)

ਜੋ ਮਿਥਿਆਤਵੀ (ਅਗਿਆਨੀ) ਅਨਾਰਿਆ (ਸਭਿਅਤਾ ਹੀਣ) ਪੁਰਸ਼ ਤੱਥ ਨਹੀਂ ਸਮਝਦੇ, ਉਹ ਜਾਲ ਵਿਚ ਫਸੇ ਮਿਰਗ ਦੀ ਤਰ੍ਹਾਂ ਵਾਰ ਵਾਰ ਜਨਮ ਮਰਨ ਨੂੰ ਪ੍ਰਾਪਤ ਕਰਦੇ ਹਨ। (13)

ਕਈ ਬ੍ਰਾਹਮਣ ਅਤੇ ਸ਼੍ਰਮਣ ਆਪਣੇ ਗਿਆਨ ਨੂੰ ਠੀਕ ਸਮਝਦੇ ਹਨ। ਸੰਸਾਰ ਦੇ ਜੋ ਪ੍ਰਾਣੀ ਹਨ, ਉਹ ਉਨ੍ਹਾਂ ਬਾਰੇ ਕੁਝ ਨਹੀਂ ਜਾਣਦੇ। (14)

ਅਗਿਆਨੀਵਾਦੀ ਆਖਦੇ ਹਨ, "ਜਿਵੇਂ ਆਰਿਆ (ਸਰੇਸ਼ਟ) ਭਾਸ਼ਾ ਤੋਂ ਅਨਜਾਣ ਮਲੇਛ ਪੁਰਸ਼, ਆਰਿਆ ਪੁਰਸ਼ ਦੇ ਬਚਨਾਂ ਨੂੰ ਦੋਹਰਾ ਦਿੰਦਾ ਹੈ। ਪਰ ਇਸ ਕਥਨ ਦੇ ਭਾਵ ਨੂੰ ਨਹੀਂ ਸਮਝਦਾ। ਉਹ ਬੋਲੇ ਹੋਏ ਸ਼ਬਦਾਂ ਦਾ ਅਨੁਵਾਦ ਕਰ ਦਿੰਦਾ ਹੈ । ਇਸ ਪ੍ਰਕਾਰ ਅਗਿਆਨੀ ਬ੍ਰਾਹਮਣ ਤੇ ਸ਼੍ਰਮਣ ਆਪਣਾ ਗਿਆਨ ਦਸੱਦੇ ਹਨ । ਅਪਣੇ ਅਪਣੇ ਮੱਤ ਨੂੰ ਪ੍ਰਗਟ ਵੀ ਕਰਦੇ ਹਨ ਪਰ ਗਿਆਨ ਦੇ ਸਚੇ ਅਰਥ ਨੂੰ ਨਹੀਂ ਸਮਝਦੇ । ਇਸੇ ਲਈ ਇਸ ਪ੍ਰਕਾਰ ਦੇ ਸ਼੍ਰਮਣ ਬ੍ਰਾਹਮਣ ਮਲੇਛ ਦੀ ਤਰ੍ਹਾਂ ਹਨ ਅਤੇ ਉਨ੍ਹਾਂ ਦਾ ਭਾਸ਼ਨ ਅਨੁਵਾਦ ਹੀ ਹੁੰਦਾ ਹੈ। (15-16)

ਅਗਿਆਨਵਾਦੀ ਅਗਿਆਨ ਅੰਗੀਕਾਰ ਕਰਕੇ ਇਹ ਮੰਨਦੇ ਹਨ "ਅਗਿਆਨ ਹੀ ਉੱਤਮ ਹੈ।" ਪਰ ਉਨ੍ਹਾਂ ਦਾ ਇਹ ਨਿਰਣਾ ਰੂਪੀ ਗਿਆਨ ਠੀਕ ਨਹੀਂ । ਅਗਿਆਨਵਾਦੀ ਨਾ ਖੁਦ ਸਮਝਦੇ ਹਨ, ਨਾ ਦੂਸਰਿਆਂ ਨੂੰ ਸਮਝਾ ਸਕਦੇ ਹਨ । ਕਿਉਂਕਿ 'ਅਗਿਆਨ ਹੀ ਉੱਤਮ ਹੈ ।' ਇਸ ਸਿੱਧਾਂਤ ਨੂੰ ਸਮਝਣ ਲਈ ਵੀ ਗਿਆਨ ਜਰੂਰੀ ਹੈ। ਅਗਿਆਨਵਾਦੀ ਗਿਆਨ ਨਾਲ ਜੋ ਅਗਿਆਨ ਨੂੰ ਸਰਵ ਉੱਚ ਆਖੇਗਾ, ਤਾਂ ਉਸਦਾ ਅਗਿਆਨਵਾਦ ਅਸੰਗਤ ਹੋ ਜਾਵੇਗਾ। (17)

(ਅਗਿਆਨਵਾਦ ਸਿੱਧਾਂਤ ਦੀ ਸਪਸ਼ਟ ਵਿਰੋਧਤਾ ਕਰਦੇ ਹੋਏ ਭਗਵਾਨ ਆਖਦੇ ਹਨ) "ਜਿਵੇਂ ਜੰਗਲ ਵਿਚ ਅਨਜਾਣ ਰਾਹੀ, ਦੂਸਰੇ ਅਨਜਾਣ ਰਾਹੀ ਦੇ ਪਿਛੇ-ਪਿਛੇ ਚਲਦਾ ਹੈ ਤਾਂ ਉਹ ਦੋਵੇਂ ਹੀ ਮੰਜਿਲ ਤੇ ਨਾ ਅਪੜਨ ਦਾ ਦੁੱਖ ਪ੍ਰਾਪਤ ਕਰਦੇ ਹਨ।" (18)

ਜਿਵੇਂ ਅੰਨ੍ਹਾ ਮਨੁੱਖ ਦੂਸਰੇ ਅੰਨ੍ਹੇ ਨੂੰ ਨਾਲ ਲੈ ਜਾਵੇ ਤਾਂ ਉਹ ਗਲਤ ਮਾਰਗ ਤੇ ਪਹੁੰਚ ਜਾਂਦਾ ਹੈ, ਸਹੀ ਰਾਹ ਤੇ ਨਹੀਂ ਪੁਜ ਸਕਦਾ ਹੈ। (19)

ਇਸੇ ਤਰ੍ਹਾਂ ਕੁਝ ਮੁਕਤੀ ਅਭਿਲਾਸ਼ੀ ਆਖਦੇ ਹਨ, 'ਅਸੀਂ ਧਰਮ ਦੀ ਅਰਾਧਨਾ ਕਰਦੇ ਹਾਂ' ਪਰ ਉਹ ਜੀਵ ਦੀ ਹਿੰਸਾ ਕਰਦੇ ਹੋਏ, ਪਾਪ ਦਾ ਉਪਦੇਸ਼ ਕਰਕੇ, ਗਲਤ ਅਧਰਮ ਦਾ ਰਾਹ ਅਪਨਾਉਂਦੇ ਹਨ । ਉਹ ਸੰਜਮ ਨੂੰ ਪ੍ਰਾਪਤ ਨਹੀਂ ਕਰ ਸਕਦੇ। ਭਾਵ ਹਿੰਸਕ ਪਾਪੀ ਲੋਕ ਚਾਹੁੰਦੇ ਹੋਏ ਵੀ ਮੋਕਸ਼ ਮਾਰਗ ਤੇ ਨਹੀਂ ਚਲ ਸਕਦੇ। (20)

ਇਸੇ ਤਰ੍ਹਾਂ ਕਈ ਮੂਰਖ, ਲੋਕ ਪੁਰਾਣੀਆਂ ਗਲਤ ਧਾਰਨਾਂ ਦੇ ਅਧੀਨ ਚਲਦੇ ਹੋਏ, ਗਿਆਨੀ [ਧਾਰਮਿਕ] ਦੀ ਉਪਾਸਨਾ ਨਹੀਂ ਕਰ ਸਕਦੇ। ਉਹ ਆਪਣੇ ਗਲਤ ਤਰਕਾਂ-ਵਿਤਰਕਾਂ ਰਾਹੀਂ ਕੁਰਾਹੇ ਪੈ ਜਾਂਦੇ ਹਨ । (21)

ਜਿਵੇਂ ਪਿੰਜਰੇ ਵਿਚ ਘਿਆ ਪੰਛੀ, ਪਿੰਜਰਾ ਤੋੜ ਕੇ ਬਾਹਰ ਨਹੀਂ ਨਿਕਲ ਸਕਦਾ, ਉਸੇ ਤਰ੍ਹਾਂ ਤਰਕ ਰਾਹੀਂ ਆਪਣੇ ਆਪਣੇ ਮੱਤਾਂ ਨੂੰ ਸੱਚਾ ਸਿੱਧ ਕਰਨ ਵਾਲਾ, ਧਰਮ ਤੇ ਅਧਰਮ ਨੂੰ ਨਹੀਂ ਸਮਝ ਸਕਦਾ। (22)

ਆਪਣੇ ਆਪਣੇ ਦਰਸ਼ਨ ਦੀ ਪ੍ਰਸ਼ੰਸਾ ਕਰਨ ਵਾਲੇ ਜਾਂ ਹੋਰ ਦਰਸ਼ਨਾਂ ਦੀ ਨਿੰਦਾ ਕਰਨ ਵਾਲੇ ਆਪਣੀ ਪੰਡਤਾਈ ਵਿਖਾਉਂਦੇ ਹਨ। ਅਜਿਹੇ ਲੋਕ ਸੰਸਾਰ ਵਿਚ ਜੰਮਦੇ ਤੇ ਮਰਦੇ ਰਹਿੰਦੇ ਹਨ। (23)

ਇਹ ਕ੍ਰਿਆਵਾਦੀ ਕਰਮ ਦੀ ਚਿੰਤਾ ਤੋਂ ਰਹਿਤ ਹਨ। ਭਾਵ ਕਰਮ ਬੰਧਨ ਨੂੰ ਨਹੀਂ ਜਾਣਦੇ। ਇਸ ਲਈ ਇਹ ਦਰਸ਼ਨ ਵੀ ਸੰਸਾਰ ਦੇ ਚੱਕਰ ਵਿਚ ਭਟਕਾਉਣ ਵਾਲਾ ਹੈ (24)

ਕ੍ਰਿਆਵਾਦੀ ਆਖਦੇ ਹਨ । "ਜੋ ਮਨੁੱਖ ਜਾਣਦਾ ਹੋਇਆ ਮਨ ਰਾਹੀਂ ਕਿਸੇ ਜੀਵ ਦੀ ਹਿੰਸਾ ਕਰਦਾ ਹੈ, ਪਰ ਸ਼ਰੀਰ ਰਾਹੀਂ ਨਹੀਂ ਕਰਦਾ ਅਤੇ ਜੋ ਮਨੁੱਖ ਨਾ ਜਾਣਦਾ ਹੋਇਆ ਸਿਰਫ ਸ਼ਰੀਰ ਰਾਹੀਂ ਜੀਵ ਹਿੰਸਾ ਕਰਦਾ ਹੈ ਪਰ ਮਨ ਰਾਹੀਂ ਹਿੰਸਾ ਨਹੀਂ ਕਰਦਾ ਉਹ ਸਿਰਫ ਸਪਰਸ਼ ਮਾਤਰ (ਥੋੜਾ) ਕਰਮ ਬੰਧ ਕਰਦਾ ਹੈ । ਕਿਉਂਕਿ ਇੱਕ ਮਨ ਅਤੇ ਇਕੱਲੇ ਸ਼ਰੀਰ ਰਾਹੀਂ ਹੋਣ ਵਾਲੀ ਹਿੰਸਾ ਦਾ ਪਾਪ ਵਿਖਾਈ ਨਹੀਂ ਦਿੰਦਾ । (25)

ਕ੍ਰਿਆਵਾਦੀ ਅਨੁਸਾਰ ਕਰਮ ਬੰਧ ਦੇ ਤਿੰਨ ਕਾਰਣ ਹਨ । ਜਿਸ ਰਾਹੀਂ ਪਾਪ ਕਰਮ ਬੰਧ ਹੁੰਦਾ ਹੈ । 1. ਕਿਸੇ ਪ੍ਰਾਣੀ ਦਾ ਘਾਤ ਕਰਨ ਲਈ ਹਮਲਾ ਕਰਨਾ । 2. ਦੂਸਰੇ ਰਾਹੀਂ ਹੁਕਮ ਦੇ ਕੇ ਅਜੇਹਾ ਕਰਵਾਉਣਾ । 3. ਪ੍ਰਾਣ ਘਾਤ ਕਰਨ ਵਾਲੇ ਦਾ ਮਨ ਨਾਲ ਸਮਰਥਨ ਕਰਨਾ । (26)

ਇਹ ਤਿੰਨ ਆਦਾਨ ਹੀ ਪਾਪ ਕਰਮ ਬੰਧ ਦੇ ਕਾਰਣ ਹਨ । ਜਿਸ ਰਾਹੀਂ ਪਾਪ ਕਰਮ ਹੁੰਦਾ ਹੈ । ਭਾਵ ਸ਼ੁੱਧੀ ਤੋਂ ਬਾਅਦ ਕਰਮ ਬੰਧ ਨਹੀਂ । ਕਰਮ ਬੰਧ ਨਾ ਹੋਣ ਨਾਲ ਹੀ ਮੋਕਸ਼ ਪ੍ਰਾਪਤ ਹੁੰਦਾ ਹੈ । (27)

"ਕਿਸੇ ਮੁਸੀਬਤ ਸਮੇਂ ਜੇ ਪਿਤਾ, ਪੁੱਤਰ ਨੂੰ ਮਾਰ ਕੇ ਰਾਗ ਦਵੇਸ਼ (ਮਮਤਾ ਤੇ ਵੈਰ) ਰਹਿਤ ਹੋ ਕੇ ਉਸ ਦਾ ਮਾਸ ਖਾਵੇ । ਸਾਧੂ ਰਾਗ ਦਵੇਸ਼ ਰਹਿਤ ਹੋ ਕੇ ਮਾਸ ਖਾਵੇ ਤਾਂ ਉਹ ਕਰਮ ਬੰਧ ਨੂੰ ਪ੍ਰਾਪਤ ਨਹੀਂ ਹੁੰਦਾ ।" (28)

ਪਰ ਅਨੇਕੋਰਥੀ (ਦੂਸਰੇ ਮੱਤਾਂ) ਦੇ ਇਹ ਕਥਨ ਮੰਨਣ ਯੋਗ ਨਹੀਂ । ਕਿਉਂਕਿ ਮਨ ਰਾਹੀਂ ਰਾਗ-ਦਵੇਸ਼ ਕਰਦੇ ਹਨ ਉਹਨਾਂ ਦਾ ਮਨ ਸ਼ੁੱਧ ਨਹੀਂ ਹੁੰਦਾ ਅਤੇ ਅਸ਼ੁੱਧ ਮਨ ਵਾਲਾ ਸੰਬਰ (ਕਰਮ ਬੰਧ ਨੂੰ ਰੋਕਣ ਦੀ ਪ੍ਰਕ੍ਰਿਆ) ਨੂੰ ਨਹੀਂ ਪ੍ਰਾਪਤ ਹੁੰਦਾ । ਕਰਮ ਬੰਧ ਦਾ ਮੁੱਖ ਕਾਰਣ ਹੈ, ਮਨ ਵਿਉਪਾਰ (ਸ਼ੁਭ ਤੇ ਅਸ਼ੁਭ ਭਾਵ) ਇਸ ਲਈ ਮਨ ਰਾਹੀਂ, ਰਾਗ ਦਵੇਸ਼ ਹੋਣ ਕਾਰਣ ਕਰਮ ਬੰਧ ਜ਼ਰੂਰ ਹੋਵੇਗਾ । ਇਨ੍ਹਾਂ ਦਰਸ਼ਨਾਂ ਦੇ ਧਾਰਕ ਸੰਸਾਰਿਕ ਸੁਖਾਂ ਤੇ ਮਾਨ ਸਨਮਾਨ ਵਿੱਚ ਲਗੇ ਰਹਿੰਦੇ ਹਨ । ਉਹ ਆਪਣੇ ਆਪਣੇ ਦਰਸ਼ਨ ਨੂੰ ਮੁਕਤੀ ਦਾ ਕਾਰਣ ਸਮਝਕੇ ਪਾਪ ਕਰਮ ਕਰਦੇ ਰਹਿੰਦੇ ਹਨ । (29)

ਇਨ੍ਹਾਂ ਦਰਸ਼ਨਾਂ (ਵਿਚਾਰ-ਧਾਰਾਵਾਂ) ਨੂੰ ਅੰਗੀਕਾਰ ਕਰਕੇ ਕਈ ਲੋਕ ਸੰਸਾਰਿਕ ਸੁੱਖਾਂ, ਮਾਨ, ਸਨਮਾਨ ਵਿਚ ਡੁਬ ਜਾਂਦੇ ਹਨ । ਉਹ ਆਪਣੀ ਵਿਚਾਰਧਾਰਾ ਨੂੰ ਸਹਾਰਾ ਲੈ ਕੇ ਪਾਪ ਕਰਦੇ ਹਨ । (30)

ਜਿਵੇਂ ਕੋਈ ਅੰਨ੍ਹਾ, ਛੇਕ ਵਾਲੀ ਕਿਸ਼ਤੀ ਤੇ ਚੜ੍ਹ ਕੇ ਅਗਿਆਨਤਾਵਸ਼ ਨਦੀ ਤੋਂ ਪਾਰ ਪਹੁੰਚਣ ਦੀ ਇੱਛਾ ਕਰਦਾ ਹੈ । ਪਰ ਉਹ ਪਾਰ ਨਾ ਪਹੁੰਚ ਕੇ ਵਿਚਕਾਰ ਹੀ ਡੁੱਬ

ਜਾਂਦਾ ਹੈ। ਇਸੇ ਪ੍ਰਕਾਰ ਕਈ ਮਿਥਿਆ ਦਰਿਸ਼ਟੀ ਸ਼੍ਰਮਣ ਅਤੇ ਅਨਾਰਿਆ ਸ਼੍ਰਮਣ (ਸਾਧੂ) ਸੰਸਾਰ ਨੂੰ ਪਾਰ ਕਰਨਾ ਚਾਹੁੰਦੇ ਹਨ, ਪਰ ਸੰਸਾਰ ਵਿਚ ਭਟਕਦੇ ਰਹਿੰਦੇ ਹਨ । ਇਸ ਪ੍ਰਕਾਰ ਮੈਂ ਆਖਦਾਂ ਹਾਂ। (31-32)

ਟਿੱਪਣੀ ਗਾਥਾ 31-32— ਜਿਸ ਦੇ ਚਹੁ ਪਾਸੇ ਪਾਣੀ ਹੋਵੇ, ਉਸਨੂੰ ਆਸ੍ਰਾਵਿਣੀ ਆਖਦੇ ਹਨ। ਇਸ ਆਸਤਰਵਨੀ ਤੋਂ ਭਾਵ ਛੇਕ ਵਾਲੀ ਕਿਸ਼ਤੀ ਹੈ।

(ਟੀਕਾਕਾਰ ਸੀਲਾਂਕਾ ਆਚਾਰਿਆ)



# ਤੀਸਰਾ ਉਦੇਸ਼ਕ

"ਜੋ ਭੋਜਨ ਸ਼ਰਧਾਵਾਨ ਉਪਾਸਕ ਨੇ ਆਉਣ ਵਾਲੇ ਭਿਖਸ਼ੂ ਨਮਿਤ ਬਨਾਇਆ ਹੈ। ਜਿਸ ਭੋਜਨ ਵਿਚ ਆਧਾਕਰਮੀ (ਨਮਿਤ ਭੋਜਨ) ਦਾ ਕਣ ਮਾਤਰ ਵੀ ਬਾਕੀ ਹੈ । ਭਾਵੇਂ ਉਹ ਭੋਜਨ ਹਜਾਰ ਘਰਾਂ ਦੀ ਦੂਰੀ ਤੋਂ ਲਿਆਇਆ ਹੋਵੇ। ਅਜਿਹਾ ਭੋਜਨ ਕਰਨ ਵਾਲਾ ਬਾਹਰਲੇ (ਦਰਵ) ਰੂਪ ਵਿਚ ਹੀ ਸਾਧੂ ਹੈ ਪਰ ਅੰਦਰਲੇ (ਭਾਵ) ਰੂਪ ਵਿਚ ਤਾਂ ਉਹ ਗ੍ਰਹਿਸਥ ਹੈ ਸੋ ਆਪਣੇ ਲਈ ਬਨਾਇਆ ਭੋਜਨ ਆਧਾਕਰਮੀ ਹੋਣ ਕਰਕੇ ਸ਼ੁਧ ਹੋਣ ਦੇ ਬਾਵਜੂਦ ਵੀ ਵਰਤੋਂ ਯੋਗ ਨਹੀਂ। (1)

ਆਧਾਕਰਮੀ ਭੋਜਨ ਦੇ ਦੋਸ਼ਾਂ ਨੂੰ ਨਾ ਜਾਨਣ ਵਾਲੇ ਅਤੇ ਕਰਮ ਬੰਧ ਨੂੰ ਨਾ ਜਾਨਣ ਵਾਲੇ ਅਗਿਆਨੀ, ਸੰਸਾਰ ਸਮੁੰਦਰ ਨੂੰ ਕਿਸ ਪ੍ਰਕਾਰ ਪਾਰ ਕਰ ਸਕਦੇ ਹਨ ? ਇਸ ਗੱਲ ਨੂੰ ਨਾ ਜਾਨਣ ਵਾਲਾ ਪੁਰਸ਼, ਹੜ੍ਹ ਆਉਣ ਕਾਰਣ ਵੈਸਾਲੀਕ ਮੱਛੀ ਦੀ ਤਰ੍ਹਾਂ ਦੁੱਖੀ ਹੁੰਦਾ ਹੈ। (2)

ਪਾਣੀ ਦੇ ਪ੍ਰਭਾਵ ਤੋਂ ਸੁੱਕੇ ਤੇ ਗਿੱਲੇ ਥਾਂ ਨੂੰ ਪ੍ਰਾਪਤ ਜਿਵੇਂ ਵੇਸ਼ਾਲਿਕ ਮੱਛੀ, ਮਾਸਾਹਾਰੀ ਢੱਕ ਤੇ ਕਾਵਾਂ ਰਾਹੀਂ ਦੁੱਖੀ ਹੁੰਦੀ ਹੈ, ਇਸੇ ਤਰ੍ਹਾਂ ਆਧਾਕਰਮੀ ਭੋਜਨ ਕਰਨ ਵਾਲਾ ਦੁੱਖੀ ਹੁੰਦਾ ਹੈ। (3)

ਇਸੇ ਪ੍ਰਕਾਰ ਵਰਤਮਾਨ ਸੁੱਖਾਂ ਦੀ ਹੀ ਤਲਾਸ਼ ਕਰਨ ਵਾਲਾ, ਕੋਈ ਕੋਈ ਸ਼੍ਰਮਣ (ਸਾਧੂ) ਵੇਸ਼ਾਲਿਕ ਮੱਛੀ ਦੀ ਤਰ੍ਹਾਂ, ਵਾਰ ਵਾਰ ਜਨਮ ਮਰਨ ਪ੍ਰਾਪਤ ਕਰਦਾ ਹੈ। (4)

ਪਹਿਲਾ ਆਖੇ ਅਗਿਆਨੀ ਤੋਂ ਛੁਟ ਦੂਸਰਾ ਅਗਿਆਨ ਇਸ ਪ੍ਰਕਾਰ ਹੈ "ਕਈ ਆਖਦੇ ਹਨ ਇਹ ਸੰਸਾਰ ਦੇਵਤਾ ਰਾਹੀਂ ਉਸੇ ਪ੍ਰਕਾਰ ਬਣਾਇਆ ਹੈ, ਜਿਵੇ ਕਿਸਾਨ ਅੰਨ ਪੈਦਾ ਕਰਦਾ ਹੈ। ਦੇਵਤੇ ਰਾਹੀ ਹਰ ਪ੍ਰਕਾਰ ਦੇ ਪ੍ਰਾਣੀ ਜਗਤ ਅਤੇ ਜੜ੍ਹ, ਜਗਤ ਦੀ ਉੱਤਪੱਤੀ ਹੋਈ ਹੈ । ਬ੍ਰਹਮਾ ਦੇ ਉਪਾਸਕ ਆਖਦੇ ਹਨ "ਇਹ ਲੋਕ ਬ੍ਰਹਮਾ ਨੇ ਬਣਾਇਆ ਹੈ ।" (5)

ਕਈ ਆਖਦੇ ਹਨ ਜੀਵ ਅਤੇ ਅਜੀਵ ਦਾ ਭਰਿਆ, ਸੁੱਖ-ਦੁੱਖ ਰੂਪੀ ਸੰਸਾਰ ਈਸ਼ਵਰ ਨੇ ਬਨਾਇਆ ਹੈ। ਸਾਂਖਯਵਾਦੀ ਆਖਦੇ ਹਨ ਕਿ "ਇਹ ਲੋਕ ਅਰਥਾਤ ਸਤੋ ਗੁਣ, ਰਜੋ ਗੁਣ ਅਤੇ ਤਮੋ ਗੁਣ ਰੂਪੀ ਪ੍ਰਾਕ੍ਰਿਤੀ ਤੋਂ ਬਣਿਆ ਹੈ । ਭਾਵ ਇਹ ਸੰਸਾਰ ਸੁਭਾਵਿਕ ਰੂਪ ਵਿਚ ਪੈਦਾ ਹੋਇਆ ਹੈ। (6)

ਕੋਈ ਆਖਦੇ ਹਨ ਸਾਡੇ ਮਹਾਂਰਿਸ਼ੀ ਨੇ ਕਿਹਾ ਹੈ "ਇਸ ਸੰਸਾਰ ਦੀ ਰਚਨਾ ਸ਼ਵੈਅੰਭੂ (ਵਿਸ਼ਨੂ) ਨੇ ਕੀਤੀ ਹੈ। ਯਮਰਾਜ ਨੇ ਮਾਇਆ ਬਣਾਈ ਹੈ। ਇਸ ਪੱਖੋਂ ਲੋਕ ਆਸ਼ਾਸਵਤ (ਨਾਸ਼ਵਾਨ) ਹੈ। (7)

(ਭਾਵ ਪਹਿਲਾ ਸਵੈਂਭੂ ਨੇ ਸੰਸਾਰ ਦੀ ਰਚਨਾ ਕੀਤੀ ਫੇਰ ਵੇਖਿਆ ਕਿ ਸੰਸਾਰ ਬਹੁਤ ਭਰ ਚੁੱਕਾ ਹੈ। ਇਸ ਡਰ ਕਾਰਣ ਜ਼ਮੀਨ ਨੂੰ ਹਲਕਾ ਕਰਨ ਲਈ ਯਮਰਾਜ ਦੀ ਰਚਨਾ ਕੀਤੀ। ਯਮਰਾਜ ਨੇ ਮਾਇਆ ਬਣਾਈ। ਇਸ ਮਾਇਆ ਵਿਚ ਫਸੇ ਜੀਵ ਮਰਦੇ ਹਨ। ਇਸ ਲਈ ਸੰਸਾਰ ਅਨਿੱਤ ਅਤੇ ਅਸ਼ਾਸਵਤ ਹੈ।)

ਉੱਪਰ ਦਸੇ ਅਨੇਤੀਰਥੀ (ਦੂਸਰੇ ਮੱਤਾਂ ਦੇ ਲੋਕ) ਆਪਣੇ ਆਪਣੇ ਹਿਸਾਬ ਨਾਲ ਸੰਸਾਰ ਦੀ ਉੱਤਪੱਤੀ ਦਸਦੇ ਹਨ। ਪਰ ਉਹ ਸੱਚੇ ਤੱਤਾਂ ਨੂੰ ਨਹੀਂ ਜਾਣਦੇ। ਤੱਤ ਇਹ ਹੈ ਕਿ 'ਇਹ ਲੋਕ ਦਾ ਕਦੇ ਵਿਨਾਸ਼ ਨਹੀਂ ਹੁੰਦਾ (ਜਦੋਂ ਵਿਨਾਸ਼ ਹੀ ਨਹੀਂ ਫੇਰ ਉੱਤਪੱਤੀ ਦੀ ਗੱਲ ਅਗਿਆਨਤਾ ਦਾ ਸੂਚਕ ਹੈ) ਇਸ ਸੰਸਾਰ ਦਾ ਕੋਈ ਕਰਤਾ ਜਾਂ ਵਿਨਾਸ਼ਕ ਨਹੀਂ ਲੋਕ ਅਨਾਦਿ ਤੇ ਅਨੰਤ ਹੈ।" (9)

---

ਟਿੱਪਣੀ—ਸਾਂਖਯ ਮੱਤ ਅਨੁਸਾਰ ਸਤੋ, ਰਜੋ, ਤਮੋ ਦੀ ਸਮ ਅਵਸਥਾ ਹੀ ਪ੍ਰਾਕ੍ਰਿਤੀ ਹੈ। ਇਹ ਪ੍ਰਾਕ੍ਰਿਤੀ ਪੁਰਸ਼ ਭਾਵ ਆਤਮਾ ਦੇ ਭੋਗ ਅਤੇ ਮੋਕਸ਼ ਦੀ ਕ੍ਰਿਆ ਪ੍ਰਵਿਰਤੀ ਹੈ। ਸੰਸਾਰ ਵਿਚ ਜਿਨੇ ਵੀ ਪਦਾਰਥ ਪਾਏ ਜਾਂਦੇ ਹਨ, ਉਨ੍ਹਾਂ ਵਿਚ ਤਿੰਨੋ ਗੁਣਾਂ ਦੀ ਸੱਤਾ ਵੇਖੀ ਜਾਂਦੀ ਹੈ। ਉਦਾਹਰਨ ਲਈ ਸੁੰਦਰ ਇਸਤਰੀ ਆਪਣੇ ਪਤੀ ਲਈ ਸੁਖ ਦਾ ਕਾਰਣ ਸਤੋ ਗੁਣ ਪਾਇਆ ਜਾਂਦਾ ਹੈ। ਆਪਣੀ ਸੌਕਨ ਲਈ ਦੁੱਖ ਦਾ ਕਾਰਣ ਹੋਣ ਕਾਰਣ ਉਹ ਰਜੋ ਗੁਣੀ ਹੈ। ਕਾਮ ਪੈਦਾ ਕਰਨ ਦੀ ਸ਼ਕਤੀ ਹੋਣ ਕਾਰਣ ਉਹ ਪੁਰਸ਼ ਦੇ ਮੋਹ ਦਾ ਕਾਰਣ ਹੈ ਇਸ ਲਈ ਉਹ ਤਮੋ ਗੁਣੀ ਹੈ। ਸਾਰੇ ਪਦਾਰਥ ਸੁਖ ਦੁੱਖ ਤੇ ਮੋਹ ਤੋਂ ਉਤਪੰਨ ਹੁੰਦੇ ਹਨ। ਇਸ ਲਈ ਸਾਰੇ ਪਦਾਰਥਾਂ ਵਿਚ ਤਿੰਨੋ ਗੁਣਾਂ ਵਿਚ ਪਾਏ ਜਾਂਦੇ ਹਨ। ਪ੍ਰਕ੍ਰਿਤੀ ਸਿੱਧੇ ਇਸ ਸੰਸਾਰ ਨੂੰ ਉਤਪੰਨ ਨਹੀਂ ਕਰਦੀ। ਪਰ ਪ੍ਰਾਕ੍ਰਿਤੀ ਤੋਂ ਪਹਿਲਾਂ ਬੁੱਧੀ ਤੱਤਵ ਉੱਤਪੰਨ ਹੁੰਦਾ ਹੈ। ਬੁੱਧੀ ਤੱਤਵ ਤੋਂ ਅਹੰਕਾਰ ਪੈਦਾ ਹੁੰਦਾ ਹੈ। ਅਹੰਕਾਰ ਤੋਂ 16 ਗਣ ਉਤਪੰਨ ਹੁੰਦੇ ਹਨ। 16 ਗਣ ਤੋਂ ਪੰਜ ਤਨ ਮਾਤਰਾਵਾਂ ਹਨ ਅਤੇ ਉਨ੍ਹਾਂ ਤੋਂ ਪ੍ਰਿਥਵੀ ਆਦਿ ਪੰਜ ਮਹਾਭੂਤ ਉਤਪੰਨ ਹੁੰਦੇ ਹਨ। ਇਸ ਪ੍ਰਕਾਰ ਸੰਸਾਰ ਨੂੰ ਪ੍ਰਾਕ੍ਰਿਤੀ ਉਤਪੰਨ ਕਰਦੀ ਹੈ। ਈਸ਼ਵਰ ਕ੍ਰਿਸ਼ਨ ਨੇ ਸਾਂਖਯਕਾਰਿਕਾ ਵਿਚ ਲਿਖਿਆ ਹੈ "ਮੂਲ प्रकृति विकृति महदाद्याः प्रकृति विकृतयः सप्त षोडशकस्तु विकारो न प्रकृतिर्न विकृति पुरुष" ਭਾਵ ਸਤ, ਰਜ ਤੇ ਤਮ ਦੀ ਸਮ ਅਵਸਥਾ ਪ੍ਰਾਕ੍ਰਿਤੀ ਹੈ, ਉਹ ਕਿਸੇ ਤੋਂ ਉਤਪੰਨ ਨਹੀਂ ਹੁੰਦੀ। ਮਹਾਨ, ਅਹੰਕਾਰ, ਸ਼ਬਦਤਨਮਾਤਰਾ,

ਅਸ਼ੁੱਭ ਅਨੁਸ਼ਠਾਣ (ਅਸ਼ੁੱਭ ਕਰਮ) ਕਰਨ ਨਾਲ ਹੀ ਦੁੱਖ ਦੀ ਉਤਪੱਤੀ ਹੁੰਦੀ ਹੈ। (ਈਸ਼ਵਰ ਕਿਸੇ ਨੂੰ ਦੁੱਖ ਨਹੀਂ ਦਿੰਦਾ) ਜੋ ਲੋਕ ਦੁੱਖ ਦੇ ਉੱਤਪੱਤੀ ਦਾ ਕਾਰਣ ਨਹੀਂ ਜਾਣਦੇ, ਉਹ ਦੁੱਖਾਂ ਦਾ ਵਿਨਾਸ਼ ਕਿਵੇਂ ਕਰ ਸਕਦੇ ਹਨ। (10)

ਕਈ ਆਖਦੇ ਹਨ "ਆਤਮਾ ਸ਼ੁੱਧ ਤੇ ਪਾਪ ਰਹਿਤ ਹੈ ਪਰ ਫੇਰ ਵੀ ਰਾਗ ਦਵੇਸ਼ ਵਿਚ ਫਸ ਕੇ ਬੰਧ (ਕਰਮ ਬੰਧਨ) ਨੂੰ ਪ੍ਰਾਪਤ ਹੁੰਦੀ ਹੈ।" (11)

ਜੋ ਜੀਵ ਮਨੁੱਖ ਜਨਮ ਵਿਚ ਸਾਧੂ ਦੇ ਵਰਤ, ਨਿਯਮਾਂ ਦਾ ਪਾਲਨ ਕਰਦੇ ਹਨ। ਉਹ ਪਾਪ ਰਹਿਤ ਹੋ ਜਾਂਦੇ ਹਨ। ਜਿਵੇਂ ਸ਼ੁੱਧ ਪਾਣੀ ਫੇਰ ਗੰਦਾ ਹੋ ਜਾਂਦਾ ਹੈ, ਇਸੇ ਪ੍ਰਕਾਰ ਸ਼ੁੱਧ ਆਤਮਾ ( ਜਨਮ ਮਰਨ ਕਾਰਣ) ਫੇਰ ਗੰਦੀ ਹੋ ਜਾਂਦੀ ਹੈ। (12)

---

ਰਸ ਤਨਮਾਤਰਾ, ਸਪਰਸ਼ ਤਨਮਾਤਰਾ ਤੇ ਸ਼ਬਦ ਤਨਮਾਤਰਾ ਇਹ ਸੱਤ ਪਦਾਰਥ ਦੂਸਰੇ ਤੱਤਵਾਂ ਨੂੰ ਉਤਪੰਨ ਕਰਨ ਕਾਰਣ ਪ੍ਰਾਕ੍ਰਿਤੀ ਅਖਵਾਂਦੇ ਹਨ। ਇਹ ਖੁਦ ਵੀ ਦੂਸਰੇ ਤੱਤਵਾਂ ਤੋਂ ਪੈਦਾ ਹੁੰਦੇ ਹਨ। ਸੋ ਇਸ ਕਾਰਣ ਇਹ ਵਿਕਰਤੀ ਵੀ ਹਨ। ਪੰਜ ਗਿਆਨ ਇੰਦਰੀਆਂ, ਪੰਜ ਕਰਮ ਇੰਦਰੀਆਂ, ਮਨ ਤੇ ਪੰਜ ਮਹਾਭੂਤ ਇਹ ਦੂਸਰੇ ਕਿਸੇ ਤੱਤਵ ਦੇ ਉਤਪਾਦਕ ਨਹੀਂ, ਇਸ ਲਈ ਇਹ ਕਿਸੇ ਤੱਤਵ ਦੀ ਪ੍ਰਾਕ੍ਰਿਤੀ ਨਹੀਂ, ਇਹ ਖੁਦ ਦੂਸਰੇ ਤੱਤਵਾਂ ਤੋਂ ਪੈਦਾ ਹੁੰਦੇ ਹਨ। ਇਸ ਲਈ ਇਹ ਵਿਕਰਤੀ ਹੈ। ਇਨ੍ਹਾਂ ਸਭ ਤੋਂ ਭਿੰਨ, ਪੁਰਸ਼ ਤੱਤਵ, ਨਾ ਤਾਂ ਕਿਸੇ ਦੀ ਪ੍ਰਾਕ੍ਰਿਤੀ (ਕਾਰਣ) ਹੈ ਨਾ ਵਿਕਰਤੀ। ਜਿਵੇਂ ਕੰਡਾ ਸੁਭਾਵ ਪਖੋਂ ਤਿੱਖਾ ਹੈ ਉਸੇ ਤਰ੍ਹਾਂ ਸੰਸਾਰ ਦੀ ਉੱਤਪੱਤੀ ਸੁਭਾਵ ਪਖੋਂ ਹੈ।

ਟਿੱਪਣੀ ਗਾਥਾ 10— ਅਸਦ ਅਨੁਸ਼ਠਾਣ ਤੋਂ ਭਾਵ ਹੈ ਮਨ ਨੂੰ ਨਾ ਭਾਉਣ ਵਾਲੀ ਕ੍ਰਿਆ। ਇਥੇ ਦੇਵ ਆਪਤਵਾਦੀ ਦਾ ਮੱਤ ਪ੍ਰਗਟ ਕੀਤਾ ਗਿਆ ਹੈ।

ਟਿੱਪਣੀ ਗਾਥਾ 11—ਇਸ ਮੱਤ ਦੇ ਲੋਕਾਂ ਦਾ ਵਿਸ਼ਵਾਸ਼ ਹੈ ਕਿ ਆਤਮਾ ਮਨੁੱਖੀ ਜਾਮੇ ਵਿੱਚ ਪਾਪ ਰਹਿਤ ਹੋ ਕੇ ਮੁਕਤੀ ਪ੍ਰਾਪਤ ਕਰ ਲੈਂਦੀ ਹੈ। ਪਰ ਮੁਕਤ ਹਾਲਤ ਵਿੱਚ ਰਾਗ ਦਵੇਸ਼ ਕਾਰਣ ਕਰਮ ਵਿੱਚ ਲਿਬੜ ਜਾਂਦੀ ਹੈ। ਕਰਮਾਂ ਦੇ ਭਾਰ ਕਾਰਣ ਮੁਕਤੀ ਤੋਂ ਫੇਰ ਸੰਸਾਰ ਵਿਚ ਜਨਮ ਲੈਂਦੀ ਹੈ। ਆਤਮਾ ਦੀ ਇਹ ਇਕ ਅਨੋਖੀ ਸਥਿਤੀ ਹੈ। ਜਨਮ, ਮੁਕਤ, ਫੇਰ ਜਨਮ ਦੇ ਸਿੱਧਾਂਤ ਨੂੰ ਮੰਨਣ ਕਾਰਣ ਇਸ ਮੱਤ ਨੂੰ ਤੈਰਾਸ਼ਿਕ ਮੱਤ ਆਖਦੇ ਹਨ। ਸੀਲਾਂਕਾ ਅਚਾਰਿਆ ਨੇ ਇਸ ਮੱਤ ਨੂੰ ਮੰਨਣ ਵਾਲੇ ਗੋਸ਼ਾਲਕ ਤੇ ਤੈਰਾਸ਼ਿਕ ਦਾ ਵਰਨਣ ਕੀਤਾ ਹੈ। ਪਰ ਤੈਰਾਸ਼ਿਕ ਦੀ ਪ੍ਰੰਪਰਾ ਬਹੁਤ ਪ੍ਰਾਚੀਨ ਹੈ। ਇਸ ਨੂੰ ਮਹਾਵੀਰ ਨਿਰਵਾਨ ਤੋਂ ਬਾਅਦ ਰੋਹ ਗੁਪਤ ਨਾਂ ਦੇ ਜੈਨ ਭਿਕਸ਼ੂ ਨੇ ਅਪਨਾ ਕੇ ਗਲਤ ਪ੍ਰਚਾਰ ਕੀਤਾ ਸੀ ਉਸ ਪ੍ਰਚਾਰਕ ਦੀ ਧਾਰਨਾ ਕਾਰਣ ਤੈਰਾਸ਼ਿਕ ਸ਼ਬਦ ਟੀਕਾਕਾਰ ਨੇ ਮੁਤਾਬਿਕ ਵਰਤ ਲਿਆ ਹੈ। (ਡਾ. ਹਰਮਨ ਜੈਕੋਬੀ) ਜੈਨ ਸੂਤਰ ਭਾਗ 1।

ਇਨ੍ਹਾਂ ਅਨੇਤੀਰਥੀਆਂ ਦੇ ਸੰਬਧ ਵਿੱਚ ਬੁਧੀਮਾਨ ਮਨੁੱਖ ਇਹ ਨਿਰਣਾ ਕਰੇ ਕਿ ਇਹ ਲੋਕ ਬ੍ਰਹਮਚਰਜ ਦਾ ਪਾਲਣ ਨਹੀਂ ਕਰਦੇ, ਨਾ ਹੀ ਸੰਜਮ ਦੀ ਪਾਲਣਾ ਕਰਦੇ ਹਨ। ਅਜਿਹੇ ਸਾਰੇ ਮੱਤਾਂ ਵਾਲੇ ਆਪਣੇ ਮੱਤ ਨੂੰ ਹੀ ਉੱਤਮ ਸਮਝਦੇ ਹਨ (ਸੋ ਗਿਆਨੀ ਪੁਰਖ ਨੂੰ ਉਨ੍ਹਾਂ ਦੇ ਆਚਰਨ ਨੂੰ ਵੇਖਦੇ ਹੋਏ ਉਨ੍ਹਾਂ ਤੇ ਵਿਸ਼ਵਾਸ਼ ਕਰਨਾ ਚਾਹੀਦਾ।) (13)

ਕਈ ਸ਼ੈਵ ਆਖਦੇ ਹਨ, 'ਆਪਣੇ ਆਪਣੇ ਅਨੁਸ਼ਠਾਣ (ਧਾਰਮਿਕ ਕ੍ਰਿਆ) ਨਾਲ ਹੀ ਸਿੱਧੀ (ਮੁਕਤੀ) ਪ੍ਰਾਪਤ ਹੁੰਦੀ ਹੈ। ਸਾਡੇ ਦਰਸ਼ਨ ਅਨੁਸਾਰ ਇੰਦਰੀਆਂ ਦਾ, ਜੇਤੂ ਮਨੁੱਖ ਇਸੇ ਲੋਕ ਵਿੱਚ ਚੰਗੇ ਕਾਮਭੋਗ ਨੂੰ ਪ੍ਰਾਪਤ ਕਰਦਾ ਹੈ ਅਤੇ ਅਗਲੇ ਹੀ ਜਨਮ ਵਿੱਚ ਮੁਕਤੀ ਨੂੰ ਪ੍ਰਾਪਤ ਕਰਦਾ ਹੈ। (14)

ਕਈ ਹੋਰ ਦਰਸ਼ਨਾਂ ਦੇ ਧਾਰਕ ਆਖਦੇ ਹਨ, ਜੋ ਸਾਡੇ ਵਿਸ਼ਵਾਸ਼ ਅਨੁਸਾਰ ਅਨੁਸ਼ਠਾਨ ਕਰਕੇ ਸਿੱਧੀ ਪ੍ਰਾਪਤ ਕਰਦੇ ਹਨ ਉਹ ਸ਼ਰੀਰਕ ਤੇ ਮਾਨਸਿਕ, ਰੋਗ ਤੋਂ ਛੁਟਕਾਰਾ ਪਾ ਜਾਂਦੇ ਹਨ। ਇਸ ਪ੍ਰਕਾਰ ਸਿੱਧੀ ਨੂੰ ਸਾਹਮਣੇ ਰੱਖ ਕੇ ਆਪਣੇ ਵਿਚਾਰ ਦਿੰਦੇ ਹਨ। (15)

ਜੋ ਸੰਵਰ ਤੋਂ ਭਾਵ ਇੰਦਰੀਆਂ ਦੀ ਜਿੱਤ ਤੋਂ ਰਹਿਤ ਹਨ। ਉਹ ਦੂਸਰੇ ਵਿਸ਼ਵਾਸ਼ਾਂ ਦੇ ਧਾਰਕ ਅਨਾਦਿ ਕਾਲ ਤਕ ਸੰਸਾਰ ਦੇ ਜਨਮ-ਮਰਣ ਦੇ ਚੱਕਰ ਵਿੱਚ ਘੁੰਮਦੇ ਰਹਿੰਦੇ ਹਨ। ਜੇ ਉਹ (ਜੀਵ) ਜੋ ਬਾਲ ਤਪ (ਅਗਿਆਨਤਾ ਕਾਰਣ ਕੀਤੇ ਤਪ) ਕਾਰਣ ਕਦੇ ਦੇਵ ਗਤੀ ਪ੍ਰਾਪਤ ਕਰਨਗੇ ਤਾਂ ਲੰਬੇ ਸਮੇਂ ਤੱਕ ਅਸੁਰਗਤੀ (ਨੀਚ ਤੇ ਘਟੀਆ ਦੇਵਤਿਆਂ ਦੀ ਜੂਨੀ) ਵਿੱਚ ਪੈਦਾ ਹੋਣਗੇ। ਅਜਿਹਾ ਮੈਂ (ਮਹਾਵੀਰ ਵਰਧਮਾਨ) ਆਖਦਾ ਹਾਂ। (16)





# ਚੌਥਾ ਉਦੇਸ਼ਕ

“ਹੇ ਸ਼ਿਸ਼ ! ਜੋ (ਦੂਸਰੇ ਅਨੇਤੀਰਥੀ) ਕਾਮ, ਕਰੋਧ ਆਦਿ ਤੋਂ ਹਾਰ ਚੁਕੇ ਹਨ । ਉਹ ਅਗਿਆਨੀ ਹਨ, ਪਰ ਫੇਰ ਵੀ ਖੁਦ ਨੂੰ ਗਿਆਨੀ ਮੰਨਦੇ ਹਨ । ਕਿਸੇ ਦੀ ਵੀ ਸ਼ਰਨ (ਆਸਰੇ) ਦਾ ਕਾਰਣ ਨਹੀਂ ਬਣ ਸਕਦੇ । ਇਹ ਲੋਕ ਘਰ ਬਾਰ ਛੱਡਕੇ ਵੀ ਗ੍ਰਹਿਸਥ ਦੇ ਸੰਸਾਰਿਕ ਕਰਤੱਵਾਂ ਦਾ ਉਪਦੇਸ਼ ਦਿੰਦੇ ਹਨ (ਸੱਚੇ ਧਰਮ ਦਾ ਆਤਮਿਕ ਉਪਦੇਸ਼ ਇਹ ਦੇ ਨਹੀਂ ਸਕਦੇ) । (1)”

ਵਿਦਵਾਨ ਸੰਜਮੀ ਸਾਧੂ, ਅਜਿਹੇ ਅਨੇਤੀਰਥੀਆਂ ਨਾਲ ਕਿਸੇ ਪ੍ਰਕਾਰ ਦਾ ਮੇਲ ਜੋਲ ਨਾਂ ਰੱਖੇ । ਜੇ ਕਦੇ ਮੇਲ ਹੋ ਜਾਵੇ ਤਾਂ ਇਸ ਮਿਲਾਪ ਦਾ ਅਭਿਮਾਨ ਨਾ ਕਰੇ । ਹਮੇਸ਼ਾ ਰਾਗ-ਦਵੇਸ਼ ਤੋਂ ਰਹਿਤ ਹੋ ਕੇ ਮਧਯਸਥ (ਮਮਤਾ ਰਹਿਤ ਸਮ ਅਵਸਥਾ) ਵਿਚ ਘੁੰਮੇ ।” (2)

ਕਈ ਅਨੇਤੀਰਥੀ ਆਖਦੇ ਹਨ “ਪਰਿਗ੍ਰਹੀ (ਭੋਗੀ ਵਿਲਾਸੀ) ਤੇ ਅਰੰਭੀ (ਪਾਪੀ) ਵੀ ਮੁਕਤੀ ਪ੍ਰਾਪਤ ਕਰ ਲੈਂਦਾ ਹੈ ।” ਪਰ ਸੱਚਾ ਸਾਧੂ ਪਰਿਗ੍ਰਹਿ ਤੇ ਪਾਪ ਨੂੰ ਛੱਡ ਕੇ ਤਿਆਗੀ ਪੁਰਸ਼ ਦੀ ਸ਼ਰਨ ਗ੍ਰਹਿਣ ਕਰੇ । (ਭਾਵ ਅਜੇਹੇ ਵਿਚਾਰਾਂ ਤੇ ਕੋਈ ਮੁਨੀ ਧਿਆਨ ਨਾ ਦੇਵੇ) । (3)

ਗ੍ਰਹਿਸਥ ਨੇ ਆਪਣੇ ਲਈ ਜੋ ਭੋਜਨ ਬਣਾਇਆ ਹੈ । ਵਿਦਵਾਨ ਸਾਧੂ ਉਸ ਭੋਜਨ ਦੀ ਗਵੇਸ਼ਨਾ (ਦੇਖ ਭਾਲ) ਕਰੇ । ਗ੍ਰਹਿਸਥ ਰਾਹੀਂ ਸਵੇ ਇੱਛਾ ਨਾਲ ਦਿੱਤਾ ਭੋਜਨ ਹੀ ਗ੍ਰਹਿਣ ਕਰੇ । ਉਸ ਭੋਜਨ ਪ੍ਰਤਿ ਕੋਈ ਰਸ ਦੀ ਭਾਵਨਾ ਨਾ ਰੱਖੇ । ਰਾਗ ਦਵੇਸ਼ ਨਾ ਕਰੇ । ਕਿਸੇ ਦਾ ਅਪਮਾਨ ਵੀ ਨਾ ਕਰ । (4)

ਕਈ ਆਖਦੇ ਹਨ, "ਲੋਕ ਵਾਦ ਪਾਖੰਡੀ ਗ਼ਲਤ ਮਾਨਤਾਵਾਂ ਨੂੰ ਸੁਣਨਾ ਤੇ ਸਮਝਣਾ ਚਾਹੀਦਾ ਹੈ।" ਪਰ ਇਹ ਲੋਕਵਾਦ ਉਲਟ ਬੁੱਧੀ ਤੋਂ ਪੈਦਾ ਹੋਇਆ ਹੈ। ਵਿਵੇਕ-ਰਹਿਤ ਲੋਕਾਂ ਦੀ ਮਾਨਤਾ ਹੈ। (5)

ਲੋਕਵਾਦ ਇਸ ਪ੍ਰਕਾਰ ਹੈ, "ਇਹ ਸੰਸਾਰ ਅਨੰਤ ਹੈ ਭਾਵ ਜੋ ਜੀਵ ਇਸ ਸੰਸਾਰ ਵਿੱਚ ਜੇਹਾ ਹੈ ਅਗਲੇ ਜਨਮ ਵਿੱਚ ਵੀ ਉਹ ਅਜਿਹਾ ਹੋਵੇਗਾ। ਮਨੁੱਖ ਮਰਕੇ ਮਨੁੱਖ ਪੈਦਾ ਹੁੰਦਾ ਹੈ। ਇਸਤਰੀ ਇਸਤਰੀ ਹੀ ਜਨਮ ਲੈਂਦੀ ਹੈ। ਇਸ ਲੋਕ ਦੀ ਕੋਈ ਹੱਦ ਨਹੀਂ। ਇਸ ਕਾਰਣ ਲੋਕ ਨਿੱਤ ਹੈ, ਸ਼ਾਸ਼ਵਤ ਹੈ, ਅਵਿਨਾਸ਼ੀ ਹੈ। ਇਸ ਲੋਕ ਦਾ ਕਿਨਾਰਾ ਭਾਵ ਸੱਤ ਦੀਪ ਸਮੁਦਰ ਹੈ।" ਇਸ ਪ੍ਰਕਾਰ ਗਿਆਨੀਆਂ (ਵਿਆਸ ਰਿਸ਼ੀ) ਨੇ ਕਿਹਾ ਹੈ। (6)

ਕਈ ਆਖਦੇ ਹਨ ਕਿ "ਖੇਤਰ ਤੇ ਕਾਲ (ਅਪਰਿਮਿਤ ਪਦਾਰਥ) ਪੱਖੋਂ ਕੋਈ ਸੀਮਾ ਦਾ ਜਾਣਕਾਰ ਤਾਂ ਹੋ ਸਕਦਾ ਹੈ, ਪਰ ਸਰਵੱਗ ਪੈਦਾ ਨਹੀਂ ਹੋ ਸਕਦੇ। ਸਭ ਪਾਸੇ, ਕਿਸੇ ਸੀਮਾ ਤੱਕ ਜਾਨਣ ਵਾਲੇ ਲੋਕਾਂ ਨੂੰ ਗਿਆਨੀ ਵੇਖਦੇ ਹਨ।" ਅਜਿਹਾ ਧੀਰ ਪੁਰਸ਼ ਆਖਦੇ ਹਨ। (7)

ਲੋਕਵਾਦ ਦਾ ਉੱਤਰ ਦਿੰਦੇ ਸ਼ਾਸਤਰਕਾਰ ਆਖਦਾ ਹੈ, "ਲੋਕ ਵਿੱਚ ਜਿੰਨੇ ਵੀ ਤਰੱਸ (ਹਿੱਲਣ ਚੱਲਣ ਵਾਲੇ ਜੀਵ) ਸਥਾਵਰ (ਪ੍ਰਿਥਵੀ, ਬਨਸਪਤੀ) ਆਦਿ ਸ਼ਰੀਰਧਾਰੀ ਜੀਵ ਹਨ ਉਨ੍ਹਾਂ ਦੀ ਪਰਿਆਏ (ਅਵਸਥਾ) ਵਿੱਚ ਫੇਰ ਬਦਲ ਹੋਣਾ ਚਾਹੀਦਾ ਹੈ। ਤਰੱਸ ਮਰਕੇ ਸਥਾਵਰ ਬਣਦਾ ਹੈ। ਸਥਾਵਰ ਮਰ ਕੇ ਤਰੱਸ। (ਜੇ ਜੀਵ ਇੱਕ ਸਰੀਖੇ ਰਹੇ ਤਾਂ ਧਾਰਮਿਕ ਤਪ, ਜਪ, ਸਵਾਧਿਆਏ ਆਦਿ ਕ੍ਰਿਆਵਾਂ ਬੇਕਾਰ ਹਨ)। (8)

ਔਦਾਰਿਕ (ਬਾਹਰਲਾ) ਸ਼ਰੀਰ ਵਾਲੇ ਪ੍ਰਾਣੀ, ਗਰਭ ਅਵਸਥਾਵਾਂ ਤੋਂ ਉਲਟ ਬਾਲ, ਨੌਜਵਾਨ ਅਵਸਥਾ ਪ੍ਰਾਪਤ ਕਰਦੇ ਹਨ। (ਜੀਵ ਭਿੰਨ-ਭਿੰਨ ਸਮੇਂ ਭਿੰਨ ਅਵਸਥਾਵਾਂ ਪ੍ਰਾਪਤ ਕਰਦਾ ਹੈ।) ਇਹ ਸਭ ਦੁੱਖ ਦਾ ਕਾਰਣ ਹਨ। ਸਾਰ ਪ੍ਰਾਣੀਆਂ ਨੂੰ ਦੁੱਖ ਬੁਰਾ ਲਗਦਾ ਹੈ। ਇਹ ਜਾਣਕੇ ਅਹਿੰਸਾ ਦਾ ਪਾਲਨ ਕਰਨਾ ਚਾਹੀਦਾ ਹੈ। (9)

"ਇਹੋ ਬੁੱਧੀਮਤਾ ਹੈ ਕਿ ਕਿਸੇ ਵੀ ਪ੍ਰਾਣੀ ਨੂੰ ਨਾ ਮਾਰੋ। ਅਹਿੰਸਾ ਦਾ ਪਾਲਣ ਕਰੋ। ਇਹੋ ਗਿਆਨੀ ਹੋਣ ਦਾ ਸਾਰ ਹੈ। ਅਹਿੰਸਾ ਨੂੰ ਸਮਤਾ (ਇੱਕ ਸਮਾਨਤਾ) ਰਾਹੀਂ ਸਮਝੋ"। (10)

ਸਭ ਪ੍ਰਕਾਰ ਦੀ ਮੇਰ-ਤੇਰ ਤੋਂ ਰਹਿਤ ਮੁਨੀ, ਗਿਆਨ, ਦਰਸ਼ਨ ਤੇ ਚਰਿੱਤਰ ਰੂਪ ਰਤਨਾਂ ਦੀ ਰੱਖਿਆ ਕਰੇ। ਆਪਣੀ ਰੋਜ਼ਾਨਾ ਦੀ ਰਹਿਣੀ-ਬਹਿਣੀ, ਆਸਨ, ਫੱਟਾ ਤੇ ਭੋਜਨ ਪਾਣੀ ਦਾ ਠੀਕ ਰੂਪ ਵਿੱਚ ਪ੍ਰਯੋਗ ਕਰੇ (ਭਾਵ ਸ਼ਾਸਤਰਾਂ ਦੀ ਹਿਦਾਇਤਾਂ ਅਨੁਸਾਰ ਸੰਜਮ ਦਾ ਪਾਲਣ ਕਰੇ। (11)

ਮੁਨੀ ਤਿੰਨ ਸਥਾਨਾਂ ਦਾ ਸੰਜਮ ਰਖਦਾ ਹੋਇਆ ਮਾਨ, ਕਰੋਧ, ਮਾਇਆ ਤੇ ਲੋਭ ਦਾ ਤਿਆਗ ਕਰਦਾ ਹੋਇਆ ਜੀਵਨ ਗੁਜ਼ਾਰੇ। (12)

ਹਮੇਸ਼ਾ ਪੰਜ ਸਮਿਤੀਆਂ ਤੇ ਪੰਜ ਸਬਰਾਂ ਦਾ ਪਾਲਕ ਮੁਨੀ ਮੁਕਤੀ ਲਈ ਸੰਜਮ ਦਾ ਪਾਲਣ ਕਰੇ। ਅਜਿਹਾ ਮੈਂ (ਭਗਵਾਨ ਮਹਾਵੀਰ) ਆਖਦਾ ਹਾਂ। (13)

---

ਟਿੱਪਣੀ 12—ਤਿੰਨ ਸਥਾਨ ਹਨ (1) ਈਰੀਆ ਸਮਿਤੀ (ਦੇਖਭਾਲ ਕੇ ਵਸਤੂ ਗ੍ਰਹਿਣ ਚਲਨਾ। (2) ਆਸਣ ਤੇ (ਵਰਤਨ ਨੂੰ ਦੇਖ ਕੇ ਗ੍ਰਹਿਣ ਕਰਨਾ। ਭਾਂਡ ਨਿਖੇਪਨ ਸਮਿਤੀ। (3) ਭੋਜਨ ਪਾਣੀ ਨੂੰ ਦੇਖ ਭਾਲ ਕੇ ਗ੍ਰਹਿਣ ਕਰਨਾ ਏਸ਼ਨਾ ਸਮਿਤੀ ਹੈ।

ਟੀਕਾਕਾਰ ਦਾ ਕਥਨ ਹੈ ਕਿ ਗ੍ਰਹਿਸਥ ਦੇ ਘਰ ਸਾਧੂ ਨੂੰ ਭਾਸ਼ਨ ਕਰਨਾ ਪੈ ਸਕਦਾ ਹੈ। ਸੋ ਭਾਸ਼ਾ ਸਮਿਤੀ ਵੀ ਸਮਝਨੀ ਚਾਹੀਦੀ ਹੈ। ਭੋਜਨ ਕਾਰਣ ਉਚਾਰ ਤੇ ਪ੍ਰਸਤਰਵ ਸਮਿਤੀ ਵੀ ਆ ਸਕਦੀ ਹੈ। ਸੋ ਸਾਧੂ ਨੂੰ ਪੰਜ ਸਮਿਤੀਆਂ ਦਾ ਪਾਲਨ ਕਰਨਾ ਚਾਹੀਦਾ ਹੈ।

ਟਿੱਪਣੀ—(13) ਪੰਜ ਸੰਬਰ ਹਨ। (1) ਅਹਿੰਸਾ (2) ਸੱਚ (3) ਚੋਰੀ ਦਾ ਤਿਆਗ (4) ਅਪਰਿਗ੍ਰਹਿ (ਜ਼ਰੂਰਤ ਤੋਂ ਵੱਧ ਵਸਤਾਂ ਦਾ ਤਿਆਗ) (5) ਬ੍ਰਹਮਚਰਜ (ਮਨ, ਵਚਨ ਤੇ ਕਾਇਆ ਦਾ ਸੰਜਮ ਤਿੰਨ ਗੁਪਤੀ ਅਖਵਾਉਂਦਾ ਹੈ) (ਸ਼ੀਲਾਂਕਾਚਾਰਿਆ)



# ਦੂਸਰਾ ਵੈਤਾਲਿਆ ਅਧਿਐਨ

ਇਸ ਦਾ ਛੰਦ ਸੰਸਕ੍ਰਿਤ ਦਾ ਵੈਤਾਲਿਆ ਹੈ। ਇਸ ਛੰਦ ਵਿਚ ਰਚਨਾ ਕਾਰਣ ਹੀ ਇਹ ਵੇਤਾਲਿਆ ਅਧਿਐਨ ਹੈ। ਇਸ ਸ਼ਬਦ ਦਾ ਦੂਸਰਾ ਰੂਪ ਵੈਦਾਰਿਕ ਹੈ ਜਿਸ ਦਾ ਭਾਵ ਹੈ ਕਿ ਇਹ ਅਧਿਐਨ ਕਰਮ ਦੀ ਵਿਦਾਰਨਾ ਕਰਨ ਵਾਲਾ ਭਾਵ ਕਰਮ ਪ੍ਰੰਪਰਾ ਦਾ ਵਿਨਾਸ਼ ਕਰਨ ਵਾਲਾ ਹੈ। ਟੀਕਾਕਾਰ ਤੇ ਨਿਰਯੁਕਤੀ ਇਸ ਦੇ ਦੋਵੇਂ ਅਰਥ ਕਰਦੇ ਹਨ।

ਇਸ ਅਧਿਐਨ ਦਾ ਇਤਿਹਾਸਕ ਪਿਛੋਕੜ ਵੀ ਹੈ। ਪਹਿਲੇ ਤੀਰਥੰਕਰ ਭਗਵਾਨ ਰਿਸ਼ਵ ਦੇਵ ਜੀ ਸਨ ਜਿਨ੍ਹਾਂ ਨੇ ਮਾਤਾ ਮਰੂ ਦੇਵੀ ਤੇ ਪਿਤਾ ਰਾਜਾ ਨਾਭੀ ਦੇ ਘਰ ਅਯੋਧਿਆ ਵਿਖੇ ਜਨਮ ਲਿਆ।

ਆਪ ਦੇ ਵਡੇ ਲੜਕੇ ਭਰਤ ਚੱਕਰਵਰਤੀ ਬਨਣ ਦੀ ਤਿਆਰੀ ਕਰਨ ਲਗੇ। ਉਨ੍ਹਾਂ ਸਾਰੇ ਰਾਜਿਆਂ ਨੂੰ ਅਧੀਨ ਕਰ ਲਿਆ। ਉਨਾਂ ਆਪਣੇ 98 ਭਰਾਵਾਂ ਨੂੰ ਅਧੀਨ ਹੋਣ ਲਈ ਕਿਹਾ। ਇਨ੍ਹਾਂ ਭਰਾਵਾਂ ਨੇ ਭਰਤ ਦੀ ਅਧੀਨਗੀ ਦੀ ਪੇਸ਼ਕਸ਼ ਠੁਕਰਾ ਕੇ ਸਾਧੂ ਜੀਵਨ ਅੰਗੀਕਾਰ ਕਰਨਾ ਠੀਕ ਸਮਝਿਆ।

ਇਸ ਅਧਿਐਨ ਵਿਚ ਭਗਵਾਨ ਰਿਸ਼ਵਦੇਵ ਦਾ ਉਹ ਉਪਦੇਸ਼ ਦਰਜ ਹੈ ਜੋ ਉਨ੍ਹਾਂ ਅਪਣੇ ਪੁੱਤਰਾਂ ਨੂੰ ਸਾਧੂ ਬਨਣ ਤੋਂ ਪਹਿਲਾਂ ਦਿੱਤੀ ਸੀ।

ਭਗਵਾਨ ਰਿਸ਼ਵਦੇਵ ਨੇ ਸੰਸਾਰਿਕ ਪਦਾਰਥਾਂ ਦੀ ਵਿਨਾਸ਼ਤਾ, ਵਿਜੋਗ ਦਾ ਵਰਨਣ ਇਸ ਅਧਿਐਨ ਵਿਚ ਕਰਕੇ ਉਨ੍ਹਾਂ ਦੇ ਵੈਰਾਗ ਨੂੰ ਮਜਬੂਤ ਕੀਤਾ।

ਇਸੇ ਅਧਿਐਨ ਵਿਚ ਇਹੋ ਉਪਦੇਸ਼ ਦਰਜ ਹੈ। ਇਸ ਅਧਿਐਨ ਦੇ ਤਿੰਨ ਉਦੇਸ਼ਕ ਹਨ। ਪਹਿਲੇ ਉਦੇਸ਼ਕ ਵਿਚ ਹਿੱਤ ਦੀ ਪ੍ਰਾਪਤੀ ਤੇ ਅਹਿੱਤ ਦੇ ਤਿਆਗ ਦਾ ਉਪਦੇਸ਼ ਹੈ। ਦੂਸਰੇ ਉਦੇਸ਼ਕ ਵਿਚ ਅਭਿਮਾਨ ਤਿਆਗ ਅਤੇ ਸੰਸਾਰ ਦੀ ਅਸਾਰਤਾ ਦਾ ਵਰਨਣ ਹੈ। ਤੀਸਰੇ ਉਦੇਸ਼ਕ ਵਿਚ ਦਸਿਆ ਗਿਆ ਹੈ ਕਿ ਅਗਿਆਨਤਾ ਕਾਰਣ ਵਧੇ ਹੋਏ ਕਰਮਾਂ ਦਾ ਨਾਸ਼ ਕਰਨਾ ਜ਼ਰੂਰੀ ਹੈ।

ਇਸ ਲਈ ਸਾਧੂ-ਸਾਧਵੀ ਨੂੰ ਐਸ਼-ਆਰਾਮ ਤੇ ਪ੍ਰਮਾਦ (ਅਣਗਹਿਲੀ) ਦਾ ਤਿਆਗ ਜ਼ਰੂਰੀ ਹੈ।

# ਪਹਿਲਾ ਉਦੇਸ਼ਕ

[illegible]

ਭਗਵਾਨ ਰਿਸ਼ਭਦੇਵ ਆਖਦੇ ਹਨ, ਹੇ ਜੀਵੋਂ ! ਤੁਸਾਂ ਬੋਧੀ (ਆਤਮ ਗਿਆਨ) ਨੂੰ ਪ੍ਰਾਪਤ ਕਰੋ । ਇਸ ਬੋਧੀ ਨੂੰ ਕਿਉਂ ਪ੍ਰਾਪਤ ਨਹੀਂ ਕਰਦੇ ? ਜੋ ਰਾਤ ਬੀਤ ਜਾਂਦੀ ਹੈ ਉਹ ਵਾਪਿਸ ਨਹੀਂ ਆਉਂਦੀ । ਸੰਜਮ ਰੂਪੀ ਜੀਵਨ ਵੀ, ਔਖਾ ਹੀ ਪ੍ਰਾਪਤ ਹੁੰਦਾ ਹੈ । (2)

"ਜਿਵੇਂ ਬਾਜ਼ ਪੰਛੀ, ਬਟੇਰ ਨੂੰ ਅਚਾਨਕ ਚੁੱਕ ਲੈਂਦਾ ਹੈ । ਉਸੇ ਪ੍ਰਕਾਰ ਮੌਤ ਵੀ ਜੀਵ ਨੂੰ ਕਿਸੇ ਵੀ ਅਵਸਥਾ ਵਿੱਚ ਚੁੱਕ ਸਕਦੀ ਹੈ । ਕਈ ਬਚਪਨ ਵਿੱਚ ਮਰ ਜਾਂਦੇ ਹਨ । ਕਈ ਬੁਢਾਪੇ ਵਿੱਚ ਮਰ ਜਾਂਦੇ ਹਨ । ਕੋਈ ਗਰਭ ਵਿੱਚ ਹੀ ਵਿਨਾਸ਼ ਹੋ ਜਾਂਦੇ ਹਨ । ਉਮਰ ਖਤਮ ਹੋਣ ਤੇ ਪ੍ਰਾਣੀ ਦਾ ਜੀਵਨ ਨਸ਼ਟ ਹੋ ਜਾਂਦਾ ਹੈ । (2)

ਕੋਈ ਕੋਈ ਮਨੁੱਖ ਮਾਤਾ, ਪਿਤਾ ਆਦਿ ਦੇ ਮੋਹ ਵਿੱਚ ਫਸ ਕੇ ਸੰਸਾਰ ਵਿੱਚ ਭਰਮਣ ਕਰਦੇ ਹਨ । ਅਜਿਹੇ ਜੀਵਾਂ ਨੂੰ ਪਰਲੋਕ ਵਿੱਚ ਚੰਗੀ ਗਤੀ ਨਹੀਂ ਮਿਲਦੀ । ਇਸ ਲਈ ਮੋਹ ਆਦਿ ਡਰ ਨੂੰ ਵੇਖਕੇ ਮੁਨੀ ਅਰੰਭ (ਪਾਪ ਰਹਿਤ) ਹੋ ਜਾਵੇ । (3)

ਆਰੰਭ (ਪਾਪ ਰਹਿਤ ਜੀਵਨ) ਤੋਂ ਛੁਟਕਾਰਾ ਨਾ ਪਾਉਣ ਵਾਲਾ, ਭਿੰਨ ਭਿੰਨ ਗਤੀਆਂ ਵਿੱਚ ਕੀਤ ਕਰਮਾਂ ਦਾ ਫਲ ਭੋਗਨ ਲਈ ਨਰਕ ਵਿੱਚ ਜਾਂਦਾ ਹੈ । ਕਰਮਾਂ ਦਾ ਫਲ ਭੋਗੇ ਬਿਨਾ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ । (4)

ਦੇਵ, ਗੰਧਰਵ, ਰਾਖਸ਼, ਅਸੁਰ, ਭੂਮਿਚਰ, ਸਰੀ ਸਰੱਪ, (ਸੱਪ ਆਦਿ ਰੇਂਗਣ ਵਾਲੇ ਜੀਵ) ਰਾਜਾ, ਮਨੁੱਖ, ਸੇਠ,ਬ੍ਰਹਮਣ ਆਦਿ ਸਾਰੇ ਹੀ ਦੁੱਖੀ ਹੋ ਕੇ ਆਪਣੀ ਜਗ੍ਹਾ ਤੋਂ ਪ੍ਰਾਨ ਤਿਆਗਦੇ ਹਨ । ਭਾਵ ਇਹ ਕਿ ਮੌਤ ਹਰ ਪ੍ਰਾਣੀ ਲਈ, ਹਰ ਗਤੀ ਵਿੱਚ ਨਿਸ਼ਚਿਤ ਹੈ । (5)

ਜਿਵੇਂ ਤਾਲ ਦੇ ਦਰਖਤ ਦਾ ਫਲ ਬੰਧਨ ਤੋਂ ਟੁੱਟਕੇ ਅਚਾਨਕ ਹੀ ਹੇਠਾਂ ਗਿਰ ਜਾਂਦਾ ਹੈ । ਇਸੇ ਪ੍ਰਕਾਰ ਕਾਮ, ਭੋਗਾਂ ਵਿੱਚ ਅਤੇ ਪਰਿਵਾਰ ਦੇ ਮੋਹ ਵਿੱਚ ਫਸਿਆ ਜੀਵ ਉਮਰ ਖਤਮ ਹੋਣ ਤੇ ਮੌਤ ਨੂੰ ਪ੍ਰਾਪਤ ਹੁੰਦਾ ਹੈ । (6)

ਚਾਹੇ ਕੋਈ ਸ਼ਾਸ਼ਤਰਾਂ ਦਾ ਜਾਣਕਾਰ ਹੋਵੇ ਚਾਹੇ ਧਾਰਮਿਕ ਹੋਵੇ, ਚਾਹੇ ਬ੍ਰਾਹਮਣ ਹੋਵੇ ਜਾਂ ਭਿਕਸ਼ੂ ਹੋਵੇ, ਜੇ ਉਹ ਮਾਇਆ [ਠੱਗੀ] ਦਾ ਸੇਵਨ ਕਰਦਾ ਹੈ, ਉਹ ਆਪਣੇ ਤੇਜ ਕਰਮਾਂ ਦੇ ਫਲ ਤੋਂ ਦੁੱਖੀ ਹੁੰਦਾ ਹੈ । ਭਾਵੇਂ ਕਰਮ ਕਿਸੇ ਨੂੰ ਨਹੀਂ ਵਖਸ਼ਦਾ । (7)

ਹੇ ਸਿਸ਼ ! ਕਈ ਲੋਕ ਪਰਿਗ੍ਰਹਿ ਨੂੰ ਛੱਡ ਕੇ ਸਾਧੂ ਦੀਖਿਆ ਗ੍ਰਹਿਣ ਕਰਦੇ ਹਨ। ਪਰ ਉਹ ਸੰਜਮ ਦਾ ਠੀਕ ਪਾਲਣ ਨਹੀਂ ਕਰ ਸਕਦੇ। ਅਜਿਹੇ ਲੋਕ ਮੁਕਤੀ ਦੀਆਂ ਗੱਲਾਂ ਤਾਂ ਕਰਦੇ ਹਨ, ਪਰ ਮੁਕਤੀ ਲਈ ਕੋਈ ਯਤਨ ਨਹੀਂ ਕਰਦੇ। ਤੁਸੀਂ ਅਜਿਹੇ ਲੋਕਾਂ ਦੀ ਸ਼ਰਣ ਗ੍ਰਹਿਣ ਕਰਕੇ ਲੋਕ ਪਰਲੋਕ ਬਾਰੇ ਕਿਵੇਂ ਜਾਣ ਸਕਦੇ ਹੋ, ਅਜਿਹਾ ਭਰਿਸ਼ਟ ਅਨੇਤੀਰਥੀ ਵਿਚਕਾਰ ਹੀ ਫਸ ਜਾਂਦੇ ਹਨ ਤੇ ਕਰਮਾਂ ਦੇ ਫਲ ਦਾ ਦੁੱਖ ਉਠਾਉਂਦੇ ਹਨ। (8)

ਭਾਵੇਂ ਕੋਈ ਨੰਗਾ ਤੇ ਪਰਿਗ੍ਰਹਿ ਰਹਿਤ ਹੋ ਕੇ ਘੁੰਮਦਾ ਹੈ, ਮਹੀਨੇ ਮਹੀਨੇ ਦੀ ਤਪੱਸਿਆ ਵੀ ਕਰਦਾ ਹੈ। ਪਰ ਜੋ ਮਾਇਆ ਵਿਚ ਫਸਿਆ ਹੈ ਉਹ ਅਨੰਤ ਕਾਲ ਤਕ ਗਰਭ ਅਵਸਥਾ ਵਾਲੇ ਦੁੱਖ ਭੋਗਦਾ ਹੈ। (9)

"ਹੇ ਪੁਰਸ਼ ! ਹੁਣ ਤੂੰ ਪਾਪ ਕਰਮ ਛੱਡ ਦੇ, ਕਿਉਂਕਿ ਮਨੁੱਖੀ ਜੀਵਨ ਨਾਸ਼ਵਾਨ ਹੈ ਜੋ ਮਨੁੱਖ ਨਾਸ਼ਵਾਨ ਜੀਵਨ ਨੂੰ ਪਿਆਰ ਕਰਦਾ ਹੋਇਆ ਕਾਮ-ਭੋਗਾਂ ਵਿੱਚ ਰੁਝਿਆ ਹੈ ਉਹ ਹਿੱਤ ਅਹਿੱਤ ਨੂੰ ਨਾ ਜਾਣਦਾ ਹੋਇਆ, ਮੋਹ ਨੂੰ ਪ੍ਰਾਪਤ ਹੁੰਦਾ ਹੈ। (10)

"ਹੇ ਮਨੁੱਖ ! ਤੂੰ ਯਤਨਾ [ਸਾਵਧਾਨੀ] ਨਾਲ ਅਪਣੇ ਅੰਦਰਲੇ ਤੇ ਬਾਹਰਲੇ ਜੀਵਨ ਨੂੰ ਬਿਤਾ, ਕਿਉਂਕਿ ਯਤਨਾ [ਸਾਵਧਾਨੀ] ਤੋਂ ਬਿਨਾਂ ਸੂਖਮ ਜੀਵਾਂ ਨਾਲ ਭਰੇ ਰਾਹ ਉੱਪਰੋਂ ਗੁਜ਼ਰਨਾ ਕਠਿਨ ਹੈ। ਇਸ ਤਰ੍ਹਾਂ ਅਨੁਸ਼ਾਸਨ ਵਿਚ ਗੁਜ਼ਰਨਾ ਚਾਹੀਦਾ ਹੈ। ਇਹੋ ਤੀਰਥੰਕਰਾਂ ਦਾ ਕਥਨ ਹੈ।" (11)

"ਜਿਨ੍ਹਾਂ ਪਾਪਾਂ ਦਾ ਤਿਆਗ ਕਰ ਦਿੱਤਾ ਹੈ, ਕਰਮਾਂ ਦੀ ਪ੍ਰੰਪਰਾ ਨੂੰ ਛੇਕ ਕਰ ਦਿੱਤਾ ਹੈ। ਉਹ ਹੀ ਸੰਜਮ ਦੇ ਪਾਲਣ ਵਿੱਚ ਸਾਵਧਾਨ ਹਨ। ਜੋ ਕਰੋਧ, ਮਾਨ, ਮਾਇਆ ਤੇ ਲੋਭ ਦਾ ਤਿਆਗ ਕਰਕੇ ਸਭ ਪ੍ਰਕਾਰ ਤੋਂ ਹਿੰਸਾ ਦਾ ਤਿਆਗ ਕਰਦੇ ਹਨ ? ਉਹ ਮੁਕਤ ਜੀਵਾਂ ਦੀ ਤਰ੍ਹਾਂ ਹੀ ਹਨ।" (12)

ਗਿਆਨੀ ਪੁਰਸ਼ ਸੋਚੇ, "ਮੈਂ ਇਕੱਲਾ ਨਹੀਂ, ਜੋ ਸੰਸਾਰ ਦੇ ਦੁੱਖਾਂ ਤੋਂ ਪੀੜਿਤ ਹਾਂ ਹੋਰ ਵੀ ਜੀਵ ਇਸੇ ਤਰ੍ਹਾਂ ਹੀ ਦੁੱਖ ਪਾ ਰਹੇ ਹਨ।" ਇਸ ਤਰ੍ਹਾਂ ਵਿਚਾਰਦਾ ਹੋਇਆ ਗਿਆਨੀ ਦੁੱਖਾਂ ਤੇ ਮੁਸੀਬਤਾਂ ਦਾ ਸਮਭਾਵ ਨਾਲ ਸਾਹਮਣਾ ਕਰੇ। (13)

"ਜਿਵੇਂ ਲਿੱਪੀ ਹੋਈ ਕੰਧ ਤੇ, ਲੇਪ ਹਟਾਉਣ ਨਾਲ ਕੰਧ ਕਮਜ਼ੋਰ ਪੈ ਜਾਂਦੀ ਹੈ ਉਸੇ ਪ੍ਰਕਾਰ ਤਪ ਰਾਹੀਂ ਸ਼ਰੀਰ ਨੂੰ ਕਮਜ਼ੋਰ ਬਨਾਉਣਾ ਚਾਹੀਦਾ ਹੈ।" ਅਹਿੰਸਾ ਦਾ

---

ਟਿੱਪਣੀ ਗਾਥਾ 12—ਸਾਧੂ ਦਾ ਤਿਆਗ ਤਿੰਨ ਕਰਨ, ਤਿੰਨ ਯੋਗ ਨਾਲ ਹੁੰਦਾ ਹੈ,
ਤਿੰਨ ਕਰਨ ਹਨ—ਕਰਨਾ, ਕਰਾਉਣਾ ਤੇ ਕਰਦੇ ਨੂੰ ਚੰਗਾ ਸਮਝਨਾ।
ਤਿੰਨ ਯੋਗ ਹਨ—ਮਨ, ਵਚਨ ਤੇ ਕਾਇਆ (ਸ਼ਰੀਰ)।

ਪਾਲਣ ਕਰਦੇ ਹੋਏ ਮੁਨੀ ਨੂੰ ਕਰਮ ਬੰਧਨਾਂ ਨੂੰ ਕਮਜੋਰ ਕਰਨਾ ਚਾਹੀਦਾ ਹੈ।" ਕਿਉਂਕਿ ਸਰਵੱਗ ਅਰਿਹੰਤਾਂ ਨੇ ਅਜਿਹੇ ਧਰਮ ਦਾ ਉਪਦੇਸ਼ ਜੀਵਾਂ ਦੇ ਭਲੇ ਲਈ ਫਰਮਾਇਆ ਹੈ। (14)

"ਜਿਵੇਂ ਪੰਛੀ ਆਪਣੇ ਪਰਾਂ ਨੂੰ ਲੱਗੀ ਧੂੜ ਨੂੰ ਹਿਲਾ ਕੇ ਦੂਰ ਕਰ ਲੈਂਦੇ ਹਨ। ਉਸੇ ਤਰ੍ਹਾਂ ਮੁਕਤੀ ਦੇ ਇੱਛੁਕ, ਤਪੱਸਵੀ, ਅਹਿੰਸਕ ਧਰਮਾਂ ਦਾ ਨਾਸ਼ ਕਰ ਲੈਂਦੇ ਹਨ। (15)

ਘਰ ਦੇ ਤਿਆਗੀ, ਏਸ਼ਨਾ ਸਮਿਤੀ ਦਾ ਪਾਲਣ ਕਰਨ ਵਾਲੇ, ਸੰਜਮੀ, ਤਪੱਸਵੀ ਮੁਨੀ, ਉਸ ਦੇ ਸੰਸਾਰਿਕ ਰਿਸ਼ਤੇਦਾਰ ਮਾਤਾ, ਪੁੱਤਰ, ਪੋਤੇ, ਬੜੇ (ਮਾਤਾ, ਪਿਤਾ) ਭਾਵੇਂ ਲੱਖ ਰੋਕਣ, ਪਰ ਅਜਿਹੇ ਪੁਰਸ਼ ਨੂੰ ਬਸ ਵਿੱਚ ਨਹੀਂ ਕਰ ਸਕਦੇ। (16)

ਸਾਧੂ ਦੇ ਸੰਸਾਰਿਕ ਮਾਤਾ ਪਿਤਾ ਸਾਧੂ ਕੋਲ ਆ ਕੇ ਲੱਖ ਵਿਰਲਾਪ ਕਰਨ, ਪੁੱਤਰ ਦੀ ਮਮਤਾ ਦਾ ਵਾਸਤਾ ਪਾਉਣਾ, ਤਾਂ ਵੀ ਸੰਜਮ ਲਈ ਤਿਆਰ, ਮੁਕਤੀ ਪੰਥ ਦਾ ਯਾਤਰੀ ਡੋਲਦਾ ਨਹੀਂ ਅਤੇ ਗ੍ਰਹਿਸਥ ਵਿੱਚ ਨਹੀਂ ਫਸਦਾ। (17)

ਭਾਵੇਂ ਪਰਿਵਾਰ ਵਾਲੇ ਸਾਧੂ ਨੂੰ ਕਾਮ-ਭੋਗਾਂ ਲਈ ਲਾਲਚ ਦੇਣ, ਤਾਂ ਵੀ ਬੁੱਧੀਮਾਨ ਅਸੰਜਮੀ ਜੀਵਨ ਨੂੰ ਪਸੰਦ ਨਹੀਂ ਕਰਦਾ। ਘਰ ਵਾਲੇ ਅਜਿਹੇ ਮਨੁੱਖ ਨੂੰ ਘਰ ਵਿੱਚ ਨਹੀਂ ਰਖ ਸਕਦੇ। (18)

ਸਾਧੂ ਪ੍ਰਤਿ ਮਮਤਾ ਰੱਖਣ ਵਾਲੇ ਮਾਪੇ, ਪੁੱਤਰ ਅਤੇ ਪਤਨੀ ਵੀ ਇਸੇ ਪ੍ਰਕਾਰ ਆਖਦੇ ਹਨ, "ਹੇ ਮੁਨੀ ! ਤੂੰ ਸਮਝਦਾਰ ਹੈ, ਤੂੰ ਸਾਡਾ ਪਾਲਣ ਪੋਸ਼ਨ ਕਰ। ਮਾਂ ਪਿਓ ਦੀ ਸੇਵਾ ਨਾ ਕਰਨ ਵਾਲੇ ਦਾ ਪਰਲੋਕ (ਸਦਗਤੀ) ਵਿਗੜ ਜਾਂਦਾ ਹੈ। ਇਸ ਲਈ ਸਾਡੀ ਦੇਖ ਭਾਲ ਕਰੋ।"(19)

ਕੋਈ ਕੋਈ ਸੰਜਮ ਰਹਿਤ, ਅਜੇਹੀ ਪ੍ਰਾਰਥਨਾ ਵਿੱਚ ਸੰਜਮ ਤੋਂ ਗਿਰ ਜਾਂਦਾ ਹੈ। ਅਸੰਜਮੀ ਪੁਰਸ਼ਾਂ ਦੁਆਰਾ ਭਰਿਸ਼ਟ ਹੋਣ ਤੇ ਵੀ ਉਹ ਪਾਪ ਕਰਮ ਤੋਂ ਸ਼ਰਮ ਮਹਿਸੂਸ ਨਹੀਂ ਕਰਦੇ। (20)

"ਮੋਹ ਵਸ ਹੋ ਕੇ ਮਨੁੱਖ ਪਾਪ ਕਰਨ ਵਿੱਚ ਬੇਸ਼ਰਮ ਬਣ ਜਾਂਦਾ ਹੈ। ਇਸ ਲਈ ਹੇ ਪੰਡਿਤ (ਗਿਆਨੀ) ! ਤੂੰ ਰਾਗ ਦਵੇਸ਼ ਰਹਿਤ ਹੋਕੇ ਵਿਚਾਰ ਕਰ। ਸੱਤ ਅਤੇ ਅਸੱਤ ਤੋਂ ਜਾਣੂ ਹੋ ਕੇ, ਪਾਪ ਛੱਡ ਕੇ ਚੰਗੇ ਰਾਹ ਤੇ ਚੱਲੋ। ਵੀਰ ਪੁਰਸ਼ ਹੀ ਮਹਾਨ ਰਾਹ ਤੇ ਚਲਦੇ ਹਨ। ਇਹੋ ਮਹਾ ਮਾਰਗ ਸਿੱਧੀ ਦਾ ਰਾਹ ਹੈ ਅਤੇ ਮੁਕਤੀ ਦੇ ਨੇੜੇ ਲੈ ਜਾਣ ਵਾਲਾ ਹੈ। ਧਰੁਵ (ਸਥਿਰ) ਤੇ ਪਾਪ ਰਹਿਤ ਹੈ। (21)

ਕਰਮਾਂ ਦੇ ਬੰਧਨਾਂ ਨੂੰ ਛੇਦਨ ਵਾਲਾ ਮਨ, ਵਚਨ, ਕਾਇਆ ਦੀ ਗੁਪਤੀ ਰਾਹੀਂ, ਧਨ, ਦੌਲਤ, ਪਰਿਵਾਰ, ਪਾਪ ਦਾ ਤਿਆਗ ਕਰਕੇ, ਸੁਚੱਜੇ ਢੰਗ ਨਾਲ ਸੰਜਮ ਦਾ ਪਾਲਣ ਕਰੇ। ਇਸ ਪ੍ਰਕਾਰ ਮੈਂ ਆਖਦਾ ਹਾਂ।

# ਦੂਸਰਾ ਉਦੇਸ਼ਕ

(ਭਗਵਾਨ ਰਿਸ਼ਵਦੇਵ ਆਪਣੇ ਪੁੱਤਰਾਂ ਨੂੰ ਉਪਦੇਸ਼ ਦਿੰਦੇ ਹੋਏ ਆਖਦੇ ਹਨ) "ਜਿਵੇਂ ਸੱਪ ਕੁੰਜ ਛੱਡਣ ਯੋਗ ਸਮਝ ਕੇ ਛੱਡ ਦਿੰਦਾ ਹੈ, ਉਸੇ ਪ੍ਰਕਾਰ ਮੁਨੀ ਨੂੰ ਕਰਮ ਰੂਪੀ ਧੂੜ ਛੱਡ ਦੇਣੀ ਚਾਹੀਦੀ ਹੈ। ਕਸ਼ਾਏ ਦੀ ਅਣਹੋਂਦ ਸਦਕਾ ਹੀ ਕਰਮਾਂ ਦੀ ਅਣਹੋਂਦ ਹੈ। ਅਜਿਹਾ ਸਮਝਦਾ ਹੋਇਆ ਸਾਧੂ ਜਾਤ, ਗੋਤ ਦਾ ਅਹੰਕਾਰ ਨਾ ਕਰੇ। ਦੂਸਰੇ ਦੀ ਨਿੰਦਾ ਕਲਿਆਣਕਾਰੀ ਨਹੀਂ, ਇਹ ਸਮਝ ਕੇ ਨਿੰਦਾ ਨਾ ਕਰੇ। (1)

"ਜੋ ਦੂਸਰੇ ਦੀ ਪ੍ਰਵਾਹ ਨਹੀਂ ਕਰਦਾ, ਉਹ ਲੰਬਾ ਸਮਾਂ ਜਨਮ ਮਰਨ ਦੇ ਚੱਕਰ ਵਿੱਚ ਘੁੰਮਦਾ ਰਹਿੰਦਾ ਹੈ।" ਅਜਿਹਾ ਜਾਣ ਕੇ ਕਿਸੇ ਦੂਸਰੇ ਤੇ ਦੋਸ਼ ਮੜ੍ਹਨਾ ਚੰਗਾ ਨਹੀਂ। "ਮੈਂ ਦੂਸਰੇ ਤੋਂ ਛੋਟਾ ਹਾਂ, ਮੈਂ ਦੂਸਰੇ ਤੋਂ ਵੱਡਾ ਹਾਂ।" ਅਜਿਹਾ ਹੰਕਾਰ ਨਾਲ ਭਰਿਆ ਵਿਚਾਰ ਛੱਡਣ ਯੋਗ ਹੈ। (2)

"ਚਾਹੇ ਕੋਈ ਕਿੰਨਾ ਵੀ ਮਹੱਤਵ ਪੂਰਣ ਤੇ ਸ਼ਕਤੀਸ਼ਾਲੀ ਚੱਕਰਵਰਤੀ ਰਾਜਾ ਹੋਵੇ, ਚਾਹੇ ਕੋਈ ਨੌਕਰ ਦਾ ਨੌਕਰ ਹੋਵੇ। ਜੋ ਕੋਈ ਵੀ ਮੁਨੀ ਵਰਤ ਗ੍ਰਹਿਣ ਕਰ ਚੁੱਕਾ ਹੈ ਉਸ ਨੂੰ ਝੂਠੀ ਸ਼ਰਮ ਨੂੰ ਤਿਆਗ ਕੇ, ਉਸ ਤਿਆਗੀ ਨਾਲ ਸਮਾਨਤਾ ਪੂਰਵਕ ਵਿਵਹਾਰ ਕਰਨਾ ਚਾਹੀਦਾ ਹੈ। ਭਾਵੇਂ ਆਪਣੇ ਤੋਂ ਪਹਿਲਾਂ ਮੁਨੀ ਬਣੇ ਦਾਸ ਨੂੰ ਵੀ ਬੰਦਨਾ ਕਰਨਾ ਜ਼ਰੂਰੀ ਹੈ। ਇਸ ਵਿੱਚ ਹੰਕਾਰ ਨਹੀਂ ਕਰਨਾ ਚਾਹੀਦਾ ਹੈ। (3)

ਠੀਕ ਤਰ੍ਹਾਂ ਨਾਲ ਸ਼ੁੱਧ, ਜੀਵਨ ਭਰ ਸੰਜਮ ਦੀ ਸਾਧਨਾ ਕਰਨ ਵਾਲਾ, ਸ਼ੁੱਧ ਵਿਚਾਰਾਂ ਵਾਲਾ, ਸਾਮਾਇਕ ਛੇਦੋ ਸਥਾਪਨੀਆਂ ਚਾਰਿਤਰ (ਮੁਨੀ ਦੀਖਿਆ ਦਾ ਇੱਕ ਸ਼ੁੱਧ ਸਰੂਪ) ਵਾਲਾ ਮੁਨੀ, ਵਿਵੇਕ ਪੂਰਵਕ ਜੀਵਨ ਦੀ ਆਖਰੀ ਘੜੀ ਤੱਕ ਸੰਜਮ ਦਾ ਪਾਲਣ ਕਰੇ। (4)

ਤਿੰਨ ਕਾਲ ਦਾ ਤ੍ਰਿਕਾਲ-ਦਰਸ਼ੀ ਮੋਕਸ਼ ਨੂੰ ਅਤੇ ਭੂਤ, ਵਰਤਮਾਨ ਤੇ ਭਵਿੱਖ ਦਾ ਗਿਆਨਵਾਨ ਮੁਨੀ ਕਿਸੇ ਵੀ ਸਮੇਂ ਹੀਣ ਭਾਵਨਾ ਨਾ ਲਿਆਵੇ। ਕਠੋਰ ਵਾਕਾਂ ਅਤੇ ਸਜ਼ਾਵਾਂ ਨੂੰ ਵੀ ਸਹਿਨਸ਼ੀਲਤਾ ਨਾਲ ਸਹਿਣ ਕਰੇ। (5)

---

ਟਿੱਪਣੀ ਗਾਥਾ 4— ਸਾਧੂ ਦੀ ਸੰਜਮ ਸਾਧਨਾ ਦੇ ਪੰਜ ਚਾਰਿਤਰ ਆਖੇ ਗਏ ਹਨ 1. ਸਾਮਾਇਕ 2. ਛੇਦੋਪਸਥਾਪਨੀਆ 3. ਪਰਿਹਾਰ ਵਿਸ਼ੁਧੀ 4. ਅਤੇ ਯਥਾ ਅਖਿਆਤ।

ਸੰਪੂਰਨ ਪ੍ਰਗਿਆਵਾਨ (ਪ੍ਰਸ਼ਨਾਂ ਦਾ ਉੱਤਰ ਦੇਣ ਵਿੱਚ ਸਮਰੱਥ) ਮੁਨੀ ਸਦਾ ਕਸ਼ਾਏ ਨੂੰ ਜਿੱਤੇ। ਸਮਭਾਵ ਨਾਲ ਅਹਿੰਸਾ ਧਰਮ ਦਾ ਉਪਦੇਸ਼ ਕਰੇ। ਸੰਜਮ ਦੀ ਕਦੇ ਵੀ ਆਰਾਧਨਾ ਨਾ ਤਿਆਗੇ। ਅਪਮਾਨ ਮਿਲਣ ਤੇ ਗੁੱਸਾ ਨਾ ਕਰੇ ਅਤੇ ਸਨਮਾਨ ਮਿਲਣ ਤੇ ਅਭਿਮਾਨ ਨਾ ਕਰੇ। (6)

ਬਹੁਤ ਲੋਕਾਂ ਰਾਹੀਂ ਪ੍ਰਸ਼ੰਸਾ ਪ੍ਰਾਪਤ, ਸਮਾਧੀ ਧਰਮ ਭਰਪੂਰ, ਧੰਨ, ਸੰਪੱਤੀ ਆਦਿ ਬਾਹਰਲੇ ਅੰਦਰਲੇ ਪਰਿਗ੍ਰਹਿ ਦਾ ਤਿਆਗੀ ਮੁਨੀ ਝੀਲ ਦੇ ਪਾਣੀ ਦੀ ਤਰ੍ਹਾਂ ਕਸ਼ਯਪ (ਭਗਵਾਨ ਮਹਾਵੀਰ ਦਾ ਵਿਸ਼ੇਸ਼ਣ) ਦੇ ਧਰਮ ਨੂੰ ਫੈਲਾਵੇ। (7)

ਸੰਸਾਰ ਵਿੱਚ ਭਿੰਨ ਭਿੰਨ ਤਰ੍ਹਾਂ ਦੇ ਜੀਵ, ਭਿੰਨ ਅਵਸਥਾਵਾਂ ਵਾਲੇ ਹਨ। ਉਨ੍ਹਾਂ ਸਾਰੇ ਜੀਵਾਂ ਪ੍ਰਤਿ ਸਮਭਾਵ ਰੱਖਣ ਵਾਲਾ, ਸੰਜਮੀ ਅਤੇ ਵਿਵੇਕੀ ਮੁਨੀ ਹਿੰਸਾ ਨੂੰ ਕਦੇ ਵੀ ਗ੍ਰਹਿਣ ਨਾ ਕਰੇ। (8)

ਸ਼ਾਸਤਰਾਂ ਦਾ ਜਾਣਕਾਰ ਮੁਨੀ ਹਮੇਸ਼ਾ ਆਰੰਭ (ਪਾਪ) ਤੋਂ ਦੂਰ ਰਹਿਣ ਕਾਰਣ ਹੀ ਮੁਨੀ ਅਖਵਾਉਂਦਾ ਹੈ। ਇਸ ਤੋਂ ਉਲਟ ਪਰਿਗ੍ਰਹਿ (ਸੰਗ੍ਰਹਿ ਦੀ ਭਾਵਨਾ) ਪ੍ਰਤਿ ਮਮਤਾ ਰੱਖਣ ਵਾਲਾ, ਮੌਤ ਸਮੇਂ ਦੁੱਖੀ ਹੁੰਦਾ ਹੈ। ਪਰ ਇਹ ਪਰਿਗ੍ਰਹਿ ਉਸ ਨੂੰ ਦੋਬਾਰਾ ਪ੍ਰਾਪਤ ਨਹੀਂ ਹੁੰਦਾ। ਸਗੋਂ ਲੱਖ ਦੁੱਖੀ ਹੋਣ ਦੇ ਬਾਵਜੂਦ ਪਰਿਗ੍ਰਹਿ ਧਰਤੀ ਤੇ ਰਹਿ ਜਾਂਦਾ ਹੈ। ਉਸ ਦੇ ਨਾਲ ਨਹੀਂ ਜਾਂਦਾ। (9)

ਧੰਨ, ਅਨਾਜ ਅਤੇ ਸੱਜਣ ਆਦਿ ਰੂਪ (ਵਿਖਾਈ ਦੇਣ) ਵਾਲਾ ਪਰਿਗ੍ਰਹਿ,ਦੁੱਖ ਦੇਣ ਵਾਲਾ ਹੈ। ਇਹ ਪਰਿਗ੍ਰਹਿ ਇਸ ਲੋਕ ਤੇ ਪਰਲੋਕ ਵਿੱਚ ਦੁੱਖ ਦਾ ਕਾਰਨ ਹੈ। ਇਸ ਨੂੰ ਸਮਝੋ! ਇਹ ਨਾਸ਼ਵਾਨ (ਅਨੰਤ) ਵਸਤਾਂ ਹਨ।" ਅਜਿਹਾ ਸਮਝ ਕੇ ਕੌਣ ਸਮਝਦਾਰ ਘਰ ਤੇ ਗ੍ਰਹਿਸਥੀ ਦੇ ਝੰਜਟ ਨੂੰ ਪਸੰਦ ਕਰੇਗਾ। (10)

"ਮਮਤਾ ਰੂਪੀ ਚੀਕੜ ਨੂੰ ਲੰਘਣਾ ਸੰਸਾਰੀ ਜੀਵ ਲਈ ਬਹੁਤ ਕਠਿਨ ਹੈ।" ਅਜਿਹਾ ਜਾਣਕੇ ਮੁਨੀ, ਰਾਜਾ ਆਦਿ ਦੇ ਸਤਿਕਾਰ, ਬੰਦਨ ਪੂਜਾ ਦਾ ਅਹੰਕਾਰ ਨਾ ਕਰੇ। ਇਹ ਹੰਕਾਰ ਰੂਪੀ ਕਾਂਟੇ ਦਾ ਤਿਆਗ ਬਹੁਤ ਔਖਾ ਹੈ। ਵਿਦਵਾਨ ਮੁਨੀ ਲਈ ਇਹੋ ਠੀਕ ਹੈ ਕਿ ਫਾਲਤੂ ਸੰਸਾਰਿਕ ਜਾਣਕਾਰੀ ਦਾ ਤਿਆਗ ਕਰ ਦੇਵੇ। (11)

ਸਾਧੂ ਦਰਵ (ਸ਼ਰੀਰ) ਪੱਖੋਂ ਇਕੱਲਾ ਅਤੇ ਰਾਗ ਦਵੇਸ਼ ਰਹਿਤ ਹੋ ਕੇ ਗੁਜ਼ਰੇ। ਇਕੱਲਾ ਹੀ ਕਾਯੋਤਸਰਗ, (ਸ਼ਰੀਰ ਦੇ ਮੋਹ ਦਾ ਤਿਆਗ) ਕਰੇ ਇਕੱਲਾ ਹੀ ਆਸਨ ਫੱਟਾ ਗ੍ਰਹਿਣ ਕਰੇ ਅਤੇ ਧਰਮ ਧਿਆਨ ਕਰੇ। ਤਪੱਸਿਆ ਵਿੱਚ ਸ਼ਰੀਰ ਨੂੰ ਲਗਾਵੇ। ਬਚਨ ਤੇ ਮਨ ਰਾਹੀਂ ਸੰਜਮ ਦਾ ਪਾਲਨ ਕਰੇ। (12)

ਸਾਧੂ ਨੂੰ ਉਜਾੜ ਘਰ ਵਿੱਚ ਰਹਿਣ ਦਾ ਅਵਸਰ ਮਿਲੇ ਤਾਂ ਉਸ ਘਰ ਦਾ ਦਰਵਾਜਾ

ਨਾ ਖੋਲੇ ਨਾ ਬੰਦ ਕਰੇ। ਕੋਈ ਪ੍ਰਸ਼ਨ ਵੀ ਕਰੇ ਤਾਂ ਸਾਵਧਯ (ਪਾਪਕਾਰੀ) ਭਾਸ਼ਾ ਦਾ ਇਸਤੇਮਾਲ ਨਾ ਕਰੇ। (13)

ਘੁੰਮਦੇ ਘੁੰਮਦੇ ਜੋ ਸੂਰਜ ਛਿਪ ਜਾਵੇ ਤਾਂ ਉਸੇ ਜਗ੍ਹਾ ਤੇ ਟਿਕਾਣਾ ਕਰੇ। ਯੋਗ ਤੇ ਅਯੋਗ ਆਸਨ ਮਿਲਣ ਤੇ ਸਾਰੇ ਪਰਿਸ਼ੈ (ਅਚਾਨਕ ਆਉਣ ਵਾਲੇ ਕਸ਼ਟ) ਨੂੰ ਸਹਿਣ ਕਰੇ। ਕਿਸੇ ਵੀ ਸਥਿਤੀ ਵਿੱਚ ਨਾ ਘਬਰਾਏ। ਮੱਛਰ, ਸ਼ੇਰ ਜਾਂ ਸੱਪ ਆਦਿ ਜਾਨਵਰਾਂ ਦੇ ਕਸ਼ਟ ਆਉਣ ਤੇ ਵੀ ਆਪਣਾ ਆਸਨ ਨਾ ਛੱਡੇ। ਕਸ਼ਟਾਂ ਨੂੰ ਸਮਤਾ ਨਾਲ ਸਹਿਨ ਕਰੇ। (14)

ਉਜਾੜ ਘਰ ਵਿੱਚ ਮਹਾ ਮੁਨੀ ਪਸ਼ੂ ਤੇ ਦੇਵਤਿਆਂ ਰਾਹੀਂ ਦਿੱਤੇ ਕਸ਼ਟਾਂ ਨੂੰ ਸਹਿਣ ਕਰੇ। ਡਰ ਦਾ ਚਿੰਨ੍ਹ ਮਾਤਰ ਵੀ ਚੇਹਰੇ ਤੇ ਨਾ ਲਿਆਵੇ। (15)

ਅਜਿਹੇ ਕਸ਼ਟਾਂ ਵਿਚ ਸਾਧੂ ਜਿੰਦਗੀ ਦੀ ਪਰਵਾਹ ਨਾ ਕਰੇ। ਕਸ਼ਟ ਸਹਿਣ ਕਰਕੇ ਪ੍ਰਸ਼ੰਸਾ ਦੀ ਇੱਛਾ ਨਾ ਕਰੇ। ਇਸ ਤਰ੍ਹਾਂ ਸੁੰਨੇ ਘਰਾਂ ਵਿੱਚ ਰਹਿੰਦੇ, ਮੁਨੀ ਨੂੰ ਭਿਆਨਕ ਕਸ਼ਟ ਸਹਿਣਾ ਸੁਖਾਲਾ ਹੋ ਜਾਂਦਾ ਹੈ। (16)

"ਜਿਸ ਦੀ ਆਤਮਾ ਵਿੱਚ ਗਿਆਨ ਆਦਿ ਗੁਣਾਂ ਦਾ ਪ੍ਰਕਾਸ਼ ਹੈ। ਜੋ ਆਪਣੀ ਤੇ ਪਰਾਈ ਆਤਮਾ ਦਾ ਉਪਕਾਰ ਕਰਦਾ ਹੈ। ਜੋ ਇਸਤਰੀ, ਪਸ਼ੂ, ਨਿਪੁੰਸਕ (ਹੀਜੜਾ) ਰਹਿਤ ਮਕਾਨ ਵਿੱਚ ਠਹਿਰਦਾ ਹੈ।" ਉਸ ਨੂੰ ਹੀ ਸਮਾਇਕ ਚਰਿੱਤਰ ਦਾ ਧਾਰਕ ਭਗਵਾਨ ਨੇ ਕਿਹਾ ਹੈ। ਅਜਿਹੇ ਚਰਿੱਤਰਵਾਨ ਮੁਨੀ ਨੂੰ ਕਸ਼ਟ ਆਉਣ ਤੇ ਡਰਨਾ ਚਾਹੀਦਾ। (17)

ਜੋ ਗਰਮ ਪਾਣੀ ਪੀਂਦਾ ਹੈ ਜਾਂ ਗਰਮ ਪਾਣੀ ਨੂੰ ਠੰਡਾ ਕੀਤੇ ਬਿਨਾ ਪੀਂਦਾ ਹੈ। ਉਹ ਸ਼ਰੁਤ ਚਾਰਿੱਤਰ ਰੂਪੀ ਧਰਮ ਵਿੱਚ ਰਹਿੰਦਾ ਹੈ। ਜੋ ਅਸੰਜਮ ਪ੍ਰਤਿ ਸ਼ਰਮ ਮਹਿਸੂਸ ਕਰਦਾ ਹੈ। ਅਜਿਹੇ ਮੁਨੀ ਨੂੰ ਰਾਜੇ ਆਦਿ ਨਾਲ ਮਿਲਨਾ ਠੀਕ ਨਹੀਂ। ਅਜਿਹੀ ਮੁਲਾਕਾਤ ਕਾਰਨ ਮੁਨੀ ਦੇ ਮਨ ਵਿੱਚ ਅਸਮਾਧੀ (ਆਤਮਿਕ ਦੁੱਖ) ਪੈਦਾ ਹੁੰਦਾ ਹੈ। (18)

ਜੋ ਕਲੇਸ਼ੀ ਹੈ ਜੋ ਕਠੋਰ ਭਾਸ਼ਾ ਦਾ ਪ੍ਰਯੋਗ ਕਰਦਾ ਹੈ ਉਸ ਦਾ ਸੰਜਮ ਜਾਂ ਮੋਕਸ਼ ਨਸ਼ਟ ਹੋ ਜਾਂਦਾ ਹੈ। ਇਸ ਕਾਰਣ ਪੰਡਿਤ (ਗਿਆਨੀ) ਕਦੇ ਵੀ ਕਰੋਧ ਨਾ ਕਰੇ। (19)

---

ਟਿੱਪਣੀ ਗਾਥਾ 17—ਜੈਨ ਗ੍ਰੰਥਾਂ ਵਿੱਚ ਨਪੁੰਸਕ ਦੇ ਦੋ ਭੇਦ ਹਨ।

(1) ਜਨਮ ਨਪੁੰਸਕ (2) ਬਨਾਵਟੀ ਨਪੁੰਸਕ।

ਜੋ ਮੁਨੀ ਸਚਿੱਤ (ਜੀਵ ਸਹਿਤ) ਪਾਣੀ ਪੀਣ ਤੋਂ ਘ੍ਰਿਣਾ ਕਰਦਾ ਹੈ ਜੋ ਪਰਲੋਕ ਸੰਬੰਧੀ ਸੁੱਖਾਂ ਦੀ ਇੱਛਾ ਨਹੀਂ ਕਰਦਾ। ਜੋ ਕਰਮ ਬੰਧਨ ਵਾਲੀ ਕ੍ਰਿਆ ਤੋਂ ਦੂਰ ਰਹਿੰਦਾ ਹੈ ਅਤੇ ਜੋ ਗ੍ਰਹਿਸਥ ਦੇ ਵਰਤਨ ਵਿਚ ਭੋਜਨ ਨਹੀਂ ਕਰਦਾ। ਤੀਰਥੰਕਰ ਭਗਵਾਨ ਨੇ ਉਸੇ ਨੂੰ ਸਮਭਾਵੀ (ਚਾਰਿੱਤਰਵਾਨ) ਕਿਹਾ ਹੈ । (20)

"ਜ਼ਿੰਦਗੀ ਦੀ ਡੋਰ ਟੁੱਟਣ ਤੇ ਫੇਰ ਨਹੀਂ ਜੁੜਦੀ।" ਅਜਿਹਾ ਗਿਆਨੀ ਪੁਰਸ਼ਾਂ ਦਾ ਕਥਨ ਹੈ ਅਗਿਆਨੀ ਬੇਸ਼ਰਮੀ ਨਾਲ ਪਾਪ ਕਰਦਾ ਹੈ। ਅਜਿਹਾ ਜੀਵ ਹੀ ਪਾਪੀ ਅਖਵਾਉਂਦਾ ਹੈ। ਮੁਨੀ ਨੂੰ ਕਿਸੇ ਤਰ੍ਹਾਂ ਦਾ ਮੱਦ (ਅਹੰਕਾਰ) ਨਹੀਂ ਕਰਨਾ ਚਾਹੀਦਾ (ਭਾਵ ਮੈਂ ਧਰਮੀ ਹਾਂ ਦੂਸਰੇ ਅਧਰਮੀ ਹਨ) ਇਸ ਪ੍ਰਕਾਰ ਦਾ ਹੰਕਾਰ ਬੇਕਾਰ ਹੈ।" (21)

ਧੋਖੇਵਾਜ ਤੇ ਮੋਹ ਵਿੱਚ ਘਿਰੇ ਲੋਕ ਆਪਣੀ ਮਨਮਤਜੀਆਂ ਦੇ ਸਿੱਟੇ ਵਜੋਂ ਹੀ ਨਰਕ ਵਿੱਚ ਘੁੰਮਦੇ ਹਨ। ਸਾਧੂ ਪੁਰਸ਼ ਅਜਿਹਾ ਜਾਣ ਕੇ ਮਾਇਆ ਰਹਿਤ ਹੋ ਕੇ ਘੁੰਮ ਮਨ ਬਚਨ ਤੇ ਸ਼ਰੀਰ ਰਾਹੀਂ ਗ਼ਰਮੀ ਸਰਦੀ ਦੇ ਕਸ਼ਟਾਂ ਨੂੰ ਸਹੇ। (22)

ਜਿਵੇਂ ਹੁਸ਼ਿਆਰ ਜੁਆਰੀ ਇੱਕ, ਦੋ ਜਾਂ ਤੀਸਰੇ ਦਾਵ ਨੂੰ ਛੱਡ ਕੇ ਚੌਥੇ ਦਾਵ ਤੇ ਠਹਿਰਦਾ ਹੈ। ਉਸੇ ਪ੍ਰਕਾਰ ਗਿਆਨੀ, ਉੱਤਮ ਤੇ ਕਲਿਆਣ ਕਾਰੀ ਧਰਮ ਨੂੰ ਗ੍ਰਹਿਣ ਕਰਦਾ ਹੈ। (23)

ਜਿਵੇਂ ਜੁਆਰੀ ਇੱਕ ਦੋ ਥਾਵਾਂ ਨੂੰ ਛੱਡ ਕੇ ਚਾਰ ਤੇ ਦਾਓ ਮਾਰਦਾ ਹੈ। ਉਸੇ ਤਰ੍ਹਾਂ ਸੰਸਾਰ ਦੇ ਪ੍ਰਤਿ ਗੰਭੀਰ ਸਰਵਗ ਭਗਵਾਨ ਰਾਹੀਂ ਦੱਸੇ ਧਰਮ ਤੇ ਦਾਓ ਮਾਰਨਾ ਚਾਹੀਦਾ ਹੈ। ਇਹੋ ਧਰਮ ਹਿੱਤਕਾਰੀ ਤੇ ਉੱਤਮ ਹੈ। (25)

"ਮੈਂ ਕਸ਼ਯਪ (ਭਗਵਾਨ ਮਹਾਵੀਰ) ਤੋਂ ਸੁਣਿਆ ਹੈ ਕਿ ਇੰਦਰੀਆਂ ਦੇ ਵਿਸ਼ੇ ਵਿਕਾਰਾਂ ਨੂੰ ਜਿੱਤਣਾ ਬਹੁਤ ਹੀ ਕਠਿਨ ਹੈ। ਜੋ ਮਹਾਪੁਰਸ਼ ਇੰਦਰੀਆਂ ਦੇ ਵਿਕਾਰਾਂ ਨੂੰ ਜਿੱਤਣ ਵਿੱਚ ਲੱਗੇ ਹਨ ਉਹ ਹੀ ਕਸ਼ਯਪ ਭਗਵਾਨ (ਰਿਸ਼ਭਦੇਵ ਤੋਂ ਲੈ ਕੇ ਭਗਵਾਨ ਮਹਾਵੀਰ ਤੱਕ) ਦੀ ਪ੍ਰੰਪਰਾ ਦੇ ਅਨੁਯਾਈ ਹਨ।" (25)

"ਜੋ ਮਹਾਰਿਸ਼ੀ ਗਿਆਤਾ ਪੁੱਤਰ (ਮਹਾਵੀਰ) ਦੇ ਰਾਹੀਂ ਪ੍ਰਗਟ ਕੀਤੇ ਧਰਮ ਦਾ ਆਚਰਣ ਕਰਦੇ ਹਨ ਉਹੀ ਪੁਰਸ਼ ਧਰਮੀ ਹਨ। ਉਹ ਪੁਰਸ਼ ਹੀ ਕੁਰਾਹੇ ਨੂੰ ਛੱਡਕੇ ਠੀਕ ਰਾਹਾਂ ਤੇ ਚਲਦੇ ਹਨ। ਧਰਮ ਤੋਂ ਗਿਰ ਜਾਣ ਤੇਵੀ, ਇੱਕ ਦੂਸਰੇ ਦਾ ਸਹਾਰਾ ਬਣਦੇ ਹਨ।" (27)

ਗ੍ਰਹਿਸਥ ਅਵਸਥਾ ਵਿੱਚ ਭੋਗੇ ਕਾਮ, ਭੋਗਾਂ ਨੂੰ ਯਾਦ ਨਾ ਕਰੋ। ਅਠ ਕਰਮਾਂ ਦੇ ਚੱਕਰ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰੋ। (ਤਾਕਿ ਮੁਕਤੀ ਸਿੱਧ ਅਵਸਥਾ ਮਿਲ ਸਕੇ) ਜੋ

ਮਨ ਨੂੰ ਵਿਗਾੜਨ ਵਾਲੀ ਇੰਦਰੀਆਂ ਦੇ ਵਿਸ਼ੇ ਵਿਕਾਰਾਂ ਦੇ ਵੱਸ ਨਹੀਂ ਪੈਂਦੇ, ਉਨ੍ਹਾਂ ਨੂੰ ਆਤਮਿਕ ਸਮਾਧੀ (ਸੁੱਖ) ਪ੍ਰਾਪਤ ਹੁੰਦਾ ਹੈ। (21)

ਭੋਜਨ ਨੂੰ ਗਿਆ ਮੁਨੀ ਸੰਸਾਰਿਕ ਕਿੱਸੇ ਕਹਾਣਿਆਂ ਨਾ ਸੁਣਾਉਂਦਾ ਜਾਵੇ, ਕੋਈ ਪ੍ਰਸ਼ਨ ਵੀ ਕਰੇ, ਤਾਂ ਕਿਸੇ ਵੀ ਤਰ੍ਹਾਂ ਦਾ ਜੋਤਸ਼ ਨਾ ਦਸੇ। ਮੀਂਹ ਜਾਂ ਧਨ ਕਮਾਉਣ ਦੇ ਢੰਗ ਨਾ ਦੱਸੇ। ਸੰਜਮ ਦਾ ਆਚਰਣ ਕਰੇ। ਕਿਸੇ ਵਸਤੂ ਪ੍ਰਤਿ ਮਮਤਾ ਨਾ ਰੱਖੇ। (28)

ਸਾਧੂ ਨੂੰ ਮਾਇਆ, ਲੋਭ, ਮਾਨ, ਅਤੇ ਕਰੋਧ ਨਹੀਂ ਕਰਨਾ ਚਾਹੀਦਾ। ਜਿਨ੍ਹਾਂ ਮਹਾਂਪੁਰਸ਼ਾਂ ਨੇ ਕਰਮਾਂ ਦੇ ਨਾਸ਼ ਕਰਨ ਵਾਲੇ ਸੰਜਮ ਦਾ ਸੇਵਨ ਕੀਤਾ ਹੈ। ਉਹ ਹੀ ਵਿਵੇਕੀ ਤੇ ਧਰਮੀ ਹਨ। (29)

ਮੁਨੀ ਕਿਸੇ ਵੀ ਪਦਾਰਥ ਪ੍ਰਤਿ ਰਾਗ ਨਾ ਕਰੇ। ਗਿਆਨ ਆਦਿ ਨਾਲ ਯੁਕਤ ਹੋਕੇ, ਆਤਮ-ਹਿਤ ਵਲ ਅੱਗੇ ਵਧੇ। ਮਨ ਤੇ ਇੰਦਰੀਆਂ ਦਾ ਸੰਬਰ (ਕਰਮ ਬੰਧ ਰੋਕਣ ਦੀ ਪ੍ਰਕ੍ਰਿਆ) ਕਰੇ। ਧਰਮ ਦੀ ਹੀ ਕਾਮਨਾ ਕਰੇ। ਤਪੱਸਿਆ ਰਾਹੀਂ ਪਰਾਕਰਮੀ ਬਣੇ। ਇੰਦਰੀਆਂ ਨੂੰ ਵੱਸ ਵਿਚ ਕਰੇ, ਅਤੇ ਇਸੇ ਪ੍ਰਕਾਰ ਸੰਜਮ ਦਾ ਪਾਲਣ ਕਰੇ। ਕਿਉਂਕਿ ਸੰਸਾਰ ਵਿਚ ਘੁੰਮਦੇ ਜੀਵਾਂ ਨੂੰ ਆਤਮ ਕਲਿਆਣ ਦੁਰਲੱਭ ਹੈ। (30)

ਸਾਰੇ ਸੰਸਾਰ ਨੂੰ ਜਾਨਣ ਵਾਲੇ ਗਿਆਤਾ ਨੰਦਨ (ਭਗਵਾਨ ਮਹਾਵੀਰ) ਨੇ ਸਮਾਇਕ ਆਦਿ ਜੋ ਕਥਨ ਕੀਤਾ ਹੈ। ਉਸ ਨੂੰ ਨਿਸ਼ਚੇ ਹੀ ਜੀਵਾਂ ਨੇ ਪਹਿਲਾਂ ਨਹੀਂ ਸੁਣਿਆ। ਜੇ ਕਿਸੇ ਨੇ ਸੁਣਿਆ ਵੀ ਹੈ ਤਾਂ ਗ੍ਰਹਿਣ ਨਹੀਂ ਕੀਤਾ। (ਨਹੀਂ ਤਾਂ ਆਤਮ ਕਲਿਆਣ ਵਿਚ ਕੋਈ ਰੁਕਾਵਟ ਨਹੀਂ ਸੀ ਪੈਣੀ।) (31)

ਆਤਮ-ਹਿਤ ਦੀ ਪ੍ਰਾਪਤੀ ਹੀ ਮੁਸ਼ਕਿਲ ਹੈ। ਅਜਿਹਾ ਮੰਨ ਕੇ ਵੀਤਰਾਗੀ ਪੁਰਸ਼ਾਂ ਰਾਹੀਂ ਦਸਿਆ ਧਰਮ ਹੀ ਸ੍ਰੇਸ਼ਟ ਮੰਨੇ, ਅਜਿਹੇ ਜਾਣ ਕੇ ਸਮਿਅਕ ਗਿਆਨੀ, ਗੁਰੂ ਆਗਿਆ ਮੰਨਣ ਵਾਲੇ ਪਾਪਾਂ ਨੂੰ ਛੱਡ ਕੇ ਬਹੁਤ ਸਾਰੇ ਸੰਸਾਰ ਦੇ ਜਨਮ-ਮਰਨ ਨੂੰ ਤਿਆਗ ਕੇ ਮੁਕਤੀ ਪ੍ਰਾਪਤ ਕਰ ਗਏ ਹਨ। ਇਸ ਤਰ੍ਹਾਂ ਮੈਂ ਆਖਦਾ ਹਾਂ।

# ਤੀਸਰਾ ਉਦੇਸ਼ਕ

ਮਿਥਿਆਤਵ ਅਵਿਰਤੀ ਆਦਿ ਕਰਮ ਆਸ਼ਰਵ ਦੇ ਕਾਰਣ ਨੂੰ ਰੋਕਣ ਵਾਲਾ ਭਿਖਸ਼ੂ ਸੰਜਮ ਰਾਹੀਂ, ਆਤਮਾ ਨੂੰ ਪ੍ਰਭਾਵਿਤ ਕਰਨ ਵਾਲੇ ਕਰਮਾਂ ਦਾ ਖਾਤਮਾ ਕਰਦਾ ਹੈ। ਇਸ ਤਰ੍ਹਾਂ ਨਵੇਂ ਕਰਮਾਂ ਦੇ ਬਹਾਓ ਨੂੰ ਰੋਕ ਕੇ ਕਰਮ-ਬੰਧ ਨੂੰ ਖਤਮ ਕਰ ਕੇ, ਮੌਤ ਨੂੰ ਪਾਰ ਕਰਕੇ, ਉਹ ਮੁਕਤੀ ਪ੍ਰਾਪਤ ਕਰਦਾ ਹੈ। (1)

ਮਹਾਂ ਪੁਰਸ਼ ਇਸਤਰੀਆਂ ਦਾ ਸੇਵਨ ਨਹੀਂ ਕਰਦੇ, ਸੰਸਾਰਿਕ ਕਾਮ-ਭੋਗਾਂ ਨੂੰ ਰੋਗ ਦੀ ਤਰ੍ਹਾਂ ਵੇਖਦੇ ਹਨ। ਉਹ ਸੰਸਾਰ ਸਾਗਰ ਤੋਂ ਪਾਰ ਹੋ ਚੁੱਕੇ ਪੁਰਸ਼ਾਂ ਦੀ ਤਰ੍ਹਾਂ ਹਨ। ਇਹ ਗੱਲ ਨਿਸ਼ਚੇ ਸਮਝੋ ਕਿ ਕਾਮ-ਭੋਗਾਂ ਦੇ ਤਿਆਗ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ। (2)

ਜਿਵੇਂ ਵਪਾਰੀ ਰਾਹੀਂ ਵੇਚੇ ਰਤਨ ਰਾਜਾ ਆਦਿ ਦੀ ਵਰਤੋਂ ਯੋਗ ਹੁੰਦੇ ਹਨ। ਉਸੇ ਤਰ੍ਹਾਂ ਅਚਾਰਿਆ [ਧਰਮ ਪ੍ਰਮੁਖ] ਰਾਹੀਂ ਕਿਹਾ ਧਰਮ, ਰਾਤਰੀ ਭੋਜਨ ਦਾ ਤਿਆਗ ਤੇ ਪੰਚ ਮਹਾਂਵਰਤ [ਅਹਿੰਸਾ ਤੋਂ ਬ੍ਰਹਮਚਰਜ ਤੱਕ] ਪੁੰਨਵਾਨ ਜੀਵ ਹੀ ਧਾਰਨ ਕਰਦੇ ਹਨ। (3)

ਸੰਸਾਰ ਵਿੱਚ ਜਿੰਨੇ ਵੀ ਮਨੁੱਖ ਸੁੱਖਾਂ ਤੇ ਕਾਮ-ਭੋਗਾਂ ਵਿਚ ਰੁੱਝੇ ਹੋਏ ਹਨ। ਉਹ ਇੰਦਰੀਆਂ ਦੇ ਗੁਲਾਮ ਮਨੁੱਖ, ਵਿਸ਼ਿਆਂ ਦਾ ਮੱਕਾਰੀ ਨਾਲ ਸੇਵਨ ਕਰਦੇ ਹਨ। ਉਹ ਤੀਰਥੰਕਰਾਂ ਰਾਹੀਂ ਆਖੇ ਸਮਾਧੀ (ਸੁੱਖ) ਧਰਮ ਨੂੰ ਨਹੀਂ ਸਮਝਦੇ। (4)

ਜਿਵੇਂ ਕਮਜ਼ੋਰ ਬਲਦ, ਹੱਕਣ ਵਾਲੇ ਦੇ ਬਾਰ ਬਾਰ ਡੰਡੇ ਮਾਰਨ ਤੇ ਵੀ ਰਾਹ ਪਾਰ ਨਹੀਂ ਕਰ ਸਕਦਾ, ਉਸੇ ਪ੍ਰਕਾਰ ਆਲਸੀ ਤੇ ਦੁਰਬਲ ਜੀਵ ਦੁੱਖ ਪਾਉਂਦਾ ਹੈ ਕਿਉਂਕਿ ਉਹ ਕਾਮ-ਭੋਗਾਂ ਦਾ ਵਜ਼ਨ ਝਲ ਨਹੀਂ ਸਕਦਾ। (5)

ਇਸੇ ਪ੍ਰਕਾਰ ਕਾਮੀ ਸੋਚਦਾ ਰਹਿੰਦਾ ਹੈ ਕਿ "ਮੈਂ ਅਜ ਜਾਂ ਕਲ ਇਹ ਭੋਗ ਛਡ ਦੇਵਾਂਗਾ" ਪਰ ਇੰਦਰੀਆਂ ਦੀ ਗੁਲਾਮੀ ਕਾਰਣ ਉਹ ਇਹ ਛਡ ਨਹੀਂ ਸਕਦਾ। ਇਸ ਲਈ ਕਾਮ-ਭੋਗਾਂ ਦੀ ਇਛਾ ਮੁਕਤੀ-ਮਾਰਗ ਦੇ ਇਛੁਕ ਨੂੰ ਨਹੀਂ ਕਰਨੀ ਚਾਹੀਦੀ ਅਤੇ ਨਾ ਹੀ ਪ੍ਰਾਪਤ ਕਾਮ-ਭੋਗਾਂ ਨੂੰ ਘਟ ਸਮਝਣਾ ਚਾਹੀਦਾ ਹੈ। (6)

"ਮੌਤ ਪਿਛੋਂ ਦੁਰਗਤੀ ਨਾ ਹੋਵੇ", ਅਜਿਹਾ ਸਮਝ ਕੇ ਆਪਣੇ ਆਪ ਨੂੰ ਵਿਸ਼ੇ ਵਿਕਾਰਾਂ ਤੋਂ ਦੂਰ ਕਰੇ। ਆਪਣੀ ਆਤਮਾ ਨੂੰ ਸਿਖਿਅਤ ਕਰੇ। "ਹੇ ਆਤਮਾ!

ਗਲਤ ਕਰਮ ਕਰਨ ਵਾਲੇ ਨੂੰ ਦੁਰਗਤ ਵਿਚ ਕਸ਼ਟ ਭੋਗਣਾ ਹੀ ਪੈਂਦਾ ਹੈ। ਇਸ ਲਈ ਸਾਨੂੰ ਪਹਿਲਾਂ ਹੀ, ਕਾਮ-ਭੋਗਾਂ ਨੂੰ ਦੁਰਗਤੀ ਦਾ ਕਾਰਣ ਸਮਝ ਕੇ ਤਿਆਗ ਦੇਣਾ ਚਾਹੀਦਾ ਹੈ।" (7)

"ਜ਼ਿੰਦਗੀ ਹਰ ਪਲ ਨਸ਼ਟ ਹੋ ਰਹੀ ਹੈ। ਸੈਂਕੜੇ ਸਾਲਾਂ ਦੀ ਉਮਰ ਵਾਲੇ ਮਨੁੱਖ ਚਿੰਤਾ ਕਾਰਣ ਜਵਾਨੀ ਵਿਚ ਹੀ ਮੌਤ ਦੇ ਵੱਸ ਪੈ ਜਾਂਦੇ ਹਨ।" ਇਸ ਜ਼ਿੰਦਗੀ ਨੂੰ ਥੋੜਾ ਸਮਝਦੇ ਹੋਏ, ਸਮਝਦਾਰ ਪੁਰਸ਼ ਕਾਮ-ਭੋਗ ਪ੍ਰਤਿ ਲਗਾਵ ਨਹੀਂ ਰੱਖਦੇ। (8)

ਇਸ ਸੰਸਾਰ ਵਿੱਚ ਆਰੰਭ (ਹਿੰਸਾ ਆਦਿ ਪਾਪ) ਵਿੱਚ ਲਗੇ ਪ੍ਰਾਣੀ ਆਪਣੀ ਆਤਮਾ ਨੂੰ ਸਜ਼ਾ ਦੇਣ ਵਾਲੇ ਅਤੇ ਦੂਸਰੇ ਦੇ ਪ੍ਰਾਣਾਂ ਦੇ ਹਤਿਆਰੇ ਲੰਬੇ ਸਮੇਂ ਤਕ ਨਰਕਾਂ ਵਿੱਚ ਘੁੰਮਦੇ ਹਨ। ਜੇ ਬਾਲ ਤੱਪ (ਅਗਿਆਨਤਾ ਪੂਰਬਕ ਕੀਤਾ ਹੱਠ ਯੋਗ ਆਦਿ ਤੱਪ) ਫਲ ਸਦਕਾ ਦੇਵਗਤੀ ਮਿਲ ਜਾਵੇ, ਤਾਂ ਵੀ ਉਹ ਨੀਚ ਗਤੀ ਦੇ ਅਸੁਰ ਦੇਵਤਾ ਹੀ ਬਣਦੇ ਹਨ। (9)

"ਜੇ ਜ਼ਿੰਦਗੀ ਦਾ ਧਾਗਾ ਟੁੱਟ ਜਾਵੇ, ਫੇਰ ਕੋਈ ਜੋੜ ਨਹੀਂ ਸਕਦਾ", ਫੇਰ ਵੀ ਅਗਿਆਨੀ ਮੂਰਖਤਾ ਨਾਲ ਆਖਦੇ ਹਨ, "ਸਾਨੂੰ ਵਰਤਮਾਨ ਦੇ ਸੁੱਖਾਂ ਨਾਲ ਮਤਲਬ ਹੈ ਕੌਣ ਪਰਲੋਕ ਦੇ ਸੁੱਖਾਂ ਨੂੰ ਵੇਖਕੇ ਆਇਆ ਹੈ ?" (ਫਿਰ ਪ੍ਰਾਪਤ ਸੁੱਖਾਂ ਨੂੰ ਕਿਉਂ ਛੱਡਿਆ ਜਾਵੇ।)" (10)

ਹੇ ਗਿਆਨ ਦਰਿਸ਼ਟੀ ਹੀਨ ਅੰਨ੍ਹੇ ! ਤੂੰ ਸਰਵੱਗ ਦੁਆਰਾ ਦੱਸੇ ਸ਼ਾਸਤਰਾਂ ਦੇ ਉਪਦੇਸ਼ ਤੇ ਚਲ। ਇਹ ਸਮਝ ਕਿ ਆਪਣੇ ਰਾਹੀਂ ਕੀਤੇ ਮੋਹਨੀਆਂ ਕਰਮ ਕਾਰਣ ਹੀ ਸੱਚਾ ਗਿਆਨ ਪ੍ਰਾਪਤ ਨਹੀਂ ਹੋ ਰਿਹਾ। ਇਸ ਮੋਹਨੀਆਂ ਕਰਮ ਸਦਕਾ ਸੱਚੀ ਸ਼ਰਧਾ ਪ੍ਰਾਪਤ ਨਹੀਂ ਹੋ ਰਹੀ ਹੈ। (11)

ਦੁਖੀ ਜੀਵ ਵਾਰ ਵਾਰ ਮੋਹ ਨੂੰ ਪ੍ਰਾਪਤ ਹੁੰਦਾ ਹੈ, ਇਸ ਲਈ ਸਾਧੂ ਪੁਰਸ਼ ਨੂੰ ਚਾਹੀਦਾ ਹੈ ਕਿ ਸਤੁਤੀ ਤੇ ਪੂਜਾ ਦੀ ਇੱਛਾ ਨਾ ਕਰੇ। ਗਿਆਨੀ ਸਭ ਨੂੰ ਸਮਾਨ ਸਮਝਦੇ ਹਨ। (12)

ਜਦ ਗ੍ਰਹਿਸਥ ਸਿਲਸਿਲੇਵਾਰ ਧਰਮ ਨੂੰ ਧਾਰਨ ਕਰਕੇ, ਹਿੰਸਾ ਪ੍ਰਤਿ ਸਾਵਧਾਨੀ ਰੱਖਦਾ ਹੋਇਆ, ਸਾਰੇ ਜੀਵਾਂ ਪ੍ਰਤਿ ਸਮਭਾਵ ਵਰਤਦਾ ਹੋਇਆ, ਸਵਰਗ ਨੂੰ ਚਲਾ ਜਾਂਦਾ ਹੈ, ਤਾਂ ਫੇਰ ਪੰਜ ਮਹਾਂਵਰਤ ਦੇ ਧਾਰਕ ਮੁਨੀ ਦੀ ਸਾਧਨਾ ਤਾਂ ਬਹੁਤ ਹੀ ਮਹਾਨ ਹੈ। (ਉਹਨਾਂ ਲਈ ਤਾਂ ਮੋਕਸ਼ ਦਾ ਦਰ ਬਹੁਤ ਆਸਾਨ ਹੈ।) (13)

ਭਿਖਸ਼ੂ ਨੂੰ ਵੀਤਰਾਗ ਦੇ ਧਰਮ ਉਪਦੇਸ਼ ਨੂੰ ਸੁਣਕੇ ਸੰਜਮ ਪ੍ਰਤਿ ਉੱਦਮ ਕਰਨਾ ਚਾਹੀਦਾ ਹੈ। ਸਭ ਜੀਵਾਂ ਪ੍ਰਤਿ ਸਵਾਰਥ ਰਹਿਤ ਹੋ ਕੇ, ਸ਼ੁਧ ਭੋਜਨ ਪ੍ਰਾਪਤ ਕਰਕੇ, ਜੀਵਨ ਗੁਜ਼ਾਰਨਾ ਚਾਹੀਦਾ ਹੈ। (14)

ਸਾਧੂ ਗਲਤ ਤੇ ਠੀਕ ਪਦਾਰਥਾਂ ਨੂੰ ਜਾਣ ਕੇ ਸੰਬਰ (ਕਰਮ ਬਹਾ ਰੋਕਣ ਦੀ) ਕ੍ਰਿਆ ਕਰੇ। ਮਨ, ਵਚਨ ਤੇ ਕਾਇਆ (ਸ਼ਰੀਰ) ਦੇ ਵਿਕਾਰਾਂ ਪ੍ਰਤਿ ਸਾਵਧਾਨ ਰਹੇ। ਗਿਆਨ ਪੂਰਵਕ ਆਪਣੇ ਤੇ ਪਰਾਏ ਦੀ ਪਹਿਚਾਣ ਕਰਦਾ ਹੋਇਆ,ਮੋਕਸ਼ ਵਲ ਅਗੇ ਵਧੇ। (15)

ਅਗਿਆਨੀ ਧੰਨ ਆਦਿ ਅਜੀਵ, ਵਸਤੂਆਂ, ਪਸ਼ੂ ਤੇ ਰਿਸ਼ਤੇਦਾਰਾਂ ਨੂੰ ਹੀ ਆਸਰਾ (ਸ਼ਰਨ) ਮੰਨਦਾ ਹੈ। "ਉਹ ਸਮਝਦਾ ਹੈ ਕਿ ਇਹ ਸਭ ਮੇਰੇ ਹਨ", ਮੈਂ ਇਨ੍ਹਾਂ ਦੀ ਰੱਖਿਆ ਕਰਾਂਗਾ, ਪਰ ਇਹ ਉਸਦੀ ਰੱਖਿਆ ਨਹੀਂ ਕਰ ਸਕਦੇ। (16)

ਆਸਾਤਾਵੇਦਨੀਆਂ ਕਰਮ (ਦੁੱਖ ਭੋਗਣ ਦਾ ਕਾਰਣ ਕਰਮ) ਦੇ ਪ੍ਰਗਟ ਹੋਣ ਤੇ ਦੁੱਖ ਨੂੰ ਜੀਵ ਇਕੱਲਾ ਹੀ ਭੋਗਦਾ ਹੈ। ਜ਼ਿਆਦਾ ਚਿੰਤਾ ਕਾਰਣ ਜਾਂ ਉਮਰ ਦੇ ਖਾਤਮੇ ਕਾਰਣ ਜਦ ਮੌਤ ਆਉਂਦੀ ਹੈ ਤਾਂ ਆਦਮੀ ਇਕੱਲਾ ਹੀ ਸੰਸਾਰ ਛੱਡ ਜਾਂਦਾ ਹੈ ਜਿਵੇਂ ਉਹ ਇਕੱਲਾ ਸੰਸਾਰ ਵਿੱਚ ਆਇਆ ਸੀ। (17)

ਸੰਸਾਰ ਵਿੱਚ ਸਭ ਪ੍ਰਾਣੀ ਆਪਣੇ ਪਿਛਲੇ ਕੀਤੇ ਕਰਮਾਂ ਸਦਕਾ ਭਿੰਨ ਭਿੰਨ ਜੂਨੀਆਂ ਵਿੱਚ ਰਹਿ ਰਹੇ ਹਨ। ਪ੍ਰਗਟ ਤੇ ਅਪ੍ਰਗਟ ਦੁੱਖ ਭੋਗ ਰਹੇ ਹਨ, ਉਹ ਠੱਗ ਜੀਵ ਜਨਮ, ਬੁਢਾਪਾ, ਮੌਤ ਦਾ ਦੁੱਖ ਭੋਗਦੇ ਹੋਏ ਸੰਸਾਰ ਵਿੱਚ ਚੱਕਰ ਕੱਟ ਰਹੇ ਹਨ। (18)

ਬੁੱਧੀਮਾਨ ਪੁਰਸ਼ ਇਸ ਮੌਕੇ ਨੂੰ ਸਮਝੇ ਤੇ ਸੋਚੇ, "ਵੀਤਰਾਗ ਦਾ ਧਰਮ ਪ੍ਰਾਪਤ ਕਰਨਾ ਬਹੁਤ ਮੁਸ਼ਕਿਲ ਹੈ ਇਹ ਸਹਿਜ ਕੰਮ ਨਹੀਂ। ਜੋ ਮੌਕਾ ਇੱਕ ਵਾਰ ਹੱਥੋਂ ਨਿਕਲ ਗਿਆ ਉਹ ਮੁੜ ਕੇ ਵਾਪਿਸ ਨਹੀਂ ਆਉਂਦਾ।" ਇਸੇ ਪ੍ਰਕਾਰ ਪਹਿਲੇ ਤੀਰਥੰਕਰ ਰਿਸ਼ਵ ਦੇਵ ਨੇ ਆਪਣੇ ਪੁੱਤਰਾਂ ਨੂੰ ਫੁਰਮਾਇਆ ਹੈ। (19)

ਬਾਕੀ ਤੀਰਥੰਕਰਾਂ ਦਾ ਵੀ ਇਹੋ ਉਪਦੇਸ਼ ਹੈ। ਸਾਰੇ ਤੀਰਥੰਕਰਾਂ ਦਾ ਇਹੋ ਉਪਦੇਸ਼ ਭੂਤਕਾਲ, ਵਰਤਮਾਨ ਕਾਲ ਤੇ ਭਵਿੱਖ ਕਾਲ ਲਈ ਹੈ। ਇਸ ਉਪਦੇਸ਼ ਵਿਚ ਕੋਈ ਮੱਤ ਭੇਦ ਨਹੀਂ। ਇਹ ਸੁਵਰਤੀ ਪੁਰਸ਼ਾਂ ਨੇ ਮੁਕਤੀ ਦਾ ਰਾਹ ਦੱਸਿਆ ਹੈ। ਇਹ ਰਾਹ ਰਿਸ਼ਵ ਦੇਵ ਤੋਂ ਮਹਾਵੀਰ ਨੇ ਦਸਿਆ ਹੈ। (20)

ਮਨ, ਵਚਨ ਤੇ ਸ਼ਰੀਰ ਰਾਹੀਂ ਕਿਸੇ ਵੀ ਜੀਵ ਦੀ ਹਿੰਸਾ ਨਹੀਂ ਕਰਨੀ ਚਾਹੀਦੀ। ਹਮੇਸ਼ਾ ਆਤਮ-ਕਲਿਆਣ ਵਿੱਚ ਲੀਣ ਰਹਿਕੇ ਤੇ ਨਿਦਾਨ-ਰਹਿਤ ਹੋ ਕੇ ਧਰਮ ਦਾ ਪਾਲਣ ਕਰਨਾ ਚਾਹੀਦਾ ਹੈ। ਇਸ ਧਰਮ ਦਾ ਆਚਰਣ ਕਰਨ ਨਾਲ ਅਨੰਤ ਜੀਵ ਸਿੱਧ ਹੋਏ ਹਨ, ਵਰਤਮਾਨ ਵਿੱਚ ਹੋ ਰਹੇ ਹਨ ਤੇ ਭਵਿੱਖ ਵਿੱਚ ਹੋਣਗੇ। (21)

ਸਰਵ ਉੱਤਕ੍ਰਿਸ਼ਟ ਗਿਆਨਵਾਨ ਦਰਸ਼ਨ ਦੇ ਧਾਰਕ ਇੰਦਰਾਂ ਆਦਿ ਦੇਵਤਿਆਂ ਰਾਹੀਂ ਪੂਜਾ ਨੂੰ ਪ੍ਰਾਪਤ ਅਰਹਤ-ਗਿਆਤਾ ਪੁੱਤਰ ਭਗਵਾਨ ਮਹਾਵੀਰ ਨੇ ਇਹੋ ਧਰਮ-ਉਪਦੇਸ਼ ਦਿੱਤਾ ਹੈ। ਇਸ ਪ੍ਰਕਾਰ ਮੈਂ ਆਖਦਾ ਹਾਂ। (22)

---

ਟਿੱਪਣੀ ਗਾਥਾ 21—ਨਿਦਾਨ ਤੋਂ ਭਾਵ ਮੌਤ ਸਮੇਂ ਦੇਵ-ਗਤੀ ਦੀ ਇਛੱਾ ਜਾਂ ਤਪ ਦਾ ਫਲ ਚਾਹੁਣਾ ਹੈ। ਜਿਸ ਦੇ ਸਿੱਟੇ ਵਜੋਂ ਕਰਮਾਂ ਦਾ ਵਹਾਓ ਅਜਿਹਾ ਸੋਤ ਖਾ ਜਾਂਦਾ ਹੈ ਕਿ ਮਨੁੱਖ ਆਪਣੀ ਮਰਨ ਸਮੇਂ ਸੋਚ ਅਨੁਸਾਰ ਅਗਲਾ ਜਨਮ ਲੈਣ ਵਿਚ ਸਫਲ ਹੋ ਸਕਦਾ ਹੈ।



# ਤੀਸਰਾ ਅਧਿਐਨ ਉਪਸਰਗ ਪਰਿਗਿਆ

ਸਾਧੂ ਧਰਮ ਪਾਲਨ ਕਰਦੇ ਸਮੇਂ ਜੋ ਠੀਕ ਜਾਂ ਗਲਤ ਰੁਕਾਵਟਾਂ ਆਉਂਦੀਆਂ ਹਨ। ਇਸ ਅਧਿਐਨ ਵਿੱਚ ਇਸ ਦਾ ਵਰਨਨ ਹੈ। ਉਪਸਰਗ ਦਾ ਅਰਥ ਨਿਰਯੁਕਤੀ ਕਾਰ ਨੇ ਇਸ ਪ੍ਰਕਾਰ ਕੀਤਾ ਹੈ।

आंगतुगो य पीलागरो य जो सो उवसग्गो ।

ਅਰਥ—ਜੋ ਕਿਸੇ ਦੇਵਤਾ, ਮਨੁੱਖ ਜਾਂ ਪਸ਼ੂ ਆਦਿ ਦੂਸਰੇ ਪਦਾਰਥ ਰਾਹੀਂ ਆਉਂਦਾ ਹੈ ਜੋ ਸ਼ਰੀਰ ਜਾਂ ਸੰਜਮ ਨੂੰ ਕਸ਼ਟ ਦਿੰਦਾ ਹੈ ਉਹ ਉਪਸਰਗ ਹੈ।

ਉਪਸਰਗਾਂ ਦੇ ਕਈ ਭੇਦ-ਉਪਭੇਦ ਹਨ। ਪਰ ਮੁਖ ਰੂਪ ਵਿੱਚ ਦੋ ਭੇਦ ਹੀ ਪ੍ਰਸਿੱਧ ਹਨ। (1) ਔਘਿਕ (2) ਔਪਕ੍ਰਮਿਕ।

ਅਸ਼ੁਭ ਕਰਮ ਪ੍ਰਕ੍ਰਿਤੀ ਤੇ ਉਤਪੰਨ ਭਾਵ-ਉਪਸਰਗ ਨੂੰ ਔਘਿਕ ਉਪਸਰਗ ਆਖਦੇ ਹਨ। ਡੰਡਾ, ਸ਼ਸਤਰ ਆਦਿ ਨਾਲ ਦਿਤਾ ਕਸ਼ਟ ਔਪਕ੍ਰਮਿਕ ਉਪਸਰਗ ਹੈ।

ਇਸ ਅਧਿਐਨ ਦੇ ਚਾਰ ਉਦੇਸ਼ਕ ਹਨ। ਪਹਿਲੇ ਵਿੱਚ ਪ੍ਰਤਿਲੋਮ ਪ੍ਰਤਿਕੂਲ (ਯੋਗ) ਉਪਸਰਗਾਂ ਦਾ ਵਰਨਣ ਹੈ।

ਦੂਸਰੇ ਉਦੇਸ਼ਕ ਵਿੱਚ ਅਨੁਲੋਮ (ਰਿਸ਼ਤੇਦਾਰ ਜਾਂ ਜਾਣਕਾਰ ਰਾਹੀਂ ਦਿੱਤੇ ਉਪਸਰਗਾਂ ਦਾ ਵਰਨਣ ਹੈ।

ਤੀਸਰੇ ਉਦੇਸ਼ਕ ਵਿੱਚ ਆਤਮਾ ਵਿਚ ਕਲੇਸ਼ ਪੈਦਾ ਕਰਨ ਵਾਲੇ ਅਨੈਤੀਰਥੀ (ਦੂਸਰੇ ਮੱਤਾਂ ਵਾਲੇ) ਦੇ ਤਿੱਖੇ ਬਚਨਾਂ ਰਾਹੀਂ ਪੈਦਾ ਉਪਸਰਗ ਦਾ ਵਰਣਨ ਹੈ।

ਚੌਥੇ ਉਦੇਸ਼ਕ ਵਿੱਚ ਅਨੈਤੀਰਥੀਆਂ ਵਰਗੇ ਉਪਸਰਗਾਂ ਦਾ ਵਰਨਣ ਹੈ। ਇਸ ਅਧਿਐਨ ਦੇ ਪਹਿਲੇ ਭਾਗ ਵਿੱਚ ਪਰਿਸ਼ੇ (ਸਾਧੂ ਜੀਵਨ ਦੇ ਰਾਹ ਦੀਆਂ ਰੁਕਾਵਟਾਂ) ਦਾ ਜ਼ਿਕਰ ਹੈ।

ਸਾਧਕ ਇਨ੍ਹਾਂ ਉਪਸਰਗਾਂ ਦੀ ਜਾਣਕਾਰੀ ਹਾਸਲ ਕਰਕੇ ਆਤਮਾ ਨੂੰ ਮਜਬੂਤ ਬਣਾਉਂਦਾ ਹੈ।

# ਤੀਸਰਾ ਅਧਿਐਨ

## (ਉਪਸਰਗ ਪ੍ਰਕ੍ਰਿਆ) ਪਹਿਲਾ ਉਦੇਸ਼ਕ

ਜਦੋਂ ਤਕ ਜੇਤੂ ਪੁਰਸ਼ ਨੂੰ ਕਾਇਰ ਨਹੀਂ ਵੇਖਦਾ, ਉਸ ਸਮੇਂ ਤਕ ਉਹ ਅਪਣੇ ਆਪ ਨੂੰ ਸੂਰਵੀਰ ਮੰਨਦਾ ਹੈ।

ਜਿਵੇਂ ਸ਼ਿਸ਼ੂ ਪਾਲ ਆਪਣੇ ਆਪ ਨੂੰ ਸ਼ੂਰਵੀਰ ਮੰਨਦਾ ਸੀ, ਪਰ ਦਰਿੜ ਪ੍ਰਤਿੰਗ (ਸ੍ਰੀ ਕ੍ਰਿਸ਼ਨ) ਨੂੰ ਲੜਦੇ ਵੇਖਦੇ ਹੋਏ ਦੁੱਖ ਨੂੰ ਪ੍ਰਾਪਤ ਹੋਇਆ। ਉਸ ਪ੍ਰਕਾਰ ਛੋਟੇ ਵਿਚਾਰਾਂ

---

ਟਿੱਪਣੀ ਗਾਥਾ— 1. ਸ਼ਿਸ਼ੁਪਾਲ ਦੀ ਕਥਾ ਕਾਰ ਨੇ ਇਸ ਪ੍ਰਕਾਰ ਆਖੀ ਹੈ। ਵਸੁਦੇਵ ਦੀ ਭੈਣ ਦੇ ਗਰਭ ਤੇ ਦਮਘੋਸ਼ ਰਾਜਾ ਦਾ ਪੁਤਰ ਸ਼ਿਸ਼ੁਪਾਲ ਪੈਦਾ ਹੋਇਆ। ਉਹ ਚਾਰ ਹੱਥਾਂ ਵਾਲਾ, ਅਦੁਭੁਤ ਪਰਾਕ੍ਰਮੀ ਤੇ ਝਗੜਾਲੂ ਸੀ। ਉਸ ਦੀ ਮਾਤਾ ਨੇ ਉਸ ਦੇ ਬਚਿੱਤਰ ਸ਼ਰੀਰ ਤੇ ਸੁਭਾਵ ਨੂੰ ਵੇਖ ਕੇ ਇਕ ਜੋਤਸ਼ੀ ਤੋਂ ਉਸ (ਸ਼ਿਸ਼ੁਪਾਲ) ਦਾ ਭਵਿੱਖ ਪੁਛਿਆ। ਜੋਤਸੀ ਨੇ ਰਾਨੀ ਮਾਦਰੀ ਨੂੰ ਕਿਹਾ— "ਤੇਰਾ ਇਸ਼ ਪੁਤਰ ਬਹੁਤ ਯੋਧਾ ਹੋਵੇਗਾ ਪਰ ਜਿਸ ਪੁਰਸ਼ ਨੂੰ ਵੇਖ ਕੇ ਡਰ ਵਸ ਇਸ ਦੀਆਂ ਦੋ ਬਾਹਾਂ ਰਹਿ ਜਾਨ, ਉਸੇ ਪੁਰਸ਼ ਤੋਂ ਇਹ ਡਰੇਗਾ।" ਇਸ ਭਵਿਖ ਵਾਨੀ ਤੋਂ ਪ੍ਰਭਾਵਿਤ ਹੋ ਕੇ ਅਪਣੇ ਪੁਤਰ ਨੂੰ ਸ੍ਰੀ ਕ੍ਰਿਸ਼ਨ ਨੂੰ ਵਿਖਾਇਆ। ਜਿਉਂ ਹੀ ਸ਼ਿਸ਼ੁਪਾਲ ਨੇ ਸ੍ਰੀ ਕ੍ਰਿਸ਼ਨ ਨੂੰ ਵੇਖਿਆ ਉਸ ਦੀਆਂ ਦੋ ਬਾਹਾਂ ਰਹਿ ਗਈਆਂ। ਜੋ ਮਨੁਖ ਦੀਆਂ ਹੁੰਦੀਆਂ ਹਨ।

ਸ੍ਰੀ ਕ੍ਰਿਸਨ ਦੀ ਭੂਆ ਅਤੇ ਸ਼ਿਸ਼ੁਪਾਲ ਦੀ ਮਾਂ ਨੇ ਸ੍ਰੀ ਕ੍ਰਿਸ਼ਨ ਦੇ ਪੈਰਾਂ ਵਿਚ ਗਿਰ ਕੇ ਕਿਹਾ—"ਜੇ ਇਹ ਬਾਲਕ ਗ਼ਲਤੀ ਵੀ ਕਰ ਲਵੇ, ਤਾਂ ਮੁਆਫ ਕਰ ਦੇਵੀਂ।" ਸ੍ਰੀ ਕ੍ਰਿਸ਼ਨ ਨੇ ਸੌ ਅਪਰਾਧ ਖਿਮਾ ਕਰ ਦੇਨ ਦੀ ਪ੍ਰਤਿਗਿਆ ਲਈ। ਸਮਾਂ ਵੀਤਦਾ ਗਿਆ। ਸ਼ਿਸ਼ੁਪਾਲ ਜੁਆਨ ਹੋਕੇ ਸ੍ਰੀ ਕ੍ਰਿਸ਼ਨ ਨੂੰ ਗਾਲਾਂ ਦੇਣ ਲੱਗਾ। ਸ੍ਰੀ ਕ੍ਰਿਸ਼ਨ ਨੇ ਆਪਣੀ ਪ੍ਰਤਿਗਿਆ ਦਾ ਪੂਰਾ ਪਾਲਨ ਕੀਤਾ। ਜਦ ਸੌ ਅਪਰਾਧ ਪੂਰੇ ਹੋ ਗਏ, ਤਾਂ ਸ੍ਰੀ ਕ੍ਰਿਸ਼ਨ ਨੇ ਉਸ ਨੂੰ ਅਜੇਹਾ ਕਰਨ ਤੋਂ ਮਨਾ ਕੀਤਾ ਪਰ ਉਹ ਸ਼ਿਸ਼ੁਪਾਲ ਨਾ ਮਨਿਆ। ਮਜਬੂਰ ਹੋ ਕੇ ਸ੍ਰੀ ਕ੍ਰਿਸ਼ਨ ਨੇ ਚੱਕਰ ਰਾਹੀਂ ਉਸ ਦਾ ਸਿਰ ਕਟ ਦਿੱਤਾ।

(ਟੀਕਾਕਾਰ ਸ਼ੀਲਾਆਚਾਰਿਆ ਜੀ)

ਦੇ ਲੋਕ ਆਪਣੇ ਆਪ ਨੂੰ ਸੂਰਵੀਰ ਮੰਨਦੇ ਹਨ। ਪਰ ਜਦ ਜਿੱਤ ਹਾਸਿਲ ਨਹੀਂ ਕਰਦੇ ਤਾਂ ਉਹਨਾਂ ਨੂੰ ਆਪਣੀ ਤਾਕਤ ਦਾ ਪਤਾ ਚਲਦਾ ਹੈ। (1)

ਲੜਾਈ ਆ ਜਾਣ ਤੇ ਖ਼ੁਦ ਨੂੰ ਸੂਰਵੀਰ ਮੰਨਣ ਵਾਲਾ, ਕਮਜ਼ੋਰ ਪੁਰਸ਼ ਜਦ ਲੜਾਈ ਦੇ ਵਿਚ ਲੜਾਈ ਸ਼ੁਰੂ ਹੁੰਦੀ ਹੈ ਤਾਂ ਲੜਾਈ ਵਿੱਚ ਮਾਂ ਆਪਣੇ ਕੁੱਛੜ ਚੁੱਕੇ ਬੱਚੇ ਦਾ ਧਿਆਨ ਭੁੱਲ ਜਾਂਦੀ ਹੈ। ਅਜਿਹੀ ਲੜਾਈ ਵਿੱਚ ਉਹ ਯੋਧਾ ਅੰਗਾਂ ਦੇ ਭਿੰਨ-ਭਿੰਨ ਹੋ ਜਾਣ ਤੇ ਦੁੱਖ ਉਠਾਉਂਦਾ ਹੈ। (2)

ਇਸੇ ਪ੍ਰਕਾਰ ਪਰਿਸ਼ੇ ਅਤੇ ਉਪਸਰਗਾਂ ਨੂੰ ਸਮਝਦਾ ਹੋਇਆ, ਭਿਖਿਆ ਲੈਣ ਦੀ ਵਿਧੀ ਤੋਂ ਅਣਜਾਣ ਮੁਨੀ ਆਪਣੇ ਆਪ ਨੂੰ ਸੂਰਵੀਰ ਸਮਝਦਾ ਹੈ ਉਹ ਆਖਦਾ ਹੈ, ਕਿ ਦੀਖਿਆ (ਸਾਧੂ ਜੀਵਨ) ਪਾਲਨ ਵਿੱਚ ਕੀ ਪਿਆ ਹੈ ? ਜਦ ਤੱਕ ਸੰਜਮ ਦਾ ਪਾਲਣ ਨਹੀਂ ਹੁੰਦਾ। ਸੰਜਮ ਪਾਲਣ ਕਰਨ ਸਮੇਂ ਭਾਰੇ ਕਰਮਾਂ ਵਾਲਾ, ਉਹ ਕਮਜ਼ੋਰ ਯੁੱਧ ਵਿੱਚ ਅੱਗੇ ਗਏ ਯੋਧੇ ਦੀ ਤਰ੍ਹਾਂ ਦੁੱਖੀ ਹੁੰਦਾ ਹੈ ਅਤੇ ਮੈਦਾਨ ਵਿੱਚੋਂ ਭੱਜ ਜਾਂਦਾ ਹੈ। (3)

ਜਿਵੇਂ ਹਿੰਸਕ ਠੰਡ ਵਿੱਚ ਸਾਰੇ ਅੰਗਾਂ ਨੂੰ ਠੰਡ ਲੱਗਦੀ ਹੈ, ਉਸ ਸਮੇਂ ਭੈੜੇ ਜੀਵ ਦੁੱਖ ਨੂੰ ਪ੍ਰਾਪਤ ਹੁੰਦੇ ਹਨ। ਜਿਵੇਂ ਰਾਜ ਭ੍ਰਸ਼ਟ ਖੱਤਰੀ ਦੁੱਖੀ ਹੁੰਦਾ ਹੈ। (4)

ਗਰਮੀ ਵਿੱਚ ਜ਼ਿਆਦਾ ਗਰਮੀ ਅਤੇ ਪਿਆਸ ਤੋਂ ਦੁੱਖੀ ਹੋ ਕੇ ਨਵਾਂ ਬਣਿਆ ਸਾਧੂ ਉਦਾਸ ਹੋ ਜਾਂਦਾ ਹੈ। ਉਸ ਸਮੇਂ ਉਹ ਮੰਦਾ ਪੁਰਸ਼ ਉਸੇ ਤਰ੍ਹਾਂ ਦੁੱਖੀ ਹੁੰਦਾ ਹੈ ਜਿਵੇਂ ਥੋੜ੍ਹੇ ਪਾਣੀ ਵਿੱਚ ਮੱਛੀ ਦੁੱਖੀ ਹੁੰਦੀ ਹੈ। (5)

ਹਮੇਸ਼ਾ ਦੂਸਰਿਆਂ ਰਾਹੀਂ ਦਿੱਤੀ ਵਸਤੂ ਨੂੰ ਗ੍ਰਹਿਣ ਕਰਨਾ ਸਭ ਤੋਂ ਬੜਾ ਦੁੱਖ ਹੈ, ਮੰਗਣਾ ਸਭ ਤੋਂ ਵੱਡਾ ਕਸ਼ਟ ਹੈ। ਅਜਿਹੀ ਸਥਿਤੀ ਵਿੱਚ ਵਿਵੇਕਹੀਣ ਲੋਕ ਸਾਧੂ ਨੂੰ ਵੇਖ ਆਖ ਦਿੰਦੇ ਹਨ, "ਇਹ ਬੇਚਾਰਾ ਪਿਛਲੇ ਕਰਮਾਂ ਦਾ ਫਲ ਭੋਗ ਰਿਹਾ ਹੈ। (6)

ਜਿਵੇਂ ਕਮਜ਼ੋਰ ਯੋਧਾ ਲੜਾਈ ਵਿੱਚ ਦੁੱਖ ਪਾਉਂਦਾ ਹੈ। ਉਸੇ ਪ੍ਰਕਾਰ ਪਿੰਡ ਜਾਂ ਨਗਰ ਵਿੱਚ ਰਹਿੰਦਾ ਹੋਇਆਂ ਮੂਰਖ ਅਗਿਆਨੀ ਸਾਧੂ ਉਪਰੋਕਤ ਸ਼ਬਦਾਂ ਤੋਂ ਦੁੱਖੀ ਹੋ ਜਾਂਦਾ ਹੈ। (7)

ਭਿੱਖਿਆ ਲਈ ਗਏ ਸਾਧੂ ਨੂੰ ਕੁੱਤੇ ਆਦਿ ਉਸ ਦੇ ਅੰਗ ਕੱਟ ਦਿੰਦੇ ਹਨ। ਇਸ ਗੱਲ ਕਾਰਣ ਉਹ ਉਸੇ ਪ੍ਰਕਾਰ ਦੁੱਖੀ ਹੁੰਦਾ ਹੈ ਜਿਵੇਂ ਅੰਗ ਨੂੰ ਛੁਹਣ ਵਾਲਾ ਮਨੁੱਖ ਦੁੱਖੀ ਹੁੰਦਾ ਹੈ। (8)

ਸਾਧੂ ਦੇ ਦੋਖੀ ਕੋਈ ਸਾਧੂ ਨੂੰ ਸਾਮਣੇ ਵੇਖ ਕੇ ਅਜਿਹੇ ਕਠੋਰ ਬਚਨ ਬੋਲਦੇ ਹਨ— "ਇਹ ਸਾਧੂ ਜੋ ਭੋਜਨ ਨਾਲ ਜ਼ਿੰਦਗੀ ਗੁਜ਼ਾਰਦਾ ਹੈ ਪਿਛਲੇ ਕੀਤੇ ਕਰਮਾਂ ਦਾ ਫਲ ਭੋਗ ਰਿਹਾ ਹੈ।" (9)

ਕੋਈ ਪੁਰਸ਼ ਜਿਨਕਲਪੀ (ਨਗਨ) ਸਾਧੂ ਨੂੰ ਵੇਖ ਕੇ ਆਖਦੇ ਹਨ, "ਇਹ ਸਾਧੂ ਨੰਗੇ ਹਨ, ਭੋਜਨ ਲਈ ਪਰ ਅਧੀਨ ਹਨ, ਮੋਨੇ ਹਨ, ਖਾਜ ਨਾਲ ਇਹਨਾਂ ਦੇ ਅੰਗ ਗਲ ਗਏ ਹਨ, ਮੈਲ ਕਾਰਣ ਇਨ੍ਹਾਂ ਦਾ ਸ਼ਰੀਰ ਗੰਦਾ ਹੈ, ਇਹ ਭੈੜੇ ਤੇ ਦੁੱਖ ਦੇਣ ਵਾਲੇ ਹਨ।" (10)

ਇਸ ਪ੍ਰਕਾਰ ਸਾਧੂ ਤੋਂ ਸੱਚੇ ਮਾਰਗ ਦੇ ਦੋਖੀ, ਅਗਿਆਨੀ ਮਿਥਿਆਤਵ (ਝੂਠ) ਮੋਹ ਰੂਪ ਨਾਲ ਢਕੇ ਮੂਰਖ ਪੁਰਸ਼, ਹਨੇਰੇ ਵਿੱਚੋਂ ਨਿਕਲ ਕੇ ਭਟਕ ਜਾਂਦੇ ਹਨ। (11)

ਮੱਛਰਾਂ ਦੇ ਸਤਾਉਣ ਤੇ ਨਵਾਂ ਬਣਿਆ ਅਗਿਆਨੀ ਭਿਖਸ਼ੂ ਸੋਚਦਾ ਹੈ, "ਇਹ ਔਖਾ ਸੰਜਮ ਪਰਲੋਕ ਲਈ ਪਾਲਣ ਕਰ ਰਿਹਾ ਹਾਂ, ਪਰ ਪਰਲੋਕ ਤਾਂ ਮੈਂ ਵੇਖਿਆ ਨਹੀਂ, ਹਾਂ, ਇਹ ਮੌਤ ਰੂਪੀ ਮੁਸੀਬਤਾਂ ਪ੍ਰਤੱਖ ਵੇਖ ਰਿਹਾ ਹਾਂ।" (12)

ਕੇਸ਼ ਲੋਚ (ਵਾਲ ਪੁੱਟਣ ਦੀ ਜੈਨ ਵਿਧੀ) ਅਤੇ ਕਾਮ ਵਿਕਾਰਾਂ ਤੇ ਜਿੱਤ ਹਾਸਿਲ ਕਰਨ ਵਿੱਚ ਅਸਮਰਥ ਮੂਰਖ ਪੁਰਸ਼, ਦੀਖਿਆ ਧਾਰਨ ਕਰਕੇ ਉਸੇ ਪ੍ਰਕਾਰ ਦੁਖੀ ਹੁੰਦਾ ਹੈ ਜਿਵੇਂ ਜਾਲ ਵਿੱਚ ਫਸੀ ਮੱਛੀ ਦੁੱਖ ਭੋਗਦੀ ਹੈ। (13)

ਜਿਸ ਨਾਲ ਆਤਮਾ ਦੰਡ (ਪਾਪਾਂ) ਦੀ ਭਾਗੀ ਹੁੰਦੀ ਹੈ, ਅਜਿਹੇ ਪਾਪਾਂ ਦਾ ਸੇਵਨ ਕਰਨ ਵਾਲੇ ਮਿਥਿਆਤਵੀ ਅਤੇ ਰਾਗ ਦਵੇਸ਼ੀ ਅਨਾਰਿਆ (ਬੁਰੇ ਲੋਕ) ਸਾਧੂ ਨੂੰ ਕਸ਼ਟ ਦਿੰਦੇ ਹਨ। (14)

"ਕਈ ਕਈ ਅਨਾਰਿਆ ਮਨੁੱਖ, ਅਨਾਰਿਆ ਦੇਸ਼ ਦੀ ਹੱਦ ਕੋਲੋਂ ਗੁਜ਼ਰਦੇ ਹੋਏ ਸਾਧੂਆਂ ਨੂੰ ਆਖਦੇ ਹਨ, "ਇਹ ਜਾਸੂਸ ਹਨ, ਇਹ ਚੋਰ ਹਨ।" ਇਸ ਪ੍ਰਕਾਰ ਆਖ ਕੇ ਰੱਸੀ ਨਾਲ ਸਾਧੂ ਨੂੰ ਬੰਨ੍ਹ ਦਿੰਦੇ ਹਨ ਅਤੇ ਭੈੜੇ ਵਾਕਾਂ ਨਾਲ ਫਿਟਕਾਰਾਂ ਪਾਉਂਦੇ ਹਨ। (15)

ਉਸ ਅਨਾਰਿਆ ਖੇਤਰ ਦੇ ਲੋਕ ਸਾਧੂ ਨੂੰ ਡੰਡੇ, ਮੁੱਕੇ, ਬਿਲ (ਫਲ) ਜਾਂ ਤਲਵਾਰ ਮਾਰਦੇ ਹਨ, ਉਸ ਸਮੇਂ ਉਹ (ਸਾਧੂ) ਆਪਣੇ ਰਿਸ਼ਤੇਦਾਰਾਂ ਨੂੰ (ਮਦਦ ਲਈ) ਯਾਦ ਕਰਦਾ ਹੈ। ਜਿਵੇਂ ਘਰ ਵਾਲਿਆਂ ਨਾਲ ਨਰਾਜ ਹੋਈ ਔਰਤ, ਘਰੋਂ ਬਾਹਰ ਨਿਕਲ ਕੇ ਚੋਰਾਂ ਠੱਗਾਂ ਹੱਥੋਂ ਲੁੱਟਣ ਤੋਂ ਬਾਅਦ ਆਪਣੇ ਘਰ ਵਾਲਿਆਂ ਨੂੰ ਯਾਦ ਕਰਦੀ ਹੈ। (ਉਸੇ ਪ੍ਰਕਾਰ ਸਾਧੂ ਕਸ਼ਟ ਆਉਣ ਤੇ ਆਪਣੇ ਰਿਸ਼ਤੇਦਾਰਾਂ ਨੂੰ ਯਾਦ ਕਰਦੇ ਹਨ)। (16)

ਜਿਵੇਂ ਤੀਰ ਲੱਗਿਆ ਹਾਥੀ ਲੜਾਈ ਵਿਚੋਂ ਭੱਜ ਜਾਂਦਾ ਹੈ ਉਸੇ ਤਰ੍ਹਾਂ ਕਠੋਰ ਤੇ ਨਾ ਸਹਿਣ ਯੋਗ ਪਰਿਸ਼ੇ (ਸਾਧੂ ਪੁਣੇ ਦੇ ਰਾਹ ਆਉਣ ਵਾਲੇ ਕਸ਼ਟ) ਤੋਂ ਦੁਖੀ ਅਸਮਰਥ ਸਾਧੂ ਸੰਜਮ ਤੋਂ ਭ੍ਰਿਸ਼ਟ ਹੋ ਜਾਂਦਾ ਹੈ। ਇਸ ਤਰ੍ਹਾਂ ਮੈਂ ਆਖਦਾ ਹਾਂ। (17)

# ਦੂਸਰਾ ਉਦੇਸ਼ਕ

ਇਹ ਉਪਸਰਗ (ਮੁਸੀਬਤਾਂ) ਇੰਨੀਆਂ ਸੂਖਮ ਹਨ ਕਿ ਬਾਹਰੋਂ ਦਿਖਾਈ ਦਿੰਦੀਆਂ ਹਨ, ਕਿ ਸਾਧੂ ਇਹਨਾਂ ਮੁਸ਼ਕਿਲਾਂ ਤੇ ਮੁਸ਼ਕਿਲ ਨਾਲ ਹੀ ਜਿੱਤ ਹਾਸਿਲ ਕਰਦੇ ਹਨ। ਕਈ ਵਾਰ ਕਸ਼ਟ ਆਉਣ ਤੇ ਉਹ ਦੁੱਖ ਮਹਿਸੂਸ ਕਰਦੇ ਹਨ ਅਤੇ ਆਪਣੀ ਆਤਮਾ ਨੂੰ ਸੰਜਮ ਵਿੱਚ ਸਥਿਰ ਨਹੀਂ ਰਖ ਸਕਦੇ। (1)

ਸਾਧੂ ਨੂੰ ਵੇਖ ਕੇ ਉਸ ਦੇ ਮਾਂ ਪਿਓ ਅਤੇ ਰਿਸ਼ਤੇਦਾਰ ਉਸ ਨੂੰ ਘੇਰ ਕੇ ਰੋਣ ਲਗ ਜਾਂਦੇ ਹਨ। ਉਹ ਆਖਦੇ ਹਨ, "ਹੇ ਪੁੱਤਰ ! ਅਸੀਂ ਤੇਰਾ ਪਾਲਨ-ਪੋਸ਼ਨ ਕੀਤਾ ਹੈ, ਹੁਣ ਬੁਢਾਪੇ ਵਿੱਚ ਤੂੰ ਸਾਡੀ ਦੇਖ ਭਾਲ ਕਰ। ਤੂੰ ਸਾਨੂੰ ਕਿਸ ਕਾਰਣ ਛੱਡ ਰਿਹਾ ਹੈ ? (ਸਾਡਾ ਕੀ ਦੋਸ਼ ਹੈ)।" (2)

(ਉਹ ਆਖਦੇ ਹਨ) "ਤੇਰਾ ਪਿਤਾ ਬੁੱਢਾ ਹੋ ਚੁਕਾ ਹੈ, ਤੇਰੀ ਭੈਣ ਛੋਟੀ ਹੈ, ਪੁੱਤਰ ! ਤੇਰੇ ਸਗੇ ਭਾਈ ਹਨ, ਇਹਨਾਂ ਨੂੰ ਕਿਉਂ ਤਿਆਗ ਰਹੇ ਹੋ ?" (3)

"ਹੇ ਪੁੱਤਰ ! ਮਾਤਾ ਪਿਤਾ ਦੀ ਸੇਵਾ ਕਰੋ, ਅਜਿਹਾ ਕਰਨ ਨਾਲ ਹੀ ਤੇਰਾ ਪਰਲੋਕ ਸੁਧਰੇਗਾ। ਆਪਣੇ ਮਾਤਾ ਪਿਤਾ ਦੀ ਸੇਵਾ ਸੰਸਾਰਿਕ ਦ੍ਰਿਸ਼ਟੀ ਨਾਲ ਵੀ ਸਦਾਚਾਰ ਤੇ ਜ਼ਰੂਰੀ ਹੈ।" (4)

"ਹੇ ਪੁੱਤਰ ! ਇਕ ਇਕ ਕਰਕੇ ਜੰਮੇ, ਮਿੱਠਾ ਬੋਲਣ ਵਾਲੇ ਤੇਰੇ ਪੁੱਤਰ ਵੀ ਅਜੇ ਛੋਟੇ ਹਨ, ਤੇਰੀ ਪਤਨੀ ਜਵਾਨ ਹੈ, ਕਿਤੇ ਅਜਿਹਾ ਨਾ ਹੋਵੇ, ਕਿ ਤੇਰੇ ਘਰ ਛੱਡਣ ਤੇ ਇਹ ਵੀ ਘਰ ਛੱਡ ਕੇ ਕਿਸੇ ਹੋਰ ਪੁਰਸ਼ ਕੋਲ ਚਲੀ ਜਾਵੇ।" (5)

"ਹੇ ਪੁੱਤਰ ! ਚਲੋ ! ਘਰ ਚਲੀਏ ! ਤੂੰ ਘਰ ਕੋਈ ਕੰਮ ਨ ਕਰੀਂ, ਕੋਈ ਗੱਲ ਨਹੀਂ, ਜੇ ਤੂੰ ਇਕ ਵਾਰ ਘਰ ਛੱਡ ਕੇ ਸਾਧੂ ਬਣ ਗਿਆ ਹੈ, ਤੂੰ ਫੇਰ ਮੁੜ ਘਰ ਆ ਜਾ। ਅਸੀਂ ਤੇਰੇ ਸਾਰੇ ਕੰਮਾਂ ਵਿਚ ਸਹਿਯੋਗ ਦੇਵਾਂਗੇ।' (6)

"ਹੇ ਪੁੱਤਰ ! ਇਕ ਵਾਰ ਰਿਸ਼ਤੇਦਾਰਾਂ ਨੂੰ ਮਿਲਕੇ ਫੇਰ ਧਰਮ-ਸਥਾਨ ਤੇ ਆ ਜਾਵੀਂ, ਅਜਿਹਾ ਕਰਨ ਨਾਲ ਤੇਰਾ ਸਾਧੂ ਜੀਵਨ ਵੀ ਖਤਮ ਨਹੀਂ ਹੋਵੇਗਾ। ਜੇ ਤੈਨੂੰ ਘਰ ਤੇ ਪਰਿਵਾਰ ਨਾਲ ਮਮਤਾ ਹੀ ਨਹੀਂ ਹੋਵੇਗੀ, ਤਾਂ ਤੈਨੂੰ ਕੌਣ ਰੋਕ ਸਕਦਾ ਹੈ ? ਜਾਂ ਬੁਢਾਪੇ ਵਿਚ ਤੈਨੂੰ ਸੰਜਮ ਪਾਲਣ ਤੋਂ ਕੌਣ ਰੋਕ ਸਕਦਾ ਹੈ ?" (7)

"ਹੇ ਪੁੱਤਰ ! ਤੂੰ ਜੋ ਕਰਜਾ ਦੇਣਾ ਸੀ ਉਸਨੂੰ ਅਸੀਂ ਮਿਲਕੇ ਖਤਮ ਕਰਵਾ ਦਿਤਾ ਹੈ, ਤੇਰੇ ਗੁਜ਼ਾਰੇ ਲਈ ਕਾਫੀ ਧਨ ਘਰ ਵਿਚ ਮੌਜੂਦ ਹੈ । ਅਸੀਂ ਉਹ ਵੀ ਤੈਨੂੰ ਦੇ ਦੇਵਾਂਗੇ ।" (8)

ਅਜਿਹੇ ਲਭਾਵਨੇ ਬਚਨਾਂ ਰਾਹੀਂ ਰਿਸ਼ਤੇਦਾਰ ਸਾਧੂ ਨੂੰ ਘਰ ਪਰਤਣ ਦੀ ਸਿੱਖਿਆ ਦਿੰਦੇ ਹਨ । ਫੇਰ ਆਪਣੇ ਰਿਸ਼ਤੇਦਾਰਾਂ ਦੇ ਸੰਜੋਗ ਦੇ ਮੋਹ ਵਿਚ ਫਸਿਆ ਭਾਰੇ (ਅਸ਼ੁੱਭ) ਕਰਮਾਂ ਵਾਲਾ ਸਾਧੂ ਦੀਖਿਆ ਛੱਡ ਕੇ ਘਰ ਚਲਾ ਜਾਂਦਾ ਹੈ । (9)

"ਜਿਵੇਂ ਜੰਗਲ ਵਿਚ ਪੈਦਾ ਹੋਈਆਂ ਬੇਲਾਂ ਦਰਖਤ ਨੂੰ ਜਕੜ ਲੈਂਦੀਆਂ ਹਨ । ਉਸੇ ਪ੍ਰਕਾਰ ਰਿਸ਼ਤੇਦਾਰਾਂ ਦੇ ਬਚਨ ਸਾਧੂ ਦੇ ਮਨ ਵਿਚ ਅਸਮਾਧੀ (ਅਸ਼ਾਂਤੀ) ਪੈਦਾ ਕਰਦੇ ਹਨ । (10)

"ਰਿਸ਼ਤੇਦਾਰਾਂ ਦੇ ਜਾਲ ਵਿਚ ਫਸਿਆ ਸਾਧੂ ਜੀਵਨ ਦਾ ਤਿਆਗੀ ਉਸੇ ਪ੍ਰਕਾਰ ਘਰ ਚਲਿਆ ਜਾਂਦਾ ਹੈ, ਜਿਵੇਂ ਸ਼ਿਕਾਰੀ ਰਾਹੀਂ ਫੜਿਆ ਨਵਾਂ ਹਾਥੀ । ਸ਼ੁਰੂ ਵਿੱਚ ਹਾਥੀ ਦੀ ਖੂਬ ਖਾਤਰ ਹੁੰਦੀ ਹੈ, ਜਿਵੇਂ ਤਾਜ਼ੀ ਸੂਈ ਗਊ ਆਪਣੇ ਬੱਛੇ ਕੋਲ ਜਾਂਦੀ ਹੈ, ਉਸੇ ਪ੍ਰਕਾਰ ਸੰਸਾਰਿਕ ਮਮਤਾ ਵਿੱਚ ਫਸਿਆ ਸਾਧੂ ਆਪਣੇ ਰਿਸ਼ਤੇਦਾਰਾਂ ਕੋਲ ਚਲਾ ਜਾਂਦਾ ਹੈ ।" (11)

"ਮਨੁੱਖ ਲਈ ਮਾਂ-ਪਿਓ ਆਦਿ ਰਿਸ਼ਤੇਦਾਰਾਂ ਦੇ ਮੋਹ ਦਾ ਤਿਆਗ ਸਮੁੰਦਰ ਵਿਚ ਤੈਰਨ ਦੀ ਤਰ੍ਹਾਂ ਔਖਾ ਹੈ । ਇਸ ਮਮਤਾ ਕਾਰਣ ਕਈ ਲੋਕ ਕਸ਼ਟ ,ਕਲੇਸ਼ ਨੂੰ ਪ੍ਰਾਪਤ ਹੁੰਦੇ ਹਨ । (12)

ਸੰਸਾਰ ਦੇ ਸੰਜੋਗ ਕਰਮ ਆਸ਼ਰਵ (ਨਵੇਂ ਕਰਮ ਬੰਧ) ਦਾ ਰਾਹ ਹਨ । ਅਜਿਹਾ ਜਾਣ ਕੇ ਸਾਧੂ ਉਹਨਾਂ ਦਾ ਤਿਆਗ ਕਰੇ । ਸਰਵੱਗ ਦੇਵ (ਤੀਰਥੰਕਰ) ਰਾਹੀਂ ਦੱਸੇ, ਮਹਾਨ ਧਰਮ ਨੂੰ ਸੁਣਕੇ ਅਸੰਜਮ ਰੂਪੀ ਜੀਵਨ ਦੀ ਇੱਛਾ ਨਾ ਕਰੇ । (13)

ਹੁਣ ਕਸ਼ਯਪ (ਰਿਸ਼ਵਦੇਵ ਤੋਂ ਮਹਾਵੀਰ) ਰਾਹੀਂ ਦੱਸੇ ਗਏ ਹੋਰ ਸੰਸਾਰਿਕ ਚੱਕਰਾਂ ਨੂੰ ਸਮਝਣਾ ਚਾਹੀਦਾ ਹੈ । ਗਿਆਨੀ ਇਹਨਾਂ ਭੁੰਬਲ ਭੂਸਿਆਂ ਤੋਂ ਬਚਦੇ ਹਨ । ਮੂਰਖ ਇਹਨਾਂ ਵਿੱਚ ਫਸ ਕੇ ਦੁੱਖੀ ਹੁੰਦੇ ਹਨ । (14)

ਰਾਜਾ ਖੱਤਰੀ ਪਰੋਹਿਤ ਆਦਿ ਬ੍ਰਾਹਮਣ ਅਤੇ ਹੋਰ ਖੱਤਰੀ ਆਦਿ ਸਾਧੂ ਵਿਰਤੀ ਨਾਲ ਜੀਵਨ ਗੁਜ਼ਾਰਨ ਵਾਲੇ ਨੂੰ ਕਾਮ-ਭੋਗਾਂ ਦੀ ਪ੍ਰਾਰਥਨਾ ਕਰਦੇ ਹਨ । (15)

(ਇਹ ਲੋਕ ਆਖਦੇ ਹਨ), "ਹੇ ਮਹਾ ਰਿਸ਼ੀ ! ਇਹ ਹਾਥੀ, ਘੋੜੇ, ਰੱਥ ਜਾਂ ਵਿਮਾਨ ਵਿਚ ਬੈਠੋ । ਆਪਣੇ ਮਾਨਸਿਕ ਦੁੱਖਾਂ ਨੂੰ ਦੂਰ ਕਰਨ ਲਈ ਬਾਗ ਵਿਚ ਸੈਰ ਕਰੋ ਅਤੇ ਇਹਨਾਂ ਪ੍ਰਸ਼ੰਸਾ ਯੋਗ ਭੋਗਾਂ ਨੂੰ ਭੋਗੋ । ਅਸੀਂ ਤੁਹਾਡੀ ਪੂਜਾ ਕਰਦੇ ਹਾਂ ।" (16)

(ਉਹ ਅੱਗੇ ਆਖਦੇ ਹਨ) ''ਹੇ ਆਯੁਸ਼ਮਾਨ ! (ਲੰਬੀ ਉਮਰ ਵਾਲ) ਸ਼੍ਰਮਣ (ਸਾਧੂ) ਆਪ ਕਪੜੇ, ਕਪੂਰ ਆਦਿ ਖੁਸ਼ਬੂਆਂ ਆਦਿ ਗਹਿਣਿਆਂ ਨਾਲ ਸ਼ਿੰਗਾਰੀਆਂ ਸੁੰਦਰੀਆਂ, ਰੂਈ ਵਾਲੇ ਸਿਰਹਾਣੇ, ਅਤ ਪਲੰਘ ਇਸਤੇਮਾਲ ਕਰੋ । ਇਨ੍ਹਾਂ ਸਾਰੀਆਂ ਵਸਤਾਂ ਨਾਲ ਅਸੀਂ ਆਪ ਦਾ ਸਤਿਕਾਰ ਕਰਦੇ ਹਾਂ।" (17)

"ਹੇ ਸੁਵਰਤਧਾਰੀ ! ਸਾਧੂ ਜੀਵਨ ਵਿਚ ਜੋ ਆਪਣੇ ਮਹਾਵਰਤ ਆਦਿ ਪਾਲੇ ਹਨ, ਉਹ ਗ੍ਰਹਿਸਥ ਧਰਮ ਵਿਚ ਵੀ ਉਸੇ ਪ੍ਰਕਾਰ ਬਰਕਰਾਰ ਰਹਿਣਗੇ।" (18)

"ਹੇ ਮੁਨੀ ! ਆਪ ਨੂੰ ਸੰਗਮ ਪਾਲਦੇ ਬਹੁਤ ਸਮਾ ਹੋ ਗਿਆ ਹੈ । ਹੁਣ ਭੋਗ ਭੋਗਣ ਵਿਚ ਆਪ ਨੂੰ ਕੀ ਦੋਸ਼ ਲਗ ਸਕਦਾ ਹੈ ?" ਇਸ ਪ੍ਰਕਾਰ ਆਖ ਕੇ ਇਹ ਲੋਕ ਸਾਧੂ ਨੂੰ ਫਸਾ ਲੈਂਦੇ ਹਨ, ਜਿਵੇਂ ਚੋਲਾਂ ਦੇ ਕਣਾਂ ਵਿਚ ਸੂਅਰ ਫਸ ਜਾਂਦਾ ਹੈ । (19)

"ਜਿਵੇਂ ਚੜ੍ਹਾਈ ਤੇ ਕਮਜ਼ੋਰ ਬਲਦ ਰੁਕ ਜਾਂਦਾ ਹੈ ਉਸੇ ਪ੍ਰਕਾਰ ਸਾਧੂ ਜੀਵਨ ਪਾਲਣ ਕਰਨ ਲਈ, ਅਚਾਰਿਆ ਆਦਿ ਰਾਹੀਂ ਪ੍ਰੇਰਿਤ ਭਰਿਸ਼ਟ ਸਾਧੂ ਸੰਜਮ ਪਾਲਣ ਕਰਨ ਵਿਚ ਦੁੱਖ ਅਨੁਭਵ ਕਰਦੇ ਹਨ । (20)

ਜਿਵੇਂ ਚੜ੍ਹਾਈ ਸਮੇਂ ਬੁੱਢਾ ਬਲਦ ਦੁੱਖ ਪਾਉਂਦਾ ਹੈ ਉਸੇ ਪ੍ਰਕਾਰ ਸੰਜਮ ਪਾਲਣ ਵਿਚ ਅਸਮਰਥ ਅਤੇ ਤਪੱਸਿਆ ਤੋਂ ਕਮਜ਼ੋਰ ਜੀਵ, ਸੰਸਾਰ ਰੂਪੀ ਮਾਰਗ ਵਿਚ ਦੁੱਖ ਉਠਾਉਂਦਾ ਹੈ । (21)

ਇਸ ਪ੍ਰਕਾਰ ਭੋਗਾਂ ਚਾ ਸੁਨੇਹਾ ਪਾ ਕੇ, ਵਿਸ਼ੇ ਭੋਗ ਦੀ ਸਾਧਨਾ ਵਿਚ ਰੁੱਝੇ, ਇਸਤਰੀਆਂ ਦੇ ਇੱਛੁਕ ਕਾਮ ਭੋਗਾਂ ਵਿਚ ਫਸੇ ਕਈ ਮੂਰਖ, ਸੰਜਮ ਦੀ ਪ੍ਰੇਰਣਾ ਦੇਣ ਦੇ ਵਾਬਜੂਦ ਸਾਧੂ ਧਰਮ ਛੱਡ ਕੇ ਘਰ ਚਲੇ ਜਾਂਦੇ ਹਨ । ਅਜਿਹਾ ਮੈਂ ਆਖਦਾ ਹਾਂ । (22)

# ਤੀਸਰਾ ਉਦੇਸ਼ਕ

ਲੜਾਈ ਵਿੱਚ ਬੁਜ਼ਦਿਲ ਜਿਵੇਂ ਆਤਮ ਰੱਖਿਆ ਲਈ ਖੜ, ਡੂੰਘੀ ਜਗ੍ਹਾ ਵਿਚ ਛਿਪ ਜਾਂਦਾ ਹੈ । ਉਹ ਸੋਚਦਾ ਹੈ "ਪਤਾ ਨਹੀਂ ਕਿਸ ਦੀ ਜਿਤ ਹੋਵੇਗੀ ਕਿਸ ਦੀ ਹਾਰ ? ਕਿਉਂ ਨਾ ਆਤਮ ਰੱਖਿਆ ਕਰਨ ਲਈ ਜਗ੍ਹਾ ਤਲਾਸ਼ ਕਰ ਲਈ ਜਾਵੇ ?" (1)

"ਬਹੁਤ ਸਾਰੇ ਮਹੂਰਤਾਂ ਵਿੱਚ ਇਕ ਮਹੂਰਤ ਅਜੇਹਾ ਵੀ ਹੁੰਦਾ ਹੈ ਜਦ ਜਿੱਤ ਜਾਂ ਹਾਰ ਹੁੰਦੀ ਹੈ । ਹੋ ਸਕਦਾ ਹੈ ਹਾਰ ਹੋ ਜਾਵੇ ਅਤੇ ਭਜਨਾ ਪਵੇ ।" ਅਜੇਹਾ ਸੋਚਕੇ ਡਰਪੋਕ ਲੁਕਨ ਲਈ ਜਗ੍ਹਾ ਵੇਖ ਲੈਂਦਾ ਹੈ । (2)

ਜਿਵੇਂ ਲੜਾਈ ਵਿਚ ਕਮਜੋਰ ਸਿਪਾਹੀ, ਪਹਿਲਾ ਲੁਕਣ ਦੀ ਥਾਂ ਤਲਾਸ਼ ਕਰ ਰਖਦਾ ਹੈ ਉਸੇ ਪ੍ਰਕਾਰ ਸੰਜਮ ਵਿਚ ਕਮਜੋਰ ਸ੍ਰਮਣ, ਭਵਿਖ ਤੋਂ ਡਰਦਾ ਹੋਇਆ ਜੋਤਸ਼ ਆਦਿ ਸ਼ਾਸਤਰ ਦੀ ਵਿਦਿਆ ਨਾਲ ਰੱਖਿਆ ਕਰਦਾ ਹੈ । (ਉਹ ਸੋਚਦਾ ਹੈ ਕਦੇ ਵੀ ਸੰਜ਼ਮ ਛਡਣਾ ਪੈ ਸਕਦਾ ਹੈ ਅਤੇ ਫੇਰ ਇਹ ਸ਼ਾਸ਼ਤਰ ਨਾਲ ਮੈਂ ਗੁਜ਼ਾਰਾ ਕਰਾਂਗਾ) । (3)

ਕਮਜ਼ੋਰ ਸਾਧੂ ਸੋਚਦਾ ਹੈ ਮੈਂ ਇਸਤਰੀ ਭੋਗ ਜਾਂ ਸਚਿੱਤ (ਨਾ ਵਰਤੋਂ ਯੋਗ ਸਜੀਵ) ਪਾਣੀ ਨੂੰ ਪੀਣ ਨਾਲ ਸੰਜਮ ਭਰਿਸ਼ਟ ਹੋ ਜਾਵਾਂਗਾ, ਇਸਨੂੰ ਕੌਣ ਜਾਣਦਾ ਹੈ ? ਮੇਰੇ ਪਾਸ ਪਹਿਲਾਂ ਦਾ ਧੰਨ ਨਹੀਂ, ਜੋ ਸਾਧੂਪੁਣਾ ਛੱਡਣ ਤੇ ਕੰਮ ਆ ਸਕੇ । ਉਸ ਸਮੇਂ ਮੈਂ ਹਸਥ ਰੇਖਾ, ਧਨੁਸ਼ ਵਿਦਿਆ, ਵਿਆਕਰਣ ਦਸ ਕੇ ਜੀਵਨ ਗੁਜਾਰ ਲਵਾਂਗਾ । (4)

"ਮੈਂ ਸੰਜਮ ਪਾਲਨ ਕਰ ਸਕਾਂਗਾ ਜਾਂ ਨਹੀਂ" ਅਜੇਹਾ ਸੋਚਣ ਵਾਲਾ ਸ੍ਰਮਣ, ਛਿਪਣ ਦੀ ਥਾਂ ਢੂਡਣ ਵਾਲੇ ਮਨੁੱਖ ਦੀ ਤਰ੍ਹਾਂ ਸੰਜਮ ਨੂੰ ਜਾਨਦਾ ਹੋਇਆ ਇਹ ਸੋਚਦਾ ਹੈ" ਇਹ ਵਿਆਕਰਣ ਵਿਦਿਆ ਮੇਰੇ ਕੰਮ ਆਵੇਗੀ । (5)

ਜੋ ਪੁਰਸ਼ ਸੰਸਾਰ ਵਿਚ ਪ੍ਰਸਿੱਧ ਸੂਰਵੀਰ ਹੈ ਉਹ ਸੰਜਮ ਰੂਪੀ ਲੜਾਈ ਵਿੱਚ ਵੀ ਅੱਗੇ ਵੀ ਰਹਿੰਦਾ ਹੈ ਪਿੱਛੇ ਨਹੀਂ ਝਾਕਦਾ। ਉਹ ਸੋਚਦਾ ਹੈ "ਮੌਤ ਤੋਂ ਵੱਧ ਕੇ ਕੀ ਹੋਵੇਗਾ ? (6)

ਇਸ ਪ੍ਰਕਾਰ ਗ੍ਰਹਿਸਥ ਬੰਧਨ ਤੇ ਪਾਪਾਂ ਨੂੰ ਛਡ ਕੇ ਬਹਾਦਰ ਭਿਖਸ਼ੂ ਸੰਜਮ ਲਈ ਤਿਆਰ ਹੁੰਦਾ ਹੈ ਉਹ ਮੋਕਸ਼ (ਨਿਰਵਾਨ) ਵੱਲ ਅੱਗੇ ਵੱਧਦਾ ਹੈ । (7)

ਅਨੇਤੀਰਥੀ (ਦੂਸ਼ਰੇ ਮੱਤਾਂ) ਦੇ ਲੋਕ ਸੱਚੇ ਸਾਧੂ ਦੇ ਸੰਜਮ ਪ੍ਰਤਿ ਸ਼ੱਕ ਪ੍ਰਗਟ ਕਰਦੇ ਹਨ । ਉਹ ਲੋਕ ਸਮਾਧੀ (ਆਤਮਿਕ ਸੁੱਖ) ਤੋਂ ਦੂਰ ਹਨ । (8)



# ਕੁਸ਼ੀਲ ਨਾਮਕ ਸੱਤਵਾਂ ਅਧਿਐਨ

ਇਸ ਅਧਿਐਨ ਤੋਂ ਪਹਿਲਾਂ ਵੀਰ ਸਤੁਤੀ ਵਿਚ ਸੁਸ਼ੀਲ ਵਿਅਕੱਤੀ ਦੀ ਪਰਿਭਾਸ਼ਾ ਦੱਸੀ ਗਈ ਸੀ। ਇਸ ਅਧਿਐਨ ਵਿਚ ਕੁਸ਼ੀਲ ਵਿਅਕਤੀ ਦਾ ਵਰਨਣ ਕੀਤਾ ਗਿਆ ਹੈ। ਟੀਕਾਕਾਰ ਸੀਲਾਂਕਾਚਾਰਿਆ ਆਖਦੇ ਹਨ "ਪਰ ਤੀਰਥੀ (ਦੂਸਰੇ ਦਾਰਸ਼ਨਿਕ) ਵੀ ਕੁਸ਼ੀਲ ਹਨ। ਪਾਰਸ਼ਵਸਥ (ਭਰਿਸ਼ਟ ਸਾਧੂ) ਆਦਿ ਵੀ ਕੁਸ਼ੀਲ ਹਨ। ਸ਼ੀਲ ਰਹਿਤ ਗ੍ਰਿਹਸਥ ਵੀ ਕੁਸ਼ੀਲ ਹੈ।"

ਜੋ ਮਨੁੱਖ ਪਾਪਕਾਰੀ ਯੋਗਾਂ ਤੋਂ ਰਹਿਤ ਹੈ ਉਹ ਸ਼ੀਲਵਾਨ ਹੈ ਇਸ ਤੋਂ ਉਲਟੇ ਅਸ਼ੀਲਵਾਨ ਹੈ। ਇਥੇ ਯੋਗ ਦਾ ਅਰਥ ਹੈ ਮਨ, ਬਚਨ ਤੇ ਸਰੀਰ ਦੇ ਮੇਲ ਨਾਲ ਪੈਦਾ ਪਾਪਕਾਰੀ ਕਰਮ।

ਕੁਸ਼ੀਲ ਲੋਕ ਗਉ ਵਰਤੀਕ ਹਨ ਉਹ ਸਿਖਿਅਕ ਬਲਦ ਨੂੰ ਲੈ ਕੇ ਭੋਜਨ ਮੰਗਦੇ ਹਨ। ਚੰਡੀ ਦੀ ਉਪਾਸ਼ਨਾ ਕਰਨ ਵਾਲੇ, ਹਥ ਵਿਚ ਚੱਕਰ ਧਾਰਣ ਕਰਦੇ ਹਨ। ਵਾਰੀ ਭੱਦਰਕ ਬਨ ਕੇ ਪਾਣੀ ਪੀਂਦੇ ਹਨ ਜਾਂ ਪਾਣੀ ਦੀ ਹਰਿਆਲੀ ਖਾਕੇ ਗੁਜਾਰਾ ਕਰਦੇ ਹਨ। ਹਰ ਸਮੇਂ ਇਸ ਨਾਲ, ਪੈਰ ਧੋਣ ਵਿਚ ਲੱਗੇ ਰਹਿੰਦੇ ਹਨ। ਨਾ ਵਰਤੋਂ ਯੋਗ ਜੀਵਾਂ ਵਾਲਾ ਅਪ੍ਰਾਸੁਕ ਭੋਜਨ ਕਰਨ ਕਾਰਣ ਇਹ ਸਭ ਕੁਸ਼ੀਲ ਹਨ। ਕੁਸ਼ੀਲ ਲੋਕ ਜੀਵ, ਅਜੀਵ ਦੇ ਗਿਆਨ ਨਾ ਹੋਣ ਕਾਰਣ, ਸੰਸਾਰ ਦੇ ਜਨਮ ਮਰਨ ਦੇ ਚਕਰ ਵਿਚ ਘੁਮਦੇ ਰਹਿੰਦੇ ਹਨ। ਇਹ ਜੀਵ ਚਾਰ ਕਸ਼ਾਏ, ਰਾਗ, ਦਵੇਸ਼ ਰਾਹੀਂ ਕਰਮ ਬੰਧ ਕਰਦੇ ਹੋਏ, ਆਪ ਤੇ ਹੋਰਾਂ ਲਈ ਕਸ਼ਟ ਦਾ ਕਾਰਣ ਬਨਦੇ ਹਨ। ਸੋ ਵੀਰ ਸਤੁਤੀ ਅਨੁਸਾਰ ਸ਼ੀਲ ਦਾ ਸਵਰੂਪ ਸਮਝਕੇ ਕੁਸ਼ੀਲ ਛੱਡ ਦੇਣਾ ਚਾਹੀਦਾ ਹੈ।

# ਕੁਸ਼ੀਲ ਪਰਿਭਾਸ਼ਾ ਨਾਮਕ ਸੱਤਵਾਂ ਅਧਿਐਨ

ਪ੍ਰਿਥਵੀ, ਪਾਣੀ, ਅੱਗ, ਹਵਾ, ਘਾਹ-ਦਰਖਤ ਆਦਿ ਬਨਾਸਪਤੀ, ਤਰਸ (ਹਿਲਣ ਜੁਲਣ ਵਾਲੇ) ਅੰਡਜ (ਪੰਛੀ) ਜੇਰਜ (ਗਾਂ ਮਨੁੱਖ) ਸਵੇਦਜ (ਪਸੀਨੇ ਤੇ ਦਹੀ) ਤੋਂ ਜੀਵ ਪੈਦਾ ਹੁੰਦੇ ਹਨ। ਇਨ੍ਹਾਂ ਥਾਵਾਂ ਨੂੰ ਤੀਰਥੰਕਰਾਂ ਸ਼ਟ (ਛੇ) ਜੀਵ ਨਿਕਾਅ (ਸ਼ਰੀਰ) ਕਿਹਾ ਹੈ। (1)

ਇਹ ਸਭ ਪ੍ਰਾਣੀ ਸੁੱਖ ਦੇ ਇਛੁੱਕ ਅਤੇ ਦੁੱਖ ਦੇ ਦੋਖੀ ਹਨ। ਇਨ੍ਹਾਂ ਜੀਵਾਂ ਵਾਰੇ ਇਹ ਜਾਨਣਾਂ ਜਰੂਰੀ ਹੈ ਕਿ ਇਨ੍ਹਾਂ ਦੀ ਹਿੰਸਾ ਕਰਨਾ, ਦਰਅਸਲ ਵਿੱਚ ਅਪਣੀ ਆਤਮਾ ਨੂੰ ਡੰਡ ਦੇਣਾ ਹੈ। ਇਨ੍ਹਾਂ ਪ੍ਰਾਣੀਆਂ ਦਾ ਨੁਕਸਾਨ ਕਰਨ ਵਾਲਾ ਜੀਵ, ਅਪਣੇ ਆਪ ਨੂੰ ਦੰਡ ਵਿਚ ਪਾਉਣ ਵਾਲਾ ਹੈ। ਵਾਰ ਵਾਰ ਯੋਨੀਆਂ ਵਿਚ ਭਟਕਦਾ ਹੈ। (2)

ਇਨ੍ਹਾਂ ਯੋਨੀਆਂ ਦੀ ਹਿੰਸਾ ਕਰਨ ਵਾਲਾ ਅਤੇ ਵਾਰ ਵਾਰ ਇਕ ਇੰਦਰੀਆਂ (ਸਥਾਵਰ ਪ੍ਰਿਥਵੀ ਆਦਿ ਇਕ ਇੰਦਰੀ ਵਾਲੇ) ਯੋਨੀ ਦੇ ਜੀਵਾਂ ਜਨਮਦਾ ਤੇ ਮਰਦਾ, ਵਾਰ ਵਾਰ ਤਰਸ ਤੇ ਸਥਾਵਰ ਨਾਮ (ਜਨਮ) ਪ੍ਰਾਪਤ ਕਰਦਾ ਹੈ। ਵਾਰ-ਵਾਰ ਜਨਮ ਲੈ ਕੇ ਬਹੁਤ ਮਾੜੇ ਕਰਮ ਕਰਦਾ ਹੋਇਆ, ਪਾਪ ਕਰਮ ਦੇ ਫਲ ਸਰੂਪ ਮੌਤ ਨੂੰ ਪ੍ਰਾਪਤ ਹੁੰਦਾ ਹੈ। (3)

ਜੀਵ ਜੋ ਕਰਮ ਬੰਧ ਕਰਦਾ ਹੈ ਉਸ ਦਾ ਫਲ ਉਸਨੂੰ ਉਸੇ ਜਨਮ ਜਾਂ ਫੇਰ ਅਗਲੇ ਜਨਮ ਵਾਅਦ ਨਿਸ਼ਚਿਤ ਮਿਲਦਾ ਹੈ। ਕੋਈ ਕਰਮ ਇਕ ਹੀ ਜਨਮ ਵਿਚ ਫਲ ਭੁਗਤਾ ਦਿੰਦਾ ਹੈ ਤਾਂ ਕੋਈ ਕਰਮ ਦਾ ਫਲ ਸੈਂਕੜੇ ਜਨਮ ਵਿਚ। ਕੋਈ ਕਰਮ ਜਿਸ ਰੂਪ ਵਿਚ ਕੀਤਾ ਜਾਂਦਾ ਹੈ ਤਾਂ ਉਸੇ ਰੂਪ ਵਿਚ ਫਲ ਦਿੰਦਾ ਹੈ ਤਾਂ ਦੂਸਰਾ ਕੋਈ, ਹੋਰ ਦੂਸਰੇ ਰੂਪ ਵਿਚ। ਇਸ਼ ਪ੍ਰਕਾਰ ਸੰਸਾਰ ਵਿਚ ਘੁਮਣ ਵਾਲੇ ਕੁਸ਼ੀਲ ਜੀਵ ਤੇਜ ਤੋਂ ਤੇਜ ਦੁਖ ਭੋਗਦੇ ਹਨ, ਨਵਾਂ ਕਰਮ ਬੰਧ (ਸੰਗ੍ਰਿਹ) ਕਰਦੇ ਹਨ ਪੁਰਾਨੇ ਭੋਗਦੇ ਹਨ। (4)

ਜੋ ਲੋਕ ਮਾਤਾ, ਪਿਤਾ ਜਾਂ ਸਮੁਚਾ ਪਰਿਵਾਰ ਛਡ ਕੇ ਸਾਧੂ ਬਨ ਕੇ ਵੀ ਅੱਗ ਦੇ ਜੀਵਾਂ ਦੀ ਹਿੰਸਾ ਕਰਦੇ ਹਨ। ਅਪਣੇ ਸੁਖ ਲਈ ਹੋਰ ਜੀਵਾਂ ਦਾ ਘਾਤ ਕਰਦੇ ਹਨ। ਉਹ ਕੁਸ਼ੀਲ (ਬੁਰੇ) ਚਾਰਿਤਰ ਵਾਲੇ ਹਨ। (5)

ਅੱਗ ਜਲਾਉਣ ਵਾਲਾ ਪੁਰਸ਼ ਜੀਵਾਂ ਦਾ ਘਾਤ ਕਰਦਾ ਹੈ ਤੇ ਬੁਝਾਉਣ ਵਾਲਾ ਵੀ ਅੱਗ ਦੇ ਜੀਵਾਂ ਦਾ ਘਾਤ ਕਰਦਾ ਹੈ ਇਸ ਲਈ ਸਮਝਦਾਰ ਭਿਖਸ਼ੂ ਅਗਨੀ ਕਾਇਆ ਦੇ ਜੀਵਾਂ ਦੀ ਹਿੰਸਾ ਤੋਂ ਬਚੇ। (6)

ਅੱਗ ਦੇ ਜੀਵਾਂ ਦੀ ਹਿੰਸਾ ਕਾਰਣ ਜਮੀਨ ਦੇ ਜੀਵ, ਪਾਣੀ ਦੇ ਜੀਵ, ਪਤੰਗੇ ਆਦਿ ਉਡਣ ਕਾਰਣ ਤੇ ਲਕੜੀ ਵਿਚ ਬੈਠੇ ਜੀਵ ਜੰਤੂ ਵਿਨਾਸ਼ ਨੂੰ ਪ੍ਰਾਪਤ ਕਰਦੇ ਹਨ। (7)

ਹਰੀ ਘਾਹ ਤੇ ਅੰਕੁਰ ਆਦਿ ਵੀ ਜੀਵ ਹਨ। ਇਹ ਜੀਵ ਮੂਲ, ਸਕੰਧ, ਸ਼ਾਖਾ, ਪੱਤੇ, ਫੁਲ ਅਤੇ ਫੱਲ ਆਦਿ ਦੇ ਰੂਪ ਵਿਚ ਅਲਗ ਰਹਿੰਦੇ ਹਨ। ਜੋ ਮੁਨੀ ਅਪਣੇ ਸੁਖਾਂ ਲਈ ਇਨ੍ਹਾਂ ਜੀਵਾਂ ਦਾ ਘਾਤ ਕਰਦਾ ਹੈ, ਉਹ ਬਹੁਤ ਸਾਰੇ ਜੀਵਾਂ ਦੀ ਹਿੰਸਾ ਕਰਦਾ ਹੈ। (8)

ਜੋ ਅਸੰਜਮੀ ਪੁਰਸ਼ (ਮੁਨੀ) ਅਪਣੇ ਸੁੱਖਾਂ ਦੇ ਲਈ ਬੀਜਾਂ ਦੇ ਜੀਵਾਂ ਦੀ ਹਿੰਸਾ ਕਰਦਾ ਹੈ। ਅਜੇਹਾ ਕਰਨ ਵਾਲਾ ਇਸ ਪਾਪ ਰਾਹੀਂ ਅਪਣੀ ਆਤਮਾ ਨੂੰ ਦੰਡ ਦਿੰਦਾ ਹੈ। ਉਸ ਨੂੰ ਤੀਰਥੰਕਰਾਂ ਨੇ ਅਨਾਰਿਆ ਧਰਮੀ ਕਿਹਾ ਹੈ। (9)

ਹਰੀ ਬਨਾਸਪਤੀ ਦੇ ਜੀਵ ਨੂੰ ਛੇਕਨ ਨਾਲ ਕਈ ਤਾਂ ਗਰਭ ਵਿਚ ਹੀ ਮਰ ਜਾਂਦੇ ਹਨ। ਕੋਈ ਬੋਲਨ ਯੋਗ ਹੋਣ ਤੇ ਮਰਦੇ ਹਨ ਅਤੇ ਕੋਈ ਬੋਲਨ ਤੋਂ ਪਹਿਲਾਂ ਵੀ ਮਰ ਜਾਂਦੇ ਹਨ। ਕਦੇ ਕਦੇ ਬਚਪਨ, ਪੰਜ ਸਿਖਾ ਵਾਲੀ ਜਵਾਨੀ, ਜਾਂ ਵਿਚਕਾਰ ਜਾਂ ਬੁਢਾਪੇ ਵਿਚ ਮਰ ਜਾਂਦੇ ਹਨ। ਇਸ ਪ੍ਰਕਾਰ ਬਨਾਸਪਤੀ ਜੀਵਾਂ ਦੀ ਹਿੰਸਾ ਕਰਨ ਵਾਲਾ ਪ੍ਰਾਣੀ ਮੌਤ ਦੀ ਸ਼ਰਣ ਨੂੰ ਪ੍ਰਾਪਤ ਹੁੰਦਾ ਹੈ। (10)

"ਹੇ ਜੀਵੋ! ਤੁਸੀਂ ਸਮਝੋ ਕਿ ਇਸ ਸੰਸਾਰ ਵਿਚ ਮਨੁੱਖ ਜਨਮ ਬਹੁਤ ਹੀ ਕਠਿਨ ਹੈ। ਪਸ਼ੂ ਗਤੀ ਤੇ ਨਰਕ ਗਤੀ ਦੇ ਦੁੱਖਾਂ ਨੂੰ ਵੇਖ ਕੇ ਵੀ ਅਗਿਆਨੀ ਜੀਵ ਕੁੱਝ ਨਹੀਂ ਸੋਚਦੇ। ਇਹ ਲੋਕ, ਬੁਖਾਰ ਦੇ ਸਤਾਏ ਜੀਵ ਦੀ ਤਰ੍ਹਾਂ ਏਕਾਂਤ (ਇਕ ਤਰ੍ਹਾਂ ਪ੍ਰਕਾਰ ਨਾਲ) ਦੁਖ ਪਾਂਦੇ ਹਨ ਅਤੇ ਸੁਖ ਪਾਣ ਲਈ ਪਾਪ ਕਰਮ ਕਰਦੇ ਹੋਏ ਦੁਖੀ ਹੁੰਦੇ ਹਨ। (11)

ਇਸ ਸੰਸਾਰ ਵਿਚ ਕੋਈ ਮੂਰਖ ਆਖਦੇ ਹਨ "ਨਮਕ ਛਡਨ ਨਾਲ ਮੁੱਕਤੀ ਪ੍ਰਾਪਤ ਹੋ ਜਾਂਦੀ ਹੈ। ਕੋਈ ਠੰਡੇ ਪਾਣੀ ਦੇ ਸੇਵਨ ਨਾਲ ਮੁਕਤੀ ਦਸਦੇ ਹਨ। ਕੋਈ ਹੋਮ ਰਾਹੀਂ ਮੁਕਤੀ ਦਸਦੇ ਹਨ।" (12)

---

ਟੀਕਾ ਗਾਥਾ 12—ਟੀਕਾਕਾਰ ਅਭੇਦੇਵ ਸੂਰੀ ਆਖਦੇ ਹਨ—ਕਈ ਲਹਿਸੁਣ ਪਿਆਜ, ਉਟਨੀ ਦਾ ਦੁੱਧ, ਗਊ ਮਾਸ ਅਤੇ ਸ਼ਰਾਬ ਛੱਡਣ ਵਿਚ ਮੁਕਤੀ ਮਨਦੇ ਹਨ। ਵਾਰਿਭਦਰਕ ਆਦਿ ਭਗਵੰਤ ਨਾ ਪੀਣ ਯੋਗ (ਸਚਿੱਤ) ਪਾਣੀ ਰਾਹੀਂ ਮੁਕਤੀ ਦਸਦੇ ਹਨ, ਇਹ ਲੋਕ ਆਖਦੇ ਹਨ ਜਿਵੇਂ ਪਾਣੀ ਕਪੜੇ ਸਾਫ ਕਰ ਦਿੰਦਾ ਹੈ ਉਸੇ ਤਰ੍ਹਾਂ ਜਲ ਇਸ਼ਨਾਨ ਨਾਲ ਅੰਦਰਲੀ ਮੈਲ ਵੀ ਧੁਲ ਜਾਂਦੀ ਹੈ। ਕਈ ਤਾਪਸ ਬ੍ਰਾਹਮਣ ਅੱਗ, ਘੀ, ਤੇ ਸਮਿਧਾ ਦੀ ਮਦੱਦ ਨਾਲ ਅਗਨੀ ਹੋਤਰ ਹੋਮ ਕਰਨ ਵਿਚ ਮੁਕਤੀ ਮਨਦੇ ਹਨ। ਇਹ ਲੋਕ ਦਲੀਲ ਦਿੰਦੇ ਹਨ ਜਿਵੇਂ ਅੱਗ ਸੋਨੇ ਨੂੰ ਗਲਾ ਦਿੰਦੀ ਹੈ ਘੀ ਨਾਲ ਹਵਨ ਕਰਨ ਤੇ ਸਵਰਗ ਦੀ ਪ੍ਰਾਪਤੀ ਹੁੰਦੀ ਹੈ।

ਸਵੇਰੇ ਉਠ ਕੇ ਕੋਈ ਮੁਕਤੀ ਨਹੀਂ ਮਿਲਦੀ, ਸਗੋਂ ਪਾਣੀ ਤੇ ਅਧਾਰਿਤ ਜੀਵਾਂ ਦੀ ਹਿੰਸਾ ਹੁੰਦੀ ਹੈ। ਇਸ ਪ੍ਰਕਾਰ ਨਮਕ ਛਡਨ ਨਾਲ ਮੁਕਤੀ ਦਾ ਕੋਈ ਸੰਬੰਧ ਨਹੀਂ। ਕਈ ਲੋਕ ਸ਼ਰਾਬ, ਮਾਸ, ਲਹਿਸੁਣ ਦਾ ਭੋਗ ਕਰਦੇ ਹੋਏ ਸੰਸਾਰ ਵਿਚ ਹੀ ਭਟਕਦੇ ਹਨ (ਮੁਕਤੀ ਨਾਲ ਬਾਹਰਲੇ ਵਿਖਾਵੇ ਦਾ ਕੋਈ ਸੰਬੰਧ ਨਹੀਂ)। (13)

ਜੋ ਲੋਕ ਸਵੇਰੇ, ਅਤੇ ਸ਼ਾਮੀ ਜਲ ਸਪਰਸ਼ ਨਾਲ ਮੋਕਸ਼ ਦਸਦੇ ਹਨ ਸੋ ਗਲਤ ਹੈ। ਜੋ ਪਾਣੀ ਨਾਲ ਮੁਕਤੀ ਹੋਵੇ ਤਾਂ ਜੋ ਪਾਣੀ ਦੇ ਸਪਰਸ਼ (ਛੂਹਣ) ਨਾਲ ਉਹ ਸਾਰੇ ਮੁਕਤ ਹੋ ਜਾਣੇ ਚਾਹੀਦੇ ਹਨ। (14)

ਪਾਣੀ ਨਾਲ ਮੁਕਤੀ ਹੋਵੇ, ਤਾਂ ਮੱਛੀ, ਕਛੂ ਸਰਿਸਰਪ (ਪਾਣੀ ਦੇ ਸੱਪ) (ਪਾਣੀ ਦਾ ਮੁਰਗਾ) ਉਠ ਨਾਂ ਦੇ ਜੀਵ ਤੇ ਜਲ ਰਾਖਸ ਸਭ ਮੋਕਸ਼ ਨੂੰ ਚਲੇ ਜਾਣੇ ਚਾਹੀਦੇ ਹਨ। ਪਰ ਇਹ ਨਾ ਤਾਂ ਵੇਖਿਆ ਸੁਣਿਆ ਹੈ ਤੇ ਨਾ ਸੁਨਣ ਯੋਗ ਹੈ। ਜੋ ਪਾਣੀ ਨਾਲ ਮੁਕਤੀ ਆਖਦੇ ਹਨ ਉਹ ਅਯੋਗ ਬਚਨ ਬੋਲਦੇ ਹਨ। (15)

"ਜੇ ਪਾਣੀ ਕਰਮਾਂ ਦੀ ਮੈਲ ਪਾਪ ਖਤਮ ਕਰ ਦੇਵੇ ਤਾਂ ਉਹ ਪੁੰਨ ਵੀ ਖਤਮ ਕਰ ਸਕਦਾ ਹੈ।" ਇਸ ਲਈ ਪਾਣੀ ਦੇ ਛੋਹੁਣ ਨਾਲ ਮੁਕਤੀ ਦਾ ਵਿਚਾਰ ਕਲਪਨਾ ਤੋਂ ਛੁਟ ਕੁਝ ਨਹੀਂ। ਜਿਵੇਂ ਜਨਮ ਤੋਂ ਅੰਨੇ ਦੇ ਪਿਛੇ ਚਲਨ ਵਾਲਾ ਗਲਤ ਰਸਤੇ ਤੋਂ ਭਟਕਦਾ ਹੈ ਅਤੇ ਮੰਜਿਲ ਤੇ ਨਹੀਂ ਪਹੁੰਚਦਾ। ਉਸੇ ਪ੍ਰਕਾਰ ਅਗਿਆਨੀ ਦਾ ਸਾਥੀ ਪਾਣੀ ਦੇ ਜੀਵਾਂ ਦਾ ਘਾਤ ਧਰਮ ਸਮਝ ਕੇ ਕਰਦਾ ਹੈ। (16)

"ਪਾਣੀ ਦਾ ਸਪਰਸ਼ ਹੀ ਜੇ ਪਾਪ ਦੂਰ ਕਰ ਦਿੰਦਾ, ਤਾਂ ਮੱਛੀ ਮਾਰ ਤਾਂ ਪਹਿਲਾਂ ਮੁਕਤੀ ਨੂੰ ਜਾਨੇ ਚਾਹੀਦੇ ਹਨ।" ਪਰ ਅਜੇਹਾ ਨਹੀਂ ਹੁੰਦਾ। ਇਸ ਲਈ ਮਾਤਰ ਜਲ ਇਸ਼ਨਾਨ ਨੂੰ ਮੁਕਤੀ ਦਾ ਕਾਰਣ ਆਖਣ ਵਾਲੇ ਮਿਥਿਆਤੱਵੀ (ਝੂਠੇ) ਹਨ। (17)

ਸਵੇਰੇ ਤੇ ਸ਼ਾਮ ਅੱਗ ਰਾਹੀਂ ਹੋਮ ਕਰਕੇ ਮੁਕਤੀ ਦੀ ਗੱਲ ਆਖਣ ਵਾਲੇ ਝੂਠੇ (ਮਿਥਿਆਤੱਵੀ) ਹਨ। ਜੋ ਅੱਗ ਨਾਲ ਸਿੱਧੀ (ਮੋਕਸ਼) ਹੋ ਜਾਵੇ, ਤਾਂ ਅੱਗ ਨੂੰ ਛੂਹਣ ਵਾਲੇ, ਬੁਰੇ ਕਰਮ ਕਰਨ ਵਾਲੇ) ਵੀ ਸਿਧ ਹੋ ਜਾਣੇ ਚਾਹੀਦੇ ਹਨ। (18)

ਜਿਨ੍ਹਾਂ ਪਾਣੀ ਅਤੇ ਅੱਗ ਦੇ ਰਾਂਹੀਂ ਮੁਕਤੀ ਮੰਨੀ ਹੈ, ਉਨ੍ਹਾਂ ਮੁਕਤੀ ਵਾਰੇ ਕੋਈ ਠੋਸ ਮਾਨਤਾ ਸਥਾਪਿਤ ਨਹੀਂ ਕੀਤੀ। ਇਸ ਪ੍ਰਕਾਰ ਦੇ ਅਗਿਆਨੀ ਜੀਵ ਜਨਮ ਮਰਨ ਦੇ ਚਕਰ ਵਿਚ ਭਟਕਨਗੇ ਅਤੇ ਤੱਰਸ ਤੇ ਸਥਾਵਰ ਪ੍ਰਾਣੀ ਦੁੱਖ ਚਾਹੁੰਦੇ ਹਨ।" (ਅਜੇਹਾ ਜਾਨਕੇ ਤੇ ਸਮਿਅਕੱਤਵ ਪ੍ਰਾਪਤ ਕਰਕੇ ਕਿਸੇ ਜੀਵ ਦੀ ਹਿੰਸਾ ਨਾ ਕਰੋ, ਨਾ ਕਸ਼ਟ ਪਹੁੰਚਾਵੋ) (19)

ਅਸ਼ੁਭ ਕਰਮਾਂ ਦੇ ਇੱਕਠ ਸਦਕਾ, ਜੀਵ ਕਰਮ ਅਨੁਸਾਰ ਦੁਖੀ ਹੁੰਦੇ ਹਨ। ਉਹ ਤਲਵਾਰ ਨਾਲ ਛਿਲੇ ਜਾਨ ਦੇ ਕਾਰਣ ਡਰਦੇ ਹਨ। ਇਸ ਲਈ ਪਾਪਾਂ ਤੋਂ ਮੁਕਤ ਸਾਧੂ

ਮਨ-ਬਚਨ ਤੇ ਸ਼ਰੀਰ ਗੁਪਤੀ ਰਾਹੀਂ ਤਰਸ ਤੇ ਸਥਾਵਰ ਜੀਵਾਂ ਦੀ ਹਿੰਸਾ ਨਾ ਕਰੇ। (20)

ਜੋ ਚਾਰਿਤਰ ਹੀਣ ਸਾਧੂ ਸ਼ਾਸਤਰ ਤੋਂ ਵਿਧੀ ਤੋਂ ਉਲਟ ਭੋਜਨ ਕਰਦਾ ਹੈ। ਠੰਡੇ ਪਾਣੀ ਨਾਲ ਇਸ਼ਨਾਨ ਕਰਦਾ ਹੈ। ਜੋ ਸ਼ਿੰਗਾਰ ਸ਼ੋਭਾ ਲਈ ਬਸਤਰ ਤੇ ਪੈਰ ਪਾਣੀ ਨਾਲ ਸਾਫ ਕਰਦਾ ਹੈ। ਉਹ ਸੰਜਮ ਤੋਂ ਦੂਰ ਹੈ। ਅਜੇਹਾ ਨਾ ਕਰਨ ਵਾਲਾ ਹੀ ਸ਼ੁਧ ਸੰਜਮੀ ਹੈ। (ਭਾਵ ਸ਼ਿੰਗਾਰ ਦੀ ਭਾਵਨਾ ਨਾਲ ਅਜੇਹੇ ਕਰਮ ਮਨਾ ਹਨ ) ਅਜੇਹਾ ਤੀਰਥੰਕਰਾਂ ਨੇ ਕਿਹਾ ਹੈ। (21)

ਧੀਰ ਬੁਧੀਮਾਨ ਮਨੁਖ ਜਲ ਇਸ਼ਨਾਨ ਨੂੰ ਕਰਮ ਬੰਧਨ ਸਮਝਦਾ ਹੈ। ਇਹ ਸਮਝ ਕੇ ਪੁਰਸ਼ ਜਦੋਂ ਤਕ ਮੁਕਤੀ ਨਾ ਹੋਵੇ, ਕੱਚੇ (ਜੀਵ ਸਹਿਤ) ਪਾਣੀ ਦਾ ਤਿਆਗ ਕਰਕੇ, ਸ਼ੁਧ ਜੀਵ ਰਹਿਤ (ਸਚਿਤ) ਪਾਣੀ ਇਸਤੇਮਾਲ ਕਰੇ। ਬੀਜ ਤੇ ਕੰਦ ਦਾ ਪ੍ਰਯੋਗ ਨਾ ਕਰੇ। ਇਸ਼ਨਾਨ ਤੇ ਇਸਤਰੀ ਭੋਗਾਂ ਤੋਂ ਦੂਰ ਰਹੇ (22)

''ਜੋ ਚਾਰਿਤਰ ਹੀਣ ਮਾਂ, ਪਿਉ, ਘਰ, ਪੁਤ, ਪਸ਼ੂ ਤੇ ਧਨ ਛਡ ਕੇ ਸਵਾਦ ਵਾਲੇ ਘਰਾਂ ਦਾ ਭੋਜਨ ਲੈਣ ਲਈ ਭਜਦਾ ਹੈ ਉਹ ਸਾਧੂ ਪੁਣੇ ਤੋਂ ਬਹੁਤ ਦੂਰ ਹੈ, ਅਜੇਹਾ ਤੀਰਥੰਕਰਾਂ ਨੇ ਕਿਹਾ ਹੈ। (23)

ਜੋ ਪੇਟੂ ਉਤਮ ਸਵਾਦੀ ਭੋਜਨ ਦੇਣ ਵਾਲੇ ਘਰਾਂ ਵਿਚ ਧਰਮ ਕਥਾ ਸੁਨਾਉਣ ਨੂੰ ਭਜਦਾ ਹੈ। ਜੋ ਭੋਜਨ ਬਦਲੇ ਆਤਮ ਪ੍ਰਸ਼ੰਸਾ ਦਾ ਇਛੁਕ ਹੈ ਉਹ ਅਚਾਰਿਆ ਦੀ ਸੇਵਾ ਦਾ ਹਜਾਰਵਾਂ ਭਾਗ ਨਹੀਂ। ਜੋ ਭੋਜਨ ਦੇ ਲੋਭ ਲਈ ਅਪਣੇ ਗੁਣਾਂ ਦਾ ਵਰਨਣ ਕਰਦਾ ਹੈ। ਉਹ ਵੀ ਆਰਿਆ ਪੁਰਸ਼ ਦੇ ਸੌਵਾਂ ਹਿਸਾ ਨਹੀਂ। (24)

ਜੋ ਮਨੁੱਖ ਘਰ ਵਾਰ ਛੱਡ ਕੇ ਭੋਜਨ ਲਈ ਭੱਜੇ ਫਿਰਦੇ ਹਨ, ਪ੍ਰਸੰਸਾ ਭੱਟਾ ਦੀ ਤਰ੍ਹਾਂ ਕਰਾਉਂਦੇ ਹਨ ਉਹ ਉਸ ਸੁਅਰ ਦੀ ਤਰ੍ਹਾਂ ਹਨ ਜੋ ਪੇਟ ਪਾਲਣ ਲਈ ਚੋਲਾਂ ਦੇ ਕਨਾਂ ਨੂੰ ਪ੍ਰਤਿ ਮੋਹ ਜਾਲ ਵਿਚ ਫਸ ਜਾਂਦਾ ਹੈ ਅਤੇ ਵਿਨਾਸ਼ ਨੂੰ ਪ੍ਰਾਪਤ ਹੁੰਦਾ ਹੈ। (25)


ਜੋ ਅੱਗ ਪਾਣੀ ਜਾਂ ਕਪੜਿਆਂ ਲਈ, ਮਾਲਿਕ ਦੇ ਆਖੇ ਅਨੁਸਾਰ ਬੋਲਦੇ ਹਨ। ਉਹ ਸਾਧੂ ਪਾਰਸਵਸਥ (ਵਿਗੜੇ ਸਾਧੂ) ਅਤੇ ਕੁਸ਼ੀਲ (ਚਾਰਿਤਰਹੀਣ) ਹਨ। ਜਿਵੇਂ ਅਨਾਜ ਤੋਂ ਬਿਨਾ ਤੂੜੀ ਬੇਕਾਰ ਹੈ ਉਸੇ ਪ੍ਰਕਾਰ ਸੰਜਮ ਹੀ ਜੀਵ ਆਤਮਾ ਦਾ ਸਾਰ ਹੈ।

ਸੰਜਮੀ ਸਾਧੂ ਅਨਜਾਨ ਤੇ ਰੂਖਾ ਭੋਜਨ ਲਿਆ ਕੇ ਜੀਵਨ ਯਾਤਰਾ ਸ਼ੁਰੂ ਕਰੇ। ਭੋਜਨ ਲਈ ਮਿਨਤ ਖੁਸ਼ਾਮਦ ਨਾ ਕਰੇ। ਪੂਜਾ ਦੀ ਇਛਾ ਕਰਦਾ ਨਾ ਫਿਰੇ। ਸ਼ਬਦ ਤੇ ਰੂਪ ਆਦਿ ਵਿਸ਼ਿਆਂ ਪ੍ਰਤਿ ਪਕੜ ਖਤਮ ਕਰੇ। ਸਾਰੇ ਕਾਮ ਭੋਗਾਂ ਨੂੰ ਤਿਆਗ ਦੇਵੇ। (27)

ਚੰਗਾ ਸਾਧੂ ਸਾਰੇ ਰਿਸ਼ਤੇਦਾਰਾਂ ਦਾ ਤਿਆਗ ਕਰਕੇ, ਸਾਰੇ ਦੁੱਖ ਸਹਿੰਦਾ ਹੋਇਆ ਗਿਆਨ ਆਦਿ ਗੁਣਾਂ ਤੇ ਭਰਪੂਰ ਹੁੰਦਾ ਹੈ। ਉਹ ਕਿਸੇ ਪਦਾਰਥ ਨਾਲ ਨਹੀਂ ਚਿਮੜਦਾ ਉਹ ਆਜਾਦ ਘੁਮਦਾ ਹੈ। ਉਹ ਸਭ ਨੂੰ ਭੈ ਮੁਕਤ ਕਰਦਾ ਹੈ ਤੇ ਖੁਦ ਵੀ ਭੈ ਮੁਕਤ ਹੁੰਦਾ ਹੈ। ਵਿਸ਼ੇ ਵਿਕਾਰਾਂ ਤੋਂ ਰਹਿਤ ਹੁੰਦਾ ਹੈ। (28)

ਸਾਧੂ ਸੰਜਮ ਦੀ ਰਖਿਆ ਲਈ ਯੋਗ ਭੋਜਨ ਗ੍ਰਹਿਣ ਕਰੇ, ਸ਼ਰੀਰ ਦੇ ਪਾਲਨ ਹਿੱਤ ਨਹੀਂ ਪਿਛਲੇ ਪਾਪ ਕਰਮਾਂ ਦੀ ਧੂੜ ਨੂੰ ਦੂਰ ਕਰਨ ਦੀ ਇਛਾ ਕਰੇ। ਕਸ਼ਟਾਂ, ਪਰਿਸ਼ੇ ਨੂੰ ਆਉਣ ਤੇ ਸੰਜਮ ਵਿਚ ਰਹਿਕੇ ਮੋਕਸ਼ ਦਾ ਵਿਚਾਰ ਕਰੇ। ਜਿਵੇਂ ਲੜਾਈ ਵਿਚ ਪਹੁੰਚਿਆ ਯੋਧਾ ਸ਼ਤਰੂ ਦਾ ਨਾਸ਼ ਕਰਦਾ ਹੈ। ਇਸੇ ਪ੍ਰਕਾਰ ਸਾਧੂ ਕਰਮ ਵਿਕਾਰਾਂ ਦਾ ਕਰਮ ਨੂੰ ਨਸ਼ਟ ਕਰੇ। (29)

ਜਿਵੇਂ ਲਕੜੀ ਦੀ ਫਟੀ ਦੇ ਦੋਵੇਂ ਪਾਸੇ ਛਿਲੇ ਜਾਣ ਤੇ ਵੀ ਕਿਸੇ ਨਾਲ ਰਾਗ ਦਵੇਸ਼ ਨਹੀਂ ਕਰਦੀ। ਉਸੇ ਪ੍ਰਕਾਰ ਪਰਿਸ਼ੇ ਤੇ ਉਪਸਰਗਾਂ ਨੂੰ ਸਹਿਨ ਕਰਦਾ ਹੋਇਆ ਸਾਧੂ ਪੰਡਿਤ ਮਰਨ ਦੀ ਇਛਾ ਕਰੇ। ਜਿਵੇਂ ਧੁਰੀ ਟੁਟਨ ਤੇ ਗਡੀ ਅੱਗੇ ਨਹੀਂ ਚਲਦੀ, ਉਸੇ ਪ੍ਰਕਾਰ ਕਰਮ ਰੂਪੀ ਧੁਰੀ ਟੁਟਨ ਸਾਧੂ ਮੁਕਤੀ ਪ੍ਰਾਪਤ ਕਰਦਾ ਹੈ ਅਜੇਹਾ ਮੈਂ ਆਖਦਾ ਹਾਂ। (30)





# ਵੀਰਜ ਨਾਮਕ ਅਠਵਾਂ ਅਧਿਐਨ

ਵੀਰਜ ਤੋਂ ਇਸ ਅਧਿਐਨ ਵਿਚ ਅਰਥ ਆਤਮਿਕ ਬਲ ਲਿਆ ਗਿਆ ਹੈ। ਟੀਕਾ-ਕਾਰ ਨੇ ਕਿਹਾ ਹੈ। "ਇਹ ਅਧਿਐਨ ਦਾ ਉਦੇਸ਼ ਮੁਕਤੀ ਦਸਨਾ ਹੈ। 1. ਬਾਲ (ਅਵਿਵੇਕੀ) 2. ਪੰਡਿਤ (ਸੰਪੂਰਨ ਸੰਜਮੀ) ਇਨ੍ਹਾਂ ਦੋ ਪ੍ਰਕਾਰ ਦੇ ਅਰਥਾਂ ਵਿਚ ਮਨੁੱਖ ਨੂੰ ਪੰਡਿਤ ਵੀਰਜ ਧਾਰਨ ਕਰਨਾ ਚਾਹੀਦਾ ਹੈ।

ਵੀਰਜ ਅਧਿਐਨ ਦੇ 6 ਨਿਕਸ਼ੇਪ ਹਨ। ਨਾਮ, ਸਥਾਪਨਾ, ਦਰਵ, ਖੇਤਰ, ਕਾਲ, ਅਤੇ ਭਾਵ। ਨਾਮ ਤੇ ਸਥਾਪਨਾ ਸਰਲ ਹੈ।

ਦਰਵ ਵੀਰਜ, ਆਗਮ, ਤੇ ਨੋ ਆਗਮ ਦੋ ਪ੍ਰਕਾਰ ਦਾ ਕਿਹਾ ਹੈ। ਜੋ ਪੁਰਸ਼, ਵੀਰਜ ਨੂੰ ਜਾਣਦਾ ਹੈ ਪਰ ਪ੍ਰਯੋਗ ਵਿਚ ਨਹੀਂ ਲੈ ਆਉਂਦਾ ਉਹ ਆਗਮ ਵੀਰਜ ਹੈ। ਨੋ ਆਗਮ ਵੀਰਜ ਸਚਿਤ, ਅਚਿਤ ਤੇ ਮਿਸ਼ਰ ਤਿੰਨ ਪ੍ਰਕਾਰ ਦਾ ਹੈ। ਸਚਿਤ ਦੇ ਦਵਿਪਦ, ਚਤੁਸਪਦ ਅਤੇ ਅਪਦ ਭੇਦ ਹਨ। ਦਵਿ ਪਦ ਵਿਚ (ਦੋ ਪੈਰਾਂ ਵਾਲੇ) ਵਿਚ ਅਰਿਹੰਤ, ਚਕਰਵਰਤੀ ਤੇ ਬਲਦੇਵ ਦਾ ਵੀਰਜ ਹੈ ਚਕਰਵਰਤੀ ਦੇ ਇਸਤਰੀ ਰਤਨ ਦਾ ਵੀਰਜ ਵੀ ਦਰਵ ਵੀਰਜ ਹੈ। ਚਾਰ ਪੈਰਾਂ ਵਾਲੇ ਵਿਚ ਘੋੜੇ, ਹਾਥੀ ਸ਼ੇਰ ਆਦਿ ਦੀ ਸ਼ਕਤੀ ਹੀ ਦਰਵ ਵੀਰਜ ਹੈ।

ਗੋਸੀਰਸ਼ (ਬਾਲ ਚੰਦਨ) ਦੇ ਲੇਪ ਨਾਲ ਜੋ ਠੰਡ ਮਿਲਦੀ ਹੈ ਅਤੇ ਗਰਮੀ ਦੂਰ ਹੁੰਦੀ ਹੈ ਉਹ ਵੀਰਜ ਅਪਦਰਵ ਵੀਰਜ ਹੈ।

### ਅਚਿੱਤ ਵੀਰਜ

ਭਜਨ, ਲੜਾਈ ਵਿਚ ਰਖਿਆ ਕਰਨ ਵਾਲੇ ਹਥਿਆਰ ਦਾ ਵੀਰਜ (ਸ਼ਕਤੀ) ਅਚਿਤ ਵੀਰਜ ਹੈ।

ਅਚਿੱਤ ਵੀਰਜ ਇਸ ਤਰ੍ਹਾਂ ਹੈ ਮਿਠਾਈ ਖਾਨ ਨਾਲ ਇੰਦਰੀਆਂ ਵਿਚ ਤੇਜੀ ਆਉਂਦੀ

ਹੈ ਮਨ ਖੁਸ਼ ਹੁੰਦਾ ਹੈ । ਕਫ਼ ਰੋਗ ਦੂਰ ਹੁੰਦਾ ਹੈ ਉਹ ਅਚਿਤ ਵੀਰਜ ਹੈ । ਇਸ ਤਰ੍ਹਾਂ ਹਥਿਆਰਾਂ ਦਾ ਬਲ ਵੀ ਅਚਿੱਤ ਵੀਰਜ ਹੈ । ਦਵਾਈਆਂ ਦੇ ਜਹਿਰ ਦੂਰ ਕਰਨ ਦੀ ਸ਼ਕਤੀ ਰਸ ਵੀਰਜ ਹੈ ।

## ਖੇਤਰ ਤੇ ਕਾਲ ਵੀਰਜ

ਜਿਸ ਖੇਤਰ ਦੀ ਜੋ ਸ਼ਕਤੀ ਹੈ ਉਹ ਖੇਤਰ ਵੀਰਜ ਹੈ । ਇਸੇ ਤਰ੍ਹਾਂ ਸੁਖਮਾ ਨਾਮ ਆਰੇ ਦੀ ਜੋ ਸ਼ਕਤੀ ਹੈ ਉਹ ਕਾਲ ਵੀਰਜ ਹੈ ।

"ਵਰਖਾ ਕਾਲ ਵਿਚ ਨਮਕ, ਸਰਦੀ ਵਿਚ ਪਾਣੀ, ਹੇਮੰਤ ਵਿਚ ਗਾਂ ਦਾ ਦੁੱਧ, ਸਿਸਿਰ ਵਿਚ ਆਂਵਲਾ ਰਸ, ਬਸੰਤ ਵਿਚ ਘੀ । ਗਰਮੀ ਵਿਚ ਗੜ ਅਮ੍ਰਿਤ ਦੀ ਤਰ੍ਹਾਂ ਹੈ । ਹਰੜ ਗਰਮੀਂ ਵਿਚ ਗੁੜ ਨਾਲ, ਵਰਖਾ ਰੁਤ ਵਿਚ ਸੇਂਧਾ ਨਮਕ, ਸਰਦੀ ਵਿਚ ਸ਼ਕਰ ਦੇ ਨਾਲ, ਹੇਮੰਤ ਵਿਰ ਸੁੰਡ ਦੇ ਨਾਲ, ਸ਼ਿਸਰ ਵਿਚ ਪਿਪਲ ਦੇ ਨਾਲ, ਬਸੰਤ ਵਿਚ ਸ਼ਹਿਦ ਦੇ ਨਾਲ ਖਾਨ ਨਾਲ ਸਾਰੇ ਰੋਗ ਦੂਰ ਹੋ ਜਾਂਦੇ ਹਨ ।"

## ਭਾਵ ਵੀਰਜ

ਵੀਰਜ ਸ਼ਕਤੀ ਵਾਲੇ ਜੀਵ ਦੀ ਵੀਰਜ ਸੰਬੰਧੀ ਬਹੁਤ ਲਵੱਧੀਆਂ (ਵਿਸ਼ੇਸ਼ ਸ਼ਕਤੀਆਂ) ਹਨ । ਛਾਤੀ ਦਾ ਵੀਰਜ ਸ਼ਰੀਰ ਬਲ ਹੈ ਇੰਦਰੀਆਂ ਦਾ ਬਲ, ਅਧਿਅਤਿਮਕ ਬਲ ਹੈ । ਇਹ ਕਈ ਤਰ੍ਹਾਂ ਦਾ ਹੈ । ਮਨ, ਅੰਦਰ ਵਿਉਪਾਰ (ਕ੍ਰਿਆ) ਰਾਹੀਂ ਮਨ ਦੇਯੋਗ ਪੁਦਗਲਾਂ ਨੂੰ ਇਕਠੱਾ ਕਰਕੇ ਮਨ ਦੇ ਰੂਪ ਵਿਚ ਬਦਲਦਾ ਹੈ । ਭਾਸ਼ਾ ਦੇ ਯੋਗ ਪੁਦਗਲਾਂ ਨੂੰ ਭਾਸ਼ਾ ਰੂਪ ਤੇ ਸ਼ਰੀਰ ਦੇ ਯੋਗ ਪੁਦਗਲਾਂ ਨੂੰ ਸ਼ਰੀਰ ਰੂਪ, ਸਾਹ ਅਤੇ ਉਛਵਾਸ਼ ਯੋਗ ਪੁਦਗਲਾਂ ਨੂੰ ਸਾਹ ਤੇ ਉਛਵਾਸਾਂ ਵਿਚ ਬਦਲਦਾ ਹੈ । ਮਨ, ਬਚਨ ਤੇ ਸ਼ਰੀਰ ਰਾਹੀਂ ਪ੍ਰਾਪਤ ਵੀਰਜ ਦੇ ਦੋ ਭੇਦ ਹਨ । 1) ਸੰਭਵ 2) ਸੰਭਾਵਯ ।

1) ਸੰਭਵ—ਤੀਰਥੰਕਰ ਅਤੇ ਅਨੁਤਰ ਸੁਣੀ ਦੇ ਦੇਵਤਿਆਂ ਦਾ ਮਨ ਬਹੁਤ ਨਿਰਮਲ ਸ਼ਕਤੀਸ਼ਾਲੀ ਹੁੰਦਾ ਹੈ । ਅਨੁਤਰ ਵਿਮਾਨਾਂ ਦੇ ਦੇਵ ਅਵਧਿ ਗਿਆਨ ਵਾਲੇ ਹੁੰਦੇ ਹਨ । ਉਹ ਜੋ ਮਨ ਰਾਹੀਂ ਪ੍ਰਸ਼ਨ ਕਰਦੇ ਹਨ ਉਸ ਦਾ ਹਲ ਤੀਰਥੰਕਰ ਦਰਵ ਮਨ ਨਾਲ ਹੀ ਕਰ ਦਿੰਦੇ ਹਨ । ਕਿਉਂਕਿ ਅਨੁਤਰ ਵਿਮਾਨ ਦੇ ਦੇਵਤੇ ਮਨ ਰਾਹੀਂ ਕੰਮ ਕਰਦੇ ਹਨ ।
2) ਸੰਭਾਵਯ—ਜੋ ਜੀਵ ਬੁਧੀਮਾਨ ਰਾਹੀਂ ਅਖੀ ਗੱਲ ਨੂੰ ਉਸ ਸਮੇਂ ਨਹੀਂ ਸਮਝ ਸਕਦਾ । ਪਰ ਭਵਿੱਖ ਵਿਚ ਅਭਿਆਸ ਨਾਲ ਸਮਝ ਲਵੇਗਾ ਉਸ ਨੂੰ ਸੰਭਾਵਯ ਵੀਰਜ ਆਖਦੇ ਹਨ ।

ਟੀਕਾਕਾਰ ਸ਼ੀਲਾਂਕਾਚਾਰਿਆ ਨੇ ਅਧਿਆਤਮ ਪੱਖੋਂ ਵੀਰਜ ਦਾ ਵਰਗੀਕਰਣ ਕੀਤਾ ਹੈ। ਜੋ ਸ਼ਾਸਤਰ ਦੇ ਅਭਿਆਸੀ ਲਈ ਜਾਨਣਾ ਜਰੂਰੀ ਹੈ।

(1) ਉਦਮ ਵੀਰਜ—ਗਿਆਨ ਸਿਖਿਆ ਤੇ ਤਪਸਿਆ ਲਈ ਅੰਦਰ ਦਾ ਉਤਸ਼ਾਹ ਅਧਿਆਤਮ ਬਲ ਹੈ।

(2) ਧਰਿਤ ਵੀਰਜ—ਸੰਜਮ ਵਿਚ ਸਥਿਰਤਾ ਹੀ ਧਰਿਤ ਵੀਰਜ ਹੈ।

(3) ਧੀਰਤਵ ਵੀਰਜ—ਜੀਵਾਂ ਦਾ ਪਰਿਸ਼ੈ ਤੇ ਕਸ਼ਟਾਂ ਵਿਚ ਨਾ ਡੋਲਨਾ ਹੀ ਧੀਰਤਵ ਵੀਰਜ ਹੈ

(4) ਸੋਂਡਿਅਰਿਆ ਵੀਰਜ—ਤਿਆਗ ਦੀ ਉਚ ਕੋਟੀ ਦੀ ਭਾਵਨਾਂ ਨੂੰ ਸੋਂਡਿਅਰਿਆ ਵੀਰਜ ਆਖਦੇ ਹਨ।

(5) ਖਿਮਾ ਵੀਰਜ—ਦੂਸਰਾ ਗਾਲਾਂ ਦੇਵੇ, ਉਸ ਨੂੰ ਸਮਤਾ ਨਾਲ ਸਹਿ ਲੈਣਾ ਹੀ ਖਿਮਾ ਵੀਰਜ ਹੈ।

(6) ਗੰਭੀਰਿਆ ਵੀਰਜ—ਪਰਿਸ਼ੈ ਤੇ ਉਪਸਰਗਾਂ ਵਿਚ ਨਾ ਝੁਕਨਾ ਹੀ ਗੰਭੀ-ਰਿਆ ਵੀਰਜ ਹੈ। ਜਾਂ ਦੂਸਰੇ ਦੇ ਮਨ ਵਿਚ ਚਮਤਕਾਰ ਪੈਦਾ ਕਰਕੇ ਵੀ ਹੰਕਾਰ ਨਾ ਕਰਨਾ ਇਸ ਵਿਚ ਸ਼ਾਮਿਲ ਹੈ।

(7) ਉਪਯੋਗ—ਸਾਕਾਰ ਤੇ ਅਨਾਕਾਰ ਇਸ ਦੇ ਦੋ ਭੇਦ ਹਨ। ਸਾਕਾਰ 8 ਪ੍ਰਕਾਰ ਦੇ ਤੇ ਅਨਾਕਾਰ ਚਾਰ ਪ੍ਰਕਾਰ ਦਾ ਹੈ ਇਸ ਤੇ ਬਧੀ ਨਾਲ ਦਰਵ ਕਾਲ ਖੇਤਰ, ਭਾਵ ਪੱਖ ਨਿਸ਼ਚੈ ਕਰਦਾ ਹੀ ਉਪਯੋਗ ਵੀਰਜ ਹੈ।

(8) ਯੋਗ ਵੀਰਜ—ਮਨ ਬਚਨ ਤੇ ਸ਼ਰੀਰ ਪੱਖੋਂ ਇਸ ਵੀਰਜ ਦੇ ਤਿਨੰ ਭੇਦ ਹਨ। ਮਨ ਨੂੰ ਏਕਾਗਰ ਕਰਨਾ ਤੇ ਬੁਰੇ ਕੰਮ ਤੋਂ ਰੋਕਨਾ ਮਨ ਵੀਰਜ ਹੈ। ਸਾਧੂ ਮਨ ਵੀਰਜ ਨਾਲ ਮਨ ਨੂੰ ਕਾਬੂ ਰਖਦੇ ਹਨ। ਪਾਪਕਾਰ ਭਾਸ਼ਾ ਤੋਂ ਬਚਨਾ ਬਚਨ ਵੀਰਜ ਹੈ। ਹਥ ਪੈਰ ਨੂੰ ਕਛੂ ਦੀ ਤਰ੍ਹਾਂ ਸਿਕੋੜ ਕੇ ਰਖਨਾ ਹੀ ਸਾਧੂ ਪੁਰਸ਼ਾਂ ਦਾ ਕਾਯਾ ਵੀਰਜ ਹੈ।

ਤੱਪ ਵੀਰਜ 12 ਪ੍ਰਕਾਰ ਦਾ ਹੈ। ਜਿਸ ਦੇ ਪ੍ਰਭਾਵ ਨਾਲ ਸਾਧੂ ਤੱਪ ਕਰਦੇ ਹੋਏ ਦੁੱਖੀ ਨਹੀਂ ਹੁੰਦੇ। ਸੰਜਮ ਵਿਚ ਸਹਾਇਕ ਵੀਰਜ ਸੰਜਮ ਵੀਰਜ ਹੈ।

ਵੀਰਜ ਪ੍ਰਵਾਦ ਨਾਸਕ ਪੂਰਵ ਵਿਚ ਅਨੇਕਾਂ ਅਰਥਾਂ ਵਾਲੇ ਵੀਰਜ ਦਾ ਜਿਕਰ ਹੈ। ਸੋ ਵੀਰਜ ਪੂਰਵ ਦੇ ਅਨੇਕਾਂ ਅਰਥਾਂ ਦੀ ਤਰ੍ਹਾਂ ਵੀਰਜ ਵੀ ਅਨੇਕ ਹਨ।

ਪ੍ਰਮੁਖ ਰੂਪ ਵਿਚ ਵੀਰਜ ਤਿੰਨ ਪ੍ਰਕਾਰ ਦਾ ਹੈ।

(1) ਪੰਡਿਤ ਵੀਰਜ ਮਹਾਂ ਪੁਰਸ਼ਾਂ ਦਾ ਹੈ। (2) ਗ੍ਰਹਿਸਥ ਦਾ ਬਾਲ ਤੇ ਪੰਡਿਤ ਵੀਰਜ ਹੈ। (3) ਮਿਸ਼ਰ ਵੀਰਜ।

ਅਸੀਂ ਜੈਨ ਆਗਮਾਂ ਦੀ ਦਰਿਸ਼ਟੀ ਤੋਂ ਵੀਰਜ ਦਾ ਅਰਥ ਖਾਲੀ ਗ੍ਰੰਥਿਆਂ ਦਾ ਰਸ ਨਹੀਂ ਜੋ ਇਸਤਰੀ ਪੁਰਸ਼ ਦੇ ਭੋਗ ਦਾ ਕਾਰਣ ਬਣਕੇ ਸੰਤਾਨ ਪੈਦਾ ਕਰਦਾ ਹੈ। ਸਗੋਂ ਵੀਰਜ ਦਾ ਅਰਥ ਸ਼ਰੀਰਕ, ਮਾਨਸਿਕ, ਤੇ ਅਧਿਆਤਮ ਸ਼ਕਤੀ ਹੈ।

ਇਸ ਵੀਰਜ ਅਧਿਕਾਰ ਅਧਿਐਨ ਵਿਚ ਪ੍ਰਮਾਦ ਰਹਿਤ ਵੀਰਜ ਦਾ ਵਰਣਨ ਹੈ।

# ਅੱਠਵਾਂ ਵੀਰਜ ਅਧਿਕਾਰ ਅਧਿਐਨ

ਵੀਰਜ ਜਿਨੇਂਦਰ ਭਗਵਾਨ ਨੇ ਦੋ ਪ੍ਰਕਾਰ ਦਾ ਆਖਿਆ ਹੈ ਵੀਰ ਪੁਰਸ਼ ਦੀ ਵੀਰਤਾ ਕੀ ਹੈ ? ਅਤੇ ਕਿਸ ਕਾਰਣ ਉਹ ਵੀਰ ਅਖਵਾਉਂਦਾ ਹੈ ।(1)

(ਸ੍ਰੀ ਸੁਧਰਮਾ ਸਵਾਮੀ ਸ਼ਿਸ਼ ਜੰਬੂ ਨੂੰ ਆਖਦੇ ਹਨ)—" ਹੇ ਸੁਵਰਤ (ਵਰਤਾ ਦੇ ਧਾਰਕ) ਕੋਈ ਆਖਦਾ ਹੈ ਕਿ ਕੀਤਾ ਕਰਮ (ਕ੍ਰਿਆ) ਹੀ ਵੀਰਜ ਹੈ ਅਤੇ ਕੋਈ ਕੋਈ ਆਖਦਾ ਹੈ ਅਕਰਮ ਵੀਰਜ ਹੈ । ਸੰਸਾਰ ਵਿਚ ਇਹ ਦੋ ਭੇਦ ਮਿਰਤ ਲੋਕ ਵਿਚ ਵੇਖੇ ਜਾਂਦੇ ਹਨ । (2)

ਤੀਰਥੰਕਰ ਭਗਵਾਨ ਨੇ ਪ੍ਰਮਾਦ (ਅਣਗਹਿਲੀ) ਨੂੰ ਕਰਮ ਕਿਹਾ ਹੈ ਅਤੇ ਅਪ੍ਰਮਾਦ (ਸਾਵਧਾਨੀ) ਨੂੰ ਅਕਰਮ । ਇਸ ਪ੍ਰਮਾਦ ਦੇ ਕਾਰਣ ਬਾਲ ਵੀਰਜ ਅਤੇ ਅਪ੍ਰਮਾਦ ਦੇ ਕਾਰਣ ਪੰਡਿਤ ਵੀਰਜ ਦੇ ਦੋ ਭੇਦ ਹਨ । (3)

---

ਟਿਪਣੀ ਗਾਥਾ 1—ਇਸ ਗਾਥਾ ਵਿਚ ਵੀਰਜ ਦਾ ਸਵਰੂਪ, ਪ੍ਰਕਾਰ, ਵੀਰ ਅਤੇ ਵੀਰਜ ਵਾਰੇ ਦਸਿਆ ਗਿਆ ਹੈ । ਜੋ ਵਿਸ਼ੇਸ਼ ਰੂਪ ਵਿਚ ਅਹਿੱਤ (ਬਲ) ਦੂਰ ਕਰਦਾ ਹੈ ਉਹ ਵੀਰਜ ਹੈ । ਇਹ ਇਕ ਵਿਸ਼ੇਸ਼ ਸ਼ਕਤੀ ਹੈ ਜਿਸ ਦੇ ਸਹਾਰੇ, ਹਰ ਪ੍ਰਾਣੀ ਚਿੰਤਨ ਮਨਨ ਤੋਂ ਲੈਕੇ ਬੋਲਨਾ, ਚਲਨਾ, ਦੇਖਣਾ, ਸੰਘਣਾ, ਛੂਅਨਾ, ਨੀਂਦ ਲੈਣਾ, ਜਾਗਣਾ ਆਦਿ ਸਾਰੀਆ ਮਨ, ਬਚਨ ਤੇ ਸ਼ਰੀਰ ਕ੍ਰਿਆਵਾਂ ਕਰਦਾ ਹੈ । ਜੇ ਜਿੰਦਗੀ ਵਿਚੋਂ ਵੀਰਜ ਸ਼ਕਤੀ ਚਲੀ ਜਾਵੇ ਤੇ ਜਿੰਦਗੀ ਦਾ ਨਾਸ਼ ਹੋ ਜਾਂਦਾ ਹੈ ।
ਸ਼ਰੀਰ ਵਿਚੋਂ ਜੋ ਸਫੇਦ, ਪਾਰਦਰਸ਼ੀ, ਤਰਲ, ਗਾੜਾ, ਚਿਕਨਾ ਪਦਾਰਥ ਰਹਿੰਦਾ ਹੈ । ਉਸ ਨੂੰ ਸ਼ੁਕਰ ਆਖਦੇ ਹਨ ਉਹ ਵੀ ਵੀਰਜ ਹੈ । ਪਰ ਇਸ ਸ਼ਰੀਰਕ ਵੀਰਜ ਦਾ ਕੋਈ ਖਾਸ ਮਹੱਤਵ ਨਹੀਂ, ਜਿਨਾ ਆਤਮਿਕ ਵੀਰਜ ਦਾ ਹੈ । ਇਸੇ ਲਈ ਅਧਿਆਤਮ ਵੀਰਜ ਨੂੰ ਤੀਰਥੰਕਰਾਂ ਨੇ ਸਮਿਅਕ (ਠੀਕ ਢੰਗ ਵਾਲਾ) ਕਿਹਾ ਹੈ ।
ਟਿਪਣੀ ਗਾਥਾ 3—ਪ੍ਰਮਾਦ ਦਾ ਅਰਥ ਹੈ— ਪ੍ਰਾਣੀ ਵਰਗ ਜਿਸ ਰਾਹੀਂ ਉਤੱਮ ਕ੍ਰਿਆ ਤੋਂ ਰਹਿਤ ਹੁੰਦੇ ਹਨ ।
ਪ੍ਰਮਾਦ ਪੰਜ ਪ੍ਰਕਾਰ ਦਾ ਹੈ 1) ਮਦ 2) ਵਿਸ਼ੇ 3) ਕਸ਼ਾਏ 4) ਨੀਂਦ 5) ਵਿਕਥਾ (ਧਰਮ ਕਥਾ ਤੇ ਉਲਟ ਗੱਲ)
ਪ੍ਰਮਾਦ ਅਣਗਹਿਲੀ, ਅਸਾਵਧਾਨੀ ਦੇ ਰੂਪ ਵਿਚ ਵੀ ਪ੍ਰਯੋਗ ਕੀਤਾ ਜਾਂਦਾ ਹੈ ।

ਕੋਈ ਕੋਈ ਅਗਿਆਨੀ ਜੀਵ ਪ੍ਰਾਣੀਆਂ ਦਾ ਘਾਤ ਕਰਨ ਲਈ ਤਲਵਾਰ ਆਦਿ ਹਥਿਆਰਾਂ ਤੇ ਮਨੁਖ ਸ਼ਸਤਰ ਦਾ ਪ੍ਰਯੋਗ ਸਿਖਦੇ ਹਨ ਅਤੇ ਪ੍ਰਾਣੀ ਤੇ ਭੂਤ (ਤਰਸ ਤੇ ਸਥਾਵਰ ਜੀਵ ਦੀ ਹਿੰਸਾ) ਲਈ ਮੰਤਰ ਸ਼ਕਤੀ ਦਾ ਪ੍ਰਯੋਗ ਕਰਦੇ ਹਨ। (4)

ਮਾਯਾਧਾਰੀ ਕਪਟੀ ਕਾਮ ਭੋਗ ਸੇਵਨ ਕਰਦਾ ਹੈ ਅਤੇ ਅਪਣੇ ਸੁੱਖ ਦੀ ਇਛਾ ਕਰਨ ਵਾਲੇ ਇਹ ਲੋਕ ਜੀਵਾਂ ਦੀ ਹਿੰਸਾ ਕਰਦੇ ਹਨ। ਉਨ੍ਹਾਂ ਦੇ ਅੰਗਾਂ ਨੂੰ ਭੰਗ ਕਰਦੇ ਹਨ। ਪੇਟ ਕਟਦੇ ਚੀਰਦੇ ਹਨ। (5)

ਅਸਜੰਮੀ ਜੀਵ ਮਨ ਬਚਨ ਤੇ ਸ਼ਰੀਰ ਦੀ ਸ਼ਕਤੀ ਨਾ ਹੋਣ ਦੇ ਬਾਵਜੂਦ ਮਨ ਰਾਹੀਂ ਜੀਵਾਂ ਦੀ ਅਪਣੇ ਮਨ ਰਾਹੀਂ ਇਸ ਲੋਕ ਤੇ ਪਰਲੋਕ ਦੇ ਜੀਵਾਂ ਦੀ ਭਾਵ ਹਿੰਸਾ ਕਰਦਾ ਹੈ ਅਤੇ ਦੂਸਰੇ ਤੋਂ ਕਰਵਾਉਂਦਾ ਹੈ। (6)

ਜੀਵ ਘਾਤ ਕਰਨ ਵਾਲਾ ਮਨੁੱਖ, ਅਨੇਕਾਂ ਜਨਮਾਂ ਲਈ ਜੀਵਾਂ ਨਾਲ ਨਾ ਖਤਮ ਹੋਣ ਵਾਲੀ ਵੈਰ ਦੀ ਕਰਮ ਪ੍ਰੰਪਰਾ ਬਨ੍ਹ ਲੈਣਾ ਹੈ (ਭਾਵ ਜਿਸ ਜਨਮ ਵਿਚ ਉਹ ਕਿਸੇ ਜੀਵ ਦੀ ਹਿੰਸਾ ਕਰਦਾ ਹੈ ਅਗਲੇ ਜਨਮ ਵਿਚ ਮਰਨ ਵਾਲਾ ਜੀਵ ਪਹਿਲੇ ਜੀਵ ਨਾਲ ਵੈਰ ਵੱਸ ਉਸਦਾ ਘਾਤ ਕਰੇਗਾ। ਫੇਰ ਉਹ ਨਵਾਂ ਵੈਰ ਕਰਦਾ ਹੈ ਜਿਸ ਰਾਹੀਂ ਜੀਵ ਹਿੰਸਾ ਉਤਪੰਨ ਹੁੰਦੀ ਹੈ ਅਤੇ ਉਹ ਜੀਵ ਦੁੱਖੀ ਹੁੰਦਾ ਹੈ। (7)

ਕਰਮ ਦੋ ਪ੍ਰਕਾਰ ਦਾ ਹੈ ਸਾਮਪਾਰਿਯਕ ਤੇ ਈਰੀਆ ਪਥਿਕ। ਕਸ਼ਾਏ ਪੂਰਵਕ ਕੀਤਾ ਕਰਮ, ਸਮਿਪਰਿਯਕ ਕਰਮ ਹੈ ਤੇ ਕਸ਼ਾਏ ਰਹਿਤ ਈਰੀਆਪਥਿਕ, ਖੁਦ ਪਾਪ ਕਰਨ ਵਾਲੇ ਸਾਂਪਰਿਯਕ ਕਰਮ ਦਾ ਸੰਗ੍ਰਿਹ ਕਰਤਾ ਹੈ। ਇਸ ਪ੍ਰਕਾਰ ਰਾਗ, ਦਵੇਸ਼ ਕਾਰਣ ਅਗਿਆਨੀ ਜੀਵ ਬਹੁਤ ਪਾਪਾਂ ਦਾ ਸੰਗ੍ਰਿਹ ਕਰਦੇ ਹਨ। (8)

ਉਹ ਅਗਿਆਨੀ ਜੀਵਾਂ ਦਾ ਸਕਰਮ (ਬਾਲ ਵੀਰਜ) ਕਿਹਾ ਹੈ ਹੁਣ (ਅਕਰਮ ਵੀਰਜ਼ ਪੰਡਿਤ ਵੀਰਜ) ਵਾਰੇ ਮੈਂ ਦਸਦਾ ਹਾਂ। (9)

ਮੁਕਤੀ ਦੇ ਇਛੁੱਕ ਪੁਰਸ਼ ਕਸ਼ਾਏ ਰੂਪ ਬੰਧਨ ਤੋਂ ਮੁਕਤ ਹੁੰਦੇ ਹਨ। ਸਾਰੇ ਬੰਧਨਾਂ ਨੂੰ ਕੱਟਕੇ, ਪਾਪ ਕਰਮ ਦਾ ਤਿਆਗ ਕਰਕੇ ਸਾਰੇ ਕੰਡੇ ਪੁਟ ਦਿੰਦੇ ਹਨ। ਅਤੇ ਕਰਮਾਂ ਦੀ ਪ੍ਰੰਪਰਾ ਦਾ ਖਾਤਮਾ ਕਰਦੇ ਹਨ। (10)

ਤੀਰਥੰਕਰਾਂ ਨੇ ਸਮਿਅਕ ਗਿਆਨ, ਸਮਿਅਕ ਦਰਸ਼ਨ ਤੇ ਸਮਿਅਕ ਚਾਰਿਤਰ ਨੂੰ ਮੋਕਸ਼ ਮਾਰਗ ਕਿਹਾ ਹੈ। ਬੁਧੀਮਾਨ ਪੁਰਸ਼ ਇਸ ਮਾਰਗ ਤੇ ਚਲਦੇ ਹਨ। ਬਾਲ ਵੀਰਜ ਰਾਹੀਂ ਵਾਰ ਵਾਰ ਨਰਕ ਦੀ ਪ੍ਰਾਪਤੀ ਦੇ ਦੁੱਖ ਪ੍ਰਾਪਤ ਹੁੰਦੇ ਹਨ ਅਤੇ ਅਸ਼ੁਭ ਕਰਮਾਂ ਵਿਚ ਵਾਧਾ ਹੁੰਦਾ ਹੈ। ਅਜੇਹਾ ਸਮਝ ਕੇ ਪੰਡਿਤ ਪੁਰਸ਼ ਮੋਕਸ਼ ਮਾਰਗ ਵੱਲ ਵਧੇ। (11)

ਉੱਚੇ (ਦੇਵਲੋਕ ਦੇ ਦੇਵਤੇ) ਸਥਾਨ ਦਾ ਵੀ ਇਕ ਦਿਨ ਤਿਆਗ ਕਰਨਾ ਪੈਂਦਾ ਇਸੇ ਪ੍ਰਕਾਰ ਰਿਸ਼ਤੇਦਾਰ, ਪਰਿਵਾਰ ਅਤੇ ਹੋਰ ਰਿਸਤੇ ਸਭ ਨਾਸ਼ ਨੂੰ ਪ੍ਰਾਪਤ ਹੁੰਦੇ ਹਨ। (12)

ਸੰਸਾਰ ਦੇ ਸਾਰੇ ਦੁੱਖ ਪਦ ਖਤਮ ਹੋ ਜਾਂਦੇ ਹਨ। ਇਹ ਸਮਝ ਕੇ ਬੁਧੀਮਾਨ ਪੁਰਸ਼ ਮਮਤਾ ਵਾਲੀ ਬੁਧੀ ਤਿਆਗ ਦੇਵੇ ਅਤੇ ਸਾਰੇ ਗਲਤ ਵਿਸ਼ਵਾਸਾਂ ਤੋਂ ਰਹਿਤ ਆਰੀਆ (ਜੈਨ) ਧਰਮ ਨੂੰ ਅੰਗੀਕਾਰ ਕਰੇ। (13)

ਸ਼ੁੱਧ ਬੁੱਧੀ ਰਾਹੀਂ ਜਾਂ ਗੁਰੂ ਆਦਿ ਤੋਂ ਸੁਣ ਕੇ ਧਰਮ ਸਾਰ ਨੂੰ ਜਾਨਕੇ ਸੰਜਮੀ ਮੁਨੀ ਆਤਮਾ ਦੀ ਉਨਤੀ ਲਈ, ਪਾਪਾਂ ਦਾ ਤਿਆਗੀ ਸਾਧੂ ਤੇ ਨਿਰਮਲ ਆਤਮਾ ਵਾਲਾ ਹੁੰਦਾ ਹੈ।(14)

ਗਿਆਨੀ ਪੁਰਸ਼ ਆਪਣੀ ਉਮਰ ਦੇ ਖਾਤਮੇ ਨੂੰ ਸਮਝਦਾ ਹੋਇਆ ਸਮਾਧੀ ਮਰਨ ਨੂੰ ਛੇਤੀ ਧਾਰਨ ਕਰੇ। (15)

ਜਿਵੇਂ ਕੱਛੂ ਅੰਗਾਂ ਨੂੰ ਸ਼ਰੀਰ ਵਿੱਚ ਇੱਕਠੇ ਕਰਕੇ ਛੋਟਾ ਕਰ ਲੈਂਦਾ ਹੈ। ਉਸੇ ਪ੍ਰਕਾਰ ਬੁਧੀਮਾਨ ਪੁਰਸ਼ ਪਾਪ ਨੂੰ ਧਰਮ ਧਿਆਨ ਦੀ ਭਾਵਨਾ ਰਾਹੀਂ ਛੋਟਾ ਕਰ ਲਵੇ। ਭਾਵ ਪਾਪਾਂ ਦੀ ਆਲੋਚਨਾ ਕਰਦਾ ਹੋਇਆ ਸਮਾਧੀ ਧਾਰਨ ਕਰੇ। (16)

ਮੁਨੀ ਅਪਣੇ ਹਥ, ਪੈਰ ਤੇ ਕਾਬੂ ਰਖੇ। ਮਨ ਤੇ ਇੰਦਰੀਆਂ ਸੰਬੰਧੀ ਵਿਸ਼ਿਆਂ ਨੂੰ ਛਡ ਦੇਵੇ। ਪਾਪ ਦੇਣ ਵਾਲੀ ਤੇ ਪਾਪਕਾਰੀ ਭਾਸ਼ਾ ਦੋਹਾਂ ਦ ਦੋਸ਼ਾਂ ਦਾ ਤਿਆਗ ਕਰੇ।" (17)

ਸਾਧੂ ਨੂੰ ਦੇਣ ਵਾਲਾ ਥੋੜਾ ਜੇਹਾ ਮਾਨ ਤੇ ਮਾਇਆ ਦਾ ਸੇਵਨ ਨਹੀਂ ਕਰਨਾ ਚਾਹੀਦਾ। ਮਾਨ ਤੇ ਮਾਇਆ ਦੇ ਅਸ਼ੁਭ ਫਲ ਨੂੰ ਜਾਨਕੇ ਗਿਆਨੀ ਪੁਰਸ਼ ਸੁਖ ਸੀਲ ਨਾ ਬਣੇ। ਕਰੋਧ ਨੂੰ ਛੱਡ ਕੇ, ਕਪੱਟ ਰਹਿਤ ਭਾਵਨਾ ਨਾਲ ਜੀਵਨ ਬਿਤਾਏ। (18)

ਪ੍ਰਾਣੀਆਂ ਦੇ ਪ੍ਰਾਣਾਂ ਦੀ ਹਿੰਸਾ ਨਾ ਕਰੇ। ਨਾ ਦਿਣੀ ਵਸਤੂ (ਚੋਰੀ) ਗ੍ਰਹਿਣ ਨਾ ਕਰੇ। ਕਪਟੀ ਭਾਸ਼ਾ ਦਾ ਤਿਆਗ ਕਰੇ। ਇਹ ਇੰਦਰੀਆਂ ਦੇ ਜੇਤੂ ਮੁਨੀ ਦਾ ਧਰਮ ਹੈ। (19)

ਸੰਜਮੀ ਮੁਨੀ ਬਚਨ ਜਾਂ ਮਨ ਰਾਹੀਂ ਜੀਵਾਂ ਨੂੰ ਪੀੜਾ ਨਾ ਪਹੁੰਚਾਵੇ। ਬਾਹਰਲੇ ਤੇ ਅੰਦਰ ਦੇ ਰੂਪ ਤੋਂ ਸੰਵਰ ਯੁਕਤ (ਇੰਦਰੀਆਂ ਦੇ ਵਿਸ਼ੇ ਤੇ ਕਾਬੂ) ਰਖੇ। ਠੀਕ ਢੰਗ ਨਾਲ ਸੰਜਮ ਦਾ ਸੇਵਨ ਕਰੇ। (20)

ਪਾਪਾਂ ਤੇ ਆਤਮਾ ਨੂੰ ਬਚਾਉਣ ਵਾਲਾ ਗੁਪਤ ਆਤਮਾ ਤੇ ਇਦਰੀਆਂ ਦਾ ਜੇਤੂ ਪੁਰਸ਼ ਕਿਸੇ ਰਾਹੀਂ ਕੀਤੇ, ਕੀਤੇ ਜਾ ਰਹੇ ਜਾਂ ਕੀਤੇ ਜਾਨ ਦੀ ਸੰਭਾਵਨਾ ਤਿੰਨੇ ਕਿਸਮ ਦੇ ਪਾਪਾਂ ਦੀ ਹਿਮਾਇਤ ਨਹੀਂ ਕਰਦਾ। (21)

ਸੰਸਾਰ ਦੇ ਪੁਰਸ਼ ਸ਼ਾਸਤਰ ਪੜ ਕੇ ਵੀ ਧਰਮ ਦੇ ਅਸਲ ਰੂਪ ਨੂੰ ਨਹੀਂ ਸਮਝਦੇ ਪਰ ਸੰਸਾਰ ਵਿਚ ਪ੍ਰਸਿਧ ਹਨ । ਜੋ ਦੁਸ਼ਮਨਾਂ ਤੇ ਜਿੱਤ ਪ੍ਰਾਪਤ ਕਰਨ ਵਾਲੇ ਹਨ ਪਰ ਉਹ ਸਮਿਅਕ ਦਰਸ਼ਨ ਤੋਂ ਰਹਿਤ ਹਨ, ਉਨ੍ਹਾਂ ਦੀ ਤਪ ਤਿਆਗ ਰੂਪੀ ਮੇਹਨਤ ਅਸ਼ੁੱਧ ਅਤੇ (ਕਰਮ ਬੰਧਨ) ਦਾ ਕਾਰਣ ਹਨ । (ਭਾਵ ਮਿਥਿਆਤਵ ਨਾਲ ਕੀਤਾ ਤੱਪ ਦਾਨ ਜਨਮ ਮਰਨ ਦਾ ਕਾਰਣ ਹੈ ਮੁਕਤੀ ਦਾ ਨਹੀਂ) । (22)

ਜੋ ਪੂਜਨੀਕ ਪੁਰਸ਼ ਧਰਮ ਦੇ ਭੇਦ ਨੂੰ ਜਾਣਦੇ ਹਨ । ਧਰਮ ਤੱਤਵ ਨੂੰ ਸਹੀ ਢੰਗ ਨਾਲ ਸਮਝਦੇ ਹਨ । ਜੋ ਕਰਮ ਦੁਸ਼ਮਨਾਂ ਤੇ ਜਿੱਤ ਪਾਉਣ ਵਿੱਚ ਸਮਰਥ ਹਨ । ਉਹ ਸਮਿਅਕ ਦਰਸ਼ਨ ਆਤਮਾ ਹਨ । ਉਨ੍ਹਾਂ ਦਾ ਤੱਪ ਤਿਆਗ ਨਿਰਮਲ, ਫਲਦੇਣ ਵਾਲਾ ਕਰਮ ਨਾਸ਼ਕ ਤੇ ਮੋਕਸ਼ ਦਾ ਕਾਰਣ ਹੁੰਦਾ ਹੈ । (25)

ਜੋ ਪ੍ਰਸਿਧ ਕੁਲ ਵਿੱਚ ਪੈਦਾ ਹੋਕੇ ਮੁਨੀ ਬਨੇ ਅਤੇ ਪ੍ਰਸਿਧੀ ਤੇ ਪੂਜਾ ਲਈ ਹੀ ਤੱਪ ਕਰਦੇ ਹਨ ਉਨ੍ਹਾਂ ਦਾ ਤੱਪ ਅਸ਼ੁਧ ਹੈ । ਗਿਆਨੀ ਪੁਰਸ਼ ਨੂੰ ਅਜੇਹਾ ਤੱਪ ਕਰਨਾ ਚਾਹੀਦਾ ਹੈ ਜਿਸ ਨੂੰ ਕੋਈ ਵੀ ਨਾ ਜਾਨ ਸਕੇ । ਤੱਪਸਵੀ ਨੂੰ ਆਪਣੇ ਮੂਹੋਂ ਆਪਣੇ ਤੱਪ ਦੀ ਪ੍ਰਸ਼ੰਸਾ ਨਹੀਂ ਕਰਨੀ ਚਾਹੀਦੀ ਹੈ । (24)

ਸੰਜਮ ਯਾਤਰਾ ਦੇ ਨਿਰਵਾਹ ਲਈ ਸਾਧੂ ਨੂੰ ਥੋੜਾ ਭੋਜਨ, ਤੇ ਪਾਣੀ ਲੈਣਾ ਚਾਹੀਦਾ ਹੈ । ਥੋੜਾ ਬੋਲਨਾ ਚਾਹੀਦਾ ਹੈ । ਖਿਮਾਵਾਨ ਲੋਭ ਰਹਿਤ, ਇੰਦਰੀਆਂ ਦੇ ਵਿਸ਼ੇਆਂ ਦਾ ਜੇਤੂ ਸੰਜਮ ਪ੍ਰਤਿ ਸਾਵਧਾਨ ਰਹੇ । (25)

ਸਾਧੂ ਧਰਮ, ਧਿਆਨ ਆਦਿ ਰਾਹੀਂ ਮਨ, ਬਚਨ, ਤੇ ਸ਼ਰੀਰ ਨੂੰ ਲੀਨ ਕਰਕੇ ਸ਼ਰੀਰ ਨੂੰ ਪਾਪਾਂ ਤੋਂ ਅਲਗ ਰਖੇ । ਪਰਿਸ਼ੇ ਤੇ ਕਸ਼ਟਾਂ ਨੂੰ ਸਹਿੰਦਾ ਹੋਇਆ ਕਲਿਆਨ-ਕਾਰੀ ਮੁਕਤੀ ਦੇ ਰਾਹ ਲਈ ਸੰਜਮ ਦਾ ਪਾਲਨ ਕਰੇ । ਅਜੇਹਾ ਮੈਂ ਆਖਦਾ ਹਾਂ । (26)



# ਧਰਮ ਨਾਮਕ ਨੌਵਾਂ ਅਧਿਐਨ

ਸੱਚਾ ਧਰਮ ਸ਼ਰੀਰ ਦਾ ਧਰਮ ਨਹੀਂ, ਸਗੋਂ ਉਹ ਧਰਮ ਹੈ ਜੋ ਆਤਮਾ ਦੀ ਪਛਾਨ ਕਰਾਵੇ। ਇਸ ਲਈ ਜਰੂਰੀ ਹੈ ਕਿ ਸਮਿਅਕ ਗਿਆਨ ਸਮਿਅਕ ਦਰਸ਼ਨ, ਸਮਿਅਕ ਚਾਰਿਤਰ ਰਾਹੀਂ ਖਿਮਾ ਆਦਿ 10 ਪ੍ਰਕਾਰ ਦੇ ਧਰਮ ਦਾ ਪਾਲਨ ਕੀਤਾ ਜਾਵੇ।

ਧਰਮ ਦੇ ਵੀ 4 ਨਿਕਸ਼ੇਪ ਹਨ ਨਾਮ, ਸਥਾਪਨਾ, ਦਰਵ ਅਤੇ ਭਾਵ। ਨਾਮ ਦੇ ਸਥਾਪਨਾ ਸੁਖਾਲੇ ਨਿਕਸ਼ੇਪ ਹਨ। ਦਰਵ ਧਰਮ ਦੇ ਤਿੰਨ ਭੇਦ ਹਨ 1) ਸਚਿਤ 2) ਅਚਿਤ 3) ਮਿਸ਼ਰ 4) ਸਚਿਤ—ਜਿਊਂਦੇ ਸ਼ਰੀਰ ਦਾ ਸੁਭਾਅ ਹੀ ਸਚਿਤ ਧਰਮ ਹੈ। ਅਚਿਤ—ਧਰਮ, ਅਧਰਮ, ਕਾਲ, ਪੁਦਗਲ, ਅਕਾਸ਼ ਆਦਿ ਦਾ ਸੁਭਾਵ ਅਚਿਤ ਧਰਮ ਹੈ।

ਮਿਸਰ ਦਰਵ ਧਰਮ—ਜੋ ਦੁਧ ਤੇ ਪਾਣੀ ਹਨ ਉਸ ਦਾ ਧਰਮ (ਸੁਭਾਵ) ਹੀ ਮਿਸ਼ਰ ਧਰਮ ਹੈ।

ਗ੍ਰਹਿਸਥ ਦਾ ਧਾਰਮਿਕ ਜੀਵਨ ਨਿਯਮ ਤੇ ਛੋਟੇ ਵਰਤਾਂ ਤੇ ਅਧਾਰਿਤ ਹੈ। ਸੰਸਾਰਿਕ ਕਰਤਵ, 9 ਪ੍ਰਕਾਰ ਦਾ ਪੁੰਨ ਦਰਵ ਧਰਮ ਹੈ

ਭਾਵ ਧਰਮ ਨੇ ਆਗਮ ਪਖੋਂ ਦੋ ਪ੍ਰਕਾਰ ਦਾ ਹੈ—ਲੌਕਿਕ ਤੇ ਲੋਕੋਤਰ। ਲੌਕਿਕ ਧਰਮ ਵੀ ਦੋ ਤਰ੍ਹਾਂ ਦਾ ਹੈ।

ਇਕ ਗ੍ਰਹਿਸਥ ਦਾ, ਦੂਸਰਾ ਪਾਸੰਡੀ (ਦੂਸਰੇ ਮੱਤ ਵਾਲੇ ਦਾ ਧਰਮ) ਲੋਕੋਤਰ ਧਰਮ ਤੋਂ ਭਾਵ ਗਿਆਨ, ਦਰਸਨ ਤੇ ਚਾਰਿਤਰ ਹੈ।

ਇਸ ਅਧਿਐਨ ਵਿਚ ਲੋਕੋਤਰ ਧਰਮ ਦਾ ਹੀ ਵਰਨਣ ਹੈ।

# ਨੌਵਾਂ ਧਰਮ ਅਧਿਐਨ

ਉਸ ਨ੍ਰਮਣ ਬ੍ਰਾਹਮਣ (ਕੇਵਲ ਗਿਆਨੀ) ਨੇ ਕੇਹੜਾ ਧਰਮ ਕਿਹਾ ਹੈ ? (ਸ਼੍ਰੀ ਜੰਬੂ ਸਵਾਮੀ ਦੇ ਇਹ ਪੁੱਛਣ ਤੇ ਸ਼੍ਰੀ ਸੁਧਰਮਾ ਸਵਾਮੀ ਆਖਦੇ ਹਨ) ਤੀਰਥੰਕਰਾਂ ਰਾਹੀਂ ਕਪਟ ਤੋਂ ਰਹਿਤ ਸਰਲ ਧਰਮ ਨੂੰ ਮੇਰੇ ਪਾਸੋਂ ਸੁਣੋ ।'' (1)

ਇਸ਼ ਸੰਸਾਰ ਵਿੱਚ ਜੋ ਵੀ ਬ੍ਰਾਹਮਣ, ਖਤਰੀ, ਵੈਸ਼. ਚੰਡਾਲ, ਬੁਕਸ (ਵਰਨਸੰਕਰ) ਏਸ਼ੀਕ,ਵੈਸ਼ੀਕ ਤੇ ਸ਼ੂਦਰ ਆਦਿ ਹਨ। ਉਹ ਆਰੰਬ (ਹਿੰਸਾ) ਆਦਿ ਪਾਪ ਵਿੱਚ ਰੁੱਝੇ ਹਨ ਤੇ ਪਰਿਗ੍ਰਹਿ ਵਿੱਚ ਜੁੜੇ ਹਨ ਤੇ ਉਹ ਜੀਵ ਦੂਸਰੇ ਨਾਲ ਵੈਰ ਦਾ ਵਾਧਾ ਕਰਦੇ ਹਨ । ਉਸ ਆਰੰਬ ਨਾਲ ਕਾਮ ਭੋਗਾਂ ਵਿੱਚ ਜੁੜੇ ਜੀਵਾਂ ਦੇ ਕਰਮਾਂ ਦਾ ਅੰਤ ਨਹੀਂ ਹੁੰਦਾ । (2-3)

ਪਰਿਵਾਰ ਸੰਬੰਧੀ ਵਿਸ਼ੇ ਵਿਕਾਰਾਂ ਵਿੱਚ ਫੱਸੇ ਲੋਕ, ਮਰੇ ਪੁਰਸ਼ ਦਾ ਅਗਨੀ ਸੰਸਕਾਰ ਕਰਕੇ ਉਸ ਦੇ ਕਮਾਏ ਧਨ ਤੇ ਕਬਜਾ ਕਰ ਲੈਂਦੇ ਹਨ । ਧਨ ਕਮਾਉਣ ਲਈ ਪਾਪ ਕਰਮ ਕਰਨ ਵਾਲਾ, ਉਹ ਮਰਨ ਵਾਲਾ ਮਨੁੱਖ ਪਾਪ ਕਰਮਾਂ ਕਾਰਣ ਇਕੱਲਾ ਹੀ ਫਲ ਭੋਗਦਾ ਹੈ । (4)

---

ਗਾਥਾ ਟਿਪਣੀ 2-3—ਬ੍ਰਾਹਮਣ, ਪਸ਼ੂ ਬਲੀ ਰਾਹੀਂ ਪਾਪ ਕਰਦੇ ਹਨ । ਖੱਤਰੀ ਸ਼ਿਕਾਰ ਨਾਲ ਨਿਰਦੋਸ਼ ਜੀਵਾਂ ਦੀ ਹੱਤਿਆ ਬਿਨਾ ਕਾਰਣ ਕਰਦੇ ਹਨ । ਬਾਣੀਏ ਛੋਟੀ ਤੇ ਬੜੀ ਹਿੰਸਾ ਕਰਦੇ ਹਨ ।

ਚੰਡਾਲ ਪਸ਼ੂ ਹਿੰਸਾ ਲਈ ਪ੍ਰਸਿਧ ਹਨ । ਬੁਕਸ ਤੋਂ ਭਾਵ ਹੈ ਦੋ ਭਿੰਨ-ਭਿੰਨ ਵਰਨ ਤੋਂ ਉਤਪਨ ਸੰਤਾਨ ਹੀ ਬੁਕਸ ਹੈ । ਜਿਵੇਂ ਬ੍ਰਾਹਮਣ ਤੇ ਖਤਰੀ ਇਸਤਰੀ ਪੁਰਸ਼ ਦੀ ਸੰਤਾਨ ਬੁਕਸ ਹੈ ।

ਮਿਰਗ ਹਾਥੀ ਦੇ ਮਾਸ ਦੀ ਤਲਾਸ਼ ਵਿਚ ਘੁਮਨ ਵਾਲੇ ਸ਼ਿਕਾਰੀ ਜਾਂ ਹਸਤੀ ਤਾਪਸ ਏਸ਼ੀਕ ਹਨ ।

ਭਿੰਨ-ਭਿੰਨ ਕਲਾਂ ਨਾਲ ਪੈਸੇ ਕਮਾਉਣ ਵਾਲੇ ਵੈਸ਼ੀਕ ਹਨ । ਇਸੇ ਤਰ੍ਹਾਂ ਸ਼ੂਦਰ ਵੀ ਭਿੰਨ-ਭਿੰਨ ਪ੍ਰਕਾਰ ਦੀ ਹਿੰਸ਼ਾ ਨਾਲ ਪਾਪ ਕਰਮ ਬੰਧ ਕਰਦੇ ਹਨ ।

ਸ਼ਾਸਤਰਕਾਰ ਦਾ ਭਾਵ ਹੈ ਕਿ ਕੋਈ ਵੀ ਜਾਤੀ ਜਨਮ ਤੋਂ ਸ਼ੁਧ ਧਾਰਮਿਕ ਨਹੀਂ ਅਖਵਾ ਸਕਦੀ । ਹਾਂ ਸ਼ੁਭ ਕਰਮ ਕਰਕੇ ਤੇ ਸ਼ੂਦਰ ਵੀ ਸ਼੍ਰਮਣ ਬ੍ਰਾਹਮਣ ਅਖਵਾ ਕੇ ਪੂਜ ਬਨ ਸਕਦਾ ਹੈ ।

ਕਰਮਾਂ ਅਨੁਸਾਰ ਦੁੱਖ ਪਾਉਣ ਵਾਲੇ ਜੀਵ ਨੂੰ, ਮਾਂ ਪਿਉ, ਨੂੰਹ, ਭਾਈ, ਪਤਨੀ ਅਤੇ ਔਰਸ (ਹੋਰ ਪਤਨੀ ਦਾ ਪੁੱਤਰ) ਵੀ ਕਰਮ ਫਲ ਤੋਂ ਨਹੀਂ ਬਚਾ ਸਕਦੇ। (5)

ਇਸ ਗੱਲ ਨੂੰ ਠੀਕ ਤਰ੍ਹਾਂ ਸਮਝ ਕੇ, ਸੱਚੇ ਮੋਕਸ਼ ਤੱਤ ਨੂੰ ਜਾਣ ਕੇ ਭਿਕਸ਼ੂ, ਮਮਤਾ ਤੇ ਅਹੰਕਾਰ ਦਾ ਤਿਆਗ ਕਰਕੇ (ਜੈਨ) ਧਰਮ ਅਨੁਸਾਰ ਸੰਜਮ ਦਾ ਪਾਲਨ ਕਰੇ। (6)

ਧਨ, ਪੁੱਤਰ, ਜਾਤ ਅਤੇ ਪਰਿਗ੍ਰਹਿ ਨੂੰ ਛੱਡ ਕੇ ਅਤੇ ਅਨੰਤ ਸ਼ੋਕ ਸੰਤਾਪ ਦਾ ਤਿਆਗ ਕਰਕੇ, ਕਿਸੇ ਭੀ ਸੰਸਾਰਿਕ ਪਦਾਰਥ ਦੀ ਇੱਛਾ ਨਾਂ ਰਖਦਾ ਹੋਇਆ ਸਾਧੂ, ਸੰਜਮ ਦਾ ਪਾਲਨ ਕਰੇ। (7)

ਪ੍ਰਿਥਵੀ, ਧੁੱਪ, ਹਵਾ, ਘਾਹ, ਦਰਖ਼ਤ, ਬੀਜ, ਆਦਿ ਬਨਾਸਪਤਿ ਅੰਡਜ, ਪੋਤਜ ਤੇ ਜੇਰਜ ਰਸਜ, ਉਦਭਿਜ (ਡੱਡੂ ਆਦਿ ਤਰਸ ਕਾਈਆਂ ਦੇ 6 ਪ੍ਰਕਾਰ ਦੇ) ਜੀਵ ਹਨ। ਵਿਵੇਕੀ ਪੁਰਸ਼ ਇਨ੍ਹਾਂ ਛੇ ਕਾਇਆਂ (ਸ਼ਰੀਰਾਂ) ਵਾਲੇ ਜੀਵਾਂ ਨੂੰ ਜਾਣਦਾ ਹੋਇਆ ਮਨ ਬਚਨ ਤੇ ਸ਼ਰੀਰ ਰਾਹੀਂ ਆਰੰਭ-ਪਰਿਗ੍ਰਹਿ ਨਾ ਕਰੇ। (8)

ਝੂਠ ਬੋਲਣਾ, ਮੈਥੁਨ, (ਕਾਮ ਭੋਗ) ਪਰਿਗ੍ਰਹਿ, ਤੇ ਚੋਰੀ ਇਹ ਸਭ ਹਥਿਆਰ ਰੱਖਣ ਦੀ ਤਰ੍ਹਾਂ ਹੈ। ਕਰਮ ਆਸ਼ਰਵ (ਬੰਧ) ਦਾ ਕਾਰਣ ਹਨ। ਗਿਆਨੀ ਪੁਰਸ਼, ਗਿਆਨ ਰਾਹੀਂ ਜਾਣਦਾ ਹੋਇਆ ਇਨ੍ਹਾਂ ਦਾ ਤਿਆਗ ਕਰ ਦੇਵੇ। (10)

ਮਾਇਆ, ਲੋਭ, ਕਰੋਧ ਤੇ ਮਾਨ ਦਾ ਤਿਆਗ ਕਰੋ। ਕਿਉਂਕਿ ਇਸ ਲੋਕ ਵਿੱਚ ਇਹੋ ਸਭ ਕਰਮਾਂ ਦੇ ਆਸ਼ਰਵ (ਆਉਣ ਦੇ ਕਾਰਣ) ਹਨ। ਗਿਆਨੀ ਪੁਰਸ਼ ਆਪਣੇ ਗਿਆਨ ਰਾਹੀਂ ਜਾਣਦਾ ਹੋਇਆਂ ਇਨ੍ਹਾਂ ਦਾ ਤਿਆਗ ਕਰ ਦੇਵੇ। (11)

ਹਥ ਪੈਰ ਤੇ ਕੱਪੜੇ ਧੋਣਾ, ਰੰਗਣਾ, ਅੈਨੀਮਾ, ਜੁਲਾਬ ਦੇਣਾ, ਉਲਟੀ ਕਰਨਾ, ਅੱਖਾਂ ਵਿੱਚ ਸੁਰਮਾ ਆਦਿ ਸਭ ਸੰਜਮ ਪਾਲਣ ਵਿੱਚ ਰੁਕਾਵਟ ਦਾ ਕਾਰਣ ਹਨ। ਸੋ ਵਿਦਵਾਨ ਇਨ੍ਹਾਂ ਸੰਜਮ ਨੂੰ ਨਸ਼ਟ ਕਰਨ ਵਾਲੇ ਕੰਮਾਂ ਦਾ ਤਿਆਗ ਗਿਆਨ ਰਾਹੀਂ ਕਰ ਦੇਵੇ। (12)

ਸੁਗੰਧ, ਫੁੱਲਾਂ ਦੀ ਮਾਲਾ, ਇਸ਼ਨਾਨ, ਦੰਦ ਦਾ ਸ਼ਿੰਗਾਰ, ਪਰਿਗ੍ਰਹਿ, ਇਸਤਰੀ ਭੋਗ ਤੇ ਹਸਤ ਕਰਮ (ਹੱਥਰਸੀ) ਨੂੰ ਸੰਸਾਰ ਵਿੱਚ ਭਟਕਾਉਣ ਦਾ ਕਾਰਣ ਸਮਝ ਕੇ ਗਿਆਨੀ, ਇਨ੍ਹਾਂ ਨੂੰ ਤਿਆਗ ਦੇਵੇ। (13)

ਸਾਧੂ ਲਈ ਬਣਾਇਆ ਖਰੀਦਿਆ, ਉਧਾਰ ਲਿਆ, ਘਰੋਂ ਸਿਧਾ, ਜਾਂ ਅਸਿਧਾ, ਗ੍ਰਹਿਸਥ ਨੇ ਭੋਜਨ ਤਿਆਗ ਕੀਤਾ ਹੈ। ਪਰਤੀ ਕਰਮ ਵਾਲਾ (ਜਿਸ ਵਿਚ ਇਨ੍ਹਾਂ ਵਸਤਾਂ ਦੀ ਮਿਲਾਵਟ ਹੋਵੇ) ਅਤੇ ਕਿਸੇ ਹੋਰ ਤਰ੍ਹਾਂ ਨਾਲ ਲੈ ਆਉਂਦਾ ਹੋਵੇ। ਅਜਿਹੇ ਭੋਜਨ ਦਾ ਗਿਆਨੀ ਮੁਨੀ ਤਿਆਗ ਕਰ ਦੇਵੇ। (14)

ਕਾਮ, ਵਿਕਾਰ ਵਧਾਉਣ ਵਾਲੀਆਂ ਦਵਾਈਆਂ, ਅਖਾਂ ਵਿਚ ਸੁਰਮੇ ਦੇ ਪ੍ਰਯੋਗ ਇੰਦਰੀਆਂ ਦੇ ਵਿਸ਼ੇ ਵਿਕਾਰਾਂ ਵਿਚ ਉਲਝਣਾ, ਹਿੰਸਕ ਕਾਮ, ਹਥ ਪੈਰ ਧੋਣਾ, ਸ਼ਰੀਰ ਤੇ ਬਟਨਾ ਮਲਣ ਦਾ, ਵਿਵੇਕੀ ਸਾਧੂ ਤਿਆਗ ਕਰ ਦੇਵੇ । (15)

ਅਸੰਜਮੀ ਮਨੁਖਾਂ ਨਾਲ ਸੰਸਾਰਕ ਗੱਲਾਂ ਕਰਨਾ, ਗ੍ਰਹਿਸਥ ਦੇ ਕਾਮ ਭੋਗਾਂ ਦੀ ਪ੍ਰਸ਼ੰਸਾ ਕਰਨਾ, ਜੋਤਸ਼ ਦਾ ਉਤਰ ਦੇਣਾ, ਸੈਂਯਤਰ (ਮਕਾਨ ਮਾਲਿਕ) ਦਾ ਭੋਜਨ ਦਾ ਗਿਆਨੀ ਮੁਨੀ ਤਿਆਗ ਕਰ ਦੇਵੇ । (16)

ਸਾਧੂ ਜੂਆ ਤਿਆਗ ਦੇਵੇ, ਧਰਮ ਵਿਰੁਧ ਭਾਸ਼ਾ ਨਾ ਬੋਲੇ, ਹੱਥ ਕਰਮ ਨਾ ਕਰੇ, ਫਾਲਤੂ ਵਹਿਸ ਤਿਆਗ ਦੇਵੇ । ਵਿਦਵਾਨ ਸਾਧੂ ਇਨ੍ਹਾਂ ਗੱਲਾਂ ਨੂੰ ਜਨਮ ਮਰਨ ਦਾ ਕਾਰਣ ਸਮਝਕੇ ਤਿਆਗ ਦੇਵੇ । (17)

ਪੈਰਾਂ ਵਿਚ ਜੁੱਤੇ ਪਾਉਣਾ. ਛਤਰ ਧਾਰਨ ਕਰਨਾ, ਜੂਆ ਖੇਲਨਾ, ਚਾਮਰ ਝੁਲਾਉਣਾ, ਪ੍ਰਸਪਰਕੀ (ਗ੍ਰਹਿਸਥ ਤੋਂ ਸੇਵਾ ਲੈਣਾ) ਤੇ ਹੋਰ ਆਪਸੀ ਪਾਪ ਕ੍ਰਿਆਵਾਂ ਨੂੰ ਪਾਪ ਦਾ ਕਾਰਣ ਸਮਝ ਕੇ ਗਿਆਨੀ ਮੁਨੀ ਤਿਆਗ ਦੇਵੇ । (18)

ਸਾਧੂ ਹਰੀ ਬਨਸਪਤੀ ਉਪਰ ਮਲ ਮੂਤਰ ਦਾ ਤਿਆਗ ਨਾ ਕਰੇ । ਕੱਚੇ (ਅਚਿਤ) ਪਾਣੀ ਤੋਂ ਬੀਜ ਹਟਾ ਕੇ ਪਾਣੀ ਨਾ ਪੀਵੇ । (19)

ਸਾਧੂ ਗ੍ਰਹਿਸਥ ਦੇ ਭਾਂਡੇ ਵਿੱਚ ਭੋਜਨ ਜਾਂ ਪਾਣੀ ਨਾ ਲਵੇ । ਵਸਤਰ ਰਹਿਤ ਹੋਣ ਤੇ ਗ੍ਰਹਿਸਥ ਦੇ ਕੱਪੜੇ ਨਾ ਪਹਿਨੇ । ਇਨ੍ਹਾਂ ਨੂੰ ਪਾਪਾਂ ਦਾ ਕਾਰਣ ਸਮਝ ਕੇ ਸਾਧੂ ਤਿਆਗ ਦੇਵੇ । (20)

ਮੰਜੇ ਪਲੰਘ ਤੇ ਬੈਠਣਾ, ਗ੍ਰਹਿਸਥ ਦੇ ਘਰ ਬੈਠਣਾ ਬਿਨਾ ਕਾਰਣਾਂ ਗ੍ਰਹਿਸਥ ਦਾ ਹਾਲ ਚਾਲ ਪੁਛਣਾ, ਪਹਿਲੇ ਭੋਗੇ ਕਾਮ ਭੋਗਾਂ ਨੂੰ ਯਾਦ ਕਰਨਾ । ਸਾਧੂ ਇਨ੍ਹਾਂ ਸਭ ਗੱਲਾਂ ਦਾ ਤਿਆਗ ਕਰ ਦੇਵੇ । (21)

ਯਸ਼ ਕੀਰਤੀ ਸ਼ਲਾਘਾ, ਬੰਦਨਾ, ਪੂਜਾ ਤੇ ਸਾਰੇ ਲੋਕ ਦੇ ਕਾਮ ਭੋਗਾਂ ਦਾ ਵਿਦਵਾਨ ਮੁਨੀ ਤਿਆਗ ਕਰ ਦੇਵੇ । (22)

ਜਿਸ ਭੋਜਨ ਤੇ ਪਾਣੀ ਨਾਲ ਸੰਜਮ ਯਾਤਰਾ ਨਾਲ ਸਾਧੂ ਜੀਵਨ ਅੱਗੇ ਨਹੀਂ ਵਧਦਾ ਅਜਿਹਾ ਅਸ਼ੁਧ ਭੋਜਨ ਤੇ ਪਾਣੀ ਦੂਸਰੇ ਸਾਧੂ ਨੂੰ ਵੀ ਨਾ ਦੇਵੇ । ਅਜੇਹੇ ਭੋਜਨ ਨੂੰ ਪਾਪ ਕਰਮ ਸਮਝਦਾ ਹੈ । ਕਰਮ ਬੰਧ ਦਾ ਕਾਰਣ ਸਮਝਕੇ ਧੋ ਕੇ ਵੀ ਸਾਧੂ ਨੂੰ ਨਾ ਦੇਵੇ । (23)

ਅਨੰਤ ਗਿਆਨੀ, ਅਨੰਤ ਦਰਸ਼ੀ, ਮਹਾਮੁਨੀ, ਬਾਹਰਲੇ ਤੇ ਅੰਦਰਲੇ ਪਰਿਗ੍ਰਹਿ ਤੋਂ ਮੁਕਤ ਭਗਵਾਨ ਮਹਾਵੀਰ ਨੇ ਅਜੇਹੇ ਸ਼ਰੁਤ (ਗਿਆਨ) ਚਾਰਿੱਤਰ (ਸਾਧੂ ਜੀਵਨ) ਦਾ ਉਪਦੇਸ਼ ਦਿੱਤਾ । (24)

ਭਾਸ਼ਾ ਸੀਮਿਤੀ ਵਾਲਾ ਸਾਧੂ ਬੋਲਦਾ ਹੋਇਆਂ ਵੀ ਨਹੀਂ ਬੋਲਦਾ। ਕਿਸੇ ਦਾ ਭੇਦ ਨਾ ਖੋਲ੍ਹੇ। ਹਿੰਸਾ ਕਾਰਕ ਭਾਸ਼ਾ ਨਾ ਬੋਲੇ। ਕਪਟੀ ਭਾਸ਼ਾ ਦਾ ਤਿਆਗ ਕਰੇ। ਸੋਚ ਸਮਝ ਕੇ ਬੋਲੇ। (25)

ਚਾਰ ਪ੍ਰਕਾਰ ਦੀ ਭਾਸ਼ਾ ਵਿਚੋਂ ਤੀਸਰੀ ਮਿਸ਼ਰ ਭਾਸ਼ਾ ਹੈ। ਉਸ ਭਾਸ਼ਾ ਵਿਚ ਝੂਠ ਮਿਲਿਆ ਹੈ। ਸਾਧੂ ਅਜੇਹੀ ਭਾਸ਼ਾ ਦਾ ਪ੍ਰਯੋਗ ਨਾ ਕਰੇ, ਜਿਸ ਨੂੰ ਬੋਲ ਕੇ ਪਸ਼ਚਾਤਾਪ ਕਰਨਾ ਪਵੇ। ਜਿਸ ਨੂੰ ਲੋਕ ਛਿਪਾਉਣਾ ਚਾਹੁਣ, ਸਾਧੂ ਅਜੇਹੀ ਭਾਸ਼ਾ ਵੀ ਨਾ ਬੋਲੇ। ਅਜੇਹੀ ਨਿਰਗ੍ਰੰਥ ਭਗਵਾਨ ਦੀ ਆਗਿਆ ਹੈ। (26)

"ਉਏ ਮੂਰਖ," ਦੀ ਵਰਤੋਂ ਮਹੋਲਾਵਾਕ ਅਖਵਾਉਣਾ ਹੈ। ਹੇ ਮਿੱਤਰ, ਜਾਂ ਮੇਰੇ ਯਾਰ, ਸਾਥੀਵਾਦ ਅਖਵਾਉਣਾ ਹੈ। ਹੇ ਕਸ਼ਯਪ ਗੋਤ, ਗੋਤਰਵਾਦ, ਅਖਵਾਉਣਾ ਹੈ, ਸਾਧੂ ਅਜੇਹੀ ਭਾਸ਼ਾ ਨਾ ਬੋਲੇ। ਤੂੰ-ਤੂੰ ਵਰਗੀ ਤੁੱਛ ਤੇ ਮਨ ਨੂੰ ਚੰਗੀ ਲੱਗਣ ਵਾਲੀ ਭਾਸ਼ਾ ਦਾ ਸਾਧੂ ਪ੍ਰਯੋਗ ਕਰੇ। (27)

---

ਗਾਥਾ ਟਿਪਣੀ 26—ਭਾਸ਼ਾ ਵਾਰੇ ਸ਼ੀਲਾਂਕਾਚਾਰਿਆ ਤੇ ਅਪਣੀ ਸੰਸਕ੍ਰਿਤ ਟੀਕਾ ਵਿਚ ਇਸ ਪ੍ਰਕਾਰ ਕਿਹਾ ਹੈ। ਭਾਸ਼ਾ ਚਾਰ ਪ੍ਰਕਾਰ ਦੀ ਹੈ।

1) ਸੱਤ 2) ਅਸੱਤ 3) ਸੱਤਮਰਿਸ਼ਾ 4) ਅਸੱਤ ਅਮਰਿਸ਼ਾ ਇਨ੍ਹਾਂ ਚਾਰ ਭਾਸ਼ਾਵਾਂ ਵਿਚੋਂ ਸੱਤ ਮਰਿਸ਼ਾ ਨਾਂ ਦੀ ਤੀਸਰੀ ਭਾਸ਼ਾ ਹੈ। ਇਹ ਭਾਸ਼ਾ ਕੁਝ ਝੂਠੀ ਹੈ ਤੇ ਕੁਝ ਸੱਚੀ ਹੈ ਜਿਵੇਂ ਕਿਸੇ ਨੇ ਅੰਦਾਜ ਨਾਲ ਇਸ ਤਰ੍ਹਾਂ ਆਖਿਆ "ਇਸ ਪਿੰਡਵਿਚ 10 ਲੜਕੇ ਪੈਦਾ ਹੋਏ ਜਾਂ ਮਰੇ ਹਨ ਇਨ੍ਹਾਂ ਦੀ ਜਨਮ ਮਰਨ ਦੀ ਸੰਖਿਆ ਵਿਚ ਕੁਛ ਫਰਕ ਪੈ ਸਕਦਾ ਹੈ। ਸੋ ਇਸ ਬਚਨ ਵਿਚ ਕੁਝ ਸੱਤਹੈ ਤੇ ਕੁਝ ਝੂਠ ਵੀ ਹੈ। ਜਿਸ ਬਚਨ ਨੂੰ ਆਖ ਕੇ ਪਸ਼ਚਾਤਾਪ ਕਰਨਾ ਪਵੇ ਸਾਧੂ ਅਜੇਹੀ ਭਾਸ਼ਾ ਨਾ ਬੋਲੇ। ਤੀਸਰੀ ਭਾਸ਼ਾ ਝੂਠ ਨਾਲ ਮਿਲੀ ਹੋਣ ਕਾਰਣ ਦੋਸ਼ ਉਤਪਨ ਕਰਦੀ ਹੈ। ਫੇਰ ਸਾਰੇ ਅਰਥ ਨੂੰ ਉਲਟ ਦਸਨ ਵਾਲੀ ਦੂਸਰੀ ਅਸੱਤ ਭਾਸ਼ਾ ਦੀ ਗੱਲ ਹੀ ਕੀ ਹੈ। ਪਹਿਲੀ ਭਾਸ਼ਾ ਸਮੁਚਾ ਸੱਤ ਹੈ ਪਰ ਸਾਧੂ ਨੂੰ ਕਸ਼ਟ ਦੇਣ ਵਾਲਾ ਸੱਚ ਵੀ ਨਹੀਂ ਬੋਲਨਾ ਚਾਹੀਦਾ ਜਿਵੇਂ ਅਨ੍ਹੇ ਨੂੰ ਅਨ੍ਹਾ ਆਖਣਾ।

ਚੌਥੀ ਭਾਸ਼ਾ ਜੋ ਸੱਚ ਵੀ ਨਹੀਂ ਤੇ ਝੂਠ ਵੀ ਨਹੀਂ ਉਹ ਵੀ ਸੇਵਨ ਯੋਗ ਨਹੀਂ। ਸ਼ਾਸਤਰ ਕਾਰ ਆਖਦੇ ਹਨ ਜਿਸ ਬਚਨ ਵਿਚ ਹਿੰਸਾ ਪ੍ਰਧਾਨ ਹੈ ਜਿਵੇਂ ਕਿ ਕਤਲ ਕਰੋ, ਇਹ ਚੋਰ ਹੈ, ਰੱਥ ਲਈ ਜੋੜੇ ਆਦਿ। ਜਿਸ ਗੱਲ ਨੂੰ ਲੋਗ ਸਮਝਦਾਰੀ ਨਾਲ ਛਿਪਾਉਂਦੇ ਹਨ। ਅਜੇਹਾ ਸੱਚ ਭਾਵੇਂ ਕਿੰਨਾ ਬੜਾ ਹੋਵੇ, ਵਿਵੇਕੀ ਤੇ ਭਾਸ਼ਾ ਦੇ ਸੰਜਮੀ ਲਈ ਬੋਲਨ ਯੋਗ ਨਹੀਂ।

ਭਿਕਸ਼ੂ ਨੂੰ ਕਦੇ ਵੀ ਕੁਸ਼ੀਲ (ਕਾਮ ਭੋਗਾਂ) ਦਾ ਸੇਵਨ ਨਹੀਂ ਕਰਨਾ ਚਾਹੀਦਾ। ਕੁਸ਼ੀਲ (ਭਟਕੇ ਸਾਧੂ) ਨਾਲ ਮਿਲਾਪ ਵੀ ਨਾ ਕਰੇ। ਕੁਸ਼ੀਲ ਨਾਲ ਮਿਲਾਪ, ਸੰਜਮ ਨੂੰ ਨਸ਼ਟ ਕਰਨ ਵਾਲਾ ਦੁੱਖ ਹੈ। ਵਿਦਵਾਨ ਇਸ ਗੱਲ ਨੂੰ ਸਮਝੇ। (28)

ਸਾਧੂ ਰੋਗ ਆਦਿ ਕਾਰਣ ਆਈ ਅੰਤਰਾਏ (ਰੁਕਾਵਟ) ਤੋਂ ਛੁਟ ਗ੍ਰਹਿਸਥ ਦੇ ਘਰ ਵਿਚ ਨਾ ਰਹੇ। ਪਿੰਡ ਦੇ ਬੱਚਿਆਂ ਨਾਲ ਨਾ ਖੇਲੇ। ਨਾ ਹੀ ਬੱਚਿਆਂ ਵਰਗੀਆਂ ਹਰਕਤਾਂ ਕਰੇ। ਬੇਕਾਰ ਨਾ ਹੱਸੇ। (29)

ਮੁਨੀ ਮਨੋਹਰ ਕਾਮ ਭੋਗਾਂ ਵੱਲ ਨਾ ਲੱਗੇ। ਸਗੋਂ ਯਤਨਾਂ (ਸਾਵਧਾਨੀ) ਨਾਲ ਸੰਜਮ ਦਾ ਪਾਲਣ ਕਰੇ। ਭਿਖਿਆ ਲਈ ਘੁੰਮਣ ਫਿਰਨ ਵਿਚ ਅਣਗਹਿਲੀ ਨਾ ਕਰੇ। ਪਰਿਸ਼ੈ ਤੇ ਉਪਸਰਗਾਂ (ਕਸ਼ਟਾਂ) ਨੂੰ ਸਹਿਨਸ਼ੀਲਤਾ ਨਾਲ ਸਹੇ। (30)

ਲਾਠੀ ਨਾਲ ਮਾਰਿਆ ਜਾਂਦਾ ਸਾਧੂ ਗੁੱਸਾ ਨਾ ਕਰੇ ਅਤੇ ਕਿਸੇ ਦੇ ਗਾਲ ਆਦਿ ਦੇਨ ਤੇ ਵੀ, ਮਨ ਵਿਚ ਨਾਂ ਜਲੇ। ਸਗੋਂ ਪ੍ਰਸਨਤਾ ਦੇ ਨਾਲ ਇਸ ਵਿਵਹਾਰ ਨੂੰ ਸਹਿਨ ਕਰੇ। (31)

"ਪ੍ਰਾਪਤ ਕਾਮ ਭੋਗਾਂ ਨੂੰ ਸਾਧੂ ਸਵੀਕਾਰ ਨਾ ਕਰੇ" ਤੀਰਥੰਕਰਾਂ ਨੇ ਇਸੇ ਨੂੰ ਵਿਵੇਕ ਕਿਹਾ ਹੈ। ਸਾਧੂ ਅਚਾਰਿਆ ਆਦਿ ਗਿਆਨੀ ਲੋਕਾਂ ਦੀ ਆਗਿਆ ਤੇ ਆਚਰਣ (ਸਿਖਿਆ) ਦਾ ਪਾਲਨ ਕਰੇ। (32)

"ਸਾਧੂ ਨੂੰ ਸਵ ਸਮੇਂ (ਅਪਣੇ ਸਿਧਾਂਤ) ਤੇ ਪਰ ਸਮੇਂ (ਦੂਸਰੇ ਧਰਮ ਦੇ ਸਿਧਾਂਤ) ਵਾਰੇ ਗਿਆਨ ਜ਼ਰੂਰੀ ਹੋਣਾ ਚਾਹੀਦਾ ਹੈ ਸਮਿਅਕ ਤੱਪ ਰਾਹੀਂ ਤੇ ਗੁਰੂ ਦੀ ਸੇਵਾ ਰਾਹੀਂ ਸਾਧੂ ਉਪਾਸਨਾ ਕਰੇ। ਜੋ ਪੁਰਸ਼ ਕਰਮ ਦੁਸ਼ਮਣਾਂ ਦਾ ਖਾਤਮਾ ਕਰਨ ਵਿਚ ਸਮਰੱਥ ਹਨ। ਉਹ ਹੀ ਕੇਵਲ ਗਿਆਨ ਦੀ ਖੋਜ ਵਿਚ ਲੱਗੇ ਹਨ, ਇੰਦਰੀਆਂ ਜੇਤੂ ਹਨ" ਉਹ ਅਜੇਹੇ ਮਾਰਗ ਦਾ ਆਚਰਣ ਕਰਦੇ ਹਨ। (33)

ਘਰ ਵਿੱਚ ਦੀਵਾ ਨਾ ਵੇਖਣ ਵਾਲਾ (ਭਾਵ ਗ੍ਰਹਿਸਥ ਵਿੱਚ ਸਮਿਅਕ ਗਿਆਨ ਦੀ ਪ੍ਰਾਪਤੀ ਅਸੰਭਵ ਹੈ) ਪੁਰਸ਼ ਸੰਜਮ ਸਵਿਕਾਰ ਕਰਕੇ ਹੋਰ ਪੁਰਸ਼ਾਂ ਲਈ ਆਸਰਾ ਦੇਣ ਵਾਲਾ ਬਣ ਜਾਂਦਾ ਹੈ। ਉਹ ਵੀਰ ਪੁਰਸ਼ ਬੰਧਨ ਤੋਂ ਮੁਕਤ ਹੋ ਕੇ ਅਸੰਜਮੀ ਜੀਵਨ ਦੀ ਇੱਛਾ ਨਹੀਂ ਕਰਦਾ। (34)

ਸ਼ਬਦ, ਰੂਪ, ਗੰਧ, ਰਸ ਤੇ ਸਪਰਸ਼ ਦੇ ਵਿਕਾਰ ਵਿਚ ਨਾ ਫਸਦਾ ਹੋਇਆ ਸਾਧੂ ਪਾਪਾਂ ਤੋਂ ਮੁਕਤ ਹੋ ਕੇ ਘੁੰਮੇ। ਜੋ ਗਲਾਂ ਅਧਿਐਨ ਦੇ ਸ਼ੁਰੂ ਵਿਚ ਆਖੀਆਂ ਗਈਆਂ ਹਨ, ਜੋ ਗੱਲਾਂ ਆਗਮ ਵਿਰੁੱਧ ਹਨ ਅਤੇ ਜਿਨਾਂ ਦੇ ਬਚਨਾਂ ਲਈ ਕਿਹਾ ਗਿਆ ਹੈ ਮੁਨੀ ਉਨ੍ਹਾਂ ਨੂੰ ਛੱਡ ਦੇਵੇ। (35)

ਹਿੱਤ ਤੇ ਅਹਿਤ ਦਾ ਗਿਆਨੀ ਤੇ ਵਿਵੇਕੀ ਮੁਨੀ, ਕਰੋਧ, ਮਾਨ, ਮਾਇਆ ਤੇ ਲੋਭ ਅਤੇ ਰਿਧੀ ਅਤੇ ਸੱਤ ਗੌਰਵ ਰਸ ਦਾ ਤਿਆਗ ਕਰਕੇ ਸਿਰਫ ਮੋਕਸ਼ ਦੀ ਇੱਛਾ ਕਰ। ਅਜੇਹਾ ਮੈਂ ਆਖਦਾ ਹਾਂ। (36)



# ਭਾਵ ਸਮਾਧੀ ਨਾਮਕ ਦਸਵਾਂ ਅਧਿਐਨ

ਸਮਾਧੀ ਤੋਂ ਭਾਵ ਹੈ—ਸੰਤੋਖ, ਆਤਮ ਪ੍ਰਸੰਨਤਾ, ਆਨੰਦ, ਅੰਦਰਲੀ ਖੁਸ਼ੀ ਸਮਾਧੀ ਦਾ ਅਰਥ ਹੈ।

सम्यग् अधीयते व्यवस्थाप्यते मोक्षे तन्मार्गं प्रति धर्मध्याना दिन स: समाध।

ਜਿਸ ਧਰਮ ਧਿਆਨ, ਗਿਆਨ, ਵਿਨੈ, ਅਚਾਰ, ਤੱਪ ਸਾਧਨਾ ਨਾਲ ਮੋਕਸ਼ ਮਾਰਗ ਦਾ ਰਾਹ ਚੰਗੀ ਤਰ੍ਹਾਂ ਸਥਾਪਿਤ ਹੋ ਸਕੇ, ਉਹ ਭਾਵ ਸਮਾਧੀ ਹੈ । ਇਸ ਅਧਿਐਨ ਦਾ ਨਾਂ ਭਾਵ ਸਮਾਧੀ ਹੈ । ਭਾਵ ਸਮਾਧੀ ਹੀ ਆਤਮ ਪ੍ਰਸੰਨਤਾ ਨੂੰ ਆਖਦੇ ਹਨ । ਜਿਨ੍ਹਾਂ ਗੁਣਾਂ ਨਾਲ ਆਤਮਾ ਨੂੰ ਪ੍ਰਸੰਨਤਾ ਮਿਲੇ, ਉਹ ਭਾਵ ਸਮਾਧੀ ਹੈ ।

ਦਸ਼ਵੈਕਾਲਿਕ ਸੂਤਰ (9 ਉਦੇਸਕ) ਵਿਚ ਸਮਾਧੀ ਚਾਰ ਪ੍ਰਕਾਰ ਦੀ ਦਸੀ ਗਈ ਹੈ। 1) ਵਿਨੈ 2) ਸਰੂਤ 3) ਤਪ 4) ਆਚਾਰ । ਅਗੇ ਚਾਰਾਂ ਸਮਾਧੀਆਂ ਦੇ ਚਾਰ ਚਾਰ ਭੇਦ ਹਨ । ਦਸ਼ਾਰੂਤ ਸਕੰਧ ਵਿਚ 20 ਅਸਮਾਧੀ ਦੇ ਕਾਰਣ ਦਸੇ ਗਏ ਹਨ ।

ਸਮਿਅਕ ਗਿਆਨ, ਸਮਿਅਕ ਦਰਸ਼ਨ, ਸਮਿਅਕ ਚਾਰਿਤਰ ਦੀ ਆਰਾਧਨਾ ਹੀ ਭਾਵ ਸਮਾਧੀ ਹੈ ।

ਸੋ ਬਾਹਰਲੇ ਪਦਾਰਥਾਂ ਦੀ ਮਮਤਾ ਤੋਂ ਮਨ ਤੇ ਸ਼ਰੀਰ ਨੂੰ ਹਟਾ ਕੇ ਆਤਮਾ ਵਿਚ ਸਥਿਤ ਕਰਨਾ ਚਾਹੀਦਾ ਹੈ ਤਾਂ ਕਿ ਭਾਵ ਸਮਾਧੀ ਪ੍ਰਾਪਤ ਹੋ ਸਕੇ ।

# ਭਾਵ ਸਮਾਧੀ ਨਾਮਕ ਦਸਵਾਂ ਅਧਿਐਨ

ਤੀਰਥੰਕਰਾਂ ਨੇ ਵਸਤੂ ਦਾ ਸ਼ੁਧ ਸਵਰੂਪ ਵਰਨਣ ਕਰਨ ਵਾਲੇ ਤੋਂ ਸਮਾਧੀ (ਮੁਕਤੀ ਰੂਪੀ ਸੁੱਖ) ਦੇਣ ਵਾਲੇ ਧਰਮ ਦਾ ਵਰਨਣ ਕੀਤਾ ਹੈ। ਉਸ ਨੂੰ ਧਿਆਨ ਨਾਲ ਸੁਣੋ। ਸਾਧੂ ਸੰਜਮ ਦਾ ਪਾਲਣ ਕਰਦਾ ਲੋਕ ਤੇ ਪਰਲੋਕ ਦੇ ਸੁੱਖਾਂ ਦੀ ਇੱਛਾ ਨਾ ਕਰੇ। ਜੀਵ ਹਿੰਸਾ ਤੋਂ ਬਚਦਾ ਹੋਇਆ, ਸਮਾਧੀ ਧਾਰਨ ਕਰਕੇ ਸੰਜਮ ਦਾ ਪਾਲਣ ਕਰੇ। (1)[1]

ਉਰਧ (ਉਪਰ) ਅਧੋ (ਹੇਠ) ਅਤੇ ਤਿਰਛੀ ਦਿਸ਼ਾਵਾਂ ਵਿਚ ਜੋ ਵੀ ਤਰਸ ਤੇ ਸਥਾਵਰ ਜੀਵ ਹਨ। ਉਨ੍ਹਾਂ ਜੀਵਾਂ ਨੂੰ ਹਥ ਪੈਰ ਕਾਬੂ ਕਰਕੇ ਕਸ਼ਟ ਨਹੀਂ ਪਹੁੰਚਾਨਾ ਚਾਹੀਦਾ। ਹੱਥ ਪੈਰ ਆਦਿ ਨੂੰ ਇਸ ਪ੍ਰਕਾਰ ਸੰਜਮ ਵਿਚ ਰੱਖੇ ਕਿ ਹਿੰਸਾ ਨਾ ਹੋਵੇ। ਬਿਨਾ ਦਿੱਤੀ ਵਸਤੂ ਗ੍ਰਹਿਣ ਨਾ ਕਰੇ। (2)

---

ਟਿੱਪਣੀ ਗਾਥਾ (1) ਟੀਕਾਕਾਰ ਸ਼ੀਲਾਂਕਾਚਾਰੀਆ ਨੇ ਤੀਰਥੰਕਰਾਂ ਲਈ ਕਈ ਵਿਸ਼ੇਸ਼ਣਾ ਦੀ ਵਰਤੋਂ ਕੀਤੀ। ਜਿਵੇਂ ਮਤਿਮਾਨ ਜਿਸਦਾ ਭਾਵ ਹੈ ਕੇਵਲ ਗਿਆਨੀ ਪੁਰਸ਼ ਹੀ ਮਤਿਮਾਨ ਹੁੰਦੇ ਹਨ। ਕਿਉਂਕਿ ਗਿਆਨ ਨੂੰ ਮਤੀ ਆਖਦੇ ਹਨ। ਜਿਸ ਵਿਚ ਮਤੀ ਹੋਵੇ ਉਹ ਮਤੀਮਾਨ ਹੈ। ਭਾਵੇਂ ਮੂਲ ਗਾਥਾਂ ਵਿਚ ਤੀਰਥੰਕਰ ਨਹੀਂ ਪਰ ਫੇਰ ਵੀ ਇਥੇ ਮਤੀਮਾਨ ਤੋਂ ਭਾਵ ਤੀਰਥੰਕਰ ਹੈ।

ਤੀਰਥੰਕਰ ਸਰਲ ਤੇ ਯਥਾਰਥ ਧਰਮ ਦਾ ਉਪਦੇਸ਼ ਦਿੰਦੇ ਹਨ। ਉਨ੍ਹਾਂ ਦੇ ਉਪਦੇਸ਼ ਵਿਚ ਕੋਈ ਸ਼ਕ ਨਹੀਂ ਹੁੰਦਾ।

ਗਾਥਾ ਨੰ: 2 ਦੀ ਟਿੱਪਣੀ—ਪ੍ਰਾਣਾਤਿਪਾਤ (ਹਿੰਸਾ) ਆਦਿ ਕਰਮ ਬੰਧ ਦੇ ਕਾਰਣ ਹਨ। ਪ੍ਰਾਣਾਤਿਪਾਤ ਦੇ ਚਾਰ ਭੇਦ ਹਨ। ਜੋ ਭਿੰਨ-ਭਿੰਨ ਦਿਸ਼ਾਵਾਂ ਅਤੇ ਉਪ ਦਿਸ਼ਾਵਾਂ ਵਿਚ ਪਾਏ ਜਾਂਦੇ ਹਨ।

(1) ਖੇਤਰ ਪ੍ਰਾਣਾਤਿਪਾਤ—ਉਪਰ ਹੇਠਾਂ ਤਿਰਛੇ ਤਿਨ ਲੋਕਾਂ ਦੀ ਹਿੰਸਾ ਖੇਤਰ ਪ੍ਰਾਣਾਤਿਪਾਤ ਹੈ।

(2) ਦਰਵ ਪ੍ਰਾਣਾਤਿਪਾਤ—ਜੋ ਪ੍ਰਾਣੀ ਡਰਦੇ ਹਨ ਉਹ ਤਰਸ ਅਖਵਾਉਂਦੇ ਹਨ ਉਹ ਦੋ ਇੰਦਰੀਆਂ ਤੋਂ ਲੈ ਕੇ ਪੰਜ ਇੰਦਰੀਆਂ ਦੇ ਜੀਵ ਹਨ। ਇਨ੍ਹਾਂ ਨੂੰ ਪੀੜ ਦੇਣਾ ਦਰਵ ਪ੍ਰਾਣਾਤਿਪਾਤ ਹੈ।

(3) ਕਾਲ ਪ੍ਰਾਣਾਤਿਪਾਤ—ਦਿਨ ਤੇ ਰਾਤ ਜੀਵ ਹਿੰਸਾ ਕਰਨਾ ਕਾਲ ਪ੍ਰਾਣਾਤਿਪਾਤ ਹੈ।

ਸ਼ਰੁਤ ਤੇ ਚਾਰਿਤਰ ਰੂਪੀ ਧਰਮ ਦੀ ਠੀਕ ਵਿਆਖਿਆ ਕਰਨ ਵਾਲਾ, ਤੀਰਥੰਕਰਾਂ ਦੇ ਧਰਮ ਪ੍ਰਤਿ ਸ਼ੰਕਾਂ ਤੋਂ ਰਹਿਤ, ਸਮਦਰਸ਼ੀ ਤਪਸਵੀ ਮੁਨੀ, ਨਿਰਦੋਸ਼ ਭੋਜਨ ਨਾਲ ਜੀਵਨ ਗੁਜ਼ਾਰਣ ਵਾਲਾ, ਪਿਰਥਵੀ ਆਦਿ ਦੇ ਜੀਵਾਂ ਨੂੰ ਆਤਮਾ ਤੁੱਲ ਸਮਝਦਾ ਹੋਇਆ ਸੰਜਮ ਦਾ ਪਾਲਨ ਕਰੇ। ਅਸੰਜਮ ਰੂਪੀ ਜੀਵਨ ਦਾ ਇਛੁਕ ਹੋ ਕੇ ਆਸ਼ਰਵਾ (ਪਾਪ ਦੇ ਦਰਵਾਜ਼ੇ) ਦਾ ਸੇਵਨ ਨਾ ਕਰੇ, ਭਵਿੱਖ ਲਈ ਧਨ ਤੇ ਅਨਾਜ ਵੀ ਇਕੱਠਾ ਨਾ ਕਰੇ। (3)

ਮੁਨੀ ਇਸਤਰੀਆਂ ਸੰਬੰਧੀ ਸਾਰੇ ਵਿਸ਼ੇ ਵਿਕਾਰਾਂ ਦਾ ਸੰਬਰ (ਰੋਕ) ਕਰੇ। ਅੰਦਰਲੇ ਤੇ ਬਾਹਰਲੇ ਮੇਲ ਮਿਲਾਪ ਤੋਂ ਰਹਿਤ ਹੋ ਸੰਜਮ ਦਾ ਪਾਲਨ ਕਰੇ। ਵੇਖੋ ! ਸੰਸਾਰ ਦੇ ਸਾਰੇ ਪ੍ਰਾਣੀ ਭਿੰਨ-ਭਿੰਨ ਗਤੀਆਂ (ਜੂਨਾਂ) ਵਿੱਚ ਰਹਿ ਕੇ ਕਸ਼ਟ ਪਾ ਰਹੇ ਹਨ। ਸੰਤਾਪ ਭੋਗ ਰਹੇ ਹਨ। (4)

ਅਗਿਆਨੀ ਜੀਵ ਉਪਰੋਕਤ ਪ੍ਰਿਥਵੀ ਕਾਇਆ ਆਦਿ ਦੇ ਪ੍ਰਾਣੀਆਂ ਨੂੰ ਕਸ਼ਟ ਦਿੰਦਾ ਹੋਇਆ ਪਾਪ ਕਰਮੀ ਇਨ੍ਹਾਂ ਪ੍ਰਿਥਵੀ ਕਾਇਆ ਆਦਿ ਜੂਨਾਂ ਵਿਚ ਘੁਮਦਾ ਹੈ। ਜੀਵ ਹਿੰਸਾ ਕਰਕੇ ਪ੍ਰਾਣੀ ਪਾਪ ਕਰਮ ਕਰਦਾ ਹੈ ਤੇ ਦੂਸਰੇ ਰਾਹੀ ਹਿੰਸਾ ਕਰਵਾਕੇ ਜੀਵ ਪਾਪ ਕਰਦਾ ਹੈ। (5)

ਭਿਖਾਰੀਆਂ ਦੀ ਆਦਤਾਂ ਵਾਲਾ ਵੀ ਪਾਪ ਕਰਮ ਕਰਦਾ ਹੈ ਅਜੇਹਾ ਸਮਝ ਕੇ, ਤੀਰਥੰਕਰਾਂ ਨੇ ਭੋਜਨ ਪ੍ਰਤਿ ਮਮਤਾ ਤਿਆਗ ਨੂੰ ਏਕਾਂਤ ਸਮਾਧੀ ਦਾ ਰਾਹ ਦੱਸਿਆ ਹੈ। ਇਸ ਲਈ ਗਿਆਨ ਸਮਾਧੀ ਵਿਚ ਰਹਿਣ ਵਾਲਾ, ਸ਼ੁਧ ਚਿੱਤ ਪੁਰੁਸ਼, ਸਮਾਧੀ ਤੇ ਵਿਵੇਕ ਵਿਚਾਰਾਂ ਅਤੇ ਹਿੰਸਾ ਤੋਂ ਛੁਟਕਾਰਾ ਪਾਵੇ। (6)

---

(4) ਭਾਵ ਪ੍ਰਾਣਾਤਿਪਾਤ—ਹੱਥ ਪੈਰ ਬਨ ਕੇ ਕਸ਼ਟ ਦੇਨਾ ਭਾਵ ਪ੍ਰਾਣਾਤਿਪਾਤ ਹੈ। ਇਸ ਪ੍ਰਕਾਰ ਛਿੱਕ, ਮਾਹ, ਖਾਸੀ ਅਤੇ ਅਧੋਵਾਯੂ ਦੇ ਨਿਕਲਨ ਸਮੇਂ ਮਨ ਬਚਨ ਤੇ ਸ਼ਰੀਰ ਦੀ ਕ੍ਰਿਆ ਨੂੰ ਕਾਬੂ ਰਖਕੇ ਭਾਵ ਸਮਾਧੀ ਪਾਲਨੀ ਚਾਹੀਦੀ ਹੈ।

(ਟੀਕਾਕਾਰ ਸ਼ੀਲਾਂਕਾਚਾਰਿਆ)

ਟਿਪਣੀ ਗਾਥਾ 5—ਪ੍ਰਸ਼ਨ—ਉਹ ਕੇਹੜੇ ਪਾਪ ਸਥਾਨ ਹਨ ਜਿਨ੍ਹਾਂ ਵਿਚ ਪ੍ਰਾਣੀ ਫਸਦੇ ਹਨ ਤੇ ਨਿਕਲਦੇ ਹਨ।

ਉੱਤਰ—ਜੀਵ ਹਿੰਸਾ ਕਰਨ ਕਾਰਣ ਪ੍ਰਾਣੀ ਗਿਆਨਾ ਵਰਨੀਆਂ ਆਦਿ ਅਸ਼ੁਭ ਕਰਮ ਬੰਧ ਕਰਦਾ ਹੈ ਅਤੇ ਜੇ ਅਪਣੇ ਨੌਕਰ ਆਦਿ ਦੀ ਜੀਵ ਹਿੰਸਾ ਦੀ ਆਗਿਆ ਦਿੰਦਾ ਹੈ ਉਹ ਪਾਪ ਕਰਮ ਕਰਦਾ ਹੈ ਅਤੇ ਜੋ ਤੂੰ ਸ਼ਬਦ ਰਾਹੀਂ ਝੂਠ, ਚੋਰੀ, ਵਿਭਚਾਰ, ਪਰਿਗ੍ਰਹਿ ਕਰਦਾ ਹੈ, ਦੂਸਰੇ ਤੋਂ ਕਰਾਉਂਦਾ ਹੈ। ਉਹ ਪਾਪ ਦਾ ਇੱਕਠ ਕਰਦਾ ਹੈ। (ਟੀਕਾਕਾਰ ਸ਼ੀਲਾਂਕਾਚਾਰਿਆ)

ਇਨ੍ਹਾਂ ਪਾਪ ਕਰਮਾਂ ਤੋਂ ਪਰੇ ਆਦਿ ਹੀ ਆਤਮ ਕਲਿਆਨ ਕਰ ਸਕਦਾ ਹੈ।

ਸਾਰੇ ਜੀਵਾਂ ਨੂੰ ਸਮਭਾਵ ਨਾਲ ਵੇਖਣ ਵਾਲਾ ਮੁਨੀ, ਕਿਸੇ ਪ੍ਰਤਿ ਪਿਆਰ ਅਤੇ ਕਿਸੇ ਨਾਲ ਨਫਰਤ ਦੀ ਭਾਵਨਾ ਨਾ ਰੱਖੇ। ਪਰ ਕਈ ਜੀਵ ਸੰਜਮ ਧਾਰਨ ਕਰਕੇ ਕਸ਼ਟ ਆਉਣ ਤੇ, ਸਾਧੂ ਜੀਵਨ ਤਿਆਗ ਦਿੰਦੇ ਹਨ। ਕਈ ਲੋਕ ਪੂਜਾ, ਤੇ ਪ੍ਰਸ਼ੰਸ਼ਾ ਲਈ ਸਾਧੂ ਬਣ ਜਾਂਦੇ ਹਨ। (7)

ਜੋ ਪੁਰਸ਼ ਆਧਾ ਕਰਮੀ ਭੋਜਨ ਦੀ ਇੱਛਾ ਰੱਖਦਾ ਹੈ ਅਤੇ ਅਜਿਹੇ ਭੋਜਨ ਦੀ ਖੂਬ ਤਲਾਸ਼ ਕਰਦਾ ਹੈ। ਉਹ ਸੰਜਮ ਤੋਂ ਗਿਰ ਕੇ ਸੰਸਾਰ ਦੇ ਚਿੱਕੜ ਵਿਚ ਫਸਦਾ ਹੈ ਇਸਤਰੀ ਪ੍ਰਤਿ ਉਲਝਦਾ ਹੈ। ਇਸਤਰੀਆਂ ਦੀਆਂ ਅਦਾਵਾਂ ਵਿਚ ਦਿਲਚਸਪੀ ਲੈਂਦਾ ਹੈ ਉਹ ਇਸਤਰੀਆਂ ਲਈ ਪਰਿਗ੍ਰਹਿ ਇੱਕਠਾ ਕਰਦਾ ਹੈ। (8)

ਜੋ ਪੁਰਸ਼ ਜੀਵਾਂ ਨੂੰ ਕਸ਼ਟ ਦੇਕੇ ਵੈਰ ਕਰਦਾ ਹੈ ਉਹ ਪਾਪ ਕਰਮ ਬੰਧ (ਸੰਗ੍ਰਹਿ) ਕਰਦਾ ਹੈ। ਉਹ ਮਰਕੇ ਨਰਕ ਵਿਚ ਜਨਮ ਲੈਂਦਾ ਹੈ। ਇਸ ਲਈ ਸਮਝਦਾਰ ਧਰਮ ਨੂੰ ਸਮਝ ਕੇ, ਸਾਰੇ ਦੁਰਾਚਾਰ ਤਿਆਗ ਕੇ ਸੰਜਮ ਦਾ ਪਾਲਨ ਕਰੇ। (9)

ਸਾਧੂ ਭੋਗੀ ਜੀਵਨ ਦੀ ਇੱਛਾ ਵਸ ਧਨ ਸੰਗ੍ਰਹਿ ਨਾ ਕਰੇ। ਪੁੱਤਰ ਰਿਸ਼ਤੇਦਾਰ ਦੇ ਮੋਹ ਤੋਂ ਪਰਾਂ ਰਹੇ। ਸੋਚ ਸਮਝ ਕੇ ਬੋਲੇ। ਸ਼ਬਦ ਆਦਿ ਵਿਸ਼ਿਆਂ ਤੋਂ ਦੂਰ ਹੋ ਕੇ ਹਿੰਸਾ ਭਰੀ ਕਥਾ ਨਾ ਕਰੇ। (10)

ਪੰਡਿਤ ਸਾਧੂ ਆਧਾਕਰਮੀ ਭੋਜਨ ਦੀ ਇੱਛਾ ਨਾ ਕਰੇ। ਜੋ ਆਧਾਕਰਮੀ ਭੋਜਨ ਕਰਦਾ ਹੈ, ਉਨ੍ਹਾਂ ਦੀ ਸੰਗਤ ਨਾ ਕਰੇ। ਨਿਰਜਰਾ (ਕਰਮ ਦੇ ਝੜਨੀ ਦੀ ਕ੍ਰਿਆ) ਨੂੰ ਜਾਨਦਾ ਹੋਇਆ ਤਪ ਰਾਹੀਂ ਸ਼ਰੀਰ ਨੂੰ ਕਮਜੋਰ ਕਰੇ। ਸ਼ਰੀਰ ਦੇ ਲਈ ਦੁੱਖ ਨਾ ਮੰਨਦਾ ਹੋਇਆ ਸੰਜਮ ਦਾ ਹੀ ਪਾਲਣ ਕਰੇ। (11)

ਸਾਧੂ ਏਕਤਵ ਭਾਵਨਾ ਨਾਲ ਸੋਚੇ "ਇਹ ਜੀਵ ਇਕਲਾ ਆਇਆ ਹੈ ਇੱਕਲਾ ਜਾਵੇਗਾ। ਇੱਕਲਾ ਹੀ ਕਰਮਾਂ ਦਾ ਫਲ ਭੋਗਦਾ ਹੈ। ਇਸ ਵਿਚ ਕੋਈ ਸਹਾਇਕ ਨਹੀਂ।" ਇਸ ਪ੍ਰਕਾਰ ਦੀ ਏਕਤਵ ਭਾਵਨਾ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ। ਇਸ ਗੱਲ ਵਿੱਚ ਕੋਈ ਝੂਠ ਨਹੀਂ। ਇਸ ਲਈ ਏਕਤਵ ਭਾਵਨਾ ਵਾਲਾ ਖਿਮਾਵਾਨ ਸਾਧੂ ਸਤਿਆਗ੍ਰਹਿ ਤੇ ਤਪਸਵੀ ਹੁੰਦਾ ਹੈ। ਉਹ ਭਾਵ (ਅੰਦਰਲੀ) ਸਮਾਧੀ ਵਾਲਾ ਹੁੰਦਾ ਹੈ। (12)

ਇਸਤਰੀਆਂ ਦੇ ਨਾਲ ਕਾਮ ਭੋਗ ਸੇਵਨ ਨਾ ਕਰਨਾ, ਪਰਿਗ੍ਰਹਾਂ ਤੋਂ ਰਹਿਤ ਮਨ ਭਾਉਂਦੇ ਤੇ ਬੁਰੇ ਵਿਸ਼ਿਆਂ ਦਾ ਤਿਆਗੀ, ਰਾਗ ਦਵੇਸ਼ ਤੋਂ ਰਹਿਤ, ਜੀਵਾਂ ਦਾ ਰਖਿਅਕ ਸਾਧੂ ਬਿਨਾ ਸ਼ੱਕ ਸ਼ਮਾਧੀ ਨੂੰ ਪ੍ਰਾਪਤ ਹੁੰਦਾ ਹੈ। (13)

ਸਾਧੂ ਸੰਜਮ ਸੰਬੰਧੀ ਅਰਤਿ (ਦੁੱਖ) ਤੇ ਅਸੰਜਮ ਸੰਬੰਧੀ ਰਤਿ (ਸੁੱਖ) ਦਾ ਤਿਆਗ

ਕਰਕੇ ਤਿਨਕਾ ਠੰਢ, ਗਰਮੀ, ਮੱਛਰਾਂ ਦਾ ਕਸ਼ਟ, ਸੁਗੰਧ ਤੇ ਦੁਰਗੰਧ ਵਿਚ ਸਮਭਾਵ ਰਖੇ। (14)

ਬਚਨ ਗੁਪਤੀ (ਵਿਚਾਰ ਪੂਰਵਕ) ਦਾ ਧਾਰਕ, ਭਾਵ ਸਮਾਧੀ ਵਾਲਾ ਅਖਵਾਉਂਦਾ ਹੈ। ਉਹ ਸ਼ੁਧ ਲੇਸ਼ਿਆ (ਮਨ ਦੇ ਸੁਭ ਭਾਵ ਨੂੰ ਧਾਰਣ ਕਰਕੇ ਸੰਜਮ ਵਿਚ ਲਗੇ। ਸਾਧੂ ਆਪਣੇ ਲਈ ਘਰ ਨਾ ਬਨਾਵੇ, ਨਾ ਹੀ ਕਿਸੇ ਤੋਂ ਬਨਵਾਵੇ। ਘਰ ਸੰਬੰਧੀ ਕੋਈ ਕੰਮ ਨਾ ਕਰੇ।) ਇਸਤਰੀਆਂ ਨਾਲ ਸੰਪਰਕ ਨਾ ਰਖੇ। (15)

ਅਕ੍ਰਿਆ ਵਾਦੀ ਆਖਦੇ ਹਨ "ਆਤਮਾ ਕ੍ਰਿਆ ਰਹਿਤ ਹੈ।" ਕ੍ਰਿਆ ਦਾ ਕੋਈ ਕਰਤਾ ਨਹੀਂ। ਕੁਦਰਤ ਹੀ ਸਭ ਕ੍ਰਿਆਵਾਂ ਕਰਦੀ ਹੈ। (ਜਦ ਦੂਸਰੇ ਉਨ੍ਹਾਂ ਤੋਂ ਪੁਛਦੇ ਹਨ) ਤਾਂ ਓਹ ਲੋਕ ਮੋਕਸ਼ ਦਾ ਉਪਦੇਸ਼ ਵੀ ਦਿੰਦੇ ਹਨ ਉਹ ਆਖਦੇ ਹਨ "ਸਾਡੇ ਦਰਸ਼ਨ ਨਾਲ ਹੀ ਮੋਕਸ਼ ਹੁੰਦਾ ਹੈ" ਅਜੇਹੇ ਖਾਣ ਪੀਣ ਵਾਲੇ ਅਤੇ ਵਿਕਾਰਾਂ ਵਿੱਚ ਫਸੇ ਜੀਵ ਮੋਕਸ਼ ਦਾ ਕਾਰਣ ਤੇ ਧਰਮ ਦਾ ਸਵਰੂਪ ਨਹੀਂ ਜਾਨਦੇ। (16)

ਸੰਸਾਰ ਵਿੱਚ ਭਿੰਨ-ਭਿੰਨ ਵਿਚਾਰਾਂ ਵਾਲੇ ਜੀਵ ਹਨ ਕੋਈ ਕ੍ਰਿਆਵਾਦੀ ਹੈ ਕੋਈ ਅਕ੍ਰਿਆਵਾਦੀ ਹੈ (ਭਾਵ ਕ੍ਰਿਆਵਾਦੀ ਆਖਦੇ ਹਨ ਕਿ ਕ੍ਰਿਆ ਹੀ ਫਲ ਦਿੰਦੀ ਹੈ ਗਿਆਨ ਫਾਲਤੂ ਹੈ। ਅਕ੍ਰਿਆਵਾਦੀ ਆਖਦੇ ਹਨ ਕ੍ਰਿਆ ਕੁਝ ਨਹੀਂ, ਗਿਆਨ ਹੀ ਫ਼ਲ ਦਿੰਦਾ ਹੈ। ਕੋਈ ਅਗਿਆਨੀ ਨਵੇਂ ਪੈਦਾ ਹੋਏ ਬੱਚੇ ਦੇ ਸ਼ਰੀਰ ਦੇ ਟੁਕੜੇ ਕਰਕੇ ਖਾਂਦੇ ਹਨ। ਇਸ ਪ੍ਰਕਾਰ ਇਹ ਅਸੰਜਮੀ ਵੈਰ ਵਧਾਉਂਦੇ ਹਨ। (17)

ਪਾਪ ਤੋਂ ਨਾ ਡਰਨ ਵਾਲਾ ਅਗਿਆਨੀ ਜੀਵ ਆਪਣੀ ਉਮਰ ਦਾ ਅੰਤ ਨਹੀਂ ਜਾਣਦਾ। ਉਹ ਸਾਂਸਾਰਿਕ ਪਦਾਰਥਾਂ ਵਿਚ ਮਮਤਾ ਰਖਦਾ ਹੈ। ਦਿਨ ਰਾਤ ਫਿਕਰ ਵਿੱਚ ਡੁਬਿਆ ਰਹਿੰਦਾ ਹੈ। ਆਪਣੇ ਆਪਨੂੰ ਅਜਰ ਅਮਰ ਮਨਦਾ ਹੋਇਆ ਧਨ ਕਮਾਉਣ ਵਿੱਚ ਲਗਾ ਰਹਿੰਦਾ ਹੈ। (18)

"ਹੇ ਗਿਆਨੀ ਤੂੰ ਧਨ ਤੇ ਪਸ਼ੂ ਸਭ ਪਦਾਰਥਾਂ ਦਾ ਤਿਆਗ ਕਰ। ਭਾਈ ਭੈਣ, ਮਾਂ, ਪਿਉ ਤੇ ਦੋਸਤ ਤੇਰਾ ਕੋਈ ਉਪਕਾਰ ਨਹੀਂ ਕਰ ਸਕਦੇ। ਪਤਾ ਨਹੀਂ, ਕਿਉਂ ਮਨੁੱਖ ਇਨ੍ਹਾਂ ਲਈ ਰੋਂਦਾ ਹੈ ਅਤੇ ਮੋਹ ਨੂੰ ਪ੍ਰਾਪਤ ਕਰਦਾ ਹੈ। ਜਦ ਇਹ ਮੂਰਖ ਮਰ ਜਾਂਦਾ ਹੈ ਤਾਂ ਇਹੋ ਰਿਸ਼ਤੇਦਾਰ ਉਸਦੇ ਕਮਾਏ ਧਨ ਨੂੰ ਹੜੱਪ ਕਰ ਜਾਂਦੇ ਹਨ। (19)

ਜਿਵੇਂ ਜੰਗਲ ਵਿੱਚ ਕਮਜੋਰ ਮਿਰਗ ਮੌਤ ਤੋਂ ਡਰਦਾ ਹੋਇਆ ਸ਼ੇਰ ਤੋਂ ਦੂਰ ਰਹਿੰਦਾ ਹੈ। ਉਸੇ ਪ੍ਰਕਾਰ ਵਿਦਵਾਨ ਗਿਆਨੀ, ਧਰਮ ਦੀ ਰਖਿਆ ਕਰੇ। ਪਾਪ ਨੂੰ ਤਿਆਗ ਦੇਵੇ। (20)

ਧਰਮ ਦਾ ਸਵਰੂਪ ਨੂੰ ਜਾਨਣ ਵਾਲਾ ਪੁਰਸ਼ ਆਪਣੀ ਆਤਮਾ ਨੂੰ ਪਾਪ ਕਰਮਾਂ ਤੋਂ


ਛੁੱਟਕਾਰਾ ਦਿਲਾਵੇ। ਹਿੰਸਾ ਤੋਂ ਉਤਪੰਨ ਹੋਣ ਵਾਲੇ ਕਰਮ ਦੁਖਦਾਇਕ ਹਨ, ਇਹ ਵੈਰ ਪ੍ਰੰਪਰਾ ਉਤਪਨ ਕਰਨ ਵਾਲੇ ਹਨ ਬਹੁਤ ਹੀ ਮਹਾ ਭੈਕਾਰੀ ਹਨ" ਅਜੇਹਾ ਸਮਝ ਕੇ ਹਿੰਸਾ ਤਿਆਗ ਦੇਵੇ। (21)

ਮੁਕਤੀ ਦੇ ਰਾਹ ਤੇ ਚਲਨ ਵਾਲਾ ਮੁਨੀ ਝੂਠ ਨਾ ਬੋਲੇ। ਝੂਠ ਦਾ ਤਿਆਗ ਹੀ ਮੋਕਸ਼ ਸਵਰੂਪ ਨੂੰ ਸੰਪੂਰਨ ਸਮਾਧੀ ਕਿਹਾ ਗਿਆ ਹੈ। ਇਸ ਲਈ ਝੂਠ ਤੇ ਹੋਰ ਪਾਪਾਂ ਦਾ ਮੁਨੀ ਸੇਵਨ ਨਾ ਕਰੇ। ਦੂਸਰੇ ਤੋਂ ਨਾ ਕਰਾਵੇ ਅਤੇ ਨਾ ਕਰਨ ਵਾਲੇ ਨੂੰ ਚੰਗਾ ਜਾਨੇ।(22)

ਸ਼ੁਧ ਨਿਰਦੋਸ਼ ਭੋਜਨ ਤੇ ਵੀ ਸਾਧੂ, ਭੋਜਨ ਪ੍ਰਤਿ ਰਾਗ ਦਵੇਸ਼ ਨਾ ਕਰੇ। ਇਸ ਨਾਲ ਚਾਰਿਤਰ (ਸਾਧੂ ਜੀਵਨ) ਖਰਾਬ ਹੁੰਦਾ ਹੈ। ਰਸ ਵਾਲੇ ਤੇ ਸਵਾਦੀ ਭੋਜਨ ਪ੍ਰਤਿ ਮਮਤਾ ਨਾ ਰਖੇ। ਅਜੇਹੇ ਭੋਜਨ ਦੀ ਵਾਰ-ਵਾਰ ਇੱਛਾ ਨਾ ਕਰੇ। ਸਾਧੂ ਧੀਰਜਵਾਨ, ਪਰਿ-ਗ੍ਰਹਿ ਰਹਿਤ, ਪੂਜਾ ਮਹਿਮਾ ਤੋਂ ਰਹਿਤ ਹੋ ਕੇ ਸ਼ੁਧ ਸੰਜਮ ਦਾ ਪਾਲਨ ਕਰੇ। (23)

ਸਾਧੂ ਘਰ ਛੱਡ ਕੇ ਜੀਵਨ ਤੋਂ ਨਿਰਪੱਖ ਹੋ ਜਾਵੇ। ਸ਼ਰੀਰ ਦੀ ਮਮਤਾ ਛੱਡ ਦੇਵੇ। ਨਿਦਾਨ (ਤੱਪ ਆਦਿ ਦੇ ਫਲ ਤੋਂ ਸਵਰਗ ਆਦਿ ਸੁਖ ਦੀ ਇੱਛਾ ਕਰਨਾ) ਤਿਆਗ ਦੇਵੇ। ਨਾ ਜੀਉਣ ਦੀ ਇੱਛਾ ਕਰੇ ਨਾ ਮਰਨ ਦੀ ਕਰੇ। ਸਗੋਂ ਸਮਭਾਵੀ ਹੋਕੇ ਧਰਮ ਅਰਾਧਨਾ ਕਰਦਾ ਸੰਸਾਰ ਤੋਂ ਮੁਕਤ ਹੋਵੇ। ਅਜੇਹਾ ਮੈਂ ਆਖਦਾ ਹਾਂ। (24)





# ਮਾਰਗ ਨਾਮਕ ਗਿਆਰਵਾਂ ਅਧਿਐਨ

ਇਸ ਅਧਿਐਨ ਵਿਚ ਭਾਵ ਮਾਰਗ ਦਾ ਵਰਨਣ ਹੈ। ਭਾਵ ਮਾਰਗ ਹੀ ਆਤਮਾ ਨੂੰ ਸਮਾਧੀ (ਸੱਚਾ) ਸੁੱਖ ਪ੍ਰਦਾਨ ਕਰਦਾ ਹੈ। ਇਹ ਭਾਵ ਮਾਰਗ ਹੈ। (1) ਗਿਆਨ ਮਾਰਗ, (2) ਦਰਸ਼ਨ ਮਾਰਗ, (3) ਚਾਰਿਤਰ ਮਾਰਗ ਜਾਂ ਤਪ ਮਾਰਗ। ਇਸ ਨੂੰ ਸੰਖੇਪ ਵਿਚ ਸੰਜਮ ਮਾਰਗ, ਮੋਕਸ਼ ਮਾਰਗ ਜਾਂ ਸਦਾਚਾਰ ਮਾਰਗ ਵੀ ਆਖ ਸਕਦੇ ਹਾਂ। ਇਸ ਪੂਰੇ ਅਧਿਐਨ ਵਿਚ ਭੋਜਨ ਸ਼ੁਧੀ, ਸਦਾਚਾਰ, ਸੰਜਮ, ਅਹਿੰਸਾ ਆਦਿ ਤੇ ਪ੍ਰਕਾਸ਼ ਪਾਇਆ ਗਿਆ ਹੈ ਸੰਜਮ ਦਾ ਮਾਰਗ ਆਖਰੀ ਘੜੀ ਤੱਕ ਨਿਵਾਉਣਾ ਚਾਹੀਦਾ ਹੈ। ਕੁਝ ਬੁਰਾਈਆਂ ਤੋਂ ਸਾਧੂ ਨੂੰ ਪਰੇ ਰਹਿਣ ਦਾ ਉਪਦੇਸ਼ ਹੈ।

ਨਿਰੁਕਤੀਕਾਰ ਭਦਰਵਾਹੂ ਸਵਾਮੀ ਨੇ ਨਾਮ, ਸਥਾਪਨਾ, ਦਰਵ, ਖੇਤਰ ਕਾਲ ਤੇ ਭਾਵ ਆਦਿ 6 ਨਿਕਸ਼ੇਪ ਆਖੇ ਹਨ। ਨਾਮ ਤੇ ਸਥਾਪਨਾ ਸਰਲ ਹਨ।

## ਦਰਵ ਮਾਰਗ—

(1) ਤਖਤ ਵਿਚਕਾਰ ਬਨਾਇਆ ਮਾਰਗ (2) ਬੇਲਾਂ ਨੂੰ ਪਕੜ ਕੇ ਪਾਰ ਕੀਤਾ ਜਾਣ ਵਾਲਾ ਮਾਰਗ, (3, ਝੂਲੇ ਵਿਚ ਬੈਠ ਕੇ ਪਾਰ ਕੀਤਾ ਜਾਣ ਵਾਲਾ ਮਾਰਗ, 4) ਬੈਂਤ ਦੀ ਬੇਲ ਨੂੰ ਪਕੜਕੇ ਪਾਰ ਕੀਤਾ ਜਾਣ ਵਾਲਾ ਮਾਰਗ, (5) ਰੱਸੇ ਦੇ ਸਹਾਰੇ ਚੜਨ ਵਾਲਾ ਮਾਰਗ, (6) ਕਿਸੇ ਸਵਾਰੀ ਰਾਹੀਂ ਪਾਰ ਕੀਤਾ ਮਾਰਗ, (7) ਠੁਕੀ ਕਿਲ ਦੇ ਇਸ਼ਾਰੇ ਨਾਲ ਪਾਰ ਕੀਤਾ ਮਾਰਗ, (8) ਗੁਫਾ ਮਾਰਗ, (9) ਬਕਰੇ, ਊਠ ਨਾਲ ਪਾਰ ਕੀਤਾ ਮਾਰਗ, (10) ਪੰਛੀ ਤੇ ਬੈਠ ਕੇ ਪਾਰ ਕੀਤਾ ਮਾਰਗ, (11) ਛਤਰੀ ਰਾਹੀਂ ਪਾਰ ਕੀਤਾ ਮਾਰਗ, (12) ਜਲ ਮਾਰਗ, (13) ਅਕਾਸ਼ ਮਾਰਗ ਆਦਿ ਦਰਵ ਮਾਰਗ ਹਨ।

## ਖੇਤਰ ਮਾਰਗ—

ਜੋ ਮਾਰਗ ਪਿੰਡ, ਸ਼ਹਿਰ ਜਾਂ ਖੇਤ ਨੂੰ ਜਾਂਦਾ ਹੋਵੇ ਉਹ ਖੇਤਰ ਮਾਰਗ ਹੈ। ਇਸੇ ਤਰ੍ਹਾਂ ਕਾਲ ਮਾਰਗ ਦੇ ਬਾਰੇ ਜਾਣ ਲੈਣਾ ਚਾਹੀਦਾ ਹੈ।

## ਭਾਵ ਮਾਰਗ—

ਇਹ ਮਾਰਗ ਦੋ ਪ੍ਰਕਾਰ ਦਾ ਹੈ ਪ੍ਰਸ਼ਸ਼ਤ ਤੇ ਅਪ੍ਰਸ਼ਸਤ। ਦੋਹਾਂ ਦੇ ਤਿੰਨ ਭੇਦ ਹਨ ਮਿਥਿਆਤਵ, ਅਵਿਰੰਤ ਤੇ ਅਗਿਆਨ ਅਪ੍ਰਸ਼ਸ਼ਤ ਭਾਵ ਮਾਰਗ ਹੈ। ਸਮਿਅਕ ਗਿਆਨ, ਸਮਿਅਕ ਦਰਸ਼ਨ, ਸਮਿਅਕ ਚਾਰਿਤਰ ਪ੍ਰਸ਼ਸ਼ਤ ਭਾਵ ਮਾਰਗ ਹੈਂ।

## ਭਾਵ ਮਾਰਗ ਦੇ 4 ਹੋਰ ਭੇਦ—

(1) ਖੇਮ, (2) ਅਖੇਮ, (3) ਖੇਮ ਰੂਪ, (4) ਅਖੇਮ ਰੂਪ

1. ਜੋ ਜਾਨਵਰਾਂ ਤੇ ਮਨੁੱਖਾਂ ਦੇ ਭੈ ਰਹਿਤ ਹੈ ਛਾਂ ਵਾਲਾ ਤੇ ਪਧਰਾ ਹੈ। ਉਹ ਖੇਮ ਮਾਰਗ ਹੈ।

2. ਦੂਸਰਾ ਮਾਰਗ ਖੇਮ ਤੇ ਹੈ ਪਰ ਉਸ ਤੇ ਉਪਰਲੇ ਸੁਖ ਨਹੀਂ। ਸਗੋਂ ਰਸਤੇ ਵਿੰਗੇ, ਟੇਡੇ, ਕੰਡਿਆਲੇ ਹਨ।

3. ਤੀਸਰਾ ਮਾਰਗ ਚੋਰਾਂ ਆਦਿ ਦੇ ਉਪਦਰਵਾਂ ਕਾਰਣ ਖੇਮਤਾ ਨਹੀਂ ਪਰ ਖੇਮ ਰੂਪ ਹੈ ਕਿਉਂਕਿ ਉਹ ਹਰ ਰਸਤੇ ਪਖੋਂ ਠੀਕ ਹੈ।

4. ਚੌਥਾ ਰਾਹ ਕਿਸੇ ਵੀ ਪਖੋਂ ਠੀਕ ਨਹੀਂ।

ਇਸ ਤਰ੍ਹਾਂ 4 ਪ੍ਰਕਾਰ ਦੇ ਸਾਧੂ ਹੁੰਦੇ ਹਨ।

1. ਪਹਿਲੇ ਸੰਜਮੀ ਹੁੰਦੇ ਹੋਏ ਵੀ ਦਰਵ ਲਿੰਗ (ਬਾਹਰਲੇ) ਭੇਖ ਵਾਲੇ ਹੁੰਦੇ ਹਨ
2. ਸੰਜਮੀ ਗਿਆਨੀ ਹੁੰਦੇ ਹੋਏ ਵੀ ਕਿਸੇ ਕਾਰਣ ਵਝੋਂ ਦਰਵ ਲਿੰਗ ਨੂੰ ਤਿਆਗ ਦਿੰਦੇ ਹਨ।
3. ਤੀਸਰੇ ਸਿਧਾਂਤਾਂ ਨੂੰ ਖਰਾਬ ਕਰਨ ਵਾਲੇ ਹੁੰਦੇ ਹਨ।
4. ਚੌਥੇ ਗ੍ਰਹਿਸਥ ਤੇ ਹੋਰ ਮਤਾਂ ਦੇ ਲੋਕ ਹਨ।

ਹਰ ਮਨੁੱਖ ਨੂੰ ਸਮਿਅਕ ਗਿਆਨ, ਦਰਸ਼ਨ, ਚਾਰਿਤਰ ਦਾ ਮਾਰਗ ਗ੍ਰਹਿਣ ਕਰਕੇ ਮਿਥਿਆਤਵ ਛੱਡਨਾ ਚਾਹੀਦਾ ਹੈ।

ਨਿਉਕਤੀਕਾਰ ਨੇ ਸੱਚੇ ਮਾਰਗ ਲਈ 13 ਸ਼ਬਦਾਂ ਦਾ ਪ੍ਰਯੋਗ ਕੀਤ ਹੈ। 1. ਪੰਥ, 2. ਮਾਰਗ, (3) ਨਿਆਏ, (4) ਵਿਧੀ (ਸਮਿਅਕ ਗਿਆਨ ਤੇ ਦਰਸ਼ਨ ਦੀ ਪ੍ਰਾਪਤੀ, (5) ਧਰਿਤੀ (ਸਮਿਅਕ ਦਰਸ਼ਨ ਹੋਣ ਤੇ ਚਾਰਿਤਰ ਨੂੰ ਸ਼ਥਿਰ ਰਖਨ ਦਾ ਭਾਗ), (6) ਸੁਗਤਿ, (7) ਹਿਤ, (8) ਸੁੱਖ, (9) ਪਥਯ (ਮੋਕਸ਼ ਲਈ ਅਨੁਕੂਲ), (10) ਸ਼ਰੇ (ਮੋਹ ਆਦਿ 11ਰਵੇਂ ਗੁਣ ਸਥਾਨ ਨੂੰ ਸ਼ਾਂਤ ਕਰਨ ਵਾਲਾ), (11) ਨਿਵ੍ਰਤੀ, (12) ਨਿਰਵਾਨ, (13) ਸ਼ਿਵ (ਮੋਕਸ ਪਦ ਪ੍ਰਾਪਤ ਦਾ ਰਾਹ। ਇਹ ਸਭ ਭਾਵ ਮਾਰਗ ਦੇ ਪਰਿਆਏਵਾਚੀ ਸ਼ਰਦ ਹਨ।

# ਮਾਰਗ ਨਾਂ ਦਾ ਗਿਆਰਵਾਂ ਅਧਿਐਨ

(ਸ੍ਰੀ ਜੰਬੂ ਸਵਾਮੀ ਆਪਣੇ ਗੁਰੂ ਸੁਧਰਮਾ ਸਵਾਮੀ ਨੂੰ ਆਖਦੇ ਹਨ) ਮਹਾਨ ਬੁਧੀਮਾਨ ਬ੍ਰਾਹਮਣ, ਭਗਵਾਨ ਮਹਾਵੀਰ ਨੇ ਮੁਕਤੀ ਦਾ ਕੇਹੜਾ ਰਾਹ ਦੱਸਿਆ ਹੈ ? ਜਿਸ ਸਰਲ ਰਾਹ ਨਾਲ ਜੀਵ ਔਕੜਾਂ ਭਰੇ ਸੰਸਾਰ ਸਮੁੰਦਰ ਨੂੰ ਪਾਰ ਹੋ ਜਾਂਦਾ ਹੈ। (1)

"ਹੇ ਮਹਾਮੁਨੀ ! ਆਪ ਉਸ ਸਰਵ ਉਤਕ੍ਰਿਸ਼ਟ,ਸ਼ੁਧ ਤੇ ਸਾਰੇ ਦੁੱਖਾਂ ਤੋਂ ਮੁਕਤ ਕਰਨ ਵਾਲੇ, ਮੋਕਸ਼ ਮਾਰਗ ਨੂੰ ਕਿਸ ਪ੍ਰਕਾਰ ਜਾਨਦੇ ਹੋ ? ਹੇ ਭਿਖਸ਼ੂ ! ਮੈਨੂੰ ਉਹ ਰਾਹ ਦਸੋ। (2)

"ਜੇ ਕੋਈ ਦੇਵਤਾ ਜਾਂ ਮਨੁੱਖ ਸਾਨੂੰ ਮੁਕਤੀ ਦਾ ਰਾਹ ਪੁਛੇ ਤਾਂ ਉਨਾਂ ਨੂੰ ਮੈਂ ਕੇਹੜਾ ਰਾਹ ਦਸਾਂ ? ਸਾਨੂੰ ਦਸੋ।" (3)

(ਸ੍ਰੀ ਸੁਧਰਮਾ ਸਵਾਮੀ ਆਖਦੇ ਹਨ) "ਜੇ ਕੋਈ ਦੇਵਤਾ ਜਾਂ ਮਨੁੱਖ ਤੁਹਾਨੂੰ ਇਹ ਰਾਹ ਪੁਛੇ ਤਾਂ ਮੇਰੇ ਰਾਹੀਂ ਸੁਣਿਆਂ ਰਾਹ ਦਸ ਦੇਣਾ। ਮੈਂ ਉਸ ਰਾਹ ਦਾ ਸਾਰ ਤੱਤ ਸਮਝਾਉਂਦਾ ਹਾਂ, ਧਿਆਨ ਨਾਲ ਸੁਣੋ।" (4)

"ਉਸ ਕਸ਼ਯਪ ਗੋਤਰੀ ਭਗਵਾਨ ਮਹਾਵੀਰ ਰਾਹੀਂ ਦਸੇ ਰਾਹ ਨੂੰ ਸਿਲਸਿਲੇਵਾਰ ਸਮਝੋ। ਜਿਵੇਂ ਵਪਾਰ ਕਰਨ ਵਾਲਾ ਵਪਾਰੀ ਸਮੁੰਦਰ ਨੂੰ ਪਾਰ ਕਰਦਾ ਹੈ। ਉਸੇ ਪ੍ਰਕਾਰ ਇਸ ਰਾਹ ਦੇ ਸਹਾਰੇ ਸਾਧਕ, ਸੰਸਾਰ ਸਮੁੰਦਰ ਨੂੰ ਪਾਰ ਕਰ ਜਾਂਦਾ ਹੈ। (5)

"ਇਸ ਮੋਕਸ਼ ਮਾਰਗ ਨੂੰ ਗ੍ਰਹਿਣ ਕਰਕੇ ਭੂਤ ਵਿਚ ਅਨੰਤ ਜੀਵ ਸੰਸਾਰ ਸਮੁਦਰ ਨੂੰ ਪਾਰ ਕਰ ਗਏ ਹਨ ਵਰਤਮਾਨ ਵਿੱਚ ਕਰ ਰਹੇ ਹਨ, ਅਗੇ ਨੂੰ ਕਰਨਗੇ। ਉਸ ਮੋਕਸ਼ ਮਾਰਗ ਨੂੰ ਜਿਸ ਪ੍ਰਕਾਰ ਮੈਂ ਭਗਵਾਨ ਮਹਾਵੀਰ ਰਾਹੀਂ ਸੁਣਿਆ ਹੈ ਮੈਂ ਉਸੇ ਪ੍ਰਕਾਰ ਤੁਹਾਨੂੰ ਦਸਦਾ ਹਾਂ।" ਹੇ ਜੀਵ ਮੇਰੇ ਪਾਸੋਂ ਸੁਣੋ। (6)

ਪ੍ਰਿਥਵੀ ਜੀਵ ਹੈ-ਅਤੇ ਪ੍ਰਿਥਵੀ ਦੇ ਸਹਾਰੇ ਰਹਿਣ ਵਾਲੇ ਜੀਵ ਹਨ। ਉਨਾਂ ਦੀ ਅੱਡ-ਅੱਡ ਹੋਂਦ ਹੈ। ਭਾਵ ਸਾਰੀ ਜਮੀਨ ਇਕ ਜੀਵ ਨਹੀਂ, ਸਗੋਂ ਅਸੰਖਿਆਤ ਜੀਵ ਨਾਲ ਭਰੀ ਪਈ ਹੈ। ਇਸੇ ਤਰ੍ਹਾਂ ਪਾਣੀ ਅੱਗ, ਹਵਾ ਵਿੱਚ ਅੱਡ-ਅੱਡ ਜੀਵ ਹਨ। ਘਾਹ, ਫੂਸ ਦਰਖੱਤ, ਬੀਜ ਆਦਿ ਦੇ ਜੀਵ ਬਨਾਸਪਤੀ ਦੇ ਰੂਪ ਵਿਚ ਅਸੰਖਿਆਤ ਹਨ। (7)

ਇਸ ਤੋਂ ਛੁੱਟ ਤਰੱਸ ਕਾਇਆ ਦੇ ਜੀਵ ਹਨ। ਇਸ ਪ੍ਰਕਾਰ 6 ਤਰਾਂ ਦੇ ਜੀਵ

ਤੀਰਥੰਕਰਾਂ ਨੇ ਫਰਮਾਏ ਹਨ। ਇਸਤੋਂ ਛੁੱਟ ਹੋਰ ਜੀਵ ਦੀ ਹੋਂਦ ਨਹੀਂ। ਸਾਰੇ ਜੀਵ ਛੇ ਕਾਇਆਂ ਦੇ ਵਿਚ ਆ ਜਾਂਦੇ ਹਨ। (8)

ਬੁਧੀਮਾਨ ਪੁਰਸ਼ ਇਨ੍ਹਾਂ 6 ਕਾਇਆਂ ਦੇ ਜੀਵਾਂ ਨੂੰ ਹਰ ਢੰਗ ਨਾਲ ਸਮਝੇ। "ਸਾਰੇ ਜੀਵਾਂ ਨੂੰ ਦੁਖ ਚੰਗਾ ਨਹੀਂ ਲਗਦਾ" ਅਜੇਹਾ ਜਾਨਕੇ ਹਿੰਸਾ ਨਾ ਕਰੇ। (9)

'ਗਿਆਨੀ ਜੀਵਨ ਦਾ ਸਾਰ ਇਹੋ ਹੈ ਕਿ ਗਿਆਨੀ ਕਿਸੇ ਜੀਵ ਦੀ ਹਿੰਸਾ ਨਹੀਂ ਕਰਦਾ। ਅਹਿੰਸਾ ਸਿਧਾਂਤ ਇੰਨਾਂ ਹੀ ਸਮਝਨ ਯੋਗ ਹੈ" ਭਾਵ ਇਹੋ ਅਹਿੰਸਾ ਹੈ ਕਿ ਹਿੰਸਾ ਨਾ ਕਰੋ। (10)

ਉਪਰ, ਹੇਠ, ਤਿਰਛੀ ਦਿਸ਼ਾ ਦੇ ਜੋ ਕੋਈ ਵੀ ਤਰਸ ਤੇ ਸਥਾਵਰ ਜੀਵ ਹਨ ਉਨ੍ਹਾਂ ਸਭ ਦੀ ਹਿੰਸਾ ਤੋਂ ਛੁਟਕਾਰਾ ਪਾਵੇ। ਇਹੋ ਸ਼ਾਂਤੀ ਕਾਰਕ ਮੋਕਸ਼ ਦਾ ਕਾਰਣ ਹੈ। (11)

ਇੰਦਰੀਆਂ ਨੂੰ ਜਿਤਨ ਵਿੱਚ ਸਮਰਥ ਸਾਧੂ ਮਿਥਿਆਤਵ ਦੇ ਦੋਸ਼ਾਂ ਨੂੰ ਦੂਰ ਕਰਦੇ ਹਨ। ਮਨ, ਬਚਨ ਤੇ ਕਾਇਆ ਰਾਹੀਂ ਜਿੰਦਗੀ ਭਰ ਕਿਸੇ ਜੀਵ ਨਾਲ ਵੈਰ ਵਿਰੋਧ ਨਾ ਕਰੋ। (12)

ਉਹ ਸਾਧੂ ਹੀ ਮਹਾਬੁਧੀਮਾਨ ਅਤੇ ਜੇਤੂ ਹੈ ਜੋ ਵੇਖ ਭਾਲ ਕੇ ਭੋਜਨ ਨੂੰ ਗ੍ਰਹਿਣ ਕਰਦਾ ਹੈ। ਹਮੇਸ਼ਾ ਏਸ਼ਨਾ ਸਮਿਤਿ ਦਾ ਪਾਲਨ ਕਰੇ। (13)

ਜੋ ਅੰਨ—ਪ੍ਰਾਣੀ ਜੀਵਾਂ ਨੂੰ ਕਸ਼ਟ ਦੇ ਕੇ, ਸਾਧੂ ਲਈ ਬਨਾਇਆ ਗਿਆ ਹੋਵੇ ਉਸ ਨੂੰ ਚੰਗਾ ਸ੍ਰਮਣ (ਮੁਨੀ) ਗ੍ਰਹਿਣ ਨਾ ਕਰੇ। (14)

ਪ੍ਰਤੀ ਕ੍ਰਮ ਸ਼ੁਧ ਭੋਜਨ ਵਿੱਚ ਨਾ ਵਰਤੋਂ ਯੋਗ ਆਧਾ ਕਰਮੀ ਭੋਜਨ ਦਾ ਇਕ ਕਣ ਮਿਸ਼ਰਨ) ਦੋਸ਼ ਵਾਲਾ ਭੋਜਨ ਸੇਵਨ ਨਾ ਕਰੇ ਇਸ ਨੂੰ ਸੰਜਮੀ ਪੁਰਸ਼ਾਂ ਨੇ ਧਰਮ ਕਿਹਾ ਹੈ। ਇਸਤੋਂ ਛੁੱਟ ਅਹਾਰ ਦੇ ਅਸ਼ੁਧ ਹੋਣ ਦਾ ਡਰ ਹੋਵੇ, ਤਾਂ ਸਾਧੂ ਅਜੇਹਾ ਭੋਜਨ ਤਿਆਗ ਦੇਵੇ। (15)

ਪਿੰਡਾਂ, ਸ਼ਹਿਰਾਂ ਵਿਚ ਉਪਾਸਕਾਂ (ਸ਼੍ਰਾਵਕ ਜਾਂ ਸਾਧੂ) ਦੇ ਘਰ ਹਨ। ਉਨ੍ਹਾਂ ਸਥਾਨਾਂ ਤੇ ਸਾਧੂ ਨੂੰ ਕੋਈ ਉਪਾਸਕ ਆਰੰਬ (ਹਿੰਸਕ) ਕ੍ਰਿਆ ਵਾਰੇ ਪੁੱਛੇ (ਕਿ ਇਸ ਆਰੰਬ ਹਿੰਸਾ ਵਿੱਚ ਧਰਮ ਹੈ ਜਾਂ ਅਧਰਮ) ? ਪਾਪਾਂ ਤੋਂ ਦੂਰ ਅਤੇ ਇੰਦਰੀ ਜੇਤੂ ਸਾਧੂ ਕਦੇ ਵੀ ਹਿੰਸਕ ਕੰਮਾਂ ਦੀ ਹਿਮਾਇਤ ਨਾ ਕਰੇ। (6)

ਮਕਾਨ ਦੀ ਖੁਦਾਈ ਸਮੇਂ ਜੇ ਕੋਈ ਸਾਧੂ ਨੂੰ ਪੁਛੇ ਇਹ ਕੰਮ ਪੁੰਨ ਦਾ ਕਾਰਨ ਹੈ ? ਜਾਂ ਪਾਪ ਦਾ ਸਾਧੂ ਪੁੰਨ ਜਾਂ ਪਾਪ ਕੁਝ ਵੀ ਨਾ ਆਖੇ। (17)

---

ਟਿੱਪਣੀ ਗਾਥਾ 17—ਸਾਨੂੰ ਇਸ ਗਾਥਾ ਨੂੰ ਸਮਝਣਾ ਸਾਧੂ ਤੇ ਗ੍ਰਹਿਸਥ ਧਰਮ ਵਾਰੇ ਜਾਨਣਾ ਜਰੂਰੀ ਹੈ।

ਅੰਨ ਤੇ ਪਾਣੀ ਰਾਹੀਂ ਤਰਸ ਤੇ ਸਥਾਵਰ ਜੀਵਾਂ ਦੀ ਹਿੰਸਾ ਹੁੰਦੀ ਹੈ ਉਨ੍ਹਾਂ ਦੀ ਰਖਿਆ ਲਈ ਸਾਧੂ ਇਹ ਨੂੰ ਪੁੰਨ ਨਾ ਆਖੇ। (18)

ਜੇਹੜੇ ਜੀਵਾਂ ਨੂੰ ਦਾਨ ਦੇਣ ਲਈ ਹਿੰਸਾ ਕਰਕੇ ਭੋਜਨ ਪਾਣੀ ਬਨਾਇਆ ਜਾਂਦਾ ਹੈ, ਉਨ੍ਹਾਂ ਯਾਚਕਾਂ ਨੂੰ ਅੰਤਰਾਏ (ਰੁਕਾਵਟ) ਨਾ ਹੋਵੇ ਅਜਿਹਾ ਸਮਝ ਕੇ ਪਾਪ ਵੀ ਨਾ ਆਖੇ। (19)

ਜੋ ਜੀਵ ਹਿੰਸਾ ਦਾਨ ਦੀ ਪ੍ਰਸੰਸਾ ਕਰਦਾ ਹੈ ਉਹ ਮਰਨ ਵਾਲੇ ਜੀਵਾਂ ਦੇ ਮਰਨ ਦੀ ਇੱਛਾ ਕਰਦਾ ਹੈ ਅਤੇ ਜੋ ਦਾਨ ਤੋਂ ਰੋਕਦਾ ਹੈ। ਉਹ ਉਨ੍ਹਾਂ ਜੀਵਾਂ ਦੀ ਰੋਜੀ ਰੋਟੀ ਅਤੇ ਨਾਸ਼ ਦਾ ਕਾਰਣ ਮਨਦਾ ਹੈ। (20)

---

ਜੈਨ ਧਰਮ ਦੋ ਪ੍ਰਕਾਰ ਦਾ ਹੈ। (1) ਸਾਧੂ ਦਾ ਧਰਮ, (2 ਗ੍ਰਹਿਸਥ ਦਾ ਧਰਮ। ਇਥੇ ਸਾਧੂ ਨੂੰ ਜੋ ਮਕਾਨ ਆਦਿ ਕ੍ਰਿਆਵਾਂ ਫਲ ਦਸਨ ਤੋਂ ਰੋਕਣ ਦਾ ਕਾਰਣ ਇਹ ਹੈ ਕਿ ਸਾਧੂ ਅਹਿੰਸਾ ਦਾ ਮਨ, ਬਚਨ ਤੇ ਕਾਇਆ ਰਾਹੀਂ ਸੰਪੂਰਨ ਪਾਲਨ ਕਰਦਾ ਹੈ। ਉਹ ਛੋਟੇ-ਛੋਟੇ ਜੀਵਾਂ ਦੀ ਹਿੰਸਾ ਤੋਂ ਬਚਦਾ ਹੈ। ਮਕਾਨ ਆਦਿ ਬਨਾਉਣ ਵਿਚ ਮਿੱਟੀ, ਪਾਣੀ, ਅੱਗ, ਹਵਾ ਤੇ ਬਨਾਸਪਤੀ ਕਾਇਆ ਦੇ ਸੂਖਮ ਜੀਵਾਂ ਤੋਂ ਛੁੱਟ ਤੱਰਸ (ਹਿਲਨ ਚੁਲਨ) ਵਾਲੇ ਜੀਵਾਂ ਦੀ ਹਿੰਸਾ ਸਭਾਵਿਕ ਰੂਪ ਵਿਚ ਹੁੰਦੀ ਹੈ। ਸਾਧੂ ਇਨ੍ਹਾਂ ਸੂਖਮ ਜੀਵਾਂ ਦੀ ਹਿੰਸਾ ਦਾ ਤਿਆਗੀ ਹੈ। ਸੋ ਉਹ ਘਰ ਮਕਾਨ ਆਦਿ ਬਨਾਉਣ ਵਾਰੇ ਨਾ ਤਾਂ ਪੁੰਨ ਆਖ ਸਕਦਾ ਹੈ ਕਿਉਂਕਿ ਇਹ ਹਿੰਸਾ ਹੈ,ਪਾਪ ਇਸ ਕਰਕੇ ਨਹੀਂ ਆਖਦਾ ਕਿ ਇਹ ਘਰ ਲੱਖਾਂ ਜੀਵਾਂ ਦੇ ਸਹਾਰੇ ਦਾ ਕਾਰਣ ਹਨ ਧਰਮ ਸਥਾਨ ਬਨਕੇ ਲੱਖਾਂ ਜੀਵਾਂ ਨੂੰ ਠੀਕ ਰਾਹ ਤੇ ਚਲਨ ਦਾ ਉਪਦੇਸ਼ ਇਨ੍ਹਾਂ ਮਕਾਨ ਵਿਚ ਬਨੇ ਧਰਮ ਸਥਾਨਾਂ ਤੋਂ ਮੁਨੀ ਦਿੰਦੇ ਹਨ। ਸੋ ਮੁਨੀ ਦੋਹਾਂ ਹਾਲਤਾਂ ਵਿਚ ਨਿਰਪੱਖ ਰਹੇ।

ਗ੍ਰਹਿਸਥ ਲਈ ਜੈਨ ਧਰਮ ਵਿਚ ਸਿਰਫ਼ ਸੰਕਲਪੀ ਤੇ ਬੇਕਸੂਰ ਮੋਟੇ ਜੀਵ ਦੀ ਹਿੰਸਾ ਦਾ ਤਿਆਗ ਹੈ। ਸੋ ਗ੍ਰਹਿਸਥ ਨੂੰ ਮਕਾਨ, ਖੇਤੀ ਆਦਿ ਵਿਚ ਜੋ ਹਿੰਸਾ ਕਰਨੀ ਪੈਂਦੀ ਹੈ ਉਹ ਹਿੰਸਾ ਤਾਂ ਹੈ ਪਰ ਵਿਵੇਕ ਤੇ ਸੰਜਮ ਤੇ ਚਲਦਾ ਗ੍ਰਹਿਸਥ ਵੀ ਇਸ ਹਿੰਸਾ ਨੂੰ ਵਰਤਾਂ ਰਾਹੀਂ ਘਟਾ ਸਕਦਾ ਹੈ।

ਦੂਸਰਾ ਸਾਧੂ ਘਰਬਾਰ ਵੀ ਛਡ ਚੁਕਾ ਹੈ। ਸੰਸਾਰ ਦੇ ਕਿਸੇ ਵੀ ਝੰਜਟ ਵਿਚ ਫਸਨਾ ਉਸਦੀ ਧਿਆਨ ਸਾਧਨਾ ਦੀ ਰੁਕਾਵਟ ਹੈ। ਸੋ ਸਾਧੂ ਸੰਸਾਰਿਕ ਕੰਮਾਂ ਤੋਂ ਪਰੇ ਰਹਿੰਦੇ ਹੀ ਪਰਮ ਸਾਧਨਾ ਕਰ ਸਕਦਾ ਹੈ।

ਸੰਪੂਰਨ ਰੂਪ ਵਿੱਚ ਆਰੰਭ ਦਾ ਤਿਆਗੀ ਸਾਧੂ, ਹਰ ਪ੍ਰਕਾਰ ਦੇ ਜੀਵ ਹਿੰਸਾ ਵਾਲੇ ਦਾਨ ਵਾਰੇ, ਪੁੰਨ ਜਾਂ ਪਾਪ ਕੁਝ ਨਹੀਂ ਆਖਦਾ। ਇਸ ਪ੍ਰਕਾਰ ਕਰਨ ਵਾਲਾ ਆਸ਼ਰਵ ਦਾ ਤਿਆਗ ਕਰਕੇ ਨਿਰਵਾਨ ਹਾਸਲ ਕਰਦਾ ਹੈ। (21)

ਜਿਵੇਂ ਨਛੱਤਰਾਂ ਵਿਚੋਂ ਚੰਦਰਮਾ ਪ੍ਰਮੁੱਖ ਹੈ, ਉਸੇ ਪ੍ਰਕਾਰ ਨਿਰਵਾਨ ਨੂੰ ਉੱਤਮ ਮਨਣ ਵਾਲੇ, ਪ੍ਰਮੁੱਖ ਮਨੁੱਖ ਹਮੇਸ਼ਾ ਸਾਵਧਾਨੀ ਪੂਰਵਕ ਜਿਉਣ ਵਾਲਾ, ਇੰਦਰੀਆਂ ਦਾ ਜੇਤੂ ਮੁਨੀ, ਨਿਰਵਾਨ ਦੀ ਸਾਧਨਾ ਕਰੇ। (22)

ਮਿਥਿਆਤਵੀ, ਕਸ਼ਾਏ ਤੋਂ ਕਰਮਾਂ ਦੇ ਕਸ਼ਟਾਂ ਤੋਂ ਦੁੱਖ ਪਾਉਣ ਵਾਲੇ, ਜੀਵਾਂ ਲਈ ਇਹ ਮੋਕਸ਼ ਦਾ ਰਾਹ ਤੀਰਥੰਕਰਾਂ ਨੇ ਕਿਹਾ ਹੈ। ਗਿਆਨੀ ਇਸੇ ਰਾਹ ਨਾਲ ਮੋਕਸ਼ ਨੂੰ ਜਾਂਦੇ ਹਨ ਜਿਵੇਂ ਸ਼ਮੁੰਦਰ ਵਿੱਚ ਡੁਬੇ ਮਨੁੱਖ ਲਈ ਦੀਪ ਸਹਾਇਕ ਹੈ ਉਸੇ ਪ੍ਰਕਾਰ ਸੰਸਾਰ ਤੋਂ ਦੁੱਖੀ ਜੀਵਾਂ ਲਈ ਸਮਿਅਕ ਦਰਸ਼ਨ ਆਦਿ ਮੋਕਸ਼, ਮਾਰਗ ਸ਼ਰਨਦਾਤਾ ਹੈ। (ਸਮਿਅਕਤਵੀ ਨੂੰ ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ। (23)

ਆਤਮ ਗੁਪਤੀ (ਪਾਪਾਂ ਤੋਂ ਆਤਮਾ ਨੂੰ ਬਚਾਉਣ ਵਾਲਾ) ਹਮੇਸ਼ਾ ਇੰਦਰੀਆਂ ਦੇ ਵਿਸੇ ਤੇ ਕਾਬੂ ਪਾਣ ਵਾਲਾ, ਸੰਸਾਰ ਦੇ ਜਨਮ ਮਰਨ ਦੇ ਚੱਕਰ ਨੂੰ ਰੋਕਨ ਦੀ ਕੋਸ਼ਿਸ਼ ਵਿੱਚ ਲਗਾ ਆਸਰਵ ਰਹਿਤ ਪੁਰਸ਼ ਹੀ ਸ਼ੁਧ ਸੰਪੂਰਨ ਤੇ ਸਰਵ ਉੱਤਮ ਧਰਮ ਦਾ ਉਪਦੇਸ਼ ਦੇ ਸਕਦਾ ਹੈ। (24)

---

ਗਾਥਾ ਟਿਪਣੀ 1—ਸਾਧੂ ਸੰਸਾਰਿਕ ਧਰਮ (ਪੁਨ) ਨੂੰ ਕਿਉਂ ਚੰਗਾ ਨਹੀਂ ਸਮਝਦਾ ? ਇਸ ਦਾ ਕਾਰਣ ਹੈ ਕਿ ਜੀਵਨ ਦਾ ਉਦੇਸ਼ ਕਰਮ ਪ੍ਰਮਪਰਾ ਖਤਮ ਕਰਕੇ ਨਿਰ-ਵਾਨ ਹਾਸਲ ਕਰਨਾ ਹੈ। ਪੁੰਨ ਵੀ ਕਰਮ ਹੈ ਪਾਪ ਵੀ ਕਰਮ ਹੈ। ਪੁੰਨ ਨਾਲ ਸਵਰਗ ਦਾ ਸੁਖ ਮਿਲਦਾ ਹੈ ਪਾਪ ਨਾਲ ਨਰਕਾਂ ਦੇ ਦੁਖ। ਪੁੰਨ ਸੋਨੇ ਦੀ ਬੇੜੀ ਹੈ ਪਾਪ ਲੋਹੇ ਦੀ।

ਨਿਰਵਾਨ ਮਾਰਗ ਦੇ ਸਾਧਕ ਨੂੰ ਜਨਮ ਮਰਨ ਦਾ ਕਾਰਣ ਪੁੰਨ ਪਾਪ ਦੋਵੇਂ ਰੁਕਾਵਟ ਹਨ ਪਰ ਸਮਤਾ ਨਾਲ ਆਤਮਾ ਵਿਚ ਲੀਨ ਰਹਿਕੇ, ਆਤਮਾਂ ਦਾ ਧਿਆਨ ਕਰਦੇ ਹੋਏ ਕਰਮ ਆਉਣ ਦਾ ਰਸਤਾ ਬੰਦ ਕਰਨ ਦਾ ਉਪਰਾਲਾ ਕਰਨਾ ਪੈਂਦਾ ਹੈ। ਕਰਮਾ ਦੇ ਬਹਾ ਵਿਚ ਰਾਗ ਤੇ ਦਵੇਸ਼ ਦੋ ਕਰਮ ਬੀਜ ਅਤੇ ਕਰੋਧ, ਮੋਹ, ਲੋਭ, ਹੰਕਾਰ ਚਾਰ ਕਸ਼ਾਏ ਕਰਮ ਦਾ ਕਾਰਣ ਹਨ। ਸਾਧਕ ਇਨ੍ਹਾਂ ਤੋਂ ਪਰੇ ਹਟਣ ਲਈ ਹੀ ਘਰ ਛੱਡਦਾ ਹੈ। ਸੋ ਮੋਕਸ਼ ਧਰਮ ਦਾ ਜਾਣੂ ਸਾਧਕ ਜਨਮ-ਮਰਨ ਦਾ ਕਾਰਣ ਪਾਪ ਪੁੰਨ ਦੋਵੇਂ ਹਾਲਤਾਂ ਵਿਚ ਨਿਰਪੱਖ ਰਹਿਕੇ ਆਤਮ-ਚਿੰਤਨ ਕਰਦਾ ਹੈ। ਸਮਾਧੀ ਰਾਹੀਂ ਅਪਣੇ ਮਨ ਨੂੰ ਆਤਮਾ ਵਿਚ ਸਥਿਤ ਰਖਦਾ ਹੋਇਆ— ਸਾਰੇ ਵਿਕਾਰਾਂ ਤੇ ਕਾਬੂ ਪਾ ਕੇ ਇਕ ਦਿਨ ਆਤਮਾ ਤੋਂ ਪ੍ਰਮਾਤਮਾ ਬਣ ਜਾਂਦਾ ਹੈ। ਸ਼ਰੀਰਕ ਪ੍ਰਮਾਤਮ ਅਵਸਥਾ ਨੂੰ ਜੈਨ ਧਰਮ ਵਿਚ ਅਰਿਹੰਤ ਤੇ ਜਨਮ ਮਰਨ ਤੋਂ ਰਹਿਤ ਅਵਸਥਾ ਨੂੰ ਸਿੱਧ ਆਖਦੇ ਹਨ।

ਧਰਮ ਤੱਤ ਨੂੰ ਨਾ ਜਾਨਣ ਵਾਲਾ, ਅਗਿਆਨੀ ਹੋਣ ਤੇ ਵੀ ਖੁਦ ਨੂੰ ਗਿਆਨੀ ਮਨਣ ਵਾਲਾ, ਜੀਵ ਭਾਵ ਅਦੰਰਲੀ। ਸਮਾਧੀ ਤੋਂ ਦੂਰ ਹੈ। (25)

ਆਪਣੇ ਆਪ ਨੂੰ ਹੀ ਗਿਆਨੀ ਮਨਣ ਵਾਲਾ ਅਗਿਆਨੀ, ਬੀਜ, ਕੱਚੇ ਪਾਣੀ ਅਤੇ ਆਪਣੇ ਲਈ ਬਨਾਏ ਭੋਜਨ ਨੂੰ ਪ੍ਰਾਪਤ ਕਰਕੇ, ਆਰਤ ਧਿਆਨ (ਦੁਖ ਦਾ ਕਾਰਣ) ਕਰਦਾ ਹੈ ਉਹ ਭਾਵ ਸਮਾਧੀ ਤੋਂ ਦੂਰ ਹੈ। (26)

ਜਿਵੇਂ ਢੱਕ, ਕਕ, ਕੁਰਰ, ਜਲ ਮੁਰਗਾ ਤੇ ਸਿਪੀ ਪਾਣੀ ਦੇ ਜੀਵ ਮਛੀ ਫੜਨ ਦੇ ਧਿਆਨ ਵਿੱਚ ਰਹਿੰਦੇ ਹਨ। ਇਹ ਧਿਆਨ ਕਾਲਾ ਤੇ ਪਾਪ ਕਾਰੀ ਹੈ। ਇਸੇ ਪ੍ਰਕਾਰ ਮਿਥਿਆ ਦਰਿਸ਼ਟੀ ਤੇ ਅਨਾਰਿਆ (ਪਾਪੀ) ਸ਼੍ਰਮਣ ਵੀ ਵਿਸ਼ੇ ਵਿਕਾਰਾਂ ਦਾ ਗਿਆਨ ਹੀ ਕਰਦੇ ਹਨ। ਇਹ ਸਾਰੇ ਪਾਪੀ ਸ਼੍ਰਮਣ ਢੱਕ ਆਦਿ ਜੀਵਾਂ ਦੀ ਤਰ੍ਹਾਂ ਪਾਪੀ ਤੇ ਧਰਮ ਤੋਂ ਦੂਰ ਹਨ। (27-28)

ਇਸ ਪ੍ਰਕਾਰ ਕਿਨੇ ਹੀ ਦੁਰਬੁਧੀ ਵਾਲੇ ਲੋਕ ਆਪਣੇ-ਆਪਣੇ ਦਰਸ਼ਨ (ਵਿਚਾਰ ਧਾਰਾ) ਨੂੰ ਸ਼ੁਧ ਮਨਦੇ ਹੋਏ, ਸ਼ੁਧ ਰਾਹ ਦਾ ਤਿਆਗ ਕਰਕੇ ਤੇ ਜੈਨ ਮੱਤ ਦੇ ਉਲਟ ਚਲਦੇ ਦੁੱਖ ਤੇ ਜਨਮ ਮਰਨ ਪ੍ਰਾਪਤ ਕਰਦੇ ਹਨ। (29)

ਜਿਵੇਂ ਜਨਮ ਤੋਂ ਅੰਨਾ ਪੁਰਸ਼ ਛੇਕ ਵਾਲੀ ਕਿਸ਼ਤੀ ਤੇ ਹੀ ਸਮੁੰਦਰ ਪਾਰ ਕਰਨ ਦੀ ਇੱਛਾ ਕਰਦਾ ਹੋਇਆ ਵਿਚਕਾਰ ਹੀ ਡੁਬ ਜਾਂਦਾ ਹੈ ਉਸੇ ਪ੍ਰਕਾਰ ਕਿੰਨੇ ਹੀ ਮਿਥਿਆ ਦਰਿਸ਼ਟੀ ਤੇ ਪਾਪੀ ਸਾਧੂ ਪੂਰਨ ਰੂਪ ਨਾਲ ਆਸ਼ਰਵ (ਪਾਪਾਂ) ਦਾ ਸੇਵਨ ਕਰਦੇ ਹਨ। ਉਹ ਭਵਿਖ ਲਈ ਨਰਕ ਪ੍ਰਾਪਤ ਕਰਨਗੇ। ( 30-31 )

ਕਾਸ਼ਯਪ ਭਗਵਾਨ ਮਹਾਵੀਰ ਰਾਹੀਂ ਦਸੇ, ਇਸੇ ਧਰਮ ਨੂੰ ਗ੍ਰਹਿਣ ਕਰਕੇ ਵਹਿੰਦੇ ਡੂੰਘੇ ਸੰਸਾਰ ਸਮੁੰਦਰ ਨੂੰ ਪਾਰ ਕਰਨਾ ਚਾਹੀਦਾ ਹੈ। ਆਤਮ ਕਲਿਆਨ ਲਈ ਸੰਜਮ ਦੀ ਸਾਧਨਾ ਕਰਨੀ ਚਾਹੀਦੀ ਹੈ। (32)

ਇੰਦਰੀਆਂ ਜਾ ਜੇਤੂ ਜੋ ਵੀ ਸਾਧੂ ਹੈ ਉਹ ਸਾਰੀਆਂ ਆਤਮਾਵਾਂ ਨੂੰ ਆਪਣੀ ਆਤਮਾ ਸਮਾਨ ਸਮਝਦਾ ਹੋਇਆ, ਸ਼ਕਤੀ ਅਨੁਸਾਰ ਸੰਜਮ ਦਾ ਪਾਲਨ ਕਰੇ। (33)

ਵਿਵੇਕਵਾਨ ਮੁਨੀ ਜਿਆਦਾ ਮਾਨ ਤੇ ਮਾਇਆ (ਕਪਟ) ਨੂੰ ਸ਼ੁਧ ਗਿਆਨ ਰਾਹੀਂ ਜਾਨ ਕੇ ਪਛਖਾਨ (ਤਿਆਗ) ਕਰੇ। (34)

ਮੁਨੀ ਖਿਮਾ ਆਦਿ ਦਸ ਪ੍ਰਕਾਰ ਦੇ ਯਤੀ ਧਰਮ ਦਾ ਪਾਲਨ ਕਰੇ। ਪਾਪ ਧਰਮ (ਹਿੰਸਾ) ਨੂੰ ਛੱਡੇ। ਤਪਸਿਆ ਲਈ ਸ਼ਕਤੀ ਲਗਾਵੇ। ਕਰੋਧ ਤੇ ਮਾਨ ਵਿੱਚ ਵਾਧਾ ਨਾ ਕਰੇ। (35)

ਜਿਵੇਂ ਸੁਮੇਰੂ ਪਰਵਤ ਘੋਰ ਤੂਫਾਨ ਵਿਚ ਨਹੀਂ ਕੰਬਦਾ, ਉਸੇ ਪ੍ਰਕਾਰ ਵਰਤਾਂ ਦਾ ਧਾਰਕ ਸਾਧੂ ਵੀ, ਭਿੰਨ ਭਿੰਨ ਪ੍ਰਕਾਰ ਪਰਿਸ਼ੇ ਤੇ ਕਸ਼ਟਾਂ ਨੂੰ ਜਾਣਕੇ ਸੰਜਮ ਤੋਂ ਭਰਿਸਟ ਨਾ ਹੋਵੇ। (37)

ਸੰਬਰ ਵਾਲਾ, ਮਹਾਬੁਧੀਮਾਨ, ਧੀਰਜਧਾਰੀ ਸਾਧੂ ਦੂਸਰੇ ਰਾਹੀਂ ਦਿੱਤੇ ਭੋਜਨ ਨੂੰ ਗ੍ਰਹਿਨ ਕਰੇ। ਕਸ਼ਾਏ (ਕਰੋਧ, ਮੋਹ, ਮਾਇਆ ਤੇ ਮਾਨ) ਰਹਿਤ ਹੋਕੇ ਮਰਨ ਤੱਕ ਸੰਜਮ ਵਿਚ ਸਥਿਰ ਰਹੇ" ਇਹ ਕੇਵਲੀ ਭਗਵਾਨ ਦਾ ਮਤ ਹੈ। ਅਜੇਹਾ ਮੈਂ ਆਖਦਾ ਹਾਂ। (38)

# ਸਮੋਸਰਨ ਨਾਮਕ ਵਾਰਹਵਾਂ ਅਧਿਐਨ

ਸਮੋਸਰਨ ਜੈਨ ਧਰਮ ਦਾ ਪਾਰਿਭਾਸ਼ਿਕ ਸ਼ਬਦ ਹੈ ਜਿਸ ਦਾ ਸਿੱਧਾ ਅਰਥ ਹੈ ਤੀਰਥੰਕਰਾਂ ਦੀ ਧਰਮ ਸਭਾ। ਜਿਸ ਸਭਾ ਵਿਚ ਮਨੁੱਖ, ਇਸਤਰੀ, ਦੇਵਤੇ, ਦੇਵੀਆਂ, ਪਸ਼ੂ ਤੇ ਪੰਛੀ ਤੀਰਥੰਕਰ ਭਗਵਾਨ ਦਾ ਉਪਦੇਸ਼ ਅਪਣੀ ਅਪਣੀ ਭਾਸ਼ਾ ਵਿਚ ਸੁਣਦੇ ਹਨ। ਭਗਵਾਨ ਦੇ ਸਮੋਸਰਨ ਦਾ ਨਿਰਮਾਨ ਦੇਵਤਿਆਂ ਵਲੋਂ ਅਪਣੀ ਸ਼ਕਤੀ ਨਾਲ ਕੀਤਾ ਜਾਂਦਾ ਹੈ। ਜੈਨ ਗ੍ਰੰਥਾਂ ਵਿਚ ਸਮੋਸਰਨ ਬਾਰੇ ਕਾਫੀ ਵਿਸਥਾਰ ਨਾਲ ਵਰਨਣ ਮਿਲਦਾ ਹੈ।

ਇਸ ਅਧਿਐਨ ਵਿਚ ਸਮੋਸਰਨ ਦਾ ਅਰਥ ਇਕ ਥਾਂ ਦੇ ਇਕੱਠ ਤੋਂ ਲਿਆ ਗਿਆ ਹੈ। ਇਸ ਅਧਿਐਨ ਵਿਚ ਨਿਰਉਕਤੀਕਾਰ ਤੇ ਟੀਕਾਕਾਰ ਦੋਹਾਂ ਨੇ ਭਗਵਾਨ ਦੇ 363 ਮਤਾਂ ਦਾ ਵਰਨਣ ਕੀਤਾ ਹੈ, ਇਹ ਭੇਦ ਇਸ ਪ੍ਰਕਾਰ ਹਨ। ਇਸ ਅਧਿਐਨ ਦਾ ਦਾਰਸ਼ਨਿਕ ਮਹਤਵ ਬਹੁਤ ਹੈ। ਅਨੇਕਾਂਤਵਾਦ ਪਖੋਂ ਹੀ ਹਰ ਸਿਖਿਆ ਗ੍ਰਹਿਣ ਕਰਨ ਯੋਗ ਹੈ।

**ਕ੍ਰਿਆਵਾਦੀ**— ਇਨ੍ਹਾਂ ਦੇ 180 ਭੇਦ ਹਨ। (1) ਜੀਵ ਅਪਣੇ ਆਪ ਵਿਚ ਹੈ। (2) ਜੀਵ ਦੂਸਰੇ ਤੋਂ ਉੱਤਮ ਹੁੰਦਾ ਹੈ। (3) ਜੀਵ ਨਿੱਤ ਹੈ। (4) ਜੀਵ ਅਨਿੱਤ ਹੈ। ਇਨ੍ਹਾਂ ਚਾਰ ਭੇਦਾਂ ਨਾਲ ਕਾਲ ਲੈਣ ਤੇ ਇਹ 20 ਭੇਦ ਬਣ ਜਾਂਦੇ ਹਨ। ਜਿਵੇਂ— 1) ਜੀਵ ਕਾਲ ਪੱਖੋਂ ਹੈ। 2) ਜੀਵ ਸਮਾਂ ਪਾ ਕੇ ਦੂਸਰੇ ਜਾਂ ਆਪਣੇ ਵਿਚ ਹੁੰਦਾ ਹੈ। 3) ਜੀਵ ਚੇਤਨ ਗੁਣ ਕਾਰਣ ਨਿੱਤ ਹੈ। (4) ਜੀਵ ਦੀ ਬੁਧੀ, ਕਾਲ ਪਾਕੇ ਘਟਦੀ, ਵੱਧਦੀ ਰਹਿੰਦੀ ਹੈ ਇਸ ਲਈ ਉਹ ਅਨਿੱਤ ਹੈ। (5) ਜੀਵ ਸੁਭਾਵ ਪਖੋਂ ਹੈ। (6) ਜੀਵ ਸੁਭਾਵ ਵਿਚ ਰਹਿੰਦਾ ਹੋਇਆ ਅਪਣੇ ਜਾਂ ਹੋਰ ਕਿਸੇ ਰਾਹੀਂ ਪ੍ਰਗਟ ਹੁੰਦਾ ਹੈ। (7) ਜੀਵ ਸੁਭਾਵ ਪਖੋਂ ਖੁਦ ਕਾਇਮ ਰਹਿਨ ਕਾਰਣ ਨਿੱਤ ਹੈ। (8) ਜੀਵ ਸੁਭਾਵ ਕਾਰਣ ਮੌਤ ਹੋਣ ਕਾਰਣ ਅਨਿੱਤ ਹੈ। (9) ਜੀਵ ਨੇ ਪੈਦਾ ਹੋਣਾ ਹੈ ਤਾਂ ਹਜਾਰਾਂ ਪੈਦਾ ਹੋਕੇ ਖੁਦ ਹੁੰਦਾ ਹੈ (10) ਜੀਵ ਹੋਣ ਵਾਲਾ ਹੁੰਦਾ ਹੈ ਤਾਂ ਦੂਸਰੇ ਕਾਰਣ ਮਿਲਕੇ ਉਤਪੰਨ ਹੁੰਦਾ ਹੈ। (11) ਜੀਵ ਹੋਣ ਵਾਲਾ ਹੁੰਦਾ ਹੈ ਤਾਂ ਪੈਦਾ ਹੋਕੇ ਸਦਾ ਕਾਇਮ ਰਹਿੰਦਾ ਹੈ। 12) ਜੀਵ ਹੋਣੀ [ਨਿਅਤੀ]ਕਾਰਣ ਪੈਦਾ ਹੋਕੇ ਮਰਦਾ ਹੈ ਇਸ ਲਈ ਅਨਿੱਤ ਹੈ।

13) ਜੀਵ ਈਸ਼ਵਰ ਤੋਂ ਉਤਪਨ ਹੁੰਦਾ ਹੈ। 14) ਜੀਵ ਈਸ਼ਵਰ ਰਾਹੀਂ ਅਪਣੇ ਨਮਿਤ ਕਾਰਣ ਨਾਲ ਪੈਦਾ ਹੁੰਦਾ ਹੈ। 15) ਜੀਵ ਈਸ਼ਵਰ ਰਾਹੀਂ ਨਿੱਤ ਹੁੰਦਾ ਹੈ। 16) ਜੀਵ ਈਸ਼ਵਰ ਰਾਹੀਂ ਅਨਿੱਤ ਹੁੰਦਾ ਹੈ। 17) ਜੀਵ ਅਪਣੇ ਰੂਪ ਵਿਚ ਖ਼ੁਦ ਉਤਪਨ ਹੁੰਦਾ ਹੈ। 18) ਜੀਵ ਅਪਣੇ ਰੂਪ ਵਿਚ ਦੂਸਰੇ ਰਾਹੀਂ ਉਤਪੰਨ ਹੁੰਦਾ ਹੈ। 19) ਜੀਵ ਅਪਣੇ ਰੂਪ ਤੋਂ ਨਿੱਤ ਹੈ। (20) ਜੀਵ ਅਪਣੇ ਰੂਪ ਤੋਂ ਅਨਿੱਤ ਹੈ।

ਇਸੇ ਪ੍ਰਕਾਰ ਅਜੀਵ ਆਦਿ 9 ਪਦਾਰਥ 20 ਪ੍ਰਕਾਰ ਨਾਲ ਮਿਲਾਉਣ ਦੇ ਕ੍ਰਿਆਵਾਦੀਆਂ ਦੇ 180 ਭੇਦ ਹੁੰਦੇ ਹਨ ( ਜੀਵ, ਅਜੀਵ, ਪਾਪ, ਪੁੰਨ, ਆਸ਼ਰਵ, ਨਿਰਜਰਾ, ਸੰਬਰ, ਬੰਧ ਤੇ ਮੋਕਸ਼।

**ਅਕ੍ਰਿਆਵਾਦੀ**—"ਜੀਵ ਆਦਿ ਪਦਾਰਥ ਕਿਸੇ ਤਰ੍ਹਾਂ ਨਹੀਂ ਹੈ।"

ਇਹ ਮਨ ਵਾਲੇ ਅਜੀਵ ਵਾਦੀਆਂ ਦੇ 84 ਭੇਦ ਹਨ।

ਜੀਵ ਆਦਿ ਸੱਤ ਪਦਾਰਥ ਨੂੰ ਲਿਖ ਕੇ ਉਨ੍ਹਾਂ ਦੇ ਜਵ ਤੇ ਪਰ ਦੋ ਭੇਦ ਰਖਣੇ ਚਾਹੀਦੇ ਹਨ, ਉਨ੍ਹਾਂ ਹੇਠਾਂ ਕਾਲ, ਯਾਦ ਇੱਛਾ, ਨਿਯੋਤੀ, ਸੁਭਾਵ, ਈਸ਼ਵਰ ਤੇ ਆਤਮਾ ਇਹ ਛੇ ਭੇਦ ਰਖਣੇ ਚਾਹੀਦੇ ਹਨ। ਉਦਾਹਰਣ ਪਖੋਂ (1) ਜੀਵ ਖ਼ੁਦ ਕਾਲ ਪਖੋਂ ਹੈ (2) ਜੀਵ ਦੂਸਰੇ ਕਾਲ ਤੋਂ ਨਹੀਂ ਹੈ (3) ਜੀਵ ਯੱਦ ਇਛਾ ਤੋਂ ਖ਼ੁਦ ਨਹੀਂ ਹੈ (4) ਜੀਵ ਯਦਇਛਾ ਤੋਂ ਪਰਪਖੋਂ ਨਹੀਂ ਹੁੰਦਾ। ਇਸੇ ਤਰ੍ਹਾਂ ਨਿਯਤੀ, ਸੁਭਾਵ, ਈਸ਼ਵਰ ਤੇ ਆਤਮਾ ਨਾਲ ਜੋੜਨ ਤੇ ਹਰੇਕ ਦੇ ਦੋ ਦੋ ਭੇਦ ਹੋ ਕੇ ਕੁਲ 12 ਭੇਦ ਹੁੰਦੇ ਹਨ। 12 ਭੇਦਾਂ ਨੂੰ ਸੱਤ ਪਦਾਰਥ ਪਖੋਂ ਭੇਦ ਕਰਨ ਤੇ 84 ਭੇਦ ਹੁੰਦੇ ਹਨ। ਇਹ ਨਾਸਤਿਕਾਂ ਦੇ ਭੇਦ ਹਨ।

**ਅਗਿਆਨਵਾਦੀ**—ਅਗਿਆਨ ਰਾਹੀਂ ਇਸ਼ਟ ਦੀ ਸਿੱਧੀ ਮੰਨਦੇ ਹਨ। ਅਗਿਆਨਵਾਦ ਗਿਆਨ ਨੂੰ ਬੇਕਾਰ ਤੇ ਦੋਸ਼ ਭਰਪੂਰ ਆਖਦੇ ਰਨ। ਅਗਿਆਨਵਾਦੀਆਂ ਦੇ 67 ਭੇਦ ਹਨ। ਜੀਵ ਆਦਿ ਪਖੋਂ 9 ਤੱਤਵਾਂ ਪਖੋਂ ਹਰ ਦੋ ਭੇਦ ਹਨ ਜੋ ਇਸ ਪ੍ਰਕਾਰ ਹਨ (1) ਸਤ (2) ਅਸਤ (3) ਸਦਸਤ (4) ਅਵਕੱਤਵਿਆ (5) ਸਦਵਕਤਵਿਆ (6) ਅਸਦਵਕਤਵਿਆ (7) ਸਦਵਕਤਵਿਆ।

ਉਦਾਹਰਣ— 1. ਜੀਵ ਸਤ ਹੈ ਇਹ ਕੌਣ ਜਾਣਦਾ ਹੈ ? ਇਹ ਜਾਨਣ ਦਾ ਕੀ ਉਦੇਸ਼ ਹੈ ?

2. ਜੀਵ ਅਸਤ ਹੈ ਇਹ ਕੌਣ ਜਾਣਦਾ ਹੈ ਅਤੇ ਇਹ ਜਾਨਣ ਦਾ ਕੀ ਉਦੇਸ਼ ਹੈ ?

3. ਜੀਵ ਸਦਸਤ ਹੈ ਇਹ ਕੌਣ ਜਾਣਦਾ ਹੈ ? ਅਤੇ ਇਹ ਜਾਨਣ ਦਾ ਕੀ ਉਦੇਸ਼ ਹੈ ?

4. ਜੀਵ ਅਵਕਤੱਵਯ (ਨਾਂ ਆਖਣ ਯੋਗ ਹੈ ਇਹ ਕੌਣ ਜਾਣਦਾ ਹੈ ਅਤੇ ਇਹ ਜਾਨਣ ਦਾ ਕੀ ਉਦੇਸ਼ ਹੈ ?)

5. ਜੀਵ ਸਦਵਕਤੱਵਯ ਹੈ ਇਹ ਕੌਣ ਜਾਣਦਾ ਹੈ ? ਅਤੇ ਇਹ ਜਾਨਣ ਦਾ ਕੀ ਉਦੇਸ਼ ਹੈ ?

6. ਜੀਵ ਅਸਦਵਕਤੱਵਯ ਹੈ ਇਹ ਕੌਣ ਜਾਣਦਾ ਹੈ ਅਤੇ ਇਹ ਜਾਨਣ ਦਾ ਕੀ ਉਦੇਸ਼ ਹੈ ?

7. ਜੀਵ ਸਤ, ਅਸਤ, ਅਵਕਤੱਵਯ ਹੈ ਇਹ ਕੌਣ ਜਾਣਦਾ ਹੈ ? ਅਤੇ ਇਹ ਜਾਨਣ ਦਾ ਕੀ ਉਦੇਸ਼ ਹੈ ।

ਇਸ ਤਰਾਂ ਅਜੀਵ ਆਦਿ ਦੇ ਵੀ ਜੀਵ ਦੀ ਤਰ੍ਹਾਂ ਸੱਤ ਭੇਦ ਹਨ । ਨੌਂ ਤਤਵਾਂ ਦੇ 63 ਭੇਦ ਬਣਦੇ ਹਨ ।

ਇਸ ਦੇ ਚਾਰ ਹੋਰ ਭੇਦ ਹਨ —

1. ਜਿਵੇਂ ਸਤ (ਹੋਂਦ) ਪਦਾਰਥ ਦੀ ਉੱਤਪਤੀ ਕੌਣ ਜਾਣਦਾ ਹੈ ? ਇਹ ਜਾਨਣ ਦਾ ਕੀ ਲਾਭ ਹੈ ?

2. ਅਸੱਤ (ਅਣਹੋਂਦ) ਪਦਾਰਥ ਦੀ ਉੱਤਪਤੀ ਕੌਣ ਜਾਣਦਾ ਹੈ ? ਕਿ ਇਹ ਜਾਨਣ ਦਾ ਕੀ ਲਾਭ ਹੈ ?

3. ਸਤਅਸ਼ਤ (ਕੁਝ ਹੋਂਦ ਤੇ ਕੁਝ ਅਣਹੋਂਦ) ਪਦਾਰਥ ਦੀ ਉੱਤਪਤੀ ਕੌਣ ਜਾਣਦਾ ਹੈ ? ਇਹ ਜਾਨਣ ਦਾ ਕੀ ਲਾਭ ਹੈ ?

4. ਅਵੱਕਤਵਯ ਭਾਵ ਦੀ ਉੱਤਪਤੀ ਕੌਣ ਜਾਣਦਾ ਹੈ ? ਇਸ ਨੂੰ ਜਾਨਣ ਦਾ ਕੀ ਲਾਭ ਹੈ ?

63 ਵਿਚ 4 ਹੋਰ ਭੇਦ ਮਿਲਾਉਣ ਨਾਲ 67 ਭੇਦ ਹੁੰਦੇ ਹਨ ।

**ਵਿਨੈਵਾਦ—**

ਵਿਨੈ ਰਾਹੀਂ ਪਰਲੋਕ ਦੀ ਪ੍ਰਾਪਤੀ ਮਨਣ ਵਾਲੇ ਵਿਨੈਵਾਦੀਆਂ ਦੇ 32 ਭੇਦ ਹਨ । ਦੇਵਤਾ, ਰਾਜਾ, ਯਤੀ, ਜਾਤੀ, ਬੁਢੇ, ਪਾਪੀ, ਮਾਤਾ, ਪਿਤਾ ਨੂੰ ਮਨ ਬਚਨ, ਸ਼ਰੀਰ ਅਤੇ ਦਾਨ ਰਾਹੀਂ ਚਾਰ ਪ੍ਰਕਾਰ ਦੀ ਵਿਨੈ ਕਰਨਾ ਹੀ ਵਿਨੈਵਾਦੀਆਂ ਦਾ ਮੱਤ ਹੈ ।

ਇਹ ਅੱਠ ਚਾਰ ਚਾਰ ਪ੍ਰਕਾਰ ਦੇ ਹੁੰਦੇ ਹਨ ।

| | | | | | | |
|---|---|---|---|---|---|---|
| ਦੇਵਤੇ ਦੀ | ਮਨ, | ਬਚਨ, | ਸ਼ਰੀਰ | ਅਤੇ | ਦਾਨ ਰਾਹੀਂ ਵਿਨੈ | = 4 ਭੇਦ |
| ਰਾਜੇ | ,, | ,, | ,, | ,, | ,, | = 4 ਭੇਦ |
| ਯਤੀ | ,, | ,, | ,, | ,, | ,, | = 4 ਭੇਦ |
| ਜਾਤੀ | ,, | ,, | ,, | ,, | ,, | = 5 ਭੇਦ |
| ਬੁਢੇ | ,, | ,, | ,, | ,, | ,, | = 4 ਭੇਦ |
| ਅਧਮ | ,, | ,, | ,, | ,, | ,, | = 4 ਭੇਦ |
| ਮਾਤਾ | ,, | ,, | ,, | ,, | ,, | = 4 ਭੇਦ |
| ਪਿਤਾ | ,, | ,, | ,, | ,, | ,, | = 4 ਭੇਦ |

ਇਸ ਅਧਿਐਨ ਵਿਚ 363 ਦਾਰਸ਼ਨਿਕਾਂ ਦੇ ਮੱਤਾਂ ਦਾ ਵਰਨਣ ਪਹਿਲੀ ਹੀ ਗਾਥਾ ਵਿਚ ਕਿਹਾ ਗਿਆ ਹੈ।

ਇਨ੍ਹਾਂ ਮੱਤਾਂ ਦੀ ਜਾਨਕਾਰੀ ਦਾ ਉਦੇਸ਼ ਇਹ ਹੈ ਕਿ ਮਨੁੱਖ ਮਿਥਿਆ ਵਿਚਾਰਧਾਰਾ ਛਡ ਕੇ ਸਮਿਅਕਤਵ ਗ੍ਰਹਿਣ ਕਰੇ। ਇਸ ਅਧਿਐਨ ਵਿਚ ਉਨ੍ਹਾਂ ਭਾਰਤੀ ਵਿਚਾਰਧਾਰਾ ਦਾ ਵਰਨਣ ਆਇਆ ਹੈ। ਜੋ ਜਾਂ ਤਾਂ ਖਤਮ ਹੋ ਚੁਕੀਆਂ ਹਨ ਜਾਂ ਕਿਸੇ ਹੋਰ ਧਰਮ ਦਾ ਅੰਗ ਬਣ ਗਈਆਂ ਹਨ।



# ਬਾਰਹਵਾਂ ਸਮੋਸਰਨ ਅਧਿਐਨ

- ਕ੍ਰਿਆਵਾਦ ਅਕ੍ਰਿਆਵਾਦ, ਵਿਨੇਵਾਦਾਂ ਤੇ ਅਗਿਆਨ ਵਾਦ" ਚਾਰ ਸਿਧਾਂਤ ਹਨ. ਜਿਨ੍ਹਾਂ ਨੂੰ ਅਨਤੀਰਥੀ ਵੱਖ ਵੱਖ ਵਰਨਣ ਰਖਦੇ ਹਨ। (1)

ਅਗਿਆਨ ਵਾਦੀ ਖੁਦ ਨੂੰ ਹੋਸ਼ਿਆਰ ਸਮਝਦੇ ਹੋਏ ਵੀ ਸ਼ਕ ਤੋਂ ਰਹਿਤ ਨਹੀਂ ਹਨ ਉਹ ਮਿਥਿਆਤਵੀ ਹਨ। ਉਹ ਅਗਿਆਨੀ ਹਨ ਅਤੇ ਅਗਿਆਨੀ ਨੂੰ ਹੀ ਉਪਦੇਸ਼ ਦਿੰਦੇ ਹਨ। ਭਾਵ ਖੁਦ ਨੂੰ ਗਿਆਨੀ ਮੰਨ ਕੇ, ਦੂਸਰੇ ਨੂੰ ਉਪਦੇਸ਼ ਦੇਣਾ ਤੇ ਖੁਦ ਅਗਿਆਨ ਨੂੰ ਕਲਿਆਣ ਦਾ ਕਾਰਨ ਮੰਨਣਾ ਮਿਥਿਆਤਵ ਹੈ। ਇਹ ਸਭ ਝੂਠੇ ਹਨ (2)

ਸੱਚ ਨੂੰ ਝੂਠ ਮੰਨਣ ਵਾਲੇ, ਚੰਗੇ ਨੂੰ ਮਾੜਾ ਸਮਝਣ ਵਾਲੇ, ਵਿਨੈ ਵਾਦੀ ਨੂੰ ਹੀ ਮੋਕਸ਼ ਦਾ ਕਾਰਣ ਮੰਨਦੇ ਹਨ। (3)

---

ਟਿੱਪਣੀ ਗਾਥਾ—1 (1) ਕ੍ਰਿਆਵਾਦੀ ਪਦਾਰਥ ਹੈ। । ਅਤੇ ਅਕ੍ਰਿਆਵਾਦੀ ਪਦਾਰਥ ਨਹੀਂ ਹੈ ਇਹ ਮਨਦੇ ਹਨ।

ਟਿਪਣੀ-ਗਾਥਾ (2) "ਅਗਿਆਨ ਹੀ ਕਲਿਆਣ ਦਾ ਸਾਧਨ ਹੈ" ਅਜਿਹਾ ਆਖਣ ਵਾਲੇ ਅਗਿਆਨ ਵਾਦੀ ਭਰਮ ਤੋਂ ਰਹਿਤ ਨਹੀਂ। ਕਿਉਂਕਿ ਅਜਿਹੀ ਗੱਲ ਆਖਣ ਲਈ ਵੀ ਗਿਆਨ ਹੀ ਪ੍ਰਯੋਗ ਵਿਚ ਆਉਂਦਾ ਹੈ। ਕਈ ਆਤਮਾ ਨੂੰ ਸਰਵ ਵਿਆਪਕ ਮੰਨਦੇ ਹਨ। ਕਈ ਸਰਵ ਵਿਆਪਕ ਨਹੀਂ ਮੰਨਦੇ। ਕਈ ਅੰਗੂਠੇ ਦੇ ਉਪਰਲੇ ਹਿਸੇ ਦੀ ਤਰ੍ਹਾਂ ਆਤਮਾ ਵਾਰੇ ਆਖਦੇ ਹਨ। ਕੋਈ ਆਤਮਾ ਨੂੰ ਮੂਰਤ (ਸ਼ਕਲ ਵਾਲੀ) ਆਖਦੇ ਹਨ ਕਈ ਅਮੂਰਤ (ਸ਼ਕਲ ਰਹਿਤ) ਆਖਦੇ ਹਨ। ਕੋਈ ਆਖਦੇ ਹਨ ਆਤਮਾ ਦਿਲ ਵਿਚ ਰਹਿੰਦੀ। ਕੋਈ ਮੱਥੇ ਦੇ ਵਿਚਕਾਰ ਮੰਨਦੇ ਹਨ। ਸਾਰੇ ਅਗਿਆਨਵਾਦੀ ਆਤਮਾ ਵਾਰੇ ਇਕ ਮੱਤ ਨਹੀਂ ਅਗਿਆਨਵਾਦੀ ਸਰਵੱਗਤਾ ਪ੍ਰਤੀ ਸ਼ੱਕ ਪ੍ਰਗਟ ਕਰਦੇ ਹਨ।

ਟਿਪਣੀ (3) ਜੋ ਪੁਰਸ਼ ਮਾਤਰ (ਆਤਮਾ) ਦਾ ਕਲਿਆਣ ਕਰਨ ਵਾਲਾ, ਵਸਤੂ ਦਾ ਯਥਾਰਥ ਸਵਰੂਪ ਹੈ ਉਸਨੂੰ ਸਤਿ ਆਖਦੇ ਹਨ ਜਾਂ ਮੁਕਤੀ ਲਈ ਧਾਰਨ ਸੰਜਮ ਮਾਰਗ ਨੂੰ ਸਤਿ ਆਖਦੇ ਹਨ। ਵਿਨੈਵਾਦੀ ਇਸ ਸਤ ਨੂੰ ਅਸਤ ਝੂਠ ਮੰਨਦੇ ਹਨ। "ਸਾਰਿਆਂ ਤੂੰਤੀ ਵਿਨੈ ਕਰਨ ਨਾਲ ਸਵਰਗ ਤੇ ਮੁਕਤੀ

ਵਿਨੈ ਵਾਦੀ ਸਚਾਈ ਨੂੰ ਨਾ ਸਮਝ ਕੇ ਆਖਦੇ ਹਨ ਅਸੀਂ ਇਸ ਪ੍ਰਕਾਰ ਵਿਨੈ ਵਿਚ ਹੀ ਸਿੱਧੀ ਸਮਝਦੇ ਹਾਂ ਅਕ੍ਰਿਆਪਨ ਦੀ ਕਰਮਬਧ ਵਿਸ਼ੇ ਵਿੱਚ ਸ਼ੱਕ ਕਰਨ ਵਾਲੇ ਅਕ੍ਰਿਆਵਾਦੀ ਭਵਿੱਖ ਤੇ ਵਰਤਮਾਨ ਵਿਚ ਅਸਿਧੀ ਮਨਕੇ ਕ੍ਰਿਆ ਤੋਂ ਰੋਕਦੇ ਹਨ। (4)

ਇਹ ਅਕ੍ਰਿਆਵਾਦੀ ਨਾਸਤਕ ਜਿਸ ਗੱਲ ਨੂੰ ਮੰਨਦੇ ਹਨ ਉਸ ਦੀ ਮਨਾਹੀ ਕਰਦੇ ਹਨ। ਇਹ ਮਿਸ਼ਰਨ ਪੱਖ (ਹੋਂਦ-ਅਣਹੋਂਦ) ਵਾਲੇ ਹਨ ਪ੍ਰਸ਼ਨ ਦਾ ਉਤਰ ਨਾ ਦੇਣ ਕਾਰਨ ਚੁਪ ਰਹਿੰਦੇ ਹਨ। ਉਹ ਆਖਦੇ ਹਨ ਸਾਡਾ ਮਤ ਵਿਰੋਧ ਰਹਿਤ ਹੈ। ਦੂਸਰਾ ਮੱਤ ਵਿਰੋਧ ਵਾਲਾ ਹੈ। ਉਹ ਧੋਖੇ ਰਾਹੀਂ ਆਪਣੇ ਮਤ ਨੂੰ ਠੀਕ ਅਤੇ ਦੂਸਰੇ ਨੂੰ ਗਲਤ ਆਖਕੇ ਨਿੰਦਾ ਕਰਦੇ ਹਨ। (5)

ਪਦਾਰਥ ਦੇ ਸੱਚੇ ਸਵਰੂਪ ਨੂੰ ਨਾ ਸਮਝਣ ਵਾਲੇ ਅਕ੍ਰਿਆਵਾਦੀ ਭਿੰਨ-ਭਿੰਨ ਪ੍ਰਕਾਰ ਦੇ ਕੁਸ਼ਾਸਤਰਾਂ ਦੀ ਕਥਾ ਕਰਦੇ ਹਨ। ਇਸ ਗਲਤ ਆਸਰੇ ਕਾਰਣ ਬਹੁਤ ਸਾਰੇ ਲੋਕ ਅਨੰਤ ਕਾਲ ਤਕ ਸੰਸਾਰ ਵਿੱਚ ਭਟਕਦੇ ਹਨ। (6)

(ਸਰਵ ਸੁਨਵਾਦੀ ਆਖਦੇ ਹਨ) ਸੂਰਜ ਨਾ ਉਗਦਾ ਹੈ ਨਾ ਅਸਤ ਹੁੰਦਾ ਹੈ। ਚੰਦਰਮਾ ਨਾ ਵਧਦਾ ਹੈ ਨਾ ਘਟਦਾ ਹੈ। ਪਾਣੀ ਵਹਿੰਦਾ ਨਹੀਂ। ਹਵਾ ਚਲਦੀ ਨਹੀਂ। ਸਾਰਾ ਸੰਸਾਰ ਮਿਥਿਆ ਤੇ ਸੁੰਨ ਹੈ। (7)

ਜਿਵੇਂ ਅੰਨ੍ਹਾ, ਦੀਵਾ ਲੈ ਕੇ ਵੀ, ਅੰਨ੍ਹਾ ਹੋਣ ਕਾਰਨ ਕਿਸੇ ਪਦਾਰਥ ਨੂੰ ਨਹੀਂ ਵੇਖ ਸਕਦਾ ਉਸੇ ਪ੍ਰਕਾਰ ਗਿਆਨ ਰਹਿਤ, ਅਕ੍ਰਿਆਵਾਦੀ ਸੱਚੇ ਤੇ ਸਪਸ਼ਟ ਪਦਾਰਥ ਨੂੰ ਨਹੀਂ ਵੇਖ ਸਕਦੇ। (8)

---

ਮਿਲਦੀ ਹੈ ਇਹ ਗੱਲ ਬਿਨਾ ਵਿਚਾਰੇ ਆਖਦੇ ਹਨ। ਗਿਆਨ ਤੇ ਕ੍ਰਿਆ ਦੋਹਾਂ ਨਾਲ ਮੋਕਸ਼ ਹੁੰਦਾ ਹੈ ਪਰ ਇਹ ਇਸ ਸਭ ਨੂੰ ਛੱਡ ਕੇ ਵਿਨੈ ਰਾਹੀਂ ਮੁਕਤੀ ਮੰਨਦੇ ਹਨ।

ਟਿਪਣੀ (4) ਇਸ ਗਾਥਾ ਵਿਚ ਟੀਕਾਕਾਰ ਸੀਲਾਂਕਾਚਾਰੀਆ ਨੇ ਲੋਕਾਇਤ ਤੇ ਬੁੱਧ ਮੱਤ ਨੂੰ ਅਕ੍ਰਿਆਵਾਦੀ ਕਿਹਾ ਹੈ ਕਿਉਂਕਿ ਦੋਵੇਂ ਮੱਤ ਆਤਮਾ ਨੂੰ ਨਸ਼ਟ ਹੋਣ ਵਾਲਾ ਮੰਨਦੇ ਧਨ। ਜੇ ਆਤਮਾ ਦੀ ਹੋਂਦ ਇਸ ਜਨਮ ਵਿਚ ਖਤਮ ਹੈ ਤਾਂ ਅਗਲੇ ਜਨਮ ਲਈ ਕਰਮ ਬੰਧ ਕਿਸ ਨੂੰ ਹੁੰਦਾ ਹੈ? ਟੀਕਾਕਾਰ ਨੇ ਬੁਧ ਮੱਤ ਦੇ ਕਸ਼ਨੀਕਵਾਦ (क्षणिकबाद) ਦਾ ਬਹੁਤ ਵਿਸਥਾਰ ਨਾਲ ਖੰਡਨ ਕੀਤਾ ਹੈ। ਟੀਕਾਕਾਰ ਆਖਦਾ ਹੈ ਸ਼ਾਸ਼ਤਰਕਾਰ ਨੇ ਅਕ੍ਰਿਆਵਾਦੀਆਂ ਵਿਚ ਸਾਂਖਯ ਦਰਸ਼ਨ ਨੂੰ ਵੀ ਲਿਆ ਹੈ ਜੋ ਆਂਤਮਾ ਨੂੰ ਕ੍ਰਿਆ ਰਹਿਤ ਸਵੀਕਾਰ ਕਰਦੇ ਹਨ। ਚਾਰਵਕ ਮੱਤ ਵਾਲੇ ਆਤਮਾ, ਪ੍ਰਮਾਤਮਾ, ਪੁਨਰ ਜਨਮ ਆਦਿ ਕਿਸੇ ਨੂੰ ਨਹੀਂ ਮੰਨਦੇ ਸੋ ਇਹ ਮੱਤ ਵੀ ਅਕ੍ਰਿਆਵਾਦੀ ਹੈ।

1) ਜੋਤਿਸ਼ (ਸਵੱਤਸਰ) 2, ਸੁਪਨਸ਼ਾਸਤਰ 3) ਲਛਨਸ਼ਾਸਤਰ 4) ਸ਼ਗੁਨਸਾਸ਼ਤਰ 5) ਸ਼ਰੀਰ ਸ਼ਾਸਤਰ 6) ਉਤਪਾਤ (ਅਕਾਸ਼ ਨੂੰ ਵੇਖ ਕੇ ਭਵਿਖ ਬਾਣੀ ਕਰਨ ਵਾਲੇ ਸ਼ਾਸਤਰ) ਭੂਮੀ ਕੰਪ (7) ਅੰਗ ਸਫੁਰਨ ਇਨ੍ਹਾਂ ਅੱਠਾਂ ਸਾਸ਼ਤਰਾਂ ਦੇ ਜਾਨਕਾਰ, ਬਹੁਤ ਸਾਰੇ ਲੋਕਾਂ ਦਾ ਭਵਿੱਖ ਦੱਸ ਦਿੰਦੇ ਹਨ । ਪਰ ਸੁਨਵਾਦੀ ਤਾਂ ਇੰਨਾਂ ਵੀ ਜਾਣਦੇ । ਸੁਨਵਾਦ ਅਨੁਸ਼ਾਰ ਭੂਤ ਭਵਿਖਤ ਦਾ ਗਿਆਨ ਨਹੀਂ ਹੁੰਦਾ । (9)

ਕੋਈ ਕੋਈ ਜੋਤਸ਼ ਸੱਚਾ ਹੁੰਦਾ ਹੈ । ਕਿਸੇ ਕਿਸੇ ਜੋਤਸ਼ੀ ਦਾ ਗਿਆਨ ਵੀ ਉਲਟ ਹੁੰਦਾ ਹੈ, ਅਜਿਹਾ ਵੇਖ ਕੇ ਅਕ੍ਰਿਆਵਾਦੀ ਸੱਚੀ ਵਿਦਿਆ ਦਾ ਨਾ ਆਪ ਅਧਿਐਨ ਕਰਦੇ ਹਨ ਅਤੇ ਨਾ ਹੀ ਦੂਸਰੇ ਨੂੰ ਕਰਨ ਦਾ ਉਪਦੇਸ਼ ਦਿੰਦੇ ਹਨ । (10)

ਕੋਈ ਕੋਈ ਸ਼੍ਰਮਣ, ਬ੍ਰਾਹਮਣ (ਬੁੱਧਮਤ ਦੇ ਮਹੰਤ) ਆਪਣੀ ਆਪਣੀ ਸਮਝ ਅਨੁਸਾਰ ਲੋਕ ਦਾ ਸਵਰੂਪ ਜਾਣਕੇ ਆਖਦੇ ਹਨ । ਕਰਮ ਅਨੁਸਾਰ ਹੀ ਫਲ ਪ੍ਰਾਪਤੀ ਦਸਦੇ ਹਨ । ਦੁੱਖ ਆਪਣੀ ਕ੍ਰਿਆ ਤੋਂ ਪੈਦਾ ਹੁੰਦਾ ਹੈ । ਪਰ ਤੀਰਥੰਕਰਾਂ ਦਾ ਆਖਣਾ ਹੈ "ਮੁਕਤੀ ਗਿਆਨ ਤੇ ਕ੍ਰਿਆ ਰਾਹੀਂ ਹੁੰਦੀ ਹੈ (ਇਕੱਲੀ ਕ੍ਰਿਆਨਾਲ ਨਹੀਂ) ।" (11)

ਤੀਰਥੰਕਰਾਂ ਕੇਵਲੀ ਇਸ ਸੰਸਾਰ ਦੀ ਅੱਖ ਹਨ ਸੰਸਾਰ ਨੂੰ ਸੱਚੇ ਰਾਹ ਲੈ ਜਾਣ ਵਾਲੇ ਹਨ । । ਪਰਜਾ ਨੂੰ ਮੁਕਤੀ ਦਾ ਉਪਦੇਸ਼ ਦਿੰਦੇ ਹਨ । (ਉਨ੍ਹਾਂ ਦਾ ਉਪਦੇਸ਼ ਹੈ, ਹੇ ਮਾਨਵ ! ਜਿਉਂ ਜਿਉਂ ਮਿਥਿਆਤਵ (ਅਗਿਆਨ) ਵਿੱਚ ਵਾਧਾ ਹੁੰਦਾ ਹੈ ਤਿਉਂ ਤਿਉਂ ਆਵਾਗਮਨ ਹੁੰਦਾ ਹੈ । ਜਿਸ ਕਾਰਣ ਸੰਸਾਰ ਵਿਚ ਜਨਮ ਹੁੰਦਾ ਹੈ । (12)

ਜੋ ਰਾਕਸ਼ (ਵਿਯੰਤਰ) ਹਨ, ਯਮ ਲੋਕ ਵਿਚ ਰਹਿੰਦੇ ਹਨ ਜੋ (ਵੈਮਾਨਿਕ) ਹਨ ਜੋ ਗੰਧਰਵ ਹਨ ਤੇ ਦੇਵਤੇ ਹਨ ਜੋ ਅਕਾਸ਼ਗਾਮੀ (ਵਿਦਿਆਧਰ ਅਤੇ ਪੰਛੀ) ਹਨ ਅਤੇ ਭੂਮੀਚਰ ਹਨ ਉਹ ਸਾਰੇ ਆਪਣੇ ਆਪਣੇ ਕਰਮ ਅਨੁਸਾਰ ਸੰਸਾਰ ਵਿਚ ਭੱਟਕਦੇ ਹਨ । (13)

ਜਿਵੇਂ ਸੰਸਾਰ ਨੂੰ ਸਵੈ ਭਰਮਨ ਸਮੁੰਦਰ ਦੀ ਤਰ੍ਹਾਂ ਅਥਾਹ ਕਿਹਾ ਗਿਆ ਹੈ । ਇਸੇ ਪ੍ਰਕਾਰ ਸੰਸਾਰ ਦੇ ਵਿਸ਼ਿਆਂ ਤੇ ਇਸਤਰੀਆਂ ਦੇ ਭੋਗੀ ਜੀਵ, ਸਥਾਵਰ ਤੇ ਤਰੱਸ ਗਤੀਆਂ ਵਿੱਚ ਘੁਮ ਰਹੇ ਹਨ ਇਸ ਡੂੰਘ ਸੰਸਾਰ ਨੂੰ ਵੀ ਨਾ ਤੈਰਨ ਯੋਗ ਸਮੁੰਦਰ ਦੀ ਤਰ੍ਹਾਂ ਮੁਸ਼ਕਿਲ ਸਮਝਣਾ ਚਾਹੀਦਾ ਹੈ । (14)

ਅਗਿਆਨੀ ਜੀਵ ਸਾਵਦਯ (ਪਾਪ) ਕਰਮ ਕਾਰਣ, ਪੁਰਾਣੇ ਕਰਮਾਂ ਦਾ ਖਾਤਮਾ ਨਹੀਂ ਕਰ ਸਕਦੇ ਅਤੇ ਸਮਝਦਾਰ ਪੁਰਸ਼ ਅਕਰਮ (ਆਸ਼ਰ ਵਰਹਿਤ) ਹੋ ਕਰਮਾਂ ਦਾ ਖਾਤਮਾ ਕਰਦੇ ਹਨ । ਬੁਧੀਮਾਨ ਪੁਰਸ਼ ਲੋਕ ਤੇ ਅਭਿਮਾਨ ਤੋਂ ਦੂਰ ਰਹਿੰਦਾ ਹੈ । ਉਹ ਸੰਤੋਖੀ ਬਣਕੇ, ਪਾਪ ਕਰਮ ਨਹੀਂ ਕਰਦਾ । (15)

ਜੋ ਮਹਾਂਪੁਰਸ਼ ਲੋਭ ਦੇ ਤਿਆਗੀ, ਸੰਤੋਖੀ ਤੇ ਪਾਪਕਰਮ ਤੋਂ ਮੁਕਤ ਹੁੰਦੇ ਹਨ ।

ਉਹ ਵੀਤਰਾਗੀ ਲੋਕ ਦੇ ਭੂਤ, ਭਵਿੱਖ ਤੇ ਵਰਤਮਾਨ ਨੂੰ ਜਾਣਦੇ ਹਨ। ਉਹ ਹੋਰ ਜੀਵਾਂ ਨੂੰ ਸੰਸਾਰ ਸਾਗਰ ਪਾਰ ਕਰਾਉਣ ਵਿੱਚ ਸੱਚੇ ਨੇਤਾ ਬਣਦੇ ਹਨ ਪਰ ਉਨ੍ਹਾਂ ਦਾ ਕੋਈ ਨੇਤਾ ਨਹੀਂ ਹੁੰਦਾ। ਉਹ ਧੀਰ ਪੁਰਸ਼ ਹਮੇਸ਼ਾਂ ਪਾਪ ਤੋਂ ਸ਼ਾਵਧਾਨ ਰਹਿੰਦੇ ਹਨ। ਸੰਜਮ ਪਾਲਦੇ ਹਨ ਅਤੇ ਸੰਸਾਰ ਸਾਗਰ ਨੂੰ ਪਾਰ ਕਰ ਜਾਂਦੇ ਹਨ। (16)

ਪਾਪ ਤੋਂ ਘਿਰਨਾਂ ਕਰਨ ਵਾਲੇ, ਤੀਰਥੰਕਰ ਪ੍ਰਾਣੀ ਦੇ ਘਤ ਦੇ ਡਰ ਤੋਂ ਨਾ ਖੁਦ ਪਾਪ ਕਰਦੇ ਹਨ ਨਾ ਦੂਸਰੇ ਤੋਂ ਕਰਵਾਉਂਦੇ ਹਨ, ਕਰਮ ਦੇ ਖਾਤਮੇ ਵਿਚ ਨਿਪੁਨ ਉਹ ਪੁਰਸ਼. ਸਾਰਾ ਸਮਾਂ ਪਾਪਾਂ ਤੋਂ ਹਟ ਕ ਸੰਜਮ ਦਾ ਪਾਲਨ ਕਰਦੇ ਹਨ। ਪਰ ਦੂਸਰੇ ਧਰਮਾਂ ਦੇ ਲੋਕ ਦਾ ਗਿਆਨ ਧਾਰਨ ਕਰਕੇ, ਉਪਰੋਂ ਬਹਾਦਰੀ ਵਿਖਾਉਂਦੇ ਹਨ. ਕ੍ਰਿਆ ਰਾਹੀਂ ਨਹੀਂ। (17)

ਇਸ ਸੰਸਾਰ ਵਿਚ ਕੀੜੀ ਤੋਂ ਲੈ ਕੇ ਛੋਟੇ ਅਤੇ ਹਾਥੀ ਵਰਗੇ ਬੜੇ ਜੀਵ ਹਨ। ਉਨ੍ਹਾਂ ਸਭ ਨੂੰ ਪੰਡਤ ਪੁਰਸ਼ ਆਪਣੀ ਆਤਮਾ ਦੀ ਤਰ੍ਹਾਂ ਸਮਝਦਾ ਹੈ। ਇਸ ਲੋਕ ਨੂੰ ਮਹਾਨ (ਅਨੰਤ ਜੀਵਾਂ ਵਾਲਾ) ਸਮਝਦਾ ਹੈ। ਅਜੇਹਾ ਸਮਝ ਕੇ ਗਿਆਨੀ ਪੁਰਸ਼ ਸੰਜਮੀ ਮੁਨੀ ਕੋਲ ਸੰਜਮ ਧਾਰਨ ਕਰਦਾ ਹੈ। (18)

ਭਿਖਸ਼ੂ ਆਪਣੇ ਜਾਂ ਦੂਸਰੇ ਰਾਹੀਂ ਧਰਮ ਤਤੱਵ ਜਾਣ ਕੇ ਉਪਦੇਸ਼ ਕਰਦਾ ਹੈ ਉਹ ਆਪਣਾ ਤੇ ਦੂਸਰਿਆ ਦਾ ਬੇੜਾ ਪਾਰ ਕਰਨ ਵਿੱਚ ਸਮਰਥ ਹੈ। ਜੋ ਭਲੀ-ਭਾਂਤੀ ਸੱਚੀ ਸਮਝ ਰਾਹੀਂ, ਧਰਮ ਤਤੱਵ ਦਾ ਪ੍ਰਚਾਰ ਕਰਦਾ ਹੈ। ਅਜੇਹੇ ਜਯੋਤੀਮਾਨ ਮੁਨੀ ਦੀ ਸ਼ਰਨ ਗ੍ਰਹਿਣ ਕਰਨੀ ਚਾਹੀਦੀ ਹੈ। (19)

ਜੋ ਆਤਮਾ ਨੂੰ ਜਾਣਦਾ ਹੈ ਉਹ ਲੋਕ ਨੂੰ ਵੀ ਜਾਣਦਾ ਹੈ ਜੋ ਗਤਿ (ਜੂਨ) ਨੂੰ ਜਾਣਦਾ ਹੈ ਉਹ ਅਗਤਿ (ਮੋਕਸ਼) ਨੂੰ ਜਾਣਦਾ ਹੈ। ਜੋ ਮੋਕਸ਼ ਨੂੰ ਜਾਣਦਾ ਹੈ ਉਹ ਸੰਸਾਰ ਦੇ ਸਵਰੂਪ ਨੂੰ ਜਾਣਦਾ ਹੈ ਅਤੇ ਜਨਮ-ਮਰਨ ਅਤੇ ਭਿੰਨ-ਭਿੰਨ ਗਤੀਆ (ਜੂਨਾਂ) ਵਿੱਚ ਉੱਤਪਤੀ ਨੂੰ ਜਾਣਦਾ ਹੈ ਜੋ ਨਰਕ ਵਿੱਚ ਪੈਦਾ ਹੋਣ ਵਾਲੇ ਜੀਵਾਂ ਦੀ ਗਤਿ ਨੂੰ ਜਾਣਦਾ ਹੈ। ਉਹ ਆਸ਼ਰਵ ਤੇ ਸੰਵਰ ਨੂੰ ਜਾਣਦਾ ਹੈ, ਜੋ ਦੁੱਖ ਤੇ ਕਰਮ ਨਿਰਜ਼ਰਾ ਨੂੰ ਜਾਣਦਾ ਹੈ ਉਹ ਪੁਰਸ਼ ਕ੍ਰਿਆਵਾਦ ਦਾ ਉਪਦੇਸ਼ ਦੇਣ ਦਾ ਹੱਕਦਾਰ ਹੈ। (ਭਾਵ ਆਤਮ ਤੇ ਲੋਕ ਦੇ ਪਦਾਰਥਾਂ ਦਾ ਸਵਰੂਪ ਸਮਝੇ ਬਿਨਾਂ ਕ੍ਰਿਆਵਾਦ ਦਾ ਠੀਕ ਉਪਦੇਸ਼ ਨਹੀਂ ਦਿੱਤਾ ਜਾ ਸਕਦਾ।) (20)

ਸਾਧੂ ਮਨਭਾਉਂਦੇ ਸ਼ਬਦ ਤੇ ਰੂਪ ਵਿੱਚ ਨਾ ਫਸਦਾ ਹੋਇਆ, ਭੈੜੀ, ਖੁਸ਼ਬੂ ਜਾਂ ਰਸ ਪ੍ਰਤੀ ਵੈਰ ਨਾ ਰਖਦਾ ਹੋਇਆ, ਨਾ ਜ਼ਿੰਦਗੀ ਦੀ ਇੱਛਾ ਕਰੇ ਨਾ ਮਰਨ ਦੀ ਇੱਛਾ ਕਰੇ। ਪਰ ਸੰਜਮ ਦਾ ਰਖਿਅਕ ਬਣ ਕੇ, ਛਲ ਕਪਟ ਰਹਿਤ ਹੋ ਕੇ ਸੰਜਮ ਦਾ ਪਾਲਨ ਕਰੇ, ਅਜਿਹਾ ਮੈਂ ਆਖਦਾ ਹਾਂ। (21)



# ਯਥਾਤੱਥ ਨਾਮਕ ਤੇਹਰਵਾਂ ਅਧਿਐਨ

ਪਿਛਲੇ ਅਧਿਐਨਾਂ ਵਿਚ ਦੂਸਰੇ ਦਰਸ਼ਨਾਂ ਦਾ ਜ਼ਿਕਰ ਕੀਤਾ ਗਿਆ ਹੈ। ਟੀਕਾਕਾਰ ਸ਼ੀਲਾਂਕੀਚਾਰਿਆ ਦਾ ਕਥਨ ਹੈ, "ਜਿਸ ਰੀਤੀ ਨਾਲ ਸੂਤਰ ਬਣਾਏ ਗਏ ਹਨ ਉਨ੍ਹਾਂ ਦੀ ਵਿਆਖਿਆ ਉਸੇ ਤਰ੍ਹਾਂ ਕੀਤੀ ਜਾਵੇ, ਉਸੇ ਤਰ੍ਹਾਂ ਆਚਰਨ ਕੀਤਾ ਜਾਵੇ ਤਾਂ ਇਹ ਸੂਤਰ ਸੰਸਾਰ ਤੋਂ ਜੀਵਾਂ ਨੂੰ ਪਾਰ ਕਰਨ ਵਿਚ ਸਮਰੱਥ ਹੁੰਦੇ ਹਨ।" ਇਸ ਲਈ ਇਹ ਯਥਾਤੱਥ ਹੁੰਦੇ ਹਨ। ਜਿਵੇਂ ਸ੍ਰੀ ਸੁਧਰਮਾ ਸਵਾਮੀ, ਸ੍ਰੀ ਜੰਬੂ ਸਵਾਮੀ, ਸ੍ਰੀ ਪ੍ਰਭਵ ਸਵਾਮੀ, ਦੀ ਪਰੰਪਰਾ ਤੋਂ ਜੋ ਸੂਤਰ ਚਲੇ ਆ ਰਹੇ ਹਨ ਉਹ ਸੂਤਰ ਯਥਾਤੱਥ ਹਨ।

ਇਸ ਅਧਿਐਨ ਦਾ ਉਦੇਸ਼ ਇਹੋ ਹੈ ਕਿ ਜੋ ਆਗਮਾਂ ਵਿਚ ਅਰਿਹੰਤ ਭਗਵਾਨ ਨੇ ਮੂਲ ਰੂਪ ਵਿਚ ਫੁਰਮਾਇਆ ਹੈ ਅਤੇ ਗਨਧਰਾਂ ਨੇ ਉਸ ਉਪਦੇਸ਼ ਦਾ ਗਾਥਾ ਰੂਪ ਵਿਚ ਸੰਕਲਨ ਕੀਤਾ ਹੈ ਉਹ ਸਾਰਾ ਉਪਦੇਸ਼ ਯਥਾਤੱਥ ਹੈ। ਇਸ ਅਧਿਐਨ ਵਿਚ ਸਾਧੂ ਨੂੰ ਜਾਤ ਪਾਤ, ਕੁਲ ਦਾ ਹੰਕਾਰ ਤਿਆਗਨ ਦਾ ਉਪਦੇਸ਼ ਦਿਤਾ ਗਿਆ ਹੈ। ਅਤੇ ਜਾਤ ਪਾਤ ਤੇ ਕੁਲ ਦੇ ਹੰਕਾਰ ਨੂੰ ਜਨਮ ਮਰਨ ਦਾ ਕਾਰਣ ਕਿਹਾ ਗਿਆ ਹੈ।

## ਨਿਕਸ਼ੇਪ—

ਯਥਾਤੱਥ ਦੇ 4 ਨਿਕਸ਼ੇਪ ਬਣਦੇ ਹਨ (1) ਨਾਮ ਤੇ (2) ਸਥਾਪਨਾ ਸਰਲ ਹੈ।

ਸਚਿਤ ਅਚਿਤ ਜਿਸ ਦਰਵ ਦਾ ਜਿਸ ਤਰ੍ਹਾਂ ਦਾ ਸੁਭਾਵ ਹੈ ਉਹ ਦਰਵ ਤੱਥ ਹੈ, ਜਿਵੇਂ ਚੰਦਨ ਦਾ ਸੁਭਾਅ ਸ਼ੀਤਲਤਾ ਪ੍ਰਦਾਨ ਕਰਨਾ ਹੈ।

(3) ਭਾਵ ਤੱਥ ਨਿਯਮ ਪੱਖੋਂ 6 ਪ੍ਰਕਾਰ ਨਾਲ ਜਾਨਣਾ ਚਾਹੀਦਾ ਹੈ।

1. ਕਰਮਾਂ ਦੇ ਉਦੇ (ਪ੍ਰਗਟ) ਹੋਣ ਨਾਲ ਜੋ ਹੁੰਦਾ ਹੈ ਉਹ ਔਦਾਯਿਕ ਭਾਵ ਹੈ। ਜੋ ਕਰਮ ਉਦੇ ਕਾਰਣ ਜੀਵ ਜੋ ਗਤੀ ਆਦਿ ਦਾ ਅਨੁਭਵ ਕਰਦਾ ਹੈ ਉਹ ਔਦਾਇਕ ਭਾਵ ਹੈ।

2. ਜੋ ਕਰਮ ਦੇ ਉਪਸ਼ਮ (ਖਾਤਮੇ) ਸਮੇਂ ਉਤਪੰਨ ਹੁੰਦਾ ਹੈ, ਉਹ ਉਪਸ਼ਮਿਕ ਹੈ, ਭਾਵ ਕਰਮਾਂ ਦਾ ਉਦੇ ਨਾ ਹੋਣਾ ਹੀ ਉਪਸ਼ਮਿਕ ਭਾਵ ਹੈ।

3. ਕਰਮ ਪ੍ਰੰਪਰਾ ਖਤਮ ਹੋਣ ਤੇ ਆਤਮਾ ਦਾ ਜੋ ਗੁਣ ਪ੍ਰਗਟ ਹੁੰਦਾ ਹੈ ਉਸਨੂੰ ਕਸ਼ਾਇਕ ਭਾਵ ਆਖਦੇ ਹਨ।

4. ਇਹ ਅਪ੍ਰਤਿਪਾਤੀ ਗਿਆਨ, ਦਰਸ਼ਨ ਚਾਰਿੱਤਰ ਰੂਪ ਹੈ ਜੋ ਕਰਮ ਦੇ ਖਾਤਮੇ ਤੇ ਉਪਸ਼ਮ ਸਮੇਂ ਉਤਪੰਨ ਹੁੰਦਾ ਹੈ ਉਹ ਕਸ਼ਾਏ ਉਪਸ਼ਮਿਕ ਹੈ।

5. ਕੁਝ ਅੰਸ਼ ਖਾਤਮਾ ਦੇ ਰੂਪ ਵਿਚ ਅਤੇ ਕੁਝ ਉਪਸ਼ਮ ਰੂਪ ਵਿਚ ਹੈ, ਜੋ ਪਰਿਣਾਮਾਂ ਤੋਂ ਉਤਪੰਨ ਹੁੰਦਾ ਹੈ ਉਹ ਪਰਿਣਾਮਿਕ ਭਾਵ ਹੈ।

6. ਜੀਵ, ਅਜੀਵ, ਭਵਤਵ ਆਦਿ ਹੈ। ਇਨ੍ਹਾਂ ਨੂੰ ਪੰਜਾਂ ਭਾਵਾਂ ਵਿਚ ਜੋ ਤਿੰਨ ਦੇ ਸਹਿਯੋਗ ਨਾਲ ਉਤਪੰਨ ਹੁੰਦਾ ਹੈ ਉਹ ਸਨੀਪਾਤਿਕ ਹੁੰਦਾ ਹੈ।

ਆਤਮਾ ਵਿਚ ਰਹਿਣ ਵਾਲਾ ਭਾਵ ਤੱਥ ਚਾਰ ਪ੍ਰਕਾਰ ਦਾ ਹੈ। (1) ਗਿਆਨ ਤੱਥ (2) ਦਰਸ਼ਨ ਤੱਥ (3) ਚਾਰਿੱਤਰ ਤੱਥ (4) ਵਿਨੈ ਤੱਥ।

1. ਮਤਿ, ਸ਼ਰੁਤੀ, ਅਵ,ਧੀ ਮਨ ਪ੍ਰਭਵ ਤੇ, ਕੇਵਲ ਗਿਆਨ ਨਾਲ ਜੋ ਵਸਤੂ ਜੇਹੀ ਹੈ ਉਸੇ ਤਰ੍ਹਾਂ ਮੰਨਣਾ ਗਿਆਨ ਤੱਥ ਹੈ।

2. ਸ਼ੰਕਾ ਆਦਿ ਅਤਿਆਚਾਰਾਂ ਤੋਂ ਰਹਿਤ ਜੀਵ-ਅਜੀਵ ਆਦਿ ਨੌਂ ਤੱਤਵਾਦੀ ਸ਼ਰਧਾ ਦਰਸ਼ਨ ਤੱਥ ਹੈ।

3. 12 ਪ੍ਰਕਾਰ ਦੇ ਤਪ ਤੇ 17 ਪ੍ਰਕਾਰ ਦਾ ਸੰਜਮ ਹੀ ਚਾਰਿੱਤਰ ਤੱਥ ਹੈ।

4. ਗਿਆਨ, ਦਰਸ਼ਨ, ਚਾਰਿੱਤਰ ਤੇ ਤੱਪ ਦੀ ਮਾਤਰਾ ਅਨੁਸਾਰ ਸਾਧਨਾ ਹੀ ਵਿਨੈ ਤੱਥ ਹੈ।



# ਤੇਰਹਵਾਂ ਯਥਾਤੱਥ ਅਧਿਐਨ

(ਸ੍ਰੀ ਸੁਧਰਮਾ ਸਵਾਮੀ ਜੀ, ਸ੍ਰੀ ਜੰਬੂ ਸਵਾਮੀ ਨੂੰ ਆਖਦੇ ਹਨ) "ਹੁਣ ਮੈਂ ਤੱਤਵ ਬਾਰੇ ਦੱਸਾਂਗਾ" ਗਿਆਨ ਪੁਰਸ਼ ਦੇ ਅਚਾਰ, ਅਨਾਚਾਰ, ਸੰਤਾਂ ਦੇ ਸ਼ੀਲ ਅਤੇ ਅਸੰਤਾਂ ਦੇ ਕੁਸ਼ੀਲ, ਸ਼ਾਂਤੀ (ਨਿਰਵਾਨ) ਅਤੇ ਅਸ਼ਾਂਤੀ (ਹਿੰਸਾ) ਬਾਰੇ ਆਖਾਂਗਾ। (1)

ਰਾਤ ਦਿਨ ਉੱਤਮ ਕ੍ਰਿਆ ਵਿੱਚ ਲੱਗੇ ਤਥਾਗਤ (ਤੀਰਥੰਕਰ) ਦੇ ਧਰਮ ਨੂੰ ਪ੍ਰਾਪਤ ਕਰਕੇ ਵੀ, ਉਨ੍ਹਾਂ ਰਾਹੀਂ ਦੱਸੀ ਸਮਾਧੀ ਮਾਰਗ ਨੂੰ ਨਾ ਸੇਵਨ ਕਰਕੇ, ਕਈ ਲੋਕ ਤੀਰਥੰਕਰਾਂ ਦੀ ਸਿੱਖਿਆ ਤੋਂ ਉਲਟ ਤੇ ਕਠੋਰ ਵਚਨ ਬੋਲਦੇ ਹਨ। (2)

ਇਹ ਲੋਕ ਜਿਨ (ਜੈਨ) ਮਾਰਗ ਦੀ ਉਲਟ ਵਿਆਖਿਆ ਕਰਦੇ ਹਨ, ਮਨ ਮਰਜ਼ੀ ਨਾਲ ਸ਼ਾਸਤਰਾਂ ਦਾ ਸ਼ੁਧ ਦੀ ਥਾਂ ਅਸ਼ੁਧ ਅਰਥ ਕਰਦੇ ਹਨ। ਜੋ ਮਨੁੱਖ ਸਰਵਗ ਵੀਤਰਾਗ ਦੇ ਗਿਆਨ ਪ੍ਰਤੀ ਸ਼ਕ ਕਰਦੇ ਹਨ ਉਹ ਉੱਤਮ ਗੁਣਾਂ ਦੇ ਧਾਰਕ ਨਹੀਂ ਹੋ ਸਕਦੇ। (3)

(ਜਦ ਅਜਿਹੇ ਲੋਕਾਂ ਤੋਂ ਕੋਈ ਪੁੱਛਦਾ ਹੈ) "ਤੁਸੀਂ ਇਹ ਸਿੱਖਿਆ ਕਿਥੋਂ ਪਾਈ ਹੈ?" ਤਾਂ ਉਹ ਲੋਕ ਆਪਣੇ ਅਸਲ ਗੁਰੂ ਦਾ ਨਾਂ ਨਹੀਂ ਦਸਦੇ, ਸਗੋਂ ਕਿਸੇ ਪ੍ਰਸਿੱਧ ਅਚਾਰਿਆ ਦਾ ਨਾਂ ਲੈਂਦੇ ਹਨ। ਅਜਿਹੇ ਲੋਕ ਆਪਣੇ ਆਪ ਨੂੰ ਮੁਕਤੀ ਤੋਂ ਪਰੇ ਕਰਦੇ ਹਨ। ਉਹ ਸਾਧੂ ਨਹੀਂ ਹਨ, ਫੇਰ ਵੀ ਖੁਦ ਨੂੰ ਸਾਧੂ ਮੰਨਦੇ ਹਨ, ਅਜਿਹੇ ਪਾਪੀ ਅਨੰਤ ਜਨਮ-ਮਰਨ ਨੂੰ ਪ੍ਰਾਪਤ ਕਰਨਗੇ। (4)

"ਜੋ ਕਰੋਧੀ ਹੁੰਦਾ ਹੈ ਉਹ ਦੂਸਰੇ ਵਿਚ ਦੋਸ਼ ਦਸਦਾ ਹੈ। ਜੋ ਖਤਮ ਹੋਏ ਝਗੜੇ ਨੂੰ ਮੁੜ ਜਨਮ ਦਿੰਦਾ ਹੈ ਉਹ ਪਾਪ ਕਰਮ ਕਰਨ ਵਾਲਾ ਪੁਰਸ਼ ਹਮੇਸ਼ਾਂ ਕਲੇਸ਼ ਵਿੱਚ ਪਿਆ ਰਹਿੰਦਾ ਹੈ। ਡੰਡੀ ਤੇ ਚਲਨ ਵਾਲੇ ਅੰਨੇ ਦੀ ਤਰ੍ਹਾਂ ਦੁੱਖ ਪਾਂਦਾ ਹੈ। (5)

ਜੋ ਸਾਧੂ ਕਲੇਸ਼ੀ ਹੈ, ਨਿਆਂ ਵਿਰੁਧ ਭਾਸ਼ਾ ਬੋਲਦਾ ਹੈ, ਉਹ ਸਮਭਾਵ ਨੂੰ ਪ੍ਰਾਪਤ ਨਹੀਂ ਕਰ ਸਕਦਾ, ਉਹ ਕਲੇਸ਼ ਰਹਿਤ ਨਹੀਂ ਹੈ। ਜੋ ਗੁਰੂ ਦੀ ਆਗਿਆ ਦਾ ਪਾਲਨ ਕਰਦਾ ਹੈ, ਪਾਪ ਕਰਮਾਂ ਵਿਚ ਸ਼ਰਮ ਮੰਨਦਾ ਹੈ, ਜੋ ਜੀਵ, ਅਜੀਵ ਆਦਿ ਤੱਤਵਾਂ ਤੇ ਨਿਸ਼ਚੈ ਨਾਲ ਸ਼ਰਧਾ ਰਖਦਾ ਹੈ ਉਹ ਹੀ ਕਪਟ ਰਹਿਤ ਸਾਧੂ ਹੈ। (6)

"ਭੁੱਲ ਹੋਣ ਤੇ ਵੀ, ਅਚਾਰਿਆ ਰਾਹੀਂ ਕਠੋਰ ਅਨੁਸ਼ਾਸਨ ਕਾਰਣ, ਜੋ ਦੁੱਖ ਨਹੀਂ

ਮੰਨਦਾ ਅਤੇ ਆਤਮਾ ਨੂੰ ਸ਼ੁੱਧ ਰਖਦਾ ਹੈ ਉਹ ਸਾਧੂ, ਵਿਨੈ ਆਦਿ ਗੁਣਾਂ ਦਾ ਭੰਡਾਰ ਅਤੇ ਸੂਖਮ (ਭਾਵ) ਵੇਖਣ ਵਾਲਾ ਹੈ। ਉਹ ਪੁਰਸ਼ਾਰਥੀ (ਮੇਹਨਤੀ) ਜਾਤੀ ਤੋਂ ਉੱਚਾ ਤੇ ਸੰਜਮ ਦਾ ਪਾਲਕ ਹੈ, ਅਜਿਹਾ ਸਾਧੂ ਵੀਤਰਾਗ ਪ੍ਰਭੂ ਦੀ ਤਰ੍ਹਾਂ ਹੈ।" (7)

ਜੋ ਖੁਦ ਆਪਣੇ ਆਪ ਨੂੰ ਬੜਾ ਸੰਜਮੀ ਤੇ ਗਿਆਨੀ ਮੰਨ ਕੇ ਬਿਨਾ ਖੁੱਦ ਨੂੰ ਪਰਖੇ ਹੀ ਅਭਿਮਾਨ ਕਰਦਾ ਹੈ। "ਮੈਂ ਤਪੱਸਵੀ ਹਾਂ" ਅਜਿਹਾ ਮੰਨ ਕੇ ਦੂਸਰੇ ਜੀਵਾਂ ਨੂੰ ਪਾਣੀ ਵਿਚ ਪਈ ਚੰਦਰਮਾਂ ਦੀ ਛਾਂ ਦੀ ਤਰ੍ਹਾਂ ਬੇਜਾਨ ਸਮਝਦਾ ਹੈ। (8)

ਇਸ ਤਰ੍ਹਾਂ ਦਾ ਹੰਕਾਰੀ ਸਾਧੂ ਏਕਾਂਤ ਮੋਹ ਵਿੱਚ ਫਸ ਕੇ ਸੰਸਾਰ ਵਿੱਚ ਘੁੰਮਦਾ ਹੈ ਉਹ ਆਗਮਾਂ ਤੇ ਅਰਿਹੰਤਾਂ ਦੇ ਰਾਹ ਤੋਂ ਪਰੇ ਹੈ। ਜੋ ਮਾਨ ਸਨਮਾਨ ਪਾਕੇ ਹੰਕਾਰ ਕਰਦਾ ਹੈ, ਸੰਜਮ ਗ੍ਰਹਿਣ ਕਰਦੇ ਗਿਆਨ ਦਾ ਹੰਕਾਰ ਕਰਦਾ ਹੈ, ਉਹ ਸੱਚੇ ਪਰਮਾਰਥ ਤੋਂ ਅਨਜਾਨ ਹੈ। ਸੰਜਮੀ ਹੋ ਕੇ ਵੀ ਗਿਆਨ ਆਦਿ ਦਾ ਹੰਕਾਰ ਕਰਦਾ ਹੋਇਆ ਉਹ ਪਰਮਾਰਥ ਨੂੰ ਨਹੀਂ ਜਾਣਦਾ। (9)

ਚਾਹੇ ਕੋਈ ਬ੍ਰਾਹਮਣ ਹੋਵੇ ਜਾਂ ਖਤਰੀ ਹੋਵੇ, ਉੱਗਰ ਕੁੱਲ ਹੋਵੇ ਜਾਂ ਲਿਛਵੀ ਹੋਵੇ। ਜੋ ਦੀਖਿਆ ਵੰਸ਼, ਜਾਤੀ ਜਾਂ ਵਰਣ ਦਾ ਅਭਿਮਾਨ ਨਹੀਂ ਕਰਦਾ, ਉਹ ਹੀ ਵੀਤਰਾਗ ਪ੍ਰਮਾਤਮਾ ਦੇ ਰਾਹ ਦਾ ਸੱਚਾ ਰਾਹੀ ਹੈ। (10)

ਜਾਤ, ਕੁਲ ਦੇ ਅਭਿਮਾਨੀ ਦਾ ਉਸਦੀ ਜਾਤ ਜਾਂ ਕੁਲ ਸ਼ਰਨ (ਆਸਰਾ) ਨਹੀਂ ਬਣ ਸਕਦਾ। ਸਮਇਕਤੱਵ ਦੁਆਰਾ ਗ੍ਰਹਿਣ ਕੀਤਾ ਗਿਆਨ, ਸਦਾਚਾਰ ਤੋਂ ਛੁਟ ਹੋਰ ਕੋਈ ਵੀ ਸੰਸਾਰੀ ਪਦਾਰਥ ਜੀਵ ਦਾ ਸਹਾਰਾ ਨਹੀਂ। ਜੋ ਦੀਖਿਆ ਲੈ ਕੇ ਗ੍ਰਹਿਸਥ ਕਰਮ ਕਰਦਾ ਹੈ ਉਹ ਆਪਣੇ ਕਰਮਾਂ ਦਾ ਖਾਤਮਾ ਕਰਨ ਵਿਚ ਸਮਰੱਥ ਨਹੀਂ। (11)

ਜੋ ਪੁਰਸ਼ ਅਕਿੰਚਨ (ਧੰਨ ਰਹਿਤ) ਹੈ, ਭਿੱਖਿਆ ਤੇ ਅਧਾਰਿਤ ਜੀਵਨ ਗੁਜਾਰਦਾ ਹੈ। ਰੁੱਖਾ ਸੁੱਖਾ ਖਾਂਦਾ ਹੈ ਫੇਰ ਵੀ ਆਪਣੇ ਗੁਣਾਂ ਜਾਂ ਜਾਤਿ ਕੁੱਲ ਦਾ ਅਭਿਮਾਨ ਕਰਦਾ ਹੈ। ਆਪਣੀ ਪ੍ਰਸ਼ੰਸਾ ਵਿਚ ਫਸਦਾ ਹੈ ਉਸ ਦੇ ਇਹ ਗੁਣ ਉਸ ਦੀ ਗੁਜ਼ਾਰਾ (ਤਨਖਾਹ) ਦੀ ਤਰ੍ਹਾਂ ਹਨ। ਉਹ ਸੱਚਾ ਮਾਰਗ ਨਾ ਸਮਝ ਕੇ ਬਾਰ-ਬਾਰ ਜਨਮ-ਮਰਨ ਨੂੰ ਪ੍ਰਾਪਤ ਹੁੰਦਾ ਹੈ। (12)

ਜੋ ਭਿਖਸ਼ੂ ਭਾਸ਼ਾ ਦੇ ਗੁਣ ਤੇ ਦੋਸ਼ਾਂ ਨੂੰ ਜਾਣਦਾ ਹੈ। ਮਿੱਠੇ ਵਚਨ ਬੋਲਦਾ ਹੈ, ਪ੍ਰਤਿਭਾਸ਼ਾਲੀ ਹੈ। ਤਤੱਵਾਂ ਦਾ ਗਿਆਨੀ ਤੇ ਜਾਨਕਾਰ ਹੈ, ਜਿਸਦੀ ਬੁੱਧੀ ਨੇ ਤਤੱਵ ਨੂੰ ਗ੍ਰਹਿਣ ਕਰ ਲਿਆ ਹੈ। ਜਿਸ ਦਾ ਮਨ ਧਰਮ ਰੂਪੀ ਵਾਸਨਾ ਵਿੱਚ ਲੱਗਾ ਹੈ ਉਹ ਹੀ ਸੱਚਾ ਹੈ। ਜੋ ਸਾਧੂ ਇਨ੍ਹਾਂ ਗੁਣਾਂ ਦਾ ਹੰਕਾਰ ਕਰਕੇ, ਦੂਸਰੇ ਸਾਧੂ ਦੀ ਬੇਇੱਜਤੀ ਕਰਦਾ ਹੈ ਉਹ ਵਿਵੇਕਵਾਨ ਨਹੀਂ ਹੈ। (13)

ਜੋ ਬੁੱਧੀਮਾਨ ਹੋ ਕੇ, ਬੁੱਧੀ ਦਾ ਹੰਕਾਰ ਕਰਦਾ ਹੈ, ਜੋ ਲਾਭ ਪ੍ਰਾਪਤ ਹੋਣ ਤੇ ਹੰਕਾਰ

ਕਰਦਾ ਹੈ, ਦੂਸਰੇ ਦੀ ਨਿੰਦਾ ਕਰਦਾ ਹੈ। (ਜੋ ਆਖਦਾ ਹੈ ਵੇਖੋ ਮੈਨੂੰ ਉੱਤਮ ਭੋਜਨ ਵਸਤਰ ਮਿਲਦਾ ਹੈ, ਬਾਕੀ ਤਾਂ ਸਾਰੇ ਪੇਟੂ ਹਨ) ਇਸ ਪ੍ਰਕਾਰ ਦਾ ਅਭਿਮਾਨੀ ਦੂਸਰੇ ਨੂੰ ਛੋਟਾ ਸਮਝਦਾ ਹੈ। ਉਹ ਬਾਲਬੁੱਧੀ (ਅਗਿਆਨਤਾ) ਕਾਰਣ ਸਮਾਧੀ ਪ੍ਰਾਪਤ ਨਹੀਂ ਕਰਦਾ। (14)

ਸਾਧੂ ਬੁੱਧੀ, ਤਪੱਸਿਆ, ਗੋਤ, ਆਜੀਵਿਕਾ ਦਾ ਹੰਕਾਰ ਨਾ ਕਰੇ, ਜੋ ਅਜਿਹਾ ਕਰਦਾ ਹੈ ਉਹ ਹੀ ਪੰਡਤ ਤੇ ਮਹਾਨ ਹੈ। (15)

ਧੀਰ ਪੁਰਸ਼ ਇਨ੍ਹਾਂ ਹੰਕਾਰਾਂ ਨੂੰ ਦੂਰ ਕਰੇ। ਗਿਆਨ, ਦਰਸ਼ਨ ਤੇ ਚਾਰਿੱਤਰ ਰੂਪੀ ਸਮਿਕਤੱਵ ਧਰਮ ਦਾ ਸੇਵਨ ਕਰਨ ਵਾਲੇ, ਇਹ ਹੰਕਾਰ ਨਹੀਂ ਕਰਦੇ। ਇਸ ਲਈ ਉਹ ਮਹਾਂਰਿਸ਼ੀ ਸਾਰੇ ਗੋਤਾਂ ਤੋਂ ਰਹਿਤ, ਗਤੀ (ਮੁਕਤੀ) ਨੂੰ ਪ੍ਰਾਪਤ ਕਰਦੇ ਹਨ। (16)

ਸ਼ਰੀਰ ਦੇ ਸੰਸਕਾਰਾਂ ਦਾ ਤਿਆਗੀ, ਚੰਗੀ ਲੇਸ਼ਿਆਂ ਵਾਲਾ, ਧਰਮ ਦੇ ਸਵਰੂਪ ਨੂੰ ਜਾਨਣ ਵਾਲਾ ਸਾਧੂ ਪਿੰਡਾਂ ਜਾਂ ਸ਼ਹਿਰਾਂ ਵਿੱਚ ਭੋਜਨ ਦੀ ਸ਼ੁਧੀ ਤੇ ਅਸ਼ੁਧੀ ਨੂੰ ਜਾਣਦਿਆਂ ਹੋਇਆਂ, ਮਮਤਾ ਰਹਿਤ ਹੋ ਕੇ ਘੁੰਮੇ। (17)

ਸਾਧੂ ਸੰਜਮ ਪ੍ਰਤੀ ਅਰਤਿ ਤੇ ਅਸੰਜਮ ਪ੍ਰਤਿ ਰਤਿ ਦਾ ਤਿਆਗ ਕਰੇ। ਚਾਹੇ ਉਹ ਸਾਧੂ ਬਹੁਤ ਸਾਧੂਆਂ ਨਾਲ ਰਹੇ ਜਾਂ ਇਕੱਲਾ, ਜੋ ਕੰਮ ਸੰਜਮ ਦੇ ਵਿਰੁੱਧ ਨਾ ਹੋਵੇ, ਉਹ ਹੀ ਆਖੇ। ਸਾਧੂ ਨੂੰ ਸਦਾ ਧਿਆਨ ਰੱਖਣਾ ਚਾਹੀਦਾ ਹੈ "ਜੀਵ ਇਕੱਲਾ ਆਉਂਦਾ ਹੈ ਤੇ ਇਕੱਲਾ ਹੀ ਜਾਂਦਾ ਹੈ." (18)

ਧੀਰ ਪੁਰਸ਼ ਧਰਮ ਦੇ ਸਵਰੂਪ ਨੂੰ ਆਪ ਜਾਂ ਗੁਰੂ ਤੋਂ ਸੁਣ ਕੇ, ਸਮਝ ਕੇ, ਹੋਰ ਜੀਵ ਨੂੰ ਹਿੱਤ ਵਚਨ ਸੁਣਾਵੇ। ਜੋ ਕਰਮਾਂ ਦਾ ਕਾਰਣ ਕਰਮ ਹੈ, ਜੋ ਮਾਨ ਵਡਿਆਈ ਲਈ ਕੀਤਾ ਜਾਂਦਾ ਹੈ ਉਸ ਕਰਮ ਦਾ ਆਚਰਨ ਨਾ ਕਰੇ।" (19)

ਅਜਿਹੀ ਹਾਲਤ ਵਿੱਚ ਮਿਥਿਆ ਦਰਿਸ਼ਟੀ, ਸੱਚੇ ਧਰਮ ਤੇ ਸਰਧਾ ਨਾ ਰਖਦੇ ਹੋਏ ਸਾਧੂ ਪ੍ਰਤਿ ਗੁੱਸੇ ਹੋ ਸਕਦੇ ਹਨ। ਸਾਧੂ ਨੂੰ ਮਾਰ ਵੀ ਸਕਦੇ ਹਨ। ਇਸ ਲਈ ਸਾਧੂ ਦੂਸਰੇ ਦੇ ਭਾਵ ਨੂੰ ਸਮਝ ਕੇ ਉਪਦੇਸ਼ ਕਰੇ। (20)

ਧਰਮ ਉਪਦੇਸ਼ ਦੇ ਬਦਲੇ ਸਾਧੂ ਆਪਣੀ ਪੂਜਾ ਤੇ ਸਤੂਤੀ ਦੀ ਇੱਛਾ ਨਾਂ ਕਰੇ। ਕਿਸੇ ਦਾ ਪਿਆਰਾ ਜਾਂ ਨਾਂ ਪਿਆਰਾ ਨਾ ਕਰੇ। ਸਾਰੇ ਅਨਰਥਾਂ ਤੋਂ ਬਚਦਾ ਸਾਧੂ ਆਕੁਲਤਾ (ਆਤਮਵਿਸ਼ਵਾਸ) ਰਹਿਤ ਹੋ ਕੇ ਧਰਮ ਉਪਦੇਸ਼ ਦੇਵੇ। (2)

ਧਰਮ ਦੇ ਸ਼ੁੱਧ ਸਵਰੂਪ ਨੂੰ ਜਾਣਦਾ ਹੋਇਆ ਸਾਧੂ, ਤਰੱਸ ਸਥਾਵਰ ਜੀਵਾਂ ਦੀ ਹਿੰਸਾ ਦਾ ਤਿਆਗ ਕਰੇ। ਜ਼ਿੰਦਗੀ ਤੇ ਮੌਤ ਦੀ ਇੱਛਾ ਨਾ ਕਰੇ, ਸਗੋਂ ਦੋਹਾਂ ਵਿੱਚ ਸਮਾਨ ਭਾਵ ਰਖੇ। ਕਪਟ ਤੋਂ "ਮੁਕਤ ਹੋ ਕੇ ਜੀਵਨ ਗੁਜ਼ਾਰੇ" ਅਜਿਹਾ ਮੈਂ ਆਖਦਾ ਹਾਂ। (23)



# ਗ੍ਰੰਥ ਨਾਮਕ ਚੌਦਹਵਾਂ ਅਧਿਐਨ

ਤੇਰਹਵੇਂ ਅਧਿਐਨ ਵਿਚ ਸ਼ੁੱਧ ਚਾਰਿੱਤਰ ਦਾ ਵਰਨਣ ਕੀਤਾ ਗਿਆ ਹੈ। ਚਾਰਿੱਤਰ ਦੋ ਪ੍ਰਕਾਰ ਦਾ ਹੈ (1) ਅੰਦਰਲਾ ਤੇ ਬਾਹਰਲਾ। ਇਹ ਚਾਰਿੱਤਰ ਅੰਦਰਲੀ ਤੇ ਬਾਹਰਲੀ ਗੰਢ ਗ੍ਰੰਥ ਜਾਂ ਗਠ) ਨੂੰ ਦੂਰ ਕਰਕੇ ਹੀ ਨਿਰਮਲ ਬਣਦਾ ਹੈ।

ਦਰਵ ਤੇ ਭਾਵ ਤੋਂ ਗ੍ਰੰਥ ਦੋ ਕਿਸਮ ਦਾ ਹੈ। ਸ੍ਰੀ ਉੱਤਰਾਧਿਐਨ ਸੂਤਰ ਦਾ ਨਿਰਗ੍ਰੰਥ ਅਧਿਐਨ ਵਿਚ ਵਿਸਥਾਰ ਨਾਲ ਕਿਹਾ ਗਿਆ ਹੈ। ਜੋ ਚੇਲਾ ਦਰਵ ਤੇ ਭਾਵ ਦੋਹਾਂ ਗੱਠਾਂ ਨੂੰ ਤਿਆਗ ਦਿੰਦਾ ਹੈ, ਜਾਂ ਜੋ ਆਚਾਰਾਂਗ ਸੂਤਰ ਦਾ ਅਧਿਐਨ ਕਰਦਾ ਹੈ। ਚੇਲੇ ਦੋ ਕਿਸਮ ਦੇ ਹਨ (1) ਦੀਖਿਆ ਕਾਰਣ ਚੇਲਾ (2) ਸਿੱਖਿਆ ਕਾਰਣ ਚੇਲਾ ਇਥੇ ਸਿੱਖਿਆ ਗ੍ਰਹਿਣ ਕਰਨ ਵਾਲੇ ਚੇਲੇ ਬਾਰੇ ਕਿਹਾ ਗਿਆ ਹੈ। ਜੋ ਸਿੱਖਿਆ ਗ੍ਰਹਿਣ ਕਰਦਾ ਹੈ ਉਹ ਸੈਕਸ਼ਕ ਹੈ।

ਇਸੇ ਤਰ੍ਹਾਂ ਸਿੱਖਿਆ ਗ੍ਰਹਿਣ ਕਰਨ ਵਾਲਾ ਚੇਲਾ ਤਿੰਨ ਤਰ੍ਹਾਂ ਦਾ ਹੈ (1) ਇਕ ਸੂਤਰ ਗ੍ਰਹਿਣ ਕਰਦਾ ਹੈ (2) ਇਕ ਅਰਥ ਗ੍ਰਹਿਣ ਕਰਦਾ ਹੈ (3) ਇਕ ਸੂਤਰ ਤੇ ਅਰਥ ਦੋਵੇਂ ਗ੍ਰਹਿਣ ਕਰਦਾ ਹੈ।

ਸੂਤਰ ਵਿਚ ਜੋ ਗੱਲ ਜਿਵੇਂ ਹੈ ਉਸ ਨੂੰ ਉਸੇ ਤਰ੍ਹਾਂ ਗ੍ਰਹਿਣ ਕਰਨਾ ਆਸੇਵਨਾ ਹੈ। ਆਸੇਵਨਾ ਚੇਲਾ ਦੋ ਤਰ੍ਹਾਂ ਦਾ ਹੈ (1) ਮੂਲ ਗੁਣ ਵਾਲਾ (2) ਉੱਤਰ ਗੁਣ ਵਾਲਾ। ਮੂਲ ਗੁਣ ਅਹਿੰਸਾ, ਸੱਚ, ਚੋਰੀ ਨਾ ਕਰਨਾਂ, ਅਪਰਿਗ੍ਰਹਿ ਤੇ ਬ੍ਰਹਮਚਰਜ ਆਦਿ ਮਹਾਵਰਤ ਸ਼ਾਮਲ ਹਨ। ਉੱਤਰ ਗੁਣ ਵਿਚ ਸਮਿਤੀ, ਭਾਵਨਾ, ਦੋਵੇਂ ਪ੍ਰਕਾਰ ਦਾ ਤਪ ਸ਼ਾਮਲ ਹੈ।

ਸਿੱਖਿਆ ਦੇਣ ਵਾਲਾ ਅਚਾਰਿਆ ਵੀ ਦੋ ਪ੍ਰਕਾਰ ਦਾ ਹੈ। (1) ਜੋ ਸਿੱਖਿਆ ਪੜ੍ਹਾਉਂਦਾ ਹੈ(2) ਜੋ ਦਸ ਪ੍ਰਕਾਰ ਦੀ ਸਮਾਚਾਰੀ ਸਾਧੂ ਜੀਵਨ ਦੇ ਕਰਤਵ ਗ੍ਰਹਿਣ ਕਰਕੇ,

ਉਸ ਦੇ ਅਰਥ ਨੂੰ ਗ੍ਰਹਿਣ ਕਰਦਾ ਹੈ। ਪੜ੍ਹਾਉਣ ਵਾਲਾ ਅਚਾਰਿਆ ਵੀ ਸਿੱਖਿਆ ਗ੍ਰਹਿਣ ਕਰਨ ਵਾਲੇ ਚੇਲੇ ਦੀ ਤਰ੍ਹਾਂ ਤਿੰਨ ਪ੍ਰਕਾਰ ਦਾ ਹੈ।

ਆਸੇਵਨ ਅਚਾਰਿਆ ਦੇ ਦੋ ਭੇਦ (1) ਮੂਲ ਗੁਣ ਆਸੇਨ ਅਚਾਰਿਆ (2) ਉੱਤਰ ਗੁਣ ਆਸੇਵਨ ਅਚਾਰਿਆ ਹਨ।

ਗ੍ਰੰਥ, ਗੰਢ ਜਾਂ ਗਠੈ ਤੋਂ ਸਾਧੂ ਤੋਂ ਹਰ ਸਮੇਂ ਬਚਾਉ ਦੀ ਜਰੂਰਤ ਹੈ। ਜੋ ਗ੍ਰੰਥ ਤੋਂ ਰਹਿਤ ਹੈ ਉਹ ਹੀ ਨਿਰਗ੍ਰੰਥ ਅਖਵਾ ਸਕਦਾ ਹੈ।

ਨਿਰਯੁਕਤੀਕਾਰ ਸ਼੍ਰੀ ਭਦਰਵਾਹੂ ਸਵਾਮੀ ਜੀ ਅਨੁਸਾਰ ਗ੍ਰੰਥ ਦਾ ਅਰਥ ਅਸਲ ਵਿਚ ਪਰਿਗ੍ਰਹਿ ਹੈ। ਪਰਿਗ੍ਰਹਿ ਗ੍ਰੰਥ ਦੋ ਪ੍ਰਕਾਰ ਦਾ ਹੈ। (1) ਬਾਹਰਲਾ (2) ਅੰਦਰਲਾ। ਬਾਹਰਲਾ ਪਰਿਗ੍ਰਹਿ 10 ਪ੍ਰਕਾਰ ਦਾ ਹੈ:

(1) ਖੇਤ (2) ਮਕਾਨ (3) ਧੰਨ ਸੰਪੱਤੀ (4) ਦੋਸਤ, ਮਿੱਤਰ ਤੇ ਖਾਨਦਾਨ (5) ਸਵਾਰੀ (6) ਮੰਜਾ (7) ਬੈਠਣ ਦਾ ਆਸਨ (8) ਦਾਸ, ਦਾਸੀ (9) ਸੋਨਾ-ਚਾਂਦੀ ਆਦਿ ਕੀਮਤੀ ਧਾਤਾਂ (10) ਭਿੰਨ-ਭਿੰਨ ਪ੍ਰਕਾਰ ਦੀ ਭੋਗ ਤੇ ਉਪਭੋਗ ਸਮੱਗਰੀ (ਭੋਗ ਵਸਤੂ ਤੋਂ ਭਾਵ ਹੈ ਜੋ ਵਸਤੂ ਇਕ ਵਾਰੀ ਪ੍ਰਯੋਗ ਵਿਚ ਆਵੇ, ਉਪਭੋਗ ਤੋਂ ਭਾਵੇਂ ਬਾਰ-ਬਾਰ ਪ੍ਰਯੋਗ ਵਿਚ ਆਉਣ ਵਾਲੀ ਵਸਤੂ ਤੋਂ ਹੈ।

ਅੰਦਰਲਾ ਪਰਿਗ੍ਰਹਿ (ਗ੍ਰੰਥ) 14 ਪ੍ਰਕਾਰ ਦਾ ਹੈ:

(1) ਕਰੋਧ (2) ਮਾਨ (3) ਮਾਇਆ (ਧੋਖਾ) (4) ਲੋਭ (5) ਰਾਗ (ਮੋਹ) (6) ਦਵੇਸ਼ (7) ਮਿਥਿਆਤਵ (ਗਲਤ ਵਿਚਾਰਧਾਰਾ) (8) ਕਾਮਾਚਾਰ (ਕਾਮ ਭੋਗ ਸੇਵਨ) (9) ਰਤਿ (ਅਸੰਜਮ ਪ੍ਰਤੀ ਰੁਚੀ) (10) ਅਰਤਿ (ਸੰਜਮ ਪ੍ਰਤੀ ਅਰੁਚੀ) (11) ਬੇਕਾਰ ਹਾਸਾ ਮਜਾਕ (12) ਸੋਗ (ਦੁੱਖ) (13) ਭੈਅ (14) ਜੁਗੁਪਸਾ (ਘਿਰਣਾ)

ਸਾਧਕ ਨੂੰ ਦੋਹਾਂ ਤਰ੍ਹਾਂ ਦੇ ਗ੍ਰੰਥਾਂ ਤੋਂ ਬਚਣਾ ਚਾਹੀਦਾ ਹੈ।

# ਚੌਦਹਵਾਂ ਗ੍ਰੰਥ ਅਧਿਐਨ

ਇਸ ਜਿਨ ਪ੍ਰਵਚਨ ਵਿੱਚ ਪੰਡਤ ਪੁਰਸ਼ ਧਨ-ਅਨਾਜ ਆਦਿ ਬਾਹਰਲੇ ਤੇ ਕਰੋਧ ਆਦਿ ਅੰਦਰਲੇ ਪਰਿਗ੍ਰਹਿ (ਸੰਗ੍ਰਹਿ) ਦਾ ਤਿਆਗ ਕਰਕੇ ਸ਼ੁੱਧ ਕ੍ਰਿਆ ਰੂਪ ਸ਼ੀਲ ਨੂੰ ਸਿਖਦਾ ਹੋਇਆ, ਦੀਖਿਆ ਅੰਗੀਕਾਰ ਕਰਕੇ, ਬ੍ਰਹਮਚਰਜ ਦਾ ਪਾਲਨ ਕਰੇ ਅਚਾਰਿਆ ਤੇ ਗੁਰੂ ਆਦਿ ਦੀ ਆਗਿਆ ਦਾ ਪਾਲਨ ਕਰਦਾ ਹੋਇਆ, ਸਮਝਦਾਰ ਪੁਰਸ਼, ਵਿਨੈ ਦਾ ਪਾਲਨ ਕਰੇ ਅਤੇ ਸੰਜਮ ਪਾਲਨ ਵਿਚ ਥੋੜ੍ਹੀ ਜੇਹੀ ਆਲਸ (ਪ੍ਰਮਾਣ) ਨਾ ਕਰੇ। (1)

"ਜਿਸ ਦੇ ਅਜੇ ਪੱਰ ਨਹੀਂ ਆਏ, ਅਜਿਹੇ ਪੰਛੀ ਦਾ ਬੱਚਾ ਆਪਣੇ ਘੌਂਸਲੇ ਤੋਂ ਬਾਹਰ ਉੱਡਣ ਦੀ ਇੱਛਾ ਤਾਂ ਕਰਦਾ ਹੈ ਪਰ, ਪੱਰ ਨਾ ਹੋਣ ਕਾਰਣ ਉੱਡ ਨਹੀਂ ਸਕਦਾ। ਉਹ ਢੱਕ ਆਦਿ ਮਾਂਸਾਹਾਰੀ ਪੰਛੀਆਂ ਦਾ ਸ਼ਿਕਾਰ ਹੋ ਜਾਂਦਾ ਹੈ। (2)

ਇਸੇ ਪ੍ਰਕਾਰ ਨਵ ਦੀਖਿਆ, ਸ਼ਾਸਤਰ ਗਿਆਨ ਤੋਂ ਰਹਿਤ ਮੁਨੀ ਗੱਛ ਤੋਂ ਬਾਹਰ ਨਿਕਲਿਆਂ ਵੇਖ ਕੇ ਪਾਖੰਡੀ ਦਰਸ਼ਨਾਂ ਵੱਸ ਪੈ ਜਾਂਦਾ ਹੈ ਜਿਸ ਤਰ੍ਹਾਂ ਪੰਛੀ ਦਾ ਬੱਚਾ। (3)

"ਗੁਰੂ ਦੇ ਕਰੀਬ ਨਾ ਰਹਿਣ ਵਾਲਾ ਸਾਧੂ ਸੰਸਾਰ ਦਾ ਅੰਤ ਨਹੀਂ ਕਰ ਸਕਦਾ" ਅਜਿਹਾ ਸਮਝ ਕੇ ਬੁੱਧੀਮਾਨ ਮੁਨੀ ਸਦਾ ਗੁਰੂ ਦੇ ਕਰੀਬ ਰਹੇ। ਸਮਾਧੀ ਦੀ ਹੀ ਇੱਛਾ ਕਰਨੀ ਚਾਹੀਦੀ ਹੈ। ਗਿਆਨੀ ਜੋਗ ਧਰਮ ਸਾਧਨ ਕਰਦਾ ਹੋਇਆ ਗਛ (ਗਰੁੱਪ) ਵਿਚ ਹੀ ਰਹੇ। (4)

ਗੁਰੂਕੁਲ ਵਿਚ ਨਿਵਾਸ ਕਰਨ ਵਾਲਾ ਸਾਧੂ, ਸਥਾਨ, ਸੌਣ, ਆਸਨ, ਪਰਾਕ੍ਰਮ ਗਮਨ, ਆਗਮਨ ਤੇ ਤਪੱਸਿਆ ਬਾਰੇ ਉੱਤਮ ਹੁੰਦਾ ਹੈ, ਗੁਰੂ ਦੀ ਸੇਵਾ ਸ਼ਾਸਤਰ ਦੀ ਮਰਿਆਦਾ ਅਨੁਸਾਰ ਕਰਦਾ ਹੈ, ਅਜਿਹਾ ਸਾਧੂ ਸਮਿਤੀ ਤੇ ਗੁਪਤੀਆਂ ਵਿਚ ਮਾਹਰ ਹੁੰਦਾ ਹੈ। ਸਮਿਤਿ ਤੇ ਗੁਪਤੀ ਬਾਰੇ ਦੂਸਰੇ ਨੂੰ ਵੀ ਉਪਦੇਸ਼ ਦਿੰਦਾ ਹੈ। (5)

ਮਿੱਠੇ ਜਾਂ ਭਿਆਨਕ ਸ਼ਬਦ ਸੁਣ ਕੇ ਵੀ ਉਨ੍ਹਾਂ ਪ੍ਰਤੀ ਰਾਗ ਦਵੇਸ਼ ਨਾ ਕਰੇ। ਭਿਖਸ਼ੂ ਨੀਂਦ ਤੇ ਪ੍ਰਮਾਦ ਦਾ ਸੇਵਨ ਨਾ ਕਰੇ? ਕਿਸੇ ਵਿਸ਼ੇ ਤੇ ਸ਼ੱਕ ਹੋਣ ਤੇ, ਗੁਰੂ ਤੋਂ ਸ਼ੱਕ ਦੂਰ ਕਰੇ। (6)

ਹਮੇਸ਼ਾਂ ਗੁਰੂ ਦੇ ਕਰੀਬ ਰਹਿਣ ਵਾਲੇ ਸਾਧੂ ਨੂੰ ਜੇ ਕੋਈ ਦੀਖਿਆ ਵਿਚ ਬੜਾ,

ਛੋਟਾ ਜਾਂ ਬਰਾਬਰ ਉਮਰ ਦਾ ਭੁੱਲ ਸੁਧਾਰਨ ਲਈ ਆਖੇ, ਅਤੇ ਜੇ ਉਹ ਭੁਲ ਸੁਧਾਰ ਨਾ ਕਰੇ ਤਾਂ ਅਜੇਹਾ ਸਾਧੂ ਸੰਸਾਰ ਦੇ ਆਵਾਗਮਨ ਨੂੰ ਖਤਮ ਨਹੀਂ ਕਰ ਸਕਦਾ। (7)

ਸਾਧੂ ਨੂੰ ਕੋਈ ਮਿਥਿਆ ਦਰਿਸ਼ਟੀ, ਅਨੇਤੀਰਥੀਂ ਜਾਂ ਗ੍ਰਹਿਸਥ ਜੈਨ ਧਰਮ ਅਨੁਸਾਰ ਸਿੱਖਿਆ ਦੇਵੇ। ਉਮਰ ਵਿਚ ਛੋਟਾ, ਬੜਾ ਦਾਸ, ਦਾਸੀ ਧਰਮ ਦੀ ਪ੍ਰੇਰਣਾ ਦੇਵੇ ਜਾਂ ਕੋਈ "ਆਖੇ ਅਜਿਹਾ ਕੰਮ ਤਾਂ ਗ੍ਰਹਿਸਥ ਵੀ ਨਹੀਂ ਕਰਦੇ," । ਸਾਧੂ ਅਜਿਹੇ ਪ੍ਰੇਰਕ ਤੇ ਗੁੱਸੇ ਨਾ ਹੋਵੇ। (8)

ਅਜਿਹੀ ਸਿੱਖਿਆ ਦੇਣ ਵਾਲੇ ਪ੍ਰਤੀ ਸਾਧੂ ਨੂੰ ਗੁੱਸਾ ਨਹੀਂ ਕਰਨਾ ਚਾਹੀਦਾ। ਲਾਠੀ ਜਾਂ ਕਠੋਰ ਬਚਨ ਰਾਹੀਂ ਦੁੱਖ ਨਹੀਂ ਦੇਣਾ ਚਾਹੀਦਾ। ਸਗੋਂ ਇਹ ਆਖਣਾ ਚਾਹੀਦਾ "ਜੋ ਤੁਸੀਂ ਆਖ ਰਹੇ ਹੋ ਮੈਂ ਉਸ਼ੇ ਅਨੁਸਾਰ ਚਲਾਂਗਾ" ਉਸ ਸਿਖਿਅਕ ਦੀ ਸਿੱਖਿਆ ਨੂੰ ਸਰੇਸ਼ਟ ਸਮਝ ਕੇ ਉਸ ਨੂੰ ਸਾਵਧਾਨੀਪੂਰਵਕ ਪਾਲਨ ਕਰਨਾ ਚਾਹੀਦਾ ਹੈ। (9)

ਜਿਵੇਂ ਸੁਨਸਾਨ ਜੰਗਲ ਵਿਚ ਚਲਣ ਵਾਲੇ ਅਨਜਾਨ ਯਾਤਰੀ ਨੂੰ ਰਾਹ ਜਾਨਣ ਵਾਲਾ ਪ੍ਰੇਰਣਾ ਦਿੰਦਾ ਹੈ, ਇਸੇ ਤਰ੍ਹਾਂ ਇਹ ਮਾਰਗ ਮੇਰੇ ਲਈ ਕਲਿਆਣਕਾਰੀ ਹੀ ਹੈ। ਅਜਿਹਾ ਸਮਝਣਾ ਚਾਹੀਦਾ ਹੈ। (10)

ਜਿਵੇਂ ਅਨਜਾਨ ਯਾਤਰੀ, ਜਾਣਕਾਰ ਯਾਤਰੀ ਦਾ ਉਪਕਾਰ ਮੰਨ ਕੇ ਸਤਿਕਾਰ ਕਰਦਾ ਹੈ ਉਸੇ ਪ੍ਰਕਾਰ ਸੱਚੇ ਰਾਹ ਦੱਸਣ ਵਾਲਾ ਸਾਧੂ ਦਾ ਵੀ ਉਪਕਾਰ ਸਮਝ ਕੇ ਸਤਿਕਾਰ ਕਰੇ। ਸੱਚੇ ਉਪਦੇਸ਼ ਨੂੰ ਹਿਰਦੇ ਵਿਚ ਧਾਰਨ ਕਰੇ, ਅਜਿਹਾ ਸ੍ਰੀ ਮਹਾਵੀਰ ਨੇ ਕਿਹਾ ਹੈ। (11)

ਜਿਵੇਂ ਅੱਖਾਂ ਵਾਲਾ ਯਾਤਰੀ ਹਨੇਰੀ ਰਾਤ ਵਿਚ ਨਹੀਂ ਵੇਖ ਸਕਦਾ। ਪਰ ਸੂਰਜ ਨਿਕਲਣ ਤੇ ਪ੍ਰਕਾਸ਼ ਫੈਲਣ ਕਾਰਣ ਰਸਤਾ ਪ੍ਰਾਪਤ ਕਰ ਲੈਂਦਾ ਹੈ। (ਉਸੇ ਪ੍ਰਕਾਰ ਜਿਨ ਬਾਣੀ ਦੇ ਪ੍ਰਕਾਸ਼ ਨਾਲ ਪਾਪ ਹਨੇਰਾ ਦੂਰ ਹੋ ਜਾਂਦਾ ਹੈ)। (12)

ਨਵੇਂ ਦੀਖਿਅਤ, ਸ਼ਾਸਤਰ ਗਿਆਨ ਰਹਿਤ, ਸਾਧੂ ਧਰਮ ਨੂੰ ਨਹੀਂ ਜਾਣਦਾ, ਪਰ ਬਾਅਦ ਵਿਚ ਜਿਨ (ਅਰਿਹੰਤ) ਭਗਵਾਨ ਦੇ ਬਚਨਾਂ ਦੇ ਅਭਿਆਸ ਰਾਹੀਂ ਧਰਮ ਵਿਚ ਕੁਸ਼ਲ ਹੋ ਜਾਂਦਾ ਹੈ, ਜਿਵੇਂ ਅੱਖਾਂ ਵਾਲਾ ਸੂਰਜ ਨਿਕਲਣ ਤੇ ਸਹੀ ਰਾਹ ਪਾ ਲੈਂਦਾ ਹੈ। (13)

ਉੱਪਰ, ਹੇਠਾਂ, ਤਿਰਛੀਆ ਦਿਸ਼ਾਵਾਂ ਵਿਚ ਜੋ ਤਰੱਸ ਤੇ ਸਥਾਵਰ ਜੀਵ ਹਨ ਉਨ੍ਹਾਂ ਸਭ ਬਾਰੇ ਯਤਨ ਪੂਰਵਕ (ਸਾਵਧਾਨ) ਹੋ ਕੇ, ਦਵੇਸ਼ ਰਹਿਤ ਹੋ ਕੇ, ਸੰਜਮ ਵਿਚ ਘੁੰਮੇ। (14)

ਸਾਧੂ, ਅਚਾਰਿਆ ਤੇ ਯੋਗ ਸਮਾਂ ਵੇਖ ਕੇ, ਸੂਤਰ ਤੇ ਅਰਥ ਪੁੱਛੇ। ਆਗਮ ਦਾ

ਉਪਦੇਸ਼ ਕਰਨ ਵਾਲੇ ਅਚਾਰਿਆਂ ਦਾ ਸਤਿਕਾਰ ਸਨਮਾਨ ਕਰੇ। ਅਚਾਰਿਆ ਦੇ ਹੁਕਮ ਅਨੁਸਾਰ ਚਲਦਾ ਹੋਇਆ ਕੇਵਲੀ ਰਾਹੀਂ ਦੱਸੀ ਸਮਾਧੀ ਨੂੰ ਆਤਮਾ ਰਾਹੀਂ ਮਨ ਵਿਚ ਧਾਰਨ ਕਰੇ। (15)

ਗੁਰੂ ਉਪਦੇਸ਼ ਵਿਚ ਸਥਿਤ ਹੋ ਕੇ ਮਨ, ਬਚਨ ਕਾਇਆ ਨਾਲ ਪ੍ਰਾਣੀਆਂ ਦੀ ਰੱਖਿਆ ਕਰੇ। ਸਮਿਤੀ ਤੇ ਗੁਪਤੀ ਦੇ ਪਾਲਨ ਵਿਚ ਤੀਰਥੰਕਰਾਂ ਨੇ ਸ਼ਾਂਤੀ ਤੇ ਕਰਮ ਬੰਧ ਦਾ ਖਾਤਮਾ ਕਿਹਾ ਹੈ। ਸਰਵੱਗ ਭਗਵਾਨ ਨੇ ਕਿਹਾ ਹੈ। ਸਾਧੂ ਨੂੰ ਸੰਜਮ ਪਾਲਨ ਕਰੇ ਅਤੇ ਪ੍ਰਮਾਦ (ਅਣਗਹਿਲੀ) ਧਾਰਨ ਨਾ ਕਰੇ। (16)

ਗੁਰੂ ਦੀ ਸੇਵਾ ਵਿਚ ਰਹਿਣ ਦਾ ਇਛੁੱਕ ਮੁਨੀ, ਅਭਿਲਾਸ਼ਤ ਅਰਥ ਸੁਣਕੇ ਤਤੱਵ ਵਿਚ ਕੁਸ਼ਲ ਅਤੇ ਸਿਧਾਂਤ ਦਾ ਵਿਆਖਿਆਕਾਰ ਬਣ ਜਾਂਦਾ ਹੈ। ਮੋਕਸ਼ ਦਾ ਇਛੁੱਕ ਉਹ ਸਾਧੂ ਤੱਪ ਤੇ ਸੰਜਮ ਨੂੰ ਪ੍ਰਾਪਤ ਕਰਕੇ ਅਤੇ ਸ਼ੁੱਧ ਅਹਾਰ ਗ੍ਰਹਿਣ ਕਰਕੇ ਮੁਕਤੀ ਨੂੰ ਪ੍ਰਾਪਤ ਕਰਦਾ ਹੈ। (17)

ਗੁਰੂਕੁਲ ਵਾਸੀ ਸਾਧੂ, ਧਰਮ ਨੂੰ ਜਾਣ ਕੇ ਉਸ ਦੀ ਵਿਆਖਿਆ ਕਰਦੇ ਹਨ। ਉਹ ਸੱਚਾ ਗਿਆਨ ਪ੍ਰਾਪਤ ਕਰਕੇ ਕਰਮਾਂ (ਜਾਂ ਸੰਸਾਰ) ਦਾ ਅੰਤ ਕਰਦੇ ਹਨ। ਉਹ ਆਪਣੇ ਆਪ ਨੂੰ ਤੇ ਹੋਰਨਾਂ ਨੂੰ ਕਰਮ ਬੰਧਨ ਤੋਂ ਮੁਕਤ ਕਰਦੇ ਹਨ ਅਤੇ ਸੋਚ-ਵਿਚਾਰ ਕੇ ਪ੍ਰਸ਼ਨਾ ਦਾ ਉੱਤਰ ਦਿੰਦੇ ਹਨ। (18)

ਧਰਮ ਦੀ ਵਿਆਖਿਆ ਕਰਦੇ ਸਮੇਂ, ਸਾਧੂ ਨੂੰ ਅਸਲ ਸ਼ਾਸਤਰ ਦਾ ਅਰਥ ਨਹੀਂ ਛਿਪਾਉਣਾ ਚਾਹੀਦਾ। ਨਾ ਹੀ ਸ਼ਾਸਤਰ ਤੋਂ ਉਲਟ ਵਿਆਖਿਆ ਕਰਨੀ ਚਾਹੀਦੀ ਹੈ। "ਮੈਂ ਚੰਗਾ ਬੁਲਾਰਾ ਹਾਂ, ਗਿਆਨੀ ਹਾਂ, ਤਪੱਸਵੀ ਹਾਂ," ਅਜਿਹਾ ਅਭਿਮਾਨ ਨਹੀਂ ਕਰਨਾ ਚਾਹੀਦਾ। ਬੁੱਧੀਮਾਨ ਨੂੰ ਕਿਸੇ ਦਾ ਮਜ਼ਾਕ ਨਹੀਂ ਕਰਨਾ ਚਾਹੀਦਾ। ਕਿਸੇ ਨੂੰ ਅਸ਼ੀਰਵਾਦ ਨਹੀਂ ਦੇਣਾ ਚਾਹੀਦਾ। (19)

ਜੀਵ ਹੱਤਿਆ ਦੀ ਸ਼ੰਕਾ ਕਾਰਣ, ਸਾਧੂ ਕਿਸੇ ਨੂੰ ਅਸ਼ੀਰਵਾਦ ਨਾ ਦੇਵੇ। ਮੰਤਰ ਰਾਹੀਂ ਸਾਧੂ ਆਪਣੇ ਵਾਕ ਸੰਜਮ (ਮਨੋ ਸਾਧਨਾ) ਨੂੰ ਸਾਰਹੀਨ ਨਾ ਬਣਾਏ। ਸਾਧੂ ਪੁਰਸ਼ ਲੋਕਾਂ ਤੋਂ ਕਿਸੇ ਵਸਤੂ ਦੀ ਇੱਛਾ ਨਾ ਕਰੇ ਅਸਾਧੂ (ਪਾਪਕਾਰੀ) ਲੋਕਾਂ ਦੇ ਧਰਮ ਦਾ ਉਪ-ਦੇਸ਼ ਵੀ ਨਾ ਕਰੇ। (20)

ਸਾਧੂ ਨੂੰ ਅਜੇਹੀ ਗੱਲ ਨਹੀਂ ਕਰਨੀ ਚਾਹੀਦੀ, ਜਿਸ ਨਾਲ ਆਪਣੇ ਆਪ ਨੂੰ ਜਾਂ ਕਿਸੇ ਨੂੰ ਹਾਸਾ ਆਵੇ। ਉਸਨੂੰ ਪਾਪ ਦਾ ਉਪਦੇਸ਼ ਨਹੀਂ ਦੇਣਾ ਚਾਹੀਦਾ। ਰਾਗ ਦਵੇਸ਼ ਤੋਂ ਰਹਿਤ ਸਾਧੂ ਦੂਸਰੇ ਨੂੰ ਦੁੱਖ ਦੇਣ ਵਾਲੇ ਕੌੜੇ ਸੱਚ ਦਾ ਪ੍ਰਯੋਗ ਨਾ ਕਰੇ। ਆਦਰ ਸਤਿਕਾਰ ਪਾਕੇ ਹੰਕਾਰ ਨਾ ਕਰੇ। ਆਤਮ ਪ੍ਰਸ਼ੰਸਾ ਨਾ ਕਰੇ। ਇੱਛਾ ਰਹਿਤ ਤੇ ਕਸ਼ਾਏ ਰਹਿਤ ਹੋ ਕੇ ਘੁੰਮੇ। (21)

ਸੂਤਰ ਤੇ ਅਰਥ ਸੰਬੰਧੀ ਸ਼ੰਕਾ ਖਤਮ ਹੋ ਜਾਣ ਤੇ ਬੁੱਧੀਮਾਨ ਸਾਧੂ ਹੰਕਾਰ ਨਾ

ਕਰੇ। ਸਿਆਦਵਾਦ ਰੂਪੀ ਬਚਨ ਆਖੇ। ਧਰਮ ਆਚਰਨ ਵਿਚ ਲੱਗਾ ਸਾਧੂ ਸੱਚੀ ਭਾਸ਼ਾ ਤੇ ਝੂਠ ਰਹਿਤ, ਮਿਥਿਆ ਰਹਿਤ ਦੋ ਭਾਸ਼ਾਵਾਂ ਦਾ ਪ੍ਰਯੋਗ ਆਪਸੀ ਮਿਲਨ ਵਾਲੇ ਸਾਧੂ ਨਾਲ ਕਰੇ। ਧਾਰਮਿਕ ਵਿਰਤੀ ਵਾਲੇ ਸ਼ੁੱਧ ਸਾਧੂ ਨਾਲ ਘੁੰਮੇ। ਰਾਜਾ ਤੇ ਰੰਕ ਨੂੰ ਇਕੋ ਤਰ੍ਹਾਂ ਦਾ ਉਪਦੇਸ਼ ਦੇਵੇ। (22)

ਸਾਧੂ ਦੇ ਵਾਕ ਨੂੰ ਕੋਈ ਬੁੱਧੀਮਾਨ ਚੰਗੀ ਤਰ੍ਹਾਂ ਸਮਝ ਲੈਂਦਾ ਹੈ, ਤੇ ਕੋਈ ਇਸ ਤੋਂ ਉਲਟ ਅਰਥ ਲੈਂਦਾ ਹੈ। ਸਾਧੂ ਨੂੰ ਉਲਟ ਸਮਝਣ ਵਾਲੇ ਨੂੰ ਸਾਧੂ ਕੋਮਲ ਸ਼ਬਦਾਂ ਨਾਲ ਸਮਝਾਵੇ। ਉਸ ਸਰੋਤੇ ਦੀ ਬੇਇੱਜਤੀ ਨਾ ਕਰੇ। ਪ੍ਰਸ਼ਨ ਕਰਨ ਵਾਲੇ ਦੀ ਭਾਸ਼ਾ ਜੇਕਰ ਅਸ਼ੁੱਧ ਹੋਵੇ, ਤਾਂ ਵੀ ਉਸ ਦੀ ਨਿੰਦਾ ਨਾ ਕਰੇ। ਜੋ ਗੱਲ ਥੋੜੇ ਵਿਚ ਆਖੀ ਜਾ ਸਕਦੀ ਹੈ ਉਸਨੂੰ ਬੇਅਰਥ ਲੰਬੀ ਨਾ ਕਰੇ। ਸ਼ਬਦ ਜਾਲ ਦੇ ਬੇਅਰਥ ਚੱਕਰ ਤੋਂ ਬਚੇ। (23)

ਭਾਸ਼ਣ ਕਰਦੇ ਸਮੇਂ ਜੋ ਗੱਲ ਸੰਖੇਪ ਵਿਚ ਨਾ ਸਮਝਾਈ ਜਾ ਸਕੇ, ਉਸ ਨੂੰ ਸੁੰਦਰ ਢੰਗ ਨਾਲ ਸਮਝਾਵੇ। ਅਚਾਰਿਆ ਆਦਿ ਤੋਂ ਸੂਤਰ, ਅਰਥ ਸੁਣਕੇ, ਪਦਾਰਥ ਦੇ ਅਰਥ ਦਾ ਠੀਕ ਜਾਣਕਾਰ ਸਾਧੂ ਤੀਰਥੰਕਰ ਭਗਵਾਨ ਦੇ ਹੁਕਮ ਅਨੁਸਾਰ ਨਿਰਦੋਸ਼ ਬਚਨ ਬੋਲੇ, ਪਾਪ ਦਾ ਵਿਵੇਕ ਰਖੇ। ਲਾਭ ਸਤਿਕਾਰ ਦੀ ਇੱਛਾ ਨਾ ਕਰੇ। (25)


ਸਾਧੂ ਸ਼ਾਸਤਰਾਂ ਦਾ ਲਗਾਤਾਰ ਅਭਿਆਸ ਕਰੇ। ਉਸੇ ਅਨੁਸਾਰ ਚਲੇ। ਮਰਿਆਦਾ ਦਾ ਉਲੰਘਨ ਨਾ ਕਰੇ। ਸਮਿਅਕ ਦਰਿਸ਼ਟੀ ਪੁਰਸ਼, ਸਮਿਅਕ ਦਰਸ਼ਨ ਨੂੰ ਦੋਸ਼ ਨਾ ਲੱਗਣ ਦੇਵੇ। ਜੋ ਇਸ ਪ੍ਰਕਾਰ ਆਗਮ ਦੀ ਵਿਆਖਿਆ ਕਰਦਾ ਹੈ ਉਹ ਹੀ ਸਰਵੱਗਾਂ ਦੇ ਭਾਵ ਸਮਾਧੀ ਧਰਮ ਨੂੰ ਆਖਨ ਦੀ ਕਲਾ ਜਾਣਦਾ ਹੈ। (26)

ਸਾਧੂ ਸੂਤਰ ਦੇ ਅਰਥ ਨੂੰ ਖਰਾਬ ਨਾ ਕਰੇ। ਨਾ ਛਿਪਾਵੇ। ਨਾ ਹੀ ਸੂਤਰ ਦੇ ਅਰਥ ਵਿਚ ਗਲਤ ਵਿਆਖਿਆ ਕਰੇ। ਅਪਣੇ ਨੂੰ ਸਿੱਖਿਆ ਦੇਣ ਵਾਲੇ, ਗੁਰੂ ਦੀ ਭਗਤੀ ਦਾ ਵਿਚਾਰ ਕਰਕੇ ਉਪਦੇਸ਼ ਕਰੇ। ਗੁਰੂ ਦੇ ਮੂੰਹ ਤੋਂ ਜੋ ਅਰਥ ਸੁਣਿਆ ਹੈ ਉਸੇ ਨੂੰ ਜਾਹਰ ਕਰੇ, ਫਾਲਤੂ ਗੱਲ ਨਾਂ ਆਖੇ। (26)

ਜੋ ਸਾਧੂ ਸ਼ੁੱਧ ਸ਼ਾਸਤਰ ਸੁਣਾਉਂਦਾ ਹੈ, ਸ਼ਾਸਤਰ ਅਨੁਸਾਰ ਤਪ ਕਰਦਾ ਹੈ। ਉਤਸਰਗ ਦੀ ਜਗ੍ਹਾ ਉਤਸਰਗ ਤੇ ਅਪਵਾਦ ਦੀ ਜਗ੍ਹਾ ਅਪਵਾਦ ਦਸਦਾ ਹੈ ਉਹ ਹੀ ਸ਼ੁੱਧ ਬਚਨ ਵਾਲਾ ਹੈ। ਇਸ ਪ੍ਰਕਾਰ ਵਿਆਖਿਆਨ ਕਰਨ ਵਿਚ ਮਾਹਿਰ ਵਿਚਾਰ ਪੂਰਵਕ ਤੀਰਥੰਕਰ ਸਮਾਧੀ ਧਰਮ ਦਾ ਉਪਦੇਸ਼ ਦੇਣ ਵਿਚ ਮਾਹਿਰ ਬਣਦਾ ਹੈ। ਅਜਿਹਾ ਮੈਂ ਆਖਦਾ ਹਾਂ। (27)

---

ਟਿੱਪਣੀ 25 सम्यगदर्शी ਤੋਂ ਭਾਵ ਹੈ, "ਅਚਾਰਿਆ ਤੋਂ ਪਦਾਰਥ ਨੂੰ ਚੰਗੀਸੁਣ ਕੇ ਜੋ ਉਸ ਤੇ ਨਿਸ਼ਚੇ ਕਰਕੇ, ਠੀਕ-ਠੀਕ ਵਸਤੂ ਤੱਤਵ ਨੂੰ ਜਾਣਦਾ ਹੈ ਉਹ ਸਾਧੂ ਸਮਿਅਕਦਰਸ਼ੀ ਹੈ।



# ਆਦਾਨ ਨਾਮਕ ਪੰਦਰਵਾਂ ਅਧਿਐਨ

ਆਦਿ (ਸ਼ੁਰੂ) ਵਿਚ ਜੋ ਪਦ ਗ੍ਰਹਿਣ ਕੀਤਾ ਜਾਂਦਾ ਹੈ ਉਸਨੂੰ ਆਦਾਨ ਆਖਦੇ ਹਨ।

ਜਿਸ ਰਾਹੀਂ ਈਸ਼ਟ (ਠੀਕ) ਅਰਥ ਦੀ ਪ੍ਰਾਪਤੀ ਹੁੰਦੀ ਹੈ, ਉਸਨੂੰ ਆਦਾਨ ਆਖਦੇ ਹਨ। ਆਦਾਨ ਦੇ ਚਾਰ ਨਿਕਸ਼ੇਪ ਹਨ (1) ਨਾਮਾਅਦਾਨ (2) ਸਥਾਪਨਾਅਦਾਨ ਸਰਲ ਹਨ।

ਦਰਵਅਦਾਨ ਧੰਨ ਨੂੰ ਆਖਦੇ ਹਨ। ਸੰਸਾਰੀ ਜੀਵ ਆਪਣੇ ਧਾਰਮਿਕ ਕਰਤੱਵਾਂ ਨੂੰ ਛੱਡ ਕੇ ਇਸ ਦੇ ਪਿੱਛੇ ਭਜਦਾ ਹੈ। ਧੰਨ ਰਾਹੀਂ ਦੋ ਪੈਰਾਂ ਵਾਲੇ (ਪਸ਼ੂ) ਤੇ ਚਾਰ ਪੈਰਾਂ ਵਾਲੇ (ਮਨੁੱਖ) ਖਰੀਦਦਾ ਹੈ।

ਭਾਵ ਆਦਾਨ ਦੋ ਪ੍ਰਕਾਰ ਦਾ ਹੈ, ਪ੍ਰਸ਼ਸਤ (ਗ੍ਰਹਿਣ ਕਰਨ ਯੋਗ) ਅਪ੍ਰਸ਼ਸਤ (ਨਾਂ ਗ੍ਰਹਿਣ ਕਰਨ ਯੋਗ)।

ਕਰੋਧ ਆਦਿ ਕਸ਼ਾਏ, ਮਿਥਿਆਤਵ ਅਪ੍ਰਸ਼ਸਤ ਭਾਵਆਦਾਨ ਹਨ। ਆਤਮਾ ਦੀ ਸ਼ੁਧ ਅਵਸਥਾ, ਸਮਿਅਕ ਗਿਆਨ ਪ੍ਰਸ਼ਸਤ (ਗ੍ਰਹਿਣ ਕਰਨ ਯੋਗ) ਹਨ।

ਇਸ ਅਧਿਐਨ ਦਾ ਇਕ ਨਾਂ ਟੀਕਾਕਾਰ ਨੇ ਜਮਤੀਤ ਵੀ ਦਸਿਆ ਹੈ।

# ਪੰਦਰਵਾਂ ਆਦਾਨ ਅਧਿਐਨ

ਜੋ ਪਦਾਰਥ ਭੂਤਕਾਲ ਵਿਚ ਹੋ ਚੁੱਕੇ ਹਨ, ਵਰਤਮਾਨ ਵਿਚ ਮੌਜੂਦ ਹਨ, ਭਵਿਖ ਵਿਚ ਹੋਣਗੇ। ਉਨ੍ਹਾਂ ਸਾਰਿਆਂ ਨੂੰ ਦਰਸ਼ਨਾਂ ਵਰਨੀਆਂ ਕਰਮ ਰਾਹੀਂ ਅੰਤ ਕਰਨ ਵਾਲਾ, ਨੇਤਾ, ਪ੍ਰਾਣੀ ਰਖਿਅਕ ਪੁਰਸ਼, ਸੰਪੂਰਨ ਰੂਪ ਵਿਚ ਜਾਣਦਾ ਹੈ।

ਜੋ ਪੁਰਸ਼. ਤ੍ਰਿਕਾਲ ਦਰਸ਼ੀ ਹੋਣ ਕਾਰਣ ਸ਼ੱਕ ਦਾ ਅੰਤ ਕਰਨ ਵਾਲਾ ਹੈ, ਉਹ ਹੀ ਸਰੇਸ਼ਟ ਗਿਆਨ ਦਾ ਧਾਰਕ ਹੈ। ਜੋ ਸਰਵੱਗ, ਸਰਵਦਰਸ਼ੀ ਹੋ ਕੇ ਸਰਬ-ਉੱਚ ਵਸਤੂ ਬਾਰੇ ਗਿਆਨ ਦਿੰਦਾ ਹੈ, ਅਜਿਹੇ ਵਿਅਕਤੀ ਬੁਧ ਦਰਸ਼ਨ ਵਿਚ ਨਹੀਂ ਹਨ। (2)

ਵੀਤਰਾਗ ਪ੍ਰਭੂ ਨੇ ਜੋ ਜੀਵ ਆਦਿ ਪਦਾਰਥਾਂ ਬਾਰੇ ਕਿਹਾ ਹੈ। ਉਨ੍ਹਾਂ ਦਾ ਕਥਨ ਸੱਚ ਹੈ ਵਿਰੋਧ ਰਹਿਤ ਹੈ। ਇਸ ਲਈ ਮਨੁੱਖ ਸੱਚਾ ਬਣਨ ਹੋ ਕੇ ਪ੍ਰਾਣੀਆਂ ਨਾਲ ਦੋਸਤੀ ਸਥਾਪਿਤ ਕਰੇ। (3)

ਤਰੱਸ ਤੇ ਸਥਾਵਰ ਜੀਵਾਂ ਦਾ ਵਿਰੋਧ ਨਾ ਕਰਨਾ, ਸੰਜਮੀਆਂ ਦਾ ਧਰਮ ਹੈ। ਸਾਧੂ, ਜਗਤ ਦੇ ਸਵਰੂਪ ਨੂੰ ਜਾਣ ਕੇ ਸ਼ੁਧ ਧਰਮ ਦੀ ਭਾਵਨਾ ਕਰੇ। (4)

ਉੱਤਮ ਭਾਵਨਾ ਵਾਲਾ ਪੁਰਸ਼, ਪਾਣੀ ਵਿਚ ਕਿਸ਼ਤੀ ਦੀ ਤਰ੍ਹਾਂ ਹੈ। ਜਿਵੇਂ ਕਿਸ਼ਤੀ ਚੰਗੀ ਹਵਾ ਦੇ ਮੇਲ ਕਾਰਣ ਕਿਨਾਰੇ ਤੇ ਪਹੁੰਚ ਜਾਂਦੀ ਹੈ ਉਸੇ ਪ੍ਰਕਾਰ ਭਾਵਨਾ ਯੋਗੀ ਸਾਧੂ ਸਾਰੇ ਦੁਖਾਂ ਦਾ ਅੰਤ ਕਰ ਦਿੰਦਾ ਹੈ।

ਮਰਿਆਦਾ ਵਿਚ ਸਥਿਤ ਪੰਡਤ ਪੁਰਸ਼, ਲੋਕ ਵਿਚ ਪਾਪ ਕਰਮ ਨੂੰ ਜਾਣਦਾ ਹੋਇਆ ਕਰਮ ਬੰਧਨ ਤੋਂ ਮੁਕਤ ਹੋ ਜਾਂਦਾ ਹੈ। ਨਵੇਂ ਪਾਪ ਕਰਮ ਨਾ ਕਰਨ ਵਾਲਾ, ਬੁਧੀਮਾਨ ਪੁਰਸ਼ ਪਿਛਲੇ ਇਕੱਠੇ ਪਾਪ ਕਰਮਾਂ ਤੋਂ ਛੁਟ ਜਾਂਦਾ ਹੈ। (6)

ਜੋ ਪੁਰਸ਼ ਕਰਮ ਨਹੀਂ ਕਰਦਾ ਹੈ ਉਸ ਨੂੰ ਨਵਾਂ ਕਰਮਬੰਧ ਨਹੀਂ ਹੁੰਦਾ। ਉਹ ਅੱਠ ਪ੍ਰਕਾਰ ਦੇ ਕਰਮ ਜਾਣਦਾ ਹੈ। ਉਹ ਮਹਾਵੀਰ ਪੁਰਸ਼, ਕਰਮਾਂ ਨੂੰ ਜਾਨ ਕੇ ਅਜਿਹਾ ਕੰਮ ਕਰਦਾ ਹੈ ਜਿਸ ਨਾਲ ਉਹ ਸੰਸਾਰ ਦੇ ਜਨਮ-ਮਰਨ ਦੇ ਚੱਕਰ ਤੋਂ ਰਹਿਤ ਹੋ ਜਾਂਦਾ ਹੈ। (7)

ਜਿਸ ਦੇ ਪਿਛਲੇ ਕਰਮ ਨਹੀਂ ਹਨ, ਉਸ ਨੂੰ ਜਨਮ-ਮਰਨ ਨਹੀਂ ਕਰਨਾ ਪੈਂਦਾ। ਜਿਵੇਂ ਹਵਾ, ਅੱਗ ਦੀਆਂ ਲਾਟਾਂ ਤੋਂ ਪਾਰ ਹੋ ਜਾਂਦੀ ਹੈ ਉਸੇ ਤਰ੍ਹਾਂ ਬਹਾਦਰ ਆਦਮੀ

ਇਸਤਰੀਆਂ ਸੰਬੰਧੀ ਕਾਮਭੋਗਾਂ ਨੂੰ ਕਾਬੂ ਕਰਦਾ ਹੈ। (8)

ਜੋ ਵੀਰ ਇਸਤਰੀਆਂ ਸੰਬੰਧੀ ਕਾਮ ਭੋਗਾਂ ਦਾ ਸੇਵਨ ਨਹੀਂ ਕਰਦੇ, ਨਿਸ਼ਚੈ ਹੀ ਉਹ ਪੁਰਸ਼ ਮੁਕਤੀ ਨੂੰ ਪ੍ਰਾਪਤ ਕਰਦੇ ਹਨ। ਉਹ ਪੁਰਸ਼ ਬੰਧਨ ਮੁਕਤ ਹੋ ਜਾਂਦੇ ਹਨ। ਅਸੰਜਮੀ ਜੀਵਨ ਦੀ ਇੱਛਾ ਨਹੀਂ ਕਰਦੇ। (9)

ਵੀਰ ਪੁਰਸ਼ ( ਅਸੰਜਮੀ ) ਜੀਵਨ ਤੋਂ ਨਿਰਪੱਖ ਹੋ ਕੇ ਕਰਮਾਂ ਦੀ ਪਰੰਪਰਾ ਦਾ ਅੰਤ ਕਰ ਦਿੰਦਾ ਹੈ ਉਹ ਆਪਣੇ ਉੱਤਮ ਕਰਤੱਵ ਕਾਰਣ ਮੁਕਤੀ ਦੇ ਕਰੀਬ ਹੋ ਜਾਂਦਾ ਹੈ। ਅਜਿਹੇ ਪੁਰਸ਼ ਹੀ ਮੁਕਤੀ ਬਾਰੇ ਦਸ ਸਕਦੇ ਹਨ। ਅਰਿਹੰਤ ਪ੍ਰਮਾਤਮਾ ਕਰਮਾਂ ਦਾ ਨਾਸ਼ ਕਰਕੇ ਮੁਕਤੀ ਦਾ ਰਾਹ ਦਸਦੇ ਹਨ। ਕੇਵਲ ਗਿਆਨ-ਕੇਵਲ ਦਰਸ਼ਨ ਰਾਹੀਂ ਉਹ ਸਰਵਗਤਾ ਨਾਲ ਸਭ ਕੁਝ ਵੇਖਦੇ ਜਾਣਦੇ ਹਨ। (10)

ਮਹਾਚਰਿਤਰ ਵਾਲੇ, ਦੇਵਤਿਆਂ ਰਾਹੀਂ ਪੂਜਾ ਨੂੰ ਪ੍ਰਾਪਤ ਕਰਕੇ ਵੀ, ਪੂਜਾ ਦੀ ਇੱਛਾ ਤੋਂ ਰਹਿਤ, ਸਾਵਧਾਨ, ਇੰਦਰੀਆਂ ਦਾ ਜੇਤੂ, ਸੰਜਮ ਵਿਚ ਮਜਬੂਤ ਅਤੇ ਵਿਸ਼ੇ ਭੋਗਾਂ ਤੋਂ ਰਹਿਤ, ਮੁਕਤੀ ਦੇ ਕਰੀਬ ਹਨ। ਤੀਰਥੰਕਰਾਂ ਅਰਿਹੰਤਾਂ ਦਾ ਉਪਦੇਸ਼ ਭਿੰਨ-ਭਿੰਨ ਪ੍ਰਾਣੀਆਂ ਲਈ ਭਿੰਨ-ਭਿੰਨ ਪ੍ਰਕਾਰ ਵਾਲਾ ਹੈ। (ਭਾਵੇਂ ਜਿਵੇਂ ਵਰਖਾ ਦਾ ਪਾਣੀ ਧਰਤੀ ਤੇ ਭਿੰਨ-ਭਿੰਨ ਰੂਪ ਧਾਰਨ ਕਰਦਾ ਹੈ ਉਸੇ ਪ੍ਰਕਾਰ ਤੀਰਥੰਕਰਾਂ ਦਾ ਉਪਦੇਸ਼ ਹੈ)। (11)

ਜਿਵੇਂ ਸੂਅਰ ਚਾਵਲ ਦੇ ਚੂਰੇ ਦੇ ਲੋਭ ਵਿਚ ਬੰਧਨ ਵਿਚ ਫਸ ਜਾਂਦਾ ਹੈ। ਉਸੇ ਪ੍ਰਕਾਰ ਜੀਵ ਇਸਤਰੀ ਸਬੰਧੀ ਕਾਮ ਭੋਗਾਂ ਵਿਚ ਉਲਝ ਕੇ ਅਤਿ ਗੁਰੂ (ਭਾਰੀ) ਜਨਮ-ਮਰਨ ਦੀ ਪਰੰਪਰਾ ਨੂੰ ਪ੍ਰਾਪਤ ਹੁੰਦਾ ਹੈ। ਪੰਡਿਤ (ਗਿਆਨੀ) ਵਿਸ਼ੇ ਵਿਕਾਰਾਂ ਵਿਚ ਨਹੀਂ ਉਲਝਦਾ। ਵਿਸ਼ੇ ਭੋਗ ਆਸ਼ਰਵ ਰਾਹੀਂ ਸਾਰੇ ਪਾਪ ਕਰਮ ਦੇ ਦਰ ਬੰਦ ਕਰਨੇ ਚਾਹੀਦੇ ਹਨ। ਕਸ਼ਾਏ ਰਹਿਤ, ਵਿਸ਼ੇ ਭੋਗ ਰਹਿਤ, ਇੰਦਰੀਆਂ ਜੇਤੂ, ਪਵਿਤਰ ਭਾਵ ਸੰਧੀ (ਕਰਮਾਂ ਰੂਪੀ ਜੰਜੀਰਾਂ ਨੂੰ ਤੋੜਨ) ਨੂੰ ਪ੍ਰਾਪਤ ਹੁੰਦਾ ਹੈ। (12)

ਜਿਸਦੇ ਬਰਾਬਰ ਉੱਤਮ ਕੋਈ ਹੋਰ ਪਦਾਰਥ ਨਹੀਂ, ਉਸਨੂੰ ਅਨਨੈਯ ਸਦਰਿਸਜ (ਸੰਜਮ) ਆਖਦੇ ਹਨ। ਇਹ ਵੀਤਰਾਗ ਪ੍ਰਭੂ ਦਾ ਧਰਮ ਹੈ। ਸੰਜਮੀ ਤੇ ਵੀਤਰਾਗੀ ਭਗਵਾਨ ਰਾਹੀਂ ਦਸੇ, ਧਰਮ ਵਿਚ ਨਿਪੁੰਨ ਸਾਧੂ ਮਨ, ਬਚਨ ਤੇ ਕਾਇਆ ਰਾਹੀਂ ਕਿਸੇ ਵੀ ਜੀਵ ਦਾ ਵਿਰੋਧ ਨਾ ਕਰੇ। ਅਜਿਹਾ ਕਰਨ ਵਾਲਾ ਹੀ ਪਵਿੱਤਰ ਗਿਆਨ ਦੀ ਅੱਖ ਵਾਲਾ ਪਰਮਾਰਥ ਦਰਸ਼ੀ ਹੈ। (13)

ਜੋ ਪੁਰਸ਼ ਭੋਗ ਦੀ ਇੱਛਾ ਦਾ ਅੰਤ ਕਰ ਦਿੰਦਾ ਹੈ ਉਹ ਸਾਰੇ ਮਨੁੱਖਾਂ ਨੂੰ ਅਖ ਦੀ ਤਰ੍ਹਾਂ ਰੋਸ਼ਨੀ ਦੇਣ ਵਾਲਾ ਪਥ ਪ੍ਰਦਰਸ਼ਕ ਬਣ ਜਾਂਦਾ ਹੈ। ਜਿਵੇਂ ਉਸਤਰੇ ਦਾ ਮੂਹਰਲਾ ਹਿੱਸਾ ਚਲਦਾ ਹੈ ਜਾਂ ਚੱਕਰ ਦਾ ਅੰਤਿਮ ਭਾਗ ਚਲਦਾ ਹੈ (ਉਸੇ ਪ੍ਰਕਾਰ ਮੋਹਨੀਆਂ ਕਰਮ

ਦਾ ਅੰਤ ਹੀ ਦੁਖ ਰੂਪੀ ਸੰਸਾਰ ਦਾ ਅੰਤ ਹੈ)। (14)

ਬਹਾਦਰ, ਧੀਰਜ ਸੁਖਾਂ ਦੀ ਇਛਾ ਤੋਂ ਰਹਿਤ ਪੁਰਸ਼ ਅੰਤ ਪ੍ਰਾਂਤ ਭੋਜਨ ਦਾ ਸੇਵਨ ਕਰਨ ਕਾਰਣ, ਸੰਸਾਰ ਦਾ ਅੰਤ ਕਰਨ ਵਿਚ ਸਮਰਥ ਹਨ, ਇਸ ਮਨੁੱਖ ਲੋਕ ਵਿਚ ਦੂਸਰੇ ਜੀਵ ਵੀ ਧਰਮ ਅਰਾਧਨਾ ਕਰਕੇ ਮੁਕਤੀ ਦੀ ਪ੍ਰਾਪਤੀ ਕਰਦੇ ਹਨ। (15)

(ਸ੍ਰੀ ਸੁਧਰਮਾ ਸਵਾਮੀ, ਸ੍ਰੀ ਜੰਬੂ ਸਵਾਮੀ ਨੂੰ ਆਖਦੇ ਹਨ) "ਮੈਂ ਤੀਰਥੰਕਰ ਭਗਵਾਨ ਤੋਂ ਇਸ ਪ੍ਰਕਾਰ ਸੁਣਿਆ ਹੈ ਕਿ ਕਰਮ ਪਰੰਪਰਾ ਖਤਮ ਕਰਕੇ ਮਨੁੱਖ ਮੁਕਤ ਹੋ ਜਾਂਦਾ ਹੈ ਜਾਂ ਦੇਵਤਾ ਬਣਦਾ ਹੈ। ਮਨੁੱਖ ਜੂਨ ਤੋਂ ਛੁੱਟ ਹੋਰ ਜੀਵਾਂ ਨੂੰ ਅਜਿਹੀ ਗਤਿ ਨਹੀਂ ਮਿਲਦੀ।" (16)

"ਮਨੁੱਖ ਹੀ ਸਾਰੇ ਦੁੱਖਾਂ ਦਾ ਅੰਤ ਕਰ ਸਕਦਾ ਹੈ, ਮਨੁੱਖ ਦਾ ਜੀਵਨ ਪ੍ਰਾਪਤ ਹੋਣਾ ਬਹੁਤ ਦੁਰਲਭ ਹੈ"। ਇਹੋ ਤੀਰਥੰਕਰਾਂ ਨੇ ਆਖਿਆ ਹੈ। (17)

ਇਸ ਮਨੁੱਖ ਜਨਮ ਬਿਚ ਭਰਿਸ਼ਟ ਕੋਈ ਜੀਵ ਨੂੰ, ਦੋਬਾਰਾ ਸਮਿਅਕਤੱਵ (ਗਿਆਨ, ਦਰਸ਼ਨ, ਚਾਰਿਤਰ) ਦੀ ਪ੍ਰਾਪਤੀ ਬਹੁਤ ਹੀ ਕਠਿਨ ਹੈ। ਸਮਿਅਕਤੱਵ ਯੋਗ ਅੰਤਕਰਣ (ਹਿਰਦੇ) ਦੀ ਪ੍ਰਾਪਤੀ ਮੁਸ਼ਕਿਲ ਹੈ। ਧਰਮ ਪ੍ਰਾਪਤੀ ਯੋਗ ਸੁਭ ਲੇਸ਼ਿਆਂ ਦੀ ਪ੍ਰਾਪਤੀ ਹੋਣਾ ਮੁਸ਼ਕਿਲ ਹੈ। (18)

ਜੋ ਵੀਤਰਾਗ ਪੁਰਸ਼, ਸਰਵ-ਉੱਤਮ, ਸ਼ੁੱਧ ਧਰਮ ਦਾ ਉਪਦੇਸ਼ ਦਿੰਦੇ ਹਨ, ਉਸ ਤਰ੍ਹਾਂ ਆਚਰਣ ਕਰਦੇ ਹਨ, ਉਹ ਜੀਵ ਅਨੁਪਮ ਆਤਮਾਵਾਂ ਦੇ ਸਥਾਨ (ਮੋਕਸ਼) ਨੂੰ ਪ੍ਰਾਪਤ ਕਰਦੇ ਹਨ। ਫਿਰ ਮੁੜ ਜਨਮ ਨਹੀਂ ਲੈਂਦੇ, ਜਨਮ ਲੈਣ ਦੀ ਕਥਾ ਹੀ ਉਨ੍ਹਾਂ ਲਈ ਬੇਕਾਰ ਹੈ। (17)

ਨਾਂ ਮੁੜ ਸਕਣ ਵਾਲੇ ਮੋਕਸ਼ ਵਿਚ ਗਿਆ, ਗਿਆਨੀ ਪੁਰਸ਼ ਕਦੋਂ ਤੇ ਕਿਵੇਂ ਜਨਮ ਲੈ ਸਕਦਾ ਹੈ? (ਕਿਉਂਕਿ ਜਨਮ ਦਾ ਕਾਰਣ ਕਰਮ ਪਰੰਪਰਾ ਖਤਮ ਹੋ ਚੁੱਕੀ ਹੈ, ਕਾਰਣ ਬਿਨਾਂ ਜਨਮ-ਮਰਨ ਨਹੀਂ) ਉਹ ਸਭ ਪ੍ਰਕਾਰ ਦੀਆਂ ਕਾਮਨਾਵਾਂ ਤੋਂ ਰਹਿਤ ਤੀਰਥੰਕਰ, ਗਣਧਰ ਆਦਿ ਮਹਾਂਪੁਰਸ਼ ਸੰਸਾਰ ਦੇ ਸੱਚੇ ਪਥ ਪ੍ਰਦਰਸ਼ਕ ਹਨ। (20)

ਕਸ਼ਯਪ ਗੋਤਰੀ ਭਗਵਾਨ ਮਹਾਵੀਰ ਰਾਹੀਂ, ਫੁਰਮਾਏ ਇਹ ਸਥਾਨ, ਪ੍ਰਧਾਨ ਤੇ ਸਰਵ-

---

ਟਿਪਣੀ 16—ਸ਼ੀਲਾਂਕਾਚਾਰਿਆ ਟੀਕਾਕਾਰ ਇਸ ਗਾਥਾ ਦੀ ਵਿਆਖਿਆ ਕਰਦੇ ਆਖਦੇ ਹਨ—"ਮਨੁੱਖ ਸਮਿਅਕ ਦਰਸ਼ਨ, ਗਿਆਨ ਤੇ ਚਾਰਿੱਤਰ ਦੀ ਆਰਾਧਨਾ ਕਰਕੇ ਮੋਕਸ਼ ਨੂੰ ਪ੍ਰਾਪਤ ਕਰਦਾ ਹੈ। ਪਰ ਕਦੇ-ਕਦੇ ਜ਼ਿਆਦਾ ਕਰਮ ਬੰਧ ਦੇ ਪ੍ਰਭਾਵ ਕਾਰਣ ਸੌਧਰਮ ਦੇਵ ਲੋਕ ਵਿਚ ਦੇਵਤਾ ਵੀ ਬਣ ਸਕਦਾ ਹੈ।

ਸ਼ੀਲਾਂਕਾਚਾਰਿਆ ਟੀਕਾਕਾਰ

ਉੱਤਮ ਹੈ। ਉਸ ਸਥਾਨ ਨੂੰ ਪ੍ਰਾਪਤ ਕਰਕੇ ਕਈ ਗਿਆਨੀ ਜਨ-ਨਿਰਵਾਨ ਨੂੰ ਪ੍ਰਾਪਤ ਕਰਦੇ ਹਨ ਤੇ ਸੰਸਾਰ ਦਾ ਅੰਤ ਕਰਦੇ ਹਨ। (21)


ਗਿਆਨੀ ਪੁਰਸ਼, ਕਰਮਾਂ ਦੀ ਨਿਰਜਰਾ ਕਰਨ ਵਿਚ ਸਮਰਥ ਵੀਰਜ ਨੂੰ ਪ੍ਰਾਪਤ ਹੋ ਕੇ ਪਹਿਲੇ ਇਕੱਠੇ ਕਰਮਾਂ ਦਾ ਵਿਨਾਸ਼ ਕਰੇ ਅਤੇ ਨਵਾਂ ਕਰਮ ਬੰਧ ਨਾਂ ਕਰੇ। (22)

ਕਰਮਾਂ ਦਾ ਖਾਤਮਾ ਕਰਨ ਵਿਚ ਵੀਰ ਪੁਰਸ਼, ਹੋਰ ਪੁਰਸ਼ਾਂ ਦੀ ਤਰ੍ਹਾਂ ਪਾਪ ਕਰਮ ਨਹੀਂ ਕਰਦੇ। ਕਿਉਂਕਿ ਉਨ੍ਹਾਂ ਦੇ ਪਾਪ ਪੁਰਾਣੇ ਕਰਮ ਸੰਗ੍ਰਹਿ ਹੀ ਵਰਤਮਾਨ ਵਿਚ ਭੋਗੇ ਜਾਂਦੇ ਹਨ। ਵੀਰ ਪੁਰਸ਼ (ਅੱਠ ਪ੍ਰਕਾਰ ਦੇ) ਕਰਮ ਤਿਆਗ ਕਾਰਨ ਮੋਕਸ਼ ਦੇ ਕਰੀਬ ਖੜੇ ਹੁੰਦੇ ਹਨ। (23)

ਜੋ ਸਾਰੇ ਸਾਧੂਆਂ ਰਾਹੀਂ ਮਾਨਤਾ ਪ੍ਰਾਪਤ ਸੰਜਮ ਹੈ। ਉਹ ਕੰਡੇ (ਅੰਦਰਲੇ ਕਸ਼ਾਏ ਰੂਪੀ) ਦਾ ਖਾਤਮਾ ਕਰਨ ਵਾਲਾ ਹੈ। ਸਹੀ ਢੰਗ ਨਾਲ ਸੰਜਮ ਦੀ ਅਰਾਧਨਾ ਕਰਕੇ ਬਹੁਤ ਸਾਰੇ ਜੀਵ ਮੁਕਤੀ ਜਾਂ ਦੇਵ ਲੋਕ ਨੂੰ ਪ੍ਰਾਪਤ ਹੋਏ ਹਨ। (24)

ਪਹਿਲੇ ਸਮੇਂ ਵਿਚ ਵੀ ਧੀਰ ਪੁਰਸ਼ ਹੋ ਚੁਕੇ ਹਨ, ਭਵਿੱਖ ਵਿਚ ਵੀ ਸੁਵਰਤੀ ਪੁਰਸ਼ ਹੋਣਗੇ। ਜੋ ਕਸ਼ਟ ਨਾਲ ਪ੍ਰਾਪਤ ਸਮਿਅਕ ਦਰਸ਼ਨ, ਗਿਆਨ ਤੇ ਚਾਰਿੱਤਰ ਰੂਪੀ ਮਾਰਗ ਦੇ ਅੰਤ ਨੂੰ ਪਾ ਕੇ ਅਤੇ ਉਸ ਰਾਹ ਨੂੰ ਪ੍ਰਗਟ ਕਰਕੇ ਸੰਸਾਰ ਸਾਗਰ ਨੂੰ ਪਾਰ ਹੋਏ ਹਨ। ਅਜਿਹਾ ਮੈਂ ਆਖਦਾ ਹਾਂ। (25)





# ਸੋਲਵਾਂ ਗਾਥਾ ਨਾਮਕ ਅਧਿਐਨ

ਇਹ ਪਹਿਲੇ ਸਰੁਤ ਸਕੰਧ ਦਾ ਅੰਤਿਮ ਅਧਿਐਨ ਹੈ। ਇਸ ਦਾ ਨਾਂ ਗਾਥਾ ਅਧਿਐਨ ਹੈ। ਇਸ ਵਿਚ ਪਹਿਲੇ 15 ਅਧਿਐਨਾਂ ਵਿਚ ਵਰਨਣ ਕੀਤੇ ਵਿਸ਼ਿਆਂ ਦਾ ਹੀ ਜਿਕਰ ਹੈ। ਇਸ ਅਧਿਐਨ ਵਿਚ ਦੱਸਿਆ ਗਿਆ ਹੈ ਕਿ ਸਾਰੇ ਪਾਪ ਕਰਮਾਂ ਤੋਂ ਜੋ ਦੂਰ ਹੈ। ਪਾਪਾਂ ਦੇ ਕਾਰਣ ਕਰਮਾਂ ਤੋਂ ਦੂਰ ਹੈ, ਸਮਿਤਿ ਯੁਕਤ ਹੈ, ਗਿਆਨਵਾਨ ਹੈ, ਸੰਜਮੀ ਹੈ, ਕ੍ਰੋਧ-ਅਭਿਮਾਨ ਦੂਰ ਕਰਦਾ ਹੈ ਉਹ ਮਹਾਨ ਹੈ। ਜੋ ਲਗਾਵ-ਰਹਿਤ, ਇੱਛਾ-ਰਹਿਤ, ਕਸ਼ਾਏ ਮੁਕਤ ਹੈ, ਹਿੰਸਾ ਆਦਿ ਤੋਂ ਪਰੇ ਹੈ ਉਹ ਸ੍ਰਮਣ ਹੈ। ਪਰਿਸੈ ਦਾ ਜੇਤੂ ਭਿੱਖਿਆ-ਜੀਵੀ ਹੀ ਭਿਖਸ਼ੂ ਹੈ। ਜੋ ਗ੍ਰੰਥ ਰਹਿਤ (ਪਰਿਗ੍ਰਹਿ ਤੋਂ ਮੁਕਤ) ਹੈ ਇਕੱਲਾ ਹੈ। ਇਕ ਆਤਮਾ ਨੂੰ ਹੀ ਜਾਣਦਾ ਹੈ, ਪੂਜਾ, ਸਤਿਕਾਰ ਦੀ ਇੱਛਾ ਨਹੀਂ ਕਰਦਾ ਉਹ ਨਿਰਗ੍ਰੰਥ ਹੈ।

## ਨਿਕਸ਼ੇਪ

ਇਸ ਅਧਿਐਨ ਦੇ ਚਾਰ ਨਿਕਸ਼ੇਪ ਹਨ, ਨਾਮ ਤੇ ਸਥਾਪਨਾ ਸਰਲ ਹੈ।

ਜੋ ਪੁਸਤਕ ਪੰਨੇ ਤੇ ਲਿਖੀ ਜਾਵੇ ਉਹ ਦਰੱਵ ਗਾਥਾ ਹੈ।

ਜੋ ਮਿੱਠੇ ਅੱਖਰਾਂ ਰਾਹੀਂ ਬਣਾ ਕੇ ਗਾਈ ਜਾਵੇ, ਕੰਨਾਂ ਨੂੰ ਸੁੰਦਰ ਲਗੇ, ਸਮੁੰਦਰ ਛੰਦ ਵਿਚ ਰਚੀ ਹੋਵੇ ਉਹ ਹੀ ਗਾਥਾ ਹੈ। ਇਹ ਅਧਿਐਨ ਗਾਥਾ ਵਿਚ ਨਹੀਂ ਹੈ, ਫਿਰ ਵੀ ਇਹ ਗਾਇਆ ਜਾ ਸਕਦਾ ਹੈ। ਭਾਵ ਗਾਥਾ ਉਹ ਹੈ ਜੋ ਕਸ਼ਾਯੋਸਮੀਕ ਭਾਵ ਤੋਂ ਉਤਪੰਨ ਹੋਵੇ, ਕਿਉਂਕਿ ਸਾਰਾ ਸਰੁਤ (ਸ਼੍ਰੁਤ) ਇਸੇ ਭਾਵ ਹੇਠ ਆਉਂਦਾ ਹੈ।

# ਸੋਲਵਾਂ ਗਾਥਾ ਅਧਿਐਨ

ਸੂਤਰ ਕ੍ਰਿਤਾਂਗ ਸੂਤਰ ਦੇ 15 ਆਖਣ ਤੋਂ ਬਾਅਦ ਭਗਵਾਨ ਮਹਾਵੀਰ ਨੇ ਕਿਹਾ—15 ਅਧਿਐਨ ਵਿਚ ਆਖੇ ਅਰਥ ਅਨੁਸਾਰ ਜੋ ਪੁਰਸ਼ ਇੰਦਰੀਆਂ ਅਤੇ ਮਨ ਨੂੰ ਵਸ ਕਰਕੇ ਮੁਕਤੀ ਜਾਨਣ ਯੋਗ, ਸ਼ਰੀਰ ਨੂੰ ਤਿਆਗ ਕਰਦਾ ਹੈ। ਉਸ ਨੂੰ ਮਾਹਨ, ਸ਼੍ਰਮਣ ਭਿਖਸ਼ੂ ਜਾਂ ਨਿਰਗ੍ਰੰਥ ਆਖਣਾ ਚਾਹੀਦਾ ਹੈ।

(ਚੇਲਾ ਪੁਛਦਾ ਹੈ)—"ਭਗਵਾਨ ਉਪਰੋਕਤ ਧਾਰਮਿਕ ਕ੍ਰਿਆਵਾਂ ਵਾਲੇ, ਇੰਦਰੀਆਂ ਤੇ ਮਨਜੇਤੂ, ਮੁਕਤੀ ਦੇ ਇਛੁਕ ਸ਼ਰੀਰ ਦੀ ਮਮਤਾ ਤੋਂ ਰਹਿਤ ਪੁਰਸ਼ ਨੂੰ ਕਿਉਂ ਮਹਾਨ, ਸ਼੍ਰਮਣ ਭਿਖਸ਼ੂ ਤੇ ਨਿਰਗ੍ਰੰਥ ਆਖਣਾ ਚਾਹੀਦਾ ਹੈ ? ਹੇ ਮਹਾਮੁਨੀ ! ਕਿਰਪਾ ਕਰਕੇ ਮੈਨੂੰ ਫੁਰਮਾਉ।

ਭਗਵਾਨ ਆਖਦੇ ਹਨ—"ਉਪਰੋਕਤ ਧਾਰਮਿਕ ਕ੍ਰਿਆਵਾਂ ਤੇ ਚਲਣ ਵਾਲਾ ਭਿਖਸ਼ੂ ਸਾਰੇ ਪਾਪ ਕਰਮਾਂ ਦਾ ਨਾਸ਼ ਕਰ ਚੁਕਾ ਹੈ। ਰਾਗ, ਦਵੇਸ਼, ਕਲਹ, ਦੋਸ਼ ਮੜ੍ਹਨ, ਚੁਗਲੀ, ਪਰਾਈ ਨਿੰਦਾ, ਅਰਤਿ, ਰਤਿ, ਮਾਇਆ (ਕਪਟ) ਝੂਠ, ਮਿਥਿਆ ਦਰਸ਼ਨ ਸਲਯ (ਪਾਖੰਡ ਦਾ ਕੰਡਾ) ਤੋਂ ਰਹਿਤ ਹੈ ਸੰਜਮ ਪ੍ਰਤੀ ਨਫਰਤ ਰਖਦਾ ਹੈ, ਅਸੰਜਮ ਪ੍ਰਤੀ ਪ੍ਰੇਮ ਨਹੀਂ ਕਰਦਾ। ਪੰਜ ਸਮਿਤਿ ਵਾਲਾ, ਗਿਆਨ ਦੇ ਗੁਣਾਂ ਵਾਲਾ, ਇੰਦਰੀਆਂ ਦਾ ਜੇਤੂ ਕਿਸੇ ਤੇ ਕਰੋਧ ਨਹੀਂ ਕਰਦਾ, ਮਾਨ ਨਹੀਂ ਕਰਦਾ, ਉਸ ਨੂੰ ਮਾਹਨ ਬ੍ਰਾਹਮਣ ਆਖਣਾ ਯੋਗ ਹੈ।

**ਸੱਚਾ ਸ਼੍ਰਮਣ :—**

ਜੋ ਸਾਧੂ ਮਹਾਨ ਗੁਣਾਂ ਵਾਲਾ ਹੈ, ਸ਼ਰੀਰ ਪ੍ਰਤੀ ਲਗਾਵ ਨਹੀਂ ਰਖਦਾ, ਤੱਪ ਸੰਜਮ ਦੇ ਫਲ ਦੀ ਇੱਛਾ ਤੋਂ ਰਹਿਤ ਹੈ। ਕਸ਼ਾਏ ਰਹਿਤ ਹੈ, ਜੀਵ ਹਿੰਸਾ, ਝੂਠ, ਕਾਮਭੋਗ, ਪਰਿਗ੍ਰਹਿ ਤੋਂ ਪਰੇ ਹੈ। ਜੋ ਕਰੋਧ, ਮਾਨ, ਮਾਇਆ, ਲੋਭ ਰਾਗ ਤੇ ਦਵੇਸ਼ ਨਹੀਂ ਕਰਦਾ, ਇਸ ਤਰ੍ਹਾਂ (ਜੋ ਕੰਮ) ਕਰਮ ਬੰਧ ਦਾ ਕਾਰਣ ਹਨ ਜਾਂ ਆਤਮ ਲਈ ਦਵੇਸ਼ ਹਨ, ਉਨ੍ਹਾਂ ਤੋਂ ਪਰੇ ਹੋ ਕੇ ਇੰਦਰੀਆਂ ਨੂੰ ਜਿਤਦਾ ਹੈ, ਮੁਕਤੀ ਦਾ ਰਾਹੀ ਬਣਦਾ ਹੈ, ਸ਼ਰੀਰ ਦੇ ਸੰਸਕਾਰ (ਸਾਰ ਸੰਭਾਲ) ਤਿਆਗਦਾ ਹੈ ਉਹ ਸ਼੍ਰਮਣ ਅਖਵਾਣ ਦੇ ਯੋਗ ਹੈ। (2)

**ਸੱਚਾ ਭਿਖਸ਼ੂ :—**

ਜੋ ਮਾਹਨ (ਬ੍ਰਾਹਮਣ) ਤੇ ਸ਼੍ਰਮਣ ਵਿਚ ਦਸੇ ਗੁਣਾਂ ਵਾਲਾ ਹੈ, ਅਭਿਮਾਨ-ਰਹਿਤ ਹੈ,

ਵਿਨੇਵਾਨ ਹੈ, ਨਿਮਰਤਾ ਵਾਲਾ ਹੈ, ਇੰਦਰੀਆਂ ਦਾ ਜੇਤੂ ਹੈ। ਮੁਕਤੀ ਲਈ ਯੋਗ ਗੁਣਾਂ ਦਾ ਧਾਰਕ ਹੈ। ਸ਼ਰੀਰ ਸੰਸਕਾਰ ਦਾ ਤਿਆਗੀ ਹੈ। ਭਿੰਨ-ਭਿੰਨ ਪ੍ਰਕਾਰ ਦੇ ਪਰਿਸ਼ੈ ਤੇ ਕਸ਼ਟ ਸਹਿੰਦਾ ਹੈ। ਧਰਮ ਧਿਆਨ ਨਾਲ ਸ਼ੁਧ ਚਾਰਿੱਤਰ ਦਾ ਪਾਲਨ ਕਰਦਾ ਹੈ। ਸੰਜਮ ਲਈ ਹਾਜ਼ਰ ਹੈ, ਜਿਸ ਦੀ ਆਤਮਾ ਮੁਕਤੀ ਮਾਰਗ ਵਿਚ ਲੱਗੀ ਹੈ। ਸੰਸਾਰ ਨੂੰ ਅਸਾਰ ਸਮਝ ਕੇ ਦੂਸਰੇ ਰਾਹੀਂ ਦਿਤਾ ਭੋਜਨ ਗ੍ਰਹਿਣ ਕਰਦਾ ਹੈ। ਉਹ ਹੀ ਭਿਖਸ਼ੂ ਅਖਵਾਉਂਦਾ ਹੈ। (3)


## ਸੱਚਾ ਨਿਰਗ੍ਰੰਥ :—

ਉਪਰੋਕਤ ਗੁਣਾਂ ਤੋਂ ਛੁੱਟ ਜੋ ਰਾਗਦਵੇਸ਼ ਰਹਿਤ ਹੋਵੇ। "ਆਤਮਾ ਇਕੱਲਾ ਆਉਂਦਾ ਹੈ, ਇਕੱਲਾ ਹੀ ਜਾਂਦਾ ਹੈ" ਇਸ ਸਾਰ ਭੂਤ ਗਿਆਨ ਤੇ ਸ਼ਰਧਾ ਰਖਦਾ ਹੈ। ਹੋ ਵਸਤੂ ਦੇ ਸਵਰੂਪ ਨੂੰ ਸਹੀ ਢੰਗ ਨਾਲ ਜਾਣਦਾ ਹੈ। ਜੋ ਕਰਮ ਆਸ਼ਰਵ (ਦਰਵਾਜ਼ੇ) ਨੂੰ ਰੋਕਦਾ ਹੈ। ਬਿਨਾਂ ਕਾਰਣ ਕੋਈ ਸ਼ਰੀਰਕ ਕ੍ਰਿਆਵਾਂ ਨਹੀਂ ਕਰਦਾ, ਇੰਦਰੀਆਂ ਦਾ ਜੇਤੂ ਹੈ। ਸਮਿਤੀ ਵਾਲਾ ਹੈ, ਸਮਭਾਵੀ ਹੈ। ਆਤਮ ਤਤੱਵ ਦਾ ਗਿਆਨੀ ਹੈ। ਸੱਚਾ ਗਿਆਨੀ ਹੈ।

ਜਿਸ ਵਿਚ ਦਰਵ (ਸ਼ਰੀਰ) ਤੇ ਭਾਵ ਆਤਮਾ ਰਾਹੀਂ ਸੰਸਾਰ ਦੇ ਕਾਰਣ ਦਾ ਖਾਤਮਾ ਕਰ ਦਿੰਦਾ ਹੈ, ਜੋ ਪੂਜਾ ਸਤਿਕਾਰ ਤੇ ਲਾਭ ਦੀ ਇੱਛਾ ਨਹੀਂ ਕਰਦਾ। ਧਰਮ ਦਾ ਅਰਥ ਜਾਨਣ ਵਾਲਾ ਹੈ। ਧਰਮ ਤਤੱਵ ਦਾ ਜਾਨਕਾਰ ਹੈ। ਮੋਕਸ਼ ਦਾ ਰਾਹੀ ਹੈ। ਮਮਤਾ ਨਾਲ ਜ਼ਿੰਦਗੀ ਗੁਜ਼ਾਰਦਾ ਹੈ, ਜੋ ਇੰਦਰੀਆਂ ਦਾ ਜੇਤੂ ਮੁਕਤੀ ਵੱਲ ਜਾਣ ਯੋਗ ਤੇ ਸ਼ਰੀਰ ਦੀ ਮਮਤਾ ਦਾ ਤਿਆਗੀ ਹੈ ਉਸਨੂੰ ਨਿਰਗ੍ਰੰਥ ਆਖਣਾ ਚਾਹੀਦਾ ਹੈ।

(ਸ਼੍ਰੀ ਸੁਧਰਮਾ ਸਵਾਮੀ ਸ਼੍ਰੀ ਜੰਬੂ ਸਵਾਮੀ ਨੂੰ ਆਖਦੇ ਹਨ। ਮੈਂ ਉਸੇ ਤਰ੍ਹਾਂ ਸਰਵੱਗ ਭਗਵਾਨ ਮਹਾਵੀਰ ਤੋਂ ਸੁਣਿਆ ਹੈ ਇਸ ਗੱਲ ਨੂੰ ਸੱਚ ਮੰਨੋ ਕਿ ਸੰਸਾਰ ਨੂੰ ਭੈ ਮੁਕਤ ਕਰਨ ਵਾਲੇ ਤੀਰਥੰਕਰ ਅਰਿਹੰਤ ਹੀ ਅਜਿਹਾ ਕਥਨ ਕਰਦੇ ਹਨ। (4)

ਸ੍ਰੀ ਸੂਤਰ ਕ੍ਰਿਤਾਂਗ ਦਾ ਪਹਿਲਾ ਸ਼ਰੁਤ ਸਕੰਧ ਸੰਪੂਰਣ ਹੋਇਆ।







# ਸ਼੍ਰੀ ਸੂਤਰ ਕ੍ਰਿਤਾਂਗ ਸੂਤਰ

## ਦੂਸਰਾ ਸ਼ਰੁਤ ਸਕੰਧ

# ਪਹਿਲਾ ਅਧਿਐਨ ਪੁੰਡਰੀਕ

*

ਪਹਿਲੇ ਸ਼ਰੁਤ ਸਕੰਧ ਵਿਚ ਜੋ ਗੱਲਾਂ ਦਸੀਆਂ ਗਈਆਂ ਹਨ ਉਨ੍ਹਾਂ ਦਾ ਵਿਸਥਾਰ ਇਸ ਦੂਸਰੇ ਭਾਗ ਵਿਚ ਹੈ। ਇਸੇ ਲਈ ਨਿਰਯੁਕਤੀ ਕਾਰ ਨੇ ਇਸ ਅਧਿਐਨ ਨੂੰ ਮਹਾ ਅਧਿਐਨ ਕਿਹਾ ਹੈ। ਇਸ ਦੇ ਸਤ ਅਧਿਐਨਾਂ ਵਿਚ ਦੋ ਹੀ ਗਾਥਾ ਰੂਪ ਹਨ।

ਇਸ ਦੂਸਰੇ ਭਾਗ ਦਾ ਪਹਿਲਾ ਅਧਿਐਨ ਪੁੰਡਰੀਕ ਹੈ ਜਿਸਦਾ ਅਰਥ ਹੈ "ਸੌ ਪਖੰਡੀਆਂ ਵਾਲਾ"। ਇਸ ਅਧਿਐਨ ਵਿਚ ਇਕ ਰੂਪਕ ਰਾਹੀਂ ਭਿੰਨ-ਭਿੰਨ ਮੱਤਾਂ ਦੇ ਵਿਸ਼ਵਾਸ ਵਾਰੇ ਦੱਸਿਆ ਗਿਆ ਹੈ।

"ਇਕ ਵਿਸ਼ਾਲ ਪੁਸ਼ਕਰਨੀ ਹੈ। ਉਸ ਦੇ ਠੀਕ ਵਿਚਕਾਰ ਇਕ ਸੌ ਪੰਖੜੀਆਂ ਵਾਲਾ ਸਫੈਦ ਕਮਲ ਖਿਲਿਆ ਹੋਇਆ ਹੈ। ਇਕ ਪੁਰਸ਼ ਪੂਰਵ ਵਲੋਂ ਆਇਆ। ਉਸ ਨੇ ਕਮਲ ਵੇਖਿਆ। ਉਹ ਕਮਲ ਲੈਣ ਲਈ ਝੀਲ ਅੰਦਰ ਗਿਆ। ਜਿਉਂ ਜਿਉਂ ਝੀਲ ਵੱਲ ਅੱਗੇ ਵਧਦਾ ਗਿਆ, ਪਾਣੀ ਡੂੰਘਾ ਹੁੰਦਾ ਗਿਆ। ਉਹ ਪੁਰਸ਼ ਕਮਲ ਤੱਕ ਨਾ ਪਹੁੰਚ ਸਕਿਆ। ਇਸੇ ਤਰ੍ਹਾਂ ਪੱਛਮ, ਉੱਤਰ ਤੇ ਦੱਖਣ ਵਲੋਂ ਕਮਲ ਪ੍ਰਾਪਤ ਕਰਨ ਦੇ ਇੱਛੁਕ ਆਉਂਦੇ ਗਏ, ਅਤੇ ਪਾਣੀ ਵਿਚਕਾਰ ਭਿਆਨਕ ਚਿੱਕੜ ਵਿਚ ਫਸਦੇ ਗਏ।

ਫੇਰ ਅਚਾਨਕ ਇਕ ਤਿਆਗੀ ਭਿਖਸ਼ੂ ਆਇਆ, ਉਹ ਕਿਨਾਰੇ ਤੇ ਖੜਾ ਰਿਹਾ। ਉਸ ਨੇ ਕਮਲ ਨੂੰ ਤੱਕਿਆ, ਪਰ ਉਹ ਉਨ੍ਹਾਂ ਚਾਰ ਪੁਰਸ਼ਾਂ ਦੀ ਤਰ੍ਹਾਂ ਚਿੱਕੜ ਵਿਚ ਨਾ ਫਸਿਆ। ਉਸਨੂੰ ਕਿਨਾਰੇ ਤੇ ਖੜ੍ਹ ਕੇ ਕਮਲ ਨੂੰ ਅਵਾਜ ਦਿੱਤੀ, ਤਾਂ ਕਮਲ ਆਪਣੇ ਆਪ ਉਸ ਤਿਆਗੀ ਭਿਖਸ਼ੂ ਕੋਲ ਆ ਗਿਆ।"

## ਰੂਪਕ ਦਾ ਸਾਰ :

ਇਹ ਸੰਸਾਰ ਪੁਸ਼ਕਰਨੀ ਝੀਲ ਦੀ ਤਰ੍ਹਾਂ ਹੈ ਜਿਸ ਵਿਚ ਕਰਮਰੂਪੀ ਪਾਣੀ ਅਤੇ ਕਾਮਭੋਗ ਰੂਪੀ ਚਿੱਕੜ ਪਿਆ ਹੈ। ਅਨੇਕ ਦੇਸ਼ ਚਾਰੋਂ ਤਰਫ ਫੈਲੇ ਕਮਲ ਫੁੱਲਾਂ ਦੀ ਤਰ੍ਹਾਂ ਹਨ। ਵਿਚਕਾਰ ਪੁੰਡਰੀਕ ਕਮਲ ਰਾਜਾ ਦੀ ਤਰ੍ਹਾਂ ਹੈ। ਪੁਸ਼ਕਰਨੀ ਵਿਚ ਘੁੰਮਨ ਵਾਲੇ ਚਾਰੋਂ ਆਦਮੀ, ਚਾਰ ਅਨੇਤੀਰਥੀ (ਦੂਸਰੇ ਧਾਰਮਿਕ ਵਿਸ਼ਵਾਸ਼ਾਂ) ਦੇ ਲੋਕ ਹਨ। ਸਮਝ-ਦਾਰ ਭਿਖਸ਼ੂ ਧਰਮ ਦਾ ਰੂਪ ਹੈ। ਕਿਨਾਰਾ ਧਰਮ ਰੂਪੀ ਤੀਰਥ ਹੈ। ਭਿਖਸ਼ੂ ਦਵਾਰਾ

ਉੱਚਾਰੇ ਸ਼ਬਦ ਧਰਮ ਕਥਾ ਰੂਪ ਹਨ। ਪੁੰਡਰੀਕ ਦਾ ਉਪਰ ਨੂੰ ਉਠਨਾ ਨਿਰਵਾਨ (ਮੋਕਸ਼) ਦੀ ਤਰ੍ਹਾਂ ਹੈ।

## ਪਹਿਲਾ ਪੁਰਸ਼ : ਤਜੱਜੀਵ ਤੱਛਰੀਰਵਾਦੀ

ਪਹਿਲਾ ਪੁਰਸ਼ ਤਜੱਜੀਵ-ਤੱਛਰੀਰ ਵਾਦੀ ਹੈ। ਇਹ ਮੱਤ ਆਤਮਾ ਦੀ ਹੋਂਦ ਤੋਂ ਇਨਕਾਰੀ ਹੈ। ਇਸ ਅਨੁਸਾਰ ਜੀਵ ਤੇ ਸ਼ਰੀਰ ਇਕ ਹੀ ਹੈ। ਇਸ ਨੂੰ ਨਾਸਤਕ ਮੱਤ ਜਾਂ ਭੌਤਿਕ ਵਾਦੀ ਮੱਤ ਵੀ ਆਖ ਸਕਦੇ ਹਾਂ। ਬੋਧ ਗ੍ਰੰਥ ਸਾਮਞਫੱਲ ਮੱਤ ਵਿਚ ਇਸ ਵਿਸ਼ਵਾਸ ਦੇ ਪ੍ਰਚਾਰਕ ਕੇਸ਼ੀਕੰਬਲ ਨਾਂ ਮਿਲਦਾ ਹੈ। ਜਿਸਨੂੰ ਉਛੇਦਵਾਦੀ ਮਤ ਦਾ ਪ੍ਰਚਾਰਕ ਬੁੱਧ ਗ੍ਰੰਥਾਂ ਵਿਚ ਕਿਹਾ ਗਿਆ ਹੈ।

## ਦੂਸਰਾ ਪੁਰਸ਼ : ਪੰਜ ਮਹਾਂਭੂਤ ਵਾਦੀ :

ਇਸ ਮੱਤ ਅਨੁਸਾਰ ਸਾਰਾ ਸੰਸਾਰ ਪੰਜ ਤੱਤਾਂ ਦਾ ਬਨਿਆ ਹੈ। (1) ਪ੍ਰਿਥਵੀ (2) ਜੱਲ (3) ਅੱਗ (4) ਹਵਾ (5) ਅਕਾਸ਼। ਇਹ ਪੰਜ ਮਹਾਂਭੂਤ ਹਨ—

ਪੰਜ ਮਹਾਂਭੂਤਾਂ, ਰਾਹੀਂ ਹੀ ਸੰਸਾਰ ਦੀ ਉਤਪਤਿ, ਸਥਿਤੀ ਤੇ ਵਿਨਾਸ਼ ਹੁੰਦਾ ਹੈ। ਸਾਰੀਆਂ ਕ੍ਰਿਆਵਾਂ ਦਾ ਕਾਰਣ ਪੰਜ ਮਹਾਭੂਤ ਹਨ। ਪੰਜ ਮਹਾਭੂਤ ਮਿਲ ਕੇ ਹੀ ਸ਼ਰੀਰ ਦਾ ਨਿਰਮਾਨ ਕਰਦੇ ਹਨ।

ਇਹ ਪ੍ਰਿਥਵੀ ਆਦਿ ਕਿਸੇ ਨੇ ਨਹੀਂ ਬਨਾਏ, ਇਹ ਪੰਜ ਮਹਾਂਭੂਤ ਅਨਾਦਿ ਅਨੰਤ ਅਤੇ ਸੁਤੰਤਰ ਹਨ। ਆਉਣ, ਜਾਣ, ਉੱਠਣ, ਬੈਠਣ, ਸੌਣ ਜਾਗਨ ਆਦਿ ਕ੍ਰਿਆਵਾਂ ਦਾ ਕਾਰਣ ਵੀ ਇਹ ਪੰਜ ਮਹਾਂਭੂਤ ਹਨ। ਕਿਸੇ ਹੋਰ ਕਾਰਣ ਨਾਲ, ਈਸ਼ਵਰ ਜਾਂ ਆਤਮਾ ਇਨ੍ਹਾਂ ਕ੍ਰਿਆਂ ਦਾ ਕਾਰਣ ਨਹੀਂ। ਕਾਲ, ਈਸ਼ਵਰ ਤੇ ਆਤਮਾ ਆਦਿ ਪਦਾਰਥ ਮਿਥਿਆ ਹਨ। ਸਵਰਗ-ਨਰਕ ਦੀ ਕਲਪਨਾ ਬੇਕਾਰ ਹੈ। ਸੰਸਾਰ ਦੇ ਉੱਤਮ ਸੁੱਖ ਸਵਰਗ ਹਨ ਤੇ ਭਿਅੰਕਰ ਰੋਗ ਨਰਕ ਹਨ। ਇਸ ਲਈ ਸਵਰਗ ਜਾਂ ਮੋਕਸ਼ ਦੀ ਪ੍ਰਾਪਤੀ ਲਈ ਤਪਸਿਆ ਆਦਿ ਕਰਨਾ ਬੇਕਾਰ ਹੈ। ਸ਼ਰੀਰ ਵਿਚ ਜੋ ਚੇਤਨਾ ਹੈ ਉਹ ਹੀ ਸ਼ਰੀਰ ਰੂਪ ਵਿਚ ਬਦਲਕੇ ਪੰਜ ਮਹਾਂਭੂਤ ਦਾ ਕਾਰਣ ਬਣਦੀ ਹੈ, ਕਿਸੇ ਆਤਮਾ ਕਾਰਣ ਨਹੀਂ। ਸ਼ਰੀਰ ਦੇ ਨਾਸ਼ ਨਾਲ ਆਤਮਾ ਦਾ ਨਾਸ਼ ਹੋ ਜਾਂਦਾ ਹੈ। ਸੋ ਨਰਕ ਤੇ ਪਸ਼ੂ ਗਤਿ ਵਿਚ ਜਨਮ ਲੈਣ ਕਾਰਣ ਤਪੱਸਿਆ ਆਦਿ ਕਸ਼ਟ ਸਹਿਨਾ ਮੂਰਖਤਾ ਹੈ।

ਸਾਂਖਯ ਵਾਦੀ ਪੰਜ ਮਹਾਂਭੂਤ ਤੋਂ ਛੁੱਟ ਆਤਮਾ ਨੂੰ ਵੀ ਮੰਨਦੇ ਹਨ। ਆਤਮਾ ਨੂੰ ਕ੍ਰਿਆ ਰਹਿਤ ਮੰਨਕੇ ਉਹ ਸਾਰੀਆਂ ਕ੍ਰਿਆਵਾਂ ਦਾ ਕਾਰਣ ਪੰਜ ਮਹਾਭੂਤ ਰਾਹੀਂ ਪ੍ਰਾਕ੍ਰਿਤੀ ਨੂੰ ਮੰਨਦੇ ਹਨ।

ਆਤਮਾ ਦੀ ਹੋਂਦ ਤੋਂ ਇਨਕਾਰੀ ਪੰਜ ਮਹਾਂਭੂਤ ਵਾਦੀ ਨਾਸਤਕ ਤੇ ਆਤਮਾ ਨੂੰ

ਕ੍ਰਿਆ ਰਹਿਤ ਮੰਨਣ ਵਾਲੇ ਸਾਂਖਯਵਾਦੀ ਪੰਜ ਮਹਾਂਭੂਤ ਵਾਦੀ ਹੀ ਹਨ। ਸਾਂਖਯ ਦਰਸ਼ਨ ਵਾਲੇ ਆਤਮਾ ਨੂੰ ਛੇਵਾਂ ਤੱਤਵ ਮੰਨਦੇ ਹਨ। ਉਨ੍ਹਾਂ ਅਨੁਸਾਰ ਆਤਮਾ ਕੁੱਝ ਨਹੀਂ ਕਰਦੀ। ਸਾਂਖਯ ਦਰਸ਼ਨ ਦਾ ਕਥਨ ਹੈ, "ਸੱਤ ਦਾ ਕਦੇ ਨਾਸ਼ ਨਹੀਂ ਹੁੰਦਾ ਅਤੇ ਅਸੱਤ ਦੀ ਕਦੇ ਉਤਪੱਤੀ ਨਹੀਂ ਹੁੰਦੀ। "ਸਭ ਕੁੱਛ ਪ੍ਰਾਕ੍ਰਿਤੀ ਕਰਦੀ ਹੈ। ਸਤੋ, ਰਜੋ, ਤਮੋ ਇਹ ਤਿੰਨ ਸੰਸਾਰ ਦੇ ਮੂਲ ਕਾਰਣ ਹਨ, ਤਿੰਨਾਂ ਗੁਣਾਂ ਦੀ ਸੱਮਅਵਸਥਾ ਹੀ ਪ੍ਰਾਕ੍ਰਿਤੀ ਹੈ। ਉਹ ਹੀ ਸਾਰੇ ਕੰਮਾਂ ਦਾ ਸੰਪਾਦਨ ਕਰਦੀ ਹੈ। ਹਾਲਾਂਕਿ ਪੁਰਸ਼ ਜਾਂ ਜੀਵ ਨਾਂ ਦਾ ਇਕ ਚੇਤਨ ਤਤੱਵ ਜਰੂਰ ਹੈ ਪਰ ਉਹ ਅਕਾਸ਼ ਦੀ ਤਰ੍ਹਾਂ ਫੈਲਿਆ ਹੋਣ ਕਾਰਣ ਕ੍ਰਿਆ ਰਹਿਤ ਹੈ। ਉਹ (ਪੁਰਸ਼) ਪ੍ਰਾਕ੍ਰਿਤੀ ਰਾਹੀਂ ਕੀਤੇ ਕਰਮਾਂ ਦਾ ਫੱਲ ਭੋਗਦਾ ਹੈ। ਅਤੇ ਬੁਧੀ ਰਾਹੀਂ ਗ੍ਰਹਿਣ ਕੀਤੇ ਪਦਾਰਥਾਂ ਨੂੰ ਪ੍ਰਕਾਸ਼ਮਾਨ ਕਰਦਾ ਹੈ। ਜਿਸ ਬੁਧੀ ਰਾਹੀਂ ਗ੍ਰਹਿਣ ਕੀਤੇ ਪਦਾਰਥਾਂ ਨੂੰ ਉਹ ਪੁਰਸ਼ ਜਾਂ ਜੀਵ ਪ੍ਰਕਾਸ਼ਿਤ ਕਰਦਾ ਹੈ ਉਹ ਬੁੱਧੀ ਵੀ ਪ੍ਰਾਕ੍ਰਿਤੀ ਤੋਂ ਭਿੰਨ ਨਹੀਂ।

ਇਸ ਲਈ ਪ੍ਰਾਕ੍ਰਿਤੀ ਭਿੰਨ-2 ਗੁਣਾਂ ਸਹਿਜ ਹੈ। ਇਹ ਤਿੰਨ ਗੁਣ ਅਸਥਿਰ ਹਨ। ਜਦੋਂ ਸਤੋ ਗੁਣ ਵਿਚ ਵਾਧਾ ਹੁੰਦਾ ਹੈ ਤਾਂ ਮਨੁੱਖ ਸ਼ੁਭ ਕਰਮ ਕਰਦਾ ਹੈ। ਰਜੋ ਗੁਣ ਵਿੱਚ ਵਾਧੇ ਕਾਰਣ ਪਾਪ-ਪੁੰਨ ਦੋਵੇਂ ਪ੍ਰਕਾਰ ਦੇ ਕੰਮ ਕਰਦਾ ਹੈ। ਤਮੋ ਗੁਣ ਦਾ ਵਾਧਾ ਹੋਣ ਤੇ ਹਿੰਸਾ, ਝੂਠ ਆਦਿ ਪਾਪ ਭਰਪੂਰ ਕੰਮ ਕਰਦਾ ਹੈ। ਇਸ ਤਰ੍ਹਾਂ ਸੰਸਾਰ ਦੇ ਸਾਰੇ ਕੰਮ ਸਤੋ, ਰਜੋ, ਤਮੋ ਗੁਣਾਂ ਦੇ ਉਪਚੇ (ਇਕੱਠ) ਅਪਚੇ (ਨਸ਼ਟ ਹੋਣਾ) ਕਾਰਣ ਹੁੰਦੇ ਹਨ, ਆਤਮਾ ਰਾਹੀਂ ਨਹੀਂ। ਪ੍ਰਿਥਵੀ ਆਦਿ ਪੰਜ ਮਹਾਂਭੂਤ ਪ੍ਰਾਕ੍ਰਿਤੀ ਤੋਂ ਉਤਪਨ ਹੁੰਦੇ ਹਨ। ਪ੍ਰਾਕ੍ਰਿਤੀ ਤਿੰਨ ਗੁਣਾਂ ਵਾਲੀ ਹੈ ਉਸ ਤੋਂ ਬੁੱਧੀ ਮਹਤੱਵ ਤੋਂ ਅਹੰਕਾਰ, ਅਹੰਕਾਰ ਤੋਂ ਰੂਪ, ਵਚਨ, ਗੰਧ, ਰਸ ਤੇ ਸਪਰਸ਼ ਆਦਿ ਪੰਜ ਤਨਮਾਤਰਾਵਾਂ (ਸੂਖ ਮਹੱਤਵ) ਦੀ ਉਤਪਤਿ ਹੁੰਦੀ ਹੈ ਅਤੇ ਪੰਜ ਤਨਮਾਤਰਾਵਾਂ ਤੋਂ ਪ੍ਰਿਥਵੀ, ਆਦਿ ਪੰਜ ਮਹਾਂਭੂਤ, ਪੰਜ ਗਿਆਨ ਇੰਦਰੀਆਂ, ਪੰਜ ਕਰਮ ਇੰਦਰੀਆਂ। "ਪਰਲੋਕ ਦਾ ਡਰ ਨਾ ਹੋਣ ਕਾਰਣ ਇਹ ਲੋਕ ਪਾਪ ਤੇ ਵਿਸ਼ੇ ਭੋਗਾਂ ਵਿਚ ਡੁਬੇ ਰਹਿੰਦੇ ਹਨ।"

ਕਰਮ ਇੰਦਰੀਆਂ ਤੇ ਮਨ ਦੀ ਉਤਪਤਿ ਹੁੰਦੀ ਹੈ। ਇਸ ਤਰ੍ਹਾਂ 24 ਪਦਾਰਥ ਹੀ ਸਾਰੇ ਸੰਸਾਰ ਨੂੰ ਚਲਾਉਂਦੇ ਹਨ। 25ਵਾਂ ਪੁਰਸ਼ ਵੀ ਇਕ ਤੱਤਵ ਹੈ, ਪਰ ਉਹ ਭੋਗ ਤੇ ਬੁਧੀ ਨਾਲ ਗ੍ਰਹਿਣ ਕੀਤੇ ਪਦਾਰਥਾਂ ਨੂੰ ਪ੍ਰਕਾਸ਼ ਵਿਚ ਲੈ ਆਉਣ ਦੇ ਹੋਰ ਕੋਈ ਕੰਮ ਨਹੀਂ ਕਰਦਾ। ਭਾਵ ਇਹ ਹੈ ਕਿ ਸਾਂਖਯ ਦਰਸ਼ਨ ਵਿਚ ਭਾਰੀ ਤੋਂ ਭਾਰੀ ਪਾਪ ਕਰਨ ਤੇ ਵੀ ਆਤਮਾ ਨੂੰ ਦੋਸ਼ ਨਹੀਂ ਲਗਦਾ, ਆਤਮਾ ਨਿਰਮਲ ਹੀ ਰਹਿੰਦੀ ਹੈ। ਇੱਕ ਇੰਦਰੀਆਂ ਤੋਂ ਲੈਕੇ ਪੰਜ ਇੰਦਰੀਆਂ ਵਾਲੇ ਕਿਸੇ ਜੀਵ ਦੀ ਹਿੰਸਾ ਕਰੋ, ਆਤਮਾ ਨੂੰ ਕੋਈ ਪਾਪ ਨਹੀਂ ਲਗਦਾ. ਆਤਮਾ ਨਿਰਲੇਪ ਤੇ ਕ੍ਰਿਆ ਰਹਿਤ ਹੈ। ਸਭ ਕੰਮ ਪ੍ਰਾਕ੍ਰਿਤੀ ਕਰਦੀ ਹੈ।

## ਤੀਸਰਾ ਪੁਰਸ਼ ਈਸ਼ਵਰ ਵਾਦੀ

ਝੀਲ ਦੇ ਅੰਦਰ ਤੀਸਰਾ ਫਸਿਆ ਮਨੱਖ ਈਸ਼ਵਰ ਵਾਦੀ ਹੈ। ਉਹ ਮੰਨਦਾ ਹੈ "ਜੜ ਹੋਵੇ ਚਾਹੇ ਚੇਤਨ, ਸਭ ਦਾ ਨਿਰਮਾਤਾ ਇਕ ਮਾਤਰਾ ਈਸ਼ਵਰ ਹੈ। ਈਸ਼ਵਰ ਸ੍ਰਿਸ਼ਟੀ ਦਾ ਨਿਰਮਾਤਾ ਹੈ" ਜਿਸ ਤਰ੍ਹਾਂ ਖਾਸ਼ ਪਦਾਰਥਾਂ ਨੂੰ ਵਿਸ਼ੇਸ਼ ਬੁੱਧੀ ਵਾਲਾ ਹੀ ਬਣਾ ਸਕਦਾ ਹੈ ਕਮਜੋਰ ਅਕਲ ਵਾਲਾ ਨਹੀਂ। ਉਸੇ ਤਰ੍ਹਾਂ ਸ੍ਰਿਸ਼ਟੀ ਆਦਿ ਬਨਾਉਣ ਵਿੱਚ ਈਸ਼ਵਰ ਹੀ ਸਮਰਥ ਹੈ। ਜੀਵ ਤਾਂ ਅਗਿਆਨੀ ਅਤੇ ਕਮਜੋਰ ਹੈ। ਸ਼ੁਖ - ਦੁਖ, ਨਰਕ-ਸਵਰਗ ਅਤੇ ਕਰਮ ਫਲ ਦੇਣ ਵਾਲਾ ਈਸ਼ਵਰ ਹੈ। ਜੀਵ ਅਪਣੀ ਇੱਛਾ ਨਾਲ ਨਾ ਸੁਖ ਪ੍ਰਾਪਤ ਕਰ ਸਕਦਾ ਹੈ ਨਾ ਦੁਖ ਮਿਟਾ ਸਕਦਾ ਹੈ। ਪਰ ਸਰਵ ਸ਼ਕਤੀਮਾਨ ਪਰਮੇਸ਼ਵਰ ਦਾ ਹੁਕਮ ਹੀ ਦੁਖ ਸੁਖ ਮਿਟਾਉਂਦਾ ਹੈ ਜਿਵੇਂ ਈਸ਼ਵਰ ਵਾਦੀ ਆਖਦੇ ਹਨ।

अज्ञो जन्तुरनीशोऽयमात्मनः सुखदुःखयोः।
ईश्वरप्रेरितो गच्छेत्स्वर्गं वा श्वाभ्रमेव वा ॥

ਭਾਵ ਇਹ ਹੈ ਕਿ ਅਗਿਆਨੀ ਜੀਵ ਖੁਦ ਸੁਖ ਪ੍ਰਾਪਤ ਅਤੇ ਦੁਖ ਮਿਟਾਉਣ ਵਿਚ ਸਮਰਥ ਨਹੀਂ। ਇਹ ਨਰਕ ਤੇ ਸਵਰਗ ਵੀ ਈਸ਼ਵਰ ਦੀ ਪ੍ਰੇਰਣਾ ਨਾਲ ਜਾਂਦਾ ਹੈ।

ਈਸ਼ਵਰਵਾਦੀ ਸਾਰੇ ਜਗਤ ਦਾ ਕਾਰਣ ਈਸ਼ਵਰ ਨੂੰ ਮੰਨਦੇ ਹਨ। ਪਰ ਅਦਵੈਤ-ਵਾਦੀ ਇਕ ਆਤਮਾ (ਬ੍ਰਹਮਾ) ਨੂੰ ਸਾਰੇ ਜਗਤ ਦਾ ਕਾਰਣ ਮੰਨਦੇ ਹਨ, ਜੋ ਸਾਰੇ ਜਗਤ ਵਿੱਚ ਵਿਆਪਕ ਹੈ।

## ਚੌਥਾ ਪੁਰਸ਼ : ਨਿਅਤੀਵਾਦੀ

ਝੀਲ ਦੇ ਚਿੱਕੜ ਵਿੱਚ ਫਸੀਆਂ ਚੌਥਾ ਵਿਚਾਰਕ ਨਿਅਤੀ ਵਾਦੀ ਹੈ ਜੋ ਵਿਸ਼ਵਾਸ ਕਰਦਾ ਹੈ ਕਿ ਹੋਣੀ ਬਲਵਾਨ ਹੈ ਹੋਣੀ ਹੋਕੇ ਰਹਿੰਦੀ ਹੈ ਸੁਖ-ਦੁਖ, ਲਾਭ-ਹਾਨੀ, ਜਿੰਦਗੀ ਮੌਤ ਸ਼ਭ ਦਾ ਕਾਰਣ ਨਿਸ਼ਚਿੱਤ (ਨਿਅੰਤੀ ਜਾਂ ਹੋਣੀ) ਹੈ। ਸਾਰੇ ਪਦਾਰਥਾਂ ਦਾ ਕਾਰਣ ਨਿਅਤੀ ਹੈ। ਹੋਣਹਾਰ ਬਲਵਾਨ ਹੈ। ਇਸ ਵਾਰੇ ਇਕ ਨੀਤੀ ਦਾ ਸ਼ਲੋਕ ਹੈ—

"ਨਿਅਤੀ ਦੇ ਪ੍ਰਭਾਵ ਨਾਲ ਭਲਾ, ਬੁਰਾ, ਜੋ ਮਨੁੱਖ ਨੂੰ ਪ੍ਰਾਪਤ ਹੋਣ ਤੇ ਉਹ ਜ਼ਰੂਰ ਹੀ ਮਿਲਦਾ ਹੈ। ਮਨੁੱਖ ਚਾਹੇ ਲੱਖ ਯਤਨ ਕਰੇ, ਪਰ ਜੋ ਹੋਣਹਾਰ ਨਹੀਂ, ਉਹ ਨਹੀਂ ਹੁੰਦਾ। ਜੋ ਹੋਣਹਾਰ ਹੈ ਉਹ ਹੋਏ ਬਿਨਾ ਰਹਿੰਦਾ ਨਹੀਂ।"

ਅਸੀਂ ਵੇਖਦੇ ਹਾਂ ਕਿ ਕਿਸੇ ਕੰਮ ਵਿਚ ਲੱਖ ਮੇਹਨਤ ਦੇ ਬਾਵਜੂਦ ਅਸੀਂ ਅਸਫਲ ਰਹਿੰਦੇ ਹਾਂ, ਤਾਂ ਲਗਦਾ ਹੈ ਕਿ ਸਾਡੀ ਅਸਫਲਤਾ ਪਿੱਛੇ ਕੋਈ ਨਾ ਕੋਈ ਕਾਰਣ ਜ਼ਰੂਰ ਹੋਵੇਗਾ। ਉਹ ਕਾਰਣ ਸਿਰਫ ਨਿਅਤੀ (ਹੋਣੀ) ਹੈ ਜੋ ਪਹਿਲਾਂ ਹੀ ਨਿਸ਼ਚਿਤ ਹੈ। ਨਿਅਤੀ ਨੂੰ ਛੱਡ ਕੇ ਕਾਲ, ਈਸ਼ਵਰ ਜਾਂ ਕਰਮ ਨੂੰ ਕਾਰਨ ਮਨੱਣ ਅਗਿਆਨਤਾ ਹੈ।"

ਇਸ ਸੰਸਾਰ ਵਿਚ ਦੋ ਤਰ੍ਹਾਂ ਦੇ ਮਨੁੱਖ ਪਾਏ ਜਾਂਦੇ ਹਨ ਇਕ ਕ੍ਰਿਆਵਾਦੀ ਦੂਸਰੇ ਅਕ੍ਰਿਆਵਾਦੀ। ਕੋਈ ਵੀ ਪ੍ਰਾਣੀ ਸਵਤੰਤਰ ਨਹੀਂ। ਨਿਅਤੀ ਦੀ ਪ੍ਰੇਰਣਾ ਕਾਰਣ ਕ੍ਰਿਆਵਾਦੀ ਕ੍ਰਿਆ ਦਾ ਤੇ ਅਕ੍ਰਿਆ ਵਾਦੀ ਅਕ੍ਰਿਆ ਦਾ ਸਮਰਥਨ ਕਰਦਾ ਹੈ।

ਨਿਅਤੀ ਕਾਰਣ ਹੀ ਚੰਗੇ ਮੰਦੇ ਕੰਮਾ ਵਾਲੇ ਦੁੱਖ ਭੋਗਦੇ ਤੇ ਕੰਮਾ ਵਾਲੇ ਮਜੇ ਲੁਟਦੇ ਵੇਖੇ ਜਾਂਦੇ ਹਨ। ਸੋ ਨਿਅਤੀ ਬਲਵਾਨ ਹੈ। ਕ੍ਰਿਆ, ਅਕ੍ਰਿਆ, ਪੁੰਨ, ਪਾਪ, ਸਭ ਤੇ ਅਸ਼ੁਭ ਕੰਮ ਆਦਿ ਦਾ ਨਿਅਤੀ ਵਾਦੀ ਕੋਈ ਵਿਚਾਰ ਨਹੀਂ ਕਰਦੇ। ਨਿਅਤੀਵਾਦ ਦਾ ਪ੍ਰਚਾਰਕ ਭਗਵਾਨ ਮਹਾਵੀਰ ਦੇ ਇਕ ਭਰਿਸ਼ਟ ਚੇਲਾ ਮੰਖਲੀ ਪੁਤਰ ਗੋਸ਼ਾਲਕ ਸੀ। ਇਸ਼ ਮਤ ਦ ਵਰਨਣ ਉਪਾਸਕ ਦਸ਼ਾਂਗ ਤੇ ਭਗਵਤੀ ਸੂਤਰ ਚਿਵ ਵੀ ਵਿਸਥਾਰ ਨਾਲ ਮਿਲਦਾ ਹੈ।

## ਝੀਲ ਦੇ ਕਿਨਾਰੇ ਖੜਾ ਭਿਖਸ਼ੂ :

ਭਿਖਸ਼ੂ ਬਨਣਾ ਸਹਿਜ ਨਹੀਂ। ਸਭ ਕੁਝ ਪ੍ਰਾਪਤ ਹੁੰਦੇ ਹੋਏ ਪ੍ਰਾਪਤ ਦੀ ਮਮਤਾ ਤਿਆਗਨਾ ਕੋਈ ਮਾਮੂਲੀ ਗਲ ਨਹੀਂ। । ਭਿਖਸ਼ੂ ਸੰਸਾਰਿਕ ਕਾਮ ਭੋਗ ਦਾ ਤਿਆਗੀ ਹੁੰਦਾ ਹੈ, ਦਰ ਦਰ ਮੰਗਨ ਵਾਲਾ ਮੰਗਤਾ ਜਾਂ ਭਿਖਾਰੀ ਨਹੀਂ। ਭਿਖਸ਼ੂ ਗਿਆਨੀ ਹੈ "ਸੰਸਾਰ ਦੇ ਕੋਈ ਵੀ ਭੌਤਿਕ ਪਦਾਰਥ ਜੀਵ ਦੀ ਆਤਮਾ ਦਾ ਕਲਿਆਨ ਨਹੀਂ ਕਰ ਸਕਦੇ। ਮਨੁੱਖ ਦੀ ਇਸਤਰੀ ਪੁਤਰ ਆਦਿ ਪਰਿਵਾਰ ਦੇ ਲੋਕ ਜੀਵ ਦਾ ਦੁਖ ਨਹੀਂ ਵੰਡਾ ਸਕਦੇ, ਜਿਨ੍ਹਾਂ ਦੀ ਮਮਤਾ ਵਿਚ ਫਸਿਆ ਪ੍ਰਾਣੀ ਪਾਪ ਕਰਦਾ ਹੈ। ਗਿਆਨੀ ਆਤਮਾ ਹੋਰ ਸੋਚਦਾ ਹੈ "ਇਹ ਕਾਮ ਭੋਗ ਅੱਡ ਹਨ. ਮੈਂ ਤਾ ਇਨ੍ਹਾਂ ਵਿਚ ਕਿਉਂ ਫੱਸਾ ਜੋ ਵਸਤੂ ਅੱਡ ਹੋ ਜਾਨ ਵਾਲੀ ਹੈ ਜਾਂ ਛਡਨੀ ਪੈਣੀ ਹੈ ਤਾਂ ਮੈਂ ਇਸ ਵਿਚ ਕਿਉਂ ਵਸਾ ? ਜੋ ਮੇਰੀ ਵਸਤੂ (ਆਤਮਾ) ਹੈ। ਉਹ ਮੇਰੇ ਤੋਂ ਅਲਗ ਨਹੀਂ ਵਸਤੂ ਇਕ ਮਾਤਰ ਮੇਰੀ ਗਿਆਨ-ਦਰਸ਼ਨ ਸੰਪਨ ਆਤਮਾ ਹੈ। ਖੇਤ, ਧਨ, ਜਮੀਨ, ਕਪੜੇ ਰਿਸ਼ਤੇਦਾਰ, ਇਸਤਰੀ ਦਾਸ ਕੁੱਛ ਵੀ ਮੇਰਾ ਨਹੀਂ। ਇਕ ਦਿਨ ਮੈਨੂੰ ਸਭ ਛਡਨਾ ਪਵੇਗਾ ਜਾਂ ਇਹ ਭੋਗ ਮੈਨੂੰ ਛੱਡ ਦੇਨਗੇ।


"ਸ਼ੁਭ ਕਰਮ ਦੇ ਉਦੇ ਕਰਣ, ਮੈਨੂੰ ਇਹ ਸੰਸਾਰ ਆਪਣਾ ਜਾਪਦਾ ਹੈ, ਪਰ ਅਸ਼ੁਭ ਕਰਮ ਜਾਂ ਰੋਗ ਦੇ ਪ੍ਰਗਟ ਹੋਣ ਤੇ ਕੌਣ ਮੇਰੀ ਮਦਦ ਕਰੇਗਾ ? ਇਕ ਆਤਮਾ ਹੀ ਮੇਰਾ ਅਨੰਤ ਕਾਲ ਤੋਂ ਸਹਾਈ ਹੈ ਤੇ ਅਨੰਤ ਕਾਲ ਪੱਕਾ ਸਹਾਈ ਰਹੇਗਾ। ਮਮਤਾ ਤੇ ਪਰਿਗ੍ਰਹਿ ਵਿਚ ਫੱਸ ਕੇ ਆਤਮਾ ਜਨਮ-ਜਨਮ ਦੇ ਗੇੜ ਵਿਚ ਫੱਸ ਗਿਆ ਹੈ।"

"ਮੇਰਾ ਇਸ ਸੰਸਾਰ ਵਿਚ ਫਸਨਾ ਬੰਧਨ ਰੂਪ ਹੈ ਮੈਨੂੰ ਅਪਣੀ ਸ਼ੁਧ ਆਤਮ ਸਵਰੂਪ ਨੂੰ ਜਾਨਣ ਲਈ ਸੰਸਾਰਿਕ ਬੰਧਨਾਂ ਦਾ ਤਿਆਗ ਕਰਕੇ, ਵੀਤਰਾਗ ਅਵਸਥਾ ਪ੍ਰਾਪਤ ਕਰਨਾ ਜ਼ਰੂਰੀ ਹੈ।

ਸੰਸਾਰ ਵਿਚ ਸਾਰੇ ਜੀਵ ਕਰਮ ਬੰਧ ਕਾਰਣ ਦੁੱਖ ਸੁਖ ਭੋਗ ਰਹੇ ਹਨ। ਨਾ ਇਹ ਮੈਨੂੰ ਕਿਸੇ ਪ੍ਰਕਾਰ ਦਾ ਸੁਖ ਦੁਖ ਦੇ ਸਕਦੇ ਹਨ, ਨਾ ਮੈ ਇਨ੍ਹਾਂ ਨੂੰ। ਸਭ ਰਿਸ਼ਤੇ ਪੁਰਾਣੇ ਕਰਮਾਂ ਦੇ ਉਦੇ ਕਾਰਣ ਭੋਗੇ ਜਾ ਰਹੇ ਹਨ। ਹੁਣ ਮੈਨੂੰ ਇਨ੍ਹਾਂ ਦਾ ਤਿਆਗ ਕਰਕੇ ਮੋਕਸ਼ ਪ੍ਰਕਾਸ਼ ਕਰਨ ਵਾਲੀ ਸਮਿਅਕੱਤਵ (ਸਹੀ ਗਿਆਨ-ਦਰਸ਼ਨ-ਚਾਰਿਤਰ ਰੂਪੀ ਸੱਚੇ ਤੀਰਥੰਕਰਾਂ ਰਾਹੀਂ ਪ੍ਰਗਟ ਕੀਤੇ ਧਰਮ) ਨੂੰ ਧਾਰਨ ਕਰਨਾ ਹੀ ਅਨਕੂਲ ਹੈ। ਮੈਂ ਇਨ੍ਹਾਂ ਦਾ ਤਿਆਗ ਕਰਦਾ ਹਾਂ।'' ਇਹੋ ਸਾਧੂ ਜਾਂ ਭਿਖਸ਼ੂ ਦਾ ਸੱਚਾ ਚਿੰਤਨ ਹੈ।

ਇਹ ਆਪਣੇ ਤੇ ਪਰਾਏ ਦੀ ਪਹਿਚਾਨ ਹੈ। ਜੋ ਰਾਗ ਦਵੇਸ਼ ਵਿਚ ਲਗਾ ਹੈ ਮੇਰੇ ਘਰ, ਮੇਰੇ ਰਿਸ਼ਤੇਦਾਰ, ਮੇਰਾ ਪੁੱਤ ਆਦਿ ਰਾਗ ਦਵੇਸ਼ ਭਾਵ ਵਿਚ ਫਸਿਆ ਹੈ। ਉਹ ਮੂਰਖ ਨਹੀਂ ਜਾਣਦਾ ਕਿ ਮੇਰਾ ਕਿ ਇਸ ਸੰਸਾਰ ਵਿਚ ਤਾ ਸ਼ਰੀਰ ਵੀ ਆਪਣਾ ਨਹੀਂ। ਇਸ ਤਰ੍ਹਾਂ ਮੋਹ ਮਾਇਆ ਵਿਚ ਫਸਕੇ ਅਗਿਆਨੀ ਹੋਰ ਤਰ੍ਹਾਂ ਦਾ ਪਾਪ ਕਰਕੇ ਨਰਕ ਜਾ ਪਸ਼ੂ ਯੋਨੀ ਭੋਗਦੇ ਹਨ।

ਜੋ ਚਿਕੜ ਵਿਚ ਨਹੀਂ ਫਸਦਾ, ਸਗੋਂ ਸੰਸਾਰ ਰੂਪੀ ਝੀਲ ਦੇ ਕਿਨਾਰੇ ਰਹਿ ਕੇ ਸੰਸਾਰ ਨੂੰ ਵੇਖਦਾ ਹੈ ਉਹ ਹੀ ਨਿਰਵਾਨ ਰੂਪੀ ਕਮਲ ਨੂੰ ਬਿਨਾ ਦਲਦਲ ਵਿਚ ਫਸੇ ਅਵਾਜ਼ ਦੇਕੇ ਆਪਣੀ ਆਤਮਿਕ ਸ਼ਕਤੀ ਨਾਲ ਪ੍ਰਾਪਤ ਕਰ ਲੈਂਦਾ ਹੈ।



# ਪਹਿਲਾ ਪੁੰਡਰਿਕ ਅਧਿਐਨ

(ਸ੍ਰੀ ਸੁਧਰਮਾ ਸਵਾਮੀ ਸ੍ਰੀ ਜੰਬੂ ਸਵਾਮੀ ਨੂੰ ਆਖਦੇ ਹਨ) ਹੇ ਆਯੁਸ਼ਮਾਨ ! ਮੈਂ ਸੁਣਿਆ ਹੈ। ਉਸ ਭਗਵਾਨ ਮਹਾਵੀਰ ਨੇ ਇਸ ਆਗਮ ਵਿੱਚ ਪੁੰਡਰਿਕ (ਸਰੋਵਰ) ਨਾਂ ਦਾ ਅਧਿਐਨ ਕਿਹਾ ਹੈ। ਉਸਦਾ ਅਰਥ ਇਸ ਪ੍ਰਕਾਰ ਹੈ।

## ਪੁਸ਼ਕਰਨੀ ਨਾਂ ਦਾ ਵਿਰਤਾਂਤ

ਮੰਨ ਲਵੋ ਕੋਈ ਪੁਸ਼ਕਰਨੀ ਹੈ ਉਹ ਬਹੁਤ ਪਾਣੀ ਤੇ ਬਹੁਤ ਕੀਚੜ (ਚਿਕੜ) ਵਾਲੀ ਹੈ ਉਹ ਬਹੁਤ ਸਾਰੇ ਕਮਲਾਂ ਨਾਲ ਭਰੀ ਹੋਣ ਕਾਰਣ ਪੁੰਡਰਿਕ ਗੁਣ ਸਾਰਥਕ ਕਰਦੀ ਹੈ। ਇਹ ਸਫੇਦ ਕਮਲਾਂ ਨਾਲ ਭਰੀ ਹੋਈ ਹੈ। ਇਹ ਸਰੋਵਰ ਵੇਖਨ ਵਾਲੇ ਦੇ ਚਿੱਤ ਨੂੰ ਪ੍ਰਸੱਨ ਕਰਦੀ ਹੈ। ਵੇਖਨ ਯੋਗ ਹੈ, ਮਨੋਹਰ ਹੈ, ਪ੍ਰਸ਼ੰਸਾ ਯੋਗ ਹੈ।

ਪੁਸ਼ਕਰਨੀ ਦੇ ਦੇਸ਼ਾਂ, ਦਿਸਾਤਰਾਂ, ਪ੍ਰਦੇਸ਼, ਪ੍ਰਦੇਸ਼ਾਤਰਾ ਦੇ ਸਭ ਪਾਸੇ ਸਫੇਦ ਕਮਲ ਭਰੇ ਪਏ ਹਨ। ਉਹ ਕਮਲ ਸਿਲਸਲੇਵਾਰ ਹਨ। ਚਿਕੜ ਤੇ ਪਾਣੀ ਤੋਂ ਉਪਰ, ਚੰਗੇ ਲਗਨ ਵਾਲੇ, ਸੁੰਦਰ ਵਰਨ, ਗੰਧ, ਰਸ ਤੇ ਸਪਰਸ਼ ਵਾਲੇ, ਮਨ ਨੂੰ ਪ੍ਰਸਨਤਾ ਦੇਣ ਵਾਲੇ, ਵੇਖਣਯੋਗ, ਸੁੰਦਰ ਤੇ ਮਨੋਹਰ ਹਨ।

ਉਸ ਸਰੋਵਰ ਦੇ ਦਰਿਮਿਆਨ ਵਿੱਚ ਇਕ ਉਤਮ ਸਫੇਦ ਕਮਲ ਹੈ ਉਹ ਠੀਕ ਢੰਗ ਨਾਲ ਵਧਿਆ ਹੋਇਆ, ਉਪਰ ਵੱਲ ਨਿਕਲਿਆ ਹੋਇਆ, ਚੰਗਾ ਲਗਨ ਵਾਲਾ, ਸੁੰਦਰ ਵਰਨ, ਗੰਧ, ਰਸਤੇ ਸਪਰਸ਼ ਵਾਲਾ ਹੈ ਪ੍ਰਸੰਨਤਾ ਦੇਨ ਵਾਲਾ ਤੇ ਮਨੋਹਰ ਹੈ।

## ਪਹਿਲਾ ਪੁਰਸ਼

ਉਸ ਸਪੂੰਰਨ ਪੁਸ਼ਕਰਨੀ ਵਿੱਚ ਸਭ ਪਾਸੋਂ, ਦੇਸ਼ ਦੇਸ਼ਾਤਰਾਂ ਉੱਤਮ ਸਫੇਦ ਕਮਲ ਹਨ। ਉਨ੍ਹਾਂ ਦੀ ਰਚਨਾ ਸੁੰਦਰ ਹੈ, ਉਪਰ ਨਿਕਲੇ ਹੋਏ ਹਨ, ਰੁਚੀਦਾਰ ਹਨ ਸੁੰਦਰ ਹਨ, ਅਤੇ ਸਰੋਵਰ ਦੇ ਵਿਚਕਾਰ ਇਕ ਬੜਾ ਉਤਮ ਸਫੇਦ ਕਮਲ ਸਿਲਸਿਲੇ ਵਾਰ ਵਧਿਆ ਹੋਇਆ, ਚਿਕੜ ਤੇ ਪਾਣੀ ਤੋਂ ਉਪਰ ਸੁੰਦਰ ਲਗ ਰਿਹਾ ਹੈ। "ਹੁਣ ਕੋਈ ਮਨੁੱਖ ਪੂਰਵ ਦਿਸ਼ਾ ਵੱਲ ਉਪਰੋਕਤ ਪੁਸ਼ਕਰਨੀ ਸਰੋਵਰ ਕੋਲ ਆਉਂਦਾ ਹੈ ਉਹ ਉਸ ਸਵੋਵਰ ਦੇ ਕਿਨਾਰੇ ਖੜਾ ਹੋਕੇ ਪਹਿਲਾਂ ਦਸੇ ਗਏ ਇਕ ਬੜੇ ਉੱਤਮ, ਸੁੰਦਰ ਰਚਨਾ ਵਾਲੇ, ਉਪਰ ਵਲੋਂ ਨਿਕਲੇ ਸਫੇਦ ਕਮਲ ਨੂੰ ਵੇਖਦਾ ਹੈ। ਉਸਨੂੰ ਵੇਖ ਕੇ (ਦਿਲ ਵਿੱਚ) ਆਖਦਾ ਹੈ "ਮੈਂ ਸਮੇਂ ਦਾ ਜਾਨਕਾਰ, ਕੁਸ਼ਲ, ਪੰਡਤ, ਵਿਵੇਕਵਾਲਾ, ਬੁੱਧੀਮਾਨ, ਬੁੱਧੀ ਵਿੱਚ

ਸਥਿਤ, ਰਾਹ ਦਾ ਜਾਨਕਾਰ ਕੰਮ ਸਿਧੀ ਦਾ ਰਾਹ ਜਾਨਣ ਵਾਲਾ ਹਾਂ। ਮੈਂ ਇਸ ਉੱਤਮ ਕਮਲ ਨੂੰ ਪੁਸ਼ਕਰਨੀ ਸਰੋਵਰ ਵਿੱਚ ਬਾਹਰ ਕੱਢ ਕੇ ਲਿਆਵਾਂਗਾ।" ਇਹ ਆਖਕੇ ਉਹ ਪੁਸ਼ਕਰਨੀ ਸਰੋਵਰ ਵਿੱਚ ਘੁਸਦਾ ਹੈ ਜਿਉਂ-ਜਿਉਂ ਅੱਗੇ ਵਧਦਾ ਹੈ ਪਾਣੀ ਜਿਆਦਾ ਆ ਜਾਂਦਾ ਹੈ ਅਤੇ ਚਿਕੜ ਵੀ ਪ੍ਰਾਪਤ ਹੁੰਦਾ ਹੈ। ਪਰ ਹੁਣ ਉਹ ਕਿਨਾਰਾ ਛੱਡ ਚੁੱਕਾ ਹੈ ਉਹ ਸ਼ਰੇਸ਼ਟ ਸਫੈਦ ਕਮਲ ਤਕ ਨਹੀਂ ਪਹੁੰਚ ਸਕਦਾ ਹੈ। ਉਹ ਨਾ ਇਧਰ ਦਾ ਰਹਿੰਦਾ ਹੈ ਨਾ ਉਧਰ ਦਾ। ਪਰ ਪੁਸ਼ਕਰਨੀ ਦੇ ਵਿਚਕਾਰ ਹੀ, ਚਿਕੜ ਵਿਚ ਫਸਕੇ, ਦੁੱਖ ਪਾ ਰਿਹਾ ਹੈ। ਇਹ ਪਹਿਲੇ ਮਨੁੱਖ ਦੀ ਗੱਲ ਹੋਈ। (2)

**ਦੂਸਰਾ ਪੁਰਸ਼**

ਹੁਣ ਦੂਸਰੇ ਆਦਮੀ ਦੀ ਗੱਲ ਸੁਣੋ। ਉਹ ਦਖਣ ਦਿਸ਼ਾ ਵਲੋਂ ਆਉਂਦਾ ਹੈ ਪੁਸ਼ਕਰਨੀ ਸਰੋਵਰ ਕੋਲ ਪਹੁੰਚ ਜਾਂਦਾ ਹੈ। ਪੁਸ਼ਕਰਨੀ ਸਰੋਵਰ ਦੇ ਕਿਨਾਰੇ ਖੜੋ ਕੇ ਸੁੰਦਰ ਰਚਨਾ ਵਾਲੇ, ਪ੍ਰਸ਼ਨਤਾ ਦੇਨ ਵਾਲੇ, ਮਨੋਹਰ ਤੇ ਸਫੈਦ ਕਮਲ ਨੂੰ ਵੇਖਦਾ ਹੈ। ਉਹ ਪਹਿਲੇ ਫਸੇ ਮਨੁੱਖ ਨੂੰ ਵੇਖਦਾ ਹੈ, ਜੋ ਕਿਨਾਰੇ ਨੂੰ ਛੱਡਨ ਕਾਰਣ, ਸਫੈਦ ਕਮਲ ਤਕ ਨਹੀਂ ਪਹੁੰਚ ਸਕਿਆ। ਜੋ ਨਾ ਇਧਰ ਦਾ ਹੈ, ਨਾ ਉਧਰ ਦਾ। ਜੋ ਪੁਸ਼ਕਰਨੀ ਸਰੋਵਰ ਦੇ ਚਿਕੜ ਵਿੱਚ ਫਸਿਆ ਹੈ। ਉਸ ਪੁਰਸ਼ ਨੂੰ ਵੇਖ ਕੇ ਨਵਾਂ ਮਨੁੱਖ ਆਖਦਾ ਹੈ ";ਇਹ ਮਨੁੱਖ ਦੁੱਖ ਪਾਉਣ ਵਾਲਾ ਅਗਿਆਨੀ, ਅਨਜਾਨ ਅਤੇ ਬੁਧੀਹੀਣ ਹੈ, ਉਹ ਸੱਚੇ ਮਹਾਪੁਰਸ਼ਾ ਦੇ ਰਾਹ ਤੋਂ ਅਣਜਾਣ ਹੈ। ਰਾਹ ਦਾ ਜਾਨਕਾਰ ਨਹੀਂ, ਮਨ ਚਾਹੁੰਦੀ ਸਿਧੀ ਪ੍ਰਾਪਤੀ ਦਾ ਰਾਹ ਵੀ ਨਹੀਂ ਜਾਨਦਾ। ਇਸ ਲਈ ਦੂਸਰਾ ਪੁਰਸ਼ ਆਖਦਾ ਹੈ ਕਿ "ਮੈਂ ਮੇਹਨਤੀ ਤੇ ਕੁਸ਼ਲ ਹਾਂ।

ਮੈਂ ਮੇਹਨਤ ਨੂੰ ਜਾਨਣ ਵਾਲਾ ਪੰਡਤ, ਪੱਕੀ ਬੁੱਧੀ ਵਾਲਾ ਰਾਹ ਦਾ ਜਾਨਦਾਰ, ਮਾਰਗ ਸਥਿੱਤ, ਸਿਧੀ ਮਾਰਗ ਦਾ ਜਾਨਣ ਵਾਲਾ ਹਾਂ, ਮੈਂ ਉਸ ਉੱਤਮ ਪੁੰਡਰੀਕ ਕਮਲ ਨੂੰ ਪੁਸ਼ਕਰਨੀ ਵਿਚੋਂ ਬਾਹਰ ਲੈ ਆਵਾਂਗਾ।

ਇਸ ਪ੍ਰਕਾਰ ਆਖਕੇ ਦੂਸਰਾ ਪੁਰਸ਼ ਪੁਸ਼ਕਰਨੀ ਸਰੋਵਰ ਵਿੱਚ ਘੁਸਦਾ ਹੈ। ਉਹ ਜਿਉਂ ਜਿਉਂ ਅੱਗੇ ਜਾਂਦਾ ਹੈ ਤਿਉਂ - ਤਿਉਂ ਉਸਨੂੰ ਬਹੁਤ ਪਾਣੀ ਤੇ ਬਹੁਤ ਚਿਕੜ ਮਿਲਦਾ ਹੈ ਉਹ ਕਿਨਾਰੇ ਤੋਂ ਛੁਟ ਜਾਂਦਾ ਹੈ ਪਰ ਪੁੰਡਰਿਕ ਕਮਲ ਤਕ ਨਹੀਂ ਪਹੁੰਚਦਾ। ਨਾ ਇਧਰ ਦਾ ਰਹਿੰਦਾ ਹੈ ਨਾ ਉਧਰ ਦਾ। ਪੁਸ਼ਕਰਨੀ ਸਰੋਵਰ ਵਿਚਕਾਰ ਫਸ ਜਾਂਦਾ ਹੈ ਇਹ ਦੂਸ਼ਰੇ ਪੁਰਸ਼ ਦੀ ਗੱਲ ਹੋਈ। (3)

**ਤੀਸਰਾ ਪੁਰਸ਼**

ਹੁਣ ਤੀਸਰਾ ਮਨੁੱਖ ਪੱਛਮ ਦਿਸ਼ਾ ਵਲੋਂ ਪੁਸ਼ਕਰਨੀ ਵੱਲ ਆਉਂਦਾ ਹੈ। (ਬਾਕੀ ਦਾ ਵਿਰਤਾਂਤ ਤੇ ਅਰਥ ਪਹਿਲੇ ਦੋ ਪੋਰਸ਼ਾ ਵਾਲਾ ਹੈ।) ਉਹ ਵੀ ਖਹਿਲੇ ਦੋ ਪੁਰਸ਼ਾਂ ਦੀ ਤਰ੍ਹਾਂ ਫਸ ਜਾਂਦਾ ਹੈ। (4)

**ਚੌਥਾ ਪੁਰਸ਼**

ਚੌਥਾ ਪੁਰਸ਼ ਉੱਤਰ ਦਿਸ਼ਾ ਵਲੋਂ ਪੁਸ਼ਕਰਨੀ ਸਰੋਵਰ ਵਿੱਚ ਪ੍ਰਵੇਸ਼ ਕਰਦਾ ਹੈ। ਉਹ ਪਹਿਲੇ ਤਿੰਨ ਪੁਰਸ਼ਾਂ ਦੀ ਤਰ੍ਹਾਂ ਸੋਚਦਾ ਹੈ ਪਰ ਉਹ ਵੀ ਕਮਲ ਤਕ ਨਹੀਂ ਪਹੁੰਚ ਸਕਦਾ ਤੇ ਚਿਕੜ ਵਿੱਚ ਫਸ ਜਾਂਦਾ ਹੈ। (5)

( ਚੌਥੇ ਪੁਰਸ਼ ਦਾ ਵਿਰਤਾਂਤ ਪਹਿਲੇ ਤਿੰਨ ਪੁਰਸ਼ ਦੀ ਤਰ੍ਹਾਂ ਜਾਣ ਲੈਣਾ ਚਾਹੀਦਾ ਹੈ)।

**ਭਿਖਸ਼ੂ ਦਾ ਵਿਰਤਾਂਤ**

ਇਸਤੋਂ ਵਾਅਦ ਇਕ ਰਾਗ ਦਵੇਸ਼ ਰਹਿਤ ਸੰਸਾਰ ਸਾਗਰ ਨੂੰ ਪਾਰ ਕਹਨ ਵਾਲਾ ਗਿਆਨੀ ਭਿਖਸ਼ੂ ਕਿਸੇ ਦਿਸ਼ਾ ਜਾਂ ਉਪ ਦਿਸ਼ਾ ਵਲੋਂ ਘੁਮਦਾ, ਉਸ ਪੁਸ਼ਕਰਨੀ ਸਰੋਵਰ ਦੇ ਕਿਨਾਰੇ ਖੜਾ, ਉਸ ਪੁੰਡਰੀਕ ਕਮਲ ਨੂੰ ਵੇਖਦਾ ਹੈ । ਜੋ ਮਨੋਹਰ ਹੈ। ਸਾਧੂ ਉਨ੍ਹਾਂ ਚਾਰੇ ਪੁਰਸ਼ਾਂ ਨੂੰ ਵੀ ਵੇਖਦਾ ਹੈ, ਜੋ ਕਿਨਾਰੇ ਨੂੰ ਛੱਡ ਚੁੱਕੇ ਹਨ। ਉਹ ਕਮਲ ਤਕ ਨਹੀਂ ਪਹੁੰਚ ਸਕੇ। ਜੋ ਨਾ ਇਧਰ ਦੇ ਹਨ ਨਾ ਉਧਰ ਦੇ ਰਹੇ ਹਨ। ਚਿੱਕੜ ਵਿੱਚ ਫਸਕੇ ਦੁਖ ਪਾ ਰਹੇ ਹਨ।

ਇਹ ਵੇਖ ਕੇ ਸਾਧੂ ਇਸ ਪ੍ਰਕਾਰ ਬੋਲਦਾ ਹੈ। "ਇਹ ਚਾਰੇ ਪੁਰਸ਼ ਸਮੇਂ ਦੇ ਜਾਨਕਾਰ ਨਹੀਂ, ਅਕੁਸ਼ਲ (ਅਨਾੜੀ) ਤੇ ਈਸ਼ਟ ਦੀ ਸਿਧੀ ਦਾ ਰਾਹ ਨਹੀਂ ਜਾਣਦੇ।" ਇਹ ਸਾਰੇ ਪੁਰਸ਼ ਮਨਦੇ ਹਨ ਕਿ ਅਸੀਂ ਇਸ ਉੱਤਮ ਪੁੰਡਰਿਕ ਨੂੰ ਬਾਹਰ ਲੈ ਆਵਾਂਗੇ। ਪਰ ਇਹ ਪੁੰਡਰਿਕ ਇਸ ਤਰ੍ਹਾਂ ਬਾਹਰ ਨਹੀਂ ਨਿਕਲਦਾ ਜਿਵੇਂ ਇਹ ਪੁਰਸ਼ ਮੰਨਦੇ ਹਨ।

"ਮੈਂ ਸੰਸਾਰ ਤੋਂ ਅਲਿਪਤ ਹਾਂ,ਸੰਸਾਰ ਸਾਗਰ ਨੂੰ ਪਾਰ ਹੋਣ ਦੀ ਇੱਛਾ ਕਰਦਾ ਹਾਂ, ਈਸ਼ਟ ਸਿਧੀ ਦਾ ਰਾਹ ਜਾਣਦਾ ਹਾਂ, ਮੈਂ ਇਸ ਉਤਮ ਕਮਲ ਨੂੰ ਬਾਹਰ ਲੈ ਆਵਾਂਗਾ। ਉਹ ਕਿਨਾਰੇ ਤੇ ਖੜਾ ਹੋਕੇ ਸਫੇਦ ਕਮਲ ਨੂੰ ਪੁਕਾਰਦਾ ਹੈ।" ਹੇ ਮਹਾਪਦਮ ! ਪੁੰਡਰਿਕ, ਬਾਹਰ ਕਿਨਾਰੇ ਤੇ ਆਵੋ "ਅਜੇਹਾ ਆਖਣ ਤੇ ਕਮਲ ਆਪਣੇ ਆਪ ਬਾਹਰ ਆ ਜਾਂਦਾ ਹੈ। (6)

ਪੁਸ਼ਕਰਨੀ ਸਰੋਵਰ ਕਮਲ ਵਾਰੇ ਦਸਣ ਤੋਂ ਬਾਅਦ ਸ਼੍ਰਮਣ ਭਗਵਾਨ ਮਹਾਵੀਰ ਨੇ ਕਿਹਾ ਹੈ "ਆਯੁਸ਼ਮਾਨ ਸ਼੍ਰਮਣੋ ! ਤੁਹਾਨੂੰ ਇਕ ਉਦਾਹਰਣ ਸੁਣਾਇਆ ਗਿਆ ਹੈ, ਹੁਣ ਤੁਹਾਨੂੰ ਇਸ ਦ੍ਰਿਸ਼ਟਤਾਂਤ ਦਾ ਅਰਥ ਵੀ ਸਮਝ ਲੈਣਾ ਚਾਹੀਦਾ ਹੈ।"

"ਹਾਂ ਭਗਵਾਨ" ਸਾਧੂ ਤੇ ਸਾਧਵੀਆਂ ਨੇ ਸ਼੍ਰਮਣ ਭਗਵਾਨ ਮਹਾਵੀਰ ਨੂੰ ਬੰਦਨਾ ਨਮਸ਼ਕਾਰ ਕਰਕੇ ਆਖਿਆ। ਫੇਰ ਸਾਧੂ ਸਾਧਵੀਆਂ ਨੇ ਬੇਨਤੀ ਕੀਤੀ "ਹੇ ਆਯੁਸ਼ਮਾਨ ! ਪ੍ਰਭੂ ! ਜੋ ਤੁਸੀਂ ਉਦਾਹਰਨ ਫੁਰਮਾਇਆ ਹੈ ਉਸਦਾ ਅਰਥ ਸਾਡੀ ਸਮਝ ਤੋਂ ਬਾਹਰ ਹੈ।"

( ਭਾਵ ਆਪ ਹੀ ਇਸ ਦਾ ਅਰਥ ਸਮਝਾਓ )

"ਹੇ ਆਯੁਸਮਾਨ ਸਾਧੂ ਸਾਧਵੀਓ ! ਇਸ ਤਰ੍ਹਾਂ ਸੰਬੋਧਿਤ ਭਾਸ਼ਾ ਵਿੱਚ ਭਗਵਾਨ ਮਹਾਵੀਰ ਨੇ, ਉਨ੍ਹਾਂ ਸਾਧੂ ਸਾਧਵੀਆਂ ਨੂੰ ਆਖਿਆ" ਮੈਂ ਇਸਦਾ ਅਰਥ ਇਸ ਪ੍ਰਕਾਰ

ਆਖਦਾ ਹਾਂ, ਪਰਿਆਏਵਾਚੀ (ਸਮਾਨ ਅਰਥ) ਸ਼ਬਦਾਂ ਰਾਹੀਂ ਪ੍ਰਗਟ ਕਰਦਾ ਹਾਂ ! ਉਦਾਹਰਨਾਂ ਨਾਲ ਸਮਝਾਉਂਦਾ ਹਾਂ : ਅਰਥ (ਪ੍ਰਯੋਜਨ) ਹੇਤੂ (ਕਾਰਣ) ਤੇ ਨਿਮਿਤ ਰਾਹੀਂ ਸਿਧ ਕਰਕੇ ਵਾਰ ਵਾਰ ਦਸਦਾ ਹਾਂ । ਉਪਰੋਕਤ ਉਦਾਹਰਣ ਦਾ ਅਰਥ ਹੁਣੇ ਹੀ ਦਸ਼ਦਾ ਹਾਂ । (7)

## ਪੁਸ਼ਕਰਨੀ ਤੇ ਲੋਕ :

(ਸ਼੍ਰੀ ਸ਼੍ਰਮਣ ਭਗਵਾਨ ਮਹਾਵੀਰ ਇਸ ਉਦਾਹਰਨ ਦਾ ਅਰਥ ਦਸ਼ਦੇ ਹੋਏ ਫਰਮਾਉਂਦੇ ਹਨ) ਹੇ ਆਯੁਸ਼ਮਾਨ ! ਸਾਧੂ ਤੇ ਸਾਧਵੀਓ ! ਮੈਂ ਇਸ ਲੋਕ ਨੂੰ ਆਪਣੀ ਕਲਪਨਾ ਅਨੁਸਾਰ ਪੁਸ਼ਕਰਨੀ ਸਰੋਵਰ ਦੀ ਤਰ੍ਹਾਂ ਮੰਨਦਾ ਹਾਂ । ਹੇ ਆਯੁਸ਼ਮਾਨ ਸ਼੍ਰਮਣੋ ! (ਸਾਧੂ ਸਾਧਵੀ) ਮੈਂ ਆਪਣੀ ਕਲਪਣਾ ਅਨੁਸਾਰ ਕਰਮਾਂ ਨੂੰ ਪੁਸ਼ਕਰਨੀ ਦਾ ਜਲ ਮੰਨਦਾ ਹਾਂ । ਹੇ ਆਯੁਸ਼ਮਾਨ ਸ਼੍ਰਮਣੋ ! ਮੈਂ ਕਾਮ ਭੋਗਾਂ ਨੂੰ ਪੁਸ਼ਕਰਨੀ ਸਰੋਵਰ ਦਾ ਚਿੱਕੜ ਸਮਝ ਕੇ ਕਲਪਨਾ ਕਰਦਾ ਹਾਂ । ਹੇ ਆਯੁਸ਼ਮਾਨ ਸ਼੍ਰਮਣੋ ! ਮੈਂ ਆਪਣੀ ਕਲਪਨਾ ਅਨੁਸਾਰ ਆਰੀਆ ਦੇਸ਼ ਦੇ ਮਨੁੱਖਾਂ ਨੂੰ ਤੇ ਦੇਸ਼ਾਂ ਨੂੰ ਕਮਲ ਆਖਦਾ ਹਾਂ । ਹੇ ਆਯੁਸ਼ਮਾਨ ਸ਼੍ਰਮਣੋ ! ਮੈਂ ਆਪਣੀ ਕਾਲਪਨਿਕ ਬੁੱਧੀ ਅਨੁਸਾਰ ਰਾਜਾ ਨੂੰ ਸਰੋਵਰ ਦਾ ਸਫੇਦ ਕਮਲ ਆਖਦਾ ਹਾਂ । ਹੇ ਆਯੁਸ਼ਮਾਨ ਸ਼੍ਰਮਣੋ ! ਮੈਂ ਆਪਣੀ ਕਲਪਨਾ ਅਨੁਸਾਰ ਅਨਯੂਥਕ (ਦੂਸਰੇ ਵਿਚਾਰ ਧਾਰਾਵਾਂ ਦੇ ਧਾਰਮਿਕ ਮਨੁੱਖ) ਨੂੰ ਚਿੱਕੜ ਵਿੱਚ ਫਸੇ ਚਾਰ ਮਨੁਖ ਆਖਦਾ ਹਾਂ । ਹੇ ਆਯੁਸ਼ਮਾਨ ਸ਼੍ਰਮਣੋ ! ਮੈਂ ਆਪਣੀ ਕਲਪਨਾ ਅਨੁਸਾਰ ਧਰਮ ਨੂੰ ਭਿਖਸ਼ੂ ਆਖਦਾ ਹਾਂ । ਹੇ ਆਯੁਸ਼ਮਾਨ ਸ਼੍ਰਮਣੋ ! ਮੈਂ ਆਪਣੀ ਕਲਪਨਾ ਅਨੁਸਾਰ ਤੀਰਥੰਕਰਾਂ ਦੇ ਸੱਚੇ ਧਰਮ ਨੂੰ ਸਰੋਵਰ ਦਾ ਕਿਨਾਰਾ ਆਖਦਾ ਹੈ । ਹੇ ਆਯੁਸ਼ਮਾਨ ਸ਼੍ਰਮਣੋ ! ਮੈਂ ਆਪਣੀ ਕਲਪਨਾ ਅਨੁਸਾਰ ਧਰਮ ਕਥਾ ਨੂੰ ਭਿਖਸ਼ੂ ਦਾ ਆਖਿਆ ਸ਼ਬਦ ਆਖਦਾ ਹਾਂ । ਹੇ ਆਯੁਸ਼ਮਾਨ ਸ਼੍ਰਮਣੋ ! ਨਿਰਵਾਨ (ਮੁਕਤੀ) ਨੂੰ ਮੈਂ ਆਪਣੀ ਕਲਪਨਾ ਅਨੁਸਾਰ ਕਮਲ ਦਾ ਬਾਹਰ ਆਉਣਾ ਆਖਦਾ ਹਾਂ । ਹੇ ਆਯੁਸ਼ਮਾਨ ਸ਼੍ਰਮਣੋ ! ਮੈਂ ਇਸ ਕਲਪਨਾ ਰਾਹੀਂ ਸੰਸਾਰ ਦਾ ਸ਼ਵਰੂਪ ਦਸਿਆ ਹੈ । (8)

ਇਹ ਮਨੁੱਖ ਲੋਕ ਵਿਚ, ਪੂਰਬ, ਪੱਛਮ, ਉੱਤਰ ਤ ਦੱਖਣ ਵਲ ਕਿੰਨੇ ਹੀ ਮਨੁੱਖ ਰਹਿੰਦੇ ਹਨ । ਕੋਈ ਆਰੀਆ (ਸ਼੍ਰੇਸ਼ਟ) ਹਨ, ਕੋਈ ਅਨਾਰੀਆ ਹਨ । ਕੋਈ ਉਚੇ ਗੋਤ ਵਾਲੇ ਹਨ, ਕਈ ਨੀਚ ਗੋਤ ਵਾਲੇ ਹਨ । ਕਈ ਮਜਬੂਤ ਸ਼ਰੀਰ ਵਾਲੇ ਹਨ, ਕਈ ਮਾੜੇ ਸ਼ਰੀਰ ਵਾਲੇ ਹਨ । ਕੋਈ ਗੋਰੇ ਹਨ, ਕਈ ਕਰੂਪ ਹਨ ।

ਉਨ੍ਹਾਂ ਮਨੁੱਖਾਂ ਵਿਚ ਕੋਈ ਰਾਜਾ ਹੈ । ਉਹ ਰਾਜਾ ਮਹਾਹਿਮਵਾਨ, ਮਲਯ, ਮੰਦਰ ਤੇ ਮਹੇਂਦਰ ਪਰਵਤ ਦੀ ਤਰ੍ਹਾਂ ਸ਼ਕਤੀ ਵਾਲਾ ਤੇ ਰਿਧੀ ਸਿਧੀ ਵਾਲਾ ਹੁੰਦਾ ਹੈ । ਉਹ ਬਹੁਤ ਹੀ ਸ਼ੁਧ ਕੁਲ ਵਿਚ ਜਨਮ ਲੈਂਦਾ ਹੈ । ਉਸ ਦੇ ਅੰਗ-ਉਪਅੰਗ ਜਨਮ ਤੋਂ ਰਾਜਿਆਂ ਦੇ

ਲੱਛਣ ਨਾਲ ਸੁਸੋਭਿਤ ਹੁੰਦੇ ਹਨ । ਉਹ ਬਹੁਤ ਲੋਕਾਂ ਦਾ ਪੂਜਨੀਕ ਹੁੰਦਾ ਹੈ । ਸਾਰੇ ਗੁਣਾਂ ਨਾਲ ਭਰਪੂਰ ਹੁੰਦਾ ਹੈ । ਰਾਜਪਾਟ ਤੇ ਰਾਜਤਿਲਕ ਰਾਹੀਂ ਗਦੀ ਤੇ ਬੈਠਦਾ ਹੈ । ਮਾਂ ਪਿਤੇ ਦਾ ਪਿਆਰਾ ਸਪੁੱਤਰ ਹੁੰਦਾ ਹੈ । ਪਰਜਾ ਦੀ ਦੇਖਭਾਲ ਲਈ ਮਰਿਆਦਾ ਸਥਾਪਿਤ ਕਰਦਾ ਹੈ ।

ਉਹ ਮਰਿਆਦਾ ਦੀ ਖੁਦ ਵੀ ਪਾਲਨ ਕਰਦਾ ਹੈ । ਉਹ ਲੋਕਾਂ ਦਾ ਕਲਿਆਨ ਕਰਨ ਵਾਲਾ ਤੇ ਆਪਣਾ ਕਲਿਆਨ ਕਰਨ ਵਾਲਾ ਹੁੰਦਾ ਹੈ । ਮਨੁੱਖ ਵਿਚ ਇੰਦਰ ਦੀ ਤਰ੍ਹਾਂ, ਦੇਸ਼ ਦਾ ਪਿਤਾ ਤੇ ਦੇਸ਼ ਦੀ ਸ਼ਾਂਤੀ ਸਥਾਪਿਤ ਕਰਨ ਵਾਲਾ ਪੁਰੋਹਿਤ ਹੁੰਦਾ ਹੈ । ਵਿੱਵਸਥਾ ਤੇ ਅਨੋਖੇ ਕਮ ਕਰਨ ਵਾਲਾ ਹੁੰਦਾ ਹੈ । ਉਹ ਪੁਰਸ਼ਾਂ ਵਿਚ ਸ਼ਰਸ਼ਟ, ਪੁਰਸ਼ਾਂ ਵਿਚ ਸਫੇਦ ਕਮਲ ਦੀ ਤਰ੍ਹਾਂ, ਗੰਧ ਹਸਤੀ (ਹਾਥੀ ਦੀ ਤਰ੍ਹਾਂ) ਧਨਵਾਨ, ਤੇਜਵਾਨ ਤੇ ਪ੍ਰਸਿਧ ਹੁੰਦਾ ਹੈ, ਉਹਦੇ ਬਹੁਤ ਸਾਰੇ ਵਿਸਥਾਰ ਵਾਲੇ ਮਹਿਲ, ਪਲੰਗ, ਆਸਨ, ਪਾਲਕੀ ਆਦਿ ਸਵਾਰੀਆਂ, ਤੇ ਹਾਥੀ ਘੋੜੇ ਹੁੰਦੇ ਹਨ । ਉਹ ਧਨ, ਅਨਾਜ, ਸੋਨਾ ਚਾਂਦੀ ਨਾਲ ਭਰਪੂਰ ਹੁੰਦਾ ਹੈ । ਉਸ ਨੂੰ ਬਹੁਤ ਸਾਰੀ ਆਮਦਨ ਤੇ ਖਰਚੇ ਹੁੰਦ ਹਨ, ਬਹੁਤ ਲੋਕਾਂ ਨੂੰ ਭੋਜਨ ਪਾਣੀ ਦਿੰਦਾ ਹੈ, ਉਸ ਕੋਲ ਦਾਸੀਆਂ, ਦਾਸ, ਗਊਆਂ, ਮਝਾਂ ਤੇ ਬਕਰੀਆ ਹੁੰਦੀਆਂ ਹਨ । ਉਸ ਦਾ ਖਜਾਨਾ ਤੇ ਅਨਾਜ ਭੰਡਾਰ ਭਰਪੂਰ ਹੁੰਦਾ ਹੈ । ਹਥਿਆਰਾਂ ਨਾਲ ਭੰਡਾਰ ਭਰੇ ਰਹਿੰਦੇ ਹਨ । ਉਹ ਖੁਦ ਬਲਵਾਨ ਹੁੰਦਾ ਹੈ । ਪਰ ਦੁਸ਼ਮਨਾਂ ਨੂੰ ਕਮਜ਼ੋਰ ਬਣਾਕੇ ਰਖਦਾ ਹੈ । ਪ੍ਰਜਾ ਵਿਚ ਅਸ਼ਾਂਤੀ ਤੇ ਦੁਖ ਪੈਦਾ ਕਰਨ ਵਾਲੇ ਚੋਰਾਂ ਤੇ ਬਦਮਾਸ਼ਾਂ, ਗੁੰਡਿਆਂ ਤੇ ਅੱਤਵਾਦੀਆਂ ਦਾ ਖਾਤਮਾ ਕਰਦਾ ਹੈ । ਉਹ ਹੰਕਾਰ ਨੂੰ ਤੋੜ ਦਿੰਦਾ ਹੈ । ਉਹ ਹੰਕਾਰ ਦਾ ਮੂਲ ਹੀ ਖਤਮ ਕਰ ਦਿੰਦਾ ਹੈ । ਉਹ ਹੰਕਾਰ ਨੂੰ ਕੰਡਿਆਂ ਤੋਂ ਰਹਿਤ ਕਰ ਦਿੰਦਾ ਹੈ । ਇਸ ਤਰ੍ਹਾਂ ਦੁਸ਼ਮਨਾਂ ਨੂੰ ਖਤਮ ਕਰਕੇ ਨਸ਼ਟ ਕਰਕੇ ਕੁਚਲਕੇ ਉਖੜਾ ਕੇ, ਹਰਾ ਦਿੰਦਾ ਹੈ । ਇਸ ਦੇ ਰਾਜ ਵਿਚ ਅਕਾਲ ਤੇ ਮਹਾਮਾਰੀ ਆਦਿ ਨਹੀਂ ਹੁੰਦਾ । ਬਾਕੀ ਦਾ ਵਰਨਣ ਔਪ ਪਾਤਿਕ ਸੂਤਰ ਵਿਕ ਵੇਖਕੇ ਸਭਝ ਲੈਣਾ ਚਾਹੀਦਾ ਹੈ । ਇਥੋਂ ਤੱਕ ਕਿ ਉਹ ਰਾਜਾ ਆਪਣੇ ਜਾਂ ਪਰਾਏ ਦੇ ਜਾਲ ਵਿਚ ਨਹੀਂ ਫਸਦਾ ਹੋਇਆ ਰਾਜ ਕਰਦਾ ਹੈ ।

ਉਸ ਰਾਜਾ ਦੀ ਇਕ ਸਭਾ ਹੁੰਦੀ ਹੈ, ਉਸ ਸਭਾ ਵਿਚ ਉਗਰਕੁਲ ਤੇ ਉਨ੍ਹਾਂ ਦੇ ਪੁੱਤਰ, ਭੋਗਕੁਲ ਤੇ ਭੋਗ ਪੁਤਰ, ਇਕਸ਼ਬਾਕੂ ਕੁਲ ਤੇ ਇਕਸ਼ਬਾਕੂ ਪੁਤਰ, ਗਿਆਤਕੁਲ ਤੇ ਗਿਆਤਾਪੁਤਰ, ਕੌਰਵਕਲ ਤੇ ਕੋਰਵ ਪੁਤਰ, ਬ੍ਰਾਹਮਣ ਕੁਲ ਤੇ ਬ੍ਰਾਹਮਣ ਪੁੱਤਰ ਲਿੱਛਵੀ ਕੁਲ ਤੇ ਲਿੱਛਵੀ ਪੁੱਤਰ, ਮੰਤਰੀ ਤੇ ਮੰਤਰੀ ਪੁੱਤਰ, ਸੈਨਾਪਤੀ ਤੇ ਸੈਨਾਪਤੀ ਪੁੱਤਰ ਹੁੰਦੇ ਹਨ ।

ਰਾਜਾ ਦੀ ਸਭਾ ਵਿਚ ਕਈ ਮੰਤਰੀ ਇਕ ਧਰਮ ਦੇ ਸ਼ਰਧਾਲੂ ਹੁੰਦੇ ਹਨ । ਕੋਈ ਸ਼੍ਰਮਣ ਤੇ ਬ੍ਰਾਹਮਣ, ਉਸ ਧਰਮ ਸ਼ਰਧਾਲੂ ਕੋਲ ਜਾਣ ਵਾਰੇ ਵਿਚਾਰ ਕਰਦੇ ਹਨ । ਕਿਥੇ ਵੀ ਇਕ ਧਰਮ ਦੀ ਵਿਆਖਿਆ ਕਰਨ ਵਾਲੇ ਸ਼੍ਰਮਣ ਤੇ ਬ੍ਰਾਹਮਣ ਸੋਚਦੇ ਹਨ ਕਿ ਅਸੀਂ ਇਸ ਸ਼ਰਧਾਲੂ ਨੂੰ ਧਰਮ ਉਪਦੇਸ਼ ਕਰੀਏ । ਅਜਿਹਾ ਸੋਚਕੇ ਉਹ ਉਸ (ਸ਼ਰਧਾਲੂ) ਕੋਲ

ਪੁਰਸ਼ ਕੋਲ ਆਉਂਦੇ ਹਨ ਤੇ ਆਖਦੇ ਹਨ, "ਹੇ ਪੂਜਾ ਨੂੰ ਭੈ ਮੁਕਤ ਕਰਨ ਵਾਲੇ ਰਾਜਨ ! ਮੈਂ ਉੱਤਮ ਧਰਮ ਦਸਦਾ ਹਾਂ, ਉਸ ਨੂੰ ਸੱਚ ਸਮਝੋ ਉਹ ਧਰਮ ਇਸ ਪ੍ਰਕਾਰ ਹੈ :

## ਤੱਜ ਜੀਵਤ ਸ਼ਰੀਰਵਾਦੀ ਦੀ ਮਾਨਤਾ—

ਪੈਰ ਦੇ ਤੱਲੇ ਤੋਂ ਉਪਰ, ਮੱਥੇ ਤੇ ਗਿਰੇ ਬਾਲਾਂ ਤੋਂ ਉੱਚਾ, ਚਮੜੀ ਵਾਲਾ ਸ਼ਰੀਰ ਜੋ ਸ਼ਰੀਰ ਹੋਵੇ ਉਹ ਹੀ ਜੀਵ ਹੈ, ਉਹ ਸ਼ਰੀਰ ਹੀ ਜੀਵ ਦਾ ਸਮੁਚਾਪਣ ਹੈ ਸ਼ਰੀਰ ਤੋਂ ਛੁਟ ਕੋਈ ਆਤਮਾ ਆਦਿ ਨਹੀਂ । ਕਿਉਂਕਿ ਸ਼ਰੀਰ ਦਾ ਜਿਉਂਦੇ ਹੀ ਜੀਵ ਰਹਿੰਦਾ ਹੈ । ਸ਼ਰੀਰ ਦੇ ਮਰ ਜਾਨ ਨਾਲ ਜੀਵ (ਆਤਮਾ) ਮਰ ਜਾਂਦਾ ਹੈ । ਸ਼ਰੀਰ ਦੀ ਹੋਂਦ ਨਾਲ ਜੀਵ ਦੀ ਹੋਂਦ ਹੈ, ਸ਼ਰੀਰ ਦਾ ਨਸ਼ਟ ਹੋਣਾ ਜੀਵ ਦਾ ਨਸ਼ਟ ਹੋ ਜਾਣਾ ਹੈ । ਇਸ ਲਈ ਜਦ ਇਹ ਸ਼ਰੀਰ ਨਸ਼ਟ ਹੋ ਜਾਂਦਾ ਹੈ ਤਦ ਉਸ ਨੂੰ ਫੂਕਣ ਲਈ ਦੂਸਰੀ ਜਗ੍ਹਾ (ਸ਼ਮਸ਼ਾਨ ਘਾਟ) ਲੈ ਜਾਂਦੇ ਹਨ ਅੱਗ ਵਿਚ ਜਲਕੇ ਹੱਡੀਆਂ ਕਬੂਤਰ ਦੇ ਰੰਗ ਵਰਗੀਆਂ ਹੋ ਜਾਂਦੀਆਂ ਹਨ, ਫੇਰ ਅਰਥੀ ਚੁਕਨ ਵਾਲੇ ਚਾਰ ਆਦਮੀ ਵੀ ਪਿੰਡ ਵਾਪਸ ਆ ਜਾਂਦੇ ਹਨ । ਇਸ ਗੱਲ ਤੋਂ ਸਿਧ ਹੈ ਕਿ ਸ਼ਰੀਰ ਤੋਂ ਭਿੰਨ ਕਿਸੇ ਹੋਰ ਜੀਵ ਪ੍ਰਦਾਰਥ ਦੀ ਹੋਂਦ ਨਹੀਂ । ਜੇ ਹੋਂਦ ਹੁੰਦੀ ਤਾਂ ਸਾਫ਼ ਵਿਖਾਈ ਦਿੰਦੀ । ਮਰਨ ਤੋਂ ਵਾਅਦ ਕੁਝ ਵੀ ਵਿਖਾਈ ਨਹੀਂ ਦਿੰਦਾ ਇਸ ਲਈ ਸ਼ਰੀਰ ਤੋਂ ਛੁੱਟ ਕੋਈ ਜੀਵ ਨਹੀਂ । ਲੋਕ ਆਖਦੇ ਹਨ ਕਿ, ਜੀਵ ਅਲਗ ਹੈ ਤੇ ਸ਼ਰੀਰ ਅਲਗ ਹੈ, ਉਹ ਦੋਹਾਂ ਨੂੰ ਅੱਡ ਵਿਖਾ ਨਹੀ ਸਕਦੇ ।

"ਆਤਮਾ ਲੰਬੀ ਹੈ, ਛੋਟੀ ਹੈ, ਚੰਦਰਮਾ ਦੀ ਤਰ੍ਹਾਂ ਗੋਲ ਹੈ ਜਾਂ ਗੇਂਦ ਦੀ ਤਰ੍ਹਾਂ ਗੋਲ ਹੈ, ਤਿਕੋਣ ਹੈ, ਚੋਰਸ ਹੈ, ਛੇ ਕੋਣ ਹੈ, ਉਹ (ਆਤਮਵਾਦੀ) ਨਹੀਂ ਦਸ ਸਕਦੇ । ਉਹ ਇਹ ਵੀ ਨਹੀਂ ਦਸ ਸਕਦੇ ਕਿ ਜੀਵ ਆਤਮਾ ਕਾਲਾ, ਨੀਲਾ, ਪੀਲਾ, ਲਾਲ, ਚਿੱਟਾ, ਹੈ ? ਸੁਗੰਧ ਵਾਲਾ ਹੈ ਜਾਂ ਦੁਰਗੰਧ ਵਾਲਾ ? ਤੇਜ਼ ਹੈ, ਕੌੜਾ ਹੈ, ਕਸਾਇਲਾ ਹੈ ਖੱਟਾ ਹੈ, ਮਿੱਠਾ ਹੈ ਖੁਰਦਰਾ ਹੈ, ਮੁਲਾਇਮ ਹੈ, ਭਾਰਾ ਹੈ, ਇਸ ਲਈ ਜੋ ਲੋਕ ਆਤਮਾ ਤੋਂ ਸ਼ਰੀਰ ਨੂੰ ਭਿੰਨ ਨਹੀਂ ਮੰਨਦੇ ਉਨ੍ਹਾਂ ਦਾ ਮੱਤ ਠੀਕ ਹੈ, ਤਰਕ ਪੂਰਨ ਹੈ ਪਰ ਜੋ ਲੋਕ ਸ਼ਰੀਰ ਤੇ ਜੀਵ (ਆਤਮਾ) ਨੂੰ ਅੱਡ ਮੰਨਦੇ ਹਨ । ਉਨ੍ਹਾਂ ਦਾ ਮੱਤ ਸਿਧ ਨਹੀਂ ਹੋ ਸਕਦਾ ।

ਜਿਵੇਂ ਕੋਈ ਮਿਆਨ ਵਿਚੋਂ ਤਲਵਾਰ ਬਾਹਰ ਕੱਢ ਦਿੰਦਾ ਹੈ ਅਤੇ ਆਖਦਾ ਹੈ ਵੇਖੋ ਆਯੁਸ਼ਮਾਨ ! ਇਹ ਮਿਆਨ ਹੈ ਇਹ ਤਲਵਾਰ ਹੈ । ਇਸੇ ਤਰ੍ਹਾਂ ਜੀਵ (ਆਤਮਾ) ਤੇ ਸ਼ਰੀਰ ਨੂੰ ਕੋਈ ਮਨੁਖ ਵੱਖ ਵੱਖ ਕਰਕੇ ਇਹ ਨਹੀਂ ਆਖ ਸਕਦਾ ਕਿ ਇਹ ਆਤਮਾ ਹੈ ਇਹ ਸ਼ਰੀਰ ਹੈ ।

"ਜਿਵੇਂ ਕੋਈ ਸੂਈ ਤੋਂ ਧਾਗੇ ਨੂੰ ਅੱਡ ਕਰਕੇ ਆਖਦਾ ਹੈ "ਵੇਖੋ ਆਯੁਸ਼ਮਾਨ ! ਇਹ ਰਹੀ ਸੂਈ ਤੇ ਇਹ ਧਾਗਾ, ਇਸੇ ਤਰ੍ਹਾਂ ਕੋਈ ਜੀਵ ਆਤਮਾ ਤੇ ਸ਼ਰੀਰ ਨੂੰ ਵੱਖ ਕਰਕੇ ਇਹ ਨਹੀਂ ਆਖ ਸਕਦਾ ਕਿ "ਹੇ ਆਯੁਸ਼ਮਾਨ ! ਇਹ ਆਤਮਾ ਹੈ, ਇਹ ਸ਼ਰੀਰ ਹੈ ।"

ਜਿਵੇਂ ਕੋਈ ਪੁਰਸ਼ ਮਾਸ ਅਤੇ ਹੱਡੀ ਨੂੰ ਅੱਡ ਕਰਕੇ ਵਿਖਾਉਂਦਾ ਹੈ ਤੇ ਆਖਦਾ ਹੈ, "ਹੇ ਆਯੁਸ਼ਮਾਨ ! 'ਇਹ ਲਵੋਂ ਹੱਡੀ ਤੇ ਇਹ ਵੇਖੋ ਮਾਸ। ਇਸ ਪ੍ਰਕਾਰ ਕੋਈ ਪੁਰਸ਼ ਤੇ ਆਤਮਾ ਨੂੰ ਵੱਖ ਵਿਖਾਉਣ ਵਿਚ ਕੋਈ ਸਮਰਥ ਨਹੀਂ ਅਤੇ ਇਹ ਨਹੀਂ ਆਖ ਸਕਦਾ। ਹੇ ਆਯੁਸ਼ਮਾਨ ਇਹ ਆਤਮਾ ਹੈ ਅਤੇ ਇਹ ਸ਼ਰੀਰ ਹੈ।"

ਜਿਵੇਂ ਕੋਈ ਪੁਰਸ਼ ਹਥੇਲੀ ਤੇ ਆਂਵਲਾ ਰਖ ਕੇ ਵਿਖਾਉਂਦਾ ਹੋਇਆ ਆਖਦਾ ਹੈ "ਹੇ ਆਯੁਸ਼ਮਾਨ ! ਇਹ ਵੇਖੋ ਆਂਵਲਾ ਤੇ ਇਹ ਵੇਖੋ ਹਥੇਲੀ। ਇੰਜ ਜੀਵ ਤੇ ਸ਼ਰੀਰ ਨੂੰ ਅੱਡ-ਅੱਡ ਵਿਖਾਉਣ ਵਿੱਚ ਕੋਈ ਸਮਰਥ ਨਹੀਂ ਅਤੇ ਇਹ ਨਹੀਂ ਆਖ ਸਕਦਾ ਕਿ ਹੇ ਆਯੁਸਮਾਨ ! ਇਹ ਸ਼ਰੀਰ ਹੈ ਅਤੇ ਇਹ ਆਤਮਾ ਹੈ।"

ਜਿਵੇਂ ਕੋਈ ਮਨੁੱਖ ਦਹੀ ਵਿਚੋਂ ਮਖਣ ਬਾਹਰ ਕਰਕੇ ਆਖਦਾ ਹੈ "ਹੇ ਆਯੁਸ਼-ਮਾਨ ! ਇਹ ਵੇਖੋ ਦਹੀ ਇਹ ਵੇਖੋ ਮਖਨ। ਇਸੇ ਤਰਾਂ ਕੋਈ ਵੀ ਮਨੁਖ ਇਹ ਨਹੀਂ। ਆਖ ਸਕਦਾ ਇਹ ਵੇਖੋ ਸ਼ਰੀਰ ਅਤੇ ਇਹ ਵੇਖੋ ਆਤਮਾ।

ਜਿਵੇਂ ਕੋਈ ਪੁਰਸ਼ ਤਿਲਾਂ ਵਿੱਚ ਤੇਲ ਕਢਦਾ ਹੈ ਤੇ ਆਖਦਾ ਹੈ "ਹੇ ਆਯੁਸ਼ਮਾਨ ਇਹ ਤੇਲ ਤੇ ਇਹ ਵੇਖੋ ਖਲ। ਕੋਈ ਵੀ ਜੀਵ ਤੇ ਸ਼ਰੀਰ ਨੂੰ ਇਸ ਤਰ੍ਹਾਂ ਨਹੀਂ ਵਿਖਾ ਸਕਦਾ। ਅਤੇ ਇਹ ਨਹੀਂ ਆਖ ਸਕਦਾ 'ਹੇ ਆਯੁਸ਼ਮਾਨ ! ਇਹ ਸ਼ਰੀਰ ਹੈ ਅਤੇ ਇਹ ਆਤਮਾ ਹੈ।

ਜਿਵੇਂ ਕੋਈ ਗੰਨੇ ਦੇ ਰਸ ਨੂੰ ਅੱਡ ਕਰਕੇ ਆਖਦਾ ਹੈ "ਹੇ ਆਯੁਸ਼ਮਾਨ ! ਇਹ ਰਿਹਾ ਗੰਨਾ ਤੇ ਇਹ ਰਿਹਾ ਰਸ। ਇੰਜ ਕੋਈ ਵੀ ਵਿਖਾ ਨਹੀਂ ਸਕਦਾ ਅਤੇ ਇਹ ਨਹੀਂ ਆਖ ਸਕਦਾ—"ਹੇ ਆਯੁਸ਼ਮਾਨ ! ਇਹ ਸ਼ਰੀਰ ਹੈ ਅਤੇ ਇਹ ਆਤਮਾ ਹੈ।"

ਜਿਵੇਂ ਕੋਈ ਅਰਣੀ ਨਾਮਕ ਲੱਕੜ ਵਿਚੋਂ ਅੱਗ ਨੂੰ ਵੱਖ ਕਰਕੇ ਆਖਦਾ ਹੈ ਹੇ ਆਯੁਸ਼ਮਾਨ ਇਹ ਰਹੀ ਅਰਣੀ ਤੇ ਇਹ ਰਹੀ ਅੱਗ, ਇੰਜ ਜੀਵ ਤੇ ਸ਼ਰੀਰ ਨੂੰ ਅੱਡ ਵਿਖਾਉਣਾ ਕੋਈ ਵੀ ਸਮਰਥ ਨਹੀਂ ਅਤੇ ਇਹ ਕੋਈ ਨਹੀਂ ਆਖ ਸਕਦਾ, ਹੇ ਆਯੁਸ਼ਮਾਨ ਇਹ ਆਤਮਾ ਹੈ ਅਤੇ ਇਹ ਸ਼ਰੀਰ ਹੈ।

ਇਸ ਪ੍ਰਕਾਰ ਇਨ੍ਹਾਂ ਉਦਾਹਰਣਾਂ ਨਾਲ ਇਹ ਪੁਰਸ਼ ਸਿਧ ਕਰਦਾ ਹੈ ਕਿ ਸ਼ਰੀਰ ਤੋਂ ਅੱਡ ਹੋਰ ਕੋਈ ਵੱਖ ਆਤਮਾ ਨਹੀਂ ਹੈ। ਇਸ ਲਈ ਜੋ ਆਖਦੇ ਹਨ ਜੀਵ ਅੱਡ ਹੈ ਤੇ ਸ਼ਰੀਰ ਅੱਡ ਹੈ ਉਹ ਮਿਥਿਆ (ਝੂਠ) ਆਖਦੇ ਹਨ।

ਇਸ ਪ੍ਰਕਾਰ ਦੇ ਵਿਸ਼ਵਾਸ਼ੀ (ਆਤਮਾ ਤੇ ਸ਼ਰੀਰ ਨੂੰ ਇਕ ਮਨਣ ਵਾਲੇ ਨਾਸਤਕ) ਜੀਵ-ਘਾਤ ਕਰਦੇ ਹਨ ਅਤੇ ਹੋਰਾਂ ਨੂੰ ਜੀਵ ਹਿੰਸਾ ਦਾ ਉਪਦੇਸ਼ ਦਿੰਦੇ ਹਨ। ਉਹ ਆਖਦੇ ਹਨ। ਭਾਵੇਂ ਜੀਵਾਂ ਦੀ ਹਿੰਸਾ ਕਰੋ, ਧਰਤੀ, ਬਨਾਸਪਤੀ ਤੇ ਅੱਗ ਰਾਹੀਂ ਹਿੰਸਾ

ਕਰੋ. ਲੁਟਮਾਰ ਕਰੋ, ਕੋਈ ਫਰਕ ਨਹੀਂ ਪੈਂਦਾ, ਕਿਉਂਕਿ ਸ਼ਰੀਰ ਹੀ ਜੀਵ (ਆਤਮਾ) ਹੈ। ਕੋਈ ਪਰਲੋਕ ਨਹੀਂ। ਸ਼ਰੀਰ ਦੇ ਨਾਸ਼ ਹੋਣ ਤੇ ਜੀਵ (ਆਤਮਾ) ਦਾ ਨਾਸ਼ ਹੋ ਜਾਂਦਾ ਹੈ। ਜਦ ਜੀਵ ਨਹੀਂ, ਪਰਲੋਕ ਨਹੀਂ ਤਾਂ ਪੁੰਨ ਪਾਪ ਦਾ ਵੀ ਕੋਈ ਫਲ ਨਹੀਂ।

ਪਰਲੋਕ ਤੇ ਪੁੰਨ ਪਾਪ ਨੂੰ ਨਾ ਮਨਣ ਵਾਲੇ ਨਾਸਤਕ ਇਹ ਨਹੀਂ ਮੰਨਦੇ ਕਿ ਸ਼ੁਭ ਕ੍ਰਿਆ, ਅਸ਼ੁਭ ਕ੍ਰਿਆ, ਚੰਗਾ, ਮਾੜਾ, ਪੁੰਨ, ਪਾਪ, ਭਲਾਈ, ਬੁਰਾਈ, ਸਿੱਧੀ, ਅਸਿੱਧੀ, ਨਾਰਕੀ ਤੇ ਹੋਰ ਦੇਵਤੇ ਵੀ ਹਨ। ਅਪਣੀ ਇਸ ਮਾਨਤਾ ਸਦਕਾ ਉਹ ਘੋਰ ਛੋਟੀ, ਬੜੀ ਹਿੰਸਾ ਨਾਲ ਪਾਪ ਕਰਦੇ ਹੋਏ ਕਾਮ ਭੋਗਾਂ ਵਿੱਚ ਲਗੇ ਰਹਿੰਦੇ ਹਨ। ਇਸ ਤਰ੍ਹਾਂ ਚਾਰਵਾਕ ਆਦਿ ਸ਼ਾਸਤਰ ਆਪਣੇ ਮਤਾਂ ਨੂੰ ਸੱਚਾ ਦਸਦੇ ਹਨ।

ਉਨ੍ਹਾਂ ਦੇ ਮਨਣ ਵਾਲੇ ਪ੍ਰਤੀਤ ਤੇ ਰੁੱਚੀ ਰਖਣ ਵਾਲੇ ਰਾਜਾ ਆਦਿ ਲੋਕ ਆਖਦੇ ਹਨ "ਹੇ ਸ਼੍ਰਮਣ ਤੇ ਬ੍ਰਾਹਮਣ। ਤੁਸੀਂ ਸਾਨੂੰ ਚੰਗਾ ਉਪਦੇਸ਼ ਦਿੱਤਾ ਹੈ। ਹੇ ਆਯੁਸ਼ਮਾਨ! ਮੈਂ ਅਸਨ, ਪਾਨ, ਖਾਦਮ ਤੇ ਸਵਾਦਮ (ਚਾਰ ਕਿਸਮ ਦਾ ਭੋਜਨ) ਵਸਤਰ, ਪਾਤਰ, ਕੰਬਲ ਤੇ ਪੈਰ ਪੂੰਝਣ ਵਾਲੇ ਕਪੜੇ ਰਾਹੀਂ ਤੁਹਾਡਾ ਸਵਾਗਤ ਤੇ ਪੂਜਾ ਕਰਦਾ ਹਾਂ ਇਨ੍ਹਾਂ ਵਿਚੋਂ ਜੋ ਵਸਤੂ ਆਪਨੂੰ ਚਾਹੀਦੀ ਹੈ ਲੈ ਲਵੋ।" ਇਸ ਤਰ੍ਹਾਂ ਕਈ ਰਾਜੇ ਇਨ੍ਹਾਂ ਝੂਠੇ ਸ਼੍ਰਮਣਾਂ ਤੇ ਬ੍ਰਾਹਮਣਾਂ ਦੇ ਪਾਖੰਡੀ ਮੱਤ ਵਲ ਝੁਕ ਜਾਂਦੇ ਹਨ। ਇਸ ਪ੍ਰਕਾਰ ਸ਼ਰੀਰ ਤੇ ਆਤਮਾ ਨੂੰ ਇਕ ਦੂਸਰੇ ਮੱਤ ਨੂੰ ਮੰਨਣ ਵਾਲੇ ਇਹ ਅਨਾਤਮਵਾਦੀ ਸ਼੍ਰਮਣ ਤੇ ਬ੍ਰਾਹਮਣ, ਦੀਖਿਆ ਸਮੇਂ ਇਹ ਪ੍ਰਤਿਗਿਆ ਕਰਦੇ ਹਨ", ਅਸੀਂ ਸ਼੍ਰਮਣ ਬਨਾਂਗੇ ਘਰ ਦੇ ਤਿਆਗੀ, ਸਭ ਕੁਝ ਦੇ ਤਿਆਗੀ, ਪੁਤਰ ਪਰਿਵਾਰ ਦੇ ਤਿਆਗੀ, ਪਸ਼ੂ ਦੇ ਤਿਆਗੀ, ਬਣਕੇ ਹੋਰ ਰਾਹੀਂ ਦਿੱਤੇ ਭੋਜਨ ਰਾਹੀਂ ਜਿੰਦਗੀ ਗੁਜਾਰਾਂਗੇ। ਪਾਪ ਕਰਮ ਨਹੀਂ ਕਰਾਂਗੇ। ਇਸ ਤਰ੍ਹਾਂ ਦੀ ਪ੍ਰਤਿਗਿਆ ਕਰਨ ਦੇ ਬਾਵਜੂਦ ਉਹ ਪਾਪ ਕਰਮ ਤੋਂ ਨਹੀਂ ਛੁਟਦੇ। ਉਹ ਪਰਿਗ੍ਰਹਿ (ਵਸਤਾਂ ਦਾ ਇਕੱਠ) ਕਰਦੇ ਹਨ ਦੂਸਰੇ ਤੋਂ ਪਰਿਗ੍ਰਹਿ ਕਰਵਾਉਂਦੇ ਹਨ। ਕਰਨ ਵਾਲੇ ਨੂੰ ਚੰਗਾ ਸਮਝਦੇ ਹਨ। ਇਸ ਤਰ੍ਹਾਂ ਉਹ ਇਸਤਰੀ ਤੋਂ ਹੋਰ ਕਾਮ ਭੋਗਾਂ ਵਿਚ ਜੁੜਕੇ, ਫਸ ਕੇ ਜਕੜੇ ਰਹਿੰਦੇ ਹਨ। ਉਹ ਦੂਸਰੇ ਪ੍ਰਾਣੀ, ਭੂਤ ਜੀਵਾਂ ਦੀ ਹਿੰਸਾ ਤੋਂ ਨਹੀਂ ਬੱਚ ਸਕਦੇ। ਉਹ ਪੁੱਤਰ ਰਿਸ਼ਤੇਦਾਰਾਂ ਰੂਪੀ ਪਰਿਗ੍ਰਹਿ ਭਰਿਸ਼ਟ ਹੋ ਚੁੱਕੇ ਹਨ ਆਰਿਆ ਮਾਰਗ (ਪੁੰਡਰਿਕ) ਨੂੰ ਪ੍ਰਾਪਤ ਨਹੀਂ ਕਰ ਸਕਦਾ। ਉਹ ਵਿਚਕਾਰ ਹੀ ਕਾਮਭੋਗ ਦੇ ਚਿਕੜ ਵਿਚ ਫਸ ਚੁੱਕੇ ਹਨ।

ਇਸ ਪ੍ਰਕਾਰ ਚਾਰ ਪੁਰਸ਼ਾਂ ਵਿਚੋਂ ਪਹਿਲੇ ਪੁਰਸ਼ ਤੱਜਜੀਵਤਛਰੀਰਵਾਦੀ ਦਾ ਵਰਣਨ ਇਸ ਪ੍ਰਕਾਰ ਹੈ—(9)

## ਦੂਸਰਾ ਮਨੁੱਖ (ਪੰਚ ਮਹਾਭੂਤਵਾਦੀ ਤੇ ਸਾਂਖਯ) ਦੀ ਮਾਨਤਾ

ਦੂਸਰੇ ਚਿਕੜ ਵਿਚ ਫਸਿਆ ਪੁਰਸ਼ ਪੰਚ ਮਹਾਭੂਤਵਾਦੀ ਹੈ। ਇਸ ਲੋਕ ਦੇ ਪੂਰਵ,

ਆਦਿ ਸਭ ਦਿਸ਼ਾਵਾਂ ਵਿਚ ਮਨੁੱਖ ਨਿਵਾਸ ਕਰਦੇ ਹਨ ਅਤੇ ਉਹ ਮਨੁੱਖ ਆਰਿਆ-ਅਨਾਰਿਆ, ਸਰੂਪ-ਕਰੂਪ ਆਦਿ ਅਨੇਕਾਂ ਕਿਸਮਾਂ ਦੇ ਹਨ। ਉਨ੍ਹਾਂ ਵਿਚ ਕੋਈ ਰਾਜਾ ਹੁੰਦਾ ਹੈ। ਉਸ ਰਾਜੇ ਦੀ ਪਰਿਸ਼ਦ ਹੁੰਦੀ ਹੈ ਇਸ ਦਾ ਵਰਨਣ ਪਹਿਲਾਂ ਕੀਤਾ ਜਾ ਚੁਕਾ ਹੈ। ਸੈਨਾਪਤੀ ਤਕ ਹੁੰਦੇ ਹਨ। ਉਨ੍ਹਾਂ ਵਿਚ ਕਈ ਸ਼ਰਧਾਲੂ ਹੁੰਦੇ ਹਨ। ਸ਼੍ਰਮਣ ਤੇ ਬ੍ਰਾਹਮਣ (ਪੰਜ ਮਹਾਂਭੂਤ ਤੇ ਸਾਂਖਯ) ਉਨ੍ਹਾਂ ਕੋਲ ਜਾਨ ਦਾ ਵਿਚਾਰ ਕਰਦੇ ਹਨ। ਉਹ ਆਪਣੇ ਸਵਿਕਾਰ ਕੀਤੇ ਵਿਚਾਰਾਂ ਰਾਹੀਂ ਸ਼੍ਰਮਣ ਤੇ ਬ੍ਰਾਹਮਣ ਉਸ ਰਾਜਾ ਆਦਿ ਨੂੰ ਆਖਦੇ ਹਨ "ਹੇ ਪ੍ਰਜਾ ਦਾ ਦੁਖ ਦੂਰ ਕਰਨ ਵਾਲੇ ! ਅਸੀਂ ਆਪਣੇ ਧਰਮ ਦਾ ਉਪਦੇਸ਼ ਕਰਾਂਗੇ। ਤੁਸੀਂ ਇਸ ਉਪਦੇਸ਼ ਨੂੰ ਸੱਚ ਸਮਝੋ। ਇਹ ਧਰਮ ਇਸ ਤਰ੍ਹਾਂ ਹੈ।"

"ਇਸ ਜਗਤ ਵਿਚ ਪੰਜ ਮਹਾਂਭੂਤ ਹੀ ਹਨ। ਉਹ ਪੰਜ ਮਹਾਂਭੂਤ ਕ੍ਰਿਆ, ਅਕ੍ਰਿਆ, ਸੁਕ੍ਰਿਤ, ਦੁਸਕ੍ਰਿਤ, ਪੁੰਨ, ਪਾਪ, ਸ਼ੁਭ, ਅਸ਼ੁਭ ਸਿੱਧੀ, ਅਸਿੱਧੀ ਨਰਕ ਤੇ ਹੋਰ ਗਤੀਆਂ ਦਾ ਕਾਰਨ ਆਤਮਾ ਕੋਈ ਕ੍ਰਿਆ ਨਹੀਂ ਕਰਦਾ। ਇਹ ਪੰਜ ਮਹਾਂਭੂਤਾਂ ਦਾ ਸਮੂਹ ਹੀ ਭਿੰਨ ਭਿੰਨ ਨਾਮਾਂ ਤੋਂ ਜਾਣਿਆ ਜਾਂਦਾ ਹੈ।

ਪੰਜ ਮਹਾਂਭੂਤ ਇਸ ਪ੍ਰਕਾਰ ਹਨ "ਪਿਰਥਵੀ ਮਹਾਂਭੂਤ, ਜਲਮਹਾਂਭੂਤ, ਤੇਜ (ਅੱਗ) ਮਹਾਂਭੂਤ, ਵਾਯੂ ਮਹਾਂਭੂਤ, ਪੰਜਵਾਂ ਮਹਾਂਭੂਤ ਅਕਾਸ਼ ਹੈ। ਇਹ ਪੰਜ ਮਹਾਂਭੂਤਾਂ ਦਾ ਕਿਸੇ ਨੇ ਨਿਰਮਾਨ ਨਹੀਂ ਕੀਤਾ, ਕਿਸੇ ਨੇ ਨਹੀਂ ਬਨਵਾਏ, ਬਨਾਵਟੀ ਨਹੀਂ ਨਾ ਹੀ ਅਪਣੀ ਉਤਪਤੀ ਲਈ ਕਿਸੇ ਤੋਂ ਆਸ ਨਹੀਂ ਰਖਦੇ। ਅਨਾਦਿ ਹਨ, ਸਾਰੇ ਕੰਮਾਂ ਦੇ ਪਿਤਾ ਹਨ। ਬੰਧਨ ਰਹਿਤ ਹਨ। ਇਨ੍ਹਾਂ ਇਹ ਸਭ ਕੰਮਾਂ ਦੇ ਸੰਪਾਦਕ ਹਨ। ਇਨ੍ਹਾਂ ਦਾ ਕੋਈ ਪ੍ਰੇਰਕ ਨਹੀਂ। ਇਹ ਸੁਤੰਤਰ ਤੇ ਹਮੇਸ਼ਾ ਰਹਿਣ ਵਾਲੇ ਹਨ।

"ਕਈ ਇਕ (ਸਾਂਖਯ) ਪੰਜ ਮਹਾਂਭੂਤਾਂ ਦੇ ਨਾਲ ਛੇਵਾਂ ਆਤਮਾ ਨੂੰ ਸਵੀਕਾਰ ਕਰਦੇ ਹਨ। ਉਹ ਆਖਦੇ ਹਨ ਕਿ "ਸਤ ਪਦਾਰਥ ਦਾ ਕਦੇ ਨਾਸ਼ ਨਹੀਂ ਹੁੰਦਾ। ਅਸਤ ਦੀ ਉਤਪਤਿ ਨਹੀਂ," ਇਹ ਪੰਜਮਹਾਂਭੂਤਵਾਦੀ ਆਖਦੇ ਹਨ ਇਹ ਹੀ ਜੀਵ ਦਾ ਸਵਰੂਪ ਹੈ, ਇਹੋ ਹੋਂਦ ਦਾ ਸਵਰੂਪ ਹੈ ਇਸ ਪੰਜ ਮਹਾਂਭੂਤ ਹੀ ਲੋਕ ਦਾ ਮੁੱਖ ਕਾਰਣ ਹਨ। ਹੋਰ ਕੀ ਆਖੀਏ ਤਿਨਕੇ ਦਾ ਕੰਬਨਾ ਵੀ ਪੰਜ ਮਹਾਂਭੂਤ ਦਾ ਕਾਰਣ ਹੈ।"

ਇਸ ਤਰ੍ਹਾਂ ਖੁਦ ਖਰੀਦਿਆ, ਦੂਸਰੇ ਰਾਹੀਂ ਖਰੀਦੀਆਂ, ਜੀਵਘਾਤ ਖੁਦ ਕਰਦਾ ਅਤੇ ਦੂਸਰੇ ਤੋਂ ਕਰਵਾਉਂਨਾ, ਖੁਦ ਰਸੋਈ ਬਨਾਉਣਾ ਅਤੇ ਦੂਸਰੇ ਤੋਂ ਰਸੋਈ ਬਨਵਾਉਣ ਵਿਚ ਕੋਈ ਪਾਪ ਨਹੀਂ ਲਗਦਾ। ਜੇ ਕੋਈ ਮਨੁੱਖ ਕਿਸੇ ਮਨੁੱਖ ਨੂੰ ਖਰੀਦ ਕੇ ਮਾਰ ਵੀ ਦੇਵੇ ਤਾਂ ਵੀ ਕੋਈ ਦੋਸ਼ ਨਹੀਂ ਮਨਣਾ ਚਾਹੀਦਾ।"

ਇਸ ਪ੍ਰਕਾਰ ਦੇ ਪੰਜ ਮਹਾਂਭੂਤਵਾਦੀ ਕ੍ਰਿਆ ਤੋਂ ਲੈਕੇ ਨਰਕ ਤੱਕ ਕਿਸੇ ਵੀ ਪਦਾਰਥ ਨੂੰ ਨਹੀਂ ਮਨਦੇ। ਉਹ ਭਿੰਨ ਭਿੰਨ ਪ੍ਰਕਾਰ ਦੇ ਸਾਵਦਯ (ਪਾਪਕਾਰੀ) ਢੰਗਾਂ ਨਾਲ ਵਿਸ਼ੇ

ਭੋਗ ਸਮੱਗਰੀ ਦੀ ਪ੍ਰਾਪਤੀ ਲਈ ਪਾਪ ਵਿਚ ਲਗੇ ਰਹਿੰਦੇ ਹਨ । ਇਨ੍ਹਾਂ ਪੰਜ ਮਹਾਭੂਤ ਵਾਦੀਆਂ ਦੇ ਧਰਮ ਵਿਚ ਸ਼ਰਧਾ ਰਖਣ ਵਾਲੇ ਅਤੇ ਇਨ੍ਹਾਂ ਦੇ ਧਰਮ ਨੂੰ ਸੱਚ ਮੰਨਣ ਵਾਲੇ ਰਾਜਾ ਆਦਿ ਇਨ੍ਹਾਂ ਨੂੰ ਵਿਸ਼ੇ ਭੋਗ ਦੀ ਸਾਮੱਗਰੀ ਭੇਂਟ ਕਰਦੇ ਹਨ । ਇਹ ਲੋਕ ਵਿਸ਼ੇ ਵਾਸਨਾ ਵਿਚ ਫਸ ਕੇ ਨਾ ਇਸ ਲੋਕ ਦੇ ਰਹਿੰਦੇ ਹਨ ਨਾ ਪਰਲੋਕ ਦੇ ਰਹਿੰਦੇ ਹਨ । ਇਸ ਪ੍ਰਕਾਰ ਦੂਸਰਾ ਧਰਮ ਪੰਜ ਮਹਾਭੂਤੀਕ ਅਖਵਾਉਂਦਾ ਹੈ । (10)

## ਤੀਸਰਾ ਪੁਰਸ਼-ਈਸ਼ਵਰਕਰਤਾਵਾਦੀ ਦੀ ਮਾਨਤਾ

ਤੀਸਰਾ ਚਿਕੜ ਵਿਚ ਫਸਿਆ ਈਸ਼ਵਰ ਕਾਰਨੀਕ ਅਖਵਾਉਂਦਾ ਹੈ । (ਉਹ ਆਖਦਾ ਹੈ) ਇਸ ਮਨੁੱਖ ਲੋਕ ਵਿਚ ਪੂਰਵ ਆਦਿ ਦਿਸ਼ਾਵਾਂ ਵਿਚ ਅਨੇਕ ਮਨੁੱਖ ਹੁੰਦੇ ਹਨ ਜੋ ਸਮੇਂ ਸਮੇਂ ਪੈਦਾ ਹੁੰਦੇ ਹਨ । ਉਨ੍ਹਾਂ ਵਿਚੋਂ ਕੁਛ ਆਰਿਆ ਹਨ, ਕੁਛ ਅਨਾਰਿਆ ਹਨ ਇਥੇ ਪਹਿਲਾਂ ਵਾਲੇ ਮਨੁੱਖ ਦੀ ਤਰ੍ਹਾਂ ਵਿਰਤਾਂਤ ਸਮਝਣਾ ਚਾਹੀਦਾ ਹੈ) ਉਨ੍ਹਾਂ ਮਨੁੱਖਾਂ ਵਿਚ ਕੋਈ ਸਰੇਸ਼ਟ ਰਾਜਾ ਹੁੰਦਾ ਹੈ ।

(ਜਿਸ ਦਾ ਸਵਰੂਪ ਪਹਿਲਾਂ ਵਰਨਣ ਕੀਤਾ ਜਾ ਚੁਕਾ ਹੈ) ਉਸ ਦੀ ਸਭਾ ਹੁੰਦੀ ਹੈ । (ਉਸ ਦਾ ਵਰਨਣ ਵੀ ਆ ਚੁਕਾ ਹੈ ।) ਉਸ ਧਰਮ ਸ਼ਰਧਾਲੂ ਪੁਰਸ਼ ਕੋਲ ਅਨੋਤੀ ਸ਼੍ਰਮਣ ਬ੍ਰਾਹਮਣ ਜਾਨ ਦਾ ਨਿਸ਼ਚਾ ਕਰਦੇ ਹਨ । ਉਹ, ਉਸ ਪੁਰਸ਼ ਕੋਲ ਆ ਕੇ ਆਖਦੇ ਹਨ—

"ਹੇ ਭੈਅ ਮੁਕਤ ਕਰਨ ਵਾਲੇ ਮੈਂ ਆਪਨੂੰ ਸਚੇ ਧਰਮ ਦਾ ਸਵਰੂਪ ਸੁਨਾਉਂਦਾ ਹਾਂ ਉਸਨੂੰ ਆਪ ਸੱਚ ਸਮਝੋ ।"

ਇਸ ਸੰਸਾਰ ਵਿਚ ਜੜ ਤੇ ਚੇਤਨ ਜਿੰਨੇ ਵੀ ਪਦਾਰਥ ਹਨ ਉਹ ਸਭ ਪੁਰਸ਼ (ਈਸ਼ਵਰ) ਦਵਾਰਾ ਰਚੇ ਗਏ ਹਨ ਸਭ ਦਾ ਮੂਲ ਕਾਰਣ ਈਸ਼ਵਰ ਹੈ । ਸਭ ਦਾ ਖਤਮ ਕਰਨ ਵਾਲਾ ਈਸ਼ਵਰ ਹੈ । ਈਸ਼ਵਰ ਜਾਂ ਆਤਮਾ ਹੀ ਸਭ ਪਦਾਰਥ ਮੂਲ ਦਾ ਕਾਰਣ ਹੈ । ਸਾਰੇ ਪਦਾਰਥ ਈਸ਼ਵਰ ਨੇ ਰਚੇ ਹਨ । ਈਸ਼ਵਰ ਤੋਂ ਉਨ੍ਹਾਂ ਦਾ ਜਨਮ ਹੋਇਆ ਹੈ ।

ਸਾਰੇ ਪਦਾਰਥ ਈਸ਼ਵਰ ਨੇ ਪ੍ਰਕਾਸ਼ਿਤ ਕੀਤੇ ਹਨ । ਸਭ ਦਾ ਆਧਾਰ ਈਸ਼ਵਰ ਹੈ । ਜਿਵੇਂ ਪ੍ਰਾਣੀ ਦੇ ਸ਼ਰੀਰ ਤੇ ਫੋੜਾ ਸ਼ਰੀਰ ਵਿਚ ਹੀ ਉਤਪਨ ਹੁੰਦਾ ਹੈ । ਸ਼ਰੀਰ ਵਿਚ ਹੀ ਵਾਧਾ ਪ੍ਰਾਪਤ ਕਰਦਾ ਹੈ । ਸ਼ਰੀਰ ਦਾ ਹਿੱਸਾ ਬਣਦਾ ਹੈ । ਸ਼ਰੀਰ ਦੇ ਸਹਾਰੇ ਟਿਕਦਾ ਹੈ । ਇਸੇ ਤਰ੍ਹਾਂ ਸਾਰੇ ਪਦਾਰਥ ਈਸ਼ਵਰ ਤੋਂ ਉਤਪਨ ਹੁੰਦੇ ਹਨ । ਈਸ਼ਵਰ ਵਿਚ ਹੀ ਵਾਧਾ ਪਾਂਦੇ ਹਨ । ਈਸ਼ਵਰ ਦੇ ਪਿਛੇ ਚਲਦੇ ਹਨ ਈਸ਼ਵਰ ਨੂੰ ਅਪਣੇ ਆਧਾਰ ਦਾ ਰੂਪ ਲੈ ਕੇ ਸਥਿਤ ਹੁੰਦੇ ਹਨ ।

ਜਿਵੇਂ ਅਰਤਿ (ਮਨ ਦੀ ਦਸ਼ਾ) ਸ਼ਰੀਰ ਵਿਚ ਉਤਪਨ ਹੁੰਦਾ ਹੈ ਸ਼ਰੀਰ ਵਿਚ ਵਸਦਾ ਹੈ ਸ਼ਰੀਰ ਦੇ ਪਿਛੇ ਚਲਦਾ ਹੈ, ਸ਼ਰੀਰ ਦੇ ਸਹਾਰੇ ਹੀ ਟਿਕਦਾ ਹੈ, ਉਸੇ ਤਰ੍ਹਾਂ ਸਾਰੇ ਪਦਾਰਥ ਈਸ਼ਵਰ ਤੋਂ ਉਤਪਨ ਹੋਕੇ ਟਿਕੇ ਹੋਏ ਹਨ ।

ਜਿਵੇਂ ਬੰਬੀ ਜਮੀਨ ਵਿਚ ਪੈਦਾ ਹੁੰਦੀ ਹੈ ਜਮੀਨ ਵਿਚ ਵਧਦੀ ਹੈ ਜਮੀਨ ਦੇ ਪਿਛੇ ਚਲਦੀ ਹੈ ਜਮੀਨ ਦੇ ਸਹਾਰੇ ਰਹਿੰਦੀ ਹੈ। ਇਸ ਪ੍ਰਕਾਰ ਸਾਰੇ ਪਦਾਰਥ ਈਸ਼ਵਰ ਤੋਂ ਉਤਪਨ ਹੋਕੇ ਈਸ਼ਵਰ ਵਿਚ ਲੀਨ ਹੋ ਜਾਂਦੇ ਹਨ।

ਜਿਵੇਂ ਕੋਈ ਦਰਖੱਤ ਮਿਟੀ ਵਿਚ ਪੈਦਾ ਹੁੰਦਾ ਹੈ ਵੱਧਦਾ ਹੈ ਮਿਟੀ ਦੇ ਪਿਛੇ ਚਲਦਾ ਹੈ। ਫੇਰ ਮਿਟੀ ਵਿਚ ਲੀਨ ਹੋਕੇ ਸਥਿਤ ਹੋ ਜਾਂਦਾ ਹੈ। ਇਸੇ ਤਰ੍ਹਾਂ ਸਾਰੇ ਪਦਾਰਥ ਈਸ਼ਵਰ ਵਿਚ ਉਤਪਨ ਹੁੰਦੇ ਹਨ, ਫੈਲਦੇ ਹਨ।

ਜਿਵੇਂ ਪੁਸ਼ਕਰਨੀ (ਕਮਲ) ਮਿਟੀ ਤੋਂ ਉਤਪਨ ਹੁੰਦਾ ਹੈ। ਉਸੇ ਰਾਹੀਂ ਜਾਣਿਆ ਜਾਂਦਾ ਹੈ, ਉਸਦੇ ਪਿਛੇ ਚਲਦਾ ਹੈ ਉਸ ਦੇ ਸਹਾਰੇ ਫੈਲਦਾ ਹੈ। ਇਸ ਤਰ੍ਹਾਂ ਸਾਰੇ ਪਦਾਰਥ ਈਸ਼ਵਰ ਵਿਚ ਪੈਦਾ ਹੋਕੇ, ਉਸੇ ਵਿਚ ਲੀਨ ਹੋ ਜਾਂਦੇ ਹਨ।

ਜਿਵੇਂ ਪਾਣੀ ਦਾ ਬੁਲਬੁਲਾ. ਪਾਣੀ ਵਿਚ ਉਤਪਨ ਹੋਕੇ, ਪਾਣੀ ਵਿਚ ਹੀ ਸਮਾ ਜਾਂਦਾ ਹੈ। ਇਸੇ ਤਰ੍ਹਾਂ ਸਾਰੇ ਪਦਾਰਥ ਈਸ਼ਵਰ ਤੋਂ ਪੈਦਾ ਹੁੰਦੇ ਹਨ ਤੇ ਈਸ਼ਵਰ ਵਿਚ ਹੀ ਲੀਨ ਹੋ ਜਾਂਦੇ ਹਨ। ਇਹ ਜੋ ਸ੍ਰਮਣ, ਬ੍ਰਾਹਮਣ, ਸੱਚ ਨਿਰਗ੍ਰੰਥ ਸ੍ਰਮਣ ਰਾਹੀਂ ਆਖੀਆ, ਰਚਿਆ ਗਿਆਨ ਆਦਿ।

12 ਅੰਗ ਸ਼ਾਸਤਰ ਦੇ ਰੂਪ ਵਿਚ ਹੈ। ਅਚਾਰਾਂਗ ਸੂਤਕ੍ਰਿਤਾਂਗ ਤੋਂ ਲੈ ਕੇ ਦਰਿਸ਼ਟੀਵਾਦ ਤਕ ਸਾਰੇ ਜੈਨ ਆਗਮ ਮਿਥਿਆ ਹਨ। ਇਹ ਸੱਚ ਨਹੀਂ ਹਨ। ਉਹ ਸੱਚ ਦਾ ਸਵਰੂਪ ਪ੍ਰਗਟ ਕਰਨ ਵਿਚ ਰੁਕਾਵਟ ਹਨ। ਇਸ ਲਈ ਉਹ ਈਸ਼ਵਰ ਵਾਦੀ ਅਜੇਹਾ ਮੱਤ ਰਖ ਕੇ ਅਪਣੇ ਮਤ ਦੀ ਸਿਖਿਆ ਅਪਣੇ ਚੇਲਿਆਂ ਨੂੰ ਦਿੰਦੇ ਹਨ। ਇਹੋ ਮਾਨਤਾ ਸਥਾਪਿਤ ਕਰਦੇ ਤੇ ਆਖਦੇ ਹਨ।

'ਸਾਡਾ ਮੱਤ ਹੀ ਸੱਚ ਹੈ ਤੱਥ ਤੇ ਅਧਾਰਿਤ ਹੈ, ਯਥਾਰਥ ਹੈ।' ਇਸ ਤਰ੍ਹਾਂ ਈਸ਼ਵਰ ਵਾਦੀ ਦੇ ਵਿਚਾਰ ਹਨ। ਉਹ ਅਪਣੇ ਚੇਲਿਆਂ ਨੂੰ ਇਹੋ ਸਿਖਿਆ ਦਿੰਦੇ ਹਨ। ਰਾਜਸਭਾ ਵਿੱਚ ਇਸੇ ਮਤ ਦਾ ਪ੍ਰਚਾਰ ਕਰਦੇ ਹਨ।

ਜਿਵੇਂ ਪੰਛੀ ਪਿੰਜਰਾ ਤੋੜਨ ਵਿਚ ਅਸਮਰਥ ਹੈ ਉਸੇ ਪ੍ਰਕਾਰ ਈਸ਼ਵਰ ਕਾਰਣੀਕ ਰੂਪ ਮੱਤ (ਈਸ਼ਵਰ ਕਰਤਾਵਾਦੀ) ਨੂੰ ਸਵਿਕਾਰ ਕਰਕੇ, ਇਹ ਲੋਕ ਦੁੱਖਾਂ ਨੂੰ ਖਤਮ ਨਹੀਂ ਕਰ ਸਕਦੇ।

ਉਹ ਭਿੰਨ ਭਿੰਨ ਪ੍ਰਕਾਰ ਦੀ ਕ੍ਰਿਆਵਾਂ ਕਰਕੇ ਕਾਮ ਭੋਗਾਂ ਰਾਹੀਂ ਹਿੰਸਾ ਕਰਦੇ ਹਨ। ਇਹ ਲੋਕ ਅਨਾਰਿਆ ਹਨ, ਭਰਮ ਵਿਚ ਭੁਲੇ ਫਿਰਦੇ ਹਨ। ਇਸ ਤਰ੍ਹਾਂ ਦੇ ਸ਼ਰਧਾਲੂ ਨਾ ਇਸ ਲੋਕ ਦੇ ਬਨ ਸਕਦੇ ਹਨ, ਨਾ ਪਰਲੋਕ ਸੁਧਾਰ ਸਕਦੇ ਹਨ, ਸਗੋਂ ਕਾਮ ਭੋਗਾਂ ਕਾਰਣ ਵਿਚਕਾਰ ਹੀ ਦੁੱਖ ਪਾਂਦੇ ਹਨ। ਇਹ ਤੀਸਰੇ ਈਸ਼ਵਰਵਾਦੀ ਬਾਰੇ ਕਥਨ ਪੂਰਾ ਹੋਇਆ। **(11)**

## ਚੌਥਾ ਪੁਰਸ਼ ਨਿਅਤੀਵਾਦੀ : ਵਰਨਣ

ਹੁਣ ਚੌਥੇ ਪੁਰਸ਼ ਨਿਅਤੀਵਾਦੀ ਦਾ ਵਰਨਣ ਕੀਤਾ ਜਾਂਦਾ ਹੈ। ਇਸ ਲੋਕ ਵਿਚ ਪੁਰਸ਼ ਆਦਿ ਦਿਸ਼ਾ ਤੋਂ ਲੈਕੇ ਸੈਨਾਪਤਿ ਪੁਤਰ ਤੱਕ ਦਾ ਵਿਰਤਾਂਗ ਪਹਿਲਾਂ ਦੀ ਤਰ੍ਹਾਂ ਹੈ। ਕਿਸੇ ਰਾਜਾ ਤੇ ਉਸ ਦੇ ਅਧਿਕਾਰੀਆਂ ਵਿਚੋਂ ਕੁਝ ਧਰਮ ਸ਼ਰਧਾਲੂ ਹੁੰਦੇ ਹਨ। ਉਨ੍ਹਾਂ ਦੇ ਨਜਦੀਕ ਕੋਈ ਅਖੌਤੀ ਸ਼੍ਰਮਣ, ਬ੍ਰਾਹਮਣ ਜਾਨ ਦਾ ਨਿਸਚਾ ਕਰਦਾ ਹੈ। ਉਹ ਪਾਸ ਜਾਕੇ ਆਖਦਾ ਹੈ—" ਮੈਂ ਆਪ ਨੂੰ ਸੱਚੇ ਧਰਮ ਦਾ ਉਪਦੇਸ਼ ਦਿੰਦਾ ਹਾਂ ਉਸ ਨੂੰ ਸਾਵਧਾਨੀ ਨਾਲ ਸੁਣੋ।"

"ਇਸ ਲੋਕ ਵਿਚ ਦੋ ਪ੍ਰਕਾਰ ਦੇ ਪੁਰਸ਼ ਹੁੰਦੇ ਹਨ। ਇਕ ਪੁਰਸ਼ ਕ੍ਰਿਆ ਦਾ ਕਥਨ ਕਰਦਾ ਹੈ ਦੂਸਰਾ ਕ੍ਰਿਆ ਦਾ ਕਥਨ ਨਹੀਂ ਕਰਦਾ। ਜੋ ਪੁਰਸ਼ ਕ੍ਰਿਆ ਦਾ ਕਥਨ ਕਰਦਾ ਹੈ ਅਤੇ ਜੋ ਕ੍ਰਿਆ ਦੀ ਵਿਰੋਧਤਾ ਕਰਦਾ ਹੈ ਦੋਹੇ-ਹੀ ਮੂਰਖ-(ਬਾਲ) ਹਨ। ਉਹ ਇਕ ਅਰਥ ਵਾਲੇ ਅਤੇ ਇਕੋ ਕਾਰਨ ਵਾਲੇ ਹਨ। ਉਹ ਅਪਣੇ ਸੁਖ ਦੁਖ ਦਾ ਕਾਰਨ-ਕਾਲ, ਕਰਮ-ਤੇ ਈਸ਼ਵਰ ਨੂੰ ਮਨਦੇ ਹੋਏ, ਇਹ ਸਮਝਦੇ ਹਨ ਕਿ "ਮੈਂ ਜੋ ਭੋਗ ਰਿਹਾ ਹਾਂ, ਕਸ਼ਟ ਪਾ ਰਿਹਾ ਹਾਂ, ਪਾਸਚਾਤਾਪ ਕਰ ਰਿਹਾ ਹਾਂ, ਸ਼ਰੀਰ ਬਲ ਦਾ ਨਸ਼ਟ ਕਰ ਰਿਹਾ ਹਾਂ, ਪੀੜਾ ਪਾ ਰਿਹਾ ਹਾਂ, ਤੜਫ ਰਿਹਾ ਹਾਂ, ਇਹ ਸਭ ਮੇਰੇ ਕਰਮਾ ਦਾ ਫੱਲ ਹੈ। ਅਤੇ ਜੋ ਦੂਸਰਾ ਦੁੱਖ ਭੋਗਦਾ ਹੈ, ਸੋਗ ਕਰਦਾ ਹੈ, ਸ਼ਰੀਰਕ ਸ਼ਕਤੀ ਦਾ ਖਾਤਮਾ ਕਰਦਾ ਹੈ, ਪੀੜਤ ਹੈ, ਤੜਫ ਰਿਹਾ ਹੈ ਉਹ ਸਭ ਉਸ (ਆਦਮੀ) ਦੇ ਕੀਤੇ ਕਰਮਾ ਦਾ ਫਲ ਹੈ। ਇਸ ਪ੍ਰਕਾਰ ਉਹ ਅਗਿਆਨੀ ਕਾਲ ਕਰਮ ਤੇ ਈਸ਼ਵਰ ਨੂੰ ਸੁਖ ਦੁਖ ਦਾ ਕਾਰਣ ਮਨਦਾ ਹੋਇਆ ਅਪਣੇ ਤੇ ਦੂਸਰੇ ਦੇ ਦੁਖ ਸੁਖ ਨੂੰ ਅਪਣੇ ਤੇ ਦੂਸਰੇ ਰਾਹੀਂ ਕੀਤੇ ਕਰਮਾਂ ਦਾ ਫਲ ਮਨਦਾ ਹੈ

ਪਰ ਇੱਕਲੀ ਨਿਅਤੀ (ਹੋਣੀ) ਨੂੰ ਸਾਰੇ ਪਦਰਥਾਂ ਦੇ ਦੁਖ ਸੁਖ ਦਾ ਕਾਰਣ ਮਨਣ ਵਾਲਾ ਤਾਂ ਇਹ ਸਸਝਦਾ ਹੈ" ਮੈਂ ਜੋ ਦੁੱਖ ਭੋਗਦਾ ਹਾਂ ਸੋਗ ਮਨਦਾ ਹਾਂ ਆਤਮਨਿੰਦਾ ਕਰਦਾ ਹਾਂ, ਸਰੀਰਕ ਸ਼ਕਤੀ ਨਸ਼ਟ ਕਰਦਾ ਹਾਂ, ਪੀੜ ਨਾਲ ਤੜਛ ਰਿਹਾ ਹਾਂ ਇਹ ਮੇਰੇ ਕਰਮਾਂ ਦਾ ਫਲ ਨਹੀਂ ਅਤੇ ਦੂਸਰਾ ਜੋ ਦੁੱਖੀ ਹੈ, ਸੋਗੀ ਹੈ, ਤੜਫ ਰਿਹਾ ਹੈ ਪੀੜਤ ਹੈ ਉਹ ਵੀ ਉਸ ਦੇ ਕਰਮਾਂ ਦਾ ਫਲ ਨਹੀਂ। ਫੇਰ ਇਹ ਸਭ ਨਿਅੱਤੀ (ਹੋਣ) ਅਧੀਨ ਹੋ ਰਿਹਾ ਹੈ। ਇਸ ਪ੍ਰਕਾਰ ਉਹ (ਅਖੌਤੀ, ਬੁਧੀਮਾਨ) ਅਪਣੇ ਤੇ ਦੂਸਰੇ ਦੇ ਦੁਖ ਦਾ ਕਾਰਣ ਨਿਅਤੀ (ਹੋਣੀ) ਨੂੰ ਮੰਨਦਾ ਹੈ ਅਤੇ ਹੋਰ ਕਿਸੇ ਕਾਰਣ ਨੂੰ ਨਹੀਂ ਮੰਨਦਾ।

(ਉਹ ਨਿਅਤੀਵਾਦੀ) ਆਖਦਾ ਹੈ, ਪੂਰਵ ਆਦਿ ਦਿਸ਼ਾਵਾਂ ਵਿਚ ਰਹਿਣ ਵਾਲੇ ਤਰੱਸ ਜਾਂ ਸਥ ਵਰ ਪ੍ਰਾਣੀ ਨਿਅਤੀ ਦੇ ਕਾਰਨ ਹੀ ਔਦਾਰਿਕ (ਬਾਹਰਲਾ) ਸ਼ਰੀਰ ਦੀ ਪ੍ਰਾਪਤੀ ਕਰਦੇ ਹਨ। ਨਿਅਤੀ ਅਧੀਨ ਹੀ ਬਚਪਨ, ਜਵਾਨੀ ਤੇ ਬੁਢਾਪਾ ਹੈ। ਨਿਅਤੀ ਅਧੀਨ ਮੌਤ ਹੈ, ਨਿਅਤੀ ਕਾਰਣ ਕਾਨਾ ਤੇ ਕੁੱਬਾਪਨ ਆਦਿ ਸ਼ਰੀਰਕ ਅਵਸਥਾਵਾਂ ਹਨ।

ਨਿਅਤੀ ਅਧੀਨ ਉਹ ਭਿਨ ਭਿੰਨ ਪ੍ਰਕਾਰ ਦੇ ਸੁੱਖ-ਦੁੱਖ ਦੀ ਪ੍ਰਾਪਤੀ ਹੁੰਦੀ ਹੈ।

( ਸ੍ਰੀ ਸੁਧਰਮਾ ਸਵਾਮੀ ਚਲੋ ਜੰਬੂ ਸਵਾਮੀ ਨੂੰ ਆਖਦੇ ਹਨ )

ਇਸ ਪ੍ਰਕਾਰ ਨਿਅਤੀ ਨੂੰ ਹੀ ਸਾਰੇ ਕੰਮਾਂ ਦਾ ਕਾਰਣ ਮੰਨਣ ਵਾਲੇ ਨਿਅਤੀਵਾਦੀ ਹੋਰ ਆਖੀਆਂ ਜਾਣ ਵਾਲੀਆਂ ਗੱਲਾਂ ਨੂੰ ਨਹੀਂ ਮੰਨਦੇ। ਕ੍ਰਿਆ, ਅਕ੍ਰਿਆ ਤੋਂ ਲੈ ਕੇ ਪਹਿਲੇ ਪੁਰਸ਼ ਸੰਬੰਧੀ ਸੂਤਰ ਵਿਚ ਆਖੀ ਕਿਸੇ ਗਲ ਨੂੰ ਨਹੀਂ ਮੰਨਦੇ । ਉਹ ਨਿਅਤੀਵਾਦੀ ਭੰਬਲਭੂਸੇ ਵਿਚ ਪਏ, ਭਿੰਨ ਭਿੰਨ ਪ੍ਰਕਾਰ ਦੇ ਪਾਪ ਕਰਮਾਂ ਰਾਹੀਂ, ਕਾਮ ਭੋਗ ਰਾਹੀਂ ਹਿੰਸਾ ਦਾ ਸੇਵਨ ਕਰਦੇ ਹਨ।

ਉਸ ਨਿਅਤੀਵਾਦ ਵਿਚ ਸ਼ਰਧਾ ਰਖਣ ਵਾਲੇ, ਨਿਅਤੀਵਾਦੀ ਅਨਾਰਿਆ ਹਨ। ਭਰਮ ਵਿਚ ਫਸੇ ਹਨ ਉਹ ਨਾ ਇਸ ਲੋਕ ਦੇ ਹਨ ਨਾ ਪਰਲੋਕ ਦੇ। ਸਗੋਂ ਉਹ ਕਾਮ ਭੋਗਾਂ ਵਿਚ ਫਸਕੇ ਕਸ਼ਟ ਭੋਗਦੇ ਹਨ। ਇਹ ਚੌਥੇ ਪੁਰਸ਼ ਦਾ ਵਰਨਣ ਪੂਰਾ ਹੋਇਆ।

ਇਸ ਪ੍ਰਕਾਰ ਉਪਰੋਕਤ ਚਾਰ ਪੁਰਸ਼ ਭਿੰਨ ਭਿੰਨ ਬੁਧੀ ਵਾਲੇ, ਵਿਚਾਰਾਂ ਵਾਲੇ, ਆਚਾਰ ਵਾਲੇ, ਵਿਸ਼ਵਾਸ਼ ਵਾਲੇ, ਰੁਚੀ ਵਾਲੇ, ਭਿੰਨ ਭਿੰਨ ਤਰ੍ਹਾਂ ਦੀ ਹਿੰਸਾ ਕਰਨ ਵਾਲੇ ਅਤੇ ਅੱਡ ਅੱਡ ਨਿਸ਼ਚੇ ਵਾਲੇ ਹਨ। ਇਨ੍ਹਾਂ (ਸ਼੍ਰਮਣਾਂ ਤੇ ਬ੍ਰਾਹਮਣਾਂ) ਨ ਅਪਣੇ ਮਾਂ ਪਿਉ ਪਰਿਵਾਰ ਨੂੰ ਛੱਡ ਦਿਤਾ ਹੈ, ਪਰ ਆਰਿਆ (ਨਿਰਗਰੰਥ) ਮਾਰਗ ਨੂੰ ਨਹੀਂ ਪਾ ਸਕੇ। ਇਹ ਨਾ ਇਸ ਲੋਕ ਦੇ ਹੋਏ ਹਨ ਤੇ ਨਾ ਪਰਲੋਕ ਦੇ। ਸਗੋਂ ਵਿਚਕਾਰ ਹੀ ਕਾਮ ਭੋਗ ਵਿਚ ਫਸ ਕੇ ਕਸ਼ਟ ਪਾ ਰਹੇ ਹਨ। 12

## ਭਿਖਸ਼ੂ ਦਾ ਵਿਰਤਾਂਤ

( ਸ੍ਰੀ ਸੁਧਰਮਾ ਸ਼ਵਾਮੀ, ਸ੍ਰੀ ਜੰਬੂ ਸਵਾਮੀ ਨੂੰ ਆਖਦੇ ਹਨ ) ਮੈਂ ਅਜੇਹਾ ਆਖਦਾ ਹਾਂ। ਪੂਰਵ ਆਦਿ ਦਿਸ਼ਾਵਾਂ ਵਿਚ ਭਿੰਨ ਭਿੰਨ ਪ੍ਰਕਾਰ ਦੇ ਮਨੁਖ ਰਹਿੰਦੇ ਹਨ । ਕਈ ਆਰਿਆ ਹਨ, ਕਈ ਅਨਾਰਿਆ ਹਨ ਕਈ ਉੱਚ ਗੋਤਰੀ ਹਨ ਕਈ ਨੀਚ ਗੋਤਰੀ ਹਨ । ਕੋਈ ਮਨੁੱਖ ਲੰਬੇ ਹਨ, ਕਈ ਮਧਰੇ ਹਨ। ਕਿਸੇ ਦਾ ਰੂਪ ਸੁੰਦਰ ਹੈ, ਕਿਸੇ ਦਾ ਰੰਗ ਕਾਲਾ ਹੈ ਕਿਸੇ ਦਾ ਰੂਪ ਮਨੋਹਰ ਹੈ, ਕਈ ਸ਼ਕਲ ਦੇ ਭੱਦੇ ਹਨ ।

ਉਨ੍ਹਾਂ ਮਨੁੱਖਾਂ ਦਾ ਸੰਸਾਰ ਤੇ ਜਨਪਦ ਦੇਸ਼ (ਸੰਪਤੀ) ਹੁੰਦੀ ਹੈ । ਕਿਸੇ ਦਾ ਪਰਿਗ੍ਰਹਿ (ਸੰਪਤੀ) ਥੋੜੀ ਹੈ ਤੇ ਕਿਸੇ ਦੀ ਜਿਆਦਾ ।

ਕਈ ਪੁਰਸ਼ ਪਹਿਲਾਂ ਦਸੇ ਚੰਗੇ ਕੁਲਾਂ ਵਿਚ ਜਨਮਦੇ ਹਨ। ਵਿਸ਼ੇ ਭੋਗ ਛੱਡ ਕੇ, ਸਾਧੂ (ਭਿਖਸ਼ੂ) ਬਣਦੇ ਹਨ। ਕਈ ਸਮਝਦਾਰ ਜਾਤ, ਧੰਨ, ਅਨਾਜ, ਸੰਪਤੀ ਛੱਡ ਕੇ ਭਿਖਸ਼ਾ ਗ੍ਰਹਿਣ ਕਰਨ ਲਈ ਪਿਆਰ ਰਹਿੰਦੇ ਹਨ। ਕੋਈ ਮੂਰਖ ਜਾਤ, ਧੰਨ, ਅਨਾਜ, ਸੰਪਤੀ ਛਡ ਕੇ ਸਾਧੂ ਬਨਣ ਲਈ ਤਿਆਰ ਹੁੰਦੇ ਹਨ।

ਜੋ ਵਿਦਵਾਨ ਜਾਤ, ਧਨ, ਅਨਾਜ, ਸੰਪਤੀ ਛਡਕੇ ਸਾਧੂ ਬਨਣ ਲਈ ਤਿਆਰ ਹੁੰਦੇ ਹਨ ਜਾਂ ਮੂਰਖ ਜਾਤ, ਧੰਨ, ਅਨਾਜ, ਸੰਪਤੀ ਛਡ ਕੇ ਸ਼ਾਧੂਪੁਣਾ ਗ੍ਰਹਿਣ ਕਰਦੇ ਹਨ। ਇਹ ਦੋਵੇਂ ਜਾਣਦੇ ਹਨ ਕਿ—ਇਸ ਮਨੁੱਖ ਲੋਕ ਵਿਚ ਪੁਰਸ਼ ਅਪਣੇ ਤੋਂ ਛੁਟ ਹੋਰ ਪਦਾਰਥਾਂ ਨੂੰ ਝੂਠ ਹੀ ਅਪਣਾ ਮੰਨਕੇ ਅਭਿਮਾਨ ਕਰਦੇ ਹਨ। (ਅਤੇ ਆਖਦੇ ਹਨ) ਖ਼ੇਤ ਮੇਰਾ ਹੈ, ਘਰ ਮੇਰਾ ਹੈ, ਚਾਂਦੀ ਮੇਰੀ ਹੈ, ਸੋਨਾ ਮੇਰਾ ਹੈ, ਧੰਨ ਮੇਰਾ ਹੈ, ਅਨਾਜ ਮੇਰਾ ਹੈ, ਕਾਂਸ਼ੀ ਮੇਰੀ ਹੈ, ਲੋਹਾ ਮੇਰਾ ਹੈ, ਚੰਗੇ ਕਪੜੇ ਮੇਰੇ ਹਨ, ਇਹ ਵਿਸ਼ਾਲ ਧੰਨ, ਸੋਨਾ, ਰਤਨ, ਮਨੀ, ਮੋਤੀ, ਸੰਖਸ਼ਿਲਾ, ਮੂੰਗੇ, ਲਾਲ ਆਦਿ ਮਨੀਆਂ ਤੇ ਪਿਤਾ ਪੁਰਖੀ ਜੱਦੀ ਜਾਇਦਾਦ ਧੰਨ ਮੇਰਾ ਹੈ।

ਇਹ ਕੰਨਾਂ ਨੂੰ ਚੰਗੇ ਲਗਣ ਵਾਲੇ, ਸ਼ਬਦ ਦਾ ਕਾਰਣ ਵੀਨਾ, ਬੇਨੂੰ ਆਦਿ ਸਾਜ ਮੇਰੇ ਹਨ, ਇਹ ਸੁੰਦਰ ਰੂਪ ਬਾਨਪਦਾਰਥ ਮੇਰੇ ਹਨ, ਇਹ ਖੁਸ਼ਬੂਦਾਰ ਪਦਾਰਥ ਮੇਰੇ ਹਨ, ਇਹ ਸਵਾਦੀ ਰਸ ਮੇਰੇ ਹਨ, ਇਹ ਕੋਮਲ ਗੱਦੇ ਤਕੀਏ ਮੇਰੇ ਹਨ, ਇਹ ਕਾਮ ਭੋਗਾਂ ਦੇ ਸਮੂਹ ਸਾਧਨ ਮੇਰੇ ਹਨ, ਮੈਂ ਇਨ੍ਹਾਂ ਦੀ ਵਰਤੋਂ ਕਰਦਾ ਹਾਂ।

ਅਜੇਹੇ ਬੁਧੀਮਾਨ ਪੁਰਸ਼ ਪਹਿਲਾਂ ਤੋਂ ਹੀ ਇਹ ਜਾਨ ਕੇ ਸੋਚ ਲੈਂਦਾ ਹੈ ਕਿ "ਇਸ ਸੰਸਾਰ ਵਿਚ ਮੈਨੂੰ ਕੋਈ ਦੁਖ ਜਾਂ ਕਸ਼ਟ ਉਤਪੰਨ ਹੁੰਦਾ ਹੈ ਜੋ ਮੈਨੂੰ ਠੀਕ ਨਹੀਂ ਜਾਪਦਾ, ਮਨ ਭਾਉਂਦਾ ਨਹੀਂ ਹੈ। ਬੁਰਾ ਹੈ, ਅਸ਼ੁੱਭ ਹੈ। ਮਨ ਵਿਚ ਕਪਟ ਪੈਦਾ ਕਰਦਾ ਹੈ, ਦੁੱਖ ਰੂਪ ਹੈ, ਸੁਖ ਰੂਪ ਨਹੀਂ ਹੈ,

"ਹੇ ਡਰ ਤੋਂ ਬਚਾਉਣ ਵਾਲੇ ! ਮੇਰੇ ਧੰਨ, ਅਨਾਜ, ਕਾਮਭੋਗ, ਮੇਰੀ ਇਸ ਬੁਰੇ ਨਾ ਚੰਗੇ ਲਗਣ ਵਾਲੇ, ਭੈੜੇ, ਨਾ ਮਨ ਭਾਉਂਦੇ, ਦੁਖੀ ਕਰਨ ਵਾਲੇ, ਦੁਖ ਦੀ ਤਰ੍ਹਾਂ ਅਤੇ ਅਸੁਖ ਰੂਪੀ, ਭੋਗ, ਆਤੰਕ ਨੂੰ ਤੁਸੀਂ ਆਪਸ ਵਿਚ ਵੰਡ ਲਵੋ। ਕਿਉਂਕਿ ਮੈਂ ਇਸ ਪੀੜ, ਰੋਗ ਜਾਂ ਆਤਕ ਤੋਂ ਦੁੱਖੀ ਹਾਂ. ਮੈਂ ਚਿੰਤਾ ਜਾਂ ਸੋਗ ਤੋਂ ਦੁੱਖੀ ਹਾਂ। ਮੈਂ ਪਛਤਾਵਾ ਕਰ ਰਿਹਾ ਹਾਂ, ਮੈਂ ਕਸ਼ਟ ਪਾ ਰਿਹਾ ਹਾਂ. ਮੈਂ ਪੀੜ ਮਹਿਸੂਸ ਕਰਦਾ ਹਾਂ, ਇਸ ਲਈ ਤੁਸੀਂ ਸਾਰੇ ਮੈਨੂੰ ਇਸ ਅਪ੍ਰਿਆ, ਬੁਰੇ, ਨਾ ਮਨ ਨੂੰ ਚੰਗੇ ਲਗਣ ਵਾਲੇ, ਦੁਖ ਰੂਪੀ ਜਾਂ ਅਸੁਖ ਰੂਪੀ ਰੋਗ, ਦੁੱਖ ਜਾਂ ਪੀੜ ਤੋਂ ਮੁਕਤ ਕਰੋ" ਅਜੇਹੀ ਚੀਖ ਪੁਕਾਰ ਵਿਚ ਇਹ ਕਾਮਭੋਗ ਦੇ ਸਾਧਨ ਪਦਾਰਥ ਜੀਵ ਦੀ ਕਰੁਣਾ ਭਰੀ ਬੇਨਤੀ ਸੁਣਕੇ ਉਸਨੂੰ ਦੁੱਖ ਤੋਂ ਮੁਕਤ ਨਹੀਂ ਕਰਾ ਸਕਦੇ।

ਦਰਅਸਲ ਧੰਨ, ਖੇਤ,, ਅਨਾਜ ਆਦਿ ਕਾਮ ਭੋਗ ਦੇ ਸਾਧਨ ਜਾਂ ਜਾਤ ਵਾਲੇ ਇਹ ਪ੍ਰਾਰਥਨਾ ਸੁਣ ਕੇ ਦੁਖ ਤੋਂ ਛੁਡਾਉਣ, ਰਖਿਆ ਕਰਨ ਤੇ ਆਸਰਾ ਦੇਣ ਵਿਚ ਸਮਰਥ ਨਹੀਂ। ਕਦੇ ਤਾਂ ਇਨ੍ਹਾਂ ਕਾਮ ਭੋਗਾਂ ਦਾ ਸੇਵਨ ਕਰਨ ਵਾਲਾ, ਇਨ੍ਹਾਂ ਦੀ ਵਰਤੋਂ ਵਿਚਕਾਰ ਛੱਡ ਕੇ ਮਰ ਜਾਂਦਾ ਹੈ, ਕਦੇ ਇਹ ਕਾਮ ਭੋਗ ਮਨੁੱਖ ਨੂੰ ਵਿਚਕਾਰ ਹੀ ਛੱਡ ਜਾਂਦੇ ਹਨ।

ਸਮਝਦਾਰ ਸੋਚਦਾ ਹੈ, ਧੰਨ-ਅਨਾਜ ਸੰਪਤੀ ਜਾਂ ਕਾਮ ਭੋਗ ਭਿੰਨ ਹਨ, ਇਨ੍ਹਾਂ ਤੋਂ ਮੈਂ ਭਿੰਨ ਹਾਂ ਫੇਰ ਅਸੀਂ ਕਾਮ ਭੋਗਾਂ ਵਿੱਚ ਕਿਉਂ ਫਸੇ ਹਾਂ ? ਇਸ ਲਈ ਕਾਮ ਭੋਗਾਂ ਦਾ ਸਵਰੂਪ ਜਾਨਕੇ ਬੁਧੀਮਾਨ ਇਨ੍ਹਾਂ ਨੂੰ ਛੱਡ ਦੇਵੇ। ਬੁਧੀਮਾਨ ਪੁਰਸ਼ ਜਾਨ ਲਵੇ ਕਿ ਇਹ ਸੰਸਾਰਿਕ ਕਾਮ ਭੋਗ ਬਾਹਰੀ ਰੂਪ ਹਨ ਮੇਰੀ ਆਤਮਾ ਤੋਂ ਭਿੰਨ ਹੈ।

ਇੰਨਾਂ ਤੋਂ ਨੇੜੇ ਤਾਂ ਮੇਰੇ ਰਿਸ਼ਤੇਦਾਰ ਹਨ। ਮੇਰੀ ਮਾਂ ਹੈ, ਪਿਉ ਹੈ, ਭਾਈ ਹੈ ਭੈਣ ਹੈ ਇਸਤ੍ਰੀ ਹੈ, ਪੁਤਰ ਹੈ, ਪੁਤਰੀ ਹੈ, ਮੇਰਾ ਦਾਸ ਹੈ, ਰਿਸ਼ਤੇਦਾਰ ਹਨ, ਮੇਰੀ ਨੂੰਹ ਹੈ, ਮੇਰਾ ਮਿੱਤਰ ਹੈ, ਮੇਰੇ ਪਹਿਲੇ ਤੇ ਪਿਛਲੇ ਸੰਬੰਧੀ ਹਨ, ਮੇਰੀ ਜਾਤ ਦੇ ਲੋਕ ਹਨ, ਮੈਂ ਵੀ ਇਨ੍ਹਾਂ ਨੂੰ ਚਹੁੰਦਾ ਹਾਂ, ਪਰ ਬੁਧੀਮਾਨ ਪੁਰਸ਼ ਨੂੰ ਖੁਦ ਵਿਚਾਰਨਾ ਚਾਹੀਦਾ ਹੈ" ਜਦ ਕਦੇ ਵੀ ਮੈਨੂੰ ਕੋਈ ਦੁਖ ਜਾਂ ਰੋਗ ਪੈਦਾ ਹੋ ਜਾਵੇ, ਜੋ ਬੁਰਾ ਤੇ ਦੁਖਦਾਈ ਹੋਵੇ, ਉਸ ਸਮੇਂ ਮੈਂ ਅਪਨੀ ਜਾਤ ਵਾਲਿਆਂ ਨੂੰ ਆਖਾਂ "ਹੇ ਭੈ ਤੋਂ ਰਖਿਆ ਕਰਨ ਵਾਲੇ ! ਮਰੇ ਜਾਤ ਦੇ ਲੋਕੋ ! ਮੇਰੇ ਇਸ ਅਨਿਸ਼ਟ ਅਤੇ ਨਾ ਚਾਹੁਣ ਵਾਲੇ ਰੋਗ ਨੂੰ ਵੰਡ ਲਵੋ, ਜਿਸਤੋਂ ਮੈਂ ਪੀੜਤ ਹਾਂ। ਚਿੰਤਾਵਾਨ ਹਾਂ, ਤੜਫ ਰਿਹਾ ਹਾਂ। **ਆਪ ਮੈਨੂੰ ਇਸ ਬੁਰੇ ਦੁੱਖ ਤੇ ਦੁੱਖੀ ਰੋਗ ਨੂੰ ਵੰਡ ਕੇ ਰੋਗ ਮੁਕਤ ਜਾਂ ਦੁਖ ਮੁਕਤ ਕਰ ਦੇਵੋ**। ਪਰ ਅਜੇਹਾ ਕਦੇ ਨਹੀਂ ਹੁੰਦਾ। ਅਤੇ ਨਾ ਹੀ ਮੈਂ ਆਪਣੇ ਜਾਤ ਦੇ ਦੁਖ, ਰੋਗ ਅਨਿਸ਼ਟ, ਅਸੁਖਕਰ, ਦੁਖ ਰੋਗ ਤੋਂ ਉਨ੍ਹਾਂ ਦੀ ਰਖਿਆ ਕਰ ਸਕਦਾ ਹਾਂ। ਭੈ ਤੋਂ ਰਖਿਆ ਕਰਨ ਵਾਲਾ ਇਨ੍ਹਾਂ, ਜਾਤ ਦੇ ਅਨਿਸ਼ਟ ਦੁੱਖ ਜਾਂ ਰੋਗ ਨੂੰ ਵੰਡ ਲਵਾਂ, ਜਿਸ ਕਾਰਣ ਮੇਰੀ ਜਾਤ ਦੇ ਲੋਕ ਦੁੱਖ ਤੇ ਸੰਤਾਪ ਅਨੁਭਵ ਕਰਨ। ਮੈਂ ਇਨ੍ਹਾਂ ਨੂੰ ਦੁੱਖ ਤੇ ਅਨਿਸ਼ਟ ਰੋਗ ਤੋਂ ਮੁਕਤੀ ਕਰਵਾ ਸਕਾਂ, ਇਹ ਮੇਰੀ ਇੱਛਾ ਕਦੇ ਪੂਰੀ ਨਹੀਂ ਹੋ ਸਕਦੀ। ਦੂਸਰੇ ਦੇ ਦੁੱਖ ਨੂੰ ਦੂਸਰਾ ਵੰਡ ਨਹੀਂ ਸਕਦਾ, ਦੂਸਰੇ ਦੇ ਕਰਮ ਨੂੰ ਦੂਸਰਾ ਨਹੀਂ ਭੋਗਦਾ। ਮਨੁੱਖ ਇਕਲਾ ਹੀ ਜਨਮ ਲੈਂਦਾ ਹੈ, ਇਕਲਾ ਹੀ ਮਰਦਾ ਹੈ, ਇਕਲਾ ਹੀ ਅਪਣੀ ਸੰਪਤੀ ਦਾ ਤਿਆਗ ਕਰਦਾ ਹੈ। ਇਕੱਲਾ ਹੀ ਸੰਪਤੀ ਭੋਗਦਾ ਹੈ, ਇਕੱਲਾ ਹੀ ਪਦਾਰਥ ਨੂੰ ਸਮਝਦਾ ਹੈ। ਇਕੱਲਾ ਹੀ ਚਿੰਤਨ ਮਨਨ ਕਰਦਾ ਹੈ ਇਕੱਲਾ ਹੀ ਵਿਦਵਾਨ ਹੁੰਦਾ ਹੈ ਇਕੱਲਾ ਹੀ ਸੁੱਖ ਦੁੱਖ ਭੋਗਦਾ ਹੈ, ਇਸ ਸੰਸਾਰ ਵਿੱਚ ਜਾਤ ਦਾ ਸਹਿਯੋਗ ਦੁੱਖ ਤੋਂ ਰਖਿਆ ਕਰਨ ਅਤੇ ਮਨੁੱਖ ਨੂੰ ਸ਼ਾਂਤੀ ਜਾਂ ਸ਼ਰਨ ਦੇਣ ਵਿੱਚ ਅਸਮਰਥ ਹੈ।

ਕਦੇ ਤਾਂ ਮਨੁੱਖ ਪਹਿਲੇ ਜਾਤ ਦੇ ਸਹਿਯੋਗ ਨੂੰ ਛੱਡ ਕੇ ਮਰ ਜਾਂਦਾ ਹੈ ਅਤੇ ਕਦੇ ਜਾਤ ਦਾ ਸਹਿਯੋਗ ਮਨੁੱਖ ਨੂੰ ਛੱਡ ਦਿੰਦਾ ਹੈ। ਇਸ ਲਈ ਜਾਤ ਸਹਿਯੋਗ ਭਿੰਨ ਹੈ ਤੇ ਮੈਂ ਭਿੰਨ ਹਾਂ। ਤਾਂ ਫੇਰ ਅਸੀਂ ਜਾਤ ਦੇ ਸਹਿਯੋਗ ਦੀ ਮਮਤਾ ਵਿੱਚ ਕਿਉਂ ਫਸੀਏ ?" ਇਹ ਸਮਝ ਕੇ ਜਾਤ ਦੇ ਸਹਿਯੋਗ ਦੀ ਇੱਛਾ ਬੁਧੀਮਾਨ ਛੱਡ ਦੇਵੇ।

ਬੁਧੀਮਾਨ ਜਾਤ ਦੇ ਸਹਿਯੋਗ ਨੂੰ ਬਾਹਰਲੀ ਵਸਤੂ ਜਾਣੇ ਅਤੇ ਜਾਤ ਦੇ ਸਹਿਯੋਗ ਦੀ ਮਮਤਾ ਨੂੰ ਤਿਆਗ ਦੇਵੇ।

ਬੁਧੀਮਾਨ ਪੁਰਸ਼ ਸਮਝੇ ਕਿ ਜਾਤ ਦੇ ਸਹਿਯੋਗ ਤੋਂ ਜਿਆਦਾ ਕਰੀਬ ਤਾਂ ਮੇਰੇ ਇਹ ਸ਼ਰੀਰਕ ਅੰਗ ਜਿਆਦਾ ਕਰੀਬ ਹਨ।

'ਮੇਰਾ ਹੱਥ ਹੈ, ਮੇਰੇ ਪੈਰ ਹਨ, ਮੇਰੀ ਬਾਂਹ ਹੈ, ਮੇਰਾ ਪੇਟ ਹੈ, ਮੇਰਾ ਸਿਰ ਹੈ, ਮੇਰਾ ਚਾਰਿਤਰ ਹੈ, ਮੇਰੀ ਉਮਰ ਹੈ, ਮੇਰਾ ਬਲ ਹੈ, ਮੇਰਾ ਰੰਗ ਹੈ, ਮੇਰੀ ਚਮੜੀ ਹੈ, ਮੇਰੀ ਸ਼ੋਭਾ ਹੈ, ਮੇਰੇ ਕੰਨ ਹਨ, ਅੱਖ ਹੈ, ਨਕ ਹੈ ਜੀਭ ਹੈ, ਮੇਰੀ ਸਪਰਸ਼ਨ ਇੰਦਰੀ (ਛੋਹਣ-ਸ਼ਕਤੀ) ਹੈ" ਇਸ ਤਰ੍ਹਾਂ ਮਨੁੱਖ ਸ਼ਰੀਰ ਪ੍ਰਤਿ ਮਮਤਾ ਰਖਦਾ ਹੈ।

ਪਰ ਉਮਰ ਜਿਆਦਾ ਬੀਤ ਜਾਣ ਵਾਅਦ ਸਭ ਕੁਝ ਖੇਰੂ ਖੇਰੂ ਹੋ ਜਾਂਦਾ ਹੈ। ਉਹ ਮਨੁੱਖ ਉਮਰ,ਬਲ,ਵੀਰਜ,ਰੰਗ,ਚਮੜੀ,ਆਭਾ ਕੰਨ ਤੇ ਸਪਰਸ਼ ਦੀ ਸ਼ਕਤੀ ਤੋਂ ਖੇਰੂ-ਖੇਰੂ ਹੋ ਜਾਂਦਾ ਹੈ। ਉਸ ਦੀਆਂ ਗਠੀਲੀ, ਮਜਬੂਤ, ਹੱਡੀਆਂ ਦਾ ਜੋੜ, ਢਿੱਲਾ ਹੋ ਜਾਂਦਾ ਹੈ। ਉਸ ਦੇ ਸ਼ਰੀਰ ਦੀ ਚਮੜੀ ਸਿਕੁੜ ਕੇ ਪਾਣੀ ਦੀ ਤਰੰਗ ਵਿੱਚ ਬਣੀ ਰੇਖਾ ਦੀ ਤਰ੍ਹਾਂ ਹੋ ਜਾਂਦੀ ਹੈ ਜਾਂ ਲਟਕ ਜਾਂਦੀ ਹੈ। ਉਸਦੇ ਕਾਲੇ ਬਾਲ ਸ਼ਫੇਦ ਹੋ ਜਾਂਦੇ ਹਨ। "ਭੋਜਨ ਤੋਂ ਵਾਧੇ ਦਾ ਕੰਮ ਉਤਮ ਸ਼ਰੀਰ ਸਮਾਂ ਪੈਣ ਤੇ ਛਡਣਾ ਪਵੇਗਾ", ਇਹ ਜਾਨਕੇ ਭਿਖਿਆ ਵਿਰਤੀ ਨੂੰ ਸਵੀਕਾਰ ਕਰਨ ਲਈ ਤਿਆਗ ਸਾਧੂ ਲੋਕ ਨੂੰ ਦੋਵੇਂ ਤਰ੍ਹਾਂ, ਨਾਲ ਜਾਨ ਲਵੇ। ਜਿਵੇਂ ਕਿ ਲੋਕ ਜੀਵ ਰੂਪ ਵੀ ਹੈ ਅਤੇ ਅਜੀਵ ਰੂਪ ਵੀ ਹੈ। ਤਰਸ ਜੀਵ ਵਾਲਾ ਵੀ ਹੈ ਅਤੇ ਸਥਾਵਰ ਜੀਵ ਵਾਲਾ ਵੀ ਹੈ। (13)

ਇਸ ਸੰਸਾਰ ਵਿੱਚ ਗ੍ਰਹਿਸਥ ਆਰੰਭ (ਹਿੰਸਕ ਕੰਮ) ਤੇ ਪਰਿਗ੍ਰਹਿ ਵਾਲੇ ਹੁੰਦੇ ਹਨ। ਕਿਉਂਕਿ ਉਹ ਉਨ੍ਹਾਂ ਕ੍ਰਿਆਵਾਂ ਨੂੰ ਕਰਦੇ ਹਨ ਜਿਨ੍ਹਾਂ ਨਾਲ ਜੀਵਾਂ ਦੀ ਹਿੰਸਾ ਹੁੰਦੀ ਹੈ, ਉਹ ਦਾਸ-ਦਾਸੀ, ਗਾਵਾਂ, ਮੱਝਾਂ, ਧਨ ਅਨਾਜ ਰੂਪੀ ਪਰਿਗ੍ਰਹਿ ਵੀ ਰਖਦੇ ਹਨ।

ਕਈ ਸ਼੍ਰਮਣ ਤੇ ਬ੍ਰਾਹਮਣ (ਹੋਰ ਮੱਤਾਂ ਵਾਲੇ) ਵੀ ਆਰੰਭ ਤੇ ਪਰਿਗ੍ਰਹਿ ਵਾਲੇ ਹੁੰਦੇ ਹਨ, ਉਹ ਵੀ ਗ੍ਰਹਿਸਥੀ ਦੀ ਤਰ੍ਹਾਂ ਪਾਪਕਾਰੀ (ਸਾਵਦਯ) ਕ੍ਰਿਆ ਕਰਦੇ ਹਨ। ਧਨ, ਅਨਾਜ, ਦਾਸ-ਦਾਸੀ, ਪਸ਼ੂ ਆਦਿ ਪਰਿਗ੍ਰਹਿ ਰਖਦੇ ਹਨ। ਉਹ ਗ੍ਰਹਿਸਥ, ਸ਼੍ਰਮਣ ਤੇ ਬ੍ਰਾਹਮਣ, ਤਰੱਸ ਤੇ ਸਥਾਵਰ ਜੀਵਾਂ ਦੀ ਖੁਦ ਹਿੰਸਾ ਕਰਦੇ ਹਨ ਦੂਸਰੇ ਤੋਂ ਕਰਾਉਂਦੇ ਹਨ, ਹਰ ਹਿੰਸਾ ਕਰਦੇ ਪ੍ਰਾਣੀ ਨੂੰ ਚੰਗਾ ਸਮਝਦੇ ਹਨ।

ਇਸ ਸੰਸਾਰ ਵਿੱਚ ਗ੍ਰਹਿਸਥ ਆਰੰਭ ਤੇ ਪਰਿਗ੍ਰਹਿ ਧਾਰੀ ਹੁੰਦੇ ਹਨ ਅਤੇ ਕਈ ਸ਼੍ਰਮਣ ਤੇ ਬ੍ਰਾਹਮਣ ਵੀ ਆਰੰਭ ਪਰਿਗ੍ਰਹਿ ਧਾਰੀ ਹੁੰਦੇ ਹਨ।

ਉਹ ਗ੍ਰਹਿਸਥ, ਸ਼੍ਰਮਣ ਤੇ ਬ੍ਰਾਹਮਣ ਸਚਿੱਤ ਤੇ ਅਚਿਤ ਦੋਵੇਂ ਪ੍ਰਕਾਰ ਦੇ ਕਾਮ ਭੋਗਾਂ ਦਾ ਸੇਵਨ ਕਰਦੇ ਹਨ, ਦੂਸਰੇ ਤੋਂ ਕਰਵਾਉਂਦੇ ਹਨ ਅਤੇ ਕਰਦੇ ਨੂੰ ਚੰਗਾ ਜਾਣਦੇ ਹਨ ਇਸ ਸੰਸਾਰ ਵਿੱਚ ਗ੍ਰਹਿਸਥੀ ਆਰੰਭ ਤੇ ਪਰਿਗ੍ਰਹੀ ਹੁੰਦੇ ਹਨ। ਕਈ ਸ਼੍ਰਮਣ, ਬ੍ਰਾਹਮਣ ਵੀ ਆਰੰਭ ਪਰਿਗ੍ਰਹਿ ਧਾਰੀ ਹੁੰਦੇ ਹਨ। ਅਜੇਹੀ ਸਥਿਤੀ ਵਿਚ ਆਤਮਾ ਦਾ ਭਲਾ ਚਾਹੁਣ

ਵਾਲਾ ਸੰਜਮੀ ਮੁਨੀ ਸੋਚਦਾ ਹੈ।

"ਮੈਂ ਆਰੰਭ ਪਰਿਗ੍ਰਹਿ ਰਹਿਤ ਹਾਂ। ਜੋ ਗ੍ਰਹਿਸ਼ਥ ਹਨ ਉਹ ਆਰੰਭ ਪਰਿਗ੍ਰਹਿ ਵਾਲੇ ਹਨ। ਕੋਈ ਕੋਈ ਸ਼੍ਰਮਣ-ਬ੍ਰਾਹਮਣ ਵੀ ਆਰੰਭ-ਪਰਿਗ੍ਰਹਿ ਵਾਲੇ ਹਨ। ਅਤੇ ਇਸ ਲਈ ਆਰੰਭ-ਪਰਿਗ੍ਰਹਿ ਵਾਲੇ ਇਨ੍ਹਾਂ ਲੋਕਾਂ ਦਾ ਸਹਾਰਾ ਲੈਕੇ ਮੈਂ ਬ੍ਰਹਮਚਰਜ (ਮੁਨੀ ਧਰਮ) ਦਾ ਪਾਲਨ ਕਰਾਂਗਾ। ਆਰੰਭ ਤੇ ਪਰਿਗ੍ਰਹਿ ਵਾਲੇ ਗ੍ਰਹਿਸਥ, ਸ਼੍ਰਮਣ ਤੇ ਬ੍ਰਾਹਮਣ ਬੇਆਸਰੇ ਹਨ, ਉਨ੍ਹਾਂ ਨਾਲ ਸੰਪਰਕ ਕਰਨ ਵਿੱਚ ਕੀ ਹਰਜ ਹੈ ? ਗ੍ਰਹਿਸਥ ਪਹਿਲਾਂ ਵੀ ਆਰੰਭ ਤੇ ਪਰਿਗ੍ਰਹਿ ਵਾਲੇ ਹੁੰਦੇ ਹਨ ਤੇ ਬਾਦ ਵਿੱਚ ਵੀ ਹੁੰਦੇ ਹਨ। ਕਈ ਸ਼੍ਰਮਣ ਬ੍ਰਾਹਮਣ ਦੀਖਿਆ ਧਾਰਨ ਕਰਕੇ ਵੀ ਆਰੰਭ-ਪਰਿਗ੍ਰਹਿ ਵਾਲੇ ਹੁੰਦੇ ਹਨ ਇਹ ਤਾਂ ਸਾਫ ਜਾਹਿਰ ਹੈ ਕਿ ਇਹ ਲੋਕ ਪਾਪਕਾਰੀ ਆਰੰਭ ਤੋਂ ਮੁਕਤ ਨਹੀਂ। ਇਸੇ ਕਾਰਣ ਸ਼ੁਧ ਸੰਜਮ ਦਾ ਪਾਲਨ ਨਹੀਂ ਕਰ ਸਕਦੇ। ਇਸ ਲਈ ਇਹ ਆਰੰਭ ਪਹਿਗ੍ਰਹਿ ਦੇ ਪਾਤਰ ਹਨ।

ਆਰੰਭ ਪਰਿਗ੍ਰਹਿ ਦੇ ਨਾਲ ਰਹਿਣ ਵਾਲੇ, ਜੋ ਗ੍ਰਹਿਸਥ ਸ਼੍ਰਮਣ ਤੇ ਬ੍ਰਾਹਮਣ ਹਨ ਉਹ ਆਰੰਭ ਪਰਿਗ੍ਰਹਿ ਵਸ ਪਾਪ ਕਰਮ ਕਰਦੇ ਹਨ" ਅਜੇਹਾ ਜਾਣਕੇ ਸਾਧੂ ਆਰੰਭ ਪਰਿਗ੍ਰਹਿ ਇਨ੍ਹਾਂ ਦੋਹਾਂ ਤੋਂ ਪਰਾਂ ਹਟ ਕੇ ਸੰਜਮ ਵਿੱਚ ਆਤਮਾ ਨੂੰ ਲਗਾਵੇ।

ਇਸ ਲਈ ਮੈਂ ਆਖਦਾ ਹਾਂ ਕਿ ਪੂਰਵ ਆਦਿ ਦਿਸ਼ਾਵਾਂ ਤੋਂ ਆਇਆ ਜੋ ਭਿਖਸ਼ੂ ਆਰੰਭ ਤੇ ਪ੍ਰਰਿਗ੍ਰਹਿ ਰਹਿਤ ਹੈ ਉਹੀ ਕਰਮ (ਕਰਮ ਬੰਧ) ਨੂੰ ਜਾਣਦਾ ਹੈ ਕਰਮ ਚਕਰ ਦੇ ਰਹਸਯ ਨੂੰ ਜਾਣਦਾ ਹੈ। ਅਜਿਹਾ ਗਿਆਨੀ ਕਰਮਬੰਧਨ ਤੋਂ ਰਹਿਤ ਹੈ। ਉਹ ਹੀ ਕਰਮਾਂ ਦਾ ਅੰਤ ਕਰਦਾ ਹੈ। ਅਜੇਹਾ ਤੀਰਥੰਕਰ ਭਗਵਾਨ ਨੇ ਕਿਹਾ ਹੈ। (14)

**ਭਗਵਾਨ ਸ਼੍ਰੀ ਅਰਿਹੰਤ ਦੇਵ ਨੇ ਛੇ ਜੀਵ ਕਾਇਆ ਨੂੰ ਜੀਵਾਂ ਦੇ ਕਰਮ ਬੰਧ (ਕਰਮ ਪੁਦਗਲਾਂ ਦੇ ਸੰਗ੍ਰਹਿ) ਦਾ ਕਾਰਣ ਆਖਿਆ ਹੈ। ਪ੍ਰਿਥਵੀ ਤੋਂ ਲੈ ਕੇ ਬਨਸਪਤੀ ਤਕ 5 ਪ੍ਰਕਾਰ ਦੇ ਸਥਾਵਰ ਅਤੇ ਤਰੱਸ ਕਾਇਆ ਤੱਕ ਛੇ ਪ੍ਰਕਾਰ ਦੇ ਜੀਵ ਕਰਮ ਬੰਧਨ ਦਾ ਕਾਰਣ ਹਨ।**

ਮਨ ਲਵੋ ਕੋਈ ਆਦਮੀ ਮੈਨੂੰ ਡੰਡੇ, ਹੱਡੀ, ਮੁੱਕੇ, ਢੇਲੇ, ਪੱਥਰ, ਠਿਕਰੀ ਤੇ ਚਾਬੁਕ ਨਾਲ ਮਾਰਦਾ ਹੈ ਤਾੜਦਾ ਹੈ ਧਮਕਾਉਂਦਾ ਹੈ, ਕਲੇਸ਼ ਦਿੰਦਾ ਹੈ, ਭੜਕਾਉਂਦਾ ਹੈ ਸਤਾਉਂਦਾ ਹੈ, ਡਰਾਉਂਦਾ ਹੈ, ਉਪਦਰਵ ਕਰਦਾ ਹੈ, ਮੈਨੂੰ ਦੁੱਖ ਦਿੰਦਾ ਹੈ, ਇਥੋਂ ਤੱਕ ਮੇਰੇ ਰੋਮ ਤੱਕ ਪੁਟ ਸੁਟਦਾ ਹੈ। ਮੈਂਨੂੰ ਮੌਤ ਦੀ ਤਰ੍ਹਾਂ ਦੁੱਖ ਤੇ ਡਰ ਪਹੁੰਚਾਂਦਾ ਹੈ ਇਸ ਤਰ੍ਹਾਂ ਸਾਰੇ ਜੀਵ, ਭੂਤ ਪ੍ਰਾਣੀ, ਸਤਵ ਡੰਡੇ, ਹੱਡੀ, ਚਾਬੁਕ ਠਿਕਰੇ ਨਾਲ ਕੁੱਟੇ ਜਾਣ, ਧਮਕਾਉਣ ਤੇ, ਤਾੜਨ ਕੀਤੇ ਹੋਣ ਤੇ ਸਤਾਏ ਜਾਣ ਤੇ ਕਲੇਸ਼ ਤੇ ਗੁੱਸਾ ਪੈਦਾ ਕਰਦੇ ਹੋਏ ਤੇ ਦੁੱਖ ਤੇ ਭੈਭੀਤ ਹੁੰਦੇ ਹਨ। ਇਥੋਂ ਤਕ ਕਿ ਇਕ ਬਾਦ ਕੁੱਟੇ ਜਾਣ ਤੇ ਕ੍ਰਸ਼ਟ ਤੋਂ ਮੌਤ ਅਤੇ ਕ੍ਰਸ਼ਟ ਤੇ ਦੁੱਖ ਅਨੁਭਵ ਕਰਦੇ ਹਨ।

ਇਹ ਜਾਨ ਕੇ ਕਿਸੇ ਵੀ ਪ੍ਰਾਣੀ ਦੀ ਹਿੰਸਾ ਨਹੀਂ ਕਰਨੀ ਚਾਹੀਦੀ। ਜਬਰਦਸਤੀ ਕਿਸੇ ਕੰਮ ਤੇ ਲਾਉਣਾ ਨਹੀਂ ਚਾਹੁੰਦੀ, ਜਬਰਦਸਤੀ ਦਾਸ-ਦਾਸੀ ਨਹੀਂ ਬਨਾਉਣਾ ਚਾਹੀਦਾ, ਕਿਸੇ ਪ੍ਰਕਾਰ ਨਾਲ ਤੜਫਾਉਨਾ ਨਹੀਂ ਚਾਹੀਦਾ, ਭੜਕਾਉਣਾ ਨਹੀਂ ਚਾਹੀਦਾ, ਇਸ ਲਈ (ਮੈਂ ਸੁਧਰਮਾ ਸੁਵਾਮੀ) ਆਖਦਾ ਹਾਂ, "ਜੋ ਤੀਰਥੰਕਰ ਪਹਿਲਾਂ ਹੋਏ ਹਨ, ਹੁਣ ਵਿਚਰ ਰਹੇ ਹਨ ਅੱਗੇ ਨੂੰ ਹੋਣਗੇ। ਸਾਰੇ ਤੀਰਥੰਕਰ ਇਹੋ ਉਪਦੇਸ਼ ਦਿੰਦੇ ਹਨ, ਭਾਸ਼ਨ ਕਰਦੇ ਹਨ, ਹੁਕਮ ਦਿੰਦੇ ਹਨ, ਸਿਧਾਂਤ ਸ਼ਥਾਪਿਤ ਕਰਦੇ ਹਨ—**ਕਿਸੇ ਵੀ ਪ੍ਰਾਣੀ ਨੂੰ ਨਾ ਮਾਰੋ, ਜ਼ਬਰਦਸਤੀ ਨਾ ਕਰੋ,** ਦਾਸ-ਦਾਸੀ ਨਾ ਬਣਾਉ, ਨਾ ਕਸ਼ਟ ਦੇਵੋ, ਉਨ੍ਹਾਂ ਤੇ ਕੋਈ ਉਪਦਰਵ ਨਾ ਕਰੋ, ਉਨ੍ਹਾਂ ਵਿੱਚ ਭੜਕਾਹਟ ਵੀ ਨਾ ਪੈਦਾ ਕਰੋ, ਇਹੋ ਧਰੁਵ (ਪੱਕਾ) ਧਰਮ ਹੈ। ਨਿੱਤ (ਹਮੇਸ਼ਾ ਰਹਿਣ ਵਾਲਾ) ਹੈ ਸ਼ਾਸਵਤ ਹੈ ਹਮੇਸ਼ਾ ਸਥਿਤ ਰਹਿਣ ਵਾਲਾ ਹੈ। ਸਾਰੇ ਸੰਸਾਰ ਨੂੰ ਕੇਵਲ ਗਿਆਨ ਰਾਹੀਂ ਵੇਖ ਕੇ ਤੀਰਥੰਕਰਾਂ ਨੇ ਇਹੋ ਉਪਦੇਸ਼ ਦਿੱਤਾ ਹੈ।

ਇਸੇ ਪ੍ਰਕਾਰ ਪ੍ਰਾਣਾਤਿਪਾਤ (ਹਿੰਸਾ) ਤੋਂ ਲੈ ਕੇ ਝੂਠ, ਚੋਰੀ, ਵਿਭਚਾਰ ਤੇ ਪਰਿਗ੍ਰਹਿ (ਪੰਜ ਆਸਰਵ) ਤੋਂ ਸਾਧੂ ਸ਼ਿੰਗਾਰ ਲਈ ਦਾਤੁਨ, ਸ਼ੋਭਾ ਲਈ ਸੁਰਮਾਂ ਦਾ ਇਸਤੇਮਾਲ ਨਾ ਕਰੋ। ਉਲਟੀ ਲਈ ਦਵਾਈ ਨਾ ਲਵੇ। ਕਪੜਿਆਂ ਨੂੰ ਸੁਗੰਧਿਤ ਧੂਪ ਨਾ ਦੇਵੇ। ਖੰਗ ਆਦਿ ਰੋਗਾਂ ਨੂੰ ਦੂਰ ਕਰਨ ਲਈ ਧੂਏਂ ਦੀ ਨਾਲੀ ਦਾ ਇਸਤੇਮਾਲ ਨਾ ਕਰੇ। ਸਾਧੂ ਸਾਵਦਯ (ਪਾਪਕਾਰੀ) ਕ੍ਰਿਆਵਾਂ ਤੋਂ ਰਹਿਤ ਹੋਵੇ। ਜੀਵ ਹਿੰਸਾ ਤੋਂ ਰਹਿਤ ਹੋਵੇ। ਕਰੋਧ, ਮਾਨ, ਮਾਇਆ ਤੇ ਲੋਭ ਦਾ ਤਿਆਗ ਕਰੇ। ਉਹ ਸ਼ਾਂਤ ਤੇ ਸਮਾਧੀ ਵਾਲਾ ਹੋਕੇ ਘੁੰਮੇ। ਉਹ ਅਪਣੀ ਧਾਰਮਿਕ ਕ੍ਰਿਆ ਦੇ ਫਲ ਵਜੋਂ ਪਰਲੋਕ (ਦੇਵਗਤਿ) ਵਿਚ ਕਾਮ ਭੋਗਾਂ ਦੀ ਇੱਛਾ ਨਾ ਕਰੇ, ਭਾਵ ਤੱਪ ਧਿਆਨ ਬਿਨਾ ਫੱਲ ਪ੍ਰਾਪਤੀ ਦੀ ਇੱਛਾ ਨਾਲ ਕਰੇ।

ਸਾਧੂ ਇਹ ਵੀ ਇੱਛਾ ਨਾ ਕਰੇ ਕਿ ਮੈਂ ਜੋ ਗਿਆਨ ਜਾਨਿਆ ਹੈ ਸੋਚਿਆ ਹੈ ਅਭਿਆਸ ਕੀਤਾ ਹੈ, ਮੈਂ ਉਤਮ ਚਾਰਿਤਰ, ਤਪ, ਨਿਯਮ, ਬ੍ਰਹਮਚਰਯ ਦਾ ਪਾਲਨ ਕਰਦਾ ਹਾਂ ਸੰਜਮ-ਯਾਤਰਾ ਤੇ ਧਰਮ ਪਾਲਨ ਦਾ ਕਾਰਣ ਸ਼ਰੀਰ ਦੀ ਲੋੜ ਅਨੁਸਾਰ ਸ਼ੁਧ ਭੋਜਨ ਗ੍ਰਹਿਣ ਕਰਦਾ ਹਾਂ ਇਨ੍ਹਾਂ ਸ਼ਭ ਕ੍ਰਿਆਵਾਂ ਦਾ ਫਲ ਮੈਨੂੰ ਪਰਲੋਕ ਵਿੱਚ ਦੇਵ ਗਤਿ ਪ੍ਰਾਪਤ ਹੋਏ। ਮੈਂ ਦੇਵਤਾ ਬਣਾ।"

ਅਜੇਹੀ ਇੱਛਾ ਸਾਧੂ ਨਾ ਕਰੇ ਕਿ "ਸਾਰੇ ਕਾਮ ਭੋਗ ਮੇਰੇ ਅਧੀਨ ਹੋ ਜਾਣ। ਮੈਂ ਅਨੀਮਾ, ਮਹਿਮਾ, ਗਰਿਮਾ ਆਦਿ ਸਿੱਧ ਬਨ ਜਾਵਾਂ। ਮੈਂ ਸਾਰੇ ਦੁੱਖਾਂ ਤੇ ਅਸ਼ੁਭ ਕਰਮਾਂ ਤੋਂ ਰਹਿਤ ਹੋ ਜਾਵਾਂ। "ਕਿਉਂਕਿ ਤਪ ਆਦਿ ਰਾਹੀਂ ਕੀਤੀ ਕਾਮਨਾ ਦੀ ਪ੍ਰਾਪਤੀ ਕਦੇ ਹੋ ਜਾਂਦੀ ਹੈ ਕਦੇ ਨਹੀਂ ਹੁੰਦੀ। ਇਸ ਲਈ ਸਾਧੂਆਂ ਨੂੰ ਅਜਿਹੀ ਇੱਛਾ ਨਹੀਂ ਕਰਣੀ ਚਾਹੀਦੀ।

ਇਸੇ ਤਰ੍ਹਾਂ ਸਾਧੂ ਮਨੋਹਰ ਸ਼ਬਦ ਰੂਪ, ਰਸ, ਗੰਧ, ਸਪਰਸ਼, ਆਦਿ ਪੰਜ ਇੰਦਰੀਆਂ ਦੇ ਕੋਮਲ ਵਿਸ਼ਿਆਂ ਵਲ, ਲਗਾਵ ਭਾਵ ਨਾ ਰਖੇ। ਕਰੋਧ, ਮਾਨ, ਮਾਇਆ, ਲੋਭ, ਰਾਗ, ਦਵੇਸ਼, ਕਲਹ, ਦੋਸ਼ ਮੜਨਾ, ਚੁਗਲੀ, ਪਰ ਨਿੰਦਾ, ਸੰਜਮ ਪ੍ਰਤਿ ਨਫਰਤ, ਅਸੰਜਮ ਪ੍ਰਤਿ ਪਿਆਰ, ਕਪਟ ਨਾਲ ਝੂਠ, ਮਿਥਿਆ ਦਰਸ਼ਨ ਰੂਪੀ ਕੰਡੇ (ਝੂਠੇ ਵਿਸ਼ਵਾਸ) ਤੋਂ ਪਰੇ ਰਹਿੰਦਾ ਹੈ। ਉਸ ਪ੍ਰਕਾਰ ਇਸ ਭਿਖਸ਼ੂ ਦੇ ਮਹਾਨ ਕਰਮ ਦਾ ਆਦਾਨ (ਬੰਧ) ਉਪਸ਼ਾਂਤ (ਮੰਦਾ) ਪੈ ਜਾਂਦਾ ਹੈ।

ਉਹ ਸੰਜਮ ਲਈ ਤਿਆਰ ਹੁੰਦਾ ਹੈ। ਪਾਪ ਤੋਂ ਛੁਟਕਾਰਾ ਪਾਂਦਾ ਹੈ। ਉਹ ਸਾਧੂ ਤਰਸ ਤੇ ਸਥਾਵਰ ਜੀਵਾਂ ਦਾ ਨਾ ਆਪ ਆਰੰਭ (ਹਿੰਸਾ) ਕਰਦਾ ਹੈ ਨਾ ਦੂਸਰੇ ਤੋਂ ਕਰਵਾਉਂਦਾ ਹੈ ਅਤੇ ਨਾ ਕਰਨ ਵਾਲੇ ਨੂੰ ਚੰਗਾ ਸਮਝਦਾ ਹੈ।

ਇਸ ਕਾਰਣ ਉਹ ਸਾਧੂ ਮਹਾਨ ਕਰਮਾਂ ਦੇ ਬੰਧ ਨੂੰ ਸ਼ਾਂਤ ਕਰਦਾ ਹੈ। ਸ਼ੁਭ ਸੰਜਮ ਲਈ ਤਿਆਰ ਹੁੰਦਾ ਹੈ ਅਤੇ ਪਾਪ ਕਰਮਾਂ ਤੋਂ ਛੁਟਕਾਰਾ ਪਾਂਦਾ ਹੈ।

ਜੋ ਇਹ ਸੰਚਿਤ ਤੇ ਅੰਚਿਤ ਕਾਮ ਭੋਗ ਹਨ ਉਨ੍ਹਾਂ ਨੂੰ ਨਾ ਖੁਦ ਗ੍ਰਹਿਣ ਕਰਦਾ ਹੈ ਨਾ ਦੂਸਰੇ ਤੋਂ ਕਰਵਾਉਂਦਾ ਹੈ। ਨਾ ਕਰਨ ਵਾਲੇ ਨੂੰ ਚੰਗਾ ਸਮਝਦਾ ਹੈ।

ਇਸ ਕਾਰਣ ਉਹ ਭਿਖਸ਼ੂ ਮਹਾਨ ਕਰਮਬੰਧ ਤੋਂ ਮੁਕਤ (ਉਪਸ਼ਾਂਤ) ਹੋ ਜਾਂਦਾ ਹੈ। ਸ਼ੁਧ ਸੰਜਮ ਵਿੱਚ ਪਰਾਕਰਮ ਕਰਦਾ ਹੈ ਪਾਪਾਂ ਤੋਂ ਛੁਟਕਾਰਾ ਪਾਂਦਾ ਹੈ। ਉਹ ਸਾਧੂ ਅਖਵਾਉਂਦਾ ਹੈ।

ਇਹ ਜੋ ਸਾਮਪਰਾਇਕ (ਕਸ਼ਾਏ ਯੁਕਤ ਸੰਸਾਰ ਵਿਰਤੀ) ਕਰਮਾਂ ਦਾ ਬੰਧ ਹੁੰਦਾ ਹੈ ਉਸਨੂੰ ਸਾਧੂ ਨਾ ਖੁਦ ਕਰਦਾ ਹੈ ਨਾ ਕਰਵਾਉਂਦਾ ਹੈ ਨਾ ਕਰਦੇ ਨੂੰ ਚੰਗਾ ਜਾਨਦਾ ਹੈ। ਇਸ ਕਾਰਣ ਉਹ ਭਿਖਸ਼ੂ ਮਹਾਨ ਕਰਮ ਬੰਧ ਤੋਂ ਉਪਸ਼ਾਂਤ ਹੋ ਜਾਦਾ ਹੈ ਸ਼ੁੱਧ ਸੰਜਮ ਵਿੱਚ ਲਗ ਜਾਂਦਾ ਹੈ। ਪਾਪਾਂ ਤੋਂ ਕਿਨਾਰਾ ਕਰ ਲੈਂਦਾ ਹੈ।

ਜੋ ਭਿਖਸ਼ੂ ਇਹ ਜਾਣ ਲਵੇ ਕਿ ਕਿਸੇ ਸ਼੍ਰਾਵਕ ਨੇ ਕਿਸੇ ਸਮਾਨ ਧਰਮ ਵਾਲੇ ਸਾਧੂ ਨੂੰ ਦਾਨ ਦੇਣ ਲਈ ਪ੍ਰਾਣੀ, ਭੂਤ, ਜੀਵ ਤੇ ਸਤੱਵ ਦੀ ਆਰੰਭ (ਹਿੰਸਾ) ਕਰਕੇ ਭੋਜਨ ਬਨਾਇਆ ਹੈ ਜਾਂ ਸਾਧੂ ਲਈ ਦਾਨ ਦੇਣ ਲਈ ਖਰੀਦਿਆ ਹੈ ਜਾਂ ਕਿਸੇ ਤੋਂ ਉਧਾਰ ਲਿਆ ਹੈ ਜਾਂ ਖੋਹਿਆ ਹੈ। ਮਾਲਕ ਤੋਂ ਬਿਨਾ ਪੁੱਛੇ ਲਿਆ ਹੈ ਕੋਈ ਪਿੰਡ ਵਿੱਚ ਸਾਧੂ ਕੋਲ ਭੋਜਨ ਲੈਕੇ ਆਇਆ ਹੈ ਸਾਧੂ ਦੇ ਨਮਿਤ ਭੋਜਨ ਬਨਾਇਆ ਹੈ। ਤਾਂ ਅਜੇਹੇ ਦੋਸ਼ ਪੂਰਨ ਭੋਜਨ ਨੂੰ ਸਾਧੂ ਕਦੇ ਵੀ ਗ੍ਰਹਿਣ ਨਾ ਕਰੇ। ਜੇ ਗਲਤੀ ਨਾਲ ਅਜੇਹਾ ਭੋਜਨ ਪ੍ਰਾਪਤ ਹੋ ਜਾਵੇ ਤਾਂ ਉਸਨੂੰ ਨਾ ਆਪ ਖਾਵੇ, ਨਾ ਸਾਥੀ ਸਾਧੂ ਨੂੰ ਦੇਵੇ ਨਾ ਅਜੇਹੇ ਦੋਸ਼ ਪੂਰਨ ਭੋਜਨ ਕਰਨ ਵਾਲੇ ਨੂੰ ਚੰਗਾ ਸਮਝੇ। ਜੋ ਸਾਧੂ ਅਜੇਹੇ ਦੋਸ਼ ਪੂਰਨ ਭੋਜਨ ਦਾ ਤਿਆਗ ਕਰਦਾ ਹੈ, ਉਸਦਾ ਮਹਾਨ ਕਰਮਬੰਧ ਸ਼ਾਂਤ ਹੋ ਜਾਂਦਾ ਹੈ। ਉਹ ਸ਼ੁਧ ਸੰਜਮ ਵਾਲਾ ਤੇ ਪਾਪ ਮੁਕਤ

ਹੋ ਜਾਂਦਾ ਹੈ। ਉਹ ਸਾਧੂ ਅਖਵਾਂਦਾ ਹੈ।

ਜੇ ਸਾਧੂ ਨੂੰ ਪਤਾ ਲਗ ਜਾਵੇ ਕਿ ਗ੍ਰਹਿਸਥ ਰਾਹੀਂ ਬਨਾਇਆ ਭੋਜਨ ਕਿਸੇ ਸਾਧੂ ਲਈ ਨਹੀਂ ਬਨਾਇਆ ਗਿਆ, ਸਗੋਂ ਹੋਰ ਲਈ ਹੈ ਜਿਵੇਂ ਅਪਣੇ ਲਈ ਕਿਸੇ ਪੁਤਰ ਜਾਂ ਮੇਹਮਾਨ ਲਈ ਹੈ, ਕਿਸੇ ਹੋਰ ਜਗ੍ਹਾ ਲਈ ਭੋਜਨ ਹੈ, ਰਾਤ ਨੂੰ ਖਾਨ ਲਈ ਜਾਂ ਸਵੇਰੇ ਨਾਸ਼ਤੇ ਲਈ ਹੈ ਜਾਂ ਹੋਰ ਮਨੁੱਖਾਂ ਲਈ ਭੋਜਨ ਦਾ ਸੰਗ੍ਰਹਿ ਕੀਤਾ ਹੈ। ਅਜੇਹਾ ਭੋਜਨ ਜੋ ਦੂਸਰੇ ਲਈ ਤੇ ਦੂਸਰੇ ਰਾਹੀਂ ਤਿਆਰ ਕੀਤਾ ਗਿਆ ਹੋਵੇ, ਉਤਪਾਦਨ ਤੇ ਏਸ਼ਨਾ ਸਮਿਤੀ ਦੇ ਦੋਸ਼ਾਂ ਤੋਂ ਰਹਿਤ ਹੋਵੇ। ਸ਼ੁਧ ਅੱਗ ਰਾਹੀਂ ਅਚਿੱਤ-ਨਿਰਜੀਵ (ਵਰਤੋਂ ਯੋਗ) ਬਨਾਇਆ ਗਿਆ ਹੈ, ਭਿਖਸ਼ਾ ਵਿਰਤੀ ਰਾਹੀਂ ਹਾਸਲ ਕੀਤਾ ਹੋਵੇ, ਅਹਿੰਸਕ, ਸਾਧੂ ਭੇਖ ਭਿਖਿਆ ਰਾਹੀਂ ਪ੍ਰਾਪਤ, ਗੀਤਾਆਰਥ (ਸ਼ਾਸਤਰ ਦੇ ਜਾਣਕਾਰ) ਮੁਨੀ ਦੀ ਸੇਵਾ ਆਦਿ ਲਿਆ ਹੋਵੇ, ਬਹੁਤ ਸਾਰੇ ਘਰਾਂ ਤੋਂ, ਜਰੂਰਤ ਅਨੁਸਾਰ ਸਾਧੂ ਅਸਨ, ਪਾਣ, ਭੋਜਨ ਕਰੇ ਅਤੇ ਗੱਡੀ ਚਲਾਉਣ ਲਈ (ਸ਼ਰੀਰ) ਉਸਦੀ ਧੁਰੀ ਨੂੰ ਤੇਲ ਅਤੇ ਜਖਮ ਨੂੰ ਮਲ੍ਹਮ ਮਲਨ ਦੇ ਸਮਾਨ ਸਿਰਫ ਸੰਜਮ ਯਾਤਰਾ ਦੇ ਨਿਰਵਾਹ ਲਈ ਹੋਵੇ। ਜਿਵੇਂ ਸੱਪ ਖੁੜ ਵਿੱਚ ਸਿੱਧਾ ਜਾਂਦਾ ਹੈ ਉਸੇ ਤਰ੍ਹਾਂ ਸਾਧੂ ਬਿਨਾ ਸਵਾਦ ਮਹਿਸੂਸ ਕੀਤੇ ਭੋਜਨ ਲਵੇ।

ਇਸ ਪ੍ਰਕਾਰ ਸਾਧੂ ਭੋਜਨ ਸਮੇਂ ਭੋਜਨ, ਪੀਣ ਸਮੇਂ ਪੀਣ ਯੋਗ ਪਦਾਰਥ, ਕਪੜੇ ਸਮੇਂ ਕਪੜੇ, ਮਕਾਨ ਸਮੇਂ ਮਕਾਨ, ਸੋਣ ਸਮੇਂ ਆਸਨ ਨੂੰ ਗ੍ਰਹਿਣ ਕਰੇ।

ਅਜੇਹਾ ਸਾਧੂ ਹਰ ਵਸਤੂ ਦੀ ਮਾਤਰਾ ਤੇ ਧਰਮ ਮ੍ਰਿਆਦਾ ਜਾਨਦਾ ਹੈ। ਉਹ ਕਿਸੇ ਦਿਸ਼ਾ ਜਾਂ ਉਪਦਿਸ਼ਾ ਵਿੱਚ ਜਾਕੇ ਧਰਮ ਉਪਦੇਸ਼ ਸੁਣਾਵੇ।

ਸਾਧੂ ਧਰਮ ਦਾ ਉਪਦੇਸ਼ ਦੇਵੇ ਵਿਆਖਿਆ ਕਰੇ, ਕੀਰਤਨ ਕਰੇ। ਧਰਮ ਸੁਨਣ ਦੀ ਇਛਾ ਨਾਲ ਆਏ ਮਨੁੱਖਾਂ ਨੂੰ ਧਰਮ ਉਪਦੇਸ਼ ਦੇਵੇ।

ਉਹ ਸਾਧੂ ਸ਼ਾਤੀ, ਵਿਰਕੱਤੀ, ਉਪਸ਼ਮ, (ਬੁਰੇ ਵਿਚਾਰਾਂ ਨੂੰ ਦਬਾਉਣਾ) ਇੰਦਰੀਆਂ ਤੇ ਕਾਬੂ, ਨਿਰਵਾਨ, ਪਵਿਤਰਤਾ, ਸਰਲਤਾ ਮਿਠਾਸ, ਲਘੁਤਾ, (ਨਿਮਰਤਾ) ਅਹਿੰਸਾ ਆਦਿ ਧਰਮਾਂ ਦਾ ਉਪਦੇਸ਼ ਕਰਦਾ ਹੋਇਆ ਸਾਰੇ ਭੂਤ, ਜੀਵ ਸਤਵ ਦੇ ਕਲਿਆਨ ਦਾ ਧਿਆਨ ਰਖ ਕੇ ਉਪਦੇਸ਼ ਦੇਵੇ।

ਇਸ ਤਰ੍ਹਾਂ ਧਰਮ ਉਪਦੇਸ਼ ਕਰਦਾ ਸਾਧੂ ਅੰਨ, ਪਾਨ, ਮਕਾਨ, ਆਸਨ ਜਾਂ ਹੋਰ ਕਾਮ ਭੋਗ ਸਾਧਨਾਂ ਦੀ ਪ੍ਰਾਪਤੀ ਲਈ ਧਰਮ ਉਪਦੇਸ਼ ਨਾ ਦੇਵੇ।

ਧਰਮ ਦਾ ਉਪਤੇਸ਼ ਪ੍ਰਸੰਨ ਚਿੱਤ ਹੋਕੇ ਕਰੇ। ਕਰਮ ਨਿਰਜਰਾ (ਕਰਮ ਕਰਨ ਦੀ ਝੜਨ ਕ੍ਰਿਆ) ਤੋਂ ਛੁੱਟ ਹੋਰ ਕਿਸੇ ਫਲ ਦੀ ਇੱਛਾ ਨਾਲ ਧਰਮ ਉਪਦੇਸ਼ ਨਾ ਕਰੇ।

ਇਸ ਜਗਤ ਵਿੱਚ ਅਜੇਹੇ ਗੁਣਾਂ ਵਾਲੇ ਭਿਖਸ਼ੂ ਤੋਂ ਧਰਮ ਦਾ ਉਪਦੇਸ਼ ਸੁਣਕੇ ਤੇ

ਵਿਚਾਰਕੇ ਬਹੁਤ ਸਾਰੇ ਬਹਾਦਰ ਲੋਕ ਧਰਮ ਆਚਰਨ ਕਰਕੇ ਆਰਹਤ ਧਰਮ ਵਿੱਚ ਦੀਖਿਅਤ ਹੁੰਦੇ ਹਨ ।

ਜੋ ਵੀਰ ਪੁਰਸ਼ ਉਸ ਸਾਧੂ ਤੋਂ ਧਰਮ ਨੂੰ ਸੁਣਕੇ ਤੇ ਸਮਝ ਕੇ, ਧਰਮ ਆਚਰਨ ਕਰਨ ਲਈ ਤਿਆਰ ਹੋਕੇ ਦੀਖਿਅਤ ਹੁੰਦੇ ਹਨ ਉਹ ਸਭ ਪਾਪਾਂ ਤੋਂ ਛੁੱਟ ਜਾਂਦੇ ਹਨ । ਉਨ੍ਹਾਂ ਦੇ ਸਾਰੇ ਕਸ਼ਾਏ ਸ਼ਾਂਤ ਹੋ ਜਾਂਦੇ ਹਨ । ਸਾਰੇ ਕਰਮਾਂ (ਅੱਠ ਪ੍ਰਕਾਰ) ਦਾ ਖਾਤਮਾ ਕਰਦੇ ਹਨ । ਅਜੇਹਾ ਮੈਂ (ਮਹਾਵੀਰ) ਆਖਦਾ ਹਾਂ ।

ਇਸ ਪ੍ਰਕਾਰ ਜੋ ਭਿਖਸ਼ੂ ਧਰਮ ਨੂੰ ਪ੍ਰਮੁੱਖ ਮਨਦਾ ਹੈ ਧਰਮ ਵਿਆਖਿਆਕਾਰ ਹੈ। ਸ਼ੁਧ ਸੰਜਮ ਨੂੰ ਪ੍ਰਾਪਤ ਕਰ ਲਿਆ ਹੈ ਉਹ ਸਾਧੂ ਪਹਿਲਾਂ ਆਖੇ ਪੰਜਵੇਂ ਪੁਰਸ਼ ਦੀ ਤਰ੍ਹਾਂ ਹੈ, ਉਹ ਜਦ ਚਾਹੇ ਉਤਮ ਕਮਲ ਨੂੰ ਪ੍ਰਾਪਤ ਕਰੇ ਜਾ ਨਾ ਕਰੇ, ਉਹ ਭਿਖਸ਼ੂ ਹੀ ਉਤੱਮ ਹੈ ।

ਇਸ ਪ੍ਰਕਾਰ ਭਿਖਸ਼ੂ ਕਰਮ ਦੇ ਸਵਰੂਪ ਨੂੰ ਬਾਹਰਲੇ ਅੰਦਰਲੇ ਸੰਬੰਧਾਂ ਪਰਿਗ੍ਰਹਿ ਅਤੇ ਗ੍ਰਹਿਸਥ ਧਰਮ ਨੂੰ ਜਾਣ ਲੈਂਦਾ ਹੈ ।

ਉਹ ਇੰਦਰੀਆਂ ਦਾ ਜੇਤੂ, ਉਪਸ਼ਾਂਤ, ਪੰਜ ਸਮਿਤਿ ਤੋਂ ਸੰਪਨ, ਸਮਿਅਕ ਗਿਆਨ ਆਦਿ ਗੁਣਾਂ ਤੋਂ ਭਰਪੂਰ, ਸੰਜਮ ਵਿੱਚ ਲੱਗਾ ਰਹਿੰਦਾ ਹੈ । ਅਜੇਹੇ ਸਾਧੂ ਦੇ ਸੰਬੰਧ ਵਿੱਚ ਇਸੇ ਪ੍ਰਕਾਰ ਆਖਨਾ ਚਾਹੀਦਾ ਹੈ ।

"ਜਿਵੇਂ ਇਹ ਸ਼੍ਰਮਣ ਹੈ, ਬ੍ਰਾਹਮਣ ਹੈ, ਖਿਮਾ ਸ਼੍ਰਮਣ ਹੈ, ਇੰਦਰੀਆਂ ਜੇਤੂ ਹੈ ਤਿੰਨ ਗੁਪਤੀ ਧਾਰਕ ਹੈ, ਮੁਕਤ ਹੈ, ਰਿਸ਼ੀ ਹੈ ਮੁਨੀ ਹੈ ਕਰਨੀ ਵਾਲਾ ਹੈ, ਵਿਦਵਾਨ ਹੈ ਭਿਖਸ਼ੂ ਹੇ ਰੂਖਸ਼ (ਸਵਾਦ ਜੇਤੂ) ਹੇ ਸੰਸਾਰ ਸਮੁੰਦਰ ਪਾਰ ਹੋਣ ਦਾ ਇਛੁਕ ਹੈ । ਮੂਲ ਤੇ ਉਤਰ ਗੁਣ ਦਾ ਜਾਨਕਾਰ ਹੈ । ਇਸ ਪ੍ਰਕਾਰ ਅਜੇਹੇ ਮੁਨੀ ਨੂੰ ਕਿਸੇ ਵਿਸ਼ੇਸ਼ ਨਾਂ ਨਾਲ ਪੁਕਾਰਿਆ ਜਾ ਸਕਦਾ ਹੈ । ਅਜੇਹਾ ਮੈਂ ਆਖਦਾ ਹਾਂ । (15)

---

ਟਿੱਪਣੀ 15 —ਕਰਮ ਅੱਠ ਹਨ, 4 ਘਾਤੀ ਕਰਮ ਹਨ, 4 ਅਘਾਤੀ ਕਰਮ ਹਨ ।

(1) ਗਿਆਨਾਵਰਨੀਆ (ਅਗਿਆਨ ਦਾ ਕਾਰਣ) (2) ਦਰਸ਼ਨਾਵਰਨੀਆ (ਵੇਖਣ ਵਿਚ ਰੁਕਾਵਟ ਕਰਨਾ) (3) ਮੋਹਨੀਆ (ਆਤਮਾ ਤੇ ਉਲਟੇ ਪ੍ਰਭਾਵ ਦਾ ਕਾਰਣ) (4) ਅੰਤਰਾਏ (ਸ਼ੁਭ ਕੰਮ ਵਿਚ ਰੁਕਾਵਟ ਦਾ ਕਾਰਣ) (5) ਵੇਦਨੀਆ (ਸ਼ੁਭ ਜਾਂ ਅਸ਼ੁਭ ਕਰਮ ਭੋਗਣ ਦਾ ਕਾਰਣ) (6) ਨਾਮ (ਇਸ ਦੇ ਸ਼ੁਭ ਜਾਂ ਅਸ਼ੁਭ ਸਖ਼ੀਅਤ ਪ੍ਰਾਪਤ ਹੁੰਦੀ ਹੈ) (7) ਗੋਤਰ (ਉੱਚ ਜਾਂ ਨੀਚ ਕੁਲ ਦੇ ਜਨਮ ਦਾ ਕਾਰਣ) (8) ਆਯੁਸ਼ (ਘਟ ਜਾਂ ਵਧ ਉਮਰ ਦਾ ਕਾਰਣ । ਤੀਰਥੰਕਰ, ਅਰਿਹੰਤ ਕੇਵਲ ਗਿਆਨ ਰਾਹੀਂ ਪਹਿਲੇ 4 ਘਾਤੀ ਕਰਮਾਂ

ਦਾ ਖਾਤਮਾ ਕਰ ਦਿੰਦੇ ਹਨ ।

ਪੰਜ ਸਮਿਤੀ ਦੇ ਨਾਂ ਇਸ ਪ੍ਰਕਾਰ ਹਨ :—

(1) ਈਰਿਆ ਸਮਿਤੀ (ईर्या समिति) ਸ਼ਰੀਰ ਪ੍ਰਤਿ ਸੰਜਮ ਪ੍ਰਤਿ ਠੀਕ ਚਲਨ, ਭੇਛਣਾ, ਸੌਣਾ, ਦੇਖ ਕੇ ਚਲਣਾ, ਕਪੜੇ ਪਹਿਨਣਾ ।

(2) ਭਾਸ਼ਾ ਸਮਿਤੀ (भाषा समिति) ਕਰੋਧ, ਮਾਨ, ਮਾਇਆ, ਲੋਭ, ਨੂੰ ਵਸ ਵਿਚ ਕਰਕੇ ਬੁਰੇ ਬਚਨਾਂ ਵਾਲੀ ਭਾਸ਼ਾ ਨਾ ਬੋਲਨਾ ।

(3) ਏਸ਼ਨਾ ਸਮਿਤੀ (एषना समिति) ਸ਼ੁਧ ਅਤੇ ਸਾਸਤਰ ਅਨੁਸਾਰ ਭੋਜਨ. ਪਾਣੀ ਦੇਖ ਭਾਲ ਕੇ ਗ੍ਰਹਿਣ ਕਰਨਾ । ਭਿਖਿਆ ਦੇ 42 ਦੋਸ਼ਾਂ ਨੂੰ ਟਾਲ ਕੇ ਸ਼ੁਧ ਭੋਜਣ ਗ੍ਰਹਿਣ ਕਰਨਾ ਏਸ਼ਨਾ ਸਮਿਤੀ ਹੈ ।

(4) ਆਦਾਨ ਭਾਂਡ ਮਾਤਰ ਨਿਕਸ਼ੇਪਨਾ ਸਮਿਤੀ— ਸੰਜਮ ਪੂਰਵ ਪ੍ਰਾਪਤ ਧਰਮ ਸਾਧਨ ਨੂੰ ਸਾਵਧਾਨੀ ਨਾਲ ਰਖਨਾ ਆਦਾਨ ਨਿਕਸ਼ੇਪਣ ਸਮਿਤੀ। ਅਸਾਵਧਾਨੀ ਜਾਂ ਪ੍ਰਮਾਦ ਪਾਪ ਦਾ ਪ੍ਰਮੁਖ ਕਾਰਣ ਹੈ ।

(5) ਉੱਚਾਰ ਪ੍ਰਸਤਰਵਨ ਖੇਲ, ਜਲੇ, ਸਿਆਣ, ਪਰਿਸ਼ਠਾਪਨਿਕਾ ਸਮਿਤੀ— ਮੱਲ, ਮੂਤਰ ਅਤੇ ਹੋਰ ਗੰਦੇ ਪਦਾਰਥਾਂ ਨੂੰ ਸਾਵਧਾਨੀ ਅਤੇ ਦੇਖ ਭਾਲ ਕੇ ਤਿਆਗਨਾ ।

**ਤਿੰਨ ਗੁਪਤੀ ।—**

ਮਨ ਗੁਪਤੀ, ਬਚਨ ਗੁਪਤੀ ਅਤੇ ਕਾਇਆ ਗੁਪਤੀ । ਗੁਪਤੀ ਤੋਂ ਭਾਵ ਸੰਜਮ ਹੈ ਮਨ, ਬਚਨ ਤੇ ਕਾਇਆ ਦਾ ਸੰਜਮ ਹੈ ।

ਮੁਨੀ ਨੂੰ ਦਸ ਪ੍ਰਕਾਰ ਦਾ ਧਰਮ ਪਾਲਨ ਕਰਨਾ ਜਰੂਰੀ ਹੈ :—

1) ਖਿਮਾ, 2) ਮੁਕਤੀ. 3) ਆਰਜਵ (ਸਰਲਤਾ) (4) ਮਾਰਦਵ (ਮਿਠਾਸ) (5) ਲਾਘਵ (ਯਸ਼ ਕੀਰਤੀ ਦਾ ਤਿਆਗ) (6) ਸੱਤ (ਸੱਚਾਈ) (7) ਸੰਜਮ (8) ਤੱਪ (9) ਤਿਆਗ (10) ਬ੍ਰਹਮਜਰਜ ।

# ਦੂਸਰਾ ਅਧਿਐਨ ਕ੍ਰਿਆ ਸਥਾਨ

ਪਹਿਲੇ ਅਧਿਐਨ ਵਿਚ ਦਸਿਆ ਗਿਆ ਹੈ ਕਿ ਕਿਸ ਪ੍ਰਕਾਰ ਦੂਸਰੇ ਗਲਤ ਵਿਚਾਰਾਂ ਦੇ ਧਾਰਕ ਜੀਵ ਕਰਮ ਬੰਧ ਰੂਪੀ ਚਿਕੜ ਵਿਚ ਫਸਕੇ ਜਨਮ ਮਰਨ ਕਰਦੇ ਹਨ। ਸਮਿਅਕ ਸ਼ਰਧਾ ਵਾਲੇ, ਪਵਿੱਤਰ ਹਿਰਦੇ ਵਾਲੇ, ਰਾਗ ਦਵੇਸ਼ ਰਹਿਤ, ਵਿਸ਼ੇ ਕਸ਼ਾਏ (ਕਰੋਧ, ਮੋਹ, ਲੋਭ. ਹੰਕਾਰ) ਨੂੰ ਉਪਸ਼ਾਤ ਸ਼ਾਂਤ ਹੋ ਜਾਨ ਦੀ ਕ੍ਰਿਆ ਕਰਕੇ ਉੱਤਮ ਸਾਧੂ ਹੀ, ਕਰਮ ਬੰਧ ਖਤਮ ਹੋਣ ਤੇ ਮੋਕਸ਼ ਪ੍ਰਾਪਤ ਕਰਦੇ ਹਨ। ਸਵਾਲ ਪੈਦਾ ਹੁੰਦਾ ਹੈ ਕਿ ਜੀਵ ਕਿਨ੍ਹਾਂ ਕਾਰਣਾਂ ਤੋਂ ਕਰਮਬੰਧਨ ਵਿਚ ਫਸਦਾ ਹੈ ? ਅਤੇ ਕਿਸ ਤਰ੍ਹਾਂ ਕਰਮ ਬੰਧਨ ਤੋਂ ਮੁਕਤ ਹੁੰਦਾ ਹੈ। ਇਸ ਪ੍ਰਸ਼ਨ ਦਾ ਉੱਤਰ ਦੂਸਰੇ ਕ੍ਰਿਆ ਸਥਾਨ ਅਧਿਐਨ ਵਿਚ ਹੈ।

ਕਰਮ (ਕ੍ਰਿਆ) ਨਾਲ ਬੰਧ ਹੁੰਦਾ ਹੈ। ਆਮ ਤੌਰ ਤੇ ਕ੍ਰਿਆ ਨੂੰ ਕਰਮਬੰਧ ਦਾ ਕਾਰਣ ਮੰਨਿਆ ਜਾਂਦਾ ਹੈ। ਪਰ ਅਜੇਹੀ ਕ੍ਰਿਆ ਵੀ ਹੈ ਜੋ ਕਰਮਬੰਧ ਤੋਂ ਮੁਕਤ ਕਰਾਉਂਦੀ ਹੈ। 12 ਪ੍ਰਕਾਰ ਦੀ ਕ੍ਰਿਆ ਕਰਮਬੰਧ ਦਾ ਕਾਰਣ ਅਤੇ ਇਕ ਪ੍ਰਕਾਰ ਦੀ ਕ੍ਰਿਆ ਮੋਕਸ਼ ਦਾ ਕਾਰਣ ਹੈ। ਕ੍ਰਿਆ ਸਥਾਨ ਤੋਂ ਭਾਵ ਹੈ ਕਿਸੇ ਕੰਮ ਵਿਚ ਲਗਨ ਦਾ ਕਾਰਣ। ਭਿੰਨ ਭਿੰਨ ਕੰਮਾਂ ਦੇ ਭਿੰਨ ਕਾਰਣ ਹਨ। ਇਨ੍ਹਾਂ ਕੰਮਾਂ ਵਿਚ ਲਗਨ ਦੇ ਕਾਰਣ (ਨਮਿਤਾਂ) ਨੂੰ ਹੀ ਕ੍ਰਿਆ ਸਥਾਨ ਆਖਦੇ ਹਨ।

ਕ੍ਰਿਆ ਸਥਾਨ ਦੋ ਪ੍ਰਕਾਰ ਦਾ ਹੈ—1) ਅਧਰਮ ਕ੍ਰਿਆ ਸਥਾਨ, 2) ਧਰਮ ਕ੍ਰਿਆ ਸਥਾਨ।

ਅਧਰਮ ਕ੍ਰਿਆ ਸਥਾਨ ਦੇ ਭੇਦ ਹਨ—1) ਅਰਥਦੰਡ, 2) ਅਨੱਰਥ ਦੰਡ, 3) ਹਿੰਸਾ ਦੰਡ 4) ਅਕਸਮਾਤ ਦੰਡ (5) ਦਰਿਸ਼ਟੀ ਵਿਪਰਿਆਸ ਦੰਡ (6) ਮਿਰਸ਼ਪ੍ਰਤੱਯ ਦੰਡ (7) ਅਦੱਤਾਦਾਨ ਪ੍ਰਤੱਯ ਦੰਡ 8) ਅਧਿਆਤਮ ਪ੍ਰਤੱਯ ਦੰਡ। (੯) ਮਾਨ ਪ੍ਰਤੱਯ ਦੰਡ (10) ਮਿਤੱਰ ਦੋਸ਼ ਪ੍ਰਤੱਯ ਦੰਡ (11) ਮਾਇਆ ਪ੍ਰਤੱਯ ਦੰਡ (12) ਲੋਭ ਪ੍ਰਤੱਯ ਦੰਡ।

ਧਰਮ ਕ੍ਰਿਆ ਇਨ੍ਹਾਂ ਕ੍ਰਿਆ ਸਥਾਨਾਂ ਦੀ ਗਿਣਤੀ 13 ਹੋ ਜਾਂਦੀ ਹੈ। ਆਮ ਤੌਰ ਤੇ ਕ੍ਰਿਆ ਦਾ ਅਰਥ ਹੁੰਦਾ ਹੈ ਹਿਲਨਾ, ਜੁਲਨਾ, ਹਰਕਤ, ਕੰਬਨ ਆਦਿ ਸ਼ਰੀਰ ਦੇ ਵਿਉਪਾਰ। ਜੈਨ ਤਰਕ ਸ਼ਾਸਤਰੀਆਂ ਨੇ ਇਸ ਦੇ ਦੋ ਭੇਦ ਕੀਤੇ ਹਨ।

1) ਦਰੱਵ ਕ੍ਰਿਆ 2) ਭਾਵ ਕ੍ਰਿਆ। ਘੜੇ ਆਦਿ ਜੜ ਪਦਾਰਥਾਂ ਤੇ ਚੇਤਨ ਦਰੱਬਾਂ ਦੀ ਹਰਕਤ ਦਰੱਵ ਕ੍ਰਿਆ ਹੈ ਅਤੇ ਭਾਵ ਕ੍ਰਿਆ 8 ਪ੍ਰਕਾਰ ਦੀ ਹੈ।

1) ਪ੍ਰਯੋਗ ਕ੍ਰਿਆ ਦੇ ਮਨ, ਬਚਨ ਤੇ ਕਾਇਆ ਪ੍ਰਯੋਗ ਆਦਿ ਭਿੰਨ ਭੇਦ ਹਨ। ਜਿਸ ਕ੍ਰਿਆ ਰਾਹੀਂ ਆਤਮਾ ਉਪਯੋਗ ਦਾ ਸਾਧਨ ਬਨਦੀ ਹੈ ਉਹ ਮਨ ਦਰਵ ਹੈ। ਉਸੇ ਤਰ੍ਹਾਂ ਬਚਨ ਤੇ ਕਾਇਆ ਪ੍ਰਯੋਗ ਸੰਬੰਧੀ ਸਮਝਣਾ ਚਾਹੀਦਾ ਹੈ। (2) ਜੇਹੜੇ ਉਪਾਅ

ਨਾਲ ਘੜੇ ਆਦਿ ਪਦਾਰਥ ਦਾ ਨਿਰਮਾਨ ਹੁੰਦਾ ਹੈ ਉਸੇ ਪ੍ਰਯੋਗ ਨੂੰ ਉਪਾਏ ਕ੍ਰਿਆ ਆਖਦੇ ਹਨ।

3. ਜੋ ਵਸਤੂ ਜਿਸ ਤਰ੍ਹਾਂ ਕੀਤੀ ਜਾਂਦੀ ਹੈ ਉਸ ਨੂੰ ਉਸੇ ਤਰ੍ਹਾਂ ਕਰਨਾ ਹੀ ਕਰਨੀਆਂ ਕ੍ਰਿਆ ਹੈ।

4. ਇਕੱਠ ਦੇ ਰੂਪ ਵਿਚ ਜਿਸ ਕ੍ਰਿਆ ਨੂੰ ਕਰਕੇ ਜੀਵ ਪ੍ਰਾਕ੍ਰਿਤੀ, ਸਥਿਤੀ, ਅਨੁਭਾਵ ਤੇ ਪ੍ਰਦੇਸ਼, ਰੂਪ ਨਾਲ ਅਪਣੇ ਅੰਦਰ ਸਥਾਪਿਤ ਕਰਦਾ ਹੈ ਉਸਨੂੰ ਸਮੁਦਾਨ ਕ੍ਰਿਆ ਆਖਦੇ ਹਨ।

5. ਜੋ ਕ੍ਰਿਆ ਉਪਸ਼ਾਤ ਮੋਹ ਤੋਂ ਲੈਕੇ ਸੂਖਮ ਸੰਪਰਾਏ ਤੱਕ ਰਹਿੰਦੀ ਹੈ ਉਸਨੂੰ ਈਰੀਆ ਪੱਥ ਕ੍ਰਿਆ ਆਖਦੇ ਹਨ। (ਵੇਖੋਂ ਗੁਣ ਸਥਾਨ)

6. ਜਿਸ ਕ੍ਰਿਆ ਨਾਲ ਜੀਵ ਸਮਿਅਕ ਦਰਸ਼ਨ ਦੇ ਯੋਗ 77 ਕਰਮ ਪ੍ਰਾਕ੍ਰਿਤੀਆਂ ਦਾ ਬੰਧ (ਸੰਗ੍ਰਹਿ) ਕਰਦਾ ਹੈ ਉਸ ਨੂੰ ਸਮਿਅਕੱਤਵ ਕ੍ਰਿਆ ਆਖਦੇ ਹਨ।

7 ਸਮਿਅਕੱਤਵ ਤੇ ਮਿਥਿਆਤਵ ਦੋਹਾਂ ਦਾ ਯੋਗ ਕਰਮਪ੍ਰਾਕ੍ਰਿਤੀਆਂ ਸਮਿਅਕੱਤਵ ਮਿਥਿਆਤਵ ਕ੍ਰਿਆ ਹੈ।

8. ਤੀਰਥੰਕਰ ਨਾਮ, ਅਹਾਰਕ ਤੇ ਅਹਾਰਕ ਅੰਗ ਉਪਾਂਗ ਇਨ੍ਹਾਂ ਤਿੰਨਾਂ ਪਾਕ੍ਰਿਤੀਆਂ ਨੂੰ ਛੱਡ ਕੇ 117 ਪ੍ਰਾਕ੍ਰਿਤੀਆਂ ਨੂੰ ਜੀਵ ਜਿਸ ਕ੍ਰਿਆ ਰਾਹੀਂ ਪ੍ਰਾਪਤ ਹੁੰਦਾ ਹੈ। ਉਹ ਸਮਿਅੱਕ ਵਿਰਤੀ (ਭਾਵਨਾ) ਦੇ ਹਲਕੇ ਜਾਂ ਤੇਜ ਸਵਰੂਪ ਨਾਲ ਹੀ ਕਰਮ ਬੰਧ ਹੁੰਦਾ ਹੈ। ਉਸਨੂੰ ਮਿਥਿਆਤਵ ਕ੍ਰਿਆ ਆਖਦੇ ਹਨ।

ਇਨ੍ਹਾਂ ਦਰੱਵ ਭਾਵ ਰੂਪ ਕ੍ਰਿਆਵਾਂ ਦੀ ਜੋ ਪ੍ਰਾਰਵਿਰਤੀ (ਨਮਿਤ ਕਾਰਣ) ਜਾਂ ਸਥਾਨ ਹਨ। ਉਸ ਨੂੰ ਕ੍ਰਿਆ ਸਥਾਨ ਆਖਦੇ ਹਨ।

ਬੁੱਧ ਪ੍ਰੰਪਰਾ ਵਿਚ ਹਿੰਸਾਕਾਰੀ ਵਿਰਤੀ ਦੀ ਪਰਿਭਾਸ਼ਾ ਭਿੰਨ ਪ੍ਰਕਾਰ ਦੀ ਹੈ ਉਥੇ 5 ਅਵਸਥਾਵਾਂ ਦੀ ਹਿੰਸਾ ਨੂੰ ਹਿੰਸਾ ਮਨਿਆ ਜਾਂਦਾ ਹੈ।

1) ਮਾਰਿਆ ਜਾਨ ਵਾਲਾ ਪ੍ਰਾਣੀ ਹੋਣਾ ਚਾਹੀਦਾ ਹੈ। (2) ਮਰਨ ਵਾਲੇ ਨੂੰ ਅਪਣੇ ਪ੍ਰਾਣੀ ਹੋਣ ਦਾ ਗਿਆਨ ਹੋਣਾ ਜਰੂਰੀ ਹੈ। (3) ਮਾਰਨ ਵਾਲਾ ਇਹ ਮੰਨੇ ਕਿ ਮੈਂ ਇਹ (ਪ੍ਰਾਣੀ) ਨੂੰ ਮਾਰ ਰਿਹਾ ਹਾਂ। (4) ਨਾਲ ਹੀ ਸ਼ਰੀਰਕ ਕ੍ਰਿਆ ਹੋਣੀ ਚਾਹੀਦੀ ਹੈ। (5) ਸ਼ਰੀਰਕ ਕ੍ਰਿਆ ਨਾਲ ਹੀ ਪ੍ਰਾਣੀ ਦਾ ਬੱਧ ਹੋਣਾ ਚਾਹੀਦਾ ਹੈ। ਇਨ੍ਹਾਂ ਗਲਾਂ ਨੂੰ ਵੇਖਦੇ ਹੋਏ ਬੁੱਧ ਪ੍ਰੰਪਰਾ ਵਿਚ ਅਕਸਮਾਤ ਦੰਡ, ਅਨਰਥ ਦੰਡ ਆਦਿ ਹਿੰਸਾ ਰੂਪ ਨਹੀਂ ਮੰਨੇ ਜਾ ਸਕਦੇ।

# ਦੂਸਰਾ ਕ੍ਰਿਆ ਸਥਾਨ ਅਧਿਐਨ

(ਗਨਧਰ ਸ੍ਰੀ ਸੁਧਰਮਾ ਸਵਾਮੀ, ਸ੍ਰੀ ਜੰਬੂ ਸਵਾਮੀ, ਨੂੰ ਆਖਦੇ ਹਨ) ਹੇ ਆਯੁਸ਼-ਮਾਨ ! ਮੈਂ ਉਸ ਭਗਵਾਨ ਮਹਾਵੀਰ ਤੋਂ ਇਸ ਪ੍ਰਕਾਰ ਸੁਣਿਆ ਹੈ ਕਿ ਇਸ ਜੈਨ ਧਰਮ ਵਿੱਚ ਕਿਰਿਆ ਸਥਾਨ ਨਾਂ ਦਾ ਅਧਿਐਨ ਹੈ ਉਸਦਾ ਅਰਥ ਇਸ ਪ੍ਰਕਾਰ ਹੈ "ਇਸ ਲੋਕ ਵਿੱਚ ਦੋ ਸਥਾਨ ਹੀ ਆਮ ਤੌਰ ਤੇ ਆਖੇ ਜਾਂਦੇ ਹਨ, ਇਕ ਧਰਮ ਸਥਾਨ ਤੇ ਦੂਸਰਾ ਅਧਰਮ ਸਥਾਨ ਜਾਂ ਇਕ ਉਪਸ਼ਾਂਤ ਸਥਾਨ ਅਤੇ ਦੂਸਰਾ ਅਨਉਪਸ਼ਾਂਤ ਸਥਾਨ।

ਇਨ੍ਹਾਂ ਦੋਹਾਂ ਵਿਚੋਂ ਪਹਿਲਾਂ ਅਧਰਮ ਸਥਾਨ ਦਾ ਅਰਥ ਇਸ ਪ੍ਰਕਾਰ ਹੈ 'ਇਸ ਲੋਕ ਵਿਚ ਪੂਰਵ ਆਦਿ ਦਿਸ਼ਾਵਾਂ ਤੇ ਉਪ ਦਿਸ਼ਾਵਾਂ ਵਿੱਚ ਅਨੇਕਾਂ ਪ੍ਰਕਾਰ ਦੇ ਮਨੁੱਖ ਰਹਿੰਦੇ ਹਨ। ਕੋਈ ਆਰਿਆ ਹੈ ਕੋਈ ਅਨਾਰਿਆ ਹੈ, ਕਈ ਉਚੇ ਗੋਤ ਵਾਲਾ ਹੈ, ਕੋਈ ਨੀਵੇਂ ਗੋਤ ਵਾਲਾ ਹੈ, ਕੋਈ ਲੰਬਾ ਹੈ, ਕੋਈ ਛੋਟਾ ਹੈ, ਕੋਈ ਸੁੰਦਰ ਹੈ, ਕੋਈ (ਅਸੁੰਦਰ) ਵਾਲਾ ਹੈ, ਕੋਈ ਸਰੂਪ ਹੈ, ਕੋਈ ਕਰੂਪ ਹੈ।

ਉਨ੍ਹਾਂ ਮਨੁੱਖਾਂ ਵਿੱਚ ਅੱਗੇ ਆਖੇ ਗਏ, ਅਨੁਸਾਰ, ਪਾਪ ਕਰਮ ਕਰਨ ਦਾ ਸੰਕਲਪ ਵਿਕਲਪ ਹੁੰਦਾ ਹੈ ਜਿਵੇਂ ਨਾਰਕੀ, ਪਸ਼ੂ, ਮਨੁੱਖ ਤੇ ਦੇਵਤੇ ਜਾਂ ਹੋਰ ਹਨ ਉਨ੍ਹਾਂ ਵਿੱਚ ਸਮਝਦਾਰ ਜੀਵ ਹਨ ਉਹ ਸੁੱਖ-ਦੁੱਖ ਨੂੰ ਅਨੁਭਵ ਕਰਦੇ ਹਨ। ਉਨ੍ਹਾਂ ਵਿੱਚ ਇਹ ਤੇਰਹਾ ਕ੍ਰਿਆ ਸਥਾਨ (ਪਰਵਿਰਤੀ ਦਾ ਕਾਰਣ) ਤੀਰਥੰਕਰ ਸ੍ਰੀ ਅਰਿਹੰਤ ਭਗਵਾਨ ਨੇ ਆਖੇ ਹਨ।

1. ਅਰਥਦੰਡ—ਅਪਣੇ ਜਾ ਕਿਸੇ ਜਰੂਰਤ ਲਈ [ਡੰਡੇ] ਆਦਿ ਨਾਲ ਹਿੰਸਾ ਆਦਿ ਪਾਪ ਕ੍ਰਿਆ ਕਰਨਾ।
2. ਅਨਰਥ ਦੰਡ—ਬਿਨਾ ਕਾਰਣ ਡੰਡੇ ਨਾਲ ਹਿੰਸਕ ਕ੍ਰਿਆ ਕਰਨਾ।
3. ਹਿੰਸਾ ਦੰਡ—ਪ੍ਰਾਣੀਆਂ ਦੀ ਹਿੰਸਾ ਦੇ ਰੂਪ ਵਿੱਚ ਪਾਪ ਕਰਨਾ।
4. ਅਕਸ਼ਮਾਤ ਦੰਡ—ਕਿਸੇ ਦੇ ਅਪਰਾਧ ਦਾ ਹੋਰ ਕਿਸੇ ਨੂੰ ਦੰਡ ਦੇਣਾ।
5. ਦਰਿਸ਼ਟੀ ਵਿਪਰਿਆਸ ਦੰਡ—ਨਜਰ ਦੇ ਭੁਲੇਖੇ ਨਾਲ ਪੱਥਰ ਨੂੰ ਪੰਛੀ ਸਮਝ ਕੇ ਤੀਰ ਨਾਲ ਵਾਰ ਕਰਨਾ।
6. ਮਰਿਸ਼ਾਪ੍ਰਤਿਯਕ—ਮਿਥਿਆ ਬੋਲ ਕੇ ਪਾਪ ਕਰਨਾ (ਝੂਠ ਬੋਲਨਾ)
7. ਅਦੱਤਾਦਾਨ ਪ੍ਰਤਿਯਕ—ਬਿਨਾਂ ਦਿਤੀ ਵਸਤੂ ਗ੍ਰਹਿਣ ਕਰਨਾ (ਚੋਰੀ ਕਰਨਾ)
8. ਅਧਿਆਤਮ ਪ੍ਰਤਿਯਕ—ਮਨ ਵਿਚ ਬੁਰਾ ਚਿੰਤਨ ਮਨਨ ਕਰਨਾ।
9. ਮਾਨ ਪ੍ਰਤਿਯਕ— ਜਾਤ ਦੇ ਹੰਕਾਰ ਵਸ ਦੂਸ਼ਰੇ ਨੂੰ ਨੀਵਾਂ ਜਾਨਣਾ।
10. ਮਿੱਤਰ ਦੋਸ਼ ਪ੍ਰਤਿਯਕ— ਮਿੱਤਰਾਂ ਦੇ ਨਾਲ ਦਵੇਸ਼ ਵੱਸ ਠੱਗੀ ਕਰਨਾ।
11. ਮਾਇਆ ਪ੍ਰਤਿਯਕ— ਛਲਕਪਟ ਠੱਗੀ ਆਦਿ ਕਰਨਾ।
12. ਲੋਭ ਪ੍ਰਤਿਯਕ—ਲੋਭ ਕਰਨਾ।

13. ਈਰਿਆ ਪਥਿਕ— ਪੰਜ ਸਮਿਤੀ ਤੇ ਤਿੰਨ ਗੁਪਤੀ ਦਾ ਪਾਲਨ ਕਰਦੇ ਵੀ ਪਾਪ ਕਰਮ ਹੋ ਜਾਣਾ ਏਰੀਆ ਪਥਿਕ ਕ੍ਰਿਆ ਸਥਾਨ ਹੈ। (16)

(ਇਨ੍ਹਾਂ 13 ਕ੍ਰਿਆ ਸਥਾਨਾਂ ਰਾਹੀਂ ਕਰਮ ਬੰਧ ਹੁੰਦਾ ਹੈ)

## 1. ਅਰਥ ਦੰਡ ਪ੍ਰਤਿਯਕ—

ਪਹਿਲਾ ਅਰਥ ਦੰਡ ਕ੍ਰਿਆ ਸਥਾਨ ਪ੍ਰਤਿਯਕ ਹੈ। ਕੋਈ ਪੁਰਸ਼ ਅਪਣੇ ਲਈ, ਜਾਤ ਵਾਲੇ ਲਈ, ਅਪਣੇ ਘਰ ਜਾਂ ਪਰਿਵਾਰ, ਮਿੱਤਰ ਲਈ, ਭੂਤ ਨਾਗ, ਯਕਸ਼ ਆਦਿ (ਦੇਵਤੇ) ਆਦਿ ਖੁਦ ਤਰੱਸ ਤੇ ਸਥਾਵਰ ਪ੍ਰਾਣੀਆਂ ਨੂੰ ਦੰਡ ਦਿੰਦਾ ਹੈ, ਦਿਵਾਉਂਦਾ ਹੈ ਜਾਂ ਦੇਣ ਵਾਲੇ ਦਾ ਸਮਰਥਕ ਕਰਦਾ ਹੈ। ਅਜੇਹੀ ਸਥਿਤੀ ਵਿਚ ਉਸ ਕ੍ਰਿਆ ਕਾਰਣ ਨਮਿਤ ਸਾਵਦਯ (ਪਾਪ) ਕਰਮ ਦਾ ਬੰਧ ਹੁੰਦਾ ਹੈ ਉਸ ਪ੍ਰਕਾਰ ਦੇ ਪਹਿਲੇ ਕ੍ਰਿਆ ਸਥਾਨ ਨੂੰ ਅਰਥ ਦੰਡ ਪ੍ਰਤਿਯਕ ਕਿਹਾ ਗਿਆ ਹੈ। (17)

## 2. ਅਨਰਥ ਦੰਡ ਪ੍ਰਤਿਯਕ—

ਇਸ ਤੋਂ ਵਾਅਦ ਦੂਸਰਾ ਕ੍ਰਿਆ ਸਥਾਨ ਅਨਰਥ ਦੰਡ ਪ੍ਰਤਿਯਕ ਹੈ। ਜਿਵੇਂ ਕੋਈ ਪੁਰਸ਼ ਅਜੇਹਾ ਹੁੰਦਾ ਹੈ ਜੋ ਤਰੱਸ ਪ੍ਰਾਣੀਆਂ ਨੂੰ ਅਪਣੀ ਸ਼ਰੀਰ ਦੀ ਰੱਖਿਆ ਤੇ ਸੰਸਕਾਰ ਲਈ, ਚਮੜੇ ਲਈ, ਮਾਸ ਤੇ ਖੂਨ ਲਈ ਨਹੀਂ ਮਾਰਦਾ।

ਹਿਰਦਾ, ਪਿੱਤਾ, ਚਰਬੀ, ਫੰਗ, ਪੂੰਛ, ਬਾਲ, ਸਿੰਗ, ਵਿਸ਼ਾਨ, ਦੰਦ, ਜਾੜ, ਨੌਂਹ, ਨਾੜ, ਹੱਡੀ ਦੀ ਚਰਬੀ ਲਈ ਨਹੀਂ ਮਾਰਦਾ।

ਇਸ ਜੀਵ ਨੇ ਮੇਰੇ ਰਿਸ਼ਤੇਦਾਰ ਨੂੰ ਮਾਰਿਆ ਹੈ ਜਾਂ ਮਾਰ ਰਿਹਾ ਹੈ ਜਾਂ ਮਾਰੇਗਾ ਇਸ ਲਈ ਨਹੀਂ ਮਾਰਦਾ।

ਪੁੱਤਰ, ਪਸ਼ੂ ਦੇ ਪਾਲਨ ਪੋਸ਼ਨ, ਘਰ ਦੀ ਮੁਰੰਮਤ ਤੇ ਸੁਰੱਖਿਆ ਲਈ ਨਹੀਂ ਮਾਰਦਾ,

ਸ਼੍ਰਮਣ ਤੇ ਬ੍ਰਾਹਮਣ ਦੇ ਜੀਵਨ ਨਿਰਵਾਹ ਲਈ ਅਤੇ ਅਪਣੇ ਸਰੀਰ ਦੇ ਪ੍ਰਾਣਾਂ ਦੀ ਰਖਿਆ ਲਈ ਨਹੀਂ ਮਾਰਦਾ।

ਬਿਨਾਂ ਕਿਸੇ ਮਕਸਦ (ਜਰੂਰਤ) ਤੋਂ ਹੀ ਉਹ ਮੂਰਖ ਮਨੁੱਖ, ਇਨ੍ਹਾਂ ਜੀਵਾਂ ਨੂੰ ਬੇਅਰਥ ਕਸ਼ਟ (ਦੰਡ) ਦਿੰਦਾ ਹੈ, ਮਾਰਦਾ ਹੈ, ਛੇਕਦਾ ਹੈ, ਛੱਲਦਾ ਹੈ. ਅੰਗ ਕੱਟਦਾ ਹੈ, ਚਮੜੀ ਤੇ ਅੱਖ ਕੱਢਦਾ ਹੈ, ਉਖਾੜਦਾ ਹੈ, ਡਰਾਉਂਦਾ ਹੈ, ਧਮਕਾਉਂਦਾ ਹੈ। ਅਜੇਹਾ ਮਨੁੱਖ ਵਿਵੇਕਹੀਣ ਹੈ, ਇਸੇ ਕਾਰਣ ਉਹ ਇਸ ਮਕਸਦ (ਉਦੇਸ਼) ਦੇ ਜੀਵਾਂ ਦੇ ਬੇਅਰਥ ਵੈਰ ਦਾ ਕਾਰਣ ਬਨ ਜਾਂਦਾ ਹੈ।

ਜਿਵੇਂ ਕੋਈ ਪੁਰਸ਼ ਬਿਨਾਂ ਕਾਰਣ ਹੀ ਇਨ੍ਹਾ ਸਥਾਵਰ ਪ੍ਰਾਣੀਆਂ ਨੂੰ ਦੰਡ ਦਿੰਦਾ ਹੈ

ਜਿਵੇਂ ਇਕੜ, ਕਠਿਨ, ਜਤੂਨ, ਪਰਕ ਮੋਥਾ, ਘਾਹ [ਤਰਿਨ] ਕੁਸ਼ਾ, ਕੁਛਕ, ਪਰਵਕ ਤੇ ਪਲਾਲ ਆਦਿ ਬਨਾਸਪਤੀਆਂ ਨੂੰ ਬੇਅਰਥ ਦੰਡ ਦਿੰਦਾ ਹੈ। (ਭਾਵ ਇਨ੍ਹਾਂ ਦਾ ਵਿਨਾਸ਼ ਕਰਦਾ ਹੈ)

ਉਹ ਮਨੁੱਖ ਬਨਾਸਪਤੀਆਂ ਨੂੰ ਪੁੱਤਰ, ਪਸ਼ੂ, ਘਰ ਦੀ ਰਖਿਆ, ਸ਼੍ਰਮਣ ਤੇ ਬ੍ਰਾਹਮਣ ਦੀ ਜਰੂਰਤ ਲਈ ਦੰਡ ਨਹੀਂ ਦਿੰਦਾ, ਇਹ ਬਨਾਸਪਤੀਆਂ ਉਸਦੀ ਸ਼ਰੀਰਕ ਰੱਖਿਆ ਦੇ ਕੰਮ ਵੀ ਨਹੀਂ ਆਉਂਦੀਆਂ।

ਫੇਰ ਵੀ ਉਹ ਅਨਜਾਨ, ਬੇਅਰਥ ਹੀ ਇਨ੍ਹਾਂ ਦਾ ਹਨਣ, ਛੇਦਨ, ਭੇਦਨ, ਖੰਡਨ, ਵਿਨਾਸ਼ ਤੇ ਉਪਦਰਵ ਕਰਦਾ ਹੈ। ਵਿਵੇਕ ਦਾ ਤਿਆਗ ਕਰਕੇ ਉਹ ਮੂਰਖ ਬੇਅਰਥ ਹੀ ਪ੍ਰਾਣੀਆਂ ਨੂੰ ਦੰਡ ਦੇ ਕੇ, ਵੈਰ ਦਾ ਕਾਰਣ ਬਣਦਾ ਹੈ।

ਜਿਵੇਂ ਕੋਈ ਮਨੁੱਖ ਨਦੀ, ਤੱਟ, ਤਲਾਬ, ਝਰਨਾ, ਘਾਹ ਤੇ ਪਏ ਜਲ ਕਣ, ਨਦੀ ਰਾਹੀਂ ਘੇਰੇ ਸਥਾਨਾਂ, ਹਨੇਰੇ ਵਾਲੇ ਸਥਾਨ, ਔਖੇ ਸਥਾਨ, ਜੰਗਲਾਂ, ਘੋਰ ਜੰਗਲਾਂ, ਦੁਰਗਮ ਥਾਵਾਂ, ਪਰਬਤਾਂ, ਕਿਲੇਆਂ ਵਿਚ ਉਗੇ ਤਿਨਕੇ ਜਾਂ ਘਾਹ ਨੂੰ ਵਿਛਾ ਕੇ ਜਾਂ ਫੈਲਾ ਕੇ ਖੁਦ ਅੱਗ ਜਲਾਉਂਦਾ ਹੈ ਦੂਸਰੇ ਤੋਂ ਲਗਵਾਉਂਦਾ ਹੈ ਜਾਂ ਅਜੇਹਾ ਕਰਦੇ ਨੂੰ ਚੰਗਾ ਜਾਣਦਾ ਹੈ। ਅਜੇਹਾ ਆਦਮੀ ਬਿਨਾ ਕਾਰਣ ਜੀਵ ਘਾਤ ਕਰਕੇ ਬੇਅਰਥ ਦੰਡ ਦਾ ਭਾਗੀ ਬਣਦਾ ਹੈ। ਅਜੇਹਾ ਪੁਰਸ਼ ਬੇਅਰਥ ਪ੍ਰਾਣੀਆਂ ਦੇ ਘਾਤ ਕਰਨ ਵਾਲਾ ਪਾਪ ਕਰਮ (ਸਾਵਦਯ ਕਰਮ) ਇਕੱਠਾ ਕਰਦਾ ਹੈ। ਇਹ ਦੂਸਰਾ ਅਨਰਥ ਦੰਡ ਪ੍ਰਤਯਕ ਕ੍ਰਿਆ ਸਥਾਨ ਹੈ। (18)

### 3. ਹਿੰਸਾ ਦੰਡ ਪ੍ਰਤਯਕ ਕ੍ਰਿਆ ਸਥਾਨ—

ਇਸ ਤੋਂ ਬਾਅਦ ਤੀਸਰਾ ਹਿੰਸਾ ਦੰਡ ਪ੍ਰਤਯਕ ਕ੍ਰਿਆ ਸਥਾਨ ਹੈ ਜਿਵੇਂ ਕੋਈ ਮਨੁੱਖ ਤਰੱਸ ਤੇ ਸਥਾਵਰ ਪ੍ਰਾਣੀਆਂ ਨੂੰ ਦੰਡ ਦਿੰਦਾ ਹੈ ਤੇ ਸੋਚਦਾ ਹੈ "ਇਸ (ਤਰਸ ਜਾਂ ਸਥਾਵਰ) ਨੇ ਮੇਰੇ ਜਾਂ ਮੇਰੇ ਰਿਸ਼ਤੇਦਾਰ ਨੂੰ ਅਤੇ ਦੂਸਰੇ ਜਾਂ ਹੋਰ ਦੂਸਰੇ ਰਿਸ਼ਤੇਦਾਰ ਨੂੰ ਮਾਰਿਆ ਸੀ, ਮਾਰ ਰਿਹਾ ਹੈ ਜਾਂ ਮਾਰੇਗਾ। ਇਸ ਲਈ ਉਹ ਮਨੁੱਖ ਦੂਸਰੇ ਤਰੱਸ ਤੇ ਸਥਾਵਰ ਜੀਵਾਂ ਨੂੰ ਦੰਡ ਦਿਲਾਉਂਦਾ ਹੈ। ਅਜੇਹਾ ਕਰਦੇ ਨੂੰ ਚੰਗਾ ਸਮਝਦਾ ਹੈ। ਅਜੇਹਾ ਪੁਰਸ਼ਾਂ ਪ੍ਰਾਣੀਆਂ ਨੂੰ ਹਿੰਸਾ ਦੰਡ ਦਿੰਦਾ ਹੈ। ਅਜੇਹੇ ਪੁਰਸ ਨੂੰ ਸਾਵਦਯ ਕਰਮ ਦਾ ਬੰਧ ਦੰਡ ਹੈ। ਇਹ ਤੀਸਰਾ ਕ੍ਰਿਆ ਸਥਾਨ ਹਿੰਸਾ ਦੰਡ ਪ੍ਰਤਯਕ ਹੈ। (19)

### 4. ਅਕਸਮਾਤ ਦੰਡ ਕ੍ਰਿਆ ਸਥਾਨ —

ਇਸ ਤੋਂ ਬਾਅਦ ਚੌਥਾ ਕ੍ਰਿਆ ਸਥਾਨ ਅਕਸਮਾਤ ਦੰਡ ਪ੍ਰਤਯਕ ਅਖਵਾਉਂਦਾ ਹੈ। ਜਿਵੇਂ ਕੋਈ ਮਨੁੱਖ ਨਦੀ ਦੇ ਕਿਨਾਰੇ ਜਾਂ ਕਿਸੇ ਘੋਰ ਜੰਗਲ ਵਿਚ ਜਾ ਕੇ ਮਿੱਰਗ ਮਾਰਨ ਦੀ ਹਰਕਤ ਕਰਦਾ ਹੈ, ਮਿਰਗ ਦਾ ਧਿਆਨ ਰਖਦਾ ਹੈ, ਮਿਰਗ ਮਾਰਨ ਚਲ ਪੈਂਦਾ ਹੈ। "ਇਹ ਮਿਰਗ ਹੈ" ਇਹ ਜਾਂਣਕੇ ਕਿਸੇ ਇਕ ਮਿਰਗ ਨੂੰ ਮਾਰਨ ਲਈ ਖੀਚ ਕੇ ਤੀਰ

ਚਲਾਉਂਦਾ ਹੈ। ਪਰ ਉਸ ਮਿਰਗ ਨੂੰ ਮਾਰਨ ਲਈ ਚਲਿਆ ਤੀਰ, ਠਿਕਾਨੇ ਤੇ ਨਾ ਲਗਕੇ ਕਿਸੇ ਹੋਰ ਤੀਤਰ, ਬਟੇਰ, ਚਿੜੀ, ਲਾਵਕ, ਕਬੂਤਰ, ਬੰਦਰ, ਕਪਿਜਲ, ਪੰਛੀ ਦੇ ਲਗੇ। ਇਸ ਨਾਲ ਕਿਸੇ ਹੋਰ ਦੇ ਪ੍ਰਾਣਾਂ ਦਾ ਘਾਤਕ ਹੁੰਦਾ ਹੈ। ਅਜੇਹੀ ਹਾਲਤ ਵਿਚ ਉਹ ਮਨੁੱਖ ਕਿਸੇ ਹੋਰ ਲਈ ਛਡੇ ਤੀਰ ਨਾਲ ਕਿਸੇ ਹੋਰ ਪ੍ਰਾਣੀ ਦਾ ਘਾਤ ਕਰਦਾ ਹੈ। ਅਜੇਹੀ ਦੰਡ (ਹਿੰਸਾ) ਦੀ ਭਾਵਨਾ ਨਾ ਹੋਣ ਤੇ ਵੀ, ਜੋ ਅਚਾਨਕ ਹੋ ਜਾਂਦੀ ਹੈ ਉਹ ਅਕਸਮਾਤ ਦੰਡ ਹੈ।

ਜਿਵੇਂ ਕੋਈ ਪੁਰਸ ਸ਼ਾਲੀ, ਬ੍ਰੀਹੀ, ਕੋਦਰਵ, ਕੰਗੂ, ਪਰਕ ਤੇ ਰਾਲ (ਸਾਰੇ ਅਨਾਜ) ਨੂੰ ਸਾਫ ਕਰਦਾ ਹੋਇਆ, ਕਿਸੇ ਘਾਹ ਨੂੰ ਕੱਟਣ ਲਈ ਹਥਿਆਰ ਚਲਾਏ ਅਤੇ "ਮੈਂ ਸਿਆਮਕ, ਘਾਹ, ਕੁਮਦ ਆਦਿ ਘਾਹ ਨੂੰ ਕੱਟਾਂ" ਅਜੇਹਾ ਆਦਮੀ ਨਿਸ਼ਾਨੇ ਤੋਂ ਭੁਲਕੇ ਸ਼ਾਲੀ, ਬ੍ਰੀਹੀ, ਕੌਦਰਵ, ਕੰਗੂ, ਪਰਕ ਤੇ ਰਾਲ ਦੇ ਪੌਦਿਆਂ ਨੂੰ ਛਾਂਗਦਾ ਹੈ। ਇਸ ਤਰ੍ਹਾਂ ਇਹ ਦੰਡ ਨਿਸ਼ਾਨਾ ਹੋਣ ਤੇ ਵੀ ਅਚਾਨਕ ਹੋ ਜਾਣ ਕਾਰਣ ਅਕਸਮਾਤ ਦੰਡ ਅਖਵਾਂਦਾ ਹੈ। ਇਸ ਪ੍ਰਕਾਰ ਅਕਸਮਾਤ ਦੰਡ ਦੇਣ ਵਾਲੇ ਨੂੰ ਉਸ ਘਾਤਕ ਪੁਰਸ਼ ਨੂੰ ਸਾਵਦਯ ਕਰਮ ਦਾ ਬੰਧ ਹੁੰਦਾ ਹੈ। ਉਸੇ ਨੂੰ ਅਕਸਮਾਤ ਦੰਡ ਪ੍ਰਤਯਕ ਆਖਦੇ ਹਨ। (20)

## 5. ਦਰਿਸ਼ਟੀ ਵਿਪਾਰਿਆਸ ਦੰਡ ਪ੍ਰਤਯਕ—

ਇਸ ਤੋਂ ਬਾਅਦ ਪੰਜਵਾਂ ਕ੍ਰਿਆ ਸਥਾਨ ਦਰਿਸ਼ਟੀ ਵਿਪਰਿਆਸ ਦੰਡ ਪ੍ਰਤਯਕ ਵਾਰੇ ਆਖਿਆ ਜਾਂਦਾ ਹੈ ਮਾਂ, ਪਿਓ, ਭਾਈ, ਭੈਣ, ਇਸਤਰੀ, ਪੁਤਰ, ਪੁਤਰੀ ਅਤੇ ਨੂੰਹ ਦੇ ਨਾਲ ਰਹਿੰਦਾ ਹੋਇਆ ਕੋਈ ਪੁਰਸ਼ ਮਿੱਤਰ ਨੂੰ ਦੁਸ਼ਮਨ ਸਮਝਕੇ, ਦੁਸ਼ਮਨੀ ਦੇ ਸ਼ਕ ਕਾਰਣ ਮਿੱਤਰ ਨੂੰ ਮਾਰ ਦਿੰਦਾ ਹੈ। ਇਸੇ ਨੂੰ ਦਰਿਸ਼ਟੀ ਵਿਪਰਿਆਸ ਪ੍ਰਤਯਕ ਆਖਦੇ ਹਨ। ਕਿਉਂਕਿ ਇਹ ਦੰਡ ਗਲਤ ਫਹਿਮੀ ਦਾ ਸਿੱਟਾ ਹੁੰਦਾ ਹੈ, ਜਾਨ ਬੁਝਕੇ ਨਹੀਂ।

ਪਿੰਡ, ਨਗਰ, ਖੇੜ, ਕਬੱਡ, ਮੰਡਬ, ਦਰੋਨਮੁੱਖ, ਪਤਨ, ਆਸ਼ਰਮ, ਸਨੀਵੇਸ਼ ਨਿਗਮ ਤੇ ਰਾਜਧਾਨੀ ਵਿੱਚ ਘਾਤ ਦੇ ਸਮੇਂ ਜੇ ਕੋਈ ਪੁਰਸ਼ ਕਿਸੇ ਚੋਰ ਤੋਂ ਭਿੰਨ ਹੋਰ ਨੂੰ ਚੋਰ ਸਮਝ ਕੇ ਮਾਰੇ ਤਾਂ ਉਹ ਆਦਮੀ ਗਲਤੀ ਨਾਲ ਮਾਰਦਾ ਹੈ। ਇਸ ਦੰਡ ਨੂੰ ਦਰਿਸ਼ਟੀ ਵਿਪ-ਰਿਆਸ ਦੰਡ ਆਖਦ ਹਨ।

ਕਿਸੇ ਹੋਰ ਪੁਰਸ਼ ਦੇ ਭੁਲੇਖੇ, ਕਿਸੇ ਦੂਸਰੇ ਨੂੰ ਮਾਰਦਾ ਹੈ ਉਸਨੂੰ ਦਰਿਸ਼ਟੀ ਪਰਿਆਸ ਦੰਡ ਪਾਪ ਲਗਦਾ ਹੈ।

ਇਹ ਦਰਿਸ਼ਟੀ ਪਰਿਆਸ ਦੰਡ ਪ੍ਰਤਯਕ ਨਾਮਕ ਪੰਜਵਾਂ ਕ੍ਰਿਆ ਸਥਾਨ ਦਾ ਸਵਰੂਪ ਹੈ। (21)

## 6. ਮਰਿਸ਼ਾ ਪ੍ਰਤਯਕ—

ਇਸ ਤੋਂ ਵਾਅਦ ਛੇਵਾਂ ਕ੍ਰਿਆ ਸਥਾਨ ਮਰਿਸ਼ਾ (ਝੂਠ) ਪ੍ਰਤਯਕ ਹੈ। ਜੋ ਮਰਿਸ਼ਾ

ਪ੍ਰਤਯਕ ਅਖਵਾਉਂਦਾ ਹੈ । ਜੇ ਕੋਈ ਪੁਰਸ਼ ਅਪਣੇ ਲਈ ਜਾਂ ਅਪਣੀ ਜਾਤੀ ਲਈ, ਅਪਣੇ ਘਰ ਜਾਂ ਅਪਣੇ ਪਰਿਵਾਰ ਲਈ ਝੂਠ ਬੋਲਦਾ ਹੈ ਦੂਸਰੇ ਤੋਂ ਬੁਲਵਾਉਂਦਾ ਹੈ ਜਾਂ ਝੂਠ ਦੀ ਹਿਮਾਇਤ ਕਰਦਾ ਹੈ, ਅਜੇਹਾ ਕਰਨ ਵਾਲੇ ਨੂੰ ਝੂਠ ਦਾ ਪਾਪ ਲਗਦਾ ਹੈ । ਇਸ ਪ੍ਰਕਾਰ ਛੇਵੇਂ ਕ੍ਰਿਆ ਸਥਾਨ ਮਰਿਸ਼ਾ ਪ੍ਰਤਯਕ ਦਾ ਸਵਰੂਪ ਆਖਿਆ ਗਿਆ ਹੈ । (22)

## 7. ਅਦੱਤਾ ਦਾਨ ਪ੍ਰਤਯਕ—

ਇਸ ਤੋਂ ਵਾਅਦ ਸੱਤਵਾਂ ਕ੍ਰਿਆ ਸਥਾਨ ਅਦੱਤਾ ਦਾਨ ਪ੍ਰਤਯਕ ਹੈ । ਜਿਵੇਂ ਕੋਈ ਮਨੁੱਖ ਅਪਣੇ ਲਈ, ਅਪਣੀ ਜਾਤ, ਘਰ, ਪਰਿਵਾਰ ਲਈ ਕਿਸੇ ਵਸਤੂ ਨੂੰ ਬਿਨਾ ਦਿਤੇ ਗ੍ਰਹਿਣ ਕਰਦਾ ਹੈ, ਕਰਾਉਂਦਾ ਹੈ ਜਾਂ ਕਰਨ ਵਾਲੇ ਦੀ ਹਿਮਾਇਤ ਕਰਦਾ ਹੈ । ਉਸ ਆਦਮੀ ਨੂੰ ਅਦੱਤਾ ਦਾਨ ਸੰਬੰਧੀ ਪਾਪ ਲਗਦਾ ਹੈ । ਇਸ ਸੱਤਵੇਂ ਅਦੱਤਾ ਦਾਨ ਕ੍ਰਿਆ ਸਥਾਨ ਦਾ ਸਵਰੂਪ ਹੈ । (23)

## 8. ਆਧਿਆਤਮ ਪ੍ਰਤਯਕ—

ਇਸ ਤੋਂ ਵਾਅਦ ਅੱਠਵਾਂ ਕ੍ਰਿਆ ਸਥਾਨ, ਅਧਿਆਤਮ ਪ੍ਰਤਯਕ ਅਖਵਾਉਂਦਾ ਹੈ । ਜਿਵੇਂ ਕੋਈ ਮਨੁੱਖ ਹੁੰਦਾ ਹੈ, ਉਸ ਮਨੁੱਖ ਨੂੰ ਕਲੇਸ਼ ਦੇਣ ਵਾਲਾ ਕੋਈ ਵੀ ਨਾ ਹੋਵੇ ਤਾਂ ਵੀ ਉਹ ਪੁਰਸ਼ ਅਪਣ ਆਪਨੂੰ ਦੀਨ, ਹੀਨ, ਦੁਖੀ, ਉਦਾਸ ਤੇ ਮਨ ਵਿਚ ਕਲਪਦਾ ਰਹਿੰਦਾ ਹੈ, ਚਿੰਤਾ ਤੇ ਗਮ ਦੇ ਸਮੁੰਦਰ ਵਿਚ ਡੁਬਿਆ ਰਹਿੰਦਾ ਹੈ । ਹਥੇਲੀ ਤੇ ਠੋਡੀ ਰਖਕੇ ਅਤੇ ਨੀਵੇਂ ਵਲ ਮੂੰਹ ਕਰਕੇ ਆਰਤ (ਦੁੱਖ) ਧਿਆਨ ਕਰਦਾ ਹੈ । ਸਚਮੁਚ ਉਸ ਵਿਚ ਚਾਰ ਭਰੀਆਂ ਪਈਆਂ ਹਨ ਜ ਇਸ ਪ੍ਰਕਾਰ ਹਨ, ਕਰੋਧ, ਮਾਨ, ਮਾਇਆ, ਲੋਭ ਇਸ ਪ੍ਰਕਾਰ ਦਾ ਕਰਮ ਵਾਲਾ ਅਧਿਆਤਮ ਸੰਬੰਧੀ ਪਾਪ ਕਰਮ ਦਾ ਬੰਧ ਕਰਦਾ ਹੈ ਇਹ । ਅੱਠਵਾਂ ਅਧਿਆਤਮ ਪ੍ਰਤਯਕ ਕ੍ਰਿਆ ਸਥਾਨ ਦਾ ਸਵਰੂਪ ਹੈ । (24)

## 9. ਮਾਨ ਪ੍ਰਤਯਕ—

ਇਸ ਤੋਂ ਵਾਅਦ ਨੌਵੇਂ ਕ੍ਰਿਆ ਸਥਾਨ ਨੂੰ ਮਾਨ ਪ੍ਰਤਯਕ ਆਖਦੇ ਹਨ ਜਿਵੇਂ ਕੋਈ ਮਨੁੱਖ ਜਾਤ, ਹੰਕਾਰ, ਸ਼ਾਸਤਰ ਗਿਆਨ ਹੰਕਾਰ, ਲਾਭ ਹੰਕਾਰ, ਐਸ ਈਸ਼ਰਤ ਦਾ ਹੰਕਾਰ, ਬੁੱਧੀ ਦਾ ਹੰਕਾਰ ਵਿਚੋਂ ਕਿਸੇ ਇਕ ਹੰਕਾਰ ਨੂੰ ਕਰਦਾ ਹੋਇਆ, ਦੂਸਰੇ ਪ੍ਰਾਣੀਆਂ ਪ੍ਰਤਿ ਲਾਪਰਵਾਹੀ ਕਰਦਾ ਹੈ, ਨਿੰਦਾ ਕਰਦਾ ਹੈ, ਘਿਰਨਾ ਕਰਦਾ ਹੈ, ਆਲੋਚਨਾ ਕਰਦਾ ਹੈ, ਅਪਮਾਨ ਕਰਦਾ ਹੈ, ਤਿਰਸਕਾਰ ਕਰਦਾ ਹੈ, ਉਹ ਸਮਝਦਾ ਹੈ ਇਹ ਦੂਸਰਾ ਮਨੁੱਖ ਹੀਣ (ਛੋਟਾ) ਹੈ । ਮੈਂ ਖਾਸ ਆਦਮੀ ਹਾਂ । ਮੈਂ ਉੱਤਮ ਜਾਤ ਕੁਲ, ਬਲ ਆਦਿ ਵਾਲਾ ਹਾਂ, ਇਸ ਪ੍ਰਕਾਰ ਅਪਣੇ ਆਪ ਨੂੰ ਸਰਵਉੱਤਮ ਮੰਨਦਾ ਹੋਇਆ ਹੰਕਾਰ ਕਰਦਾ ਹੈ ।

ਅਜੇਹਾ ਅਭਿਮਾਨੀ ਉਮਰ ਪੂਰੀ ਕਰਕੇ, ਸ਼ਰੀਰ ਨੂੰ ਛਡਕੇ ਕਰਮਾਂ ਨੂੰ ਹੀ ਨਾਲ ਲੈ ਕੇ ਪਰਲੋਕ ਵਿਚ ਜਾਂਦਾ ਹੈ । ਉਹ ਇਕ ਗਰਭ ਤੋਂ ਦੂਸਰੇ ਗਰਭ, ਇਕ ਜਨਮ ਤੋਂ ਦੂਸਰੇ

ਜਨਮ, ਇਕ ਮਰਨ ਤੋਂ ਦੂਸਰਾ ਮਰਨ, ਇਕ ਨਰਕ ਤੋਂ ਦੂਸਰੇ ਨਰਕ ਵਿਚ ਜਾਂਦਾ ਹੈ। ਉਹ ਪਰਲੋਕ ਵਿਚ ਭਿਅੰਕਰ ਨਿਮਰਤਾ ਰਹਿਤ, ਚੰਚਲ ਤੇ ਅਭਿਮਾਨੀ ਹੁੰਦਾ ਹੈ। ਇਸ ਹੰਕਾਰ ਨਾਲ ਸਾਵਦਯ (ਪਾਪ) ਕਰਮ ਦਾ ਬੰਧ ਹੁੰਦਾ ਹੈ।

ਇਸ ਪ੍ਰਕਾਰ ਉਹ ਮਨੁੱਖ ਅਭਿਮਾਨ ਸਦਕਾ ਪਾਪ ਕਰਮਾਂ ਦਾ ਸੰਗ੍ਰਹਿ (ਬੰਧ) ਕਰਦਾ ਹੈ। ਇਹ ਨੌਵਾਂ ਮਾਨ ਪ੍ਰਤਯਕ ਕ੍ਰਿਆ ਸਥਾਨ ਦਾ ਸਵਰੂਪ ਹੈ। (25)

## 10. ਮਿੱਤਰ ਦੋਸ਼ ਪ੍ਰਤਯਕ—

ਇਸ ਤੋਂ ਵਾਅਦ ਦਸਵਾਂ ਕ੍ਰਿਆ ਸਥਾਨ ਮਿੱਤਰ ਦੋਸ਼ ਪ੍ਰਤਯਕ ਅਖਵਾਉਂਦਾ ਹੈ। ਜਿਵੇਂ ਮਾਂ ਪਿਓ, ਭਾਈ, ਭੈਣ, ਇਸਤਰੀ, ਪੁੱਤਰੀ, ਪੁੱਤਰ, ਨੂੰਹ ਨਾਲ ਰਹਿੰਦਾ ਮਨੁੱਖ ਇਨ੍ਹਾਂ ਰਾਹੀਂ ਕੀਤੇ ਛੋਟੇ ਜੇਹੇ ਕਸੂਰ ਕਾਰਣ ਇਨ੍ਹਾਂ ਨੂੰ ਭਾਰੀ ਦੰਡ (ਸਜਾ) ਦਿੰਦਾ ਹੈ।

ਜਿਵੇਂ ਉਨ੍ਹਾਂ ਨੂੰ ਸਰਦੀ ਸਮੇਂ ਠੰਡੇ ਪਾਣੀ ਦੇ ਛੀਂਟੇ ਮਾਰਦਾ ਹੈ।

ਗਰਮੀਆਂ ਸਮੇਂ ਗਰਮ ਪਾਣੀ ਪਾਉਂਦਾ ਹੈ। ਅੱਗ ਨਾਲ ਸ਼ਰੀਰ ਫੂਕਦਾ ਹੈ, ਦਾਗਦਾ ਹੈ। ਜੋਤ, ਬੈਂਤ, ਛੜੀ, ਚਮੜੇ, ਲਤਾ (ਬੇਲ), ਚਾਬੁਕ ਜਾਂ ਰੱਸੇ ਨਾਲ ਮਾਰ ਮਾਰ ਕੇ ਖਲ ਉਧੇੜ ਦਿੰਦਾ ਹੈ।

ਡੰਡਾ, ਹੱਡੀ, ਮੁੱਕਾ, ਢੇਲਾ, ਠੀਕਰ ਜਾਂ ਖੱਪਰ ਨਾਲ ਮਾਰ ਮਾਰ ਕੇ ਉਨ੍ਹਾਂ ਦੇ ਸ਼ਰੀਰ ਨੂੰ ਕਮਜੋਰ ਕਰ ਦਿੰਦਾ ਹੈ।

ਅਜੇਹੇ ਪੁਰਸ਼ ਦੇ ਨਾਲ ਘਰ ਵਿਚ ਰਹਿਣ ਵਾਲਾ ਪਰਿਵਾਰ ਦੁਖੀ ਰਹਿੰਦਾ ਹੈ। ਉਸ ਦੇ ਪਰਦੇਸ਼ ਜਾਣ ਤੇ ਪਰਿਵਾਰ ਸੁਖੀ ਹੋ ਜਾਂਦਾ ਹੈ।

ਅਜੇਹਾ ਆਦਮੀ ਜੋ ਬਗਲ ਵਿਚ ਡੰਡਾ ਰਖਦਾ ਹੈ, ਥੋੜ੍ਹੀ ਜੇਹੀ ਗੱਲ ਦੀ ਬੜੀ ਸਜਾ ਦਿੰਦਾ ਹੈ। ਹਰ ਗਲ ਤੇ ਡੰਡਾ ਚੁਕਦਾ ਹੈ ਜਾਂ ਡੰਡਾ ਅੱਗੇ ਰਖਕੇ ਸਟ ਮਾਰਦਾ ਹੈ। ਉਹ ਇਸ ਲੋਕ ਤੇ ਪਰਲੋਕ ਵਿਚ ਅਪਣਾ ਅਹਿੱਤ ਕਰਦਾ ਹੈ। ਅਜੇਹਾ ਪੁਰਸ਼ ਹਰ ਸਮੇਂ ਈਰਖਾ ਕਾਰਣ ਜਲਦਾ ਰਹਿੰਦਾ ਹੈ। ਗੱਲ ਗੱਲ ਤੇ ਗੁੱਸਾ ਕਰਦਾ ਹੈ, ਪਿੱਠ ਪਿੱਛੇ ਚੁਗਲੀ ਕਰਦਾ ਹੈ, ਅਜੇਹੇ ਆਦਮੀ ਨੂੰ ਮਿੱਤਰ ਦੋਸ਼ ਪ੍ਰਤਯਕ ਪਾਪ ਕਰਮ ਦਾ ਬੰਧ ਹੁੰਦਾ ਹੈ। ਇਹ ਦਸਵੇਂ ਮਿੱਤਰ ਦੋਸ਼ ਪ੍ਰਤਯਕ ਕ੍ਰਿਆ ਸਥਾਨ ਵਾਰੇ ਦਸਿਆ ਗਿਆ ਹੈ। (26)

## 11. ਮਾਇਆ ਪ੍ਰਤਯਕ—

ਹੁਣ ਗਿਆਰਵਾਂ ਕ੍ਰਿਆ ਸਥਾਨ ਮਾਇਆ ਪ੍ਰਤਯਕ ਹੈ। ਉਸ ਨੂੰ ਮਾਇਆ ਪ੍ਰਤਯਕ ਆਖਦੇ ਹਨ।

"ਜੋ ਮਨੁੱਖ ਦੂਸਰੇ ਨੂੰ ਨਾ ਪਤਾ ਕਰਨ ਯੋਗ ਵਿਵਹਾਰ ਕਰਦਾ ਹੈ। ਵਿਸ਼ਵਾਸ ਘਾਤ ਕਰਦਾ ਹੈ। ਲੋਕਾਂ ਨੂੰ ਹਨੇਰੇ ਵਿਚ ਰੱਖ ਕੇ ਪਾਪ ਕਰਮ ਕਰਦਾ ਹੈ। ਉਲੂ ਦੇ ਢੰਗ ਦੀ

ਤਰ੍ਹਾਂ ਹਲਕਾ ਹੁੰਦੇ ਹੋਏ ਵੀ ਅਪਣੇ ਆਪ ਨੂੰ ਪਹਾੜ ਦੀ ਤਰ੍ਹਾਂ ਮੰਨਦਾ ਹੈ ਤੇ ਉਹ ਆਰਿਆ ਹੁੰਦਾ ਹੋਇਆ ਵੀ ਅਨਾਰਿਆਂ (ਮਲੇਛ) ਭਾਸ਼ਾ ਦਾ ਪ੍ਰਯੋਗ ਕਰਦਾ ਹੈ।

ਉਹ ਲੋਕਾਂ ਨੂੰ ਹੋਰ ਤਰ੍ਹਾਂ ਮੰਨਦਾ ਹੈ ਅਤੇ ਅਪਣੇ ਆਪ ਨੂੰ ਹੋਰ ਤਰ੍ਹਾਂ ਨਾਲ ਮੰਨਦਾ ਹੈ। ਉਹ ਨਾ ਆਖਣ ਯੋਗ ਗੱਲ ਕਰਦਾ ਹੈ। ਆਖਣ ਯੋਗ ਗੱਲ ਨਹੀਂ ਆਖਦਾ।

ਜਿਵੇਂ ਕੋਈ ਮਨੁੱਖ ਅਪਣੇ ਹਿਰਦੇ ਵਿਚ ਗੱਡੀ ਤਿਖੀ ਕਿੱਲ ਨੂੰ ਖੁੱਦ ਨਹੀਂ ਕੱਢ ਸਕਦਾ ਨਾ ਹੀ ਦੂਸਰੇ ਤੋਂ ਬਾਹਰ ਕਢਵਾਉਂਦਾ ਹੈ।

ਉਹ ਉਸ ਕਿੱਲ ਨੂੰ ਨਸ਼ਟ ਵੀ ਨਹੀਂ ਕਰਦਾ। ਉਸ ਕਿੱਲ ਨੂੰ ਫਜ਼ੂਲ ਹੀ ਅੰਦਰ ਛਿਪਾਉਂਦਾ ਹੈ। ਦੁਖੀ ਹੋ ਕੇ ਅੰਦਰ ਹੀ ਅੰਦਰ ਤਕਲੀਫ ਭੋਗਦਾ ਹੈ।

ਇਸ ਪ੍ਰਕਾਰ ਦਾ ਕਪਟੀ, ਛਲ ਕਪਟ ਦੀ ਆਲੋਚਨਾ ਨਹੀਂ ਕਰਦਾ। ਨਾ ਹੀ ਪ੍ਰਾਸ਼ਚਿਤ ਵਲੋਂ ਤੱਪ ਗ੍ਰਹਿਣ ਕਰਦਾ ਹੈ।

ਉਹ ਮਾਇਆਧਾਰੀ (ਧੋਖੇਵਾਜ) ਦਾ ਸੰਸਾਰ ਵਿਚ ਕੋਈ ਵਿਸ਼ਵਾਸ ਨਹੀਂ ਕਰਦਾ। ਉਹ ਲੋਕ ਵਿਚ ਵਾਰ ਵਾਰ ਜਨਮ ਮਰਨ ਪ੍ਰਾਪਤ ਕਰਦਾ ਹੈ।

ਉਹ ਦੂਸਰੇ ਦੀ ਨਿੰਦਾ ਤੇ ਅਪਣੀ ਪ੍ਰਸ਼ੰਸਾ ਕਰਦਾ ਹੈ। ਦੂਸਰੇ ਤੇ ਘਿਰਨਾ ਕਰਦਾ ਹੈ, ਬੁਰੇ ਕੰਮ ਕਰਦਾ ਹੈ, ਬੁਰੇ ਕਰਮਾਂ ਤੋਂ ਛੁਟਕਾਰਾ ਨਹੀਂ ਪਾਂਦਾ, ਉਹ ਮਨੁੱਖ ਜੀਵਾਂ ਨੂੰ ਦੰਡ ਦੇ ਕੇ ਛਿਪਾਉਂਦਾ ਹੈ, ਅਜੇਹਾ ਮਾਇਆ ਵਾਲਾ, ਸ਼ੁਭ ਵਿਚਾਰ, (ਸ਼ੁਭਲੇਸ਼ਿਆਵਾਂ) ਤੋਂ ਦੂਰ ਹੁੰਦਾ ਹੈ। ਅਜੇਹਾ ਮਾਇਆਧਾਰੀ ਪੁਰਸ਼ ਨੂੰ ਮਾਇਆ ਪਤਯਕ ਪਾਪ ਕਰਮ ਦਾ ਬੰਧ ਹੁੰਦਾ ਹੈ। ਇਸ ਪ੍ਰਕਾਰ ਮਾਇਆ ਪ੍ਰਤਯਕ ਨਾਮ ਦਾ ਗਿਆਰਵਾਂ ਕ੍ਰਿਆ ਸਥਾਨ ਦਾ ਸਵਰੂਪ ਹੈ। (27)

## 12. ਲੋਭ ਪ੍ਰਤਯਕ—

ਇਸ ਤੋਂ ਵਾਅਦ ਬਾਰਹਵਾਂ ਕ੍ਰਿਆ ਸਥਾਨ ਹੈ, ਜੋ ਲੋਭ ਪ੍ਰਤਯਕ ਅਖਵਾਉਂਦਾ ਹੈ।

"ਇਹ ਜੋ ਬਨ ਵਿਚ ਨਿਵਾਸ ਕਰਨ ਵਾਲੇ ਹਨ, ਜੋ ਕੁਟੀ ਬਨਾਕੇ ਰਹਿੰਦੇ ਹਨ, ਜੋ ਪਿੰਡ ਦੇ ਨਜਦੀਕ ਡੇਰਾ ਲਾ ਕੇ ਪਿੰਡ ਦੇ ਆਸਰੇ ਨਾਲ ਅਪਣਾ ਨਿਰਵਾਹ ਕਰਦੇ ਹਨ। ਕਈ ਇਕਲੇ ਨਿਵਾਸ ਕਰਦੇ ਹਨ, ਕਈ ਗੁਪਤ ਨਿਵਾਸ ਕਰਦੇ ਹਨ, ਭਾਵੇਂ ਇਹ ਪਾਖੰਡੀ (ਹੋਰ ਮਤਾਂ ਦੇ ਲੋਕ) ਤਰੱਸ (ਹਿਲਨ ਚੁਲਨ ਵਾਲੇ) ਜੀਵਾਂ ਦੀ ਹਿੰਸਾ ਨਹੀਂ ਕਰਦੇ। ਸਾਰੇ ਪ੍ਰਾਣ, ਭੂਤ, ਜੀਵ ਤੇ ਸੱਤਵ ਦੀ ਹਿੰਸਾ ਤੋਂ ਪਰੇ ਨਹੀਂ ਹਨ।

"ਉਹ ਕੁਝ ਝੂਠੀਆਂ ਤੇ ਕੁੱਝ ਸੱਚੀਆਂ ਗੱਲਾਂ ਇਸ ਪ੍ਰਕਾਰ ਨਾਲ ਕਰਦੇ ਹਨ।" ਮੈਂ ਮਾਰੇ ਜਾਣ ਯੋਗ ਨਹੀਂ ਹਾਂ, ਪਰ ਦੂਸਰੇ ਪ੍ਰਾਣੀ ਮਾਰੇ ਜਾਣ ਯੋਗ ਹਨ। ਮੈਨੂੰ ਕੋਈ ਹੁਕਮ ਨਹੀਂ ਦਿੰਦਾ, ਮੈਂ ਸਭ ਨੂੰ ਹੁਕਮ ਦੇ ਸਕਦਾ ਹਾਂ, ਮੈਂ ਦਾਸ, ਦਾਸੀ ਦੇ ਰੂਪ ਵਿਚ ਗੁਲਾਮ

ਬਨਣ ਯੋਗ ਨਹੀਂ ਹਾਂ ਪਰ ਹੋਰ ਮੇਰੇ ਰਾਹੀਂ ਦਾਸ, ਦਾਸੀ, ਗੁਲਾਮ ਜਾਂ ਰਿਸ਼ਤੇਦਾਰ ਕੀਤੇ ਜਾ ਸਕਦੇ ਹਨ।

ਮੈਂ ਕਸ਼ਟ ਸਹਿਣ ਯੋਗ ਨਹੀਂ, ਦੂਸਰੇ ਨੂੰ ਕਸ਼ਟ ਦਿਤਾ ਜਾ ਸਕਦਾ ਹੈ।

"ਮੈਨੂੰ ਕੋਈ ਡਰਾ ਨਹੀਂ ਸਕਦਾ, ਪਰ ਮੈਂ ਹਰ ਇਕ ਨੂੰ ਡਰਾ ਸਕਦਾ ਹਾਂ।"

ਇਸ ਪ੍ਰਕਾਰ ਦੇ ਉਪਦੇਸ਼ ਵਾਲੇ ਪੁਰਸ਼, ਇਸਤਰੀ ਅਤੇ ਹੋਰ ਕਾਮ ਭੋਗਾਂ ਵਿਚ ਡੁਬੇ ਰਹਿੰਦੇ ਹਨ, ਕਾਮ ਭੋਗ ਦੀ ਤਲਾਸ਼ ਵਿਚ ਰੁਝੇ ਰਹਿੰਦੇ ਹਨ। ਉਨ੍ਹਾਂ ਦੀ ਚਿੱਤ ਵਿਰਤੀ ਕਾਮ ਭੋਗਾਂ ਵਲ ਲੱਗੀ ਰਹਿੰਦੀ ਹੈ।

ਅਜੇਹੇ ਲੋਕ ਚਾਰ, ਪੰਜ, ਛੇ ਜਾਂ ਦਸ ਸਾਲ ਤਕ ਕਾਮ ਭੋਗ ਭੋਗਦੇ, ਥੋੜੇ ਜਾਂ ਜਿਆਦਾ ਸਮਾਂ ਕਾਮ ਭੋਗ ਭੋਗਦੇ, ਮੌਤ ਸਮੇਂ ਕਿਲਵਿਸ਼ੀ (ਨੀਚ ਕਿਸਮ ਦੇ ਦੇਵਤਾ ਯੋਨੀ) ਦੇਵ ਰੂਪ ਵਿਚ ਉੱਤਪੰਨ ਹੁੰਦੇ ਹਨ।

ਫੇਰ ਇਸ ਦੇਵ ਯੋਨੀ ਦੀ ਉਮਰ ਪੂਰੀ ਕਰਕੇ ਗੂੰਗੇ, ਬਹਿਰੇ, ਅੰਨ੍ਹੇ ਬਨਦੇ ਹਨ। ਇਸ ਤਰ੍ਹਾਂ ਉਸ ਲੋਭੀ ਵਿਸ਼ੇ ਵਿਕਾਰਾਂ ਵਾਲੇ ਪਾਖੰਡੀ ਨੂੰ ਲੋਭ ਪ੍ਰਤਯਕ ਪਾਪ ਕਰਮ ਬੰਧ ਹੁੰਦਾ ਹੈ।

ਇਸ ਪ੍ਰਕਾਰ ਲੋਭ ਪ੍ਰਤਯਕ ਕ੍ਰਿਆ ਸਥਾਨ ਦਾ ਸਵਰੂਪ ਦਸਿਆ ਗਿਆ।

ਇਨ੍ਹਾਂ ਬਾਰਹਵਾਂ ਪਾਪ ਸਥਾਨਾਂ ਕ੍ਰਿਆ ਸਥਾਨਾਂ ਨੂੰ ਮੁਕਤੀ ਦਾ ਇਛੁਕ (ਦਰਵ) ਸ਼੍ਰਮਣ, ਬ੍ਰਾਹਮਣ ਸਹੀ ਢੰਗ ਨਾਲ ਜਾਨੇ ਤੇ ਇਸ ਦਾ ਤਿਆਗ ਕਰ ਦੇਵੇ। (28)

## 13. ਏਰਿਆ ਪਥਿਕ ਕ੍ਰਿਆ ਸਥਾਨ—

ਇਸ ਤੋਂ ਵਾਅਦ ਤੇਰਹਵਾਂ ਕ੍ਰਿਆ ਸਥਾਨ ਹੈ ਜਿਸਨੂੰ ਏਰਿਆ ਪਥਿਕ ਆਖਦੇ ਹਨ, ਇਸ ਜਗਤ ਵਿਚ ਜੋ ਮਨੁੱਖ ਅਪਣਾ ਆਤਮ ਕਲਿਆਣ ਕਰਨ ਲਈ ਸਾਰੇ ਪਾਪ ਨੂੰ ਛਡਦੇ ਹਨ। ਘਰ ਬਾਰ ਛੱਡਕੇ ਮੁਨੀ ਬਣ ਗਏ ਹਨ। ਜੋ ਏਰਿਆ ਸਮਿਤੀ ਵਾਲੇ ਹਨ, ਜੋ ਸਾਵਦਯ (ਪਾਪਕਾਰੀ) ਭਾਸ਼ਾ ਨਹੀਂ ਬੋਲਦੇ, ਇਸ ਲਈ ਭਾਸ਼ਾ ਸਮਿਤੀ ਵਾਲੇ ਹਨ। ਜੋ ਪੇਸ਼ਾਬ, ਟੱਟੀ, ਥੁਕ, ਕਫ ਤੇ ਨਕ ਦੀ ਮੈਲ ਠੀਕ ਥਾਂ ਤੇ ਤਿਆਗਦੇ ਹਨ।

ਜੋ ਮਨ ਸਮਿਤੀ, ਵਚਨ ਤੇ ਕਾਇਆ ਸਮਿਤੀ ਵਾਲੇ ਹਨ। ਜੋ ਮਨ ਗੁਪਤੀ, ਵਚਨ ਤੇ ਕਾਇਆ ਗੁਪਤੀ ਨੂੰ ਵਸ ਵਿਚ ਰਖਕੇ ਬ੍ਰਹਮਚਰਜ ਦਾ ਪਾਲਨ ਕਰਦੇ ਹਨ। ਜੋ ਸਾਧੂ ਉਪਯੋਗ (ਦੇਖ ਭਾਲ ਕੇ) ਨਾਲ ਚਲਦੇ ਹਨ, ਖੜੇ ਹੁੰਦੇ ਹਨ, ਬੈਠਦੇ ਹਨ, ਕਰਵਟ ਲੈਂਦੇ ਹਨ। ਯਤਨਾ ਪੂਰਵ (ਸਾਵਧਾਨੀ) ਨਾਲ ਭੋਜਨ ਗ੍ਰਹਿਣ ਕਰਦੇ ਹਨ, ਬੋਲਦੇ ਹਨ। ਸਾਵਧਾਨੀ ਨਾਲ ਕਪੜੇ, ਭਾਂਡੇ, ਕੰਬਲ, ਪਾਦ ਪੌਚਨ (ਪੈਰ ਪੂੰਝਨ ਦਾ ਵਸਤਰ) ਨੂੰ ਗ੍ਰਹਿਣ ਕਰਦੇ ਹਨ। ਇਨ੍ਹਾਂ ਵਸਤਾਂ ਨੂੰ ਠੀਕ ਥਾਂ ਤੇ ਰਖਦੇ ਹਨ। ਇਥੋਂ ਤਕ ਕਿ ਅੱਖਾਂ ਦੀਆਂ

ਪਲਕਾਂ ਨੂੰ ਵੀ ਝਪਕਾਉਣ ਵਿਚ ਸਮਝਦਾਰੀ ਰਖਦੇ ਹਨ। ਉਹ ਸਾਧੂ ਭਿੰਨ ਭਿੰਨ ਪ੍ਰਕਾਰ ਵਾਲੀ ਸੂਖਮ ਏਰਿਆ ਪਥਿਕ ਕ੍ਰਿਆ ਨੂੰ ਪ੍ਰਾਪਤ ਕਰਦੇ ਹਨ। ਫੇਰ ਸੂਖਮ ਏਰਿਆ ਪਥਿਕ ਕ੍ਰਿਆ ਦਾ ਪਹਿਲੇ ਸਮੇਂ ਬੰਧ ਕਰਦੇ ਹਨ।

ਦੂਸਰੇ ਸਮੇਂ ਭੋਗ ਦੇ ਹਨ ਅਤੇ ਤੀਸਰੇ ਸਮੇਂ ਨਿਰਜਰਾ (ਕਰਮ ਦੇ ਪੁਦਗਲ-ਧੂਲ ਝੜਨ) ਦੀ ਕ੍ਰਿਆ ਕਰਦੇ ਹਨ। ਚੋਥੇ ਸਮੇਂ ਕਰਮ ਰਹਿਤ ਹੋ ਜਾਂਦੇ ਹਨ। ਇਸ ਪ੍ਰਕਾਰ ਵੀਤਰਾਗ (ਅਰਿਹੰਤ) ਪੁਰਖ ਨੂੰ ਏਰਿਆ ਪਥਿਕ ਕ੍ਰਿਆ ਦਾ ਬੰਧ ਹੁੰਦਾ ਹੈ।

ਇਹ ਤੇਰਹਵਾਂ ਕ੍ਰਿਆ ਸਥਾਨ ਏਰਿਆ ਪਥਿਕ ਅਖਵਾਉਂਦਾ ਹੈ। ਸ੍ਰੀ ਸੁਧਰਮਾ ਸਵਾਮੀ ਅਪਣੇ ਚੇਲੇ ਜੰਬੂ ਸਵਾਮੀ ਨੂੰ ਆਖਦੇ ਹਨ।

"ਪਹਿਲਾਂ ਜਿੰਨੇ ਤੀਰਥੰਕਰ ਹੋਏ ਹਨ, ਵਰਤਮਾਨ ਵਿਚ ਜਿੰਨੇ ਤੀਰਥੰਕਰ ਹਨ, ਅਗੇ ਨੂੰ ਹੋਰ ਹੋਣਗੇ। ਸਭਨਾਂ ਨੇ ਇਨ੍ਹਾਂ 13 ਕ੍ਰਿਆ ਸਥਾਨਾਂ ਵਾਰੇ ਦੱਸਿਆ ਹੈ, ਦਸ ਰਹੇ ਹਨ ਅਤੇ ਦਸ ਦੇਣਗੇ।"

ਭੂਤਕਾਲ ਦੇ ਤੀਰਥੰਕਰਾਂ ਨੇ ਇਸ ਤੇਰਹਵੇਂ ਕ੍ਰਿਆ ਸਥਾਨ ਦਾ ਸੇਵਨ ਕੀਤਾ ਸੀ ਅਤੇ ਵਰਤਮਾਨ ਦੇ ਤੀਰਥੰਕਰ ਕਰ ਰਹੇ ਹਨ ਤੇ ਭਵਿਖ ਵਿਚ ਸੇਵਨ ਕਰਨਗੇ। (29)

### ਪਾਪ ਸ਼ਰੁਤ (ਗਿਆਨ) ਗ੍ਰੰਥਾਂ ਦੇ ਨਾਂ—

ਇਸ ਤੋਂ ਵਾਅਦ ਜਿਸ ਵਿਦਿਆ ਰਾਹੀਂ ਪੁਰਸ਼ ਜਿੱਤ ਹਾਸਲ ਕਰਦੇ ਹਨ ਜਾਂ ਖੋਜ ਕਰਦੇ ਹਨ। ਉਨ੍ਹਾਂ ਵਿਦਿਆਵਾਂ ਦੇ ਨਾਂ ਦੱਸਾਂਗਾ।

ਇਸ ਜਗਤ ਵਿਚ ਭਿੰਨ ਭਿੰਨ ਪ੍ਰਕਾਰ ਦੇ ਗਿਆਨ ਵਾਲੇ, ਭਿੰਨ ਭਿੰਨ ਨਿਸ਼ਚੈ ਵਾਲੇ ਆਚਾਰ (ਚਾਰਿਤਰ) ਵਾਲੇ, ਨਜ਼ਰ ਵਾਲੇ, ਰੁਚੀਆਂ ਵਾਲੇ, ਆਰੰਬ ਵਾਲੇ, ਭਿੰਨ ਭਿੰਨ ਅਧਿਆਵਸਾਏ (ਮਨ ਦੀ ਹਾਲਤ) ਵਾਲੇ ਮਨੁੱਖ ਹੁੰਦੇ ਹਨ। ਉਹ ਅਪਣੀ ਅਪਣੀ ਰੁਚੀ ਅਨੁਸਾਰ ਪਾਪੀ ਗ੍ਰੰਥਾਂ ਦੀ ਵਿਦਿਆਵਾਂ ਦਾ ਅਧਿਐਨ ਕਰਦੇ ਹਨ। ਜੋ ਇਸ ਪ੍ਰਕਾਰ ਹਨ।

1. ਭੂਚਾਲ ਆਦਿ ਜਾਂ ਜ਼ਮੀਨ ਹੇਠਾਂ ਪਾਣੀ ਖਣਿਜ ਪਦਾਰਥਾਂ ਵਾਰੇ ਗਿਆਨ ਕਰਾਉਣ ਵਾਲੇ ਗ੍ਰੰਥ।
2. ਕਿਸੇ ਪ੍ਰਾਕ੍ਰਿਤਕ ਵਿਪੱਤੀ ਦੀ ਸੂਚਨਾ ਦੇਣ ਵਾਲੇ ਤੇ ਫਲ ਦਸਣ ਵਾਲੇ ਗ੍ਰੰਥ।
3. ਸੁਪਨ ਸ਼ਾਸ਼ਤਰ।
4. ਅਕਾਸ਼ ਵਿਚ ਪੈਦਾ ਹੋਣ ਵਾਲੇ ਬੱਦਲਾਂ ਦਾ ਗਿਆਨ ਦੇਣ ਵਾਲੇ ਗ੍ਰੰਥ।
5. ਅੰਗ ਸ਼ਾਸ਼ਤਰ— ਅੰਗਾਂ ਦੇ ਫੜਕਨ (ਮੱਥਾ, ਅੱਖ, ਬਾਂਹ) ਰਾਹੀਂ ਗਿਆਨ ਦੇਣ ਵਾਲੇ ਸ਼ਾਸ਼ਤਰ।

6. ਕੋ: ਗਿੱਦੜ ਦੀ ਆਵਾਜ਼ ਸੁਣ ਕੇ ਫਲ ਦਸਣ ਵਾਲੇ ਗ੍ਰੰਥ।
7. ਪੁਰਸ਼ ਤੇ ਇਸਤਰੀਆਂ ਦੇ ਹੱਥਾਂ ਦੀਆਂ ਰੇਖਾਵਾਂ ਦਾ ਗਿਆਨ ਕਰਾਉਨ ਵਾਲੇ ਗ੍ਰੰਥ। ਇਸ ਵਿਚ ਹੱਥ ਪੈਰ ਦੇ ਜੌਂ, ਮੱਛੀ, ਸ਼ੰਖ, ਪਦਮ ਤੇ ਸ੍ਰੀ ਵਤਸ, ਚਕਰ ਦਾ ਗਿਆਨ ਸ਼ਾਮਲ ਹੈ।
8. ਪੁਰਸ਼ ਇਸਤਰੀਆਂ ਦੇ ਸ਼ਰੀਰਕ ਲੱਛਣਾਂ ਨੂੰ (ਮੱਸਾ, ਤਿਲ) ਫਲ ਦਸਣ ਵਾਲ ਗ੍ਰੰਥ।
9. ਇਸਤਰੀ ਦੇ ਸ਼ਰੀਰਕ ਲੱਛਣ ਦਸਣ ਵਾਲੇ ਗ੍ਰੰਥ।
10. ਪੁਰਸ਼ ਦੇ ਸ਼ਰੀਰਕ ਲੱਛਣ ਦਸਣ ਵਾਲੇ ਗ੍ਰੰਥ।
11. ਘੋੜੇ ਦੇ ਲੱਛਣ ਦਸਣ ਵਾਲੇ ਗ੍ਰੰਥ।
12. ਹਾਥੀ ਦੇ ਲੱਛਣ ਦਸਣ ਵਾਲੇ ਗ੍ਰੰਥ।
13. ਗਊ ਦੇ ਲੱਛਣ ਦਸਣ ਵਾਲੇ ਗ੍ਰੰਥ।
14. ਭੇਡ ਦੇ ਲੱਛਣ ਦਸਣ ਵਾਲੇ ਗ੍ਰੰਥ।
15. ਮੁਰਗੇ ਦੇ ਲੱਛਣ ਦਸਣ ਵਾਲੇ ਗ੍ਰੰਥ।
16. ਤਿੱਤਰ ਦੇ ਲੱਛਣ ਦਸਣ ਵਾਲੇ ਗ੍ਰੰਥ।
17. ਬੱਤਖ ਦੇ ਲੱਛਣ ਦਸਣ ਵਾਲੇ ਗ੍ਰੰਥ।
18. ਲਾਵਕ ਦੇ ਲੱਛਣ ਦਸਣ ਵਾਲੇ ਗ੍ਰੰਥ।
19. ਚਕਵੇ ਦੇ ਲੱਛਣ ਦਸਣ ਵਾਲੇ ਗ੍ਰੰਥ।
20. ਛੱਤਰ ਦੇ ਲੱਛਣ ਦਸਣ ਵਾਲੇ ਗ੍ਰੰਥ।
21. ਚਮੜੇ ਵਾਰੇ ਗਿਆਨ ਦੇਣ ਵਾਲੇ ਗ੍ਰੰਥ।
22. ਡੰਡੇ ਤੇ ਪਈ ਗੱਠ ਆਦਿ ਦਾ ਗਿਆਨ ਦੇਣ ਵਾਲੇ ਗ੍ਰੰਥ।
23. ਤਲਵਾਰ ਦੇ ਲੱਛਣ ਦਸਣ ਵਾਲੇ ਗ੍ਰੰਥ।
24. ਮਨੀ ਦੇ ਲੱਛਣ ਦਸਣ ਵਾਲੇ ਗ੍ਰੰਥ।
25. ਕੌਡੀਆਂ ਦੇ ਲੱਛਣ ਦਸਣ ਵਾਲੇ ਗ੍ਰੰਥ।
26. ਕਰੂਪ ਨੂੰ ਸਰੂਪ ਬਨਾਉਣ ਵਾਲੀਆਂ ਵਿਦਿਆਵਾਂ।
27. ਵਿਧਵਾ ਬਨਾਉਣ ਵਾਲੀ ਵਿਦਿਆ, ਸਰੂਪ ਨੂੰ ਕਰੂਪ ਬਨਾਉਣ ਵਾਲੀ ਵਿਦਿਆ।
28. ਗਰਭਵਤੀ ਬਨਾਉਣ ਵਾਲੀ ਵਿਦਿਆ।
29. ਇਸਤਰੀ, ਪੁਰਸ਼ ਨੂੰ ਮੋਹਿਤ ਕਰਨ ਵਾਲੀ ਵਿਦਿਆ।
30. ਜਗਤ ਦਾ ਖਾਤਮਾ ਕਰਨ ਵਾਲੀ ਵਿਦਿਆ, ਫੌਰਨ ਆਫਤ ਪੈਦਾ ਕਰਨ ਵਾਲੇ ਮਨੁੱਖ।

31. ਇੰਦਰ ਜਾਲ ਵਿਦਿਆ।

32. ਉਚਾਟਨ (ਵੱਸ਼ ਵਿਚ ਕਰਨ ਲਈ) ਸ਼ੁਧ ਘਿਓ, ਸ਼ਹਿਦ ਰਾਹੀਂ ਹੋਮ ਕਰਨ ਦੀ ਵਿਦਿਆ।

33. ਖੱਤਰੀਆਂ ਦੀ ਵਿਦਿਆ।

34. ਚੰਦਰਮਾ ਦੀ ਗਤੀ ਦਸਣ ਵਾਲੇ ਗ੍ਰੰਥ।

35. ਸੂਰਜ ਦੀ ਗਤੀ ਦਸਣ ਵਾਲੇ ਗਰੰਥ।

36. ਸ਼ੁਕਰ ਦੀ ਗਤੀ ਦਸਣ ਵਾਲੇ ਗ੍ਰੰਥ।

37. ਬ੍ਰਹਸਪਤੀ ਚਾਲ ਦਸਣ ਵਾਲੇ ਗ੍ਰੰਥ।

38. ਦਿਗਦਾਹ (ਬਾਵਬਰੋਲਾ) ਦਸਣ ਵਾਲੇ ਗ੍ਰੰਥ।

39. ਬਿਜਲੀ ਗਿਰਨ ਤੇ ਦਸਣ ਵਾਲੇ ਗ੍ਰੰਥ।

40. ਪਿੰਡ ਵਿਚ ਵੜਦੇ ਜਾਨਵਰਾਂ ਨੂੰ ਵੇਖ ਕੇ ਸ਼ੁਭ-ਅਸ਼ੁਭ ਦਸਣ ਵਾਲੇ ਗ੍ਰੰਥ।

41. ਕੌਂ ਆਦਿ ਪੰਛੀਆਂ ਦੇ ਬੋਲਨ ਤੇ ਸ਼ੁਭ ਅਸ਼ੁਭ ਫਲ ਦਸਣ ਵਾਲੇ ਗ੍ਰੰਥ।

42. ਧੂਲ ਵਾਲੀ ਵਰਖਾ ਪੈਣ ਤੇ ਫਲ ਦਸਣ ਵਾਲੇ ਗ੍ਰੰਥ।

43. ਬਾਲਾਂ ਦੀ ਵਰਖਾ ਹੋਣ ਤੇ ਫਲ ਦਸਣ ਵਾਲੇ ਗ੍ਰੰਥ।

44. ਮਾਸ ਦੀ ਵਰਖਾ ਹੋਣ ਤੇ ਫਲ ਦਸਣ ਵਾਲੇ ਗ੍ਰੰਥ।

45. ਖੂਨ ਦੀ ਵਰਖਾ ਹੋਣ ਤੇ ਫਲ ਦਸਣ ਵਾਲੇ ਗ੍ਰੰਥ।

46. ਵੈਤਾਲੀ ਵਿਦਿਆ ਦੇ ਅਸਰ ਨਾਲ ਲਕੜੀ ਵਿਚ ਜਾਨ ਪਾਉਣ ਦੀ ਵਿਦਿਆ।

47. ਵੈਤਾਲੀ ਵਿਦਿਆ ਦੀ ਵਿਰੋਧੀ ਵਿਦਿਆ, ਜਿਸ ਕਾਰਣ ਖੜੀ ਸੋਟੀ ਗਿਰਾਈ ਜਾ ਸਕਦੀ ਹੈ।

48. ਮਨੁੱਖ ਨੂੰ ਸੁਲਝਾਉਣ ਦੀ ਵਿਦਿਆ।

49. ਜਿੰਦਰਾ ਖੋਲਣ ਦੀ ਵਿਦਿਆ।

50. ਚੰਡਾਲਾਂ ਦੀ ਵਿਦਿਆ।

51. ਸਾਂਭਰੀ ਵਿਦਿਆ।

52. ਦਰਾਵੀੜਾ ਦੀ ਵਿਦਿਆ।

53. ਕਲਿੰਗੀ ਵਿਦਿਆ।

54. ਗੋਰੀ ਵਿਦਿਆ।

55. ਗੰਧਾਰੀ ਵਿਦਿਆ।

56. ਹੇਠਾਂ ਗਿਰਾਉਣ ਦੀ ਵਿਦਿਆ।

57. ਉੱਪਰ ਉਠਾਉਣ ਦੀ ਵਿਦਿਆ।

58. ਅੰਗੜਾਈ ਸੰਬੰਧੀ ਵਿਦਿਆ ।

59, ਸਤੰਵਨ—ਖੰਭੇ ਦੀ ਤਰ੍ਹਾਂ ਰੋਕਨ ਦੀ ਵਿਦਿਆ ।

60. ਚਿਪਕਾਉਣੀ ਵਿਦਿਆ ।

61. ਰੋਗੀ ਬਨਾਉਣ ਦੀ ਵਿਦਿਆ ।

62. ਨੀਰੋਗ ਕਰਨ ਦੀ ਵਿਦਿਆ ।

63. ਭੂਤ, ਪ੍ਰੇਤ ਦੇ ਕਸ਼ਟ ਦੂਰ ਕਰਣ ਦੀ ਵਿਦਿਆ ।

64. ਲੋਕਾਂ ਦੀਆਂ ਅੱਖਾਂ ਸਾਹਮਣੇ ਗੁਮ ਹੋ ਜਾਣ ਦੀ ਵਿਦਿਆ ।

65. ਛੋਟੀ ਚੀਜ਼ ਨੂੰ ਬੜੀ ਬਨਾਉਣ ਦੀ ਵਿਦਿਆ ।

ਇਨ੍ਹਾਂ ਜਾਂ ਹੋਰ ਅਨੇਕਾਂ ਵਿਦਿਆ ਦਾ ਪ੍ਰਯੋਗ, ਭੋਜਨ, ਪਾਣੀ, ਕਪੜੇ, ਨਿਵਾਸ, ਆਸਨ ਲਈ ਪਾਖੰਡੀ ਲੋਕ ਕਰਦੇ ਹਨ । ਇਸ ਰਾਹੀਂ ਇਹ ਲੋਕ ਆਤਮ ਹਿੱਤ ਤੋਂ ਉਲਟ ਚਲਦੇ ਹਨ । ਸਾਰੀਆਂ ਵਿਦਿਆਵਾਂ ਦਾ ਇਹ ਅਨਾਰਿਆ ਲੋਕ ਸੇਵਨ ਕਰਦੇ ਹਨ ।

ਕਈ ਪਾਪੀ ਲੋਕ ਵਿਸ਼ੈ ਭੋਗਾਂ ਦੀ ਪ੍ਰਾਪਤੀ ਲਈ ਇਨ੍ਹਾਂ ਦਾ ਸਹਾਰਾ ਲੈਂਦੇ ਹਨ । ਇਹ ਵਿਦਿਆ ਪਰਲੋਕ ਜਾਂ ਆਤਮ ਹਿੱਤ ਤੋਂ ਉਲਟ ਹੈ ।

ਭਰਮ ਵਿਚ ਪਏ ਅਨਾਰਿਆ ਇਨ੍ਹਾਂ ਗਲਤ ਵਿਦਿਆਵਾਂ ਦਾ ਅਧਿਐਨ ਤੇ ਪ੍ਰਯੋਗ ਰਹੀਂ ਮੌਤ ਸਮੇਂ, ਸਰ ਕਰ ਕਿਸੇ ਅਸੁਰ (ਕਿਲਿਵਿਸ਼) ਸਥਾਨ ਵਿਚ ਪੈਦਾ ਹੁੰਦੇ ਹਨ । ਫੇਰ ਉਹ ਉਮਰ ਪੂਰੀ ਕਰਕੇ, ਅਜੇਹੀ ਯੋਨੀ ਵਿਚ ਪੈਦਾ ਹੁੰਦੇ ਹਨ, ਜਿਥੇ ਉਹ ਬਕਰੇ ਦੀ ਤਰ੍ਹਾਂ ਗੂੰਗੇ ਜਾਂ ਜਨਮ ਤੋਂ ਗੂੰਗਾ ਤੇ ਅੰਨ੍ਹੇ ਹੁੰਦੇ ਹਨ । (30)

**ਮਹਾਂਪਾਪ—**

ਕੋਈ ਪਾਪੀ ਮਨੁੱਖ ਅਪਣੇ ਲਈ, ਅਪਣੀ ਜਾਤ ਲਈ, ਰਿਸ਼ਤੇਦਾਰਾਂ ਲਈ, ਐਸ਼ ਦੀ ਸਾਮਗਰੀ ਲਈ, ਘਰ ਬਨਾਉਣ ਲਈ ਜਾਂ ਪਰਿਵਾਰ ਦੇ ਗੁਜ਼ਾਰੇ ਲਈ, ਅਪਣੇ ਜਾਨ ਪਛਾਣ ਵਾਲੇ ਆਦਮੀ ਜਾਂ ਪੜੋਸੀ ਜਾਂ ਸਾਥੀ ਨਾਲ ਹੇਠ ਲਿਖੇ ਪਾਪ ਕਰਮ ਦਾ ਆਚਰਨ ਕਰਦਾ ਹੈ । ਕੋਈ ਪਾਪੀ ਪੁਰਸ਼, ਕਿਸੇ ਅਗੇ ਜਾਣ ਵਾਲੇ ਮਨੁੱਖ ਦਾ ਧਨ ਖੋਹ ਲੈਂਦਾ ਹੈ ਜਾਂ ਪਾਪ ਕਰਨ ਹਿੱਤ ਉਸ ਦੀ ਸੇਵਾ ਕਰਦਾ ਹੈ ਜਾਂ ਧਨ ਨੂੰ ਚੋਰੀ ਕਰਨ ਲਈ ਅਗੇ ਆਉਂਦਾ ਹੈ । ਸੰਨ੍ਹ ਲਾਉਂਦਾ ਹੈ, ਗੰਠ ਕੱਟਦਾ ਹੈ, ਭੇਡ ਚਾਰਦਾ ਹੈ, ਸੂਅਰ ਪਾਲਦਾ ਜਾਂ ਚਾਰਦਾ ਹੈ। ਜਾਲ ਸੁਟਕੇ ਮਿਰਗ ਪਕੜਦਾ ਹੈ, ਗਊ ਘਾਤ ਕਰਦਾ ਹੈ, ਕਮਾਈ ਦਾ ਧੰਦਾ ਕਰਦਾ ਹੈ । ਗਊ ਪਾਲਨ ਕਰਦਾ ਹੈ, ਕੁੱਤੇ ਪਾਲਦਾ ਹੈ ਜਾਂ ਕੁੱਤਿਆਂ ਨਾਲ ਸ਼ਿਕਾਰ ਖੇਡਦਾ ਹੈ ।

ਕੋਈ ਪਾਪੀ ਮਨੁੱਖ ਪਿੰਡ ਜਾਂਦੇ ਕਿਸੇ ਅਮੀਰ ਦੇ ਪਿੱਛੇ-ਪਿੱਛੇ ਜਾ ਕੇ ਉਸ ਮਨੁੱਖ ਦੀ ਡੰਡਾ ਮਾਰਕੇ, ਤਲਵਾਰ ਨਾਲ ਕਟਕੇ ਉਸ ਦੀ ਹੱਤਿਆ ਕਰਦਾ ਹੈ । ਸੂਲੀ ਰਾਹੀਂ, ਘਸੀਟ ਕੇ, ਚਾਵੁਕ ਨਾਲ ਮਾਰਦਾ ਹੈ । ਉਸਦਾ ਧਨ ਖੋਹ ਕੇ ਭੋਜਨ ਪ੍ਰਾਪਤ ਕਰਦਾ ਹੈ ਇਸ

ਪ੍ਰਕਾਰ ਦਾ ਮਹਾਪਾਪ ਕਰਨ ਵਾਲਾ ਮਨੁੱਖ ਸੰਸਾਰ ਵਿਚ ਮਹਾਪਾਪੀ ਹੈ।

ਕੋਈ ਪਾਪੀ ਕਿਸੇ ਧਨਵਾਨ ਦੀ ਸੇਵਾ ਕਰਕੇ, ਅਪਣੇ ਮਾਲਕ ਨੂੰ ਮਾਰਕੇ, ਛੇਦਕੇ ਭੇਦ ਕੇ, ਘਾਤ ਕਰਕੇ. ਜੀਵਨ ਨਾਸ਼ ਕਰਕੇ ਧਨ ਲੁਟਦਾ ਹੈ ਤੇ ਭੋਜਨ ਪ੍ਰਾਪਤ ਕਰਦਾ ਹੈ। ਇਸ ਪ੍ਰਕਾਰ ਉਹ ਮਹਾਪਾਪੀ ਆਪ ਮਹਾਪਾਪ ਕਰਮ ਕਾਰਣ ਮਹਾਪਾਪੀ ਅਖਵਾਉਂਦਾ ਹੈ।

ਕੋਈ ਪਾਪੀ ਜੀਵ ਕਿਸੇ ਪਿੰਡ ਆਏ ਧਨਵਾਨ ਦੇ ਸਾਹਮਣੇ ਜਾ ਕੇ ਉਸਨੂੰ ਰਾਹ ਵਿੱਚ ਰੋਕ ਕੇ, ਮਾਰਕੇ, ਛੇਦਨ, ਭੇਦਨ ਰਾਹੀਂ ਧਨ ਲੁਟਦਾ ਹੈ ਅਤੇ ਗੁਜ਼ਾਰਾ ਕਰਦਾ ਹੈ। ਇਸ ਪ੍ਰਕਾਰ ਮਹਾਨ ਪਾਪ ਕਰਨ ਕਾਰਣ ਸੰਸਾਰ ਵਿੱਚ ਅਪਣੇ ਆਪਨੂੰ ਮਹਾਪਾਪੀ ਨਾਂ ਨਾਲ ਪ੍ਰਸਿਧ ਕਰਦਾ ਹੈ।

ਕੋਈ ਪਾਪੀ ਧੰਨਵਾਨਾਂ ਦੇ ਘਰਾਂ ਵਿਚ ਸੰਨ੍ਹ ਲਗਾਕੇ ਧੰਨ ਚੋਰੀ ਕਰਕੇ ਗੁਜ਼ਾਰਾ ਕਰਦਾ ਹੈ, ਅਗੇ ਮਹਾਪਾਪ ਕਰਨ ਵਾਲਾ ਮਹਾਪਾਪੀ ਅਖਵਾਉਂਦਾ ਹੈ।

ਕੋਈ ਆਦਮੀ ਧੰਨਵਾਨਾਂ ਦੇ ਧੰਨ ਦੀ ਗੱਠ ਕੱਟਕੇ ਮਹਾਪਾਪ ਕਰਮ ਕਰਦਾ ਹੈ ਅਤੇ ਮਹਾਪਾਪੀ ਦੇ ਨਾਂ ਨਾਲ ਪ੍ਰਸਿੱਧ ਹੁੰਦਾ ਹੈ।

ਕੋਈ ਮਨੁੱਖ ਭੇਡਾਂ ਦਾ ਚਰਵਾਹਾ ਬਣਕੇ ਉਨ੍ਹਾਂ ਭੇਡਾਂ ਜਾਂ ਦੂਸਰੇ ਤਰੱਸ (ਹਿਲਨ ਜੁਲਣ) ਵਾਲੇ ਪ੍ਰਾਣੀਆਂ ਨੂੰ ਮਾਰ ਕੇ ਗੁਜ਼ਾਰਾ ਕਰਦਾ ਹੈ ਇਸ ਪ੍ਰਕਾਰ ਦਾ ਪਾਪ ਕਰਮ ਕਰਨ ਵਾਲਾ ਮਹਾ ਪਾਪੀ ਅਖਵਾਉਂਦਾ ਹੈ।

ਕੋਈ ਮਨੁੱਖ ਕਸਾਈ ਬਨ ਕੇ ਭੈਸੇਂ, ਸੂਅਰ ਜਾਂ ਹੋਰ ਹਿਲਨ ਜੁਲਨ ਵਾਲੇ ਜੀਵਾਂ ਦਾ ਘਾਤ ਕਰਦਾ ਹੈ, ਰੋਜ਼ੀ ਕਮਾਉਂਦਾ ਹੈ, ਅਜੇਹਾ ਪਾਪ ਕਰਮ ਕਰਨ ਵਾਲਾ ਮਹਾਪਾਪੀ ਅਖਵਾਉਂਦਾ ਹੈ।

ਕੋਈ ਮਨੁੱਖ ਸ਼ਿਕਾਰੀ ਦਾ ਧੰਧਾ ਕਰਕੇ ਹਿਰਨ ਜਾਂ ਦੂਸਰੇ ਹਿਲਨ ਜੁਲਨ ਵਾਲੇ ਪ੍ਰਾਣੀਆਂ ਨੂੰ ਮਾਰਕੇ, ਛੇਦਕੇ ਅਹਾਰ ਤਿਆਰ ਕਰਦਾ ਹੈ ਉਹ ਪਾਪੀ ਇਸ ਪ੍ਰਕਾਰ ਦੇ ਮਹਾਨ ਪਾਪ ਕਰਮ ਕਰਕੇ ਭੋਜਨ ਪ੍ਰਾਪਤ ਕਰਦਾ ਹੈ। ਉਹ ਪਾਪੀ ਅਜੇਹੇ ਮਹਾਪਾਪ ਕਾਰਣ ਮਹਾਪਾਪੀ ਅਖਵਾਉਂਦਾ ਹੈ।

ਕੋਈ ਪਾਪੀ ਪੰਛੀ ਫੜਨ ਦਾ ਧੰਦਾ ਕਰਦਾ ਹੈ। ਪੰਛੀ ਜਾਂ ਹੋਰ ਹਿਲਨ ਜੁਲਨ ਵਾਲੇ ਜੀਵਾਂ ਨੂੰ ਮਾਰਕੇ, ਕੁਟਕੇ ਅਪਣੀ ਰੋਟੀ ਰੋਜ਼ੀ ਕਮਾਉਂਦਾ ਹੈ। ਇਸ ਪ੍ਰਕਾਰ ਦਾ ਮਹਾਪਾਪ ਕਰਨ ਵਾਲਾ ਮਹਾਪਾਪੀ ਅਖਵਾਉਂਦਾ ਹੈ।

ਇਨਾਂ ਦੁਸ਼ਟ ਪੁਰਸ਼ਾਂ ਦੀ ਅੰਦਰਲੀ ਪਰਿਸਦ ਹੁੰਦੀ ਹੈ ਜੋ ਇਸ ਪ੍ਰਕਾਰ ਹੈ।

ਮਾਂ, ਪਿਉ, ਭਾਈ ਭੈਣ, ਪਤਨੀ, ਪੁਤਰ, ਪੁੱਤਰੀ ਤੇ ਨੂੰਹ, ਇਨ੍ਹਾਂ ਤੋਂ ਥੋੜਾ ਜੇਹਾ ਕਸੂਰ ਹੋਣ ਤੇ ਵੀ ਉਹ ਪੁਰਸ਼ ਇਨ੍ਹਾਂ ਨੂੰ ਬੜਾ ਦੰਡ ਦਿੰਦੇ ਹਨ।

ਕੋਈ ਪਾਪੀ ਪੁਰਸ਼ ਮੱਛੀਆਂ ਫੜਕੇ ਜਾਂ ਹੋਰ ਹਿਲਨ ਜੁਲਨ ਵਾਲੇ ਜੀਵਾਂ ਨੂੰ ਮਾਰਕੇ ਗੁਜਾਰਾ ਕਰਦਾ ਹੈ ਅਜੇਹੇ ਪਾਪ ਕਰਮ ਕਰਨਵਾਲਾ ਮਹਾਪਾਪ ਕਰਮ ਕਾਰਣ ਮਹਾਪਾਪੀ ਅਖਵਾਉਂਦਾ ਹੈ।

ਕੋਈ ਮਨੁੱਖ ਗਊ ਹਤਿਆ ਜਾਂ ਕਸਾਈ ਦਾ ਧੰਦਾ ਅਪਣਾ ਕੇ ਗਾਂ ਜਾਂ ਹੋਰ ਹਿਲਣ ਜੁਲਣ ਵਾਲੇ ਜੀਵਾਂ ਦਾ ਘਾਤ ਕਰਦਾ ਹੈ ਇਸ ਕੰਮ ਨਾਲ ਗੁਜਾਰਾ ਕਰਦਾ ਹੈ ਇਸ ਮਹਾ-ਪਾਪ ਕਰਮ ਕਾਰਣ ਉਹ ਸੰਸਾਰ ਵਿਚ ਮਹਾਪਾਪੀ ਅਖਵਾਉਂਦਾ ਹੈ।

ਕੋਈ ਮਨੁੱਖ ਗਊ ਪਾਲਨ ਦਾ ਧੰਦਾ ਕਰਕੇ ਬੱਛਿਆਂ ਨੂੰ ਮਾਰਦਾ ਜਾਂ ਕਸਾਈ ਕੋਲ ਬੇਚ ਕੇ ਰੋਟੀ ਰੋਜੀ ਕਮਾਉਂਦਾ ਹੈ, ਉਹ ਇਸ ਕਾਰਣ ਮਹਾਪਾਪੀ ਅਖਵਾਉਂਦਾ ਹੈ।

ਕੋਈ ਮਨੁੱਖ ਕੁੱਤਾ ਪਾਲਕ ਦਾ ਧੰਦਾ ਕਰਦਾ ਹੈ ਤਾਂ ਉਸੇ ਕੁੱਤੇ ਨੂੰ ਜਾਂ ਹੋਰ ਹਿਲਣ ਜੁਲਣ ਵਾਲੇ ਜੀਵਾਂ ਨੂੰ ਮਾਰਕੇ ਰੋਟੀ ਰੋਜੀ ਕਮਾਉਂਦਾ ਹੈ ਅਜੇਹਾ ਮਹਾਪਾਪ ਕਰਨ ਵਾਲਾ ਮਹਾਪਾਪੀ ਅਖਵਾਉਂਦਾ ਹੈ।

ਕੋਈ ਮਨੁੱਖ ਸ਼ਿਕਾਰੀ ਕੁਤਿਆਂ ਰਾਹੀਂ ਜੰਗਲੀ ਜਾਨਵਰਾਂ ਨੂੰ ਮਾਰਨ ਦਾ ਧੰਦਾ ਕਰਦਾ ਨੂੰ ਜਾਂ ਹੋਰ ਹਿਲਨ ਜੁਲਨ ਵਾਲੇ ਜੀਵਾਂ ਦਾ ਘਾਤ ਕਰਦਾ ਹੈ ਇਸ ਢੰਗ ਨਾਲ ਰੋਟੀ ਰੋਜੀ ਕਮਾਉਣ ਵਾਲਾ ਮਹਾਪਾਪੀ ਅਖਵਾਉਂਦਾ ਹੈ। (31)

## ਅਧਰਮ ਦਾ ਸਵਰੂਪ

ਕੋਈ ਮਨੁੱਖ ਸਭਾ ਵਿਚ ਖੜੇ ਹੋਕੇ ਪ੍ਰਤਿਗਿਆ ਕਰਦਾ ਹੈ—"ਮੈਂ ਇਸ ਪ੍ਰਾਣੀ ਨੂੰ ਮਾਰਾਂਗਾ" ਫੇਰ ਉਹ ਤਿੱਤਰ, ਬਤਖ, ਲਾਵਕ, ਕਬੂਤਰ ਕਪਿਜਲ ਜਾਂ ਕਿਸੇ ਹੋਰ ਹਿਲਨ ਜੁਲਨ ਵਾਲੇ ਪ੍ਰਾਣੀ ਨੂੰ ਮਾਰਕੇ ਅਪਣੇ ਇਸ ਮਹਾਪਾਪ ਕਰਮ ਕਾਰਣ ਮਹਾਪਾਪੀ ਅਖ-ਵਾਉਂਦਾ ਹੈ।

ਕੋਈ ਮਨੁੱਖ ਸੜੇ-ਗਲੇ, ਘਟ ਅੰਨ ਦੇਨ ਕਾਰਨ ਜਾਂ ਮਨ ਇਛਿਤ ਸਵਾਰਥ ਸਿਧ ਨਾ ਹੋਣ ਕਾਰਣ ਜਾਂ ਅਪਮਾਨ ਆਦਿ ਕਾਰਣ ਘਰ ਦੇ ਮਾਲਕ ਜਾਂ ਗ੍ਰਹਿਸਥ ਜਾਂ ਉਸਦੇ ਪੁੱਤਰ ਤੇ ਨਰਾਜ ਹੋਕੇ, ਉਨ੍ਹਾਂ ਤੇ ਜਾਂ ਉਨ੍ਹਾਂ ਦੇ ਪੁੱਤਰਾਂ ਦੇ ਚੌਲ, ਜੌਂ, ਕਣਕ ਆਦਿ ਅਨਾਜ ਨੂੰ ਅੱਗ ਲਗਾ ਦਿੰਦਾ ਹੈ ਦੂਸਰੇ ਤੋਂ ਉਸ ਗ੍ਰਹਿਸਥੀ ਦੇ ਅਨਾਜ ਨੂੰ ਅੱਗਾਂ ਲਗ-ਵਾਉਂਦਾ ਹੈ ਜਾਂ ਅੱਗ ਲਗਾਉਣ ਵਾਲੇ ਨੂੰ ਚੰਗਾ ਸਮਝਦਾ ਹੈ। ਅਜੇਹਾ ਪਾਪੀ ਮਹਾਪਾਧ ਕਾਰਣ ਪਾਪੀ ਅਖਵਾਉਂਦਾ ਹੈ।

ਕੋਈ ਮਨੁੱਖ ਸੜੇ-ਗਲੇ ਜਾਂ ਘਟ ਅੰਨ ਕਾਰਣ, ਮਨ ਵਾਂਛਿਤ ਮਹਾਪਾਪ ਸਿੱਧ ਨਾ ਹੋਣ ਤੇ ਅਪਮਾਨ ਵਝੋਂ ਗੁੱਸੇ ਨਾਲ ਤਿਲਮਿਲਾ ਉਠਦਾ ਹੈ। ਉਹ ਗਾਥਾਪਤਿ ਜਾਂ ਗਾਥਾਪਤਿ ਪੁਤਰ ਦੇ ਉਂਠ, ਗਊ, ਘੋੜਾ, ਗਧਿਆਂ ਦੇ ਪੱਟ ਆਦਿ ਅੰਗਾਂ ਨੂੰ ਕਟ ਦਿੰਹਾ

ਹੈ ਦੂਸਰੇ ਤੋਂ ਉਨ੍ਹਾਂ ਦੇ ਅੰਗ ਕਟਵਾ ਦਿੰਦਾ ਹੈ। ਅਜੇਹਾ ਕਰਨ ਵਾਲੇ ਨੂੰ ਚੰਗਾ ਸਮਝਦਾ ਹੈ। ਉਹ ਮਹਾਪਾਪੀ ਪਾਪਕਰਮ ਕਾਰਣ, ਮਹਾਪਾਪੀ ਅਖਵਾਉਂਦਾ ਹੈ।

ਕੋਈ ਮਨੁੱਖ ਅਪਮਾਨ ਵਸ ਜਾਂ ਖਰਾਬ ਘੱਟ ਅੰਨ ਪਾਉਣ ਕਾਰਣ ਮਤਲਵ ਸਿਧ ਨਾ ਹੋਣ ਕਾਰਣ, ਉਪਰੋਕਤ ਗ੍ਰਹਿਸਥੀ ਜਾਂ ਗ੍ਰਹਿਸਥੀ ਪੁੱਤਰ ਵਿਰੁੱਧ ਤੇ ਉਨ੍ਹਾਂ ਤੇ ਗੁਸੇ ਹੋਕੇ ਉਨ੍ਹਾਂ ਦੀ ਉਠ ਸ਼ਾਲਾ, ਗਊਸ਼ਾਲਾ, ਅਸ਼ਵਸ਼ਾਲਾ ਜਾਂ ਗੰਧਰਵ (ਗੱਧਾ) ਸ਼ਾਲਾ ਨੂੰ ਸੂਕੇ ਕੰਡੇ ਝਾੜੀਆਂ ਨਾਲ ਡੱਕ ਕੇ ਅੱਗ ਲਾਉਂਦਾ ਹੈ, ਕਿਸੇ ਤੋਂ ਲਗਵਾਉਂਦਾ ਹੈ, ਅਜੇਹਾ ਕਰਨ ਵਾਲੇ ਨੂੰ ਚੰਗਾ ਸਮਝਦਾ ਹੈ। ਅਜੇਹਾ ਮਹਾਪਾਪ ਕਰਮ ਕਰਨ ਵਾਲਾ ਮਹਾਪਾਪੀ ਅਖ-ਵਾਉਂਦਾ ਹੈ।

ਕੋਈ ਮਨੁੱਖ ਉਪਰੋਕਤ ਕਾਰਨਾਂ ਕਾਰਣ (ਜੋ ਪਹਿਲਾਂ ਦਸੇ ਜਾ ਚੁਕੇ ਹਨ ਉਸ ਗ੍ਰਹਿਸਥੀ ਦੇ ਕੁੰਡਲ, ਮਨਿ ਜਾਂ ਮੋਤੀ ਖੁਦ ਚੋਰੀ ਕਰਦਾ ਹੈ, ਕਿਸੇ ਤੋਂ ਚੋਰੀ ਕਰਵਾਉਂਦਾ ਹੈ ਜਾਂ ਚੋਰੀ ਕਰਨ ਵਾਲੇ ਨੂੰ ਚੰਗਾ ਸਮਝਦਾ ਹੈ ਅਜੇਹਾ ਮਹਾਪਾਪੀ ਅਜੇਹਾ ਪਾਪ ਕਰਮ ਕਾਰਣ ਮਹਾਪਾਪੀ ਅਖਵਾਉਂਦਾ ਹੈ। ਅਜੇਹਾ ਪਾਪੀ ਪਾਪ ਕਰਮ ਦੇ ਫਲ ਦਾ ਜਰਾ ਵੀ ਡਰ ਨਹੀਂ ਮੰਨਦਾ ਹੈ।

ਕੋਈ ਮਨੁੱਖ ਸ਼੍ਰਮਣ ਜਾਂ ਬ੍ਰਾਹਮਣ ਦੇ ਕਿਸੇ ਖਾਣੇ ਨੂੰ ਘਟ ਜਾਂ ਸੜਿਆ ਗਲਿਆ ਅਨਾਜ ਪਾਂਦਾ ਹੈ। ਸ਼ਰਾਬ ਦੀ ਹਾਂਡੀ ਨਾ ਪ੍ਰਾਪਤ ਹੋਣ ਤੇ ਉਨ੍ਹਾਂ ਪ੍ਰਤਿ ਗੁਸੇ ਹੁੰਦਾ ਹੈ।

ਉਹ ਮਨੁੱਖ ਬਿਨਾ ਕਾਰਣ ਸ਼੍ਰਮਣ ਜਾਂ ਬ੍ਰਾਹਮਣ ਤੋਂ ਉਪਰੋਕਤ ਕਾਰਣਾਂ ਕਰਕੇ ਜਾਂ ਸ਼ਰਾਬ ਦੀ ਹਾਂਡੀ ਨਾ ਮਿਲਨ ਕਾਰਣ ਉਨ੍ਹਾਂ ਸ਼੍ਰਮਣਾਂ ਬ੍ਰਾਹਮਣਾਂ ਤੇ ਨਾਰਾਜ ਹੁੰਦਾ ਹੈ। ਉਨ੍ਹਾਂ ਦੀ ਛਤਰੀ, ਡੰਡ, ਉਪਕਰਨ, ਭਾਂਡ, ਲਾਠੀ, ਆਸਨ, ਵਸਤਰ, ਪਰਦਾ, ਮਛਰਦਾਨੀ ਫਾਲਤੂ ਮਾਸ ਕਟਨ ਵਾਲੀ ਛੁਰੀ ਜਾਂ ਚਮੜੇ ਦੀ ਥੈਲੀ ਖੁੱਦ ਚੁਕਦਾ ਹੈ, ਦੂਸਰੇ ਤੋਂ ਚੁਕਵਾਉਂਦਾ ਹੈ ਅਜੇਹਾ ਕਰਨ ਵਾਲੇ ਨੂੰ ਚੰਗਾ ਸਮਝਦਾ ਹੈ। ਅਜੇਹਾ ਪਾਪੀ ਪਾਪ ਕਰਮਾਂ ਕਾਰਣ ਮਹਾਪਾਪੀ ਅਖਵਾਉਂਦਾ ਹੈ।

ਕੋਈ ਮਨੁੱਖ ਕਿਸੇ ਗ੍ਰਹਿਸਥੀ ਜਾਂ ਗ੍ਰਹਿਸਥੀ ਦੇ ਪੁਤਰਾਂ ਦੇ ਅਨਾਜ ਆਦਿ ਨੂੰ ਖੁਦ ਅੱਗ ਲਗਾਉਂਦਾ ਹੈ ਕਿਸੇ ਤੋਂ ਲਗਵਾਉਂਦਾ ਹੈ ਜਾਂ ਅੱਗ ਲਗਵਾਉਣ ਵਾਲੇ ਨੂੰ ਚੰਗਾ ਸਮਝਦਾ ਹੈ ਅਜੇਹਾ ਪਾਪ ਕਰਮ ਬੰਧ ਕਰਨ ਵਾਲਾ ਮਹਾਪਾਪੀ ਅਖਵਾਉਂਦਾ ਹੈ। ਕੋਈ ਮਨੁੱਖ ਅਪਣੇ ਕੀਤੇ ਕਰਮਾਂ ਦੇ ਫਲ ਦਾ ਜਰਾ ਵਿਚਾਰ ਨਹੀਂ ਕਰਦਾ। ਜਿਵੇਂ ਉਹ ਕਿਸ ਗ੍ਰਹਿਸਥੀ ਜਾਂ ਉਸ ਦੇ ਪੁਤਰਾਂ ਦੇ ਊਠ, ਗਊ, ਘੋੜੇ ਜਾਂ ਗਧੇ ਦੇ ਅੰਗ ਕਟਦਾ ਹੈ ਕਟ ਉਂਦਾ ਹੈ, ਕਟਨ ਵਾਲੇ ਨੂੰ ਚੰਗਾ ਸਮਝਦਾ ਹੈ, ਅਜੇਹਾ ਪਾਪ ਵਿਰਤੀ ਵਾਲਾ ਮਹਾ-ਪਾਪੀ ਅਖਵਾਉਂਦਾ ਹੈ।

ਕੋਈ ਆਦਮੀ ਅਜੇਹਾ ਹੁੰਦਾ ਹੈ ਜੋ ਜਰਾ ਵੀ ਅਪਣੇ ਕੀਤੇ ਕੰਮ ਦਾ ਵਿਚਾਰ ਨਹੀਂ

ਕਰਦਾ। ਉਹ ਗ੍ਰਹਿਸਥੀ ਜਾਂ ਉਨ੍ਹਾਂ ਦੇ ਪੁਤਰਾਂ ਦੀ ਊਠਸ਼ਾਲਾ, ਘੋੜਸਾਲ, ਗਊਸ਼ਾਲਾ ਅਤੇ ਗਧੇਸ਼ਾਲਾ ਨੂੰ ਕੰਡਿਆਂ ਨਾਲ ਢੱਕ ਕੇ ਖੁਦ ਅੱਗ ਲਾਉਂਦਾ ਹੈ ਦੂਸਰੇ ਤੋਂ ਲਗਵਾਉਂਦਾ ਹੈ ਲਾਉਣ ਵਾਲੇ ਨੂੰ ਚੰਗਾ ਸਮਝਦਾ ਹੈ। ਕੋਈ ਮਨੁੱਖ ਅਪਣੇ ਪਾਪ ਕਰਦਾ ਫਲ ਪ੍ਰਤਿ ਨਹੀਂ ਸੋਚਦਾ, ਉਹ ਬਿਨਾ ਕਾਰਣ ਗ੍ਰਹਿਸਥੀ ਜਾਂ ਗ੍ਰਹਿਸਥੀ ਪੁਤਰਾਂ ਦੇ ਕੁੰਡਲ, ਮਨੀ, ਮੋਤੀ ਖੁਦ ਚੋਰੀ ਕਰਦਾ ਹੈ, ਦੂਸਰੇ ਤੋਂ ਕਰਵਾਉਂਦਾ ਹੈ, ਕਰਨ ਵਾਲੇ ਦੀ ਤਾਰੀਫ ਕਰਦਾ ਹੈ।

ਕੋਈ ਮਨੁੱਖ ਪਾਪ ਕਰਮ ਕਰਦੇ ਜਰਾ ਵੀ ਖਿਆਲ ਨਹੀਂ ਕਰਦਾ ਉਹ ਬਿਨਾ ਕਾਰਣ ਸ਼੍ਰਮਣ ਬ੍ਰਾਹਮਣ ਦੀ ਛੱਤਰੀ ਡੰਡਾ, ਉਪਕਰਣ ਭਾਂਡੇ ਆਸਨ ਵਸਤਰ, ਪਰਦਾ, ਮਛਰਦਾਨੀ ਤੋਂ ਲੈਕੇ ਚਰਮ ਛੇਦ ਚਾਕੂ ਛੁਰੀ ਚਮੜੇ ਦੀ ਥੈਲੀ ਤਕ ਸਾਧਨ ਖੁਦ ਚੁਕਦਾ ਹੈ ਦੂਸਰੇ ਤੋਂ ਚੁਕਵਾਉਂਦਾ ਹੈ। ਅਤੇ ਚੁਕਨ ਵਾਲੇ ਨੂੰ ਚੰਗਾ ਸਮਝਦਾ ਹੈ ਇਸ ਪ੍ਰਕਾਰ ਦਾ ਮਨੁੱਖ ਮਹਾਪਾਪ ਕਰਮ ਕਾਰਣ, ਮਹਾਪਾਪੀ ਅਖਵਾਉਂਦਾ ਹੈ।

ਕੋਈ ਪੁਰਸ਼ ਸ਼੍ਰਮਣ, ਬ੍ਰਾਹਮਣ ਨੂੰ ਵੇਖਕੇ ਪਾਪ ਪੂਰਨ ਵਿਵਹਾਰ ਕਰਦਾ ਹੈ ਅਤੇ ਪਾਪ ਕਰਮ ਕਾਰਣ ਮਹਾਪਾਪੀ ਅਖਵਾਉਂਦਾ ਹੈ। ਉਹ ਸਾਧੂ ਨੂੰ ਸਾਹਮਣੇ ਹਟਣ ਲਈ ਚੁਟਕੀ ਬਜਾਉਂਦਾ ਹੈ, ਕਠੋਰ ਵਚਨ ਆਖਦਾ ਹੈ ਭੋਜਨ ਸਮੇਂ ਸਾਧੂ ਨੂੰ ਭੋਜਨ ਪਾਣੀ ਨਹੀਂ ਦਿੰਦਾ ਉਹ ਪਾਪੀ ਪੁਰਸ਼ ਆਖਦਾ ਹੈ "ਇਹ ਭਾਰ ਵਾਲੇ ਜਾਂ ਅਜੇਹੇ ਨੀਚ ਕੰਮ ਕਰਨ ਵਾਲੇ ਦਾਰਿਦਰੀ, ਸ਼ੂਦਰ, ਆਲਸੀ ਹਨ ਜੋ ਆਲਸ ਕਾਰਣ ਜਾਂ ਕੰਮ ਨਾ ਹੋਣ ਕਾਰਣ ਸ਼੍ਰਮਣ ਸਾਧੂ ਬਨਕੇ ਸੁਖੀ ਬਨਣ ਦੀ ਕੋਸ਼ਿਸ ਕਰਦੇ ਹਨ, ਉਹ ਸਾਧੂ ਦਰੋਹੀ ਲੋਕ ਇਸ ਸਾਧ ਦਰੋਹ ਵਾਲੇ ਜੀਵਨ ਨੂੰ ਉੱਤਮ ਮੰਨਦੇ ਹਨ ਜੋ ਜੀਵਨ ਅਧਿਕਾਰ ਯੋਗ ਹੈ। ਉਹ ਮੂਰਖ ਪਰਲੋਕ ਦੇ ਲਈ ਕੁਝ ਨਹੀਂ ਕਰਦੇ, ਪਰ ਉਹ ਦੁੱਖ, ਸੋਗ, ਪਸ਼ਚਾਤਾਪ ਤੇ ਦੁਖੀ ਹੁੰਦੇ ਹਨ। ਪੀੜ ਤੇ ਸੰਤਾਪ ਨੂੰ ਪ੍ਰਾਪਤ ਕਰਦੇ ਹਨ। ਉਹ ਦੁੱਖ, ਨਿੰਦਾ, ਸੋਗ, ਸੰਤਾਪ, ਪੀੜਾ, ਪਰਿਤਾਪ, ਬੰਧ, ਬੰਧਨ ਆਦਿ ਕਲੇਸ਼ਾਂ ਤੋਂ ਛੁਟਕਾਰਾ ਨਹੀਂ ਪਾਂਦੇ।

ਉਹ ਮਹਾਨ ਆਰੰਭ, ਮਹਾਨ ਸਮਾਆਰੰਭ ਅਤੇ ਅਨੇਕਾਂ ਪ੍ਰਕਾਰ ਦੇ ਮਹਾਆਰੰਭ ਸਮਾਆਰੰਭ ਰਾਹੀਂ ਪਾਪ ਜਨਕ ਕਰਮ ਕਰਦੇ ਹੋਏ ਮਨੁੱਖ ਸੰਬੰਧੀ ਭੋਗਾਂ ਦਾ ਉਪਭੋਗ ਕਰਦੇ ਹਨ ਜਿਵੇਂ ਕਿ ਅੰਨ ਪਾਣੀ ਸਮੇਂ ਅੰਨ ਪਾਣੀ, ਕਪੜੇ ਸਮੇਂ ਕਪੜੇ, ਘਰ ਸਮੇਂ ਘਰ, ਮੰਜੇ ਸਮੇ ਮੰਜਾ ਵਰਤਦੇ ਹਨ।

ਉਹ ਸਵੇਰੇ, ਦੁਪਹਿਰ ਤੇ ਸ਼ਾਮ ਨੂੰ ਇਸ਼ਨਾਨ ਕਰਦੇ ਹਨ। ਉਹ ਦੇਵਤੇ ਦੀ ਆਰਤੀ ਕਰਕੇ ਸੋਨਾ ਚੰਦਨ ਦਹੀਂ ਚੌਲ ਤੇ ਸ਼ੀਸ਼ ਆਦਿ ਮੰਗਲ ਪਦਾਰਥ ਦੇਵਤੇ ਨੂੰ ਅਰਪਨ ਕਰਦੇ ਹਨ। ਇਸ਼ਨਾਨ ਕਰਕੇ, ਮਾਲਾ ਧਾਰਨ ਕਰਦੇ ਹਨ। ਉਹ ਆਪਣੇ ਅੰਗਾਂ ਤੇ ਮਨੀ ਤੇ ਸੋਨਾ ਪਹਿਨ ਕੇ, ਬਨਾਂ ਦੀ ਮਾਲਾ ਦਾ ਮੁੱਕਟ ਧਾਰਨ ਕਰਦੇ ਹਨ।

ਜਵਾਨੀ ਵਿਚ ਉਹ ਰਿਸ਼ਟ ਪੁਸ਼ਟ ਹੁੰਦੇ ਹਨ ਕਰਧਨੀ ਤੇ ਛਾਤੀ ਨੂੰ ਫੁੱਲਾਂ ਦੀ ਮਾਲਾ ਨਾਲ ਸਜਾਉਂਦੇ ਹਨ।

ਉਹ ਬਹੁਤ ਸਾਰ ਤੇ ਨਵੇਂ ਵਸਤਰ ਪਹਿਨਦੇ ਹਨ। ਅਪਣੇ ਅੰਗਾਂ ਤੇ ਚੰਦਨ ਦਾ ਲੇਪ ਕਰਦੇ ਹਨ ਫੇਰ ਉਹ ਸਜਧੱਜ ਕੇ ਮਹਿਲ ਵਿੱਚ ਜਾਂਦੇ ਹਨ। ਉਹ ਇਕ ਬੜੇ ਸਿੰਘਾ-ਸਨ ਤੇ ਬੈਠ ਜਾਂਦੇ ਹਨ।

ਉਥੇ ਉਨ੍ਹਾਂ ਨੂੰ ਚਹੁੰ ਪਾਸਿਆਂ ਤੇ ਔਰਤਾਂ ਘੇਰ ਲੈਂਦੀਆਂ ਹਨ। ਉਨ੍ਹਾਂ ਮਹਿਲਾਂ ਵਿਚ ਸਾਰੀ ਰਾਤ ਦੀਪ ਜਗਮਗਾਉਂਦੇ ਹਨ।

ਫੇਰ ਉਥੇ ਬੜੀ ਸ਼ਾਨ ਸ਼ੌਕਤ ਨਾਲ ਨਾਚ ਗਾਣਾ ਹੁੰਦਾ ਹੈ, ਬਾਜੇ, ਬੀਣਾ, ਤਲ, ਤਾਲ ਤੁਰੁਟਿਤ, ਮਰਦੰਗ ਤੇ ਤਾੜੀਆਂ ਦੀ ਅਵਾਜ਼ਾਂ ਸੁਣਾਈ ਦਿੰਦੀਆਂ ਹਨ।

ਇਸ ਤਰ੍ਹਾਂ ਸਰਵਉਤਮ ਭੋਗ ਭੋਗਦਾ ਉਹ ਪੁਰਸ਼ ਅਪਣਾ ਜੀਵਨ ਗੁਜਾਰਦਾ ਹੈ।

ਉਹ ਆਦਮੀ ਜਦ ਕਿਸੇ ਇਕ ਨੌਕਰ ਨੂੰ ਹੁਕਮ ਦਿੰਦਾ ਹੈ ਤਾਂ ਇਕ ਦੀ ਥਾਂ ਚਾਰ ਪੰਜ ਨੌਕਰ ਬਿਨਾ ਆਖੇ ਹਾਜਰ ਹੁੰਦੇ ਹਨ। (ਉਹ ਆਖਦੇ ਹਨ।)

"ਹੇ ਦੇਵਾਨੂੰਪ੍ਰਿਯ ! ਦਸੋ ਅਸੀਂ ਕੀ ਸੇਵਾ ਕਰੀਏ ? ਕੀ ਚਾਹੀਦਾ ਹੈ ! ਕੀ ਭੇਂਟ ਕਰੀਏ ? ਕੀ ਕੰਮ ਕਰੀਏ ? ਆਪ ਨੂੰ ਕੀ ਚੰਗਾ ਲਗਦਾ ਹੈ ? ਆਪ ਦਾ ਕਿਸ ਵਿਚ ਭੱਲਾ ਹੈ ? ਤੁਹਾਡੇ ਸੁੱਖ ਲਈ ਕੇਹੜੀ ਵਸਤੂ ਚਾਹਿਦੀ ਹੈ ? ਹੁਕਮ ਦੇਵੋ।

"ਅਜੇਹੇ ਪਾਪੀ ਨੂੰ ਸੁੱਖ ਭੋਗਦਾ ਵੇਖਕੇ ਕੁਝ ਅਨਾਰਿਆਂ ਲੋਕ ਆਖਦੇ ਹਨ" ਇਸ ਪੁਰਸ਼ ਸੱਚਮੁੱਚ ਦੇਵਤਿਆਂ ਦੀ ਤਰ੍ਹਾਂ ਹੈ। ਇਹ ਤਾਂ ਦੇਵਤਿਆਂ ਤੋਂ ਉੱਚਾ ਹੈ ਇਹ ਤਾਂ ਦੇਵਤਿਆਂ ਵਰਗਾ ਜੀਵਨ ਜੀ ਰਿਹਾ ਹੈ। ਇਸ ਦੇ ਸਹਾਰੇ ਹੋਰ ਲੋਕ ਵੀ ਆਨੰਦ ਮਾਨ ਰਹੇ ਹਨ।

ਪਰ ਅਜੇਹਾ ਪੁਰਸ਼ ਨੂੰ ਵੇਖ ਕੇ ਆਰਿਆ ਪੁਰਸ਼ ਆਖਦੇ ਹਨ " ਇਹ ਪੁਰਸ਼ ਤਾਂ ਬਹੁਤ ਹੀ ਪਾਪ ਕਰਮ ਕਰਨ ਵਾਲਾ, ਧੋਖੇਵਾਜ ਹੈ ਇਸ ਨੂੰ ਅਪਣੇ ਸ਼ਰੀਰ ਦਾ ਬਹੁਤ ਹੀ ਧਿਆਨ ਹੈ। ਇਹ ਦਖਣ ਦਿਸ਼ਾ ਦਾ ਨਰਕ ਗਾਮੀ ਤੇ ਕ੍ਰਿਸ਼ਨ ਪਖੀ (ਪਾਪੀ ਮਨ ਵਾਲਾ ਜਾਂ ਅਸ਼ੁਭ ਲੇਸ਼ਿਆਵਾਂ) ਵਾਲਾ ਹੈ। ਇਹ ਭਵਿੱਖ ਵਿਚ ਬੜੀ ਮੁਸ਼ਕਿਲ ਨਾਲ ਦੁਰਲਭ ਤਤੱਵ ਗਿਆਨ ਨੂੰ ਪ੍ਰਾਪਤ ਹੋਵੇਗਾ।

ਕੋਈ ਮੂਰਖ ਜੀਵ ਮੋਕਸ਼ ਲਈ ਤਿਆਰ ਹੋਕੇ (ਸਾਧੂ) ਇਸ ਤਰ੍ਹਾਂ ਦੇ ਪਾਪਾਂ ਦੇ ਸੇਵਨ ਦੀ ਇੱਛਾ ਕਰਦੇ ਹਨ। ਕਈ ਗ੍ਰਹਿਸਥ ਵੀ ਅਜੇਹੇ ਪਾਪ ਕਰਦੇ ਹਨ। ਤ੍ਰਿਸ਼ਨਾ ਵਸ਼ ਮਨੁੱਖ ਅਜੇਹੇ ਸੁੱਖ ਪਾਉਣ ਦੀ ਉਧੇੜ ਬੁਨ ਕਰਦੇ ਹਨ ਪਰ ਇਹ ਸਥਾਨ ਬੁਰਾ (ਅਨਾਰਿਆਂ) ਹੈ ਇਹ ਕੰਮ ਕੇਵਲ ਗਿਆਨ ਰਹਿਤ, ਸੱਚੇ ਸੁਖ ਰਹਿਤ, ਨਿਆਂ ਤੋਂ ਦੂਰ

ਹਨ। ਅਪਵਿੱਤਰ ਹਨ। ਕਰਮਰੂਪੀ ਕੰਡਾ ਕਢਨ ਵਾਲੇ ਨਹੀਂ। ਸਿੱਧੀ ਦਾ ਰਾਹ ਨਹੀਂ ਨਿਰਵਾਨ ਨਹੀਂ, ਸੰਸਾਰ ਤੋਂ ਪਾਰ ਕਰਾਉਣ ਵਿੱਚ ਅਸਮਰਥ ਹਨ। ਸਾਰੇ ਦੁਖਾਂ ਦਾ ਖਾਤਮਾ ਕਰਨ ਵਾਲਾ ਨਹੀਂ, ਇਹ ਹਮੇਸ਼ਾ ਝੂਠਾ ਤੇ ਬੁਰਾ ਹੈ।

ਇਹ ਅਧਰਮ ਪੱਖ ਨਾ ਦਾ ਪਹਿਲਾ ਸ਼ਥਾਨ ਹੈ ਅਜੇਹਾ ਤੀਰਥੰਕਰਾਂ ਨੇ ਕਿਹਾ ਹੈ। (32)

### ਧਰਮ ਪੱਖ

ਇਸਤੋਂ ਵਾਅਦ ਦੂਸਰੇ ਸਥਾਨ ਧਰਮਪੱਖ ਨੂੰ ਆਖਦੇ ਹਨ ਉਸਦਾ ਰਾਹ ਇਸ ਪ੍ਰਕਾਰ ਹੈ।

"ਇਸ ਮਨੁੱਖ ਲੋਕ ਵਿੱਚ ਪੂਰਵ, ਪਛਮ, ਉਤਰ, ਦੱਖਨ ਦਿਸ਼ਾਵਾਂ ਵਿਚ ਅਨੇਕਾਂ ਤਰ੍ਹਾਂ ਦੇ ਲੋਕ ਰਹਿੰਦੇ ਹਨ। ਕੋਈ ਆਰਿਆ ਹਨ ਕੋਈ ਅਨਾਰਿਆ ਹਨ, ਕੋਈ ਵਿਸ਼ਾਲ ਸ਼ਰੀਰ ਵਾਲੇ ਹਨ, ਕੋਈ ਸੁੰਦਰ ਹਨ ਕੋਈ ਖਰਾਬ ਹਨ। ਕਈ ਸਵਰੂਪ ਹਨ ਕਈ ਕਰੂਪ ਹਨ। ਇਨ੍ਹਾਂ ਮਨੁੱਖਾਂ ਕੋਲ ਘਰ ਤੇ ਖੇਤ ਹੁੰਦੇ ਹਨ। ਇਹ ਸਾਰੀਆਂ ਗੱਲਾਂ ਪੁੰਡਰੀਕ ਅਧਿਐਨ ਦੀ ਤਰ੍ਹਾਂ ਸਮਝਨੀ ਚਾਹੀਦੀ ਹੈ। ਅੰਤ ਉਸੇ ਪਾਠ ਅਨੁਸਾਰ ਜੋ ਪੁਰਸ਼ ਸਾਰੇ ਕਸ਼ਾਏ ਤੋਂ ਉਪਸ਼ਾਂਤ ਹਨ। ਇੰਦਰੀਆਂ ਭੋਗਾਂ ਤੋਂ ਦੂਰ ਹਨ ਉਹ ਧਰਮ ਪਖ ਵਾਲੇ ਹਨ। ਇਸ ਸਥਾਨ ਆਰਿਆ ਹੈ ਕੇਵਲ ਗਿਆਨ ਦਾ ਕਾਰਣ, ਦੁੱਖਾਂ ਦਾ ਨਾਸ਼ਕ ਹੈ। ਇਹੋ ਸਿਰਫ ਸਮਿਅੱਕ (ਠੀਕ) ਹੈ ਉੱਤਮ ਸਥਾਨ ਹੈ, ਇਹ ਦੂਸਰਾ ਸਥਾਨ ਧਰਮ ਪੱਖ ਹੈ। ਇਸ ਦਾ ਵਿਚਾਰ ਇਸ ਪ੍ਰਕਾਰ ਕੀਤਾ ਗਿਆ ਹੈ। (33)

### ਮਿਸ਼ਰ (ਧਰਮ ਅਧਰਮ)

ਇਸਤੋਂ ਵਾਅਦ ਤੀਸਰਾ ਸਥਾਨ ਮਿਸ਼ਰ ਪੱਖ ਅਖਵਾਉਂਦਾ ਹੈ। ਉਸ ਦਾ ਵਿਚਾਰ ਇਸ ਪ੍ਰਕਾਰ ਹੈ—

"ਇਸ ਦੇ ਅਧਿਕਾਰੀ ਜੰਗਲ ਵਿੱਚ ਰਹਿਨ ਵਾਲੇ ਤਾਪਸ ਹਨ ਜੋ ਕੁਟਿਆ ਬਨਾ ਕੇ ਰਹਿੰਦੇ ਹਨ। ਉਹ ਪਿੰਡਾਂ ਦੇ ਕਰੀਬ ਜਾਂ ਏਕਾਂਤ ਵਿੱਚ ਰਹਿਨ ਵਾਲੇ ਜਾਂ ਕਿਸੇ ਗੁਪਤ (ਧਾਰਮਿਕ) ਕ੍ਰਿਆ ਕਰਨ ਵਾਲੇ ਹਨ।

ਇਹ ਲੋਕ ਦੇਹ ਛੱਡਕੇ ਕਿਲਵਸ਼ੀ ਦੇਵ ਹੁੰਦੇ ਹਨ ਫੇਰ ਮੁੜਕੇ ਗੁੰਗੇ, ਅੰਨੇ ਬਣਦੇ ਹਨ। ਉਹ ਜਿਸ ਮਾਰਗ ਤੇ ਚਲਦੇ ਹਨ ਉਹ ਮਿਸ਼ਰ ਮਾਰਗ ਹੈ ਇਹ ਸਥਾਨ ਅਨਾਰਿਆ ਹੈ ਕੇਵਲ ਗਿਆਨ ਵਾਲਾ ਨਹੀਂ, ਦੁੱਖਾਂ ਤੋਂ ਛੁਟਕਾਰਾ ਨਹੀਂ ਦਿਵਾਉਂਦਾ ; ਮਿਥਿਆ ਤੇ ਖਰਾਬ ਹੈ। ਇਹ ਤੀਸਰੇ ਸਥਾਨ ਦਾ ਵਿਚਾਰ ਕਿਹਾ ਗਿਆ ਹੈ। (34)

### ਅਧਰਮ ਪੱਖ ਵਾਰੇ ਵਿਚਾਰ

ਇਹ ਜੋ ਪਹਿਲਾ ਅਧਰਮ ਪੱਖ ਹੈ ਉਸ ਵਾਰੇ ਇਥੇ ਵਿਚਾਰ ਕੀਤਾ ਜਾਂਦਾ ਹੈ ! ਇਸ

ਲੋਕ ਵਿੱਚ ਪੂਰਵ ਆਦਿ ਚਾਰੇ ਦਿਸ਼ਾਵ ਵੱਲ ਅਜੇਹੇ ਲੋਕ ਵੀ ਰਹਿੰਦੇ ਹਨ। ਜੋ ਗ੍ਰਹਿਸਥ ਹਨ। ਜੋ ਪਰਿਵਾਰਕ ਜੀਵਨ ਗੁਜਾਰਦੇ ਹਨ ਬੜੀਆਂ ਲੰਬੀਆਂ ਇਛਾਵਾਂ ਵਾਲੇ ਮਹਾਨ ਆਰੰਬ (ਹਿੰਸਾ) ਕਰਨ ਵਾਲੇ, ਤੇ ਮਹਾਪਰਿਗ੍ਰਹਿ (ਸੰਗ੍ਰਹਿਕ) ਹਨ ਉਹ ਖੁਦ ਅਧਰਮ ਕਰਦੇ ਹਨ। ਅਧਰਮ ਕਰਨੇ ਵਾਲੇ ਦੇ ਪਿਛੇ ਚਲਦੇ ਹਨ। ਅਧਰਮ ਨੂੰ ਅਪਣਾ ਈਸ਼ਟ ਮੰਨਕੇ ਚਰਚਾ ਕਰਦੇ ਹਨ। ਅਧਰਮੀ ਧੰਦੇ ਕਰਦੇ ਹਨ ਅਧਰਮ ਨਾਲ ਲਗਾਵ ਰਖਦੇ ਹਨ। ਉਹ ਅਧਰਮੀ ਸੁਭਾਵ ਤੇ ਆਚਰਨ ਵਾਲੇ, ਅਧਰਮ ਨਾਲ ਗੁਜਾਰਾ ਕਰਕੇ ਉਮਰ ਪੂਰੀ ਕਰਦੇ ਹਨ।

ਉਹ ਹਮੇਸ਼ਾ ਇਹੋ ਹੁਕਮ ਦਿੰਦੇ ਹਨ—"ਪ੍ਰਾਣੀਆਂ ਦੀ ਹਿੰਸਾ ਕਰੋ, ਕਟ ਦੇਵੋ ,ਮਾਰੋ, ਛੇਦੋ ਭੇਦੋ। ਜੋ ਪਸ਼ੂਆਂ ਦੀ ਚੰਮ ਉਧੇੜ ਕੇ ਖੂਨ ਨਾਲ ਹੱਥ ਰੰਗਦੇ ਹਨ ਉਹ ਬੜੇ ਕਰੋਧੀ ਭਿੰਅਕਰ, ਅਤੇ ਨੀਚ ਹਨ ਅਜੇਹਾ ਮਨੁੱਖ ਪਾਪ ਵਿਚ ਹਿੰਮਤ ਵਿਖਾਉਂਦੇ ਹਨ।

ਉਹ ਪ੍ਰਾਣੀਆਂ ਨੂੰ ਉਪਰ ਉਛਾਲ ਕੇ ਸੂਲ ਤੇ ਚੜ੍ਹਾਉਂਦੇ ਹਨ ਦੂਸਰੇ ਨੂੰ ਠਗਦੇ ਹਨ ਮਾਇਆ (ਕਪਟ) ਕਰਦੇ ਹਨ। ਅਤੇ ਬਗੁਲੇ ਭਗਤ ਬਨਦੇ ਹਨ। ਘੱਟ ਜੋਖਦੇ ਹਨ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਂਦੇ ਹਨ ਦੇਸ਼ ਭੇਖ ਅਤੇ ਭਾਸ਼ਾ ਬਦਲ ਕੇ ਧੋਖਾ ਦਿੰਦੇ ਹਨ। ਉਹ ਦੁਰਾਚਾਰੀ ਦੁਸ਼ਟ, ਬੁਰੇ ਵਰਤਾਂ (ਪ੍ਰਤਿਗਿਆ) ਵਾਲੇ ਦੁੱਖ ਰਾਹੀਂ ਖੁਸ਼ ਰਹਿਨ ਵਾਲੇ ਦੁਰਜ਼ਨ ਹੁੰਦੇ ਹਨ।

ਅਜੇਹਾ ਆਦਮੀ ਸਾਰੀਆਂ ਹਿੰਸਾਵਾਂ ਤੋਂ ਨਹੀਂ ਛੁੱਟ ਸਕਦੇ। ਉਹ ਅਸੱਤ ਚੋਰੀ ਵਿਭੱਚਾਰ, ਸਮੇਤ ਸਾਰੇ ਪਰਿਗ੍ਰਹਿ ਤੋਂ ਜੀਵਨ ਭਰ ਛੁਟਕਾਰਾ ਨਹੀਂ ਪਾ ਸਕਦੇ। ਉਹ ਕਰੋਧ ਤੋਂ ਲੈਕੇ ਮਿਥਿਆ ਦਰਸ਼ਨ ਤਕ 18 ਪਾਪਾਂ ਤੋਂ ਜੀਵਨ ਤਕ ਛੁਟਕਾਰਾ ਹਾਸਲ ਨਹੀਂ ਕਰ ਸਕਦੇ। ਉਹ ਜਿੰਦਗੀ ਭਰ ਇਸ਼ਨਾਨ, ਤੇਲ ਮਾਲਿਸ਼, ਸ਼ਰੀਰ ਦੀ ਮੇਕਅਪ-ਖੁਸ਼ਬੂ, ਚੰਦਨ ਦੇ ਲੇਪ, ਮਿੱਠੇ ਸ਼ਬਦ, ਸਪਰਸ਼ ਰਸ, ਰੰਗ ਤੇ ਗੰਧ ਵਿਚ ਫਸ ਗਏ ਹਨ। ਫੁਲਾਂ ਦੇ ਹਾਰ ਤੇ ਗਹਿਣੇ ਧਾਰਣ ਕਰਦੇ ਹਨ। ਇਨ੍ਹਾਂ ਭੋਗ ਪਦਾਰਥਾਂ ਦਾ ਤਿਆਗ ਨਹੀਂ ਕਰਦੇ।

ਜੋ ਮਨੁੱਖ ਗੱਡੀ, ਰੱਥ, ਸਵਾਰੀ, ਡੋਲੀ, ਜਹਾਜ ਤੇ ਪਾਲਕੀ, ਸਵਾਰੀ ਤੇ ਚੜ੍ਹਦੇ ਹਨ। ਸੈਯਾ, ਆਸਨ, ਸਵਾਰੀ, ਜਹਾਜ, ਭੋਗ ਤੇ ਭੋਜਨ ਨੂੰ ਜੀਵਨ ਭਰ ਨਹੀਂ ਛਡਦੇ। ਜੋ ਇਨ੍ਹਾਂ ਚੀਜਾਂ ਦੀ ਖਰੀਦ, ਫਰੋਖਤ, ਤੋਲਾ, ਅੱਧ ਤੋਲੇ, ਮਾਸਾ, ਅਧਾ ਮਾਸ਼ਾ ਆਦਿ ਵਿਵਹਾਰ ਤੋਂ ਜੀਵਨ ਭਰ ਛੁਟਕਾਰਾ ਨਹੀਂ ਪਾਉਂਦੇ।

ਜੋ ਸੋਨਾ, ਚਾਂਦੀ, ਧਨ, ਅਨਾਜ, ਮੱਠੀ, ਮੋਤੀ, ਸੰਖ, ਸ਼ਿਲਾ, ਪ੍ਰਵਾਰ, ਆਦਿ ਦੇ ਸੰਗ੍ਰਹਿ ਤੋਂ ਜੀਵਨ ਭਰ ਛੁਟਕਾਰਾ ਨਹੀਂ ਪਾਉਂਦੇ।

ਜੋ ਝੂਠੇ ਮਾਪ ਤੋਲ, ਘੱਟ ਜੋਖਨ, ਮਾਪਨ ਤੋਂ ਛੁਟਕਾਰਾ ਪ੍ਰਾਪਤ ਨਹੀਂ ਕਰਦੇ,

ਜੋ ਸਾਰੇ ਪ੍ਰਕਾਰ ਦੇ ਆਰੰਭ ਤੇ ਸਮਾਆਰੰਭ ਦਾ ਜਿੰਦਗੀ ਭਰ ਲਈ ਤਿਆਗ ਨਹੀਂ ਕਰਦੇ।

ਸਭ ਪ੍ਰਕਾਰ ਦੇ ਪਾਪ ਕਰਮਾਂ ਨੂੰ ਕਰਨ, ਕਰਾਉਣ ਤੋਂ ਜੀਵਨ ਭਰ ਨਹੀਂ ਛੱਡਦੇ। ਜੋ ਅੰਨ ਪਕਾਉਣ, ਦੂਸਰੇ ਤੋਂ ਪਕਵਾਨ ਆਦਿ ਕ੍ਰਿਆਵਾਂ ਤੋਂ ਛੁਟਕਾਰਾ ਨਹੀਂ ਪ੍ਰਾਪਤ ਕਰਦੇ।

ਜੋ ਜਿੰਦਗੀ ਭਰ ਲਈ ਜੀਵਾਂ ਨੂੰ ਕੁਟਣ ਪਿਸਨ, ਧਮਕਾਉਨ, ਮਾਰਨ, ਹਤਿਆ ਕਰਨ ਤੇ ਬੰਧਨ ਰਾਹੀਂ ਹਰ ਪ੍ਰਕਾਰ ਦੇ ਕਲੇਸ਼ਾਂ ਤੋਂ ਛੁਟਕਾਰਾ ਨਹੀਂ ਪਾਉਂਦੇ।

ਇਹ ਤੇ ਹੋਰ ਦੂਸਰੇ ਕਰਮ ਜੋ ਪ੍ਰਾਣੀਆਂ ਨੂੰ ਕਲੇਸ਼ ਤੇ ਸੰਤਾਪ ਦੇਨ ਵਾਲੇ ਹਨ। ਪਾਪ ਵਾਲੇ ਤੇ ਬੋਧੀ (ਗਿਆਨ) ਬੀਜ ਨਸ਼ਟ ਦਾ ਕਾਰਣ ਹਨ, ਜੋ ਅਨਾਰਿਆ ਪੁਰਸ਼ਾਂ ਰਾਹੀਂ ਕੀਤੇ ਜਾਂਦੇ ਹਨ "ਉਨ੍ਹਾਂ ਕਰਮਾਂ ਤੋਂ ਉਹ ਮਨੁੱਖ ਜੀਵਨ ਭਰ ਛੁਟਕਾਰਾ ਨਹੀਂ ਪਾਉਂਦਾ, ਉਹ ਸਭ ਏਕਾਂਤ (ਇਕ ਪ੍ਰਕਾਰ) ਅਧਰਮ ਸਥਾਨ ਦਾ ਸੇਵਨ ਕਰਦੇ ਹਨ।

ਜਿਵੇਂ ਕੋਈ ਬਹੁਤ ਹੀ ਦੁਸ਼ਟ ਪੁਰਸ਼ ਚੌਲ, ਮਸਰ, ਤਿਲ, ਮੂੰਗ, ਉੜਦ, ਨਿਸ਼ਪਾਵ, ਕੁਲਥੀ, ਚਵਲਾ, ਪਰਿਮੰਥਕ ਆਦਿ ਅਨਾਜ ਨੂੰ ਬਿਨਾ ਕਾਰਣ ਦੰਡ ਦਿੰਦੇ ਹਨ।

ਇਸੇ ਤਰ੍ਹਾਂ ਕੋਈ ਦੁਸ਼ਟ ਤੀਤਰ, ਬਟੇਰ, ਲਾਵਕ, ਕਬੂਤਰ, ਕਪਿਜਲ, ਮਿਰਗ, ਤੇ ਮੈਂਸ ਤੋਂ ਸੂਅਰ, ਘੜਿਆਲ, ਮਗਰਮੱਛ, ਗੋਹ ਨੂੰ ਤੇ ਜਮੀਨ ਤੇ ਸਿਰਕ ਕੇ ਚਲਨ ਵਾਲੇ ਜਾਨਵਰਾਂ ਨੂੰ ਬਿਨਾ ਕਾਰਣ ਕਸ਼ਟ ਦੰਡ ਦਿੰਦਾ ਹੈ।

ਇਨ੍ਹਾਂ ਦੁਸ਼ਟ ਪੁਰਸ਼ਾਂ ਦੀ ਜੋ ਬਾਹਰਲੀ ਪਰਿਸ਼ਧ ਹੁੰਦੀ ਹੈ ਉਹ ਇਸ ਪ੍ਰਕਾਰ ਆਖੀ ਗਈ ਹੈ—

ਦਾਸੀ ਪੁੱਤਰ (ਦਾਸ) ਸੰਨੇਹਾ ਲੇ ਜਾਨ ਵਾਲੇ, ਭੋਗ ਸਾਮਗਰੀ ਦੇਨ ਵਾਲੇ ਪੁਰਸ਼ ਦੂਤ, ਤਨਖਾਹ ਲੈਣ ਵਾਲੇ, ਛੇਵੇਂ ਭਾਗ ਤੇ ਖੇਤੀ ਬਟਾਈ ਕਰਨ ਵਾਲੇ, ਹੋਰ ਕੰਮ ਕਰਨ ਵਾਲੇ, ਤੇ ਭੋਗ ਸਾਮੱਗਰੀ ਦੇਨ ਵਾਲੇ ਪੁਰਸ਼ ਹੁੰਦੇ ਹਨ। ਇਨ੍ਹਾਂ ਲੋਕਾਂ ਵਿਚ ਕਿਸੇ ਵੀ ਪੁਰਸ਼ ਤੋਂ ਛੋਟਾ ਜੇਹਾ ਕਸੂਰ ਹੋਣ ਤੇ ਦੁਸ਼ਟ ਪੁਰਸ਼ ਇਨ੍ਹਾਂ ਨੂੰ ਕਠੋਰ ਦੰਡ ਦਿੰਦੇ ਹਨ।

ਉਹ ਦੁਸ਼ਟ ਆਖਦੇ ਹਨ "ਇਸ (ਦੋਸ਼ੀ) ਪੁਰਸ਼ ਨੂੰ ਦੰਡ ਨਾਲ ਕੁਟੋ, ਮਾਰੋ, ਸਿਰ ਮੁਨਾਵੋ ਡਾਂਟੋ, ਲਾਠੀ ਨਾਲ ਕੁਟੋ, ਹਥ ਪੈਰ ਪਿਛੇ ਦੀ ਬਨ ਦੇਵੋ, ਬੇੜੀ ਪਾਵੋ, ਹਾਡ਼ੀ ਬੰਧਨ ਕਰ ਦੇਵੋ, ਜੇਲ ਵਿੱਚ ਸੁਟ ਦੇਵੋ, ਹਥਕੜੀ ਵੰਨ ਕੇ ਅੰਗਾਂ ਨੂੰ ਮਰੋੜ ਦੇਵੋ, ਹੱਥ ਕਟ ਦੇਵੋ, ਪੈਰ ਕਟ ਦੇਵੋ, ਨੱਕ, ਹਥ, ਸਿਰ ਤੇ ਮੂੰਹ ਕੱਟ ਦੇਵੋ। ਚਾਬੁਕ ਮਾਰ-ਮਾਰ ਕੇ ਬੇਹੋਸ਼ ਕਰ ਦੇਵੋ, ਅੰਗ-ਅੰਗ ਢਿਲਾ ਕਰ ਦੇਵੋ, ਚਾਬੁਕ ਨਾਲ ਮਾਰਕੇ ਖੱਲ ਖਿੱਚ ਲਵੋ, ਇਨ੍ਹਾਂ ਦੀ ਅੱਖ ਕੱਢ ਲਵੋ। ਦੰਦ, ਅੰਡ ਕੋਸ਼, ਜੀਭ ਪੁਟੋ, ਉਲਟਾ ਲਟਕਾ ਦੇਵੋ, ਜਮੀਨ ਤੇ ਘਸੀਟੋ, ਪਾਣੀ

ਵਿੱਚ ਡੁਬੋ ਦੇਵੇਂ, ਸੂਲੀ ਤੇ ਚੜਾ ਦੇਵੇਂ, ਸੂਲ ਚੁਭੋ ਕੇ ਟੁਕੜੇ ਕਰ ਦੇਵੇ, ਇਨ੍ਹਾਂ ਅੰਗਾਂ ਨੂੰ ਜਖ਼ਮੀ ਕਰਕੇ ਲੂਣ ਛਿੜਕ ਦੇਵੇਂ, ਮੌਤ ਦੀ ਸਜਾ ਦੇ ਦੇਵੇਂ, ਇਨ੍ਹਾਂ ਨੂੰ ਸ਼ੇਰ ਜਾਂ ਬਲੱਦ ਦੀ ਪੂੰਛ ਨਾਲ ਬੰਨ੍ਹ ਦੇਵੇ, ਅੱਗ ਰਾਹੀਂ ਝੁਲਸ ਦੇਵੋ, ਮਾਸ ਕੱਡਕੇ ਕੁਤਿੱਆਂ ਅੱਗੇ ਪਾ ਦੇਵੇਂ, ਜਿੰਦਗੀ ਭਰ ਕੂਟੋ ਤੇ ਕੈਦ ਵਿੱਚ ਸੁੱਟ ਦੇਵੋ। ਇਨ੍ਹਾਂ ਵਿਚ ਕਿਸੇ ਵੀ ਤਰ੍ਹਾਂ ਦੀ ਮੌਤ ਮਾਰਕੇ ਜਿੰਦਗੀ ਰਹਿਤ ਕਰ ਦੇਵੋ ''

ਇਨ੍ਹਾਂ ਦੁਸ਼ਟ ਪੁਰਸ਼ਾਂ ਦੀ ਅੰਦਰਲੀ ਪਰਿਸਧ ਹੁੰਦੀ ਹੈ ਜੋ ਇਸ ਪ੍ਰਕਾਰ ਹੈ।

ਮਾ, ਪਿਉ, ਭਾਈ ਭੈਣ, ਪਤਨੀ, ਪੁਤਰ, ਪੁੱਤਰੀ ਤੇ ਨੂੰਹ, ਇਨ੍ਹਾਂ ਤੋਂ ਥੋੜਾ ਜੇਹਾ ਕਸੂਰ ਹੋਣ ਤੇ ਵੀ ਉਹ ਪੁਰਸ਼ ਇਨ੍ਹਾਂ ਨੂੰ ਬੜਾ ਦੰਡ ਦਿੰਦੇ ਹਨ।

ਉਹ ਦੁਸ਼ਟ ਇਨ੍ਹਾਂ ਵਿਚੋਂ ਕਿਸੇ ਨੂੰ ਸਰਦੀ ਵਿੱਚ ਠੰਡੇ ਪਾਣੀ ਵਿੱਚ ਸੁੱਟਕੇ ਕਸ਼ਟ ਦਿੰਦਾ ਹੈ (ਜੋ ਦੰਡ ਮਿੱਤਰ ਪ੍ਰਤਿਯਕ ਵਿੱਚ ਆਖੇ ਗਏ ਹਨ ਉਹ ਇਥੇ ਸਾਰੇ ਸਮਝਨੇ ਚਾਹੀਦੇ ਹਨ। ਅਜੇਹੇ ਭੈੜੇ ਕਰਮ ਕਰਨ ਵਾਲੇ ਅੰਤ ਵਿੱਚ ਦੁਖ ਪਾਂਦੇ ਹਨ। ਅਜੇਹਾ ਪਾਪੀ ਅਪਣੇ ਹਥੋਂ ਅਪਣਾ ਪਰਲੋਕ ਵਿਗਾੜ ਲੈਂਦਾ ਹੈ। ਅਜੇਹੇ ਪਾਪ ਕਰਮ ਕਰਨ ਵਾਲਾ ਉਹ ਪੁਰਸ਼ ਦੁੱਖ, ਸੋਗ, ਪਸ਼ਚਾਤਾਪ ਪੀੜਾ, ਸੰਤਾਪ ਪ੍ਰਾਪਤ ਕਰਦਾ ਹੈ ਉਹ ਦੁੱਖ, ਸੋਗ, ਪਸ਼ਚਾਤਾਪ, ਸੰਤਾਪ ਤੇ ਬੱਧ (ਕਤਲ), ਬੰਧਨ ਆਦਿ ਕਲੇਸ਼ ਤੋਂ ਨਹੀਂ ਛੁਟਦਾ।

ਉਪਰੋਕਤ ਕਿਸਮ ਦੇ ਇਸਤਰੀ ਸੰਬੰਧੀ ਭੋਗ ਤੇ ਹੋਰ ਵਿਸ਼ੇ ਭੋਗਾਂ ਵਿਚ ਫਸਿਆ ਲਾਲਚੀ, ਮਸਗੁਲ, ਰੁਝਿਆਂ ਹੋਇਆ ਚਾਰ, ਪੰਜ, ਛੇ ਜਾਂ ਜ਼ਿਆਦਾ ਦੱਸ ਸਾਲ ਜਾਂ ਹੋਰ ਥੋੜੇ ਸਮੇਂ ਵਿਚ ਸ਼ਬਦ ਆਦਿ ਵਿਸ਼ੇ, ਵਿਕਾਰਾਂ ਕਾਰਣ ਪ੍ਰਾਣੀਆਂ ਨਾਲ ਵੈਰ ਕਮਾ ਕੇ ਬਹੁਤ ਪਾਪ ਇਕੱਠੇ ਕਰਕੇ, ਪਾਪ ਕਰਮ ਦੇ ਭਾਵ ਨਾਲ, ਇਸ ਤਰ੍ਹਾਂ ਦਬ ਜਾਂਦਾ ਹੈ ਜਿਵੇਂ ਲੋਹੇ ਦਾ ਗੋਲਾ, ਜਾਂ ਪੱਥਰ ਦਾ ਗੋਲਾ ਪਾਣੀ ਵਿਚ ਭਾਰ ਕਾਰਣ ਹੇਠ ਬੈਠ ਜਾਂਦਾ ਹੈ।

ਇਸ ਤਰ੍ਹਾਂ ਕਰਮ ਦੇ ਭਾਰ ਹੇਠ ਦੱਬਿਆ, ਦੁਸ਼ਟ ਪਾਪੀ, ਕਰਮਮੈਲ ਵਾਲਾ, ਵੈਰ ਕਮਾਉਣ ਵਾਲਾ, ਅਵਿਸ਼ਵਾਸੀ ਧੋਖੇਵਾਜ, ਠੱਗ, ਦੇਸ਼, ਭੇਸ਼, ਤੇ ਭਾਸ਼ਾ ਬਦਲ ਕੇ ਧੋਖਾ ਦੇਣ ਵਾਲਾ, ਉੱਤਮ ਚੀਜ਼ ਨੂੰ ਘਟੀਆ ਚੀਜ ਨਾਲ ਮਿਲਾਉਣ ਵਾਲਾ, ਘੱਟ ਜੋਖਣ ਵਾਲਾ ਗੜਬੜ ਕਰਕੇ ਠਗਣ ਵਾਲਾ, ਅਪਜੱਸ ਵਾਲੇ ਕੰਮ ਕਰਨ ਵਾਲਾ, ਹਿਲਨ ਜੁਲਣ ਵਾਲੇ ਜੀਵਾਂ ਦੀ ਹਿੰਸਾ ਕਰਨ ਵਾਲਾ, ਉਮਰ ਪੂਰੀ ਕਰਕੇ ਉਪਰ ਤੋਂ ਉਪਰ ਰਤਨ ਪ੍ਰਭਾ ਨਾਂ ਦੀ ਨਰਕ ਵਿਚ ਪੈਦਾ ਹੁੰਦਾ ਹੈ। (35)

### ਨਰਕ ਦਾ ਸਵਰੂਪ

ਇਸ ਨਰਕ ਅੰਦਰੋਂ ਗੋਲ ਤੇ ਬਾਹਰ ਤੋਂ ਚੌਰਸ ਹੈ ਇਹ ਹੇਠਾਂ ਉਸਤਰੇ ਦੀ ਧਾਰ ਦੀ ਤਰ੍ਹਾਂ ਤੀਖੀ ਹੈ। ਇਥੇ ਹਮੇਸ਼ਾ ਹਨੇਰਾ ਰਹਿੰਦਾ ਹੈ।

ਇਹ ਨਰਕ ਚੰਦਰਮਾ, ਸੂਰਜ, ਗ੍ਰਹਿ, ਨੱਛਤਰ, ਤੇ ਹੋਰ ਜੋਤਸ਼ ਮੰਡਲ ਗ੍ਰਹਿ ਦੇ

ਪ੍ਰਕਾਸ਼ ਤੋਂ ਰਹਿਤ ਹੈ।

ਇਹ ਭੂਮੀ ਮੇਦ, ਚਰਬੀ, ਮਾਸ, ਖੂਨ ਤੇ ਮਵਾਦ ਦੀ ਤੇਹਾਂ ਵਾਲੀ, ਚਿਕੜ ਨਾਲ ਭਰੀ ਹੈ।

ਇਹ ਅਪਵਿਤਰ, ਸੜੇ ਹੋਏ ਮਾਸ ਵਾਲੀ, ਦੁਰਗੰਧੀ ਵਾਲੀ ਤੇ ਕਾਲੀ ਹੈ। ਇਸ ਦੀ ਧੂਏਂ ਵਾਲੀ ਅੱਗ ਦੇ ਰੰਗ ਦੀ ਤਰ੍ਹਾਂ ਕਠੋਰ ਛੋਹ ਵਾਲੀ ਤੇ ਅਸਹਿਨਸ਼ੀਲ ਹੈ।

ਨਰਕ ਅਸ਼ੁਧ ਤੇ ਪੀੜਾ ਦਾ ਕਾਰਣ ਹੈ। ਉਸ ਨਰਕ ਵਿੱਚ ਰਹਿਨ ਵਾਲੇ ਜੀਵਾਂ ਨੂੰ ਕਦੇ ਵੀ ਸੁੱਖ ਦੀ ਨੀਂਦ ਨਸੀਬ ਨਹੀਂ ਹੁੰਦੀ। ਉਹ ਕਰਵਟ ਨਾਲ ਨਹੀਂ ਸੋ ਸਕਦੇ; ਉਥੇ ਨਾ ਧਰਮ ਸੁਨਣ ਨੂੰ ਹੈ, ਨਾ ਕਿਸੇ ਵਿਸ਼ੇ ਦਾ ਸੁੱਖ ਹੈ, ਉਥੇ ਧੀਰਜ ਤੇ ਬੁੱਧੀ ਨਹੀਂ ਉਹ ਨਾਰਕ ਜੀਵ ਕਠਿਨ, ਵਿਪੁਲ, ਗਾੜੀ, ਖੁਰਦਰੀ, ਤੇਜ, ਅਸਹਿ ਤੇ ਅਪਾਰ ਦੁਖ ਭੋਗਦੇ, ਸਮਾਂ ਗੁਜਾਰਦੇ ਹਨ। (36)

ਜਿਸ ਤਰ੍ਹਾਂ ਕੋਈ ਦਰਖੱਤ ਅਜੇਹਾ ਹੋਵੇ ਜੋ ਪਹਾੜ ਦੇ ਅੱਗੇ ਨੂੰ ਪੈਦਾ ਹੋਇਆ ਹੋਵੇ ਉਸ ਦੀ ਜੜ ਕਟ ਦਿਤੀ ਜਾਵੇ ਤਾਂ ਇਹ ਦਰਖਤ ਪਹਿਲਾਂ ਤੋਂ ਭਾਰੀ ਹੋ ਜਾਂਦਾ ਹੈ ਇਹ ਦਰਖਤ ਜਿਥੇ ਨੀਵਾਂ ਹੁੰਦਾ ਹੈ, ਉਹ ਥਾਂ ਖਤਰਨਾਕ ਅਤੇ ਦੁਰਗਮ ਹੁੰਦੀ ਹੈ, ਇਸੇ ਤਰ੍ਹਾਂ ਪਾਪ ਕਰਮਾਂ ਦਾ ਭਾਰੀ ਪਾਪੀ ਪੁਰਸ਼ ਇਕ ਗਰਭ ਤੋਂ ਦੂਸਰੇ ਗਰਭ ਵਿਚ ਇਕ ਜਨਮ ਤੋਂ ਦੂਸਰੇ ਜਨਮ ਵਿਚ, ਇਕ ਮਰਨ ਤੋਂ ਦੂਸਰੇ ਮਰਨ ਤੱਕ, ਇੱਕ ਨਰਕ ਤੋਂ ਦੂਸਰੇ ਨਰਕ ਵਿਚ, ਇਕ ਦੁਖ ਤੋਂ ਦੂਸਰੇ ਦੁਖ ਨੂੰ ਪ੍ਰਾਪਤ ਕਰਦਾ ਹੈ।

ਉਹ ਨਾਰਕੀ ਦਖਣ ਗਾਮੀ, ਕ੍ਰਿਸ਼ਨ ਪੱਖੀ (ਪਾਪੀ) ਤੇ ਭਵਿੱਖ ਵਿਚ ਵੀ ਗਿਆਨ ਰਹਿਤ ਹੁੰਦਾ ਹੈ।

ਇਸ ਪ੍ਰਕਾਰ ਦੇ ਇਹ ਅਧਰਮ ਸਥਾਨ ਅਨਾਰਿਆ ਹਨ। ਕੇਵਲ ਗਿਆਨ ਰਹਿਤ ਹਨ ਸਾਰੇ ਦੁੱਖਾਂ ਵਾਲ, ਮਿਥਿਆਤਵ ਵਾਲੇ ਤੇ ਬੁਰੇ ਹਨ। ਇਸ ਪ੍ਰਕਾਰ ਜੋ ਅਧਰਮ ਪੱਖ ਪਹਿਲਾਂ ਹੈ ਉਸਦਾ ਵਿਚਾਰ ਪੂਰਾ ਹੋਇਆ। (37)

**ਧਰਮ ਪੱਖ**

ਇਸ ਤੋਂ ਬਾਅਦ ਦੂਸਰਾ ਸਥਾਨ ਧਰਮ ਪੱਖ ਅਖਵਾਉਂਦਾ ਹੈ ਉਸਦਾ ਵਰਨਣ ਇਸ ਪ੍ਰਕਾਰ ਹੈ—

"ਇਹ ਮਨੁੱਖ ਲੋਕ ਵਿਚ ਪੂਰਵ ਆਦਿ ਦਿਸ਼ਾਵਾਂ ਵਿਚ ਕਈ ਪੁਰਸ਼ ਹੁੰਦੇ ਹਨ, ਜੋ ਆਰੰਭ (ਹਿੰਸਾ) ਨਹੀਂ ਕਰਦੇ, ਪਰਿਗ੍ਰਹਿ ਨਹੀਂ ਰਖਦੇ, ਖੁਦ ਧਰਮ ਦਾ ਆਚਰਣ ਕਰਦੇ ਹਨ, ਧਰਮ ਅਨੁਸਾਰ ਚਲਦੇ ਹਨ, ਦੂਸਰੇ ਨੂੰ ਧਰਮ ਵਾਰੇ ਦਸਦੇ ਹਨ। ਧਰਮ ਨੂੰ ਅਪਣਾ ਈਸ਼ਟ ਮੰਨਦੇ ਹਨ।

ਇਥੋਂ ਤੱਕ ਧਰਮ ਅਨੁਸਾਰ ਗੁਜ਼ਾਰਾ ਕਰਦੇ ਹਨ, ਸੁਸ਼ੀਲ, ਵਰਤਧਾਰੀ, ਪ੍ਰਸਨਚਿਤ ਸਾਧੂ ਪੁਰਸ਼ ਹਨ ਉਹ ਜਿੰਦਗੀ ਭਰ ਹਰ ਪ੍ਰਕਾਰ ਦੀ ਹਿੰਸਾ ਤੋਂ ਮੁਕਤ ਹੁੰਦੇ ਹਨ ਜੋ ਪ੍ਰਾਣਾਤਿਪਾਤ (ਹਿੰਸਾ) ਤੋਂ ਲੈਕੇ ਮਿਥਿਆ ਦਰਸ਼ਨ ਤੱਕ ਸਾਰੇ ਪਾਪ ਸਥਾਨਾਂ ਤੋਂ ਮੁਕਤ ਰਹਿੰਦੇ ਹਨ।

ਦੂਸਰੀ ਤਰ੍ਹਾਂ ਦੇ ਅਧਾਰਮਿਕ, ਸੰਤਾਪ ਦੇਨ ਵਾਲੇ, ਅਗਿਆਨੀ ਪਾਪੀ ਕਰਮ ਕਰਦੇ ਹੋਏ, ਜਿੰਦਗੀ ਭਰ ਦੁਸ਼ਕਰਮਾਂ ਵਿਚ ਲੱਗੇ ਰਹਿੰਦੇ ਹਨ।

ਧਾਰਮਿਕ ਪੁਰਸ਼ ਘਰਵਾਰ ਛੱਡ ਕੇ ਸਾਧੂ ਬਨਦੇ ਹਨ।

ਈਰੀਆ, ਭਾਸ਼ਾ, ਏਸ਼ਨਾ, ਅਦਾਨ ਭਾਂਡ ਮਾਤਰ ਨਿਰਸ਼ੇਪਨ, ਉਚਾਰੋਂ ਪ੍ਰਸਤਰਵਨ ਖੇਲੱਸਿਘਾਣ ਜਲੇ ਪਰਿਸ਼ਠਾਪਾਨਿਕਾ ਇਨ੍ਹਾਂ ਪੰਜ ਸਮਿਤਿਆਂ ਨਾਲ ਸੰਜਮ ਧਰਮ ਪਾਲਦੇ ਹਨ। ਮਨ ਸਮਿਤਿ, ਬਚਨ ਸਮਿਤਿ, ਕਾਇਆ ਸਮਿਤਿ ਤੇ ਮਨ ਗੁਪਤੀ, ਬਚਨ ਕਾਇਆ ਗੁਪਤੀ ਵਾਲੇ ਹੁੰਦੇ ਹਨ ਉਹ ਸਾਧੂ ਪਰਸ਼ ਆਤਮਾ ਨੂੰ ਪਾਪਾਂ ਤੋਂ ਗੁਪਤ (ਸੁਰਖਿਅਤ) ਰਖਦੇ ਹਨ। ਅਪਣੀ ਇੰਦਰੀ ਦੇ ਵਿਸ਼ੇ ਭੋਗਾਂ ਨੂੰ ਗੁਪਤ ਰਖਦੇ ਹਨ। ਬ੍ਰਹਮਚਰਜ ਦਾ ਨੌ ਪ੍ਰਕਾਰ ਨਾਲ ਪਾਲਨ ਕਰਦੇ ਹਨ।

ਉਹ ਕਰੋਧ, ਮਾਨ, ਮਾਇਆ ਤੇ ਲੋਭ ਰਹਿਤ ਹੁੰਦੇ ਹਨ। ਉਹ ਅੰਦਰੋਂ ਬਾਹਰੋਂ ਸ਼ਾਂਤ ਹੁੰਦੇ ਹਨ। ਉਹ ਸਾਰੇ ਸੰਤਾਪਾਂ, ਆਸ਼ਰਵਾਂ (ਪਾਪ ਸਥਾਨਾਂ) ਦਾ ਸੇਵਨ ਨਹੀਂ ਕਰਦੇ ਉਹ ਅੰਦਰਲੇ ਤੇ ਬਾਹਰਲੇ ਪਰਿਗ੍ਰਹਿ ਤੋਂ ਮੁੱਕਤ ਹੁੰਦੇ ਹਨ।

ਉਹ ਮਹਾਤਮਾ ਸੰਸਾਰ ਰੂਪੀ ਸਮੁੰਦਰ ਨੂੰ ਛੇਦ ਕੇ, ਕਰਮ ਮੇਲ ਤੋਂ ਇਸ ਤਰ੍ਹਾਂ ਰਹਿਤ ਹੋ ਜਾਂਦੇ ਹਨ, ਜਿਸ ਤਰ੍ਹਾਂ ਕਾਂਸੀ ਦਾ ਭਾਂਡਾ ਪਾਣੀ ਨਾਲ ਨਹੀਂ ਚਿਮੜਦਾ।

ਜਿਵੇਂ ਸ਼ੰਖ ਕਾਲਖ ਰਹਿਤ ਹੁੰਦਾ ਹੈ। ਉਸੇ ਤਰ੍ਹਾਂ ਮਹਾਤਮਾ ਰਾਗ ਦਵੇਸ਼ ਦੀ ਕਾਲਖ ਤੋਂ ਰਹਿਤ ਹੁੰਦੇ ਹਨ।

ਜਿਵੇਂ ਸਚੇਤਨ ਜੀਵ ਦੀ ਗਤਿ ਨਹੀਂ ਰੁਕਦੀ, ਉਸੇ ਤਰ੍ਹਾਂ ਉਨ੍ਹਾਂ ਮਹਾਤਮਾਵਾਂ ਦੀ ਗਤਿ ਨਹੀਂ ਰੁਕ ਸਕਦੀ।

ਜਿਵੇਂ ਅਕਾਸ਼ ਬਿਨਾਂ ਸਹਾਰੇ ਰਹਿੰਦਾ ਹੈ ਉਸੇ ਤਰ੍ਹਾਂ ਮਹਾਤਮਾ ਕਿਸੇ—ਪਰ ਆਸਰੇ ਨਹੀਂ ਹੁੰਦੇ। ਭਾਵ ਉਹ ਜੀਵਨ ਗੁਜਾਰਨ ਲਈ ਵਿਉਪਾਰ ਦਾ ਸਹਾਰਾ ਨਹੀਂ ਲੈਂਦੇ।

ਜਿਵੇਂ ਹਵਾ ਨੂੰ ਕੋਈ ਰੋਕ ਨਹੀਂ ਸਕਦਾ, ਉਸੇ ਤਰ੍ਹਾਂ ਮਹਾਤਮਾ ਰੁਕਾਵਟ ਰਹਿਤ ਹੁੰਦੇ ਹਨ।

ਸਰਦੀ ਦੇ ਸਾਫ ਪਾਣੀ ਦੀ ਤਰ੍ਹਾਂ ਇਨ੍ਹਾਂ ਮਹਾਤਮਾਵਾਂ ਦਾ ਹਿਰਦਾ ਸ਼ੁਧ ਤੇ ਸਵੱਛ ਹੁੰਦਾ ਹੈ। ਕਮਲ ਦੇ ਪੱਤੇ ਦੀ ਤਰ੍ਹਾਂ ਇਹ ਮਹਾਤਮਾ ਨਿਰਲੇਪ ਹੁੰਦੇ ਹਨ।

ਉਹ ਕੱਛੂ ਦੀ ਤਰਾਂ ਅਪਣੀਆਂ ਇੰਦਰੀਆਂ ਨੂੰ ਸਿਕੋੜ ਕੇ ਰਖਦੇ ਹਨ। ਜਿਵੇਂ ਪੰਛੀ ਅਕਾਸ਼ ਵਿਚ ਘੁੰਮਦਾ ਹੈ ਉਸੇ ਤਰ੍ਹਾਂ ਮਹਾਤਮਾ ਅਜਾਦ ਫਿਰਦੇ ਹਨ। ਉਹ ਸਾਰੇ ਮਮਤਾ ਦੇ ਬੰਧਨਾਂ ਤੋਂ ਰਹਿਤ ਹੁੰਦੇ ਹਨ।

ਜਿਵੇਂ ਗੈਂਡੇ ਦਾ ਇਕ ਸਿੰਘ ਹੁੰਦਾ ਹੈ। ਉਸੇ ਤਰ੍ਹਾਂ ਮਹਾਤਮਾ ਰਾਗ ਦਵੇਸ਼ ਤੋਂ ਮੁੱਕਤ ਇਕੱਲੇ ਘੁੰਮਦੇ ਹਨ।

ਜਿਵੇਂ ਭਾਰੰਡ ਪੰਛੀ ਸਾਵਧਾਨ ਹੁੰਦਾ ਹੈ। ਉਸੇ ਤਰ੍ਹਾਂ ਮਹਾਤਮਾ ਆਤਮਾ ਪ੍ਰਤਿ ਸਾਵਧਾਨ ਹੁੰਦੇ ਹਨ।

ਜਿਵੇਂ ਹਾਥੀ ਦਰਖਤ ਉਖਾੜ ਸਕਦਾ ਹੈ ਉਸੇ ਤਰ੍ਹਾਂ ਮੁਨੀ ਕਸ਼ਾਏ ਰੂਪੀ ਦਰਖਤ ਪੁਟਨ ਵਿੱਚ ਸੂਰਵੀਰ ਹੁੰਦੇ ਹਨ।

ਜਿਵੇਂ ਬਲੱਦ ਭਾਰ ਵਿੱਚ ਸਮਰਥ ਹੁੰਦੇ ਹਨ ਉਸੇ ਤਰ੍ਹਾਂ ਮਹਾਤਮਾ ਸੰਜਮ ਵਿੱਚ ਸਮਰਥ ਹਨ।

ਜਿਵੇਂ ਸ਼ੇਰ ਦੂਸਰੇ ਪਸ਼ੂਆਂ ਤੋਂ ਦਬਦਾ ਨਹੀਂ ਉਸੇ ਤਰ੍ਹਾਂ ਮੁਨੀ ਪਰਿਸ਼ੇ ਅਤੇ ਕਸਟਾਂ ਤੋਂ ਨਹੀਂ ਘਬਰਾਉਂਦਾ।

ਜਿਵੇਂ ਮੰਦਰ, ਪਰਬਤ ਨਹੀਂ ਕੰਬਦਾ, ਉਸੇ ਤਰ੍ਹਾਂ ਮਹਾਤਮਾ ਨੂੰ ਕੋਈ ਖਤਰਾ, ਉਪ-ਸਰਗ ਤੇ ਡਰਾਂ ਤੋਂ ਨਹੀਂ ਡਰਦੇ। ਉਹ ਮੁਨੀ ਸਾਗਰ ਦੀ ਤਰ੍ਹਾਂ ਦੁੱਖ ਸੁਖ ਵਿੱਚ ਗੰਭੀਰ ਰਹਿੰਦੇ ਹਨ, ਉਨ੍ਹਾਂ ਦੀ ਪ੍ਰਕ੍ਰਿਤੀ (ਆਦਤ) ਚੰਦਰਮਾ ਦੀ ਤਰ੍ਹਾਂ ਸ਼ੀਤਲ (ਠੰਡੀ) ਹੁੰਦੀ ਹੈ।

ਉਹ ਸੂਰਜ ਦੀ ਤਰ੍ਹਾਂ ਤੇਜ ਵਾਲੇ ਹੁੰਦੇ ਹਨ।

ਜਿਵੇਂ ਸ਼ੁਧ ਸੋਨੇ ਵਿੱਚ ਮੈਲ ਨਹੀਂ ਹੁੰਦਾ। ਉਸੇ ਤਰ੍ਹਾਂ ਉਨ੍ਹਾਂ ਵੀਤਰਾਗੀ ਆਤਮਾਵਾਂ ਨੂੰ ਕਰਮ-ਮੈਲ ਨਹੀਂ ਹੁੰਦਾ।

ਉਹ ਜਮੀਨ ਦੀ ਤਰ੍ਹਾਂ ਸਾਰੇ ਕਸ਼ਟ ਸਹਿੰਦੇ ਹਨ। ਚੰਗੀ ਤਰ੍ਹਾਂ ਬਲਦੀ ਹੱਵਨ ਦੀ ਅੱਗ ਤਰ੍ਹਾਂ ਜੋਤੀਮਾਨ ਹੁੰਦੇ ਹਨ। ਉਨ੍ਹਾਂ ਮਹਾਤਮਾਵਾਂ ਨੂੰ ਕਿਤੇ ਵੀ ਰੁਕਾਵਟ ਨਹੀਂ।

ਇਹ ਪ੍ਰਤਿਬੰਧ ਜਾਂ ਰੁਕਾਵਟ ਚਾਰ ਪ੍ਰਕਾਰ ਨਾਲ ਹੁੰਦੀ ਹੈ—(1) ਜਿਵੇਂ ਅੰਡੇ ਤੋਂ ਪੈਦਾ ਹੋਣ ਵਾਲ ਹੰਸ ਤੇ ਮੋਰ, (2) ਹਾਥੀ ਦੇ ਬੱਚੇ, (3) ਨਿਵਾਸ ਸਥਾਨ ਦੀ ਸੋਣ ਦੇ ਆਸਨ ਦੀ ਰੁਕਾਵਟ। (4) ਘੁਮਨ ਫਿਰਨ (ਬਿਹਾਰ) ਦੀ ਰੁਕਾਵਟ।

ਉਹ ਮੁਨੀ ਜਿਸ ਦਿਸ਼ਾ ਵੱਲ ਜਾਣਾ ਚਾਹੁੰਦੇ ਹਨ। ਉਸੇ ਦਿਸ਼ਾ ਵੱਲ ਬਿਨ੍ਹਾਂ ਰੁਕਾ-ਵਟ ਘੁੰਮਦੇ ਹਨ।

ਉਹ ਪਵਿਤਰ ਹਿਰਦਾ ਮੁਨੀ, ਪਰਿਗ੍ਰਹਿ ਮੁਕਤ ਹੋਣ ਕਾਰਣ ਹਲਕੇ-ਫੁਲਕੇ ਬੰਧਨ

ਰਹਿਤ, ਸੰਜਮੀ ਅਤੇ ਤਪਸਿਆ ਰਾਹੀਂ ਅਪਣੀ ਆਤਮਾ ਨੂੰ ਸੰਜਮ ਵਿੱਚ ਲਗਾਉਂਦੇ ਹਨ।

ਉਨ੍ਹਾਂ ਭਾਗਸਾਲੀ ਮਹਾਤਮਾਵਾਂ ਦੀ ਸੰਜਮ ਰੂਪੀ ਯਾਤਰਾ ਦੇ ਨਿਰਵਾਹ ਲਈ ਕੁੱਝ ਅਜੀਵਕਾ (ਭੋਜਨ) ਲੈਣਾ ਪੈਂਦਾ ਹੈ।

ਇਹ ਮਹਾਤਮਾ ਆਤਮਾ ਸੁੱਧੀ ਲਈ ਇੱਕ, ਦੋ, ਤਿੰਨ, ਚਾਰ, ਪੰਜ, ਛੇ, ਪੰਦਰਾ ਤੀਹ ਦਿਨ, ਦੋ ਮਹੀਨੇ, ਤਿੰਨ ਮਹੀਨੇ, ਚਾਰ ਮਹੀਨੇ, ਪੰਜ ਮਹੀਨੇ ਤੇ ਛੇ ਮਹੀਨੇ ਤੱਕ ਵਰਤ ਆਦਿ ਤਪਸਿਆ ਕਰਦੇ ਹਨ।

## ਅਭਿਗ੍ਰਹਿ (ਤੱਪ ਸੰਬੰਧੀ ਗੁਪਤ ਪ੍ਰਤਿਗਿਆ)

ਕੋਈ ਗੁਪਤ ਪ੍ਰਤਿਗਿਆ (ਅਭਿਗ੍ਰਹਿ) ਧਾਰਨ ਕਰਦੇ ਹਨ ਅਤੇ ਉਹ ਹਾਂਡੀ ਵਿੱਚੋਂ ਬਾਹਰ ਨਿਕਲੀਆਂ ਭੋਜਨ ਗ੍ਰਹਿਣ ਕਰਦੇ ਹਨ।

ਕੋਈ ਮਹਾਤਮਾ ਨੂੰ ਪਰੋਸਣ ਤੋਂ ਬਾਅਦ ਬਚਿਆ ਭੋਜਨ ਲੈਂਦੇ ਹਨ, ਕੋਈ ਹਾਂਡੀ ਵਿਚੋਂ ਬਾਹਰ ਕੱਢੇ ਹੋਏ ਅਤੇ ਫੇਰ ਹਾਂਡੀ ਵਿਚ ਰਖੇ ਭੋਜਨ ਨੂੰ ਗ੍ਰਹਿਣ ਕਰਦੇ ਹਨ।

ਕੋਈ ਖਾਣ ਤੋਂ ਬਾਅਦ ਬਚਿਆ ਅੰਨ ਗ੍ਰਹਿਣ ਕਰਦੇ ਹਨ।

ਕਈ ਦੋਵੇਂ ਤਰ੍ਹਾਂ ਦਾ ਭੋਜਨ ਕਰਦੇ ਹਨ। ਕੋਈ ਬੱਚਿਆ ਖੁਚਿਆ ਅੰਨ ਪਾਣੀ ਲੈਣ ਦੀ ਪ੍ਰਤਿਗਿਆ ਕਰਦੇ ਹਨ। ਕੋਈ ਰੁੱਖਾ ਭੋਜਨ ਲੈਂਦੇ ਹਨ, ਕਈ ਛੋਟੇ-ਬੜੇ ਘਰਾਂ ਤੇ ਭਿਖਿਆ ਲੈਂ ਦੇ ਹਨ। ਕਈ ਭਰੇ ਹੋਏ ਹਥਾਂ ਵਾਲਾ ਭੋਜਨ ਲੈਂਦੇ ਹਨ। ਜਿਸ ਅੰਨ ਜਾਂ ਸਾਗ ਨਾਲ, ਕੜਛੀ ਭਰੀ ਹੋਏ, ਉਸ ਹੱਥ ਨਾਲ ਹੀ ਕਈ ਇਸ ਤਰ੍ਹਾਂ ਦਾ ਭੋਜਨ ਗ੍ਰਹਿਨ ਦੀ ਪ੍ਰਤਿਗਿਆ ਕਰਕੇ ਭੋਜਨ ਲੈਂਦੇ ਹਨ। ਕਈ ਨਾ ਵੇਖੇ ਭੋਜਨ ਨੂੰ ਹੀ ਲੈਂਦੇ ਹਨ ਕਈ ਨਾ ਵੇਖੇ ਭੋਜਨ ਤੇ ਨਾ ਵੇਖੇ ਪਾਣੀ ਤੋਂ ਭੋਜਨ ਗ੍ਰਹਿਣ ਦੀ ਪ੍ਰਤਿਗਿਆ ਕਰਦੇ ਹਨ।

ਕਈ ਪੁਛਕੇ ਭੋਜਨ ਲੈਣ ਦੀ ਪ੍ਰਤਿਗਿਆ ਕਰਦੇ ਹਨ, ਕਈ ਬਿਨਾ ਪੁੱਛੇ ਭੋਜਨ ਗ੍ਰਹਿਣ ਕਰਦੇ ਹਨ।

ਕਈ ਬਿਨਾ ਤੁੱਛ ਭੋਜਨ ਹੀ ਗ੍ਰਹਿਣ ਕਰਦੇ ਹਨ, ਕਈ ਤੁੱਛ ਭੋਜਨ ਲੈਂਦੇ ਹਨ। ਕਈ ਚੰਗਾ ਭੋਜਨ ਲੈਂਦੇ ਹਨ।

ਕਈ ਅਨਜਾਨ ਘਰਾਂ ਦਾ ਭੋਜਨ ਗ੍ਰਹਿਣ ਕਰਦੇ ਹਨ. ਕਈ ਦੇਣ ਵਾਲੇ ਦੇ ਕੋਲ ਪਿਆ ਭੋਜਨ ਹੀ ਲੈਂਦੇ ਹਨ।

ਕਈ ਦੱਤੀ (ਇੱਕ ਵਾਰ ਬਿਨਾ ਰੁਕਾਵਟ ਤੋਂ ਜੋ ਭੋਜਨ ਮਿਲ ਜਾਵੇ ਜਾਂ ਪਾਣੀ ਉਦੋਂ ਤਕ ਚਲਦਾ ਹੈ ਜਦ ਇਸ ਵਿਚ ਰੁਕਾਵਟ ਨਾ ਹੋਵੇ।) ਅਨੁਸਾਰ ਭੋਜਨ ਲੈਂਦੇ ਹਨ, ਕਈ ਸੀਮਤ ਅਹਾਰ ਲੈਂਦੇ ਹਨ। ਕਈ ਦੋਸ਼ ਰਹਿਤ ਭੋਜਨ ਲੈਂਦੇ ਹਨ। ਕਈ ਰਸ ਰਹਿਤ ਭੋਜਨ ਲੈਂਦੇ ਹਨ। ਕਈ ਭੁਨੇ ਛੋਲੇ ਲੈਂਦੇ ਹਨ। ਕਈ ਬਚਿਆ ਭੋਜਨ ਲੈਂਦੇ ਹਨ, ਕਈ

ਰਸਵਾਨ ਭੋਜਨ ਲੈਂਦੇ ਹਨ, ਕਈ ਰੁੱਖਾਂ ਤੇ ਤੁੱਛ ਭੋਜਨ ਲੈਂਦੇ ਹਨ।

ਕਈ ਅਹਾਰ (ਭੋਜਨ) ਨਾਲ ਅਪਣਾ ਗੁਜਾਰਾ ਕਰਦੇ ਹਨ, ਕਈ ਹਰ ਰੋਜ ਆਯੰਬਿਲ ਵਰਤ (ਰਸ ਭੋਜਨ ਤੇ ਚਿਕਨਾਈ ਦਾ ਤਿਆਗ) ਕਰਦੇ ਹਨ, ਕਈ ਦੁਪੈਹਰ ਨੂੰ ਭੋਜਨ ਕਰਦੇ ਹਨ। ਕਈ (ਵਿਗੈ) ਚਿਕਨਾਈ ਰਹਿਤ ਭੋਜਨ ਲੈਂਦੇ ਹਨ। (ਘੀ, ਤੇਲ, ਮਿੱਠਾ, ਦੁੱਧ, ਦਹੀ ਆਦਿ ਵਿਗੇ ਵਿਚ ਸ਼ਾਮਲ ਹਨ)

ਇਹ ਸਾਰੇ ਮਹਾਤਮਾ ਮਾਸ ਤੇ ਸ਼ਰਾਬ ਦਾ ਸੇਵਨ ਕਦੇ ਵੀ, ਕਿਸ ਹਾਲਤ ਵਿੱਚ ਨਹੀਂ ਕਰਦੇ। ਉਹ ਜਿਆਦਾ ਰਸ ਵਾਲਾ ਭੋਜਨ ਨਹੀਂ ਲੈਂਦੇ।

ਉਹ ਹਮੇਸ਼ਾ ਕਾਯੋਤਸਰਗ (ਸ਼ਰੀਰ ਦੀ ਮਮਤਾ ਛੱਡਨ ਦਾ ਧਿਆਨ) ਕਰਦੇ ਹਨ। ਪ੍ਰਤਿਮਾਵਾਂ (ਵਰਤਾਂ ਦੀ ਪ੍ਰਤਿਗਿਆਵਾਂ) ਪਾਲਨ ਕਰਦੇ ਹਨ। ਉਕੱੜ ਆਸਨ, ਵੀਰ ਆਸਨ ਵਿੱਚ ਬੈਠਦੇ ਹਨ। ਉਹ ਡੰਡੇ ਦੀ ਤਰ੍ਹਾਂ ਲੰਬੇ ਹੋ ਕੇ ਸੌਂਦੇ ਹਨ। ਲੱਕੜ ਦੀ ਤਰ੍ਹਾਂ ਟੇਡੇ ਸੋਂਦੇ ਹਨ।

ਉਹ ਵੱਸਤਰ ਰਹਿਤ (ਨਗਨ) ਹੋਕੇ, ਧਿਆਨ ਕਰਦੇ ਹਨ, ਸ਼ਰੀਰ ਤੇ ਖਾਜ਼ ਨਹੀਂ ਕਰਦੇ। ਜਮੀਨ ਤੇ ਥੁਕ ਨਹੀਂ ਸੁਟਦੇ, ਇਥੋਂ ਤਕ ਔਪਾਪਤਿਕ ਸੂਤਰ ਦੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ।

ਉਹ ਸਿਰ ਦੇ ਬਾਲ, ਦਾੜੀ, ਮੁੱਛ, ਨੌਂਹ, ਰੋਮ ਦੀ ਸਜਾਵਟ ਨਹੀਂ ਕਰਦੇ। ਉਹ ਸ਼ਰੀਰ ਦੇ ਪਰਿਕ੍ਰਮ (ਇਸ਼ਨਾਨ, ਧੋਨ, ਤੇਲ ਮਾਲਿਸ਼, ਸਾਬੁਨ) ਨਹੀਂ ਲਗਾਉਂਦੇ।

ਉਹ ਮਹਾਤਮਾ ਉਗਰ ਬਿਹਾਰ ਕਰਦੇ ਹੋਏ ਬਹੁਤ ਸਾਲ ਤੱਕ ਸਾਧੂ ਜੀਵਨ ਪਾਲਨ ਕਰਦੇ ਹਨ।

ਅਨੇਕ ਰੋਗ ਦੀ ਅੜੱਚਨ ਤੇ ਵੀ, ਜਾਂ ਨਾ ਆਉਣ ਤੇ ਵੀ ਅੰਤ ਸਮੇਂ ਸੰਥਾਰਾ (ਸਮਾਧਿ ਮਰਨ) ਗ੍ਰਹਿਣ ਕਰਦੇ ਹਨ।

ਫੇਰ ਇਹ ਸਮਾਧੀ ਮਰਨ ਨੂੰ ਅਨੇਕਾਂ ਦਿਨ ਵਿੱਚ ਪੂਰਾ ਕਰਦੇ ਹਨ, ਸਮਾਧੀ ਮਰਨ ਵਿਚ ਮੁਨੀ ਦਾ ਉੱਚ ਜੀਵਨ ਉਦੇਸ਼ ਪੂਰਾ ਹੋ ਜਾਂਦਾ ਹੈ, ਜਿਸ ਕਾਰਣ ਉਕਤ ਮਹਾਤਮਾ ਦਾ ਨਗਨ ਭਾਵ ਮੁੰਡਨਭਾਵ, (ਸਿਰ ਮੁਨਾਉਨਾ) ਇਸ਼ਨਾਨ ਨਾ ਕਰਨਾ, ਦੰਦ ਸਾਫ ਕਰਨਾ, ਛਤਰੀ ਨਾ ਵਰਤਨ, ਜੁੱਤੇ ਨਾ ਪਹਿਨਨਾ, ਜਮੀਨ ਤੇ ਸੋਨਾ, ਫੱਟੇ ਤੇ ਸੋਨਾ, ਕੇਸ਼ ਲੋਚ, ਬ੍ਰਹਮਚਰਜ, ਭਿਖਿਆ, (ਭੋਜਨ) ਆਦਿ ਕੰਮ ਕੀਤੇ ਜਾਂਦੇ ਸਨ। ਕਦੇ ਭੋਜਨ ਮਿਲਦਾ ਹੈ ਕਦੇ ਨਹੀਂ ਮਿਲਦਾ ਇਸ ਕਾਰਨ ਮਾਨ, ਅਪਮਾਨ, ਬੇਇਜਤੀ, ਨਿੰਦਾ, ਫਿਟਕਾਰ, ਝਿੜ੍ਹਕਾਂ, ਮਾਰਕੁਟ ਧਮਕੀ, ਉੱਚੀ ਨੀਵੀਂ ਗੱਲ, ਕੰਨਾਂ ਨੂੰ ਚੰਗ ਨਾਂ ਲਗਨ ਵਾਲੇ ਵਿਸ਼ੇ, 22 ਪ੍ਰਕਾਰ ਦੇ ਪਰਿਸ਼ੈ ਤੇ ਉਪਸਰਗ (ਕਸ਼ਟ) ਸਾਧੂ ਨੂੰ ਆਉਂਦੇ ਹਨ।

ਇਸ ਪ੍ਰਕਾਰ ਮਹਾਤਮਾ ਉਦੇਸ਼ ਸਿੱਧ ਕਰਕੇ ਆਖਰੀ ਸਾਹ, ਸਵਾਸੋਸਵਾਸ (ਛੋਟੇ ਬੜੇ ਸਾਹ) ਅੰਤ ਰਹਿਤ ਬਨਦੇ ਹਨ ਫੇਰ ਰੁਕਾਵਟ ਰਹਿਤ, ਪ੍ਰਤਿਪੂਰਨ ਕੇਵਲ ਗਿਆਨ ਕੇਵਲ ਦਰਸ਼ਨ ਨੂੰ ਪ੍ਰਾਪਤ ਹੁੰਦੇ ਹਨ।

ਕੇਵਲ ਗਿਆਨ-ਕੇਵਲ ਦਰਸ਼ਨ ਪ੍ਰਾਪਤ ਹੋਣ ਤੇ ਉਹ ਸਾਧੂ ਪੁਰਸ਼ ਸਿੱਧੀ (ਮੋਕਸ਼) ਨੂੰ ਪ੍ਰਾਪਤ ਕਰਦੇ ਹਨ। ਕਰਮ ਬੰਧਨ ਤੋਂ ਮੁਕਤ, ਸ਼ਾਂਤ ਹੋਕੇ ਦੁੱਖਾਂ ਦਾ ਨਾਸ਼ ਕਰਦੇ ਹਨ।

ਕੁੱਝ ਮਹਾਤਮਾ ਇਕ ਹੀ ਜਨਮ ਵਿਚ ਮੁਕਤੀ ਪਾ ਲੈਂਦੇ ਹਨ, ਕੁੱਝ ਮਰਕੇ ਦੇਵਤਾ ਬਨਦੇ ਹਨ, ਉਹ ਦੇਵਲੋਕ ਵਿੱਚ ਰਿਧੀ, ਸਿਧੀ, ਕਾਂਤੀ ਪਰਾਕਰਮ, ਯਸ਼, ਸ਼ਕਤੀ, ਪ੍ਰਭਾਵ, ਸੁੱਖ ਦੇ ਧਨੀ ਬਨਕੇ ਜਨਮ ਲੈਂਦੇ ਹਨ। ਇਹ ਦੇਵ ਮਹਾਨ ਰਿਧੀ ਸ਼ਾਲੀ ਕਾਂਤੀ ਮਾਨ ਸੁੱਖਾਂ ਤੋਂ ਸੰਪਨ ਹੁੰਦੇ ਹਨ। ਉਨ੍ਹਾਂ ਦੀ ਛਾਤੀ ਹਾਰਾਂ ਨਾਲ ਸੁਸ਼ੋਭਿਤ ਰਹਿੰਦੀ ਹੈ, ਉਨ੍ਹਾਂ ਦੀਆਂ ਬਾਂਹਾਂ ਕੜੇ, ਬਾਜੂ, ਬੰਦ ਗਹਿਣਿਆਂ ਨਾਲ ਭਰਪੂਰ ਹੁੰਦੀਆਂ ਹਨ। ਉਨ੍ਹਾਂ ਦਾ ਚੇਹਰਾ ਅੰਗਦ, ਕੁੰਡਲ ਨਾਲ ਸੋਭਾਇਮਾਨ ਹੁੰਦੇ ਹਨ। ਉਹ ਕੰਨਾਂ ਵਿਚ ਕਰਨ ਫੂਲ ਧਾਰਨ ਕਰਦੇ ਹਨ। ਹੱਥ ਵਿੱਚ ਭਿੰਨ-ਭਿੰਨ ਪ੍ਰਕਾਰ ਦੇ ਗਹਿਣੇ ਧਾਰਨ ਕਰਦੇ ਹਨ। ਉਨ੍ਹਾਂ ਦੇ ਸਿਰਾਂ ਤੇ ਬਚਿੱਤਰ ਪ੍ਰਕਾਰ ਦੇ ਮਾਲਾਂ ਤੇ ਮੁਕਟ ਹੁੰਦੇ ਹਨ।

ਉਹ ਦੇਵਤੇ ਕਲਿਆਨਕਾਰੀ, ਸੁਗੰਧਿਤ ਸੁੰਦਰ ਕਪੜੇ, ਪਹਿਨਦੇ ਹਨ, ਕਲਿਆਨ-ਕਾਰੀ ਉਤਮ ਮਾਲਾ, ਅਤੇ ਅੰਗਾਂ ਦਾ ਲੇਪ ਧਾਰਨ ਕਰਦੇ ਹਨ, ਉਨ੍ਹਾਂ ਦਾ ਸਰੀਰ ਪ੍ਰਕਾਰ ਦੀ ਤਰ੍ਹਾਂ ਚਮਕਦਾ ਹੈ, ਉਹ ਲੰਬੀਆਂ ਬਨ ਮਾਲਾਵਾਂ ਧਾਰਨ ਕਰਦੇ ਹਨ, ਅਪਣੇ ਦਿਵਯ ਰੂਪ, ਵਰਨ, ਗੰਧ, ਸਪਰਸ਼, ਦਿਵ ਸ਼ਰੀਰ, ਰਿਧੀ ਕਾਂਤੀ, ਪ੍ਰਭਾ, ਜਾਂ ਅਰਚਾ, (ਆਦਤ) ਤੇਜ, ਤੇ ਲੇਸ਼ਿਆ ਨਾਲ ਦਸ਼ਾਂ ਦਿਸ਼ਾਵਾਂ ਵਿੱਚ ਚਮਕ ਤੇ ਕਲਿਆਨਕਾਰੀ ਗਤੀ, ਸਥਿਤੀ, ਭਵਿਖ ਵਿੱਚ ਭਦਰਕ ਹੋਣ ਵਾਲੇ ਦੇਵ ਹੁੰਦੇ ਹਨ।

ਇਹ ਸਥਾਨ ਆਰਿਆ ਹੈ ਸਾਰੇ ਦੁੱਖਾਂ ਨੂੰ ਖਤਮ ਕਰਨ ਦਾ ਰਾਹ ਹੈ ਸਮਿਅਕ ਤੇ ਉਤਮ ਹੈ ਇਸ ਪ੍ਰਕਾਰ ਦੂਸਰੇ ਧਰਮ ਪਖ ਦਾ ਵਿਚਾਰ ਪੂਰਾ ਹੋਇਆ। (38)

**ਮਿਸ਼ਰ ਸਥਾਨ**—

ਤੀਸਰਾ ਮਿਸ਼ਰ ਸਥਾਨ ਇਸ ਪ੍ਰਕਾਰ ਹੈ।

ਤੀਸਰੇ ਮਿਸਰ ਸਥਾਨ ਤੇ ਵਿਚਾਰ ਕੀਤਾ ਜਾਂਦਾ ਹੈ, ਇਸ ਸੰਸਾਰ ਵਿੱਚ ਪੂਰਵ ਆਦਿ ਦਿਸ਼ਾਵਾਂ ਤੋਂ ਕੋਈ-ਕੋਈ ਮਨੁੱਖ ਅਜੇਹੇ ਹੁੰਦੇ ਹਨ, ਜੋ ਘਟ ਇੱਛਾ ਵਾਲੇ, ਘੱਟ ਆਰੰਭ ਵਾਲੇ, ਘੱਟ ਪਰਿਗ੍ਰਹਿ ਵਾਲੇ ਹੁੰਦੇ ਹਨ। ਉਹ ਧਾਰਮਿਕ ਧਰਮ ਅਨੁਯਾਈ ਧਰਮ ਰਾਹੀਂ, ਅਪਣਾ ਗੁਜਾਰਾ ਕਰਨ ਵਾਲੇ ਹਨ। ਅਜੇਹੇ ਸੁਸ਼ੀਲ, ਸੁਵਰਤੀ ਤੇ ਸੁੱਖ ਤੋਂ ਭਰਪੂਰ ਸਾਧਨਾ ਯੋਗ ਸੱਜਨ ਹੁੰਦੇ ਹਨ। ਉਹ ਸਥੂਲ (ਮੋਟੀ) ਪ੍ਰਾਣਾਤਿਪਾਤ (ਹਿੰਸਾ) ਤਿਆਗ ਤੋਂ

ਜਿੰਦਗੀ ਭਰ ਲਈ ਹਨ। ਇਸੇ ਤਰ੍ਹਾਂ ਦੂਸਰੇ ਸੂਖਮ ਪ੍ਰਾਣਾਤਿਪਾਤ ਤੋਂ ਛੂਟ ਨਹੀਂ ਸਕਦੇ।

ਹੋਰ ਕਈ ਪਾਪਕਾਰੀ ਤੇ ਅਗਿਆਨਤਾ ਦੇ ਕਾਰਣ ਹੋਰ ਪ੍ਰਾਣੀਆਂ ਨੂੰ ਕਸ਼ਟ ਦੇਣ ਵਾਲੇ ਕਰਮ ਵਿਉਪਾਰ ਕਰਦੇ ਹਨ, ਉਨ੍ਹਾਂ ਵਿਚ ਕਈ ਕਰਮਾਂ ਵਿਚ ਲਗੇ ਰਹਿੰਦੇ ਹਨ। ਜਿਵੇਂ ਉਨ੍ਹਾਂ ਦੇ ਨਾਂ ਤੋਂ ਪਤਾ ਲਗਦਾ ਹੈ ਕਿ ਅਜੇਹੇ ਮਨੁੱਖ ਸ੍ਰਮਣੋ ਉਪਾਸਕ (ਸ੍ਰਾਵਕ) ਹੁੰਦੇ ਹਨ, ਜੋ ਇਸ ਮਿਸ਼ਰ ਸਥਾਨ ਦੇ ਹਕਦਾਰ ਹਨ, ਉਹ ਜੀਵ, ਅਜੀਵ, ਪਾਪ, ਪੁੰਨ, ਆਸ਼ਰਵ ਸੰਵਰ, ਵੇਦਨਾ, ਨਿਰਜਰਾ, ਕ੍ਰਿਆ, ਅਧਿਕਰਨ ਬੰਧ ਤੇ ਮੋਕਸ਼ ਦਾ ਸਵਰੂਪ ਜਾਨਣ ਵਿੱਚ ਮਾਹਿਰ ਹੁੰਦੇ ਹਨ, ਉਹ ਮਜਬੂਰੀ ਵਿਚ ਵੀ ਕਿਸੇ ਦੀ ਮਦੱਦ ਦੀ ਇੱਛਾ ਨਹੀਂ ਕਰਦੇ, ਫੇਰ ਵੀ ਦੇਵ, ਅਸੁਰ, ਨਾਗ, ਸੁਪਰਨ, ਯਕਸ਼, ਕਿੰਨਰ, ਕਿੰਪੁਰਸ਼, ਗਰੁੜ, ਗੰਧਰਵ, ਮਹੋਰਗ ਆਦਿ ਦੇਵਤੇ ਦੀ ਮਦਦ ਨਹੀਂ ਲੈਂਦੇ। ਕੋਈ ਵੀ ਉਨ੍ਹਾ ਨੂੰ ਦਵਾਓ ਦੇਣ ਤੇ ਉਹ ਨਿਰਗ੍ਰੰਥ (ਜੈਨ) ਪ੍ਰਵਚਨ (ਉਪਦੇਸ਼) ਤੋਂ ਹਟਾ ਨਹੀਂ ਸਕਦੇ, ਉਹ ਉਪਾਸਕ ਨਿਰਗ੍ਰੰਥ ਪ੍ਰਤਿ ਸ਼ੰਕਾ, ਕਾਕਸ਼ਾਂ ਤੇ ਵਿਚਿਕਤਸਾ ਤੋਂ ਰਹਿਤ ਹੁੰਦੇ ਹਨ, ਉਹ ਹੋਰ ਧਰਮ ਨੂੰ ਗ੍ਰਹਿਣ ਨਹੀਂ ਕਰਦੇ ਨਾ ਹੀ ਧਰਮ ਦੇ ਫਲ ਪ੍ਰਤਿ ਸ਼ਕ ਰਖਦੇ ਹਨ, ਉਹ ਸ਼ਾਸ਼ਤਰਾਂ ਦੇ ਅਰਥ ਦੇ ਜਾਨਨ ਤੇ ਗ੍ਰਹਿਣ ਕਰਨ ਵਾਲੇ ਹੁੰਦੇ ਹਨ, ਕੋਈ ਗੱਲ ਸਮਝ ਨਾ ਆਉਣ ਤੇ ਗੁਰੂ ਤੋਂ ਪੁਛਕੇ ਫੈਸਲਾ ਕਰਦੇ ਹਨ। ਚੰਗੀ ਤਰ੍ਹਾਂ ਧਰਮ ਤੱਤਵ ਨੂੰ ਸਮਝਦੇ ਹਨ, ਉਨ੍ਹਾਂ ਦੀ ਹੱਡੀ ਤੇ ਮਾਸ ਜਿਨ (ਜੈਨ) ਪ੍ਰਵਚਨ (ਉਪਦੇਸ਼) ਵਿੱਚ ਚੰਗੀ ਹੁੰਦੀ ਹੈ, ਸੱਚਾ ਉਹ ਸ੍ਰਾਵਕ ਉਪਾਸਕ ਆਖਦੇ ਹਨ।

"ਹੇ ਆਯੁਸ਼ਮਾਨ! ਇਹ ਨਿਰਗ੍ਰੰਥ ਪ੍ਰਵਚਨ ਹੀ ਸੱਚਾ ਅਰਥ ਵਾਲਾ, ਆਤਮ ਕਲਿਆਣ ਵਾਲਾ ਹੈ। ਹੋਰ ਸਭ ਪ੍ਰਵਚਨ ਅਨਰਥ (ਬੇ ਅਰਥ) ਹਨ। ਉਹ ਉਦਾਰ ਤੇ ਨਿਰਮਲ ਚਿਤ ਵਾਲੇ ਹੁੰਦੇ ਹਨ, ਉਨ੍ਹਾਂ ਦੇ ਘਰ ਦੇ ਦਰਵਾਜੇ ਹਮੇਸ਼ਾ ਖਲੇ ਰਹਿੰਦੇ ਹਨ, ਉਹ ਰਾਜਾ ਦੇ ਮਹਿਲ ਦੀ ਤਰ੍ਹਾਂ, ਹਰ ਇਕ ਦੇ ਘਰ ਜਾਣਾ ਚੰਗਾ ਨਹੀਂ ਲਗਦਾ।

ਅਜੇਹੇ ਸ੍ਰਾਵਕ, ਚਤੁਰਦਸ਼ੀ, ਅਸ਼ਟਮੀ, ਅਮਾਵਸ ਤੇ ਪੂਰਨਮਾਸ਼ੀ ਨੂੰ ਪੋਸ਼ਧ ਆਦਿ ਵਰਤ ਨਾਲ, ਉਪਾਸਕ ਧਰਮ ਦੀ ਅਰਾਧਨਾ ਕਰਦੇ ਹਨ। ਨਿਰਗ੍ਰੰਥ ਸ੍ਰਮਣ ਨੂੰ ਅਸ਼ਨ, ਪਾਨ, ਖਾਦ, ਸਵਾਦ, ਵਸਤਰ, ਪਾਤਰ, ਕੰਬਲ, ਪੈਰ ਪੂੰਝਨ, ਦਵਾਈ, ਭੇਸ਼ਜ, ਫੱਟਾ, ਚੌਕੀ, ਤਖਤਪੋਸ਼ ਤੇ ਸੁੱਕਾ ਘਾਹ ਦਾ ਦਾਨ ਕਰਦੇ ਹਨ, ਯੋਗਤਾ ਅਨੁਸਾਰ ਇਹ ਉਪਾਸਕ ਸ਼ੀਲਵਰਤ, ਗੁਣਵਰਤ, ਪ੍ਰਤਿਖਿਆਨ (ਤਿਆਗ) ਪੋਸ਼ਧ ਤੇ ਵਰਤ ਕਰਦੇ ਹੋਏ, ਆਤਮਾ ਨੂੰ ਪਵਿਤਰ ਕਰਦੇ ਹਨ। ਇਹ ਸ੍ਰਾਵਕ ਇਸ ਪ੍ਰਕਾਰ ਆਚਰਨ ਕਰਦੇ ਹੋਏ ਬਹੁਤ ਸਮਾਂ ਸ੍ਰਮਣੋਪਾਸਕ ਦੇ ਵਰਤਾਂ ਦਾ ਪਾਲਨ ਕਰਦੇ ਹਨ। ਸ੍ਰਾਵਕ ਪਰਿਆਏ (ਧਰਮ ਪਾਲਨ ਕਰਦੇ ਹੋਏ ਰੋਗ ਆਦਿ ਦੀ ਰੁਕਾਵਟ ਜਾਂ ਨਾ ਰੁਕਾਵਟ ਹੋਣ ਤੇ ਅੰਨ ਪਾਣੀ ਦਾ ਤਿਆਗ ਕਰਕੇ ਸਮਾਧੀ ਮਰਨ ਵਰਤ ਧਾਰਨ ਕਰਦੇ ਹਨ ਵਰਤ ਤੋਂ ਬਾਅਦ ਸੰਥਾਰਾ ਗ੍ਰਹਿਣ ਕਰਦੇ

ਹਨ। ਪਾਪਾਂ ਦੀ ਆਲੋਚਨਾ ਕਰਦੇ ਹੋਏ, ਪ੍ਰਤਿਕ੍ਰਮਣ ਰਾਹੀਂ ਅੰਤਿਮ ਸਮਾਧੀ ਪ੍ਰਾਪਤ ਕਰਦੇ ਹਨ। ਸਮਾਧੀ ਤੋਂ ਬਾਅਦ ਕਾਲ ਕਰਕੇ ਮਹਾਨ ਰਿਧੀ ਸਿੱਧੀ, ਸੁਖ ਵਾਲੇ ਕਿਸੇ ਦੇਵ ਲੋਕ ਵਿੱਚ ਉਤਪੰਨ ਹੁੰਦੇ ਹਨ। ਦੇਵਲੋਕ ਵਾਰੇ ਪਹਿਲਾ ਕੀਤਾ ਵਰਨਣ ਸਮਝਣਾ ਚਾਹੀਦਾ ਹੈ।

ਇਹ ਸਥਾਨ ਧਰਮਪਥ (ਆਰਿਆ ਹੈ) ਏਕਾਂਤ ਸਮਿਅਕ ਤੇ ਉੱਤਮ ਹੈ। ਇਸ ਮਿਸ਼ਰ ਪਖ ਦਾ ਵਰਨਣ ਇਸੇ ਪ੍ਰਕਾਰ ਕੀਤਾ ਗਿਆ ਹੈ, ਇਸ ਤੀਸਰੇ ਥਾਂ ਦਾ ਸਵਾਮੀ ਅਵਿਰਤੀ ਪਖੋਂ, ਬਾਲ (ਅਗਿਆਨੀ) ਵਿਰਤੀ ਪਖੋਂ ਪੰਡਿਤ, (ਸਮਝਦਾਰ) ਤੇ ਵਿਰਤ ਅਵਿਰਤੀ ਅਵਿਰਤ ਪਖੋਂ ਬਾਲ ਪੰਡਿਤ (ਕੁਝਅਗਿਆਨੀ ਤੇ ਕੁਝ ਸਮਝਦਾਰ) ਅਖਵਾਉਂਦਾ ਹੈ। ਇਥੇ ਜੋ ਹਮੇਸ਼ਾ ਲਈ ਤਿਨ ਸਥਾਨਾਂ ਪਾਪਾਂ ਅਨਿਵਰਤ ਸਥਾਨ ਹੈ ਉਹ ਆਰੰਬ ਹੈ ਜੋ ਪਾਪ ਦਾ ਘਰ ਹੈ, ਅਨਾਰਿਆ ਹੈ ਸਾਰੇ ਦੁੱਖਾਂ ਦਾ ਖਤਮ ਕਰਨ ਦਾ ਰਾਹ ਨਹੀਂ। ਮਿਥਿਆ ਅਤੇ ਬੁਰਾ ਹੈ, ਦੂਸਰਾ ਸਥਾਨ ਸਾਰੇ ਪਾਪਾਂ ਤੋਂ ਰਹਿਤ ਹੈ ਅਨਾਆਰੰਬ (ਹਿੰਸਾ ਰਹਿਤ) ਤੇ ਆਰਿਆ ਹੈ ਸਾਰੇ ਦੁੱਖਾਂ ਦਾ ਖਤਮ ਕਰਨ ਵਾਲਾ ਹੈ, ਉੱਤਮ ਤੇ ਸਹੀ ਹੈ।

ਤੀਸਰਾ ਸਥਾਨ ਜਿਸ ਵਿਚ ਕੁਝ ਪਾਪ ਤੇ ਵਲ ਲਗਾਵ ਤੋਂ ਛੁੱਟਕਾਰਾ ਹੈ ਆਰੰਬ-ਅਨਾਰੰਬ ਸਥਾਨ ਹੈ ਉਹ ਆਰਿਆ ਹੈ ਇਥੇ ਸਾਰੇ ਦੁੱਖਾਂ ਦਾ ਨਾਸ਼ਕ, ਏਕਾਂਤ ਸਮਿਅਕ ਤੇ ਉਤਮ ਹੈ। (39)

ਸੰਖੇਪ ਵਿਚ ਵਿਚਾਰ ਕਰਨ ਤੇ ਤਿੰਨ ਪਖਾਂ ਦਾ ਇਨ੍ਹਾਂ ਦੋ ਸਥਾਨਾਂ ਵਿਚ ਪਰਵੇਸ਼ ਹੋ ਜਾਂਦਾ ਹੈ ਇਹ ਹਨ ਧਰਮ ਤੇ ਅਧਰਮ ਅਤੇ ਉਪਸਾਂਤ ਤੇ ਅਨੁਉਪਸਾਂਤ, ਪਹਿਲਾ ਜੋ ਅਧਰਮ ਸਥਾਨ ਦਾ ਵਿਚਾਰ ਕੀਤਾ ਗਿਆ ਹੈ ਉਸ ਵਿਚ 363 ਮੱਤਵਾਦੀਆਂ ਦੇ ਵਿਚਾਰ ਆ ਗਏ ਹਨ, ਇਹ ਪੁਰਾਤਨ ਅਚਾਰਿਆ ਨੇ ਕਿਹਾ ਹੈ ਇਹ ਮੱਤ ਹਨ। ਕ੍ਰਿਆਵਾਦੀ, ਅਕ੍ਰਿਆਵਾਦੀ, ਅਗਿਆਨਵਾਦੀ, ਵਿਨੈਵਾਦੀ ਇਹ ਲੋਕ ਵੀ ਨਿਰਵਾਣ (ਮੋਕਸ਼) ਦੀ ਗੱਲ ਕਰਦੇ ਹਨ। ਧਰਮ ਦੇ ਵਿਚਾਰ ਦਸਦੇ ਹਨ। ਉਹ ਵੀ ਅਪਣਾ ਧਰਮ ਉਪਦੇਸ਼ ਅਪਣੇ ਉਪਾਸਕ ਨੂੰ ਸੁਣਾ ਦਿੰਦੇ ਹਨ। ਧਰਮ ਦੇ ਵਿਚਾਰ ਦਸਦੇ ਹਨ। (40)

## ਅਹਿੰਸਾ ਕਸੌਟੀ ਜਾਂ ਤਕੜੀ

ਇਹ ਸਾਰੇ 363 ਧਰਮ ਆਦਿ ਕਰਨ ਵਾਲੇ, ਅਨੇਕਾਂ ਪ੍ਰਕਾਰ ਦੀ ਬੁਧੀ (ਪ੍ਰਕ੍ਰਿਆ) ਅਭਿਪ੍ਰਾਏ, ਆਚਾਰ, ਦਰਿਸ਼ਟੀ ਰੁਚੀ, ਆਰੰਬ ਤੇ ਨਿਸ਼ਚੈ ਵਾਲੇ, ਮੰਡਲ ਗੋਲ ਚੱਕਰ ਬਨਾਕੇ ਇਕ ਜਗ੍ਹਾ ਤੇ ਬੈਠ ਜਾਣ। ਅਜੇਹੇ ਮੌਕੇ ਤੇ ਕੋਈ ਪੁਰਸ਼ ਅੱਗ ਦੇ ਅੰਗਾਰੇ ਨਾਲ ਭਰੀ ਹੋਈ ਕੌਲੀ ਨੂੰ ਸੰਡਾਸੀ ਨਾਲ ਪਕੜ ਕੇ ਲੈ ਆਵੇ, ਉਹ ਉਨ੍ਹਾਂ (363) ਧਰਮ ਪ੍ਰਵਤਕਾਂ ਭਿੰਨ ਭਿੰਨ ਬੁਧੀ ਵਾਲੇ ਤੇ, ਨਿਸ਼ਚੈ ਅਭਿਪ੍ਰਾਏ, ਸੁਭਾਵ, ਦਰਿਸ਼ਟੀ, ਰੁਚੀ ਆਰੰਬ ਵਾਲੇ ਮੱਤਵਾਦੀਆਂ ਨੂੰ ਆਖੇ—

"ਹੇ ਧਰਮ ਦੇ ਪ੍ਰਵਤਕੋ ! ਹੇ ਭਿੰਨ ਭਿੰਨ ਬੁਧੀ ਵਾਲੇ, ਹੇ ਨਿਸ਼ਚੇ ਵਾਲੇ ਲੋਕੋ ! ਤੁਸੀਂ ਲੋਕ ਅੱਗ ਦੇ ਅੰਗਾਰੇ ਨਾਲ ਭਰੀ ਕੋਲੀ ਨੂੰ ਥੋੜ ਸਮਾਂ ਅਪਣੇ ਹਥ ਤੇ ਹਥ ਤੇ ਰਖ ਲਵੋ, ਸੰਡਾਸੀ ਨਾਂ ਵਰਤਨਾ, ਮੰਤਰ ਦੀ ਸਹਾਇਤਾ ਵੀ ਨਾ ਲੈ ਲਵੇ, ਅੱਗ ਨੂੰ ਠੰਡਾ ਕਰਨ ਵਾਲੀ ਸ਼ਕਤੀ ਨਾਲ ਵਰਤੋਂ, ਕਿਸੇ ਧਰਮੀ ਦੀ ਸਹਾਇਤਾ ਨਾਂ ਮੰਗੋ, ਕਿਸ ਹੋਰ ਤੋਂ ਵੀ ਮਦੱਦ ਨਾ ਲਵੋ ਸਰਲ ਭਾਵ, ਮੋਕਸ਼ ਦੇ ਅਰਾਧਕ ਬਨਕੇ, ਛਲ ਕਪੱਟ ਕਰ ਕਰਦੇ ਹੋਏ ਹਥ ਫੈਲਾਵੋ ਅਤੇ ਇਸ ਅੱਗ ਦੀ ਕੋਟੀ ਨੂੰ ਹਥ ਵਿਚ ਲੈ ਲਵੋ ।"

ਇਸ ਪ੍ਰਕਾਰ ਆਖਕੇ ਉਹ ਪੁਰਸ਼ ਅੱਗ ਦੇ ਅੰਗਾਰੇ ਨਾਲ ਭਰੀ ਕੋਲ ਨੂੰ ਸੰਦਾਸੀ ਤੋਂ ਫੜਕੇ ਉਨ੍ਹਾਂ ਮੱਤ ਵਾਲਿਆ ਦੇ ਹੱਥ ਤੇ ਰਖੇ ਤਾ ਇਹ ਧਰਮ ਦੇ ਪ੍ਰਵਤਕ ਭਿੰਨ ਭਿੰਨ ਤਰ੍ਹਾਂ ਦੇ ਗਿਆਣੀ ਤੇ ਨਿਸ਼ਚੇ ਵ ਲੇ, ਅਪਣਾ ਹੱਥ ਪਰ੍ਹਾਂ ਕਰ ਲੈਣਗੇ ।

ਉਨ੍ਹਾਂ ਨੂੰ ਅਪਣਾ ਹੱਥ ਪਰਾਂ ਕਰਦਾ ਵੇਖਕੇ, ਉਨ੍ਹਾਂ ਦੇ ਧਰਮਾ ਦੇ ਪ੍ਰਵਤਕਾਂ ਨੂੰ ਭਿੰਨ ਭਿੰਨ ਨਿਸ਼ਚੇ ਵਾਲਿਆਂ ਨੂੰ ਉਹ ਧਰਮ ਅਰਾਧਕ ਇਸ ਪ੍ਰਕਾਰ ਆਖੇ—"ਹੇ ਧਰਮ ਪ੍ਰਵਤਕੋ ਭਿੰਨ ਭਿੰਨ ਬੁੱਧੀ ਵਾਲੇ ਵਿਚਾਰਕੋ ! ਕਿਉਂ ਅਪਣਾ ਹੱਥ ਪਰਾਂ ਕਰਦੇ ਹੋ ? ਤੁਸੀਂ ਸੋਚਦੇ ਹੋ ਦੁੱਖ ਹੋਵੇਗਾ, ਦੁੱਖ ਦੇ ਡਰ ਕਾਰਣ ਤੁਸੀਂ ਹੱਥ ਪਿਛਾ ਨੂੰ ਹਟਾਉਂਦੇ ਹੋ, ਇਹੋ ਗਲ ਤੁਹਾਨੂੰ (ਦੂਸਰੇ ਮਤਾ ਦੇ ਪ੍ਰਵਤਕਾਂ ਨੂੰ) ਹੋਰ ਪ੍ਰਾਣੀਆਂ ਵਾਰੇ ਸਮਝ ਲੈਣੀ ਚਾਹਿਦੀ ਹੈ ਸਾਰੇ ਪ੍ਰਾਣੀਆਂ ਨੂੰ ਦੁੱਖ ਨੂੰ ਪਸੰਦ ਨਹੀਂ ਕਰਦੇ, ਇਹ ਧਰਮ ਤਰਾਜੂ ਹੈ ਇਹੋ ਪ੍ਰਮਾਣਿਕ (ਸਿਧਾਂਤ) ਹੈ ਇਕ ਸਮਾਨ ਸਮਝੋ ਇਹੋ ਧਰਮ ਦਾ ਸਾਰ ਹੈ ।"

ਜੋ ਸ਼੍ਰਮਣ ਬ੍ਰਾਹਮਣ ਅਜੇਹਾ ਆਖਦੇ ਹਨ ਕਿ ਸਾਰੇ ਪ੍ਰਾਣੀਆਂ ਦਾ ਘਾਤ ਕਰਨਾ ਚਾਹੀਦਾ ਹੈ । ਉਸ ਤੋਂ ਹੁਕਮ ਨਾਲ ਕੰਮ ਲੈਣਾ ਚਾਹੀਦਾ ਹੈ ਦਾਸ, ਦਾਸੀ ਬਨਾਉਣਾ ਚਾਹੀਦਾ ਹੈ, ਦੁੱਖ ਦੇਣਾ ਚਾਹੀਦਾ ਹੈ ਕਲੇਸ਼ ਤੋਂ ਕਸ਼ਟ ਦੇਣਾ ਚਾਹੀਦਾ ਹੈ, ਹਿੰਸਾ ਦਾ ਰਾਹ ਦਸਨ ਵਾਲੇ ਇਹ ਲੋਕ ਉਤਪਤਿ, ਜਰਾ, ਬੁਢਾਪਾ, ਜਨਨ-ਮਰਨ ਆਦਿ ਰਾਹੀਂ ਭਿੰਨ ਭਿੰਨ ਜੂਨਾ ਵਿਚ ਜਨਮ, ਸੰਸਾਰ, ਪੁਰਨ ਜਨਮ ਗਰਭ ਤੇ ਸੰਸਾਰ ਵਿਚ ਫਸਕੇ ਘੋਰ ਦੁੱਖ ਦੇ ਭਾਗੀ ਬਨਣਗੇ । ਉਹ ਬਹੁਤ ਵਾਰ ਦੰਡ ਦੇ ਭਾਗੀ ਹੋਣਗੇ । ਉਨ੍ਹੀ ਦੇ ਸਿਰਮੁਨੇ ਜਾਣਗੇ, ਲੋਕਾਂ ਦੀ ਝਾੜ ਉਨ੍ਹਾਂ ਨੂੰ ਮਿਲੇਗੀ, ਬੰਧਨ ਵਿਚ ਪੈਣਗੇ, ਪੱਕੇ ਅੰਬ ਦੀ ਤਰ੍ਹਾਂ ਚੂਸੇ ਜਾਨਗੇ, ਉਨੀਂ ਨੂੰ ਮਾਤਾ ਮਰਨ, ਪਿਤਾ ਮਰਨ, ਭਾਈ ਮਰਨ, ਪਤਨੀ ਮਰਨ, ਪੁੱਤਰ ਮਰਨ, ਨੂੰਹ ਨਰਨ, ਦੇ ਮਰਨ ਦਾ ਦੁੱਖ ਪ੍ਰਾਪਤ ਹੋਵੇਗਾ । ਗਰੀਬੀ, ਦੁਰਭਾਗ, ਅਨਿਸ਼ਟ, ਸੰਜੋਗ, ਚੰਗੀ ਚੀਜ ਦਾ ਵਿਛੋੜਾ ਆਦਿ ਦੁੱਖ ਤੇ ਬੁਰੇ ਵਿਚਾਰਾਂ ਦਾ ਪਾਤਰ ਬਨਣਾ ਪਵੇਗਾ ਉਹ ਅਨਾਦਿ, ਅਨੰਤ ਤੇ ਲੰਬੇ ਫਾਸਲੇ ਵਾਲੇ ਚਾਰ ਗਤਿਰੂਪੀ ਸੰਸਾਰ ਜੰਗਲ ਵਿਚ ਭਟਕਨਗੇ, ਉਨ੍ਹਾਂ ਨੂੰ ਸਿਧੀ (ਮੋਕਸ਼) ਪ੍ਰਾਪਤ ਨਹੀਂ ਹੋਵੇਗੀ, ਦੁੱਖਾਂ ਦਾ ਖਾਤਮਾ ਨਹੀਂ ਹੋਵੇਗਾ, ਬੱਸ ਇਸ ਤੁਲਾ (ਤਕੜੀ) ਨਾਲ, ਇਸੇ ਪ੍ਰਮਾਣ ਨਾਲ ਇਨ੍ਹਾਂ ਦੀ ਸਮੋਮਰਨ (ਧਰਮ ਸਿਧਾਂਤਾਂ ਦੇ) ਸਿਧਾਂਤ ਨੂੰ ਕਸੋ, ਨਾਪੋ ਤੇ ਸਮਝੋ । ਜੋ ਉਤੱਮ ਸ਼੍ਰਮਣ ਤੇ ਬ੍ਰਾਹਮਣ

ਇਸ ਪ੍ਰਕਾਰ ਆਖਦੇ ਹਨ —"ਸਾਰੇ ਪ੍ਰਾਣੀ ਭੂਤ, ਜੀਵ ਤੇ ਸਤੱਵਾ ਦਾ ਹਨਣ ਨਹੀਂ ਕਰਨਾ ਚਾਹੀਦਾ, ਅਜੇਹੀ ਹਿੰਸਾ ਦੀ ਆਗਿਆ ਨਹੀਂ ਦੇਣੀ ਚਾਹੀਦੀ, ਕਿਸ਼ੇ ਨੂੰ ਦਾਸ ਦਾਸੀ ਬਨਾ ਕੇ ਹੁਕਮ ਨਹੀਂ ਦੇਣਾ ਚਾਹੀਦਾ," ਅਜੇਹੇ ਪਵਿਤਰ ਪੁਰਸ਼ ਛੇਦਨ ਭੇਦਨ (ਦੁੱਖਾ) ਦਾ ਕਾਰਣ ਨਹੀਂ ਬਨਦੇ ਉਹ ਜਨਮ, ਜਰਾ, ਮਰਨ, ਯੋਨੀ, ਜਨਮ, ਸ਼ੰਸਾਰ, ਪੁਰਨ ਜਨਮ, ਗਰਮ ਤੇ ਸੰਸਾਰ ਦੇ ਸੰਸਾਰ ਦੇ ਦੁੱਖਾਂ ਵਿਚ ਨਹੀਂ ਫਸਦੇ, ਉਹ ਦੰਡ ਦੇ ਭਾਗੀ ਨਹੀਂ ਬਨਦੇ, ਕੋਈ ਉਨਾਂ ਦਾ ਸਿਰ ਨਹੀਂ ਮੁਨਾ ਸਕਦਾ, ਦੁੱਖ ਤੇ ਭੁੱਖ ਦਾ ਕਾਰਣ ਨਹੀਂ ਬਨਦੇ। ਉਹ ਅਨਾਦੀ, ਅਨੰਤ, ਦੀਰਘਸਮੇਂ ਵਾਲੀ ਸੰਜਾਰ ਸਾਗਰ ਰੂਪੀ ਸੰਸਾਰ ਅਟਵੀ ਵਿੱਚ ਨਹੀਂ ਅਟਕਦੇ। ਅਜੇਹੇ ਜੀਵ ਹੀ ਸਿੱਧ ਅਵਸਥਾ ਪ੍ਰਾਪਤ ਕਰਦੇ ਹਨ, ਬੁੱਧ ਹੁੰਦੇ ਹਨ ਅਤੇ ਮੁੱਕਤ ਹੁੰਦੇ ਹਨ। (41)

# ਤੀਸਰਾ ਅਧਿਐਨ ਆਹਾਰ ਪਰਿਗਿਆ

ਇਸ ਅਧਿਐਨ ਵਿਚ ਜੀਵਾਂ ਦੇ ਭੋਜਨ (ਆਹਾਰ) ਸਬੰਧੀ ਭਿੰਨ ਭਿੰਨ ਪ੍ਰਕਾਰ ਨਾਲ ਚਰਚਾ ਕੀਤੀ ਗਈ ਹੈ। ਭੋਜਨ ਜਿੰਦਗੀ ਦੀ ਮਹਤਵ ਪੂਰਨ ਜਰੂਰਤ ਹੈ ਸ਼ਰੀਰ ਦਾ ਵਿਕਾਸ ਭੋਜਨ ਤੋਂ ਬਿਨਾ ਅਸੰਭਵ ਹੈ। ਭੋਜਨ ਹਰ ਰੋਜ ਦੀ ਜ਼ਰੂਰਤ ਹੈ ਸਾਧੂ ਪੁਰਸ਼ ਸਾਤਵਿਕ ਸ਼ੁਧ ਤੇ ਦੋਸ਼ ਰਹਿਤ ਗ੍ਰਹਿਣ ਕਰਦੇ ਹਨ ਇਸ ਦੇ ਉਲਟ ਅਵਿਵੇਕੀ ਲੋਕ ਗਲਤ ਤੇ ਦੋਸ਼ ਪੂਰਨ ਭੋਜਨ ਕਰਦੇ ਹਨ।

ਇਸ ਅਧਿਐਨ ਵਿਚ ਸਥਾਵਰ ਤੇ ਤਰਸ ਪ੍ਰਾਣੀਆਂ ਦੇ ਭੋਜਨ ਦਾ ਜਿਕਰ ਹੈ। ਇਹ ਅਧਿਐਨ ਵਿਗਿਆਨਕ ਪਖੋਂ ਕਾਫੀ ਮਹਤਵਪੂਰਨ ਹੈ ਇਸ ਅਧਿਐਨ ਤੋਂ ਪਤਾ ਲਗਦਾ ਹੈ ਕਿ ਬਿਨਾ ਯੰਤਰ ਜੈਨ ਤੀਰਥੰਕਰ ਨੇ ਜੀਵਾਂ ਦੀ ਸਥਿਤੀ, ਕਿਸਮਾਂ, ਸਰੀਰ ਭੋਜਨ ਬਾਰੇ ਸੂਖਮ ਗਿਆਨ ਰਖਦੇ ਸਨ। ਬਨਸਪਤੀ ਬਾਰੇ ਜੈਨ ਧਰਮ ਦੀ ਵਿਗਿਆਨਕ ਮਾਨਤਾ ਨੂੰ ਡਾਕਟਰ ਜਗਦੀਸ਼ ਚੰਦਰ ਬਾਸੂ ਨੇ ਠੀਕ ਸਿਧ ਕਰ ਦਿਤਾ ਹੈ।

ਸ਼ੁਰੂ ਵਿਚ ਬੀਜ ਕਾਈਆਂ (ਬੀਜ ਹੀ ਜਿੰਨਾਂ ਦਾ ਸ਼ਰੀਰ ਹੈ) ਉਹ ਹਨ ਅਗਰਬੀਜ, ਮੁੱਲਬੀਜ, ਪਰਵਬੀਜ ਤੇ ਸੰਕਧ ਬੀਜ ਦੇ ਭੋਜਨ ਦਾ ਜਿਕਰ ਹੈ।

(1) ਪ੍ਰਿਥਵੀ, (2) ਪਾਣੀ, (3) ਅੱਗ, (4) ਹਵਾ, (5) ਬਨਸਪਤਿ ਸਥਾਵਰ ਜੀਵ ਹਨ ਅਤੇ ਇਕ ਇੰਦਰੀ ਹਨ। ਦੋ ਇੰਦਰੀਆਂ ਤੋਂ ਲੈ ਕੇ ਪੰਜ ਇੰਦਰੀਆਂ ਵਾਲੇ ਸਾਰੇ ਤਰੱਸ ਜੀਵ ਹਨ। ਦੇਵਤਾ, ਨਾਰਕ, ਮਨੁੱਖ ਆਦਿ ਸਭ ਤਰੱਸ ਜੀਵ ਹੀ ਹਨ। ਮਨ ਹੀ ਜੀਵ ਦੇ ਵਿਕਾਸ ਦਾ ਪ੍ਰਮੁੱਖ ਸਾਧਨ ਹੈ। ਤਰੱਸ ਤੋਂ ਭਾਵ ਹੈ ਹਿਲਣ, ਚਲਨ ਵਾਲੇ ਜੀਵ।

ਇੰਦਰੀਆਂ ਦਾ ਅਰਥ ਹੈ ਗਿਆਨ ਦਾ ਸਾਧਨ। ਜਿਸ ਰਾਂਹੀ ਆਤਮਾ ਪਦਾਰਥ

ਦਾ ਗਿਆਨ ਕਰਦੀ ਹੈ। ਉਹ ਇੰਦਰੀਆਂ ਪੰਜ ਪ੍ਰਕਾਰ ਦੀਆਂ ਹਨ।

1. ਸਰੋਤ (ਕੰਨ) 2. ਚਕਸ਼ੂ (ਅੱਖ) 3. ਘਰਾਣ (ਨੱਕ) 4. ਰਸ (ਜੀਭ) 5. ਸਪਰਸ਼ (ਜੋ ਇੰਦਰੀ ਛੋਹ ਦਾ ਗਿਆਨ ਕਰਾਵੇ) ਮਨ ਵੀ ਇੰਦਰੀਆਂ ਦਾ ਸਹਾਇਕ ਹੈ ਪਰ ਇਸ ਦਾ ਵਿਸ਼ਾ ਅੰਦਰਲਾ ਹੈ ਬਾਹਰ ਇਸ ਦਾ ਕੋਈ ਰੂਪ ਨਹੀਂ। ਇਹ ਪੰਜੇ ਇੰਦਰੀਆਂ ਦੇ ਵਿਸ਼ਿਆਂ ਨੂੰ ਗ੍ਰਹਿਣ ਕਰਦਾ ਹੈ। ਮਨ ਆਤਮਾ ਨਹੀਂ, ਕਿਉਂਕਿ ਮਰਨ ਤੋਂ ਬਾਅਦ ਮਨ ਨਹੀਂ ਹੈ।

ਲਟ, ਲੀਖ, ਸੰਖ, ਕਿਰਮ, ਘੁੱਣ ਆਦਿ ਦੋ ਇੰਦਰੀਆਂ ਵਾਲੇ ਜੀਵ ਹਨ। ਕੀੜੀ, ਚੀਚੜੀ, ਜੂੰ, ਲੀਖ, ਮਕੋੜਾ ਆਦਿ ਤਿੰਨ ਇੰਦਰੀਆਂ ਵਾਲੇ ਜੀਵ ਹਨ। ਨਾਰਕ, ਪਸ਼ੂ, ਮਨੁੱਖ ਤੇ ਦੇਵ ਪੰਜ ਇੰਦਰੀਆਂ ਜੀਵ ਹਨ।

ਜੀਵਾਂ ਦੇ ਦੋ ਭੇਦ ਮੁੱਖ ਹਨ ਸੰਗੀ ਤੇ ਅਸੰਗੀ। ਸੰਗੀ ਪੂਰਨ ਵਿਕਸਿਤ ਮਨ ਵਾਲੇ ਹਨ। ਅਸੰਗੀ ਜੀਵਾ ਦੇ ਮਨ ਦਾ ਵਿਕਾਸ ਅਧੂਰਾ ਹੈ। ਇਸ ਅਧਿਐਨ ਵਿੱਚ ਜੀਵਾਂ ਦੇ ਭੋਜਨ ਪ੍ਰਾਪਤੀ ਦਾ ਢੰਗ ਵਰਣਨ ਕੀਤਾ ਗਿਆ ਹੈ ਨਿਕਸ਼ੇਪ ਪਖੋਂ ਭੋਜਨ ਦੇ 6 ਨਿਕਸ਼ੇਪ ਬੰਨਦੇ ਹਨ ਨਾਮ (2) ਸਥਾਪਨਾ (3) ਦਰੱਵ (4) ਖੇਤ੍ਰ (5) ਕਾਲ ਤੇ (6) ਭਾਵ ਨਾਮ ਅਤੇ ਭਾਵ ਭੋਜਨ ਦਾ ਨਾਂ ਹੈ ਸਥਾਪਨਾ ਤੋਂ ਭਾਵ ਭੋਜਨ ਸਥਾਪਿਤ ਕਰਨਾ ਹੈ। ਦਰੱਵ ਅਹਾਰ ਤੋਂ ਭਾਵ ਹੈ- ਕਿਸੇ ਦਰੱਵ ਦਾ ਭੋਜਨ ਕਰਨਾ। ਉਹ ਦਰੱਵ ਸਚਿਤ ਜੀਵਾਂ ਵਾਲਾ ਅਚਿਤ (ਜੀਵ ਰਹਿਤ) ਅਤੇ ਮਿਸ਼ਰ (ਮਿਲੀਆਂ ਜੁਲਿਆਂ) ਹੋ ਸਕਦਾ ਤਰੱਸ ਤੇ ਸਥਾਵਰ ਜੀਵ ਸਚਿੱਤ ਦਰਵ ਹਨ। ਜੀਵ ਰਹਿਤ ਦਰੱਵ ਅਚਿਤ ਦਰਵ ਹੈ। ਸਜੀਵ-ਨਿਰਜੀਵ ਦਾ ਮੇਲ ਮਿਸ਼ਰਦਰਵ ਹੈ। ਜਿਵੇਂ ਨਮਕ ਦਾ ਭੋਜਨ ਸਚਿਤ ਅਹਾਰ ਹੈ ਦੁੱਧ ਘੀ ਆਦਿ ਅਚਿੱਤ ਅਹਾਰ ਹੈ।

ਖੇਤਰਾਹਾਰ—ਜਿਸ ਖੇਤਰ ਵਿੱਚ ਭੋਜਨ ਗ੍ਰਹਿਣ ਕੀਤਾ ਜਾਂਦਾ ਹੈ ਜਾਂ ਭੋਜਨ ਦੀ ਵਿਆਖਿਆ ਕੀਤੀ ਜਾਂਦੀ ਹੈ।

ਕਲਾਹਾਰ—ਜਿਸ ਕਾਲ (ਸਮੇਂ) ਭੋਜਨ ਬਨਾਇਆ ਜਾਂਦਾ ਹੈ ਉਹ ਕਾਲਾਹਾਰ ਹੈ। ਭਾਵਾ-ਹਾਰ—ਪ੍ਰਾਣੀ ਭੁੱਖ ਪਿਆਸ ਦੀ ਤਕਲੀਫ ਦੇ ਪ੍ਰਗਟ ਹੋਣ ਤੇ ਜਿਸ ਵਸਤੂ ਦਾ ਭੋਜਨ ਕਰਦੇ ਹਨ ਉਹ ਭਾਵ ਅਹਾਰ ਹੈ। ਭਾਵਾਹਾਰ ਜੀਭ ਰਾਹੀਂ ਹੀ ਗ੍ਰਹਿਣ ਕੀਤਾ ਹੈ। ਸਾਰੇ ਪ੍ਰਾਣੀ ਤਿੰਨ ਪ੍ਰਕਾਰ ਦਾ ਭੋਜਨ ਕਰਦੇ ਹਨ।

1) ਔਜ ਅਹਾਰ 2) ਰੋਮ ਅਹਾਰ 3) ਪਰਕਸ਼ੇਪ ਅਹਾਰ। ਜਦ ਤਕ ਸ਼ਰੀਰ ਦਾ ਬਾਹਰੀ ਰੂਪ (ਔਦਾਰਿਕ) ਨਹੀਂ ਬਨਦਾ, ਤੱਦ ਤਕ ਤੇਜਸ ਤੇ ਕਾਰਮਨ ਸ਼ਰੀਰ ਅਤੇ ਮਿਸ਼ਰ ਸ਼ਰੀਰ ਦਵਾਰਾ ਜੋ ਭੋਜਨ ਕੀਤਾ ਜਾਂਦਾ ਹੈ ਉਹ ਔਜ ਅਹਾਰ ਹੈ।

ਸਾਰੇ ਅਪਰਿਆਪਤ ਜੀਵ ਔਜ ਅਹਾਰ ਨੂੰ ਗ੍ਰਹਿਣ ਕਰਦੇ ਹਨ। ਸ਼ਰੀਰ ਦੀ

ਰਚਨਾ ਪੂਰੀ ਹੋਣ ਤੇ ਜੋ ਪ੍ਰਾਣੀ ਬਾਹਰੀ ਚਮੜੀ ਜਾਂ ਰੋਗ ਰਾਹੀਂ ਭੋਜਨ ਗ੍ਰਹਿਣ ਕਰਦਾ ਹੈ ਉਹ ਰੋਮ ਅਹਾਰ ਹੈ। ਦੇਵਤੇ ਅਤੇ ਨਾਰਕੀ ਦਾ ਭੋਜਨ ਰੋਮ ਅਹਾਰ ਜਾਂ ਲੋਮ ਅਹਾਰ ਹੈ। ਇਹ ਹਮੇਸਾ ਚਾਲੂ ਰਹਿੰਦਾ ਹੈ ਮੂੰਹ ਵਿੱਚ ਬੁਰਕੀ ਪਾਕੇ ਜੋ ਭੋਜਨ ਗ੍ਰਹਿਣ ਕੀਤਾ ਜਾਂਦਾ ਹੈ, ਉਹ ਪ੍ਰਕਸ਼ੇਪ ਅਹਾਰ ਹੈ। ਇਹ ਅਹਾਰ ਸੰਗਿਆ (ਸ਼ਕਤੀ) ਦੇ ਉਤਪੰਨ ਹੋਣ ਤੇ ਕੀਤਾ ਜਾਂਦਾ ਹੈ।

ਅਹਾਰ ਸੰਗਿਆ ਦੇ ਚਾਰ ਕਾਰਣ ਹਨ। 1) ਜਠਰ ਅਗਨੀ ਤੇਜ ਹੋਣ ਤੇ 2) ਭੁੱਖ ਪਿਆਸ ਦੇ ਪ੍ਰਗਟ ਹੋਣ ਤੇ 3) ਭੋਜਨ ਦਾ ਗਿਆਨ ਹੋਣ ਤੇ 4) ਭੋਜਨ ਦੀ ਚਿੰਤਾ ਕਰਨ ਤੇ। ਕਈ ਅਚਾਰਿਆ ਦਾ ਮਤ ਹੈ ਕਿ ਜਦ ਤਕ ਇੰਦਰੀਆਂ ਪ੍ਰਾਣ, ਭਾਸ਼ਾ ਅਤੇ ਮਨ ਦੀ ਉੱਤਪਤਿ ਨਹੀਂ ਹੁੰਦੀ, ਤਦ ਤਕ ਪ੍ਰਾਣੀ ਔਜ ਅਹਾਰ ਕਰਦੇ ਹਨ। ਇੰਦਰੀਆਂ ਪ੍ਰਾਣ ਭਾਸ਼ਾ ਤੇ ਮਨ ਪਰਿਆਪਤੀ ਹੋਣ ਤੇ ਪ੍ਰਾਣੀ ਸਪਰਸ਼ ਇੰਦਰੀਆਂ ਰਾਹੀਂ ਭੋਜਨ ਕਰਦੇ ਹਨ ਉਹ ਰੋਮ ਅਹਾਰ ਹੈ। ਕਈ ਵਿਦਵਾਨਾਂ ਦੀ ਮਾਨਤਾ ਹੈ ਕਿ ਜੋ ਭੋਜਨ ਨਕ, ਅੱਖ, ਕੰਨ ਰਾਹੀਂ ਗ੍ਰਹਿਣ ਹੋ ਕੇ ਧਾਤ ਰੂਪ ਵਿਚ ਬਦਲਦਾ ਹੈ ਉਹ ਔਜ ਅਹਾਰ ਹੈ। ਜੋ ਕੇਵਲ ਚਮੜੀ ਰਾਹੀਂ ਗ੍ਰਹਿਣ ਕੀਤਾ ਜਾਂਦਾ ਹੈ ਉਹ ਰੋਮ ਅਹਾਰ ਹੈ। ਜੋ ਸਥੂਲ ਪਦਾਰਥ ਜੀਭ ਰਾਹੀਂ ਇਸ ਸ਼ਰੀਰ ਵਿਚ ਪਹੁੰਚਾਇਆ ਜਾਂਦਾ ਹੈ ਉਹ ਪਰਕਸ਼ੇਪ ਅਹਾਰ ਹੈ।

ਗਰਭ ਵਿਚ ਸਥਿਤ ਬਾਲਕ ਗਰਮ, ਠੰਡੀ ਹਵਾ ਤੇ ਪਾਣੀ ਤੋਂ ਪ੍ਰਸੰਨਤਾ ਅਨੁਭਵ ਕਰਦਾ ਹੈ ਇਸ ਦਾ ਕਾਰਣ ਸਪਰਸ਼ਣ ਇੰਦਰੀਆਂ ਰਾਹੀਂ ਗ੍ਰਹਿਣ ਕੀਤਾ ਰੋਮ ਅਹਾਰ ਹੈ। ਪਰਕਸ਼ੇਪ ਅਹਾਰ ਹਮੇਸ਼ਾ ਨਹੀਂ ਚਲਦਾ। ਇਹ ਉਦੋਂ ਹੀ ਚਲਦਾ ਹੈ ਜਦੋਂ ਆਦਮੀ ਮੂੰਹ ਵਿਚ ਭੋਜਨ ਪਾਂਦਾ ਹੈ।

ਪ੍ਰਿਥਵੀ ਕਾਈਆਂ ਆਦਿ ਤੋਂ ਲੈ ਕੇ ਇਕ ਇੰਦਰੀਆਂ ਤਕਦੇ ਸਥਾਵਰ, ਦੇਵਤੇ, ਕਵਲਾਹਾਰ (ਪ੍ਰਕੇਸ਼ਪਹਾਰ) ਨਹੀਂ ਕਰਦੇ। ਇਸ ਤੋਂ ਛੁਟ ਦੋ ਇੰਦਰੀਆਂ ਤੋਂ ਲੈ ਕੇ ਪੰਜ ਇੰਦਰੀਆਂ ਵਾਲੇ ਪਸ਼ੂ ਅਤੇ ਮਨੁਖ ਪਕੇਸ਼ਪਾਹਾਰ ਕਰਦੇ ਹਨ। ਇਸ ਭੋਜਨ ਤੋਂ ਬਿਨਾ ਸ਼ਰੀਰ ਦਾਂ ਵਿਕਾਸ ਅਸੰਭਵ ਹੈ।

ਸਵੇਤਾਂਵਰ ਪਰੰਪਰਾਂ ਅਨੁਸਾਰ ਕੇਵਲੀ ਅਰਿਹੰਤ ਭਗਵਾਨ ਵੀ ਭੋਜਨ ਕਰਦੇ ਹਨ ਕਿਉਂਕਿ ਉਨਾਂ ਦੇ ਭੋਜਨ ਦੇ ਚਾਰ ਕਾਰਣ ਬਾਕੀ ਰਹਿੰਦੇ ਹਨ :

1) ਪਰਿਆਪਤੀ 2) ਵੇਦਨੀਆਂ (ਕਰਮ) ਪ੍ਰਗਟ ਹੋਣ ਤੇ 3) ਅਹਾਰ ਨੂੰ ਪਚਾਣ ਵਾਲਾ ਤੇ ਜਸ ਸ਼ਰੀਰ ਕਾਰਣ 4) ਲੰਬੀ ਆਯੁਸ਼ ਕਰਮ ਕਾਰਣ। ਦਿਗੰਵਰ ਜੈਨ ਕੇਵਲ ਗਿਆਨ ਦੀ ਹੋਂਦ ਤੋਂ ਭੋਜਨ ਖਾਣਾ ਨਹੀਂ ਮੰਨਦੇ।

ਚਾਰ ਅਵਸਥਾਵਾਂ ਵਿਚ ਜੀਵ ਭੋਜਨ ਨਹੀਂ ਕਰਦੇ :

1. ਇਕ ਜਨਮ ਤੋਂ ਦੂਸਰੇ ਜਨਮ ਵਿਚ ਜਾਂਦਾ ਜੀਵ ਭੋਜਨ ਗ੍ਰਹਿਣ ਨਹੀਂ ਕਰਦਾ ਪਰ ਇਹ ਸਥਿਤੀ ਬਹੁਤ ਹੀ ਘੱਟ ਹੈ ਬਾਕੀ ਸਮੇਂ ਗਰਭ ਵਿਚ ਇਹ ਜੀਵ ਗ੍ਰਹਿਣ ਕਰਦੇ ਹਨ ।
2. ਕੇਵਲੀ ਸਮੁਦਘਾਤ ਦੇ ਤੀਸਰੇ, ਚੌਥੇ ਤੇ ਪੰਜਵੇਂ ਸਮੇਂ ਕੇਵਲੀ ਭਗਵਾਨ ਭੋਜਨ ਨਹੀਂ ਕਰਦੇ ।
3. ਸ਼ੈਲੇਸ਼ੀ ਅਵਸਥਾ ਨੂੰ ਪ੍ਰਾਪਤ ਅਯੋਗੀ ਪੁਰਸ਼ ਭੋਜਨ ਗ੍ਰਹਿਣ ਨਹੀਂ ਕਰਦੇ ।
4. ਸਿਧੀ ਨੂੰ ਪ੍ਰਾਪਤ ਪ੍ਰਮਾਤਮਾ ਨਿਰਵਾਨ ਅਵਸਥਾ ਵਿਚ ਇੰਦਰੀਆਂ ਦੀ ਅਣਹੋਂਦ ਕਾਰਣ ਭੋਜਨ ਨਹੀਂ ਕਰਦੇ ।

# ਤੀਸਰਾ ਅਹਾਰ ਪਰਿਗਿਆ ਅਧਿਐਨ

(ਸ਼੍ਰੀ ਸੁਧਰਮਾ ਸਵਾਮੀ ਆਪਣੇ ਚੇਲੇ ਸ਼੍ਰੀ ਜੰਬੂ ਸਵਾਮੀ ਨੂੰ ਫਰਮਾਉਂਦੇ ਹਨ)

ਹੇ ਆਯੁਸ਼ਮਾਨ। ਉਸ ਭਗਵਾਨ ਮਹਾਵੀਰ ਨੇ ਇਹ ਆਖਿਆ ਸੀ 'ਮੈਂ ਇਸ ਪ੍ਰਕਾਰ ਸੁਣਿਆ ਹੈ ਇਸ ਸਰਵੱਗ ਤੀਰਥੰਕਰ ਦੇਵ ਨੇ ਆਪਣੇ ਪ੍ਰਵਚਨ ਵਿੱਚ ਆਹਾਰ ਪਰਿਗਿਆ ਨਾ ਦੇ ਅਧਿਐਨ ਦਾ ਅਰਥ ਇਸ ਪ੍ਰਕਾਰ ਆਖਿਆ ਹੈ।

''ਇਸ ਸੰਸਾਰ ਵਿੱਚ ਪੂਰਵ ਆਦਿ ਦਿਸ਼ਾਵਾਂ ਤੋਂ ਉਪਦਿਸ਼ਾਵਾਂ ਵਿੱਚ ਚਾਰੋਂ ਪਾਸੇ ਅਤੇ ਸਾਰੇ ਲੋਕਾਂ ਵਿਚ ਚਾਰ ਪ੍ਰਕਾਰ ਦੇ ਬੀਜ ਕਾਇਆ ( ਬੀਜ ਹੀ ਜਿਨ੍ਹਾਂ ਦਾ ਸ਼ਰੀਰ ਹੈ) ਵਾਲੇ ਜੀਵ ਹੁੰਦੇ ਹਨ ਉਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ।

1) ਅਗਰ ਬੀਜ 2) ਮੂਲ ਬੀਜ 3) ਪਰਵ ਬੀਜ 4) ਸੰਕਧ ਬੀਜ ਇਨ੍ਹਾਂ ਬੀਜ ਕਾਈਆ ਵਾਲੇ ਜੀਵਾਂ ਵਿੱਚ ਜੋ ਜਿਸ ਪ੍ਰਕਾਰ ਦੇ ਬੀਜ ਤੋਂ ਅਤੇ ਜਿਸ ਪ੍ਰਦੇਸ਼ ਵਿੱਚ ਉਤਪਨ ਹੋਣ ਦੀ ਯੋਗਤਾ ਰਖਦੇ ਹਨ।

ਉਹ ਉਸੇ ਬੀਜ ਅਤੇ ਉਸ ਪ੍ਰਦੇਸ਼ ਦੀ ਧਰਤੀ ਵਿੱਚ ਉਤਪੰਨ ਹੁੰਦੇ ਹਨ ਅਤੇ ਉਸੇ ਸਥਿਤੀ ਵਿੱਚ ਰਹਿੰਦੇ ਹਨ ਜਮੀਨ ਤੇ ਇਨ੍ਹਾਂ ਬੀਜਾਂ ਦਾ ਵਾਧਾ ਵਿਕਾਸ ਹੁੰਦਾ ਹੈ। ਜਮੀਨ ਤੇ ਪੈਦਾ ਹੋਣ, ਉਸ ਤੇ ਸਥਿਤ ਹੋਣ, ਤੇ ਉਥੇ ਹੀ ਵਾਧਾ ਪਾਉਣ ਵਾਲੇ ਉਹ ਜੀਵ, ਕਰਮ ਦੇ ਵਸ ਹੋ ਕੇ ਅਤੇ ਕਰਮਪੁਦਗਲਾ ਦੇ ਪ੍ਰਭਾਵ ਤੋਂ ਖਿਚੇ ਹੋਏ, ਧਰਤੀ ਤੇ ਦਰੱਖਤ ਰੂਪ ਵਿੱਚ ਪੈਦਾ ਹੁੰਦੇ ਹਨ, ਉਹ ਜੀਵ ਭਿੰਨ ਭਿੰਨ ਜਾਤ ਵਾਲੀ ਧਰਤੀ ਦੀ ਸਨੇਹ (ਚਿਕਨਾਹਟ) ਦਾ ਭੋਜਨ ਗ੍ਰਹਿਣ ਕਰਦੇ ਹਨ। ਇਹ ਜੀਵ ਪਿਰਥੀ, ਸ਼ਰੀਰ, ਅਗਨੀ ਸ਼ਰੀਰ ਹਵਾ ਸ਼ਰੀਰ ਤੇ ਬਨਸਪਤਿ ਸ਼ਰੀਰ ਦਾ ਭੋਜਨ ਗ੍ਰਹਿਣ ਕਰਦੇ ਹਨ। ਉਹ ਜੀਵ ਭਿੰਨ ਭਿੰਨ ਪ੍ਰਕਾਰ ਦੇ ਤਰੱਸ (ਹਿਲਣ ਵਾਲੇ) ਤੇ ਸਥਾਵਰ (ਪ੍ਰਿਥਵੀ, ਹਵਾ, ਅੱਗ, ਬਨਸਪਤਿ ਤੇ ਪਾਣੀ ਦੇ) ਪ੍ਰਾਣੀਆਂ ਦੇ ਸ਼ਰੀਰ ਨੂੰ ਅਚਿਤ (ਬੇਜਾਨ) ਕਰ ਦਿੰਦੇ ਹਨ। ਉਹ ਜਮੀਨ ਆਦਿ ਨੂੰ ਬਹੁਤ ਨੁਕਸਾਨ

ਪਹੁੰਚਾਂਦੇ ਹੋਏ ਵੀ ਧਰਤੀ ਦੇ ਕੁੱਝ ਭਾਗ ਨੂੰ ਜੀਵਾਂ ਵਾਲਾ ਕਰ ਦਿੰਦੇ ਹਨ। ਪਹਿਲਾਂ ਕੀਤੇ ਹੋਏ ਭੋਜਨ ਤੇ ਉਤਪਤਿ ਤੋਂ ਬਾਅਦ ਬਾਹਰਲੀ ਚਮੜੀ ਰਾਂਹੀ ਭੋਜਨ ਕਰਦੇ ਹੋਏ ਪ੍ਰਿਥਵੀ ਯੋਨੀ (ਜਮੀਨ ਹੀ ਜਿਨਾਂ ਦਾ ਗਰਭ ਸਥਾਨ ਹੈ) ਦਰਖਤਾਂ ਦੇ ਦੂਸਰੇ ਸ਼ਰੀਰ ਵੀ ਭਿੰਨ-ਭਿੰਨ ਪ੍ਰਕਾਰ ਦੇ ਵਰਨ, ਗੰਧ, ਰਸ, ਸਪਰਸ਼ ਤੇ ਭਿੰਨ ਭਿੰਨ ਦੇ ਬੰਧੇ ਹੁੰਦੇ ਹਨ। ਉਹ ਜੀਵ ਕਰਮਾ ਦੇ ਵਸ ਪੈਕੇ ਸਥਾਵਰ ਯੋਨੀ ਵਿੱਚ ਪੈਦਾ ਹੁੰਦੇ ਹਨ'' ਅਜੇਹਾ ਤੀਰਥੰਕਰਾ ਨੇ ਕਿਹਾ ਹੈ। 43

ਇਸ ਤੋਂ ਬਾਅਦ ਤੀਰਥੰਕਰ ਨੇ ਬਨਾਸਪਤੀ ਕਾਇਆ ਤੋਂ ਦੂਸਰੇ ਭੇਦ ਦਾ ਸਵਰੂਪ ਦਸਿਆ ਹੈ ਕੋਈ ਬਨਸਪਤੀ ਦਰਖੱਤ ਵਿੱਚ ਹੀ ਪੈਦਾ ਹੁੰਦੀ ਹੈ ਇਸੇ ਲਈ ਉਸਨੂੰ ਬਿਰਕਸ਼ਯੋਨੀਕ ਅਖਵਾਉਂਦੇ ਹਨ :-

ਇਹ ਰੁੱਖ ਵਿੱਚ ਹੀ ਸਥਿਤ ਰਹਿੰਦੀ ਹੈ ਰੁੱਖ ਵਿੱਚ ਹੀ ਵਾਧਾ ਪਾਂਦੀ ਹੈ। ਉਹ ਜੀਵ ਕਰਮਾਂ ਦੇ ਵਸ ਪੈਕੇ ਅਤੇ ਕਰਮਾਂ ਕਾਰਣਹੀ ਉਨਾਂ ਦਰਖੱਤਾਂ ਵਿੱਚ ਦਰਖੱਤ ਰੂਪ ਵਿੱਚ ਉਤਪਨ ਹੁੰਦੇ ਹਨ। ਉਹ ਜੀਵ ਉਹਨਾਂ ਦਰਖੱਤਾਂ ਤੋਂ ਉਤਪਨ ਸਨੇਹ ਚਿਕਨਾਹਟ ਦਾ ਭੋਜਨ ਕਰਦੇ ਹਨ। ਇਸ ਤੋਂ ਛੁੱਟ ਪ੍ਰਿਥਵੀ, ਜਲ, ਅੱਗ, ਹਵਾ, ਬਨਸਪਤੀ ਸ਼ਰੀਰ ਦਾ ਭੋਜਨ ਕਰਦੇ ਹਨ। ਉਹ ਤਰੱਸ ਤੇ ਸਥਾਵਰ ਪ੍ਰਾਣੀਆਂ ਨੂੰ ਬੇਜਾਨ ਕਰ ਦਿੰਦੇ ਹਨ। ਉਹ ਪਹਿਲਾਂ ਹੀ ਖਾਏ ਹੋਏ ਬਾਅਦ ਵਿੱਚ ਚਮੜੀ ਰਾਹੀਂ ਪ੍ਰਿਵਵੀ ਆਦਿ ਸ਼ਰੀਰਾ

---

ਟਿਪਣੀ 43—ਭਾਵ ਇਸ ਸੰਸਾਰ ਵਿਚ ਕਾਈਆ (ਸ਼ਰੀਰ) ਧਾਰੀ ਜੀਵ ਹੁੰਦੇ ਹਨ ਇਹ ਜੀਵ ਚਾਰ ਪ੍ਰਕਾਰ ਦੇ ਹਨ :—

1. ਅਗਰ ਬੀਜ—ਜਿਨਾਂ ਦੇ ਪਹਿਲੇ ਹਿਸੇ ਵਿਚ ਬੀਜ ਉਤਪੰਨ ਹੋਵੇ ਉਹ ਅਗਰ ਬੀਜ ਹੈ ਜਿਵੇਂ :-ਤਿਲ, ਅੰਬ ਅਨ ਝੋਨਾ ਆਦਿ।
2. ਮੂਲ ਬੀਜ—ਜੋ ਮੂਲ ਤੋਂ ਉਤਪੰਨ ਹੁੰਦੇ ਹਨ ਉਹ ਮੂਲ ਬੀਜ ਅਕਵਾਉਂਦੇ ਹਨ ਜਿਵੇਂ :-ਅਦਰਕ ਆਦਿ।
3. ਪਰਵ ਬੀਜ—ਜੋ ਪਰਵ (ਇਕ ਹਿਸੇ) ਤੋਂ ਉਤਪਨ ਹੁੰਦੇ ਹਨ ਉਹ ਪਰਵ ਬੀਜ ਹਹ ਜਿਵਂ :-ਗੰਨਾ ਆਦਿ।
4. ਸਕੰਧ ਬੀਜ—ਜੋ ਜੜ ਤੋਂ ਪੈਦਾ ਹੁੰਦੇ ਹਨ ਉਨ ਸਕੰਦ ਬੀਜ ਹਨ।

ਇਹ ਚਾਰੇ ਪ੍ਰਕਾਰ ਦੇ ਜੀਵ ਬਨਸਪਤਿ ਕਾਇਕ ਜੀਵ ਹਨ। ਇਹ ਆਪਣੇ-ਆਪਣੇ ਬੀਜਾਂ ਤੋਂ ਉਤਪੰਨ ਹੁੰਦੇ ਹਨ। ਦੂਸਰੇ ਬੀਜਾਂ ਤੋਂ ਨਹੀਂ। ਜਿਸ ਦਰਖਤ ਦੀ ਉਤਪਤਿ ਲਈ ਜੋ ਪ੍ਰਦੇਸ਼ (ਭਾਗ) ਨਿਸ਼ਚਿਤ ਹੋ ਉਹ ਦਰੱਖਤ ਉਸੇ ਪ੍ਰਦੇਸ਼ ਤੋਂ ਉਤਪੰਨ ਹੁੰਦਾ ਹੈ। ਜਿਸ ਦੀ ਉਤਪਤਿ ਲਈ ਜੋ ਕਾਲ, ਭੂਮੀ, ਪਾਣੀ, ਅਕਾਸ਼, ਪ੍ਰਦੇਸ਼ ਅਤੇ ਬੀਜਾਂ ਦੀ ਜਰੂਰਤ ਹੈ ਇਨਾਂ ਵਿਚ ਇਕ ਦੇ ਨਾਂ ਹੋਣ ਤੇ ਵੀ ਬੀਜ ਪੈਦਾ ਨਹੀਂ ਹੁੰਦਾ। ਇਨ੍ਹਾਂ ਉਤਪਤਿ ਕਾਰਣ ਤੋਂ ਛੁਟ ਕਰਮ ਵੀ ਇਕ ਕਾਰਣ ਹੈ। ਕਰਮ ਤੋਂ ਪ੍ਰੇਹਣਾ ਤੋਂ ਪ੍ਰਾਣੀ ਬਨਸਪਤਿ

ਰਾਹੀਂ ਪਚਾ ਕੇ ਆਪਣੇ ਰੂਪ ਵਿੱਚ ਮਿਲਾ ਲੈਂਦੇ ਹਨ। ਉਨ੍ਹਾਂ ਬਿਰਕਸ਼ ਯੋਨਿਕ (ਦਰੱਖਤ ਬਨਣ ਵਾਲੇ) ਦਰੱਖਤਾਂ ਦਾ ਵਰਨ, ਗੰਧ, ਰਸ ਤੇ ਸਪਰਸ਼ ਤੇ ਦੂਸਰੇ ਸ਼ਰੀਰ ਵੀ ਹੁੰਦੇ ਹਨ, ਜੋ ਭਿੰਨ ਭਿੰਨ ਪ੍ਰਕਾਰ ਦੇ ਪੁਦਗਲਾਂ ਰਾਹੀਂ ਬਨੇ ਹੁੰਦੇ ਹਨ। ਉਹ ਜੀਵ ਕਰਮ ਦੇ ਵੱਸ ਪੈਕੇ ਬਿਰਕਸ਼ ਯੋਨਿਕ ਦਰੱਖਤਾਂ ਵਿੱਚ ਪੈਦਾ ਹੁੰਦੇ ਹਨ। ਅਜੇਹਾ ਸ੍ਰੀ ਤੀਰਥੰਕਰ ਭਗਵਾਨ ਨੇ ਆਖਿਆ ਹੈ। **44**

ਸ੍ਰੀ ਤੀਰਥੰਕਰ ਦੇਵ ਨੇ ਇਸ ਪਿੱਛੋਂ ਬਨਸਪਤਿ ਕਾਈਆਂ ਦੇ ਹੋਰ ਭੇਦ ਦੱਸੇ ਹਨ। ਕਈ ਜੀਵ ਦਰੱਖਤ ਰੂਪ ਪੈਦਾ ਹੁੰਦੇ ਹਨ। ਉਸੇ ਰੂਪ ਵਿਚ ਰਹਿੰਦੇ ਹਨ। ਵਾਧਾ ਪਾਂਦੇ ਹਨ। ਇਹ ਜੀਵ ਦਰੱਖਤ ਵਿਚ ਪੈਦਾ, ਸਥਿਤ ਰਹਿਣ ਵਾਲੇ, ਦਰੱਖਤ ਵਿਚ ਹੀ ਵਿਕਾਸ ਪਾਂਦੇ ਹਨ। ਇਹ ਜੀਵ ਕਰਮ ਵੱਸ, ਕਰਮ ਕਾਰਣ ਹੀ ਇਨ੍ਹਾਂ ਦਰੱਖਤ ਰੂਪ ਵਿਚ ਪੈਦਾ ਹੁੰਦੇ ਹਨ। ਇਹ ਜੀਵ ਇਨ੍ਹਾਂ ਦਰੱਖਤਾਂ ਦੇ ਸਨੇਹ ਚਿਕਨਾਹਟ ਦਾ ਭੋਜਨ ਕਰਦੇ ਹਨ। ਇਸ ਤੋਂ ਛੁਟ ਇਹ ਜੀਵ ਪ੍ਰਿਥਵੀ, ਜਲ, ਅੱਗ, ਹਵਾ ਤੇ ਬਨਸਪਤਿ ਦਾ ਭੋਜਨ ਵੀ ਕਰਦੇ ਹਨ। ਇਹ ਜੀਵ ਪਹਿਲਾਂ ਇਨ੍ਹਾਂ ਤਰੱਸ ਤੇ ਸਥਾਵਰ ਜੀਵਾਂ ਨੂੰ ਬੇਜਾਨ ਕਰ ਦਿੰਦੇ ਹਨ। ਬੇਜਾਨ ਕੀਤੇ ਹੋਏ ਅਤੇ ਪਹਿਲਾਂ ਖਾਏ ਹੋਏ ਅਤੇ ਬਾਅਦ ਵਿਚ ਚਮੜੀ ਰਾਹੀਂ ਖਾਏ ਪ੍ਰਿਥਵੀ ਆਦਿ ਦੇ ਸ਼ਰੀਰਾਂ ਨੂੰ ਪਚਾ ਕੇ ਆਪਣੇ ਰੂਪ ਵਿਚ ਮਿਲਾ ਲੈਂਦੇ ਹਨ। ਇਹ ਬਰਿਕਸ਼ ਯੋਨਿਕ ਜੀਵਾਂ ਦੇ ਰਸ ਤੇ ਸਪਰਸ਼ ਵਾਲੇ ਦੂਸਰੇ ਸ਼ਰੀਰ ਵੀ ਹੁੰਦੇ ਹਨ। ਜੋ ਜੀਵ

---

ਕਾਇਆ ਵਿਚ ਜਨਮ ਲੈਂਦੇ ਹਨ। ਭਾਵੇਂ ਇਹ ਬਨਸਪਤਿ ਕਾਇਕ ਜੀਵ ਆਪਣੇ-ਆਪਣੇ ਬੀਜ ਅਤੇ ਆਪਣੇ ਆਪਣੇ ਸਹਕਾਰੀ ਕਾਰਣ—ਕਾਲ ਆਦਿ ਰਾਹੀਂ ਉਤਪੰਨ ਹੁੰਦੇ ਹਨ। ਫੇਰ ਵੀ ਇਹ ਪ੍ਰਿਥਵੀ ਯੋਨਿਕ ਅਖਵਾਉਂਦੇ ਹਨ। ਕਿਉਂਕਿ ਇਨ੍ਹਾਂ ਜੀਵਾਂ ਦੀ ਉਤੱਪਤਿ ਦੇ ਕਾਰਣ ਜਿਵੇਂ ਬੀਜ ਆਦਿ ਪ੍ਰਿਥਵੀ ਹੀ ਹੈ। ਪ੍ਰਿਥਵੀ ਬਿਨਾ ਇਹ ਜੀਵ ਪੈਦਾ ਨਹੀਂ ਹੁੰਦੇ ਪ੍ਰਿਥਵੀ ਇਨ੍ਹਾਂ ਜੀਵਾਂ ਦਾ ਸਹਾਰਾ (ਆਸਰਾ) ਹੈ। ਇਸ ਲਈ ਇਹ ਦਰਖੱਤ ਪ੍ਰਿਥਵੀ ਯੋਨਿਕ ਹਨ। ਇਹ ਆਪਣੇ ਕਰਮ ਤੋਂ ਪ੍ਰੇਰਿਤ ਹੋਕੇ ਉਸ ਬਨਸਪਤਿ ਕਾਇਆ ਵਿਚ ਮੁੜ-ਮੁੜ ਜਮਦੇ ਹਨ। ਇਸ ਪ੍ਰਿਥਵੀ ਦੇ ਸਨੇਹ (ਚਿਕਨਾਹਟ) ਦਾ ਇਹ ਭੋਜਨ ਕਰਦੇ ਹਨ। ਇਸ ਛੁਟ ਪਾਣੀ, ਅਗਨੀ, ਹਵਾ ਅਤੇ ਬਨਸਪਤੀ ਦਾ ਭੋਜਨ ਵੀ ਇਹ ਜੀਵ ਕਰਦੇ ਹਨ। ਜਿਵੇ ਮਾਂ ਦੇ ਪੇਟ ਵਿਚ ਬੱਚਾ ਮਾਂ ਦੇ ਪੇਟ ਵਿਚ ਸਥਿਤ ਪਦਾਰਥਾਂ ਦਾ ਕਰਦਾ ਹੋਇਆ ਮਾਂ ਨੂੰ ਕਸ਼ਟ ਨਹੀਂ ਦਿੰਦਾ। ਇਸੇ ਪ੍ਰਕਾਰ ਇਹ ਜੀਵ ਪ੍ਰਿਥਵੀ ਦੇ ਸਨੇਹ (ਚਿਕਨਾਹਟ) ਦਾ ਭੋਜਨ ਕਰਦੇ ਹੋਏ ਪ੍ਰਿਥਵੀ ਨੂੰ ਕਸ਼ਟ ਨਹੀਂ ਦਿੰਦੇ। ਇਹ ਜੀਵ ਪੈਦਾ ਹੋਣ ਤੇ ਪ੍ਰਿਥਵੀ ਨੂੰ ਕੋਈ ਕਸ਼ਟ ਨਹੀਂ ਦਿੰਦੇ। ਬਨਸਪਤੀ ਕਾਇਆਂ ਦੇ ਜੀਵ ਤਰਸ ਤੇ ਸਥਾਵਰ ਦੋਹਾਂ ਪ੍ਰਕਾਰ ਦੇ ਜੀਵਾਂ ਦਾ ਭੋਜਨ ਕਰਦੇ ਹਨ। ਇਹ ਜੀਵ ਪਹਿਲਾ ਉਹਨਾਂ ਜੀਵਾਂ ਦਾ ਖਾਤਮਾ ਕਰਦੇ ਹਨ। ਅਤੇ ਭੋਜਨ ਰੂਪ ਵਿਚ ਪ੍ਰਿਥਵੀ ਦੇ ਰੂਪ ਵਿਚ

ਕਰਮ ਦੇ ਵੱਸ ਹੋਏ ਬਰਿਕਸ਼ ਯੋਨਿਕ, ਦਰੱਖਤਾਂ ਵਿਚ ਉਤਪੰਨ ਹੁੰਦੇ ਹਨ ਅਜਿਹਾ ਤੀਰਥੰਕਰਾਂ ਨੇ ਕਿਹਾ ਹੈ। 45

ਸ੍ਰੀ ਤੀਰਥੰਕਰ ਦੇਵ ਨੇ ਬਨਸਪਤਿ ਕਾਇਕ ਜੀਵਾਂ ਦੇ ਹੋਰ ਭੇਦ ਉਪਭੇਦ ਵੀ ਦੱਸੇ ਹਨ। ਇਸ ਜਗਤ ਵਿੱਚ ਕਈ ਜੀਵ ਦਰੱਖਤ ਪੈਦਾ ਹੁੰਦੇ ਹਨ, ਦਰੱਖਤ ਵਿੱਚ ਸਥਿਤ ਰਹਿੰਦੇ ਹਨ, ਦਰੱਖਤ ਵਿੱਚ ਹੀ ਵਾਧਾ ਪਾਉਂਦੇ ਹਨ। ਇਹ ਦਰੱਖਤ ਤੋਂ ਉਤਪਨ, ਦਰੱਖਤ ਵਿਚ ਹੀ ਸਥਿਤ ਅਤੇ ਵਾਧਾ ਪਾਉਣ ਵਾਲੇ ਜੀਵ, ਕਰਮ ਵਸ ਅਤੇ ਕਰਮ ਪ੍ਰੇਰਣਾ ਰਾਹੀਂ ਦਰੱਖਤਾਂ ਵਿੱਚ ਆਂਦੇ ਹਨ।

ਇਹ ਬਰਿਕਸ਼ ਯੋਨਿਕ ਦਰੱਖਤਾਂ ਵਿੱਚ ਮੂਲ ਕੰਦ, ਸਕੰਦ, ਛਾਲ, ਸ਼ਾਖਾ ਪ੍ਰਵਾਲਾ, ਪੱਤੇ, ਫੁੱਲ. ਫਲ ਤੇ ਬੀਜ ਦੇ ਰੂਪ ਵਿੱਚ ਉਤਪੰਨ ਹੁੰਦੇ ਹਨ। ਇਹ ਜੀਵ ਬਰਿਕਸ਼ ਯੋਨਿਕ ਦਰਖਤਾਂ ਦੀ ਚਿਕਨਾਹਟ ਦਾ ਭੋਜਨ ਕਰਦੇ ਹਨ। ਉਹ ਜੀਵ ਪ੍ਰਿਥਵੀ, ਜਲ, ਤੇਜ, ਹਵਾ, ਬਨਸਪਤਿ ਦੇ ਸ਼ਰੀਰ ਦਾ ਵੀ ਭੋਜਨ ਕਰਦੇ ਹਨ। ਇਹ ਜੀਵ ਭਿੰਨ ਭਿੰਨ ਪ੍ਰਕਾਰ ਦੇ ਤਰੱਸ ਤੇ ਸਥਾਵਰ ਪ੍ਰਾਣੀਆਂ ਦੇ ਜਾਨਦਾਰ ਸ਼ਰੀਰ ਤੋਂ ਰਸ ਖਿੱਚ ਕੇ ਉਨ੍ਹਾਂ ਨੂੰ ਬੇਜਾਨ ਕਰਦੇ ਹਨ। ਇਹ ਜੀਵ ਉਨ੍ਹਾਂ ਜੀਵ ਦੇ ਸ਼ਰੀਰ ਨੂੰ ਬੇਜਾਨ ਕਰਕੇ ਆਪਣੇ ਰੂਪ ਵਿੱਚ ਬਦਲ ਦਿੰਦੇ ਹਨ। ਇਹ ਬਰਿਕਸ਼ ਯੋਨਿਕ ਮੂਲ, ਕੰਦ, ਸੰਕਦ, ਛਾਲ, ਸ਼ਾਖਾ, ਪ੍ਰਵਾਲ ਤੇ ਬੀਜ ਰੂਪ ਜੀਵਾਂ ਦੇ ਹੋਰ ਵੀ ਸ਼ਰੀਰ ਹਨ। ਜੋ ਭਿੰਨ ਭਿੰਨ ਤਰਾਂ ਦੇ ਵਰਨ, ਗੰਧ, ਰਸ ਤੇ ਸਪਰਸ਼ ਵਾਲੇ ਤੇ ਭਿੰਨ ਭਿੰਨ ਪੁਦਗਲਾਂ (ਮੈਟਰ) ਤੋਂ ਬਣਦੇ ਹਨ। ਉਹ ਜੀਵ ਕਰਮ ਵਸ ਹੋ ਕੇ ਉਥੇ ਜਨਮ ਲੈਂਦੇ ਹਨ ਅਜਿਹਾ ਤੀਰਥੰਕਰ ਨੇ ਕਿਹਾ ਹੈ। 46।

ਸ੍ਰੀ ਤੀਰਥੰਕਰ ਹੋਰ ਵੀ ਬਨਸਪਤਿ ਕਾਇਆ ਜੀਵਾਂ ਦੇ ਭੇਦ ਤੇ ਉਪਭੇਦ ਦੱਸੇ ਹਨ। ਇਸ ਜਗਤ ਵਿਚ ਕਈ ਜੀਵ ਦਰੱਖਤ ਤੋਂ ਉਤਪੰਨ ਹੁੰਦੇ ਹਨ ਦਰੱਖਤ ਵਿਚ ਸਥਿਤ ਰਹਿੰਦੇ ਹਨ ਦਰੱਖਤ ਵਿਚ ਹੀ ਵਾਧਾ ਪਾਂਦੇ ਹਨ। ਇਸ ਤਰ੍ਹਾਂ ਦਰਖਤ ਤੋਂ ਉਤਪਨ, ਸਥਿਤ ਤੇ ਵਾਧਾ ਪਾਨ ਵਾਲੇ ਕਰਮ ਅਧੀਨ, ਕਰਮ ਤੇ ਪ੍ਰੇਰਿਤ ਹੋ ਕੇ ਬਰਿਕਸ਼ ਯੋਨੀਕ ਅਧਿਆਰੁਹ ਨਾਮਕ ਬਨਸਪਤਿ ਦੇ ਰੂਪ ਵਿਚ ਉਤਪੰਨ ਹੁੰਦੇ ਹਨ। ਉਹ ਜੀਵ ਬਰਿਕਸ਼ਯੋਨੀਕ ਦਰੱਖਤਾਂ ਦੀ ਚਿਕਨਾਹਟ ਦਾ ਭੋਜਨ ਕਰਦੇ ਹਨ। ਇਹ ਜੀਵ ਵੀ ਪ੍ਰਿਥਵੀ ਤੋਂ ਲੈਕੇ ਬਨਸਪਤਿ ਕਾਈਆ ਸਾਰੇ ਸ਼ਰੀਰਾਂ ਦਾ ਭੋਜਨ ਕਰਦੇ ਹਨ। ਇਥੋਂ ਤਕ ਇਨ੍ਹਾਂ

---

ਬਦਲ ਦਿੰਦੇ ਹਨ। ਇਨਾ ਦੇ ਪੱਤੇ, ਫੁਲ, ਫਲ, ਮੂਲ, ਸਾਖਾਂ. ਉਪਸਾਖਾਂ ਆਦਿ ਕਿੰਨੇ-ਕਿੰਨੇ ਰੰਗ, ਰਸ, ਰਚਨਾ ਤੇ ਗੁਣ ਵਾਲੇ ਹੁੰਦੇ ਹਨ। ਖਾਦ ਆਦਿ ਮਿਲਣ ਤੇ ਬਨਸਪਤੀ ਕਾਇਆਂ ਦੇ ਜੀਵ ਵਾਧਾ ਪ੍ਰਾਪਤ ਕਰਦੇ ਹਨ ਨਾ ਮਿਲਣ ਤੇ ਸੁਕ ਜਾਂਦੇ ਹਨ। ਇੰਨਾ ਗਲਾਂ ਨੂੰ ਵੇਖਦੇ ਹੋਏ ਸਿੱਧ ਹੁੰਦਾ ਹੈ ਕਿ ਬਨਸਪਤੀ ਕਾਇਆ ਇਕ ਜੀਵ ਹੈ ਸਾਧੂ ਨੂੰ ਸ਼ਕਤੀ ਅਨੁਸਾਰ ਬਨਾਸਪਤੀ ਕਾਈਆ ਦੀ ਹਿੰਸਾ ਤੋਂ ਬਚੱਣਾ ਚਾਹਿਦਾ।

ਨੂੰ ਆਪਣੇ ਰੂਪ ਵਿਚ ਮਿਲਾ ਲੈਂਦੇ ਹਨ। ਉਸ ਬਰਿਕਸ ਯੋਨਿਕ ਦਰੱਖਤ ਦੇ ਭਿੰਨ ਭਿੰਨ ਤਰ੍ਹਾਂ ਦੇ ਵਰਨ, ਗੰਧ, ਰਸ ਤੇ ਸਪਰਸ਼ ਅਨੇਕਾਂ ਕਿਸਮਾਂ ਦੀ ਰਚਨਾ ਵਾਲੇ ਸ਼ਰੀਰ ਹਨ। ਇਨ੍ਹਾਂ ਸ਼ਰੀਰਾਂ ਨੂੰ ਅਪਣੇ ਪਿਛਲੇ ਕਰਮਾਂ ਦੇ ਪ੍ਰਭਾਵ ਸਦਕਾ ਜੀਵ ਪ੍ਰਾਪਤ ਕਰਦਾ ਹੈ ਅਜਿਹਾ ਸ਼੍ਰੀ ਤੀਰਥੰਕਰ ਨੇ ਕਿਹਾ ਹੈ। 47।

ਸ਼੍ਰੀ ਤੀਰਥੰਕਰ ਭਗਵਾਨ ਨੇ ਬਨਸਪਤਿ ਕਾਇਆ ਦੇ ਹੋਰ ਵੀ ਭੇਦ ਦੱਸੇ ਹਨ ਕਈ ਪ੍ਰਾਣੀ ਪਹਿਲਾ ਦਸੇ ਅਧਿਆਰੂਹ ਦਰੱਖਤਾਂ ਵਿਚ ਪੈਦਾ ਹੁੰਦੇ ਹਨ। ਉਨ੍ਹਾਂ ਵਿਚ ਸਥਿਤ ਹੋ ਕੇ, ਵਾਧਾ ਪ੍ਰਾਪਤ ਕਰਦੇ ਹਨ। ਉਹ ਜੀਵ ਕਰਮਾਂ ਤੋਂ ਪ੍ਰੇਰਿਤ ਹੋ ਕੇ ਉਥੇ ਆ ਕੇ, ਬ੍ਰਿਕਸਯੋਨਿਕ ਅਧਿਆਰੂਹ ਦੇ ਦਰਖਤਾਂ ਵਿਚ ਅਧਿਆਰੂਹ ਵਿਚ ਉਤਪੰਨ ਹੁੰਦੇ ਹਨ, ਉਹ ਜੀਵ ਬਿਕਸੁਯੋਨਿਕ ਅਧਿਆਰੂਹਾਂ ਦੀ ਚਿਕਨਾਹਟ ਦਾ ਭੋਜਨ ਕਰਦੇ ਹਨ। ਉਹ ਜੀਵ ਪ੍ਰਿਥਵੀ, ਜਲ, ਅੱਗ, ਹਵਾ ਤੇ ਬਨਾਸਪਤਿ ਦੇ ਸ਼ਰੀਰ ਦਾ ਵੀ ਭੋਜਨ ਕਰਦੇ ਹਨ। ਭੋਜਨ ਕਰਕੇ ਉਨ੍ਹਾਂ (ਦਰਖਤਾਂ) ਨੂੰ ਅਪਣੇ ਸ਼ਰੀਰ ਵਿਚ ਬਦਲ ਦਿੰਦੇ ਹਨ। ਅਧਿਆਰੂਹ (ਯੋਨੀਕ) ਦੇ ਅਨੇਕਾਂ ਰੰਗ, ਗੰਧ, ਰਸ, ਸਪਰਸ਼ ਤੇ ਅਕਾਰ ਵਾਲੇ, ਅਨੇਕਾਂ ਪ੍ਰਕਾਰ ਦੇ ਸ਼ਰੀਰ ਹਨ ਅਜਿਹਾ ਸ਼੍ਰੀ ਤੀਰਥੰਕਰਾ ਭਗਵਾਨ ਨੇ ਕਿਹਾ ਹੈ। 48।

ਸ਼੍ਰੀ ਤੀਰਥੰਕਰ ਦੇਵ ਨੇ ਬਨਾਸਪਤਿ ਕਾਇਆ ਦੇ ਹੋਰ ਵੀ ਭੇਦ ਦਸੇ ਹਨ ਇਸ ਸੰਸਾਰ ਵਿਚ ਕਈ ਜੀਵ ਅਧਿਆਰੂਹ ਦਰੱਖਤਾਂ ਤੋਂ ਪੈਦਾ ਹੁੰਦੇ ਹਨ (ਬਾਕੀ ਦਾ ਵਰਨਣ ਅਧਿਆਰੂਹ ਅਨੁਸਾਰ 47 ਤੋਂ 49) ਸਮਝ ਲੈਣਾ ਚਾਹੀਦਾ ਹੈ। 49।

ਸ਼੍ਰੀ ਤੀਰਥੰਕਰ ਦੇਵ ਨੇ ਅਧਿਆਰੂਹ ਦਰੱਖਤ ਦੇ ਹੋਰ ਵੀ ਭੇਦ ਦਸੇ ਹਨ ਸੰਸਾਰ ਵਿਚ ਕਈ ਜੀਵ ਅਧਿਆਰੂਹ ਦਰੱਖਤਾਂ ਤੋਂ ਅਧਿਆਰਹ ਵਿਚ ਉਤਪਨ ਹੋਕੇ ਸਥਿਤੀ, ਤੇ ਵਾਧਾ ਪ੍ਰਾਪਤ ਕਰਦੇ ਹਨ। ਉਹ ਪਿਛਲੇ ਕਰਮਾ ਦੇ ਪੁਦਗਲਾ ਤੋਂ ਪ੍ਰਭਾਵਿਤ ਹੋਕੇ ਇਸ ਦਰੱਖਤ ਰੂਪ ਅਧਿਆਰੂਹ ਦਰੱਖਤਾਂ ਦੇ ਮੂਲ, ਕੰਦ, ਸਕੰਧ, ਪ੍ਰਵਾਲ, ਸ਼ਾਖਾ, ਛਾਲ, ਸਾਲ, ਆਦਿ ਤੋਂ ਲੈਕੇ ਬੀਜ ਰੂਪ ਵਿਚ ਪੈਦਾ ਹੁੰਦੇ ਹਨ। ਇਹ ਅਧਿਆਰੂਹ ਯੋਨਿਕ,

---

ਟਿਪਣੀ 43-50 :—ਇਨ੍ਹਾਂ ਪਾਠਾਂ ਵਿਚ ਸ਼ਾਸਤਰਕਾਰ ਨੇ ਬਨਸਪਤਿ ਕਾਈਆ ਦੇ ਹੇਠ ਲਿਖੇ ਜੀਵਾਂ ਦੀ ਉਤਪਤਿ, ਸਥਿਤੀ, ਵਾਧਾ, ਰਚਨਾ ਤੇ ਭੋਜਨ ਦਾ ਵਰਨਣ ਕੀਤਾ ਹੈ।

1. ਬੀਜ ਕਾਇਆ ਨਾਮਕ ਬਨਾਸਪਤਿ ਕਾਈਆ ਪ੍ਰਿਥਵੀ ਤੋਂ ਪੈਦਾ ਹੋਣ ਵਾਲੇ ਦਰਖੱਤਾਂ ਦੇ ਭੋਜਨ ਦਾ ਵਰਨਣ।
2. ਦਰਖੱਤ ਤੋਂ ਉਤਪੰਨ ਹੋਣ ਵਾਲੇ ਬਰਿਕਸ਼ਯੋਨਿਕ ਦਰਖੱਤਾਂ ਦੇ ਭੋਜਨ ਦਾ ਵਰਨਣ।
3. ਬਰਿਕਸ਼ਯੋਨਿਕ ਦਰਖੱਤ ਵਿਚ ਹੀ ਪੈਦਾ ਹੋਣ ਵਾਲੇ ਦਰੱਖਤਾਂ ਦੇ ਭੋਜਨ ਦਾ ਵਰਨਣ।

ਅਧਿਆਰੁਹ ਦਰੱਖਤਾਂ ਦੇ ਸਨੇਹ ਦਾ ਭੋਜਨ ਗ੍ਰਹਿਣ ਕਰਦੇ ਹਨ। ਇਹ ਜੀਵ ਉਨ੍ਹਾਂ ਅਧਿਆਰੁਹ ਯੋਨਿਕ ਦਰੱਖਤਾਂ ਦੇ ਮੂਲ ਤੋਂ ਲੈਕੇ ਬੀਜ ਤਕ ਭਿੰਨ ਭਿੰਨ ਪ੍ਰਕਾਰ ਦੇ ਵਰਨ ਗੰਧ, ਰਸ ਤੇ ਸਪਰਸ਼ ਤੇ ਰਚਨਾ ਵਾਲੇ ਦੂਸਰੇ ਹੋਰ ਸ਼ਰੀਰ ਵਿਚ ਹੀ ਹਨ। ਅਜੇਹਾ ਤੀਰਥੰਕਰ ਭਗਵਾਨ ਨੇ ਕਿਹਾ ਹੈ। 50।

ਸ਼੍ਰੀ ਤੀਰਥੰਕਰ ਭਗਵਾਨ ਨੇ ਬਨਸਪਤਿ ਕਾਇਆ ਜੀਵਾਂ ਦੇ ਹੋਰ ਵੀ ਭੇਦ ਦੱਸੇ ਹਨ। ਕਈ ਜੀਵ ਪ੍ਰਿਥਵੀ ਤੇ ਪੈਦਾ ਹੁੰਦੇ ਹਨ, ਪ੍ਰਿਥਵੀ ਤੇ ਸਥਿਤ ਹੁੰਦੇ ਹਨ, ਪ੍ਰਿਥਵੀ ਤੇ ਵਾਧਾ ਪਾਂਦੇ ਹਨ, ਇਥੋਂ ਤੱਕ ਕਿ ਉਹ ਜੀਵ ਭਿੰਨ ਭਿੰਨ ਤਰ੍ਹਾਂ ਦੀ ਜਾਤ ਵਾਲੀ ਪ੍ਰਿਥਵੀ ਘਾਹ ਰੂਪ ਵਿਚ ਪੈਦਾ ਹੁੰਦੇ ਹਨ। ਜਮੀਨ ਦੀ ਸਨੇਹ (ਚਿਕਨਾਹਟ) ਜਾਂ ਰਸ ਤੋਂ ਭੋਜਨ ਕਰਦੇ ਹਨ। ਓਹ ਜੀਵ ਕਰਮ ਤੋਂ ਪ੍ਰੇਰਿਤ ਹੋਕੇ ਘਾਹ ਰੂਪ ਯੋਨੀ ਵਿਚ ਪੈਦਾ ਹੁੰਦੇ ਹਨ। ਅਗੋਂ ਦਾ ਵਰਨਣ ਪਹਿਲਾਂ ਦੀ ਤਰ੍ਹਾਂ ਹੀ ਸਮਝ ਲੈਣਾ ਚਾਹੀਦਾ ਹੈ ਅਜੇਹਾ ਤੀਰਥੰਕਰਾ ਨੇ ਕਿਹਾ ਹੈ। 51

ਇਸੇ ਪ੍ਰਕਾਰ ਕਈ ਜੀਵ ਪ੍ਰਿਥਵੀ ਯੋਨਿਕ ਘਾਹਵਿਚੋਂ ਹੀ ਘਾਹ ਦੇ ਰੂਪ ਵਿੱਚ ਪੈਦਾ ਹੁੰਦੇ ਹਨ। ਸਥਿਤ ਰਹਿੰਦੇ ਹਨ। ਵਾਧਾ ਪਾਂਦੇ ਹਨ (ਬਾਕੀ ਦਾ ਵਰਣ ਪਹਿਲਾਂ ਦੀ 51 ਸੂਤਰ ਸਮਝਨਾ ਚਾਹਿਦਾ ਹੈ) ਇਸੇ ਪ੍ਰਕਾਰ ਕਈ ਜੀਵ ਘਾਹ ਤੋਂ ਘਾਹ ਰੂਪ ਪੈਦਾ ਹੁੰਦੇ ਹਨ ਉਹ ਜੀਵ ਤ੍ਰਿਣ ਯੋਨਿਕ ਤ੍ਰਿਨਾਂ ਦੇ ਸਨੇਹ ਸ਼ਰੀਰ ਭੋਜਨ ਗ੍ਰਹਿਣ ਕਰਦੇ ਹਨ। ਬਾਕੀ ਦਾ ਵਰਨਣ 51 ਸੂਤਰ ਦੀ ਤਰਾਂ ਹੈ। ਇਸੇ ਤਰਾਂ ਕਈ ਜੀਵ ਆਦਿ ਤ੍ਰਿਣ ਯੋਨਿਕ ਤ੍ਰਿਣਾਂ ਵਿੱਚ ਮੂਲ ਤੋਂ ਲੇ ਕੇ ਬੀਜ ਵਿੱਚ ਪੈਦਾ ਹੁੰਦੇ ਹਨ ਇਹ ਜੀਵਾਂ ਦਾ ਵਰਨਣ ਪਹਿਲਾਂ ਦੀ ਤਰਾਂ ਸਮਝਨਾ ਚਾਹਿਦਾ ਹੈ।52

---

4. ਬਰਿਕਸ਼ਯੋਨਿਕ ਦਰਖੱਤਾਂ ਵਿਚ ਪੈਦਾ ਹੋਣ ਵਾਲੇ ਅਧਿਆਰੁਹ ਨਾਮ ਦੇ ਦਰਖੱਤ ਦੇ ਭੋਜਨ ਬਾਰੇ।
5. ਅਧਿਆਰੁਹ ਦਰਖੱਤ ਵਿਚ ਉਤਪਨ ਹੋਣ ਵਾਲੇ ਅਧਿਆਰੁਹ ਨਾਂ ਦੇ ਦਰਖੱਤ ਦੇ ਭੋਜਨ ਦਾ ਵਰਨਣ।
6. ਅਧਿਆਰੁਹ ਦਰਖੱਤਾਂ ਵਿਚ ਉਤਪਨ ਹੋਣ ਵਾਲੇ ਅਧਿਆਰੁਹ ਦਰਖਤਾਂ ਦੇ ਭੋਜਨ ਦਾ ਵਰਨਣ।
7. ਉਨ੍ਹਾਂ ਅਧਿਆਰਹ ਦਰਖੱਤਾਂ ਵਿਚ ਉਤਪਨ ਹੋਣ ਵਾਲੇ ਅਧਿਆਰੁਹ ਦਰਖੱਤਾਂ ਵਿਚ ਵੀ ਉਤਪਨ ਅਧਿਆਰੁਹ ਦਰਖੱਤਾਂ ਦੇ ਭੋਜਨ ਦਾ ਵਰਨਣ।
8. ਉਨ੍ਹਾਂ ਅਧਿਆਰੁਹ ਦਰਖੱਤਾਂ ਵਿਚ ਹੀ ਉਨ੍ਹਾਂ ਦੇ ਅੰਗ ਰੂਪ ਵਿਚ ਪੈਦਾ ਹੋਣ ਵਾਲੇ ਮੂਲ, ਕੰਦ, ਸਕੰਦ, ਪੱਤੇ, ਸ਼ਾਖਾ, ਪ੍ਰਵਾਲ, ਸ਼ਾਲ, ਫੁੱਲ, ਫਲ ਅਤੇ ਬੀਜ ਰੂਪ ਅੰਗਾਂ ਦੇ ਭੋਜਨ ਦਾ ਵਰਨਣ।

ਇਸ ਪ੍ਰਕਾਰ ਦਵਾਈਆਂ ਦੇ ਵੀ ਚਾਰ ਅਲਾਪਕ (ਬੋਲ) ਅਤੇ ਹਰਿਤ ਕਾਇਆ (ਹਰਿਆਲੀ) ਦੇ ਚਾਰ ਅਲਾਪਕਾ ਦਾ ਵਰਨਣ ਪਹਿਲਾਂ ਦੀ ਤਰਾਂ ਸਮਝਨਾ ਚਾਹਿਦਾ ਹੈ। 53

ਸ਼੍ਰੀ ਤੀਰਥੰਕਰ ਪ੍ਰਭੂ ਨੇ ਬਨਸਪਤਿ ਕਾਈਆਂ ਦੇ ਹੋਰ ਵੀ ਭੇਦ ਫੁਰਮਾਏ ਹਨ। ਇਸ ਸੰਸਾਰ ਵਿੱਚ ਕਈ ਜੀਵ ਪ੍ਰਿਥਵੀ ਤੋਂ ਉਤਪੰਨ ਹੁੰਦੇ ਹਨ ਉਸੇ ਵਿੱਚ ਸਥਿਤ ਹੁੰਦੇ ਹਨ ਉਸੇ ਵਿਚ ਵਾਧਾ ਵੀ ਪਾਂਦੇ ਹਨ। ਉਥੇ ਕਰਮਾ ਤੋਂ ਪ੍ਰੇਰਿਤ ਹੋਕੇ ਉਤਪੰਨ ਹੁੰਦੇ ਹਨ । ਉਹ ਭਿੰਨ ਭਿੰਨ ਪ੍ਰਕਾਰ ਯੋਨ ਵਾਲੀ ਪ੍ਰਿਥਵੀ ਵਿੱਚ ਆਰਿਆ, ਵਾਯ, ਕਾਯ, ਕੁਹਣ, ਕੰਦੁਕ, ਉਪਹੇਣੀ, ਨਿਰਵੇਹਣੀ, ਸਛੱਤਰ, ਛੱਤਰਕ, ਵਾਸਨੀ ਤੇ ਕੂਰ ਨਾਂ ਦੀ ਬਨਸਪਤਿ ਦੇ ਰੂਪ ਵਿੱਚ ਉਤਪੰਨ ਹੁੰਦੇ ਹਨ। ਇਹ ਜੀਵ ਭਿੰਨ ਭਿੰਨ ਯੋਨੀਆਂ ਵਾਲੀ ਪ੍ਰਿਥਵੀ ਕਾਈਆਂ ਦੀ ਚਿਕਨਾਹਟ (ਰਸ) ਤੋਂ ਭੋਜਨ ਗ੍ਰਹਿਣ ਕਰਦੇ ਹਨ। ਪ੍ਰਿਥਵੀ ਕਾਈਆਂ ਆਦਿ ਛੇ ਕਾਈਆਂ ਦੇ ਜੀਵਾਂ ਦੇ ਸ਼ਰੀਰ ਤੋਂ ਭੋਜਨ ਪ੍ਰਾਪਤ ਕਰਦੇ ਹਨ । ਪਹਿਲਾਂ ਉਨ੍ਹਾਂ ਤੋਂ ਰਸ ਖਿਚ ਕੇ ਉਨ੍ਹਾਂ ਜੀਵਾਂ ਨੂੰ ਬੇਜਾਨ (ਪ੍ਰਾਸੁਕ) ਕਰ ਦਿੰਦੇ ਹਨ ਫੇਰ ਉਨ੍ਹਾਂ ਜੀਵਾਂ ਨੂੰ ਆਪਣੇ ਰੂਪ ਵਿੱਚ ਬਦਲ ਲੈਂਦੇ ਹਨ। ਇਸ ਪ੍ਰਿਥਵੀ ਤੋਂ ਉਤਪੰਨ ਆਰਿਆ ਬਨਸਪਤਿ ਤੋਂ ਕੂਰ ਬਨਸਪਤਿ ਤਕ ਦੇ ਭਿੰਨ ਭਿੰਨ ਵਰਨ, ਗੰਧ, ਰਸ, ਸਪਰਸ਼, ਆਕਾਰ-ਪ੍ਰਕਾਰ ਤੇ ਢਾਂਚੇ ਵਾਲੇ ਹੋਰ ਸ਼ਰੀਰ ਵੀ ਹੁੰਦੇ ਹਨ। ਇਨ੍ਹਾਂ ਦਾ ਇਕ ਹੀ ਅਲਾਪਕ ਹੈ ਬਾਕੀ ਤਿੰਨ ਅਲਾਪਕ ਨਹੀਂ ਹੁੰਦੇ।

ਸ਼੍ਰੀ ਤੀਰਥੰਕਰ ਭਗਵਾਨ ਨੇ ਬਨਸਪਤਿ ਕਾਈਆਂ ਦੇ ਹੋਰ ਭੇਦ ਵੀ ਦੱਸੇ ਹਨ । ਇਸ ਜਗਤ ਵਿੱਚ ਕਈ ਜੀਵ ਪਾਣੀ ਵਿੱਚ ਪੈਦਾ ਹੁੰਦੇ ਹਨ ਉਸੇ ਪਾਣੀ ਵਿੱਚ ਸਥਿਤ ਹੋਕੇ ਵਾਧਾ ਪਾਂਦੇ ਹਨ । ਉਹ ਜੀਵ ਆਪਣੇ ਪਿਛਲੇ ਕਰਮਾ ਤੋਂ ਪ੍ਰੇਰਿਤ ਹੋ ਕੇ ਇਥੇ ਜਨਮਦੇ ਹਨ । ਅਨੇਕਾਂ ਪ੍ਰਕਾਰ ਦੀ ਜਾਤ ਵਾਲ ਪਾਣੀ ਵਿੱਚ ਇਹ ਜੀਵ ਦਰੱਖਤ ਰੂਪ ਵਿੱਚ ਜਨਮਦੇ ਹਨ। ਉਹ ਜੀਵ ਭਿੰਨ ਭਿੰਨ ਪ੍ਰਕਾਰ ਦੀ ਜਾਤ ਵਾਲੇ ਪਾਣੀ ਦੇ ਸਨੇਹ (ਰਸ) ਤੋਂ ਭੋਜਨ ਗ੍ਰਹਿਣ ਕਰਦੇ ਹਨ ਇਹ ਜੀਵ ਪ੍ਰਿਥਵੀ, ਪਾਣੀ, ਅੱਗ, ਹਵਾ ਤੇ ਬਨਸਪਤਿ ਦੇ ਸ਼ਰੀਰ ਦਾ ਵੀ ਅਹਾਰ ਕਰਦੇ ਹਨ। ਇਨ੍ਹਾਂ ਜਲ ਯੋਨਿਕ ਦਰੱਖਤਾਂ ਦੇ ਹੋਰ ਸ਼ਰੀਰ ਵੀ ਹੁੰਦੇ ਹਨ। ਜੋ ਭਿੰਨ ਭਿੰਨ ਵਰਨ, ਗੰਧ, ਰਸ, ਸਪਰਸ਼ ਤੇ ਅਕਾਰਵਾਲੇ ਹੁੰਦੇ ਹਨ । ਜਿਵੇਂ ਪ੍ਰਿਥਵੀ ਯੋਨਿਕ ਦਰਖਤਾਂ ਦੇ ਚਾਰ ਭੇਦ ਦਸੇ ਹਨ ਉਸੇ ਤਰਾਂ ਅਧਿਆਰੂਹ, ਦਰੱਖਤ, ਤ੍ਰਿਣ ਤੇ ਹਰਿਤ ਦੇ ਚਾਰ ਅਲਾਪਕ ਆਖੇ ਗਏ ਹਨ।

---

ਟਿਪਣੀ 51-53 :— ਇਨ੍ਹਾਂ ਤਿੰਨ ਸੂਤਰਾਂ ਵਿਚ ਤ੍ਰਿਣ ਰੂਪ (ਘਾਹ), ਔਸ਼ਧਿ (ਦਵਾਈ) ਰੂਪ ਹਰਿਤ (ਹਰਿਆਲੀ) ਵਾਲੀ ਬਨਸਪਤਿਆਂ ਦੀ ਉਤਪਤਿ, ਸਥਿਤੀ, ਵਾਧਾ, ਰਚਨਾ ਤੇ ਭੋਜਨ ਦਾ ਵਰਨਣ ਪਹਿਲਾਂ ਦਾ ਤਰਾਂ ਹੈ।

ਸ਼੍ਰੀ ਤੀਰਥੰਕਰ ਦੇਵ ਨੇ ਬਨਸਪਤਿ ਦੇ ਹੋਰ ਵੀ ਭੇਦ ਦੱਸੇ ਹਨ ਇਸ ਸੰਸਾਰ ਵਿੱਚ ਕਈ ਜੀਵ ਪਾਣੀ ਤੋਂ ਉਤਪੰਨ ਹੁੰਦੇ ਹਨ, ਪਾਣੀ ਵਿੱਚ ਹੀ ਸਥਿਤ ਹੁੰਦੇ ਹਨ ਪਾਣੀ ਵਿੱਚ ਹੀ ਵਾਧਾ ਪਾਂਦੇ ਹਨ। ਉਹ ਜੀਵ ਆਪਣੇ ਪਿਛਲੇ ਕੀਤੇ ਕਰਮਾ ਤੋਂ ਪ੍ਰੇਰਿਤ ਹੋਕੇ ਬਨਸਪਤਿ ਕਾਈਆਂ ਵਿੱਚ ਆਂਦੇ ਹਨ। ਉਥੇ ਅਨੇਕਾਂ ਪ੍ਰਕਾਰ ਦੀ ਜਾਤੀ ਦੇ ਪਾਣੀ ਵਿੱਚ ਉਦਕ, ਅਵਕ, ਪਨਕ, ਸ਼ੇਵਾਲਾ, ਕਲਪਵਕ. ਹੜ, ਕਸੇਰੁਕ, ਕੱਛਭਾਣੀ ਤਕ, ਉਤਪਲ, ਪਦਮ, ਕੁਮਦ, ਨਲਿਨ, ਸੁਭਗ, ਸੋਗੰਧਿਕ, ਪੁੰਡਰਿਕ, ਮਹਾ ਪੁੰਡਰਿਕ, ਸ਼ਤਪਤਰ ਸਹਸੱਤਰਪਤਰ, ਕਲਾਹਾਰ, ਕੋਕਨੰਦ, ਅਰਵਿੰਦ, ਤਾਮਰਸ, ਵਿਸ ਮਰਿਨਾਲ, ਪੁਸ਼ਕਰ ਤੇ ਪੁਸ਼ਰਾਕਸ (ਪਾਣੀ ਦੀ ਬਨਸਪਤਿ ਦੇ ਰੂਪ) ਵਿੱਚ ਉਤਪੰਨ ਹੁੰਦੇ ਹਨ। ਇਹ ਜੀਵ ਭਿੰਨ ਭਿੰਨ ਪ੍ਰਕਾਰ ਦੇ ਪ੍ਰਾਣੀ ਦੀ ਸਨੇਹ ਤੋਂ ਭੋਜਨ ਗ੍ਰਹਿਣ ਕਰਦੇ ਹਨ ਅਤੇ ਉਹ ਪ੍ਰਿਥਵੀ ਆਦਿ ਸ਼ਰੀਰ ਦਾ ਭੋਜਨ ਕਰਦੇ ਹਨ। ਇਨ੍ਹਾਂ ਜਲ ਯੋਨਿਕ ਉਦਕ (ਕਾਈਆਂ) ਤੋਂ ਲੈਕੇ ਪੁਸ਼ਕਰਾਕਸ ਭਾਗ ਤੱਕ, ਜੋ ਬਨਸਪਤਿ ਕਾਇਆ ਜੀਵ ਦੇ ਜੋ ਭੇਦ ਆਖੇ ਹਨ, ਉਨ੍ਹਾਂ ਭਿੰਨ ਭਿੰਨ ਵਰਨ, ਗੰਧ, ਰਸ, ਸਪਰਸ਼ ਰਚਨਾ ਤੋਂ ਯੁਕਤ ਦੂਸਰੇ ਸ਼ਰੀਰ ਵੀ ਹੁੰਦੇ ਹਨ ਪਰ ਇਨ੍ਹਾਂ ਦਾ ਅਲਾਪਕ ਇਕ ਹੈ।54

ਸ਼੍ਰੀ ਤੀਰਥੰਕਰ ਦੇਵ ਨੇ ਬਨਸਪਤਿ ਕਾਇਆ ਦੇ ਹੋਰ ਵੀ ਭੇਦ ਦੱਸੇ ਹਨ ਇਸ ਸੰਸਾਰ ਵਿਚ ਕੋਈ ਜੀਵ ਉਨ੍ਹਾਂ ਪ੍ਰਿਥਵੀ ਯੋਨਿਕ ਦਰੱਖਤਾਂ ਵਿਚ ਬਰਿਕਸ਼ ਯੋਨਿਕ ਦਰੱਖਤਾਂ ਵਿਚ, ਬਰਿਕਸ਼ ਯੋਨਿਕ ਮੂਲ ਤੋਂ ਲੈਕੇ ਬੀਜ ਤਕ ਦੇ ਭਾਗਾਂ ਵਿਚ, ਬਰਿਕਸ਼ ਯੋਨਿਕ ਅਧਿਆਰੁਹ ਦਰੱਖਤਾਂ ਵਿਚ, ਅਧਿਆਰੁਹ ਯੋਨਿਕ ਮੂਲ ਤੋਂ ਲੇਕ ਬੀਜ ਤਕ ਭਾਗਾਂ ਵਿੱਚ, ਪ੍ਰਿਥਵੀ ਯੋਨਿਕ ਤ੍ਰਿਣਾ ਵਿਚ ਤ੍ਰਿਣ ਯੋਨਿਕ ਤ੍ਰਿਣਾਂ (ਘਾਹਾਂ) ਵਿਚ), ਤ੍ਰਿਣ ਯੋਨਿਕ ਮੂਲ ਤੋਂ ਲੈਕੇ ਬੀਜ ਤਰ ਭਾਗਾਂ ਵਿਚ ਇਸੇ ਤਰਾਂ ਔਸ਼ਧਿ ਤੇ ਰਹਿਤ

---

ਬਨਸਪਤਿ ਕਾਈਆਂ ਦੇ ਜੀਵ ਪ੍ਰਤੇਕ ਤੇ ਸਧਾਰਣ ਦੇ ਭੇਦ ਪਖੋਂ 24 ਲੱਖ ਯੋਨੀ ਦੇ ਰੂਪ ਦੀ ਕਿਸਮਾਂ ਵਾਲੇ ਹਨ। ਇਥੇ ਖਾਲੀ ਇਸ਼ਾਰਾ ਹੈ। ਸਾਰੇ ਬਨਸਪਤਿ ਕਾਇਆ ਦੇ ਜੀਵ ਪ੍ਰਿਥਵੀ ਦੇ ਸਨੇਹ (ਰਸ) ਤੋਂ ਭੋਜਨ ਪ੍ਰਾਪਤ ਕਰਦੇ ਹਨ। ਸਾਰੇ ਬਨਸਪਤਿ ਕਾਈਆਂ ਦੇ ਜੀਵ ਆਪਣੇ ਕਰਮ ਅਨੁਸਾਰ ਭਿੰਨ ਭਿੰਨ ਗਤਿਆਂ ਵਿਚ ਗਮਨ ਕਰਦੇ ਹਨ।

ਔਸਧੀ ਬਨਸਪਤਿ ਦੇ ਚਾਰ ਅਲਾਪਕ ਇਸ ਪ੍ਰਕਾਰ ਹਨ :—

(1) ਪ੍ਰਿਥਵੀ ਯੋਨਿਕ ਔਸਧੀ (2) ਔਸ਼ਧੀ ਯੋਨਿਕ ਔਸ਼ਧੀ (3) ਔਸ਼ਧੀ ਯੋਨਿਕ ਅਧਿਆਰੁਹ ਅਤੇ (4) ਅਧਿਆਰੁਹ ਯੋਨਿਕ ਅਧਿਆਰੁਹ।

ਇਸੇ ਤਰਾਂ ਹਰਿਤ ਕਾਇਆ ਦੇ ਚਾਰ ਅਲਾਪਕ ਹਨ

(1) ਪ੍ਰਿਥਵੀ ਯੋਨਿਕ ਹਰਿਤ (2) ਹਰਿਤ ਯੋਨਿਕ ਹਰਿਤ (3) ਹਰਿਤ ਯੋਨਿਕ ਅਧਿਆਰੁਹ (4) ਅਧਿਆਰੁਹ ਅਧਿਆਰੁਹ

ਸਬੰਧੀ ਤਿੰਨ ਬੋਲ ਆਖਣੇ ਚਾਹੀਦੇ ਹਨ। (ਜਿਵੇਂ ਪ੍ਰਿਥਵੀ ਯੋਨਿਕ ਸਬੰਧ ਆਖੇ ਹਨ) ਪ੍ਰਿਥਵੀ ਯੋਨਿਕ ਆਰੀਆ ਤੋਂ ਲੈਕੇ ਕੂਰੁ ਦਰੱਖਤਾ ਸਬੰਧੀ ਉਦੇਯੋਨਿਕ ਦਰੱਖਤਾਂ ਬਾਰੇ, ਬਰਿਕਸ਼ਯੋਨਿਕ ਦਰੱਖਤਾਂ ਬਾਰੇ, ਬਰਿਕਸ਼ਯੋਨਿਕ ਮੂਲ ਤੋਂ ਲੈਕੇ ਬੀਜ ਬਾਰੇ ਅਧਿਆਰੁਹ ਬਾਰੇ, ਤ੍ਰਿਣਾ ਵਿਚ, ਔਸ਼ਧਿ ਬਾਰੇ ਹਰਿਤ ਤਿੰਨ ਤਿੰਨ ਬੋਲ ਆਖਣੇ ਚਾਹਿਦੇ ਹਨ। ਉਦੇਯੋਨਿਕ ਉਦਕ, ਅਵਕ ਪੁਸ਼ਕਰਾਕਸ਼ ਭਾਗਾਂ ਵਿਚ ਤਰੱਸ ਪ੍ਰਾਣੀ ਦੇ ਰੂਪ ਵਿਚ ਉਤਪਨ ਹੁੰਦੇ ਹਨ ਉਹ ਜੀਵ ਪ੍ਰਿਥਵੀ ਯੋਨਿਕ ਦਰੱਖਤਾਂ ਦੇ, ਜਲਯੋਨਿਕ ਦਰੱਖਤਾਂ ਦੇ, ਬਰਿਕਸ਼ ਯੋਨਿਕ ਦਰੱਖਤਾਂ ਦੇ, ਅਧਿਆਰੁਹ ਯੋਨਿਕ ਦਰੱਖਤਾਂ ਦੇ, ਤ੍ਰਿਣ ਯੋਨਿਕ, ਔਸੁਧੀਯੋਨਿਕ, ਹਰਿਤ ਯੋਨਿਕ ਦਰੱਖਤਾਂ ਦੇ ਅਤੇ ਦਰੱਖਤ ਅਧਿਆਰੁਹ, ਤ੍ਰਿਣ, ਔਸ਼ਧਿ, ਹਰਿਤ, ਮੂਲ ਤੋਂ ਲੈਕੇ ਬੀਜ ਤਕ ਅਤੇ ਆਏ ਬਰਿਕਸ਼, ਕਾਏ ਬਰਿਕਸ਼ ਤੋਂ ਲੈਕੇ ਕੁਰ ਬਰਿਕਸ਼ ਉਦਕ, ਅਵਕ ਤੋਂ ਲੈਕੇ ਪੁਸਕਰਾਕਸ ਦਰਖਤਾਂ ਦੇ ਉਤਪੰਨ ਸਨੇਹ ਦਾ ਭੋਜਨ ਕਰਦੇ ਹਨ। ਉਨ੍ਹਾਂ ਦਰਖਤਾਂ ਵਿਚ ਅਧਿਆਰੁਹ ਵਿਚ ਉਤਪੰਨ, ਤ੍ਰਿਣਾਂ ਵਿਚ ਉਤਪੰਨ, ਔਸ਼ਧਿਆਂ ਵਿਚ ਉਤਪੰਨ, ਹਰਿਤ ਵਿਚ ਉਤਪੰਨ, ਮੂਲ ਕੰਦ ਤੋਂ ਲੈਕੇ ਬੀਜ ਵਿਚ ਉਤਪੰਨ, ਅਰਿਆ ਬਰਿਕਸ਼ ਵਿਚ ਉਤਪੰਨ, ਪੁਸਰਾਕਸ ਤੋਂ ਉਤਪੰਨ ਤਰੱਸ ਪ੍ਰਾਣੀਆਂ ਦੇ ਭਿੰਨ ਭਿੰਨ ਵਰਨ, ਗੰਧ, ਰਸ਼ ਤੇ ਸਪਰਸ਼ ਅਕਾਰ ਪ੍ਰਕਾਰ ਦੂਸਰੇ ਸ਼ਰੀਰ ਹੁੰਦੇ ਹਨ।55

ਇਸ ਤੋਂ ਬਾਅਦ ਤੀਰਥੰਕਰ ਦੇਵ ਨੇ ਅਨੇਕ ਪ੍ਰਕਾਰ ਦੇ ਮਨੁੱਖ ਦੱਸੇ ਹਨ। ਜਿਵੇਂ ਕਈ ਮਨੁੱਖ ਕਰਮ ਭੂਮੀ ਵਿੱਚ ਪੈਦਾ ਹੁੰਦੇ ਹਨ ਕਈ ਅਕਰਮ ਭੂਮੀ ਅਤੇ ਕਈ ਅੰਤਰਦੀਪ ਵਿੱਚ ਪੈਦਾ ਹੁੰਦੇ ਹਨ ਕਈ ਆਰਿਆ ਹੁੰਦੇ ਹਨ, ਕਈ ਮਲੇਛ ਹੁੰਦੇ ਹਨ।

ਉਨ੍ਹਾਂ ਜੀਵਾਂ ਦੀ ਆਪਣੇ ਆਪਣੇ ਬੀਜ ਤੇ ਆਪਣੇ ਅਵਕਾਸ਼ ਅਨੁਸਾਰ ਉਤਪਤਿ ਹੁੰਦੀ ਹੈ। ਉਸ ਉਤਪਤਿ ਦੇ ਕਾਰਣ ਹੀ ਇਸਤਰੀ ਪੁਰਸ਼ ਦਾ ਪੂਰਵ ਕਰਮ ਸੰਬਧ ਦੇ ਰੂਪ ਵਿੱਚ ਯੋਨੀ ਤੇ ਮੈਥੁਨ ਦਾ ਸਹਿਯੋਗ ਹੁੰਦਾ ਹੈ। ਇਸ ਸਹਿਯੋਗ ਤੋਂ ਉਤਪੰਨ ਹੋਣ ਵਾਲੇ ਜੀਵ (ਤੇਜਸ ਤੇ ਕਾਰਮਨ ਸ਼ਰੀਰ) ਰਾਹੀਂ ਦੋਹਾਂ ਇਸਤਰੀ-ਪੁਰਸ ਦੇ (ਚਿਕਨਾਹਟ) ਤੋਂ ਭੋਜਨ ਗ੍ਰਹਿਣ ਕਰਦੇ ਹਨ। ਉਹ ਜੀਵ ਉਥੇ ਇਸਤਰੀ ਰੂਪ, ਪੁਰਸ਼ ਰੂਪ ਤੇ ਨਪੁੰਸਕ ਰੂਪ ਵਿੱਚ ਉਤਪੰਨ ਹੁੰਦੇ ਹਨ।

ਮਾਤਾ ਦਾ ਰਜ ਤੇ ਪਿਤਾ ਵੀਰਜ, ਜੋ ਆਪਸੀ ਮੇਲ ਕਾਰਣ ਮਲਿਨ ਤੇ ਘ੍ਰਿਣਾ ਯੋਗ ਹੁੰਦਾ ਹੈ ਸਭ ਤੋਂ ਪਹਿਲਾਂ ਇਹੋ ਜੀਵਾਂ ਦਾ ਭੋਜਨ ਹੁੰਦਾ ਹੈ। ਇਸ ਤੋਂ ਬਾਅਦ ਮਾਂ ਜਿਹੜੇ ਅਨੇਕਾਂ ਪ੍ਰਕਾਰ ਦੇ ਸਰਸ ਵਸਤੂਆਂ ਦਾ ਭੋਜਨ ਕਰਦੀ ਹੈ ਉਹ ਜੀਵ ਉਸ ਭੋਜਨ ਦੇ ਅੰਸ ਦਾ ਓਜ ਭੋਜਨ ਕਰਦੇ ਹਨ। ਫੇਰ ਵਧ ਕੇ, ਫੁਲਕੇ ਤੇ ਪੂਰਨਤਾ ਪਾਂਦੇ ਉਹ ਜੀਵ ਮਾਤਾ ਦੇ ਸ਼ਰੀਰ ਤੋਂ ਨਿਕਲਦੇ ਹੋਏ ਕੋਈ ਇਸਤਰੀ ਰੂਪ ਕੋਈ ਪੁਰਸ਼ ਰੂਪ ਤੇ ਕੋਈ ਨਪੁਸ਼ਕ ਰੂਪ ਵਿੱਚ ਪੈਦਾ ਹੁੰਦੇ ਹਨ। ਉਹ ਜੀਵ ਬਾਲਕ ਬਣ ਕੇ ਮਾਤਾ ਦੇ

ਦੁੱਧ ਤੇ ਘੀ ਦਾ ਭੋਜਨ ਕਰਦੇ ਹਨ ਫੇਰ ਵਧਦੇ ਫੁਲਦੇ ਉਹ ਜੀਵ ਚੱਲ ਕੁਲਮਾਸ ਤੇ ਤਰੱਸ ਸਥਾਵਰ ਜੀਵਾਂ ਦਾ ਭੋਜਨ ਕਰਦੇ ਹਨ। ਉਹ ਜੀਵ ਪ੍ਰਿਥਵੀ ਆਦਿ ਕਾਇਆ ਦਾ ਭੋਜਨ ਕਰਕੇ ਉਨ੍ਹਾਂ ਨੂੰ ਆਪਣੇ ਮੁਤਾਬਿਕ ਬਨਾ ਲੈਂਦੇ ਹਨ।

ਇਨ੍ਹਾਂ ਕਰਮ ਭੂਮੀ, ਅਕਰਮ ਭੂਮੀ, ਅੰਤਰ ਦੀਪ, ਆਰਿਆ ਤੇ ਮਲੇਛ ਪੁਰਸਾਂ ਦੇ ਸ਼ਰੀਰ ਭਿੰਨ ਭਿੰਨ ਰੰਗਾ ਵਾਲੇ ਹੁੰਦੇ ਹਨ ਅਜਿਹਾ ਤੀਰਥੰਕਰਾ ਨੇ ਕਿਹਾ ਹੈ।56

ਇਸ ਤੋਂ ਬਾਅਦ ਸ੍ਰੀ ਤੀਰਥੰਕਰ ਨੇ ਅਨੇਕ ਪ੍ਰਕਾਰ ਦੇ ਪੰਜ ਇੰਦਰੀਆਂ ਵਾਲੇ ਜਲਚਰ ਵਿਚ ਰਹਿਣ ਵਾਲੇ ਤਰਿਯੰਚ (ਪਸ਼ੂ ਯੋਨੀ) ਦੇ ਜੀਵਾਂ ਦਾ ਵਰਨਣ ਇਸ ਪ੍ਰਕਾਰ ਕੀਤਾ ਹੈ। ਮੱਛੀ ਤੋਂ ਲੈ ਕੇ ਸੁਸਮਾਰ ਤਕ ਦੇ ਜੀਵ ਪੰਜਇੰਦਰੀਆਂ ਵਾਲੇ ਜੀਵ ਜਲਚਰ ਤਰਿਯੰਚ ਹਨ। ਇਹ ਜੀਵ ਅਪਣੇ ਬੀਜ ਤੇ ਅਵਕਾਸ਼ (ਸਥਾਨ)ਅਨੁਸਾਰ ਇਸਤਰੀ ਪੁਰਸ਼ ਦੇ ਸੰਭੋਗ ਹੋਣ ਤੇ ਆਪਣੇ ਪੂਰਵ ਨਿਸ਼ਚਿਤ ਕਰਮ ਅਨੁਸਾਰ ਗਰਭ ਵਿਚ ਉਤਪੰਨ ਹੁੰਦੇ ਹਨ। ਫੇਰ ਉਹ ਜੀਵ ਗਰਭ ਵਿਚ ਆ ਕੇ ਮਾਂ ਦੇ ਭੋਜਨ ਦਾ ਇਕ ਅੰਸ਼ ਦਾ ਔਜ ਭੋਜਨ ਗ੍ਰਹਿਣ ਕਰਦੇ ਹਨ। ਫੇਰ ਇਸੇ ਤਰ੍ਹਾਂ ਗਰਭ ਅਵਸਥਾ ਪੂਰੀ ਕਰਕੇ ਬਾਹਰ ਆਕੇ ਕੋਈ ਆਂਡੇ ਦੇ ਰੂਪ ਵਿਚ, ਕੋਈ ਪੋਤਜ ਦੇ ਰੂਪ ਵਿਚ ਜਨਮਦੇ ਹਨ। ਇਹ ਅੰਡਾ ਫੁਟ ਜਾਂਦਾ ਹੈ। ਉਹ ਜਲਚਰ ਜੀਵ ਬਾਲਅਵਸਥਾ ਵਿਚ ਵਿਚ ਜਲ ਦੇ ਸਨੇਹ ਦਾ ਭੋਜਨ ਕਰਦੇ ਹਨ ਫੇਰ ਬੜੇ ਹੋ ਕੇ ਉਹ ਜੀਵ ਬਨਸਪਤਿ ਕਾਇਆ ਦਾ ਤੇ ਹੋਰ ਤਰਸ-ਸਥਾਵਰ ਜੀਵਾਂ ਦਾ ਭੋਜਨ ਕਰਦੇ ਹਨ। ਇਹ ਜੀਵ ਪ੍ਰਿਥਵੀ ਆਦਿ ਦੇ ਸ਼ਰੀਰ ਦਾ ਵੀ ਭੋਜਨ ਕਰਦੇ ਹਨ। ਇਹ

---

ਟਿਪਣੀ 56 :— 1) ਇਕ ਖੁਰ ਵਾਲੇ ਜੀਵ—ਘੋੜਾ, ਗਧਾ ਆਦਿ
ਦੋ ਖੁਰ ਵਾਲੇ ਜੀਵ—ਗਾਂ, ਮੱਝ ਆਦਿ
ਨੱਖਯੁਕਤ—ਹਾਥੀ. ਗੇਂਡਾ ਆਦਿ ਪੰਜੇ ਇੰਦਰੀਆਂ ਵਾਲੇ ਜੀਵ ਹਨ
ਇਨ੍ਹਾਂ ਦਾ ਵਰਨਣ ਮਨੁੱਖਾਂ ਦੀ ਤਰਾਂ ਹੈ।

2) ਆਂਡੇ ਤੋਂ ਪੈਦਾ ਹੋਣ ਵਾਲੇ ਜੀਵ ਪਹਿਲਾਂ ਹਵਾ ਦਾ ਭੋਜਨ ਕਰਦੇ ਹਨ ਫੇਰ ਵੱਡੇ ਹੋਕੇ ਪ੍ਰਿਥਵੀ ਤੋਂ ਲੈਕੇ ਬਨਸਪਤਿ ਕਾਇਆ, ਤਰੱਸ ਤੇ ਸਥਾਵਰ ਜੀਵਾਂ ਦਾ ਭੋਜਨ ਕਰਦੇ ਹਨ। ਇਨ੍ਹਾਂ ਵਿਚ ਸਰਪ ਅਜਗਰ ਦਾ ਵਰਨਣ ਹੈ ਜੋ ਛਾਤੀ ਦੇ ਬਲ ਨਾਲ ਸਿਰਕੇ ਚਲਦੇ ਹਨ।

3) ਚਰਮਕੀਟ, ਬਗੁਲੀ ਚਰਮਪਛੀ ਹੈ, ਰਾਜਹੰਸ, ਸਾਰਸ, ਬਗੁਲਾ, ਕੌਂ ਰੋਮਪੰਛੀ ਹੈ। ਢਾਈ ਦੀਪ ਤੋਂ ਬਾਹਰ ਦੇ ਪੰਛੀ ਸਮਦ ਪੰਛੀ ਅਤੇ ਵਿਤੱਤ ਪੰਛੀ ਅਖਵਾਉਂਦੇ ਹਨ। ਮਾਦਾ ਆਪਣੇ ਅੰਡੇ ਨੂੰ ਢਕ ਕੇ ਬੈਠਦੀ ਹੈ। ਗਰਭ ਤੋਂ ਬਾਅਦ ਬੱਚਾ ਬਾਹਰ ਹੁੰਦਾ ਹੈ। ਬਾਅਦ ਇਹ ਜੀਵ ਮਾਂ ਰਾਹੀਂ ਦਿਤਾ ਭੋਜਨ ਗ੍ਰਹਿਣ ਕਰਦੇ ਹਨ।

ਜੀਵ ਪ੍ਰਿਥਵੀ ਆਦਿ ਦੇ ਸ਼ਰੀਰ ਦਾ ਵੀ ਭੋਜਨ ਕਰਦੇ ਹਨ। ਇਸ ਨੂੰ ਪਚਾ ਕੇ ਅਪਣੇ ਸ਼ਰੀਰ ਵਿਚ ਮਿਲਾ ਲੈਂਦੇ ਹਨ। ਇਨ੍ਹਾਂ ਭਿੰਨ ਭਿੰਨ ਪ੍ਰਕਾਰ ਦੇ ਜਲਚਰ ਪੰਜ ਇੰਦਰੀਆਂ ਤਰਿਅੰਚ ਮਛਲੀ, ਮਗਰਮੱਛ, ਕਛ, ਗ੍ਰਾਹ, ਘੜਿਆਲ ਸ਼ਸੂਮਾਰ ਤਕ ਦੇ ਜੀਵਾਂ ਦੇ ਦੂਸਰੇ ਅਨੇਕਾਂ ਸ਼ਰੀਰ ਹੁੰਦੇ ਹਨ। ਜੋ ਭਿੰਨ ਭਿੰਨ ਰੰਗਾਂ ਦੇ ਹੁੰਦੇ ਹਨ। ਅਜੇਹਾ ਤੀਰਥੰਕਰਾਂ ਨੇ ਕਿਹਾ ਹੈ। ਇਸ ਤੋਂ ਬਾਅਦ ਤੀਰਥੰਕਰਾਂ ਨੇ ਅਨੇਕਾਂ ਪ੍ਰਕਾਰ ਦੇ ਜਮੀਨ ਤੇ ਚਲਣ ਵਾਲੇ ਚਾਰ ਪੈਰਾਂ ਵਾਲੇ ਜਾਨਵਰਾਂ ਬਾਰੇ ਫੁਰਮਾਇਆ ਹੈ। ਸਥਲਚਰ ਪਸ਼ੂ ਕਈ ਇਕ ਖੁਰ ਵਾਲੇ, ਹਾਥੀ ਆਦਿ ਤੇ ਨੋਂਹ (ਪੰਜੇ) ਵਾਲੇ ਹੁੰਦੇ ਹਨ। ਇਹ ਜੀਵ ਅਪਣੇ ਅਪਣੇ ਬੀਜ ਤੇ ਅਵਕਾਸ਼ ਅਨੁਸਾਰ ਪੈਦਾ ਹੁੰਦੇ ਹਨ। ਇਨਾਂ ਵਿਚ ਵੀ ਇਸਤਰੀ ਪੁਰਸ਼ ਦਾ ਆਪਸੀ ਸੰਭੋਗ ਪਹਿਲੇ ਕਰਮ ਅਨੁਸਾਰ ਹੈ। ਉਹ ਮੈਥੁਨ ਸੰਜੋਗ ਦੇ ਹੋਣ ਤੇ ਚਾਰ ਪੈਰਾਂ ਵਾਲੇ ਜੀਵ ਗਰਭ ਵਿਚ ਆਂਦੇ ਹਨ। ਉਹ ਮਾਤਾ ਤੇ ਪਿਤਾ ਦੇ ਸਨੇਹ ਰਾਹੀਂ ਪਹਿਲਾਂ ਭੋਜਨ ਗ੍ਰਹਿਣ ਕਰਦੇ ਹਨ। ਇਹ ਜੀਵ, ਇਸਤਰੀ, ਪੁਰਸ਼, ਤੇ ਨਪੁੰਸਕ ਹੁੰਦੇ ਹਨ ਇਹ ਜੀਵ ਗਰਭ ਵਿਚ ਮਾਤਾ ਦੇ ਆਰਤਵ (ਰਜ) ਤੇ ਪਿਤਾ ਦੇ ਸ਼ਕਰ ਦਾ ਭੋਜਨ ਵੀ ਗ੍ਰਹਿਣ ਕਰਦੇ ਹਨ। ਬਾਕੀ ਗੱਲਾ ਮਨੁਖਾਂ ਦੀ ਤਰਾਂ ਸਮਾਨ ਹਨ। ਇਨਾਂ ਵਿਚ ਕਈ ਇਸਤਰੀ, ਕਈ ਇਸਤਰੀ ਪੁਰਸ਼ ਤੇ ਨਪੁੰਸਕ ਰੂਪ ਵਿਚ ਜਨਮ ਲੈਂਦੇ ਹਨ। ਇਹ ਜੀਵ ਬਾਲਪੁਨੇ ਵਿਚ ਮਾਂ ਦੀ ਛਾਤੀ ਦੇ ਦੁਧ ਦੇ ਘੀ ਦਾ ਭੋਜਨ ਕਰਦੇ ਹਨ। ਫੇਰ ਬੜੇ ਹੋ ਕੇ ਬਨਾਸਪਤਿ ਕਾਈਆਂ ਤੇ ਹੋਰ ਤੇਰਸ ਸਥਾਵਰ ਪ੍ਰਾਣੀਆਂ ਦਾ ਭੋਜਨ ਕਰਦੇ ਹਨ। ਇਹ ਜੀਵ ਪ੍ਰਿਥਵੀ ਆਦਿ ਕਾਈਆਂ ਦਾ ਭੋਜਨ ਕਰਦੇ ਹਨ। ਭੋਜਨ ਕੀਤੇ ਪਦਾਰਥ ਨੂੰ ਪਚਾ ਕੇ ਆਪਣੇ ਸ਼ਰੀਰ ਦੇ ਰੂਪ ਵਿਚ ਬਦਲਦੇ ਹਨ। ਉਨਾਂ ਅਨੇਕਾਂ ਪ੍ਰਕਾਰ ਦੇ ਚਾਰ ਪੈਰਾਂ ਵਾਲੇ ਸਥੱਲਚਰ ਪੰਜ ਇੰਦਰੀਆਂ ਵਾਲੇ ਤਰਿਅੰਚ ਯੋਨੀ ਜੀਵਾਂ ਦੇ ਭਿੰਨ ਭਿੰਨ ਰੰਗ, ਗੰਧ, ਰਸ, ਸਪਰਸ਼ ਅਕਾਰ, ਰਚਨਾ ਤੋਂ ਹੋਰ ਅਨੇਕ ਸ਼ਰੀਰ ਹੁੰਦੇ ਹਨ ਅਜਿਹਾ ਤੀਰਥੰਕਰ ਦੇਵ ਨੇ ਕਿਹਾ ਹੈ।

ਇਸ ਤੋਂ ਬਾਅਦ ਤਾਰਥੰਕਰਾਂ ਨੇ ਅਨੇਕਾਂ ਕਿਸਮ ਦੇ ਪੰਚਇੰਦਰੀ ਤਰਿਅੰਚ ਪ੍ਰਾਣੀ ਜੋ ਛਾਤੀ ਦੇ ਸਹਾਰੇ ਸਿਰਕਦੇ ਚਲਦੇ ਹਨ ਉਨਾਂ ਦਾ ਵਰਨਣ ਕੀਤਾ ਹੈ, ਜਿਵੇਂ ਸੱਪ, ਅਜਗਰ, ਆਸ਼ਲਿਕ ਅਤੇ ਬੜੇ ਸੱਪ, ਉਰ ਪਰਿਸਰਪ, ਸਥਲਚਰ ਪੰਚੇਇੰਦਰੀਆਂ ਤਰਿਅੰਚ ਜੀਵ ਹਨ। ਇਹ ਪ੍ਰਾਣੀ ਵੀ ਆਪਣੇ ਉਤਪਤਿਯੋਗ ਬੀਜ ਤੇ ਅਵਕਾਸ਼ ਰਾਂਹੀਂ ਉਤਪੰਨ ਹੁੰਦੇ ਹਨ। ਇਨ੍ਹਾਂ ਪ੍ਰਾਣੀ ਵਿਚ ਵੀ ਇਸਤਰੀ ਪੁਰਸ਼ ਦਾ ਆਪਸੀ ਮੈਥੁਨ ਸੰਭੋਗ ਹੁੰਦਾ ਹੈ। ਉਸੇ ਸੰਭੋਗ ਹੋਣ ਤੇ ਕਰਮ ਪ੍ਰੇਰਣਾ ਸਦਕਾ ਕਰਮ ਅਨੁਸਾਰ ਆਪਣੀ ਆਪਣੀ ਨੀਅਤ ਯੋਨੀ ਵਿਚ ਪੈਦਾ ਹੁੰਦੇ ਹਨ। (ਬਾਕੀ ਗੱਲਾਂ ਪਹਿਲਾਂ ਆਖੀਆਂ ਜਾ ਚੁਕੀਆਂ ਹਨ।)

ਇਨਾਂ ਵਿਚ ਕਈ ਅੰਡੇ ਦਿੰਦੇ ਹਨ। ਇਨਾਂ ਦਾ ਅੰਡਾ ਫੁਟਨ ਤੇ ਕੋਈ ਜੀਵ

ਇਸਤਰੀ ਨੂੰ ਪੈਦਾ ਕਰਦਾ ਹੈ, ਕੋਈ ਪੁਰਸ਼ ਜਾਂ ਨਪੁੰਸਕ ਨੂੰ ਜਨਮ ਦਿੰਦਾ ਹੈ, ਇਹ ਜੀਵ ਬਚਪਨ ਵਿਚ ਵਾਯੂਕਾਇਆ (ਹਵਾ) ਦਾ ਭੋਜਨ ਕਰਦੇ ਹਨ। ਫੇਰ ਬੜੇ ਹੋ ਕੇ ਉਹ ਬਨਸਪਤਿ, ਹੋਰ ਤਰਸ ਤੇ ਸਥਾਵਰ ਜੀਵਾਂ ਦਾ ਭੋਜਨ ਕਰਦੇ ਹਨ ਇਹ ਜੀਵ ਪ੍ਰਿਥਵੀ ਕਾਈਆਂ ਦੇ ਜੀਵਾਂ ਦਾ ਭੋਜਨ ਵੀ ਕਰਦੇ ਹਨ ਉਸ ਨੂੰ ਪਚਾ ਕੇ ਅਪਣੇ ਸ਼ਰੀਰ ਅਨੁਸਾਰ ਢਾਲ ਲੈਂਦੇ ਹਨ। ਉਨਾਂ ਉਹ ਪਰਿਸਰਪ ਸਥਲਚਰ ਪੰਚਇੰਦਰੀਆਂ ਤਰਿਯੰਚ ਦੇ ਦੇ ਅਨੇਕਾਂ ਵਰਨ, ਗੰਧ, ਰਸ, ਸਪਰਸ਼, ਅਕਾਰ-ਪ੍ਰਕਾਰ, ਢਾਂਚੇ ਤੇ ਹੋਰ ਵੀ ਸਰੀਰ ਆਖੇ ਗਏ ਹਨ। ਅਜਿਹਾ ਤੀਰਥੰਕਰ ਦੇਵ ਨੇ ਕਿਹਾ ਹੈ।

ਇਸ ਤੋਂ ਬਾਅਦ ਅਨੇਕਾਂ ਪ੍ਰਕਾਰ ਦੇ ਬਾਹਾਂ ਦੇ ਸਹਾਰੇ ਜਮੀਨ ਤੇ ਚਲਣ ਵਾਲੇ ਭੁਜਪਰਿਸਰਪ ਆਦਿ ਪੰਚ ਇੰਦਰੀ ਤਰਿਯੰਚ ਹਨ ਉਨਾਂ ਬਾਰੇ ਤੀਰਥੰਕਰਾਂ ਨੇ ਪਹਿਲੇ ਆਖਿਆ ਹੈ। ਭੁਜਾ ਦੇ ਸਹਾਰੇ ਜਮੀਨ ਤੇ ਚਲਣ ਵਾਲੇ ਗੋਹ, ਨੇਉਲਾ, ਸਿੰਘ, ਸ਼ਰਟ, ਸਲੱਕ, ਸਰਘ, ਖਰ, ਗ੍ਰਹਿਕੋਕਿਲ ਵਿਸਵੰਬਰ, ਮੂਸ਼ਕ, ਮੰਗੁਸ, ਪਦਲਾਲਿਤ, ਬਿੱਲੀ ਜੋਧ ਤੇ ਚਾਰ ਪੈਰ ਵਾਲੇ ਜੀਵ ਹਨ। ਇਹ ਜੀਵ ਅਪਣੇ ਅਪਣੇ ਬੀਜ ਤੇ ਅਵਕਾਸ਼, ਰਾਹੀ ਉਤਪਨ ਹੁੰਦੇ ਹਨ ਅਤੇ ਉਰਪਰਿ ਸਰਪਜੀਵਾਂ ਦੀ ਤਰ੍ਹਾਂ ਇਹ ਜੀਵ ਇਸਤਰੀ ਪੁਰਸ਼ ਦੇ ਸੰਭੋਗ ਨਾਲ ਪੈਦਾ ਹੁੰਦੇ ਹਨ। ਬਾਕੀ ਗੱਲਾਂ ਪਹਿਲਾਂ ਦਸੀਆਂ ਜਾ ਚੁਕੀਆਂ ਹਨ। ਇਹ ਜੀਵ ਵੀ ਅਪਣੇ ਭੋਜਨ ਨੂੰ ਪਚਾਕੇ ਸ਼ਰੀਰ ਅਨੁਸਾਰ ਢਾਲ ਲੈਂਦੇ ਹਨ। ਇਨਾਂ ਅਨੇਕ ਜਾਤ ਵਾਲੇ ਭੁਜ ਪਰਿਸਰਪਾ ਸਥਲਚਰ ਪੰਚ ਇੰਦਰੀ ਤਰਿਯੰਚ ਦੇ ਦੂਸਰੇ ਭਿੰਨ ਭਿੰਨ ਰੰਗ ਵਾਲੇ ਸ਼ਰੀਰ ਤੀਰਥੰਕਰ ਭਗਵਾਨ ਨੇ ਆਖੇ ਹਨ।

ਇਸ ਤੋਂ ਬਾਅਦ ਸ੍ਰੀ ਤੀਰਥੰਕਰ ਭਗਵਾਨ ਨੇ ਅਨੇਕ ਪ੍ਰਕਾਰ ਦੀ ਕਿਸਮ ਦੇ ਅਕਾਸ਼, ਵਿਚ ਉੜਨ ਵਾਲੇ ਤਰਿਯੰਚ ਆਖੇ ਹਨ ਜਿਸ ਤਰਾਂ ਚਰਮ ਪੰਛੀ, ਰੋਮ ਪੰਛੀ, ਵਿਤੱਤ ਪੰਛੀ। ਇਨ੍ਹਾਂ ਦੀ ਉਤਪਤਿ ਬਾਰੇ ਭਗਵਾਨ ਨੇ ਇਸ ਪ੍ਰਕਾਰ ਕਿਹਾ ਹੈ। ਉਹ ਪ੍ਰਾਣੀ ਅਪਣੀ ਉਤਪਤੀ ਯੋਗ ਬੀਜ ਤੇ ਅਵਕਾਸ਼ ਰਾਹੀਂ ਉਤਪੰਨ ਹੁੰਦੇ ਹਨ। ਇਸਤਰੀ ਪੁਰਸ਼ ਦੇ ਸੰਭੋਗ ਤੋਂ ਇਨਾਂ ਦੀ ਉਤਪਤਿ ਹੁੰਦੀ ਹੈ। ਇਹ ਜੀਵ ਗਰਭ ਤੋਂ ਬਾਹਰ ਆ ਕੇ ਬਚਪਨ ਵਿਚ ਮਾਂ ਦੇ ਸਨੇਹ ਦਾ ਭੋਜਨ ਕਰਦੇ ਹਨ। ਫੇਰ ਬੜੇ ਹੋ ਕੇ ਬਨਸਪਤਿ ਕਾਇਆ ਤਰਸ ਅਤੇ ਸਥਾਵਰ ਜੀਵਾਂ ਦਾ ਭੋਜਨ ਕਰਦੇ ਹਨ। ਇਨਾਂ ਅਨੇਕ ਪ੍ਰਕਾਰ ਦੇ ਜਾਤ ਵਾਲੇ ਚਰਮਪੰਛੀ ਆਦਿ ਅਕਾਸ਼ਚਾਰੀ ਪੰਚੇਇੰਦਰੀ ਤਰਿਅੰਚ ਤੇ ਹੋਰ ਸ਼ਰੀਰ ਹੁੰਦੇ ਹਨ ਅਜਿਹਾ ਤੀਰਥੰਕਰਾਂ ਨੇ ਕਿਹਾ ਹੈ। 57।

ਇਸ ਤੋਂ ਬਾਅਦ ਤੀਰਥੰਕਰਾ ਨੇ ਹੋਰ ਜੀਵਾਂ ਦੀ ਉਤਪਤੀ ਦਾ ਵਰਨਣ ਕੀਤਾ ਹੈ" ਇਸ ਜਗਤ ਵਿਚ ਕਈ ਪ੍ਰਾਣੀ ਭਿੰਨ ਭਿੰਨ ਯੋਨੀਆਂ ਵਿਚ ਪੈਦਾ ਹੁੰਦੇ ਹਨ ਸਥਿਤ ਰਹਿੰਦੇ ਹਨ ਤੇ ਵਾਧਾ ਪਾਂਦੇ ਹਨ। ਭਿੰਨ ਭਿੰਨ ਪ੍ਰਕਾਰ ਦੀਆਂ ਯੋਨੀਆਂ ਵਿਚ ਉਤਪਨ, ਸਥਿਤ, ਵਧਦੇ, ਉਹ ਜੀਵ ਅਪਣੇ ਪੂਰਵ ਕਰਮਾ ਅਨੁਸਾਰੇ ਉਨ੍ਹਾਂ ਕਰਮਾਂ ਦੇ ਪ੍ਰਭਾਵ

ਸਦਕਾ, ਭਿੰਨ ਭਿੰਨ ਯੋਨੀਆਂ ਵਿਚ ਪੈਦਾ ਹੁੰਦੇ ਹਨ ਉਹ ਪ੍ਰਾਣੀ, ਭਿੰਨ ਭਿੰਨ ਤਰ੍ਹਾਂ ਦੇ ਤਰੱਸ ਤੇ ਸਥਾਵਰ ਪੁਦਗਲਾ ਦੇ ਸਚਿਤ ਤੇ ਅਚਿਤ ਸ਼ਰੀਰ ਦੇ ਸਹਾਰੇ ਰਹਿੰਦੇ ਹਨ। ਉਹ ਜੀਵ ਅਨੇਕਾਂ ਪ੍ਰਕਾਰ ਦੇ ਤਰੱਸ ਤੇ ਸਥਾਵਰ ਜੀਵਾਂ ਦੇ ਸਨੇਹ (ਰਸ) ਦਾ ਭੋਜਨ ਕਰਦੇ ਹਨ ਉਹ ਜੀਵ ਪ੍ਰਿਥਵੀ ਆਦਿ ਦੇ ਸ਼ਰੀਰ ਦਾ ਭੋਜਨ ਕਰਦੇ ਹਨ ਉਹ ਤਰੱਸ ਸਥਾਵਰ ਜੂਨ ਵਿਚ ਉਤਪਨ, ਉਨ੍ਹਾਂ ਦੇ ਆਸਰੇ ਰਹਿਨ ਵਾਲੇ, ਪ੍ਰਾਣੀਆਂ ਦੇ ਭਿੰਨ ਭਿੰਨ ਰੰਗ ਵਾਲੇ ਸ਼ਰੀਰ ਹੁੰਦੇ ਹਨ। ਅਜੇਹਾ ਤੀਰਥੰਕਰ ਭਗਵਾਨ ਨੇ ਕਿਹਾ ਹੈ। ਇਸੇ ਤਰ੍ਹਾਂ ਬਿਠ ਤੇ ਮੂਤਰ ਵਿਚ ਵਿਕਲ ਇੰਦਰੀਆਂ ਜੀਵ ਪੈਦਾ ਹੁੰਦੇ ਹਨ ਗਊ, ਮੱਝ ਦੇ ਸ਼ਰੀਰ ਦੇ ਚਰਮ ਕੀਟ ਪੈਦਾ ਹੁੰਦੇ ਹਨ। 58

ਇਸ ਤੋਂ ਵਾਅਦ ਸ੍ਰੀ ਤੀਰਥੰਕਰ ਦੇਵ ਨੇ ਹੋਰ ਪ੍ਰਾਣੀਆਂ ਦਾ ਵਰਨਣ ਕੀਤਾ ਹੈ। ਇਸ ਜਗਤ ਵਿੱਚ ਕਈ ਅਨੇਕਾ ਜੀਵਜੂਨਾ ਵਿੱਚ ਉਤਪਨ ਹੋਕੇ, ਕਰਮ ਦੀ ਪ੍ਰੇਰਣਾ ਨਾਲ, ਵਾਯੂ ਯੋਨੀਕ ਅੱਪ ਕਾਇਆ ਵਿੱਚ ਪੈਦਾ ਹੁੰਦੇ ਹਨ। ਉਹ ਪ੍ਰਾਣੀ ਅੱਧਕਾਈਆ ਵਿੱਚ ਆ ਕੇ ਅਨੇਕ ਪ੍ਰਕਾਰ ਦੇ ਤਰੱਸ ਤੇ ਸਥਾਵਰ ਪ੍ਰਾਣੀਆਂ ਦੇ ਸਚਿਤ ਤੇ ਅਚਿਤ ਸ਼ਰੀਰ ਵਿੱਚ ਅਪਕਾਈਆ ਰੂਪ ਵਿੱਚ ਜਨਮ ਲੈਂਦੇ ਹਨ। ਅਪਕਾਇਆ ਵਾਯੂ ਨਾਲ ਬਨੇ ਹੋਏ, ਵਾਯੂ ਰਾਹੀ ਸੰਗ੍ਰਹਿ ਕੀਤੇ ਹੋਏ ਅਤੇ ਵਾਯੂ ਨਾਲ ਧਾਰਨ ਕੀਤੇ ਹੁੰਦੇ ਹਨ। ਇਸ ਲਈ ਉਹ ਉਪਰ ਦੀ ਹਵਾ ਹੋਵੇ ਤਾਂ ਉਪਰ; ਹੇਠਾਂ ਦੀ ਹਵਾ ਹੋਵੇ, ਤਾਂ ਹੇਠਾ, ਤਿਰਛੀ ਹਵਾ ਹੋਵੇ ਤਾ ਤਿਰਛੇ ਨੂੰ ਜਾਂਦੇ ਹਨ। ਇਸ ਅਪਕਾਇਆ (ਜਲ) ਦੇ ਕੁਝ ਨਾਉ ਇਸ ਪ੍ਰਕਾਰ ਹਨ-ਔਸ, ਹਿਮ (ਬਰਫ) ਮਿਹਿਕਾ (ਕੋਰਾ) ਕੱਰੇ (ਔਲੇ) ਹਰਤਨ ਤੇ ਸ਼ੁਧ ਜਲ। ਇਹ ਜੀਵ ਅਨੇਕ ਪ੍ਰਕਾਰ ਦੇ ਤਰੱਸ ਤੇ ਸਥਾਵਰ ਪ੍ਰਾਣੀਆਂ ਦੇ ਸਨੇਹ ਦਾ ਭੋਜਨ ਗ੍ਰਹਿਣ ਕਰਦੇ ਹਨ ਇਹ ਜੀਵ ਪ੍ਰਿਥਵੀ ਆਦਿ ਦੇ ਸ਼ਰੀਰ ਤੋਂ ਵੀ ਭੋਜਨ ਗ੍ਰਹਿਣ ਕਰਦੇ ਹਨ, ਇਸ ਨੂੰ ਪਚਾ ਕੇ ਆਪਨੇ ਸਰੀਰ ਅਨੁਸਾਰ ਢਾਲਦੇ ਹਨ। ਇਨ੍ਹਾਂ ਤਰਸ ਸਥਾਵਰ ਯੋਨੀ ਵਿੱਚ ਉਤਪਨ ਔਸ਼ ਤੋਂ ਲੈਕੇ ਸੁਧ ਪਾਣੀ ਤੱਕ ਦੇ ਜੀਵਾ ਹੋਰ ਰੰਗ, ਰੂਪ, ਗੰਧ, ਰਸ, ਸਪਰਸ਼, ਅਕਾਰ, ਪ੍ਰਕਾਰ ਤੇ ਸ਼ਰੀਰ ਹੁੰਦੇ ਹਨ। ਅਜੇਹਾ ਤੀਰਥੰਕਰਾ ਨੇ ਕਿਹਾ ਹੈ।

---

ਟਿਪਣੀ ਮੁਤਰ 58 :– ਪੰਜ ਇੰਦਰੀਆਂ ਵਾਲੇ ਪ੍ਰਾਣੀ ਦੇ ਭੋਜਨ ਦਾ ਵਰਨਣ ਕਰਣ ਤੋਂ ਬਾਅਦ ਸ਼ਾਸਤਰ ਕਾਰ ਨੇ ਇਸ ਸੁਤਰ ਵਿਚ ਵਿਕਲ ਇੰਦਰੀ ਪ੍ਰਾਣੀਆਂ ਦੀ ਉਤਪਤਿ ਅਤੇ ਭੋਜਨ ਦਾ ਵਰਨਣ ਕੀਤਾ ਹੈ। ਜੋ ਪ੍ਰਾਣੀ ਤਰੱਮ ਤੇ ਸਥਾਵਰ ਪ੍ਰਾਣੀਆਂ ਦੇ ਸਚਿਤ ਤੇ ਅਚਿਤ ਸ਼ਰੀਰ ਵਿਚ ਪੈਦਾ ਹੁੰਦੇ ਹਨ ਉਸੇ ਪ੍ਰਾਣੀ ਦੇ ਸ਼ਰੀਰ ਦੇ ਸਹਾਰ ਵਾਧਾ ਪਾਂਦੇ ਹਨ ਉਹ ਵਿਕਲ ਇੰਦਰੀ ਹਨ ਜਿਵੇਂ ਮਨੁਖ ਸ਼ਰੀਰ ਵਿੱਚ ਜੂੰ, ਲੀਖ, ਖਟਮਲ ਦੀ ਉਤਪਤਿ ਇਸ ਵਿਚ ਸ਼ਾਮਲ ਹੈ। ਮਨੁੱਖ ਦੇ ਅਚਿਤ (ਬੇਜਾਨ) ਸ਼ਰੀਰ ਵਿਚ ਅਤੇ ਵਿਕਲ ਇੰਦਰੀਆਂ ਦੇ ਸ਼ਰੀਰ ਵਿਚ ਕਿਰਮ ਪੈਦਾ ਹੁੰਦੇ ਹਨ। ਇਹ ਜੀਵ ਹੋਰ ਜੀਵਾਂ

ਇਸ ਤੋਂ ਬਾਅਦ ਤੀਰਥੰਕਰ ਦੇਵ ਨੇ ਅੱ ਕਾਇਆ ਤੋਂ ਉਤਪਨ ਹੋਣ ਵਾਲੇ ਭਿੰਨ-ਭਿੰਨ ਜੀਵਾ ਦਾ ਸਵਰੂਪ ਦਸੀਆ ਸੀ। ਇਸ ਸੰਸਾਰ ਵਿੱਚ ਕਿਸੇ ਹੀ ਪ੍ਰਾਣੀ ਪਾਣੀ ਤੋਂ ਉਤਪਨ ਹੁੰਦੇ ਹਨ, ਪਾਣੀ ਵਿੱਚ ਸਥਿਤ ਰਹਿੰਦੇ ਹਨ, ਤੇ ਪਾਣੀ ਵਿੱਚ ਵਧਦੇ ਹਨ। ਉਹ ਅਪਣੇ ਪੂਰਵ ਕਰਮ ਦੇ ਅਸਰ ਕਾਰਣ ਪਾਣੀ ਵਿੱਚ ਆਉਂਦੇ ਹਨ, ਤਰੱਸ ਸਥਾਵਰ ਯੋਨੀਕ-ਜੱਲ ਵਿੱਚ ਜਲ ਦੇ ਰੂਪ ਵਿੱਚ ਉਤਪਨ ਹੁੰਦੇ ਹਨ ਇਹ ਜੀਵ ਉਨ੍ਹਾਂ ਤਰੱਸ ਸਥਾਵਰ ਯੋਨੀਕ ਜਲ ਦੇ ਸਨੇਹ ਦਾ ਭੋਜਨ ਕਰਦੇ ਹਨ, ਇਸ ਭੋਜਨ ਨੂੰ ਪਚਾਕੇ ਅਪਣੇ ਸ਼ਰੀਰ ਨੂੰ ਉਸੇ ਅਨੁਸਾਰ ਢਾਲਦੇ ਹਨ। ਉਸ ਤਰੱਸ ਦੇ ਸਥਾਵਰ ਯੋਨੀਕ ਉਦਕ (ਔਸਾਂ) ਦੇ ਅਨੇਕਾਂ ਵਰਨ ਤੇ ਦੂਸਰੇ ਸ਼ਰੀਰ ਹਨ। ਇਸ ਤੋਂ ਪਹਿਲਾਂ ਤੀਰਥੰਕਰਾ ਨੇ ਜਲਯੋਨੀਕ ਜਲਕਾਇਆ ਦੇ ਸਵਰੂਪ ਦਾ ਪਹਿਲਾ ਵਰਣਨ ਕੀਤਾ ਸੀ। ਇਸ ਸੰਸਾਰ ਵਿੱਚ ਕਿਨੇ ਹੀ ਜੀਵ ਉਦਕ ਯੋਨੀਕ ਉਦਕ ਵਿੱਚ ਅਪਣੇ ਪਿਛਲੇ ਕਰਮਾ ਸਦਕਾ ਆ ਕੇ ਜਨਮ ਲੈਂਦੇ ਹਨ ਉਹ ਜੀਵ ਉਦਯੋਨੀਕ ਉਦਕ ਵਿੱਚ ਅਪਣੇ ਪਹਿਲੇ ਕਰਮ ਅਨੁਸਾਰ ਉਦਕਯੋਨੀਕ ਉਦਕਾ ਵਿੱਚ ਜਨਮ ਲੈਂਦੇ ਹਨ। ਉਹ ਜੀਵ ਉਦਕਾ ਦੇ ਸਨੇਹ ਤੋਂ ਭੋਜਨ ਗ੍ਰਹਿਣ ਕਰਦੇ ਹਨ। ਉਹ ਜੀਵ ਪ੍ਰਿਥਵੀ ਕਾਇਆ ਆਦਿ ਦਾ ਵੀ ਭੋਜਨ ਕਰਦੇ ਹਨ। ਜਿਸ ਨੂੰ ਉਹ ਸ਼ਰੀਰ ਅਨੁਸਾਰ ਢਾਲ ਲੈਂਦੇ ਹਨ। ਉਨ੍ਹਾਂ ਉਦੱਕਯੋਨੀ ਵਾਲੇ ਉਦਕਾ ਦੇ ਅਨੇਕਾ ਰੰਗ, ਰੂਪ, ਗੰਧ, ਰਸ, ਸਪਰਸ਼ ਆਕਾਰ ਪ੍ਰਕਾਰ ਤੇ ਸ਼ਰੀਰ ਹੁੰਦੇ ਹਨ। ਅਜੇਹਾ ਸ਼੍ਰੀ ਤੀਰਥੰਕਰ ਭਗਵਾਨ ਨੇ ਕਿਹਾ ਹੈ।

ਇਸ ਤੋਂ ਬਾਅਦ ਸ਼੍ਰੀ ਤੀਰਥੰਕਰ ਭਗਵਾਨ ਨੇ ਉਦਕਯੋਨੀਕ ਤਰੱਸ ਕਾਇਆ ਵਾਰੇ ਕਿਹਾ ਸੀ।

---

ਦੀ ਤਰ੍ਹਾਂ ਘਮਨ ਫਿਰਨ ਵਿਚ ਸੁਤੰਤਰ ਨਹੀਂ। ਸਚਿਤ ਅਗਨੀ ਕਾਇਆ ਅਤੇ ਵਾਯੂ ਕਾਇਆ ਵਿਚ ਵੀ ਵਿਕਲ ਇੰਦਰੀਆਂ ਜੀਵ ਉਤਪਨ ਹੁੰਦੇ ਹਨ। ਪਾਣੀ ਵਿਚ ਅਨੇਕ ਪ੍ਰਕਾਰ ਦੇ ਵਿਕਲ ਇੰਦਰੀ ਜੀਵ (ਦੋ ਇੰਦਰੀ ਤੇ ਚਾਰ ਇੰਦਰੀ) ਤੱਕ ਪੈਦਾ ਹੁੰਦੇ ਹਨ। ਇਹ ਪ੍ਰਾਣੀ ਜਿਸ ਸ਼ਰੀਰ ਵਿਚ ਉਤਪਨ ਹੁੰਦੇ ਹਨ ਉਸੇ ਦਾ ਭੋਜਨ ਗ੍ਰਹਿਣ ਕਰਕੇ ਜਿਉਂਦੇ ਹਨ। ਜਿਵੇਂ ਸਚਿਤ ਤੇ ਅਚਿਤ ਸਰੀਰ ਹੈ ਵਿਕਲ ਇੰਦਰੀਆਂ ਜੀਵਾਂ ਦੀ ਉਤਪਤਿ ਹੁੰਦੀ ਹੈ। ਉਸੇ ਪ੍ਰਕਾਰ ਪੰਜ ਇੰਦਰੀਆਂ ਦੇ ਮਲ-ਮੁਤਰ ਵਿਚੋਂ ਵੀ ਵਿਕਲ ਇੰਦਰੀਆਂ ਜੀਵਾਂ ਦੀ ਉਤਪਤਿ ਹੁੰਦੀ ਹੈ। ਮਲ ਮੁਤਰ ਵਿਚ ਪੈਦਾ ਜੀਵ ਬਾਹਰ ਅਤੇ ਅੰਦਰ ਦੋਹੇ ਤਰ੍ਹਾਂ ਦੇ ਵਿਖਾਈ ਦਿੰਦੇ ਹਨ। ਇਹ ਜੀਵਾਂ ਦਾ ਅਕਾਰ ਭੱਦਾ ਹੁੰਦਾ ਹੈ ਮਲ ਮੁਤਰ ਦੇ ਭੋਜਨ ਨਾਲ ਜੀਵਨ ਗੁਜਾਰਦੇ ਹਨ ਵਿਕਲ ਇੰਦਰੀਆਂ ਪਸ਼ੂ ਪੰਜ ਇੰਦਰੀਆਂ ਵਿਚ ਚਮੜੀ ਦੇ ਕੀੜੇ ਦੇ ਰੂਪ ਵਿਚ ਪੈਦਾ ਹੁੰਦੇ ਹਨ। ਗਾਂ ਮੱਝ ਦੇ ਸ਼ਰੀਰ ਤੇ ਬਹੁਤ ਸਾਰੇ ਚਰਮ ਕੀਟ ਪੈਦਾ ਹੋ ਜਾਂਦੇ ਹਨ ਜੋ ਗਾਂ ਮੱਝ ਦਾ ਸ਼ਰੀਰ ਖਾਕੇ ਖੱਡ ਕਰ ਦਿੰਦੇ ਹਨ ਇੰਨ੍ਹਾਂ ਖੱਡਾਂ ਤੋਂ ਖੂਨ ਨਿਕਲਦਾ ਹੈ। ਅਜੇਹੇ ਵਿਕਲ ਇੰਦਰੀ ਜੀਵ ਖੂੰਨ ਦਾ ਭੋਜਨ ਕਰਦੇ ਹਨ।

ਇਸ ਸੰਸਾਰ ਵਿੱਚ ਕਿਨੇ ਹੀ ਪ੍ਰਾਣੀ ਅਪਣੇ ਪਿਛਲੇ ਕਰਮਾਂ ਤੋਂ ਪ੍ਰੇਰਿਤ ਹੋਕੇ ਉਦਕਯੋਨੀਕ ਉਦਕ ਵਿੱਚ ਆਉਂਦੇ ਹਨ। ਉਥੇ ਉਹ ਜੀਵ ਉਦਕਯੋਨੀਕ ਉਦਕ ਵਿੱਚ ਤਰੱਸ ਰੂਪ ਵਿੱਚ ਜਨਮ ਲੈਂਦੇ ਹਨ। ਉਹ ਜੀਵ ਉਨ੍ਹਾਂ ਉਦਕਯੋਨੀ ਵਾਲੇ ਜੀਵਾ ਦੇ ਸਨੇਹ ਦਾ ਭੋਜਨ ਕਰਦੇ ਹਨ। ਉਹ ਪ੍ਰਾਣੀ ਪ੍ਰਿਥਵੀ ਕਾਇਆ ਆਦਿ ਸ਼ਰੀਰਾਂ ਦਾ ਭੋਜਨ ਕਰਦੇ ਹਨ ਉਨ੍ਹਾਂ ਉਦਕਯੋਨੀਕ ਤਰੱਸ ਪ੍ਰਾਣੀਆਂ ਦੇ ਦੂਸਰੇ ਵੀ ਅਨੇਕਾਂ ਪ੍ਰਕਾਰ ਦੇ ਵਰਨ, ਗੰਧ, ਰਸ ਤੇ ਸਪਰਸ਼ ਅਕਾਰ ਪ੍ਰਕਾਰ ਤੇ ਸ਼ਰੀਰ ਦੱਸੇ ਗਏ ਹਨ। 59

ਇਸ ਤੋਂ ਬਾਅਦ ਤੀਰਥੰਕਰਾ ਨੇ ਹੋਰ ਗੱਲਾ ਦਸੀਆ ਸਨ। ਇਸ ਸੰਸਾਰ ਵਿੱਚ ਕਿਨੇ ਹੀ ਜੀਵ ਪੁਰਵ ਜਨਮ ਵਿੱਚ ਭਿੰਨ ਭਿੰਨ ਯੋਨੀਆਂ ਵਿੱਚ ਪੈਦਾ ਹੋ ਕੇ. ਉਥੇ, ਕੀਤੇ ਕਰਮਾ ਦੇ ਫਲ ਸਦਕਾ ਤਰੱਸ ਤੇ ਸਥਾਵਰ ਪ੍ਰਾਣੀਆਂ ਦੇ ਸਚਿਤ ਤੇ ਅਚਿਤ ਸ਼ਰੀਰ ਵਿੱਚ ਅਗਨੀ ਕਾਇਆ ਦੇ ਰੂਪ ਵਿੱਚ ਪੈਦਾ ਹੁੰਦੇ ਹਨ। ਉਹ ਜੀਵ ਭਿੰਨ-ਭਿੰਨ ਪ੍ਰਕਾਰ ਦੇ ਤਰੱਸ ਤੇ ਸਥਾਵਰ ਪ੍ਰਾਣੀਆਂ ਦੇ ਸਨੇਹ ਦਾ ਭੋਜਨ ਕਰਦੇ ਹਨ। ਉਹ ਜੀਵ ਪ੍ਰਿਥਵੀ ਕਾਈਆ ਆਦਿ ਦਾ ਭੋਜਨ ਵੀ ਕਰਦੇ ਹਨ। ਉਨ੍ਹਾਂ ਤਰੱਸ-ਸਥਾਵਰ ਅਗਨੀ ਕਾਇਆ ਦੇ ਦੂਸਰੇ ਹੋਰ ਸਰੀਰ ਵੀ ਅ ਖੇ ਗਏ ਹਨ ਜੋ ਭਿੰਨ ਭਿੰਨ ਵਰਨ ਗੰਧ ਵਾਲੇ ਹੁੰਦੇ ਹਨ। ਬਾਕੀ ਤਿੰਨ ਬੋਲ ਉਦਕ ਦੀ ਤਰ੍ਹਾ ਸਮਝ ਲੈਣੇ ਚਾਹੀਦੇ ਹਨ।

ਇਸ ਤੋਂ ਬਾਅਦ ਤੀਰਥੰਕਰਾ ਨੇ ਦੂਸਰੀ ਗੱਲ ਫਰਮਾਈ ਹੈ। ਇਸ ਜਗਤ ਵਿੱਚ ਕਿੰਨੇ ਹੀ ਜੀਵ ਪਿਛਲੇ ਜਨਮ ਵਿੱਚ ਭਿੰਨ ਭਿੰਨ ਯੋਨੀਆਂ ਵਿੱਚ ਪੈਦਾ ਹੋ ਕੇ, ਉਥੇ ਕੀਤੇ ਕਰਮਾ ਦੇ ਅਸਰ ਕਾਰਨ, ਤਰੱਸ ਤੇ ਸਥਾਵਰ ਯੋਨੀਆਂ ਵਿੱਚ ਸਚਿਤ ਤੇ ਅਚਿਤ ਸ਼ਰੀਰ ਵਿੱਚ ਵਾਯੂਕਾਇਆ ਦੇ ਰੂਪ ਵਿੱਚ ਜਨਮ ਲੈਂਦੇ ਹਨ। ਬਾਕੀ ਚਾਰ ਅਲਾਪਕ ਅਗਨੀ ਕਾਈਆ ਦੀ ਤਰਾਂ ਸਮਝਣੇ ਚਾਹੀਦੇ ਹਨ। 60

ਇਸ ਤੋਂ ਬਾਅਦ ਤੀਰਥੰਕਰ ਭਗਵਾਨ ਨੇ ਦੂਸਰੀ ਗੱਲ ਫਰਮਾਈ ਸੀ। ਇਸ ਸੰਸਾਰ ਵਿੱਚ ਕਿੰਨੇ ਜੀਵ ਅਨੇਕਾ ਪ੍ਰਕਾਰ ਦੀ ਯੋਨੀਆਂ ਵਿੱਚ ਪੈਦਾ ਹੋ ਕੇ ਅਪਣੇ ਪਿਛਲੇ ਕੀਤੇ ਕਰਮ ਪ੍ਰਭਾਵ ਕਾਰਣ ਪ੍ਰਿਥਵੀ ਕਾਈਆ ਵਿੱਚ ਆ ਕੇ ਤਰੱਸ ਤੇ ਸਥਾਵਰ ਪ੍ਰਾਣੀਆਂ ਤੇ ਸਚਿਤ ਤੇ ਅਚਿਤ ਸ਼ਰੀਰ ਵਿੱਚ ਪ੍ਰਿਥਵੀ, ਸਰਕਰਾ (ਸ਼ੁਕਰਾ ਦੀ ਤਰ੍ਹਾਂ) ਤੇ ਬਾਲੂ (ਰੇਤ) ਦੇ ਰੂਪ ਵਿੱਚ ਪੈਦਾ ਹੁੰਦੇ ਹਨ। ਇਸ ਸੰਭਧੀ ਇਨ੍ਹਾਂ ਗਾਥਾਂ ਰਾਂਹੀ ਭੇਦ ਸਮਝਣਾਚਾਹੀਦਾ ਹੈ।

ਪ੍ਰਿਥਵੀ, ਸ਼ਰਕਰਾ, (ਕੰਕਰ) ਬਾਲੂਕਾ (ਰੇਤ) ਪੱਥਰ, ਸਿਲ ਨਮਕ, ਲੋਹਾ, ਤਾਂਬਾ, ਚਾਂਦੀ, ਸੋਨਾ, ਹੀਰਾ, ਹੀਰਾ, ਹੜਤਾਲ, ਹਿੰਗਲੂ, ਮਨਸਿਲ ਸਾਸਕ, ਅੰਜਨ ਪ੍ਰਵਾਲ, (ਮੂੰਗਾ) ਅਭਰਕ, ਅਭਰਬਾਲੁਕਾ ਇਹ ਸਭ ਪ੍ਰਿਥਵੀ ਕਾਈਆਂ ਦੇ ਭੇਦ ਦੱਸੇ ਗਏ ਹਨ। ਗੋਮੇਧ, ਰੁਚਕ, ਅੰਕ, ਸੁਫਟਿਕ, ਲੋਹਿਤਾਕਸ਼, (ਰਤਨ) ਮਰਕਤ, ਮਸਾਨ

ਗਲ, ਭੁਜ ਪਰਿਮੋਚਕ, ਇੰਦਰਨੀਲ, ਮਨੀ, ਚੰਦਨ, ਗੇਰੁਕ, ਹੰਸ ਗਰਭ, ਪੁਲਕ, ਸੋਗਧਿੰਕ, ਚੰਦਰਪ੍ਰਭ, ਬੇਡੂਰਿਆ, ਜਲਕਾਂਤ, ਸੂਰਿਆ ਕਾਂਡ, ਇਹ ਸਭ ਮਣੀਆ ਦੇ ਭੇਦ ਹਨ।

ਉਪਰੋਕਤ ਗਾਥਾਵਾਂ ਵਿਚ ਆਖੇ ਜੋ ਮਨੀ ਰਤਨ ਹਨ ਉਹ ਪ੍ਰਿਥਵੀ ਤੋਂ ਲੈਕੇ ਸੂਰਿਆਕਾਤ ਯੋਨੀ ਵਿਚ ਜੀਵ ਹੁੰਦੇ ਹਨ। ਉਹ ਜੀਵ ਅਨੇਕਾਂ ਪ੍ਰਕਾਰ ਦੇ ਤਰੱਸ ਤੇ ਸਥਾਵਰ ਜੀਵਾ ਦੇ ਸਨੇਹ (ਰਸ) ਦਾ ਭੋਜਨ ਗ੍ਰਹਿਣ ਕਰਦੇ ਹਨ। ਇਹ ਜੀਵ ਪ੍ਰਿਥਵੀ ਆਦਿ ਸ਼ਰੀਰ ਦਾ ਵੀ ਭੋਜਨ ਕਰਦੇ ਹਨ। ਉਨ੍ਹਾਂ ਤਰੱਸ ਸਥਾਵਰਾਂ ਤੋਂ ਉਤਪਨ ਪ੍ਰਿਥਵੀ ਤੋਂ ਲੈਕੇ ਸੂਰਿਆਕਾਂਤ ਮਣੀ ਜੀਵ ਭਿੰਨ ਭਿੰਨ ਰੰਗ, ਗੰਧ, ਰਸ, ਸਪਰਸ਼, ਆਕਾਰ, ਪ੍ਰਕਾਰ ਦੇ ਸ਼ਰੀਰ ਵਾਲੇ ਆਖੇ ਗਏ ਹਨ। ਬਾਕੀ ਦੇ ਤਿੰਨ ਆਲਾਪਕ ਜਲ ਦੀ ਤਰ੍ਹਾਂ ਸਮਝ ਲੈਣੇ ਚਾਹਿਦੇ ਹਨ। 61

ਇਸ ਤੋਂ ਬਾਅਦ ਤੀਰਥੰਕਰਾ ਨੇ ਜੀਵਾਂ ਦੇ ਭੋਜਨ ਸਬੰਧੀ ਹੋਰ ਗੱਲਾਂ ਆਖੀਆਂ ਸੀ। "ਸਾਰੇ ਪ੍ਰਾਣੀ, ਸਾਰੇ ਭੂਤ, ਸਾਰੇ ਜੀਵ, ਸਾਰੇ ਸਤੱਵ ਭਿਨ ਭਿੰਨ ਯੋਨੀਆਂ ਵਿਚ ਉਤਪਨ ਹੁੰਦੇ ਹਨ ਉਥੇ ਸਥਿਤ ਰਹਿੰਦੇ ਹਨ ਵਾਧਾ ਪਾਂਦੇ ਹਨ। ਉਹ ਸ਼ਰੀਰ ਰਾਹੀਂ ਉਤਪਨ ਹੁੰਦੇ ਹਨ। ਸ਼ਰੀਰ ਵਿਚ ਹੀ ਵਧਦੇ ਫੂਲਦੇ ਹਨ ਸ਼ਰੀਰ ਰਾਹੀਂ ਭੋਜਨ ਗ੍ਰਹਿਣ ਕਰਦੇ ਹਨ। ਅਪਣੇ ਅਪਣੇ ਕੀਤੇ ਕਰਮਾ ਦੇ ਅਪਰ ਨਾਲ ਚਲਦੇ ਹਨ ਕਰਮ ਹੀ ਯੋਨੀ ਦੀ ਉਤਪੱਤੀ ਦਾ ਕਾਰਣ ਹੈ। ਗਤਿ ਤੇ ਸਥਿਤੀ ਕਰਮ ਅਨੁਸਾਰ ਹੈ। ਉਹ ਕਰਮ ਦੇ ਹੀ ਪ੍ਰਭਾਵ ਨਾਲ ਭਿੰਨ ਭਿੰਨ ਅਵਸਥਾਵਾਂ ਵੱਸ ਦੁੱਖ ਦੇ ਭਾਗੀ ਹੁੰਦੇ ਹਨ "ਹੇ ਚੇਲਿਓ ਇਸੇ ਤਰ੍ਹਾਂ ਹੀ ਸਮਝੋ। ਇਸ ਤਰ੍ਹਾਂ ਜਾਨਕੇ ਹਮੇਸ਼ਾ ਅਹਾਰ ਗੁਪਤ, ਗਿਆਨ, ਦਰਸ਼ਨ ਚਾਰਿਤਰ ਸਹਿਤ, ਸਮਿਤਿ ਸੰਜਮ ਪਾਲਨ ਵਿਚ ਲਗੇ ਰਹੋ। ਅਜੇਹਾ ਮੈਂ ਆਖਦਾ ਹਾਂ।"

★



# ਚੋਥਾ ਅਧਿਐਨ-ਪ੍ਰਤਿਖਿਆਨ ਕ੍ਰਿਆ

ਪ੍ਰਤਿਖਿਆਨ ਜਾਂ ਪਚਖਾਨ ਦਾ ਅਰਥ ਹੈ ਅਹਿੰਸਾ, ਸੱਚ, ਚੋਰੀ ਦਾ ਤਿਆਗ, ਬ੍ਰਹਮ-ਚਰਜ ਅਪਰਿਗ੍ਰਹਿ ਆਦਿ ਮੂਲ (ਨਾਂ ਬਦਲਣ ਵਾਲੇ ਸ਼ਾਸਵਤ) ਗੁਣ ਅਤੇ ਸਮਾਇਕ ਆਦਿ ਉੱਤਰ ਗੁਣਾ ਦੇ ਪਾਲਨ ਵਿਚ ਰੁਕਾਵਟ ਕਾਰਣਾ ਦਾ ਸ਼ਕਤੀ ਅਨੁਸਾਰ ਤਿਆਗ ਕਰਨਾ।"

ਪੱਛਖਾਨ ਆਤਮ ਸ਼ੁਧੀ ਦਾ ਪ੍ਰਮੁੱਖ ਕਾਰਣ ਹੈ। ਇਸ ਤੋਂ ਉਲਟ ਅਪਛਖਾਨ ਸਾਵਦਯ (ਪਾਪਕਾਰੀ) ਰੂਪ ਹੋਣ ਕਾਰਣ ਤਿਆਗ ਯੋਗ ਹੈ। ਪੱਛਖਾਨ ਨਾ ਕਰਨ ਵਾਲੇ ਨੂੰ ਤੀਰਥੰਕਰ ਪ੍ਰਭੂ ਨੇ ਅਸੰਜਤ, ਅਵਿਰਤ (ਵਰਤਮਾਨ ਕਾਲ ਵਿਚ ਪਾਪੀ ਕੰਮ ਵਿਚ ਲੱਗਾ ਹੋਇਆ) (ਪਾਪ ਵਿਚ ਲੱਗਾ ਹੋਇਆ) ਬਾਲ, ਅੰਸਵਰਿਤ (ਕਰਮਾਂ ਦੇ ਵਹਾ ਨੂੰ ਨਾ ਕਰਨ ਵਾਲਾ) ਅਗਿਆਨੀ, ਸੋਇਆ ਹੋਇਆ ਅਤੇ ਪਾਪੀ ਫੁਰਮਾਇਆ ਹੈ।

ਇਸ ਅਧਿਐਨ ਦਾ ਸਾਰ ਇਹ ਹੈ ਕਿ ਛੇ ਜੋ ਆਤਮਾ ਕਾਈਆ ਦੇ ਜੀਵਾ ਦੀ ਹਤਿਆ ਦੇ ਤਿਆਗ ਵਾਲਾ ਨਹੀਂ ਹੈ ਅਤੇ ਜਿਸ ਨੇ ਉਨ੍ਹਾਂ ਜੀਵਾਂ ਦੀ ਹਤਿਆ ਨੂੰ ਕਿਸੇ ਵੀ ਸਮੇਂ ਮਾਰਨ ਦੀ ਛੁਟ ਲੈ ਲਈ ਹੈ ਉਹ ਆਤਮਾ ਉਨ੍ਹਾਂ 6 ਕਾਈਆ ਜੀਵਾ ਨਾਲ ਮਿੱਤਰਤਾ ਰਖਨ ਲਈ ਵੀ ਮਜਬੂਰ ਨਹੀਂ ਹੈ।ਅਜੇਹਾ ਪ੍ਰਾਣੀ ਕਿਸੇ ਵੀ ਜੀਵ ਦੀ, ਕਿਸੇ ਸਮੇਂ ਹਤਿਆ ਕਰ ਸਕਦਾ ਹੈ। ਅਜੇਹਾ ਜੀਵ ਪਾਪ ਕਰਮ ਬੰਧਨ ਕਦੇ ਵੀ ਕਰ ਸਕਦਾ ਹੈ। ਕਿਉਂਕਿ ਉਸ ਨੇ ਕਾਈਆ ਦੇ ਜੀਵਾ ਨੂੰ ਮਾਰਨ ਦਾ ਤਿਆਗ ਨਹੀਂ ਕੀਤਾ ?

ਇਸ ਸੰਬੰਧੀ ਸ਼ਾਸਤਰਕਾਰ ਨੇ ਇਕ ਉਦਾਹਰਨ ਪੇਸ਼ ਕੀਤੀ ਹੈ "ਇਕ ਮਨੁੱਖ ਹਤਿਆਰਾ ਹੈ। ਉਸ ਨੇ ਸੋਚਿਆ ਕਿ "ਮੈਂ ਫਲਾਨੇ ਗ੍ਰਹਿਸਥੀ ਜਾਂ ਗ੍ਰਹਿਸਥੀ ਪੁਤਰ ਜਾਂ ਰਾਜਪੁਰਸ਼ ਦੀ ਹਤਿਆ ਕਰਨੀ ਹੈ ? ਅਜੇ ਥੋੜੀ ਦੇਰ ਸੋ ਜਾਵਾਂ, ਬਾਅਦ ਵਿਚ ਘਰ ਵਿਚ ਘੁਸ ਕੇ, ਮੌਕਾ ਪਾ ਕੇ ਉਸ ਵਿਅਕਤੀ ਨੂੰ ਮਾਰਾਗਾਂ।" ਅਜੇਹਾ ਸੋਚਨ ਵਾਲਾ ਆਦਮੀ ਚਾਹੇ ਸੋਵੇ, ਚਾਹੇ ਜਾਗੇ, ਚਾਹੇ ਚਲੇ, ਚਾਹੇ ਬੈਠੇ ਉਸ ਦਾ ਮਨ ਲਗਾਤਾਰ ਹੱਤਿਆ ਦੀ ਭੈੜੀ ਭਾਵਨਾ ਵਲ ਲਗਿਆ ਰਹੇਗਾ। ਉਹ ਕਦੇ ਵੀ ਮਾੜਾ ਕੰਮ ਕਰ ਸਕਦਾ ਹੈ। ਆਪਣੀ ਦੁਸ਼ਟ ਮਨ ਵਿਰਤੀ ਕਾਰਣ ਉਹ ਹਰ ਪਲ, ਕਰਮ ਬੰਧ ਕਰਦਾ ਰਹਿੰਦਾ ਹੈ ਅਜੇਹਾ ਜੀਵ

ਪਛਖਾਨ ਰਹਿਤ ਹੈ। ਸੱਜਮਹੀਨ ਹੈ। ਹਿੰਸਾ ਦੀ ਭਾਵਨਾ ਕਾਰਣ ਉਹ ਕਰਮ ਬੰਧ ਕਰਦਾ ਹੈ।

ਸੰਜਮੀ ਸਾਧਕ ਲਈ ਪਾਪ ਕਾਰੀ (ਸਾਵਦਯ) ਕ੍ਰਿਆਵਾ ਦਾ ਪੱਛਖਾਨ ਜ਼ਰੂਰੀ ਹੈ। ਜਿੰਨੇ ਅੰਸ਼ ਵਿਚ ਉਹ ਪਾਪਕਾਰੀ ਵਿਰਤੀ ਦਾ ਤਿਆਗ ਕਰਦਾ ਹੈ ਉਨੇ ਅੰਸ਼ ਉਸ ਦਾ ਪਾਪ ਕਰਮ ਬੰਧ ਰੁਕਦਾ ਹੈ। ਇਹੋ ਪੱਛਖ਼ਾਨ ਦੀ ਉਪਯੋਗਿਤਾ ਹੈ। ਇਸ ਪਾਪਕਾਰੀ ਵਿਰਤੀ ਦੀ ਸੰਭਾਵਨਾ ਨੂੰ ਘੱਟ ਜਾਂ ਮਰਿਆਦਾ ਵਿਚ ਰਖਨ ਲਈ ਪੱਛਖਾਨ (ਨਿਯਮ) ਬਹੁਤ ਜ਼ਰੂਰੀ ਹੈ।

ਇਹ ਅਧਿਐਨ ਅਚਾਰਿਆ ਤੇ ਉਸ ਦੇ ਚੇਲੇ ਦੀ ਆਪਸੀ ਵਾਰਤਾਲਾਪ ਰੂਪ ਵਿਚ ਮਿਲਦਾ ਹੈ।

# ਚੌਥਾ ਪ੍ਰਤਿਖਿਆਨ ਕ੍ਰਿਆ ਅਧਿਐਨ

(ਸ੍ਰੀ ਸੁਧਰਮਾ ਸਵਾਮੀ ਸ਼ਿਸ ਜੰਬੂ ਸੁਵਾਮੀ ਜੀ ਨੂੰ ਆਖਦੇ ਹਨ) ਹੇ ਆਯੁਸ਼ਮਾਨ ! ਭਗਵਾਨ ਮਹਾਵੀਰ ਨੇ ਅਜਿਹਾ ਕਿਹਾ ਸੀ ਮੈਂ ਉਨ੍ਹਾਂ ਤੋਂ ਜਿਸ ਤਰ੍ਹਾਂ ਸੁਣਿਆ ਸੀ, ਆਪ ਨੂੰ ਆਖਦਾ ਹਾਂ, ਇਸ ਨਿਰਗ੍ਰੰਥ ਪ੍ਰਵਚਨ ਪ੍ਰਤਿਖਿਆਨ ਕ੍ਰਿਆ ਨਾਉ ਦਾ ਅਧਿਐਨ ਹੈ। ਉਸ ਦਾ ਅਰਥ ਇਸ ਪ੍ਰਕਾਰ ਹੈ।

ਆਤਮਾ ਭਾਵ ਸ਼ਰੀਰ ਧਾਰੀ ਜੀਵ ਆਤਮਾ ਅਪ੍ਰਤਿਖਿਆਨ ਸਾਵਦਯਕਰਮ (ਹਮੇਸ਼ਾ ਪਾਪ ਕਰਮ ਵਿਚ ਲੱਗਾ ਹੋਇਆ) ਦਾ ਤਿਆਗ ਨਾ ਕਰਨ ਵਾਲਾ ਹੁੰਦਾ ਹੈ ਆਤਮ ਅਕ੍ਰਿਆ (ਸ਼ੁਭਕ੍ਰਿਆ ਨਾ ਕਰਨ) ਵਿਚ ਵੀ ਮਾਹਰ ਹੁੰਦਾ ਹੈ ਆਤਮਾ ਮਿਥਿਆਤਵ ਦੇ ਪ੍ਰਗਟ (ਉਦੇ) ਵਿਚ ਹੀ ਸਥਿਤ ਰਹਿੰਦਾ ਹੈ, ਆਤਮਾ ਏਕਾਂਤ ਰੂਪ (ਇਕ ਤਰ੍ਹ ਨਾਲ) ਵਿਚ ਦੂਸਰੇ ਪ੍ਰਾਣੀਆਂ ਨੂੰ ਦੰਡ ਦੇਨ ਵਾਲਾ ਹੁੰਦਾ ਹੈ, ਆਤਮਾ ਏਕਾਂਤ ਹੀ ਬਾਲ ਭਾਵ ਅਗਿਆਨੀ ਹੁੰਦਾ ਹੈ, ਆਤਮਾ ਏਕਾਂਤ ਰੂਪ ਵਿਚ ਹੀ ਸੁੱਤਾ ਰਹਿੰਦਾ ਹੈ ਆਤਮਾ ਮਨ, ਵਚਨ, ਕਾਇਆ ਤੇ ਸ਼ਰੀਰ ਦਾ ਵਿਚਾਰ ਨਾ ਕਰਨ ਵਾਲਾ ਹੁੰਦਾ ਹੈ। ਆਤਮਾਂ ਪਾਪ ਕਰਮਾ ਦਾ ਘਾਤ ਤੇ ਪ੍ਰਤਿਖਿਆਨ-ਤਿਆਗ ਨਹੀਂ ਕਰਦਾ। ਇਸ ਜੀਵ ਨੂੰ ਭਗਵਾਨ ਨੇ ਅਸੰਯਤ (ਸੰਜਮ ਰਹਿਤ) ਅਵਿਰਤ (ਵਿਰਤੀ) ਰਹਿਤ ਪਾਪ ਕਰਮ ਦਾ ਕਰਨ ਵਾਲਾ ਅਤੇ ਅਤੇ ਪ੍ਰਤਿਖਿਆਨ ਨਾ ਕਰਨ ਵਾਲਾ, ਕ੍ਰਿਆ ਰਹਿਤ, ਸੰਵਰਰਹਿਤ, ਪ੍ਰਾਣੀਆਂ ਨੂੰ ਏਕਾਂਤ ਦੰਡ ਦੇਣ ਵਾਲਾ, ਏਕਾਂਤ ਬਾਲ ਤੇ ਸੌਂਦਿਆ ਹੋਇਆ ਫੁਰਮਾਇਆ ਹੈ। ਉਹ ਅਗਿਆਨੀ, ਜੋ ਮਨ ਬਚਨ, ਕਾਈਆ ਤੇ ਵਾਕ ਦੇ ਵਿਚਾਰ ਤੋਂ ਰਹਿਤ ਹੋਵੇ, ਭਾਵੇ ਉਹ ਸੁਪਨੇ ਵੀ ਨਾ ਵੇਖੇ। (ਭਾਵ ਸ਼ੁਧ ਗਿਆਨ ਵਾਲਾ ਹੋਵੇ) ਤਾਂ ਵੀ ਉਹ ਪਾਪ ਕਰਮ ਕਰਦਾ ਹੈ। 63।

---

63 ਇਥੇ ਜੀਵ ਲਈ ਆਤਮਾ ਸ਼ਬਦ ਪ੍ਰਯੋਗ ਕੀਤਾ ਗਿਆ ਹੈ ਜਿਸ ਦਾ ਭਾਵ ਹੈ ਆਤਮਾ ਭਿੰਨ ਭਿੰਨ ਯੋਨੀਆਂ ਵਿਚ ਭਟਕਦਾ ਹੈ ਜਨਮਦਾ ਹੈ ਮਰਦਾ ਹੈ, ਜੋ ਭਿੰਨ ਭਿੰਨ ਗਤੀਆਂ ਵਿਚ ਲਗਾਤਾਰ ਘੁਮਦਾ ਹੈ ਉਹ ਆਤਮਾ ਹੈ। ਅਨਾਦਿ ਕਾਲ ਤੋਂ ਜੀਵ ਮਿਥਿਆਤਵ, ਅਵਿਰਤ, ਪ੍ਰਮਾਦ, ਕਸ਼ਾਏ ਅਤੇ ਯੋਗ (ਮਨ-ਬਚਨ-ਕਾਇਆ ਦਾ ਮੇਲ) ਕਾਰਣ ਅਪ੍ਰਤਿਖਿਆਨ ਵਿਚ ਫਸਿਆ ਹੋਇਆ ਹੈ।

ਪੂਰਵ ਕੀਤੇ ਦੋਸ਼ਾਂ ਦੀ ਨਿੰਦਾ, ਪਛਤਾਵਾਂ ਅਤੇ ਗਰਹਾ ਕਰਨਾ ਅਤੇ ਭਵਿੱਖ ਵਿਚ ਪਹਿਲੇ ਪਾਪ ਕਰਮ ਨਾ ਕਰਨ ਦਾ ਸਕੰਲਪ ਹੀ ਪ੍ਰਤਿਖਿਆਨ ਹੈ।

ਜੀਵ ਲਈ ਜ਼ਰੂਰੀ ਹੈ ਕਿ ਉਹ ਸੁਪਨੇ ਵਿਚ ਵੀ ਪਾਪ ਨਾਂ ਕਰੇ।

ਅਸੰਯਤ—ਜੋ ਵਰਤਮਾਨ ਕਾਲ ਦੇ ਪਾਪ (ਸਾਵਦਯ) ਕੰਮ ਵਿਚ ਲਗਾ ਹੋਵੇ।

ਅਵਿਰਤ—ਭੂਤ ਤੇ ਭਵਿੱਖ ਸੰਬੰਧੀ ਪਾਪ ਤੋਂ ਛੁਟਕਾਰਾ ਨਾ ਪਾਉਣਾ।

ਅਪ੍ਰਤਿਖਿਆਤ ਪਾਪ ਕਰਤਾ—ਜੋ ਲਗਾਤਾਰ ਪਾਪ ਕ੍ਰਿਆ ਕਰਦਾ ਹੋਵੇ।

ਅਸੰਵਿੰਰਤ—ਜੋ ਆਉਣ ਵਾਲੇ ਕਰਮਾਂ ਨੂੰ ਰੋਕਨ ਵਿਚ ਅਸਮਰਥ ਹੈ।

ਇਸ ਸੰਬੰਧੀ ਪ੍ਰਸ਼ਨ ਕਰਨ ਵਾਲੇ ਨੇ ਉਪਦੇਸ਼ਕ ਨੂੰ ਇਸ ਪ੍ਰਕਾਰ ਆਖਿਆ ਹੈ : "ਪਾਪੀ ਮਨ ਵਾਲੇ, ਪਾਪੀ ਬਚਨ ਵਾਲਾ, ਪਾਪੀ ਸ਼ਰੀਰ ਵਾਲਾ ਨਾ ਹੋਣ ਤੇ ਜੋ ਪ੍ਰਾਣੀ ਹਿੰਸਾ ਨਹੀਂ ਕਰਦਾ, ਜਿਸ ਦਾ ਮਨ, ਬਚਨ, ਸ਼ਰੀਰ ਤੇ ਵਾਕ ਹਿੰਸਾ ਤੋਂ ਰਹਿਤ ਹਨ, ਜੋ ਪਾਪ ਕਰਨ ਦਾ ਸੁਪਨਾ ਵੀ ਨਹੀਂ ਲੈ ਸਕਦਾ, ਜਿਸ ਵਿਚ ਗਿਆਨ ਦੀ ਥੋੜੀ ਜੇਹੀ ਮਾਤਰ ਹੀ ਹੈ। ਪ੍ਰਾਣੀ ਪਾਪ ਕਰਮ ਦਾ ਬੰਧ (ਸੰਗ੍ਰਹਿ) ਨਹੀਂ ਕਰਦਾ।

"ਕਿਸ ਕਾਰਣ ਨਾਲ ਉਸ ਨੂੰ ਪਾਪ ਕਰਮ ਦਾ ਬੰਧ ਹੁੰਦਾ ਹੈ ? ਪ੍ਰਸ਼ਨ ਕਰਤਾ ਦੇ ਉਤਰ ਵਿਚ ਗਿਆਨੀ ਫੁਰਮਾਂਦੇ ਹਨ" ਪਾਪੀ ਮਨ ਹੋਣ ਕਾਰਣ ਮਾਨਸਿਕ ਪਾਪ ਕਰਮ ਹੋ ਜਾਂਦਾ ਹੈ ਪਾਪੀ ਵਚਨ ਨਾਲ ਹੀ ਪਾਪ ਕਰਮ ਹੁੰਦਾ ਹੈ ਪਾਪੀ ਸ਼ਰੀਰ ਨਾਲ ਵੀ ਪਾਪ ਕਰਮ ਹੁੰਦਾ ਹੈ। ਜੋ ਪ੍ਰਾਣੀ ਹਿੰਸਾ ਕਰਦਾ ਹੈ, ਹਿੰਸਕ ਧੰਦਾ ਕਰਦਾ ਹੈ, ਜੋ ਜਾਨ ਬੁਝ ਕੇ, ਮਨ, ਵਚਨ, ਕਾਇਆ ਤੇ ਵਾਕ ਦਾ ਪ੍ਰਯੋਗ ਕਰਦਾ ਹੈ ਜੋ ਸਾਫ ਸੁਪਨੇ ਵੇਖਣ ਵਾਲ ਵਿਗਿ-ਆਨੀ ਹੈ ਅਜੇਹੇ ਗੁਣਾ ਵਾਲਾ ਹੀ ਪਾਪ ਕਰਮ ਕਰਦਾ ਹੈ।

ਪ੍ਰਸ਼ਨ ਕਰਤਾ ਫੇਰ ਪੁਛਦਾ ਹੈ ਇਸ ਸੰਬੰਧੀ ਜੋ ਲੋਕ ਇਸ ਤਰ੍ਹਾਂ ਆਖਦੇ ਹਨ। ਕਿ ਮਨ ਪਾਪੀ, ਬਚਨ ਪਾਪੀ, ਸ਼ਰੀਰ ਪਾਪੀ ਹੋਵੇ ਅਤੇ ਪਾਪੀ ਮਨ ਬਚਨ, ਕਾਇਆ ਤੇ ਵਾਕ ਦੇ ਵਿਚਾਰ ਤੋਂ ਰਹਿਤ ਹੋਵੇ, ਪਰ ਸੁਪਨੇ ਵਿਚ ਵੀ ਪਾਪ ਨਾ ਕਰਦਾ ਹੋਵੇ ਭਾਵ ਅਵਿਅੱਕਤ ਵਿਗਿਆਨ ਵਾਲਾ ਪਾਪ ਕਰਮ ਕਰਦਾ ਹੈ। ਇਸ ਸੰਭਧੀ ਜੋ ਲੋਕ ਆਖਦੇ ਹਨ ਇਹ ਮਿਥਿਆ ਹੈ ?

ਇਸ ਸੰਬੰਧੀ ਉਤਰ ਦਾਤਾ ਆਖਦਾ ਹੈ" ਇਹੋ ਠੀਕ ਹੈ ਜੋ ਮੈਂ ਪਹਿਲਾ ਆਖਿਆ ਸੀ। ਚਾਹੇ ਪਾਪੀ ਮਨ, ਪਾਪੀ ਵਚਨ, ਸ਼ਰੀਰ ਨਾ ਹੋਵੇ, ਤਾਂ ਵੀ ਕੋਈ ਪ੍ਰਾਣੀ ਹਿੰਸਾ ਨਾ ਕਰਦਾ ਹੋਵੇ। ਉਹ ਘਟ ਵਿਕਾਸ ਵਾਲੇ ਮਨ ਦਾ (ਅਵਿਕਲ) ਹੋਵੇ। ਉਹ ਚਾਹੇ ਮਨ, ਵਚਨ ਸ਼ਰੀਰ ਤੇ ਵਾਕ ਨੂੰ ਸਮਝ ਬੁੱਝ ਕੇ ਵਰਤੋਂ ਨਾ ਕਰਦਾ ਹੋਵੇ, ਸੁਪਨੇ ਵੀ ਨਾ ਵੇਖਦਾ ਹੋਵੇ ਭਾਵੇ ਉਹ ਨਾ ਪ੍ਰਗਟ ਕਰਨ ਯੋਗ ਚੇਤਨਾ ਦਾ ਮਾਲਿਕ ਹੋਵੇ ਉਹ ਵੀ ਪਾਪ ਕਰਮ ਕਰਦਾ ਹੈ। ਇਹ ਸੱਚ ਹੈ।

ਤੁਹਾਡੇ ਇਸ ਕਥਨ ਦੀ ਸਚਾਈ ਕੀ ਹੈ ? ਪ੍ਰਸ਼ਨ ਕਰਤਾ ਦੇ ਉਤਰ ਵਿਚ ਗੁਰਦੇਵ ਆਖਦੇ—"ਤੀਰਥੰਕਰ ਨੇ ਛੇ ਕਾਇਆ ਦੇ ਜੀਵਾ ਨੂੰ ਕਰਮ ਬੰਧ ਦਾ ਕਾਰਣ ਫਰਮਾਇਆ ਹੈ। ਉਹ ਪ੍ਰਿਥਵੀ ਤੋਂ ਲੈ ਕੇ ਤਰੱਸ ਤੱਕ ਹਨ। ਇਨ੍ਹਾਂ ਛੇ ਜੀਵ ਪ੍ਰਕਾਰ ਦੇ ਜੀਵਾਂ ਦੀ ਹਿੰਸਾ ਤੋਂ ਉਤਪਨ ਪਾਪ ਨੂੰ ਪ੍ਰਤਿਖਿਆਨ (ਤਿਆਗ) ਨਾਲ ਨਹੀਂ ਰੋਕਿਆ ਹੈ ਉਹ ਸਦਾ ਨਿਡਰ ਹੋ ਕੇ ਪ੍ਰਾਣੀਆਂ ਦੇ ਘਾਤ ਵਲ ਚਿੱਤ ਲਗਾਈ ਰੱਖਦੇ ਹਨ। ਉਨ੍ਹਾਂ ਜੀਵਾ ਨੂੰ ਦੰਡ ਦਿੰਦੇ ਹਨ। ਜੋ ਪ੍ਰਾਣਾਂ ਤਿਪਾਤ (ਹਿੰਸਾ) ਤੋਂ ਲੈ ਕੇ ਪਰਿਗ੍ਰਹਿ ਤੱਕ, ਕਰੋਧ ਤੋਂ ਲੈ ਕੇ ਮਿਥਿਆ ਦਰਸ਼ਨ ਸਲਯ, ਤੱਕ ਦੇ ਪਾਪ ਸਥਾਨ ਤੋਂ ਨਹੀਂ ਛੁੱਟਦੇ, ਉਹ ਚਾਹੇ ਕਿਸੇ ਵੀ ਹਾਲਤ ਵਿਚ ਹੋਣ ਪਾਪ ਕਰਮ ਦਾ ਬੰਧ ਕਰਦੇ ਹਨ ਇਹੋ ਸੱਚ ਹੈ।

ਅਚਾਰਿਆਂ (ਗੁਰੂ ਦੇਵ) ਹੋਰ ਆਖਦੇ ਹਨ—ਇਸ ਸੰਬੰਧੀ ਤੀਰਥੰਕਰ ਭਗਵਾਨ ਨੇ ਇਕ ਹਤਿਆਰੇ ਦਾ ਉਦਾਹਰਨ ਪੇਸ਼ ਕੀਤਾ ਹੈ :—

"ਜਿਵੇਂ ਕੋਈ ਹਤਿਆਰਾ ਹੁੰਦਾ ਹੈ ਉਹ ਗ੍ਰਹਿਸਥੀ, ਗ੍ਰਹਿਸਥ ਪੁਤਰ, ਰਾਜਾ, ਰਾਂਜ ਮੁਲਾਜਿਮ ਦੀ ਹਤਿਆ ਕਰਨਾ ਚਾਹੁੰਦਾ ਹੈ। ਇਸੇ ਤਾਕ ਵਿਚ ਲਗਾ ਰਹਿੰਦਾ ਹੈ ਕਿ ਕਦ ਸਮਾ ਪਾ ਕੇ ਮੈਂ ਇਨ੍ਹਾਂ ਦਾ ਕੰਮ ਖਤਮ ਕਰਾਂਗਾ। ਉਸ ਗ੍ਰਹਿਸਥੀ, ਗ੍ਰਹਿਸਥ ਪੁੱਤਰ, ਰਾਜਾ, ਰਾਜ ਪੁਰਸ਼ ਦੇ ਘਰ ਘੁਸਾਂਗਾ, ਮੌਕਾ ਪਾ ਕੇ ਹਤਿਆ ਕਰਾਂਗਾ।" ਇਸੇ ਸੰਕਲਪ ਵਿਕਲਪ ਵਿਚ ਅਤੇ ਮਨ ਵਿਚ ਨਿਸ਼ਚਾ ਕਰਨ, ਕਾਰਣ ਉਹ ਹਥਿਆਰਾ ਦਿਨ ਰਾਤ, ਸੌਂਦੇ, ਜਾਗਦੇ ਹਰ ਸਮੇਂ ਉਧੇੜ ਬੁਨ ਕਰਦਾ ਹੈ ਉਹ ਸਭ ਦਾ ਸਦਾ ਦੁਸ਼ਮਨ ਅਤੇ ਗਲਤ ਵਿਵਹਾਰ ਕਰਨ ਵਾਲਾ ਚਿਤਰੁਪੀ ਦੰਡ ਵਿਚ ਸਦਾ ਹਤਿਆ ਦਾ ਦੁਸ਼ਟ ਵਿਚਾਰ ਰਖਨ ਵਾਲਾ ਹਥਿਆਰਾ ਨਹੀਂ ਅਖਵਾਉਂਦਾ ?

ਅਚਾਰਿਆ ਸ਼੍ਰੀ ਦੇ ਇਸ ਉਦਾਹਰਨ ਤੇ ਚੇਲਾ ਆਖਦਾ ਹੈ" ਹਾਂ ਮਹਾਰਾਜ। ਇਰਾਦੇ ਨਾਲ ਕਤਲ ਵਾਲਾ ਕਾਤਲ ਅਖਵਾਉਂਦਾ ਹੈ।" ਅਚਾਰਿਆ ਸ਼੍ਰੀ ਇਸ ਉਦਾਹਰਨ ਨੂੰ ਹੋਰ ਸਪਸ਼ਟ ਕਰਦੇ ਹਨ।" ਜਿਵੇਂ ਗ੍ਰਹਿਸਥ, ਗ੍ਰਹਿਸਥ ਪੁੱਤਰ, ਰਾਜਾ ਰਾਜ ਪੁਰਸ਼ ਨੂੰ ਮਾਰਨ ਦੀ ਇੱਛਾ ਵਾਲਾ ਹਿੰਸਕ ਪੁਰਸ਼ ਸੋਚਦਾ ਹੈ ਕਿ ਮੈਂ ਮੌਕਾ ਪਾ ਕੇ ਇਸ ਦੇ ਮਕਾਨ ਵਿਚ ਘੁਸਾਗਾ, ਮੌਕਾ ਪਾ ਕੇ ਹੀ ਇਨ੍ਹਾਂ ਦਾ ਖਾਤਮਾ ਕਰ ਦੇਵਾਗਾ" ਅਜੇਹੇ ਕੁਵਿਚਾਰ ਕਾਰਣ ਉਹ ਦਿਨ ਰਾਤ, ਸੌਂਦੇ, ਜਾਗਦੇ, ਹਰਦਮ ਘਾਤ ਲਾਈ ਰਖਦਾ ਹੈ। ਉਹ ਉਨ੍ਹਾਂ ਦਾ ਦੁਸ਼ਮਨ ਬਨੀਆਂ ਰਹਿੰਦਾ ਹੈ, ਧੋਖਾ ਦੇਣਾ ਚਾਹੁੰਦਾ ਹੈ। ਵਿਨਾਸ਼ ਲਈ ਹਮੇਸ਼ਾ ਚਾਲਾਕੀ ਵਾਲੀ ਬੁਧੀ ਰਖਦਾ ਹੈ। ਇਸੇ ਤਰ੍ਹਾਂ ਅਗਿਆਨੀ ਜੀਵ ਸਾਰੇ ਪ੍ਰਾਣੀ ਭੂਤ, ਜੀਵ ਤੇ ਸਤੱਵ ਦਾ ਦਿਨ ਰਾਤ, ਸੌਂਦੇ ਜਾਗਦੇ ਸਦਾ ਬੈਰੀ ਬਣਿਆ ਰਹਿੰਦਾ ਹੈ। ਝੂਠੀ ਬੁਧੀ ਧਾਰਨ ਕਰਦਾ ਹੈ। ਰਾਤ ਦਿਨ ਗਲਤ ਵਿਚਾਰ ਨਾਲ ਘਿਰਿਆ ਰਹਿੰਦਾ ਹੈ। ਮੂਰਖਤਾ ਨਾਲ ਹਿੰਸਾ ਵਲ ਚਿਤ ਲਾ ਕੇ ਰਖਦਾ ਹੈ। ਉਹ ਅਗਿਆਨੀ ਪ੍ਰਾਣਤਿਆਤ ਤੋਂ ਲੈ ਕੇ ਮਿਥਿਆਂ ਦਰਸ਼ਨ ਸ਼ਲਯ ਤਕ 18 ਪਾਪਾ ਵਿਚ ਰਚ ਜਾਂਦਾ ਹੈ। ਭਗਵਾਨ ਨੇ ਇਸੇ ਲਈ ਅਜੇਹੇ ਜੀਵਾ ਲਈ ਕਿਹਾ ਹੈ ਕਿ ਉਹ (ਜੀਵ) ਸੰਜਮ ਹੀਨ, ਅਵਿਰਤ, ਪਾਪ ਕਰਮਾ ਦਾ ਨਾਸ ਤੇ ਪੱਛਖਾਨ ਨਾ ਕਰਨ ਵਾਲੇ, ਪਾਪ ਕ੍ਰਿਆ ਵਾਲੇ, ਸੰਵਰ ਰਹਿਤ ਜੀਵਾ ਨੂੰ ਦੰਡ ਦੇਣ ਵਾਲੇ, ਅਗਿਆਨੀ, ਬਿਲ-ਕੁਲ ਸੋਏ ਹਨ। ਉਹ ਅਗਿਆਨੀ ਜੀਵ ਮਨ, ਵਚਨ, ਸ਼ਰੀਰ ਤੇ ਵਾਕ ਦਾ ਵਿਚਾਰ ਨਾਲ ਪ੍ਰਯੋਗ ਨਾ ਕਰਦਾ ਹੋਵੇ ਚਾਹੇ, ਸੁਪਨੇ ਨਾ ਵੇਖਦਾ ਹੋਵੇ, ਤਾਂ ਵੀ ਉਹ ਪਾਪ ਕਰਮ ਦਾ ਬੰਧ ਕਰਦਾ ਹੈ। ਜਿਵੇਂ ਕਤਲ ਦੀ ਇੱਛਾ ਵਾਲਾ ਕਾਤਲ ਪੁਰਸ਼ ਗ੍ਰਹਿਸਥ, ਗ੍ਰਹਿਸਥ ਪੁਤਰ ਰਾਜਾ, ਰਾਜ ਪੁਰਸ਼ ਦੇ ਪ੍ਰਤਿ ਹਮੇਸ਼ਾ ਹਿੰਸਕ ਵਿਰਤੀ ਰੱਖਦਾ ਹੈ। ਹਰ ਸਮੇਂ ਸੌਂਦੇ ਜਾਗਦੇ ਉਹ ਘਾਤ ਲਗਾਈ ਰਖਦਾ ਹੈ ਵੈਰ ਕਮਾਉਂਦਾ ਹੈ ਉਸ ਦੇ ਦਿਮਾਗ ਵਿਚ ਧੋਖਾ ਦੇਣ ਵਾਲੇ ਵਿਚਾਰ ਰਹਿੰਦੇ ਹਨ। ਉਹ ਸਦਾ ਉਧੇੜਬੁਨ ਵਿਚ ਰਹਿੰਦਾ ਹੈ ਮੂਰਖਤਾ ਪੂਰਵਕ ਹਿੰਸਕ

ਵਿਚਾਰ ਰਖਦਾ ਹੈ। ਇਸ ਤਰ੍ਹਾਂ ਸਾਰੇ ਜੀਵ ਪ੍ਰਤਿ ਹਮੇਸ਼ਾ ਹਿੰਸਕ ਭਾਵ ਰਖਨ ਵਾਲਾ ਤੇ ਪ੍ਰਾਣੀ ਤਿਪਾਤ ਤੋਂ ਲੈ ਕੇ ਮਿਥਿਆ ਦਰਸ਼ਨ ਸ਼ਲਯ ਤਕ 18 ਹੀ ਪਾਪਾ ਵਿਚ ਲਗਾ ਅਗਿਆਨੀ ਜੀਵ ਦਿਨ, ਰਾਤ ਸੌਂਦੇ ਜਾਗਦੇ ਹਮੇਸ਼ਾ ਸਾਰੇ ਜੀਵਾਂ ਦਾ ਦੁਸ਼ਮਨ ਬਣਿਆ ਰਹਿੰਦਾ ਹੈ ਜੀਵਾ ਨੂੰ ਧੋਖਾ ਦੇਣ ਦਾ ਵਿਚਾਰ ਰਖਦਾ, ਮੂਰਖਤਾ ਪੂਰਵਕ ਹਿੰਸਾ ਵਿਚ ਚਿੱਤ ਲਾਉਂਦਾ ਹੈ। ਜੀਵ ਜਦ ਤਕ ਪ੍ਰਤਿਖਿਆਨ ਨਹੀਂ ਕਰਦੇ, ਪਾਪ ਕਰਮ ਬੰਧ ਤੋਂ ਤੱਦ ਤਕ ਮੁਕਤ ਨਹੀਂ ਹੁੰਦੇ, ਉਹ ਪਾਪ ਕਰਮ ਵਿਚ ਹਮੇਸ਼ਾ ਲੱਗੇ ਰਹਿੰਦੇ ਹਨ। 64।

ਪ੍ਰਸ਼ਨ ਕਰਤਾ ਆਖਦਾ ਹੈ "ਪਹਿਲਾ ਆਖੀਆਂ ਗੱਲਾ ਠੀਕ ਨਹੀਂ। ਇਸ ਸੰਸਾਰ ਵਿਚ ਬਹੁਤ ਅਜੇਹੇ ਪ੍ਰਾਣੀ ਹਨ ਜਿਨ੍ਹਾਂ ਦੇ ਸ਼ਰੀਰ ਦਾ ਅਕਾਰ ਨਾ ਵੇਖਿਆ ਗਿਆ ਹੈ ਨਾ ਸੁਣਿਆ ਹੈ, ਉਹ ਪ੍ਰਾਣੀ ਨਾ ਤਾਂ ਆਪਣੇ ਹਿਤਕਾਰੀ ਹਨ, ਨਾ ਜਾਣੂ ਹਨ। ਇਸ ਲਈ ਹਰ ਇਕ ਪ੍ਰਾਣੀਆਂ ਪ੍ਰਤਿ ਹਿੰਸਕ ਵਿਰਤੀ ਰਖਨਾ, ਦਿਨ ਰਾਤ ਸੌਂਦੇ ਜਾਗਦੇ ਦੁਸ਼ਮਨ ਵਿਰਤੀ ਰਖਨਾ, ਧੋਖੇ ਦੇਣ ਲਈ ਹੁਸ਼ਿਆਰ ਰਹਿਨਾ ਤੇ ਮੂਰਖਤਾ ਪੁਰਵਕ ਹਿੰਸਕ ਚਿਤ ਰਖਨਾ ਪ੍ਰਾਣੀਆਂ ਲਈ ਸੰਭਵ ਨਹੀਂ ਇਸ ਲਈ ਪ੍ਰਾਣੀਤਿਪਾਤ ਤੋਂ ਲੈ ਕੇ ਮਿਥਿਆ ਦਰਸ਼ਨ ਸ਼ਲਯ ਤਕ ਦੇ ਪਾਪ ਪ੍ਰਤਿ ਫਸੇ ਰਹਿਣਾ ਇਨ੍ਹਾ ਜੀਵਾ ਨੂੰ ਅਸੰਭਵ ਹੈ। 65।

ਅਚਾਰਿਆ ਸ਼੍ਰੀ ਇਸ ਪ੍ਰਸ਼ਨ ਦਾ ਉੱਤਰ ਦਿੰਦੇ ਆਖਦੇ ਹਨ ਇਸ ਸੰਬੰਧੀ ਤੀਰਥੰਕਰ ਭਗਵਾਨ ਨੇ ਦੋ ਉਦਾਹਰਨ ਦਿੱਤੇ ਹਨ ਉਹ ਇਸ ਪ੍ਰਕਾਰ ਹਨ ਸੰਗੀ (ਵਿਕਸਤ ਮਨਵਾਲੇ ਜੀਵ) ਦਿਸ਼ਟਾਂਤ ਅਸੰਗੀ (ਘੱਟ ਵਿਕਸਤਮਨ ਵਾਲੇ ਜੀਵ) ਦ੍ਰਿਸ਼ਟਾਂਤ ਉਹ ਸੰਗੀ ਦ੍ਰਿਸ਼ਟਾਂਤ ਕਿ ਹੈ ? ਜੋ ਪ੍ਰਤੱਖ ਦਿਖਨ ਵਾਲੇ ਸੰਗੀ ਪੰਜ ਇੰਦਰੀਆਂ ਪਰਿਆਪਤ ਜੀਵ ਹਨ ਇਨ੍ਹਾਂ ਵਿਚ ਪ੍ਰਿਥਵੀ ਤੋਂ ਲੈ ਕੇ ਤਰੱਸ ਕਾਇਆ ਤਕ 6 ਪ੍ਰਕਾਰ ਦੇ ਜੀਵਾ ਸੰਬੰਧੀ ਕੋਈ ਪੁਰਸ਼ ਜੋ ਪ੍ਰਿਥਵੀ ਕਾਇਆ ਤੋਂ ਹੀ ਅਪਣਾ ਭੋਜਨ ਕਰਦਾ ਹੈ, ਕਰਾਦਾ ਹੈ, ਉਸ ਦੇ ਮਨ ਵਿਚ ਅਜੇਹਾ ਵਿਚਾਰ ਪੈਦਾ ਹੁੰਦਾ ਹੈ ਕਿ ਮੈਂ ਪ੍ਰਿਥਵੀ ਕਾਇਆ ਲਈ ਕੰਮ ਕਰਦਾ ਹੈ, ਕਰਾਦਾ ਹਾਂ ਭਾਵੇ ਉਹ ਸਾਰੀ ਜਮੀਨ ਤੇ ਕੰਮ ਨਹੀਂ ਕਰਾਉਂਦਾ। ਉਸ ਸੰਬੰਧੀ ਇਹ ਆਖਿਆ

---

64 ਜੀਵ ਚਾਹੇ ਵਿਕਸਤ ਮਨ (ਸੰਗੀ) ਹੋਵੇ ਜਾਂ ਅਸੰਗੀ ਭਾਵੇਂ ਵਿਕਲਇੰਦ੍ਰੇਰੀ ਹੋਵੇ ਪਾਪ ਕਰਮ ਦਾ ਸੰਬਧ 6 ਕਾਈਆਂ ਦੇ ਜੀਵਾਂ ਨਾਲ ਹੈ। ਕੋਈ ਵੀ ਜੀਵ ਪਾਪ ਕਰਮ ਤੋਂ ਨਹੀਂ ਬੱਚ ਸਕਦੇ। ਇਸ ਸੰਭਧੀ ਖਾਲੀ ਸਰੀਰ ਦਾ ਸੰਬਧ ਨਹੀਂ ਮਨ ਤੇ ਵਚਨ ਨਾਲ ਵੀ ਪਾਪ ਕਰਮ ਬੰਧ ਹੁੰਦਾ ਹੈ।

65 ਚੇਲਾ ਪੁਛਦਾ ਹੈ ਕਿ ਕਈ ਜੀਵ ਅਜਿਹੇ ਵੀ ਹਨ ਜੋ ਅਗਿਆਤ, ਅਣਡਿਠੇ ਹਨ ਜਿਨਾਂ ਵਾਲੋਂ ਕੁਝ ਕਿਹਾ ਸੁਣਿਆ ਨਹੀਂ ਜਾ ਸਕਦਾ ਇਹ ਗੱਲ ਠੀਕ ਨਹੀਂ ਜਾਪਦੀ ਕਿ ਸਾਰੇ ਪ੍ਰਾਣੀ ਹੀ ਇਕ ਦੂਸਰੇ ਦੇ ਦੁਸ਼ਮਨ ਹਨ।

ਜਾਂਦਾ ਹੈ ਉਹ ਜਮੀਨ ਤੇ ਕੰਮ ਕਰਦਾ ਹੈ ਤੇ ਕਰਾਉਂਦਾ ਹੈ। ਇਸ ਪ੍ਰਕਾਰ ਉਹ ਪੁਰਸ਼ ਪ੍ਰਿਥਵੀ ਕਾਇਆ ਦਾ ਅਸੰਜਮੀ, ਅਵਿਰਤ, ਨਾਸ਼ਕ, ਪ੍ਰਤਿਖਿਆਨ ਰਹਿਤ ਹੈ। ਇਸੇ ਤਰ੍ਹਾਂ ਤਰੱਸ ਕਾਇਆ ਤੱਕ ਸਾਰੇ ਜੀਵਾ ਪ੍ਰਤਿ ਸਮਝਨਾ ਚਾਹੀਦਾ ਹੈ। ਕੋਈ ਪੁਰਸ 6 ਕਾਈਆਂ ਦੇ ਜੀਵਾਂ ਦੀ ਹਿੰਸਾ ਕਰਦਾ ਹੈ ਕਰਾਉਂਦਾ ਹੈ ਤਾਂ ਉਹ ਇਹੋ ਆਖ ਸਕਦਾ ਹੈ ਕਿ ਮੈਂ 6 ਕਾਇਆ ਜੀਵਾ ਦੀ ਹਿੰਸਾ ਕਰਦਾ ਹਾਂ, ਕਰਾਉਂਦਾ ਹਾਂ, ਉਸ ਆਦਮੀ ਨੂੰ ਇਹ ਧਿਆਨ ਨਹੀਂ ਹੁੰਦਾ ਕਿ ਮੈਂ ਕਿਸ ਖਾਸ ਤਰ੍ਹਾਂ ਦੇ ਜੀਵ ਦੀ ਕਿਸਮ ਦੀ ਹਿੰਸਾ ਕਰਦਾ ਹਾ, ਕਰਾਉਂਦਾ ਹਾਂ। ਸਾਰੇ ਜੀਵਾਂ ਦੀ ਨਹੀਂ। ਕਿਉਂਕਿ ਉਹ ਛੇ ਜੀਵ ਨਿਕਾਏ ਦੇ ਜੀਵਾਂ ਦੀ ਹਿੰਸਾ ਕਰਦਾ ਹੈ ਕਰਾਉਂਦਾ ਹੈ। ਇਸ ਕਾਰਣ ਇਹ ਪੁਰਸ਼ ਉਨ੍ਹਾਂ ਛੇ ਕਾਇਆਂ ਦੇ ਜੀਵਾ ਦੀ ਹਿੰਸਾ ਤੋਂ ਅਸੰਯਤ, ਅਵਿਰਤ, ਹਿੰਸਕ, ਪ੍ਰਤਿਖਿਆਨ ਰਹਿਤ ਹੈ ਉਹ ਪ੍ਰਾਣਾਤਿਪਾਤ ਤੋਂ ਲੈ ਕੇ ਮਿਥਿਆ ਦਰਸ਼ਨ ਸ਼ਲਯ ਤਕ ਪਾਪਾਂ ਦਾ ਸੇਵਨ ਕਰਨ ਵਾਲਾ ਹੈ। ਚਾਹੇ ਉਹ ਪੁਰਸ਼ ਸੁਪਨੇ ਨਹੀਂ ਵੀ ਵੇਖਦਾ ਭਾਵ ਉਹ ਨਾ ਪ੍ਰਗਟ ਕਰਨ ਯੋਗ ਚੇਤਨਾ ਵਾਲਾ ਹੈ ਤਾਂ ਵੀ ਪਾਪ ਕਰਮ ਕਰਦਾ ਹੈ। ਇਹ ਸੰਗੀ ਦਾ ਦ੍ਰਿਸ਼ਟਾਂਤ ਹੈ।

ਪ੍ਰਸ਼ਨ ਕਰਤਾ ਪੁਛਦਾ ਹੈ "ਹੇ ਗੁਰੂਦੇਵ ! ਤੀਰਥੰਕਰਾਂ ਨੇ ਅਸੰਗੀ ਦਾ ਜੋ ਦ੍ਰਿਸ਼ਟਾਤ ਦਸਿਆ ਹੈ ਉਹ ਫੁਰਮਾਨ ਦੀ ਖੇਚਲ ਕਰੋ। (ਗੁਰੂਦੇਵ ਆਖਦੇ ਹਨ) "ਪ੍ਰਿਥਵੀ ਕਾਇਆ ਤੋਂ ਲੈ ਕੇ ਬਨਸਪਤੀ ਕਾਇਆ ਦੇ ਜੀਵ ਤਕ ਪੰਜ ਸਥਾਵਰ ਤੇ ਛੇਵੇ ਤਰੱਸ ਜੋ ਅਸੰਗੀ (ਅਵਿਕਸਤ ਮਨ ਵਾਲੇ) ਜੀਵ ਹਨ। ਇਨ੍ਹਾਂ ਵਿਚ ਨਾ ਤਰਕ ਹੈ ਨਾ ਸੰਗਿਆ ਹੈ, ਨਾ ਬੁਧੀ ਹੈ, ਨਾ ਚਿੰਤਨ ਹੈ ਨਾ ਬੋਲੀ ਹੈ, ਨਾ ਤਾਂ ਖੁਦ ਕੁਝ ਕਰ ਸਕਦੇ ਹਨ ਨਾ ਦੂਸਰੇ ਤੇ ਕੁਝ ਕਰਾ ਸਕਦੇ ਹਨ ਨਾ ਕਰਦੇ ਨੂੰ ਚੰਗਾ ਸਮਝ ਸਕਦੇ ਹਨ।

ਉਹ ਅਗਿਆਨ ਪ੍ਰਾਣੀ ਵੀ ਸਾਰੇ ਪ੍ਰਾਣੀਆਂ, ਜੀਵਾਂ, ਸੱਤਵਾ ਦੇ ਦਿਨ ਰਾਤ, ਸੌਂਦੇ, ਜਾਗਦੇ, ਹਰ ਸਮੇਂ ਦੁਸ਼ਮਨ ਬਣੇ ਰਹਿੰਦੇ ਹਨ ਧੋਖਾ ਦੇਣਾ ਚਾਹੁੰਦੇ ਹਨ ਹਿੰਸਕ ਚਿੱਤ ਵਿਰਤੀ ਰਖਦੇ ਹਨ। ਇਹ ਜੀਵ ਦੀ ਪ੍ਰਾਣਤਿਪਾਤ ਤੋਂ ਲੈ ਕੇ ਮਿਥਿਆ ਦਰਸ਼ਨ ਸ਼ੱਲਯ ਤਕ 18 ਪਾਪਾ ਵਿਚ ਲਗੇ ਰਹਿੰਦੇ ਹਨ। ਇਨ੍ਹਾਂ ਜੀਵਾ ਪਾਸ ਦਰਵ ਤੇ ਭਾਵ ਮਨ ਨਹੀਂ ਹੁੰਦਾ।

ਇਨ੍ਹਾਂ ਜੀਵਾ ਪਾਸ ਮਨ (ਵਿਕਸਤ ਮਨ) ਨਹੀਂ ਹੁੰਦਾ। ਵਚਨ ਵੀ ਨਹੀਂ ਹੁੰਦਾ।

ਫੇਰ ਵੀ ਇਹ ਜੀਵ ਸਾਰੇ ਪ੍ਰਾਣੀਆਂ ਭੂਤਾ, ਜੀਵਾ ਤੇ ਸੱਤਵਾ ਦੇ ਹਿੰਸਕ-ਦਿਨ-ਰਾਤ, ਸੌਂਦੇ ਜਾਗਦੇ, ਦੁਸ਼ਮਨ ਬਣੇ ਰਹਿੰਦੇ ਹਨ ਧੋਖਾ ਦਿੰਦੇ ਹਨ ਪ੍ਰਣੀਤਿਪਾਤ ਤੋਂ ਲੈ ਕੇ ਮਿਥਿਆ ਦਰਸ਼ਨ ਤਕ 18 ਪਾਪਾ ਵਿਚ ਰਹਿੰਦੇ ਹਨ, ਭਾਵੇ ਉਨ੍ਹਾਂ ਜੀਵਾ ਦੇ ਦਰਵ ਮਨ ਦੀ ਤਰ੍ਹਾਂ ਭਾਵ ਮਨ ਨਹੀਂ ਹੁੰਦਾ ਫੇਰ ਵੀ ਉਸ ਪ੍ਰਾਣੀਆ ਭੂਤਾ, ਜੀਵਾ ਤੇ ਸੱਤਵਾ ਨੂੰ ਦੁੱਖ, ਦੇਣਾ ਵਿਲਾਪ, ਸੰਤਾਪ, ਰੁਦਨ, ਪੀੜਾ, ਹਤਿਆ ਕਰਨ ਵਾਲੇ, ਕਸ਼ਟ ਦੇਣ ਵਾਲੇ ਜਾਂ ਉਨ੍ਹਾਂ

ਨੂੰ ਇਕੋ ਵੇਲੇ ਦੁਖ, ਸੋਗ, ਵਿਲਾਪ, ਸੰਤਾਪ, ਰੁਦਨ ਪੀੜ, ਬੰਧਨ ਤੇ ਕਲੇਸ਼ ਦੇਵ ਤੋਂ ਮੁਕਤ ਨਹੀਂ ਹੁੰਦੇ, ਸਗੋਂ ਹਮੇਸ਼ਾ ਪਾਪ ਕਰਨ ਵਿਚ ਲੱਗੇ ਰਹਿੰਦੇ ਹਨ। ਇਸ ਪ੍ਰਕਾਰ ਇਹ ਪ੍ਰਾਣੀ ਅਸੰਗੀ ਹੁੰਦੇ ਹੋਏ ਵੀ ਪ੍ਰਾਣਾਤਿਪਾਤ ਤੋਂ ਲੈ ਕੇ ਝੂਠ ਤੇ ਪਰਿਗ੍ਰਹਿ ਤਕ, ਫੇਰ ਮਿਥਿਆ ਦਰਸ਼ਨ ਸ਼ਲਯ ਤਕ ਸਾਰੇ ਪਾਪ ਸਥਾਨਾ ਵਿਚ ਰਾਤ ਦਿਨ ਪਾਪ ਕਰਮ ਵਿਚ ਲੱਗੇ ਰਹਿੰਦੇ ਹਨ। ਸਾਰੇ ਜੂਨਾ ਦੇ ਪ੍ਰਾਣੀ ਨਿਸ਼ਚਤ ਰੂਪ ਵਿਚ ਸੰਗੀ ਹੋ ਕੇ ਅਸੰਗੀ ਹੋ ਜਾਂਦੇ ਹਨ ਤੇ ਅਸੰਗੀ ਹੋ ਕੇ ਸੰਗੀ ਹੋ ਜਾਂਦੇ ਹਨ। ਉਹ ਸੰਗੀ ਤੇ ਅਸੰਗੀ ਪਾਪ ਕਰਮ ਤੋਂ ਅੱਡ ਨਾ ਹੁੰਦੇ ਹੋਏ, ਕਰਮ ਨਾ ਝਾੜਦੇ ਹੋਏ, ਨਾ ਛੇਕਦੇ ਹੋਏ, ਨਾ ਪਸ਼ਚਾਤਾਪ ਕਰਦੇ ਹੋਏ, ਉਹ ਅਸੰਗੀ ਸਰੀਰ ਤੋਂ ਸੰਗੀ ਹੋ ਜਾਂਦੇ ਹਨ ਅਤੇ ਸੰਗੀ ਸ਼ਰੀਰ ਤੋਂ ਸੰਗੀ ਹੋ ਜਾਂਦੇ ਹਨ। ਅਤੇ ਸੰਗੀ ਸਰੀਰ ਤੋਂ ਅਸੰਗੀ ਸਰੀਰ ਧਾਰਨ ਕਰਦੇ ਹਨ। ਕਦੇ ਸੰਗੀ ਤੋਂ ਸੰਗੀ ਵੀ ਬਨਦੇ ਹਨ। ਅਸੰਗੀ ਤੋਂ ਅਸੰਗੀ ਬਣਦੇ ਹਨ। ਇਹ ਜੋ ਸੰਗੀ ਜਾ ਅਸੰਗੀ ਜੀਵ ਹਨ ਉਹ ਸਾਰੇ ਮਿਥਿਆਤਵੀ ਹੁੰਦੇ ਹਨ ਮੂਰਖਤਾ ਨਾਲ ਹਿੰਸਕ ਚਿਤਵਿਰਤੀ ਧਾਰਨ ਕਰਦੇ ਹਨ। ਇਸ ਲਈ ਪ੍ਰਾਣੀਤਿਪਾਤ ਤੋਂ ਲੈ ਕੇ ਮਿਥਿਆ ਦਰਸ਼ਨ ਸ਼ਲਯ ਤਕ 18 ਪਾਪਾ ਦਾ ਸੇਵਨ ਕਰਦੇ ਹਨ। "ਇਸੇ ਕਾਰਣ ਹੀ ਭਗਵਾਨ ਮਹਾਵੀਰ ਨੇ ਉਨ੍ਹਾਂ ਜੀਵਾ ਨੂੰ ਅਸੰਜਤ, ਅਵਿਰਤ, ਕ੍ਰਿਆ ਵਾਲੇ, ਪਾਪੀ ਪ੍ਰਤਿਖਿਆਨ ਤੇ ਸਬਰ ਰਹਿਤ, ਏਕਾਂਤ ਹਿੰਸਕ, ਏਕਾਂਤ ਅਗਿਆਨੀ, ਤੇ ਸੁਤੇ ਹੋਏ ਕਿਹਾ ਹੈ। ਉਹ ਅਗਿਆਨੀ ਜੀਵ ਚਾਹੇ ਮਨ, ਵਚਨ, ਕਾਇਆ ਤੇ ਵਾਕ ਦੇ ਪ੍ਰਯੋਗ ਤੇ ਵਿਚਾਰ ਰਹਿਤ ਹੋਣ ਅਤੇ ਸੁਪਨੇ ਵੀ ਨਾ ਵੇਖਦੇ ਹੋਣ, ਅਵਿਕਸਤ ਮਨ ਵਾਲੇ ਹੋਣ, ਤਾਂ ਵੀ ਉਹ ਪਾਪ ਕਰਮ ਕਰਦੇ ਹਨ। 66।

---

66 ਇਸ ਪਾਠ ਵਿਚ ਮਨ ਵਾਲੇ ਅਤੇ ਅਵਿਕਸਤ ਮਨ ਵਾਲੇ ਅਸੰਗੀ ਜੀਵਾਂ ਦੀ ਪਾਪ ਕਰਮ ਬੰਧ ਦੀ ਸ਼ਕਤੀ ਨੂੰ ਪ੍ਰਗਟ ਕੀਤਾ ਗਿਆ ਹੈ। ਅਸੰਗੀ ਉਨ੍ਹਾਂ ਨੂੰ ਆਖਦੇ ਹਨ ਜੋ ਜੀਵ, ਸਮਿਅੱਕ ਗਿਆਨ ਖਾਸ ਚੇਤਨਾ, ਅਤੇ ਦਰਵੱਮਨ ਤੋਂ ਰਹਿਤ ਹਨ। ਇਹ ਜੀਵ ਸੋਏ ਹੋਏ, ਮਤਵਾਲੇ ਜਾਂ ਬੇਹੋਸ਼ ਦੀ ਤਰ੍ਹਾਂ ਹਨ। ਪ੍ਰਿਥਵੀ, ਹਵਾ, ਅੱਗ, ਪਾਣੀ, ਬਨਸਪਤਿ ਤਕ (ਸਥਾਵਰ) ਦੇ ਸਾਰੇ ਜੀਵ ਇਕ ਇੰਦਰੀ ਅਸੰਗੀ ਹਨ। ਦੋ, ਤਿੰਨ, ਚਾਰ ਇੰਦਰੀਆਂ ਵਾਲੇ ਜੀਵ ਵੀ ਅਸੰਗੀ ਹਨ। ਪੰਜ ਇੰਦਰੀਆ ਵਾਲੇ ਕੁਝ ਤਰਸ ਜੀਵਨ ਅਸੰਗੀ ਹੁੰਦੇ ਹਨ ਕੁਝ ਨਹੀਂ।

ਇਨ੍ਹਾਂ ਅਸੰਗੀ ਜੀਵਾਂ ਦੇ ਤਰਕ, ਸੰਗਿਆ, ਬੁੱਧੀ, ਆਲੋਚਨਾ ਕਰਨ ਦੀ ਸ਼ਕਤੀ, ਪਛਾਨ ਦੀ ਸ਼ਕਤੀ, ਚਿੰਤਨ, ਮਨਨ, ਸ਼ਬਦ, ਉਚਾਰਨ ਦੀ ਸ਼ਕਤੀ, ਕੋਈ ਕੰਮ ਖੁਦ ਕਰਨਾ, ਕਰਾਉਣਾ ਜਾਂ ਕਿਸੇ ਕੰਮ ਨੂੰ ਚੰਗਾ ਮੰਦਾ ਆਖਣ ਦੀ ਸ਼ਕਤੀ ਨਹੀਂ ਹੁੰਦੀ। ਫੇਰ ਵੀ ਇਹ ਜੀਵ ਦੂਸਰੇ ਜੀਵਾਂ ਨੂੰ ਨਸ਼ਟ ਕਰਨ ਦੀ ਯੋਗਤਾ ਰਖਦੇ ਹਨ ਕਿਉਂ-

(ਬਾਕੀ ਸਫਾ 231 ਤੇ)

ਫੇਰ ਪ੍ਰਸ਼ਨ ਕਰਤਾ, ਗੁਰੂ ਦੇਵ ਤੋਂ ਪ੍ਰਸ਼ਨ ਕਰਦਾ ਹੈ, ਮਨੁੱਖ ਕਿ ਕਰਦਾ ਹੋਇਆ ਕਿ ਕਰਾਉਂਦਾ ਹੋਇਆ, ਕਿਸ ਤਰ੍ਹਾਂ ਸੰਯਤ, ਵਿਰਤ, ਪਾਪ ਕਰਮ ਦਾ ਨਾਸ਼ਕ ਪ੍ਰਤਿਖਿਆਨ ਵਾਲਾ ਹੁੰਦਾ ਹੈ ? ਇਸ ਦੇ ਉਤਰ ਵਿਚ ਅਚਾਰਿਆ ਆਖਦੇ ਹਨ" ਇਸ ਸੰਬੰਧੀ ਤੀਰਥੰਕਰ ਭਗਵਾਨ ਨੇ ਛੇ ਪ੍ਰਕਾਰ ਦੇ ਪ੍ਰਾਣੀਆਂ ਦੇ ਸਮੂੰਹ ਨੂੰ ਕਾਰਣ ਕਿਹਾ ਹੈ। ਜਿਵੇਂ ਡੰਡਾ, ਹੱਡੀ, ਇੱਟ ਮੁਕਾ, ਠੀਕਰ ਨਾਲ ਡਰਾਉਨ ਨਾਲ ਗੜਬੜ, ਕਰਨ ਤੇ, ਇਕ ਹੀ ਰੋਮ ਪੁਟਨ ਤੇ ਭੈ ਕਾਰਣ ਦੁੱਖ ਮੰਨਦਾ ਹਾਂ" ਇਸੇ ਤਰ੍ਹਾਂ ਸਮਝਣਾ ਚਾਹੀਦਾ ਹੈ ਸਾਰੇ ਪ੍ਰਾਣੀ ਤੇ ਸੱਤਵ ਡੰਡੇ ਤੋਂ ਲੈ ਕੇ ਠੀਕਰ ਤੱਕ ਦੇ ਮਾਰਨ ਤੇ, ਡਰਾਉਣ ਤੇ ਇਕ ਰੋਮ ਤੱਕ ਪੁਟਨ ਤੇ ਹਿੰਸਕ ਦੁਖ ਤੇ ਭੈ ਕਾਰਣ ਦੁਖ ਮੰਨਦੇ ਹਨ। ਅਜੇਹਾ ਜਾਨ ਕੇ ਸਾਰੇ ਪ੍ਰਾਣੀ, ਭੂਤ ਸਤਵਾਂ ਨੂੰ ਮਾਰਨਾ ਨਹੀਂ ਚਾਹੀਦਾ, ਨਾ ਉਪਦਰਵ ਕਰਨਾ ਚਾਹੀਦਾ।" ਇਹ ਅਹਿੰਸਾ ਧਰਮ ਹੀ ਧਰੁਵ ਹੈ ਨਿੱਤ ਹੈ, ਸ਼ਾਸਵਤ ਹੈ।" ਲੋਕ ਸੁਭਾਵ ਨੂੰ ਜਾਣ ਕੇ ਸ੍ਰੀ ਤੀਰਥੰਕਰਾ ਨੇ ਇਸ ਤਰ੍ਹਾਂ ਕਿਹਾ ।

ਇਹ ਜਾਣ ਕੇ ਸਾਧੂ ਪ੍ਰਾਣੀਤਿਪਤ ਤੋਂ ਲੈ ਕੇ ਮਿਥਿਆ ਦਰਸ਼ਨ ਸ਼ਲਯ ਤਕ 18 ਪਾਪਾ ਛੱਡਦਾ ਹੈ। ਉਹ ਸਾਧੂ ਦੰਦ ਨੂੰ ਸਾਫ ਕਰਨ ਵਾਲੀ ਲਕੜੀ ਦਾਤੂਨ, ਮੰਜਨ, ਹੋਰ ਸਾਧਨ ਦੰਦਾ ਦੀ ਸ਼ੋਭਾ ਲਈ ਨਾ ਵਰਤੇ। ਅੱਖਾਂ ਵਿਚ ਸੁਰਮਾ ਨਾ ਪਾਵੇ, ਨਾ ਹੀ ਦਵਾ ਦਾਰੂ ਨਾਲ ਪੇਟ ਸਾਫ ਕਰੇ। ਨਾ ਹੀ ਧੂਫ ਨਾਲ ਕੱਪੜੇ ਨੂੰ ਸੰਗਧਿਤ ਕਰੇ।

ਅਜੇਹਾ ਸਾਧੂ ਪਾਪ ਕ੍ਰਿਆ ਰਹਿਤ, ਹਿੰਸਾ ਰਹਿਤ, ਕਰੋਧ, ਮਾਨ, ਮਾਇਆ ਤੇ ਲੋਭ ਰਹਿਤ, ਉਪਸ਼ਾਤ ਤੇ ਪਾਪ ਤੋਂ ਦੂਰ ਹੋ ਕੇ ਰਹੇ।" ਅਜੇਹਾ ਤਿਆਗੀ ਪ੍ਰਤਿਖਿਆਨੀ ਸਾਧਕ ਨੂੰ ਭਗਵਾਨ ਤੀਰਥੰਕਰ ਦੇਵ ਨੇ ਸੰਯਤ, ਵਿਰਤੀ ਵਾਲਾ, ਪਾਪ ਕਰਮਾ ਦਾ ਨਾਸ਼ਕ, ਪ੍ਰਤਿਖਿਆਨੀ, ਅਕ੍ਰਿਆ (ਪਾਪ ਕ੍ਰਿਆ ਰਹਿੰਤ) ਸਵੰਰ ਵਾਲਾ ਤੇ ਹਮੇਸ਼ਾ ਪੰਡਤ (ਗਿਆਨੀ) ਕਿਹਾ ਹੈ। ਅਜੇਹਾ ਮੈਂ ਆਖਦਾ ਹਾਂ।67

---

ਕਿ ਇਨ੍ਹਾਂ ਜੀਵਾਂ ਨੇ ਕਿਸੇ ਪ੍ਰਕਾਰ ਦੇ ਜੀਵਾਂ ਦੀ ਹਿੰਸਾ ਦਾ ਤਿਆਗ ਨਹੀਂ ਕੀਤਾ ਹੁੰਦਾਂ, ਪ੍ਰਤਿਖਿਆਨ ਨਹੀਂ ਕੀਤਾ ਹੈ। ਫੇਰ ਇਨ੍ਹਾਂ ਦਾ ਮਨ, ਵਚਨ ਤੇ ਕਾਇਆ ਦਾ ਖਾਸ ਵਿਉਪਾਰ ਕ੍ਰਿਆ ਨਹੀਂ, ਫੇਰ ਵੀ ਇਨ੍ਹਾਂ ਨੂੰ ਪ੍ਰਾਣਾਤਿਪਾਤ ਤੋਂ ਲੈਕੇ ਮਿਥਿਆ ਦਰਸ਼ਨ ਸਲਾਹ ਤਕ ਦੇ 18 ਪਾਪ ਲਗਦੇ ਹਨ।

ਇਸੇ ਤਰ੍ਹਾਂ ਜੋ ਮਨੁਖ ਪ੍ਰਤਿਖਿਆਨ ਨਹੀਂ, ਉਸਨੂੰ ਵੀ ਭੈੜੇ ਇਰਾਦੇ ਕਾਰਣ ਇਹ 18 ਪਾਪ ਲਗਦੇ ਹਨ। ਸਾਸਤਰ ਕਾਰ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਹਰ ਸੰਗੀ ਅਸੰਗੀ ਬਣ ਸਕਦਾ ਹੈ ਅਸੰਗੀ ਬਣ ਸਕਦਾ ਹੈ ਅਸੰਗੀ ਸਗੀ ਬਣ ਸਕਦਾ ਹੈ ਅਸੰਗੀ ਅੰਸਗੀ ਰਹਿ ਸਕਦਾ ਹੈ ਸੰਗੀ ਸੰਗੀ ਰਹਿ ਸਕਦਾ ਹੈ। ਜੇ ਜੀਵ ਇਕੋ ਅਵਸਥਾ ਵਿਚ ਰਹਿਣ ਤਾਂ ਪਾਪ ਤੇ ਪੁੰਨ ਕਰਮ ਦਾ ਫਲ ਕਿਸ ਤਰ੍ਹਾਂ ਮਿਲੇ। ਭਾਵ ਇਹ ਹੈ ਕਿ ਅਸੰਜਤ ਅਵਿਰਤ ਜੀਵ ਭਾਵੇਂ ਸੰਗੀ ਹੋਵੇ ਜਾਂ ਅਸੰਗੀ, ਪਾਪ ਕਰਮ ਜ਼ਰੂਰ ਕਰਦਾ ਹੈ ਕਿਉਂਕਿ ਇਹ ਸਭ ਜੀਵ ਪ੍ਰਤਿਖਿਆਨ ਤੋਂ ਰਹਿਤ ਹਨ। ਪਾਪਾਂ ਦਾ ਤਿਆਗ (ਪ੍ਰਤਿਖਿਆਨ) ਨਹੀਂ ਕੀਤਾ, ਇਸੇ ਕਾਰਣ ਪਾਪ ਕਰਮ ਦਾ ਸ਼ਿਕਾਰ ਹੁੰਦੇ ਹਨ।



# ਪੰਜਵਾਂ ਅਧਿਐਨ-ਅਨਗਾਰ ਸ਼ਰੁਤ-ਆਚਾਰ ਸਰੁਤ

ਸਾਧਕ ਨੂੰ ਸੰਜਮ ਦਾ ਗਿਆਨ ਹੋਣਾ ਜ਼ਰੂਰੀ ਹੈ। ਉਸ ਸਾਧੂ ਪੁਰਸ਼ ਨੂੰ ਆਚਾਰ (ਗ੍ਰਹਿਣ ਕਰਨ ਯੋਗ) ਤੇ ਅਨਾਚਾਰ (ਛਡਨ ਯੋਗ) ਗੱਲਾਂ ਦਾ ਪਤਾ ਹੋਣਾ ਜ਼ਰੂਰੀ ਹੈ। ਜੋ ਆਚਾਰ ਪਾਲਨ ਅਤੇ ਅਨਾਚਾਰ ਛੱਡਣ ਵਿਚ ਹੋਣਾ ਜ਼ਰੂਰੀ ਹੈ। ਜੋ ਆਚਾਰ ਪਾਲਨ ਅਤੇ ਅਨਾਚਾਰ ਛੱਡਣ ਵਿਚ ਹੁਸ਼ਿਆਰ ਹੈ ਉਹ ਹੀ ਭੇੜਾ ਰਾਹ ਛਡ ਕੇ ਸੱਚੇ ਮਾਰਗ ਤੇ ਚਲਣ ਵਾਲਾ, ਸਾਰੇ ਦੋਸ਼ਾ ਤੋਂ ਰਹਿਤ ਹੋਕੇ ਛੇਤੀ ਹੀ ਆਪਣੀ ਮੰਜ਼ਲ ਪ੍ਰਾਪਤ ਕਰ ਲੈਂਦਾ ਹੈ।

ਜਿਸ ਆਚਾਰ ਦਾ ਇਸ ਅਧਿਐਨ ਵਿਚ ਵਰਨਣ ਹੈ ਉਹ ਸਾਧੂਆ ਨਾਲ ਸੰਭਧਿਤ ਹੈ ਇਸ ਲਈ ਇਸ ਅਧਿਐਨ ਦਾ ਨਾ ਅਨਗਾਰ ਸ਼ਰੁਤ ਹੈ। ਨਿਰਯੁਕਤੀਕਾਰ ਨੇ ਇਸ ਅਧਿਐਨ ਦਾ ਸਾਰ ਅਨਾਚਾਰ [ਨਾਂ ਗ੍ਰਹਿਣ ਯੋਗ] ਦਾ ਤਿਆਗ ਦਸੀਆ ਹੈ। ਜਦ ਤਕ ਸਾਧਕ ਨੂੰ ਆਚਾਰ ਦਾ ਗਿਆਨ ਨਹੀਂ ਹੁੰਦਾ, ਉਹ ਅਨਾਚਾਰ ਨਹੀਂ ਛੱਡ ਸਕਦਾ। ਨਾ ਹੀ ਅਗਿਆਨੀ ਸਾਧਕ ਗ੍ਰਹਿਣ ਕਰਨ ਯੋਗ ਤੇ ਛਡਨ ਯੋਗ ਵਿਚ ਭੇਦ ਕਰ ਸਕਦਾ ਹੈ।

ਇਸ ਅਧਿਐਨ ਵਿਚ 33 ਗਾਥਾਵਾਂ ਹਨ। 11 ਗਾਥਾਵਾਂ ਵਿਚ ਏਕਾਂਤ ਵਾਦ ਨੂੰ ਨਾਂ ਗ੍ਰਹਿਣ ਕਰਨ ਯੋਗ ਦਸਿਆ ਹੈ। ਜੈਨ ਧਰਮ ਅਨੇਕਾਂਤ ਵਾਦੀ ਹੈ ਸੱਚ ਨੂੰ ਬਹੁ ਪੱਖੀ ਮੰਨਦਾ ਹੈ। ਹੋਰ ਧਰਮ **ਹੀ** ਵਿਚ ਵਿਸ਼ਵਾਸ ਰਖਦੇ ਹਨ, ਜੈਨ ਧਰਮ ਸਚਾਈ ਦੇ ਬਹੁ ਪਖਾਂ ਨਾਲ ਚਿੰਤਨ ਕਰਦਾ ਹੋਈਆ **ਵੀ** ਨੂੰ ਮੰਨਦਾ ਹੈ। ਇਸ ਨਾਲ ਵਿਚਾਰਾ ਦੀ ਵਿਸ਼ਾ- ਲਤਾ ਵਧਦੀ ਹੈ। ਇਥੇ ਸਾਧਕ ਨੂੰ ਏਕਾਂਤਵਾਦ ਨੂੰ ਛਡਨ ਦੀ ਲਈ ਪ੍ਰੇਰਣਾ ਕੀਤੀ ਗਈ ਹੈ।

ਇਸ ਬਾਅਦ ਲੋਕ-ਅਲੋਕ, ਜੀਵ-ਅਜੀਵ, ਧਰਮ-ਅਧਰਮ, ਬੰਧ-ਮੋਕਸ਼, ਪੁੰਨ-ਪਾਪ, ਆਸ਼ਰਵ ਸੰਬਰ, ਨਿਰਜਰਾ, ਕ੍ਰਿਆ ਅਕ੍ਰਿਆ, ਕਰੋਧ, ਮਾਨ ਮਾਇਆ, ਲੋਭ ਰਾਗ, ਦਵੇਸ਼, ਸੰਸਾਰ, ਸਿਧੀ, ਅਸਿਧੀ, ਦੇਵ, ਦੇਵੀ, ਸਾਧੂ, ਅਸਾਧੂ, ਕਲਿਆਨ, ਅਕਲਿਆਨ ਸੰਭਧੀ ਮਾਨਤਾਵਾਂ ਤੋਂ ਇਨਕਾਰੀ ਹੋਰ ਮਾਨਤਾਵਾਂ ਵਾਲਿਆ ਨੂੰ ਅਨਾਚਾਰੀ (ਨਾ ਗ੍ਰਹਿਣ ਕਰਨ ਯੋਗ] ਕਿਹਾ ਗਿਆ ਹੈ। ਲੋਕ ਦੇ ਸਵਰੂਪ ਨੂੰ ਸਮਝਣ ਦੀ ਆਗਿਆ ਦਿੱਤੀ ਗਈ ਹੈ। ਗਾਥਾਵਾਂ ਵਿਚ ਖਾਸ ਕਿਸਮ ਦਾ ਭਾਸ਼ਾ ਬੋਲਨ ਦੀ ਸਾਧੂ ਨੂੰ ਮਨਾਹੀ ਕੀਤੀ ਗਈ ਹੈ।

# ਪੰਜਵਾਂ ਅਧਿਐਨ ਅਨਾਗਾਰ ਸਰੁਤ-ਅਚਾਰ ਸ਼ਰੁਤ

ਆਸ਼ੁਪ੍ਰਗਿਆ-ਸੱਤ ਤੇ ਅਸੱਤ ਦਾ ਗਿਆਨੀ ਸਾਧਕ ਇਸ ਅਧਿਐਨ ਦੇ ਵਾਕ ਤੇ ਬ੍ਰਹਮਚਰਜ (ਮਹਾਤਮਾ ਨਾਲ ਸੰਬਧਿਤ ਧਰਮ) ਨੂੰ ਧਾਰਨ ਕਰਕੇ ਇਸ ਵੀਤਰਾਗ ਧਰਮ ਵਿਚ ਰਹਿ ਕੇ ਕਦੇ ਦੁਰਚਾਰ ਦਾ ਸੇਵਨ ਨਾ ਕਰੇ । 1 । ਵਿਵੇਕੀ ਪੁਰਸ਼ ਇਸ ਸੰਸਾਰ ਨੂੰ ਅਨਾਦਿ (ਸ਼ੁਰੂਰਹਿਤ) ਅੰਤ ਰਹਿਤ ਅਨੰਤ, ਇਹ 14 ਰਾਜੂ ਲੋਕ ਵਿਚ ਫੈਲਿਆ ਧਰਮ ਅਧਰਮ ਆਦਿ ਦਰਵ ਰੂਪ ਜਾਨਦਾ ਹੈ । 'ਇਹ ਲੋਕ ਏਕਾਂਤ ਨਿੱਤ (ਸਿਰਫ ਰਹਿਨ ਵਾਲਾ) ਏਕਾਂਤ ਅਨਿਤ (ਸਿਰਫ ਵਿਨਾਸ਼ੀ) ਹੈ ।' ਅਜੇਹੀ ਬੁਧੀ ਨਾ ਰਖੇ । 2

ਏਕਾਂਤ ਨਿਤ ਤੇ ਏਕਾਂਤ ਅਨਿੱਤ, ਇਨ੍ਹਾਂ ਦੋਨਾ ਏਕਾਂਤ ਪਖਾਂ ਵਿਚ ਸ਼ਾਂਸਤਰ ਦਾ ਵਿਵਹਾਰ ਨਹੀਂ ਚਲ ਸਕਦਾ ਇਨ੍ਹਾਂ ਦੋਹਾਂ ਦੀ ਏਕਾਂਤ ਮਾਨਤਾ ਦੁਰਾਚਾਰ ਸੇਵਨ ਕਰਨ ਤੁਲ ਹੈ । 3 ।

---

1 (ਆਸ਼ਪ੍ਰਗਿਆ) ਤੋਂ ਭਾਵ ਹੈ ਅਪਣਾ ਹਿੱਤ ਤੇ ਅਹਿੱਤ ਦਾ ਗਿਆਨੀ ਪੰਡਿਤ । ਬ੍ਰਹਮਚਰਜ ਵਾਰੇ ਵਿਰਤੀਕਾਰ ਦਾ ਆਖਣਾ ਹੈ ਬ੍ਰਹਮਚਰਜ ਦਾ ਅਰਥ ਹੈ ਕਿ ਇਹ ਆਤਮਾ ਸੰਬਧੀ ਚਰਿਆ ਕਰਦਾ ਹੈ । ਭਾਵ ਵੀਤਰਾਗ ਪ੍ਰਮਾਤਮਾ ਦਵਾਰਾ ਆਖੇ ਵਚਨਾ ਵਿਚ ਘੁਮਨਾ ਵੀ ਬ੍ਰਹਮਚਰਜ ਹੈ । ਜਿਵੇਂ ਇਕ ਅਚਾਰਿਆ ਦਾ ਕਥਨ ਹੈ ।

ਸੱਚ ਬ੍ਰਹਮ ਹੈ, ਤੱਪ ਬ੍ਰਹਮ ਹੈ, ਇੰਦਰੀਆਂ ਤੇ ਕਾਬੂ ਪਾਨਾ ਬ੍ਰਹਮਚਰਜ ਹੈ, ਸਾਰੇ ਪ੍ਰਾਣੀਆ ਪ੍ਰਤਿ ਦਿਆ ਬ੍ਰਹਮ ਹੈ । ਇਹੋ ਬ੍ਰਹਮ ਦਾ ਲਛਣ ਹੈ ।

2-3 ਸੰਸਾਰ ਵਿਚ ਜਿਨੇ ਵੀ ਪਦਾਰਥ ਹਨ ਉਹ ਕਿਸੇ ਪੱਖੋਂ ਨਿੱਤ ਅਤੇ ਕਿਸੇ ਪਖੋਂ ਅਨਿੱਤ ਹਨ ਕਿਸੇ ਵੀ ਪਦਾਰਥ ਨੂੰ ਏਕਾਂਤ ਪੱਖੋਂ ਨਿੱਤ ਜਾ ਅਨਿੱਤ ਆਖਣਾ ਸ਼ਾਸਤਰਕਾਰ ਦੀ ਦ੍ਰਿਸ਼ਟੀ ਵਿਚ ਦੁਰਾਚਾਰ ਸੇਵਨ ਹੈ ਕਿਉਂਕਿ ਸੱਚ ਦੇ ਬਹੁਤ ਪੱਖ ਹੁੰਦੇ ਹਨ ਇਕ ਪਖ ਗ੍ਰਹਿਣ ਕਰਣ ਨਾਲ ਸਚਾਈ ਸਾਹਮਣੇ ਨਹੀਂ ਆਂਦੀ । ਇਸ ਵਾਰੇ ਇਕ ਉਦਾਹਰਣ ਬਹੁਤ ਪ੍ਰਸਿਧ ਹੈ ਕਿਸੇ ਰਾਜੇ ਨੇ ਆਪਣੀ ਲੜਕੀ ਦਾ ਸੋਨੇ ਦਾ ਕੜਾ ਗਲਵਾ ਕੇ ਉਸਦਾ ਮੁਕਟ ਸੁਨਿਆਰ ਕੋਲੋਂ ਆਪਣੇ ਰਾਜਕੁਮਾਰ ਲਈ ਬਣਵਾ ਦਿੱਤਾ, ਕੜੇ ਦੇ ਪਿਘਲਣ ਕਾਰਣ ਰਾਜਕੁਮਾਰੀ ਬਹੁਤ ਦੁਖੀ ਹੋਈ ਪਰ ਰਾਜ ਕੁਮਾਰ ਮੁਕਟ ਮਿਲਣ ਕਾਰਣ ਬਹੁਤ ਖੁਸ਼ ਹੋਇਆ ਰਾਜਾ ਨਾ ਖੁਸ਼ ਅਤੇ ਨਾ ਦੁਖੀ ਹੋਇਆ । ਕਿਉਂ ਜੋ ਉਸ ਦਾ ਸੋਨਾ ਤਾਂ ਉਂਝ ਹੀ ਬਰਕਰਾਰ ਰਿਹਾ । ਇਸੇ ਤਰ੍ਹਾਂ ਜੇ ਪਦਾਰਥ ਏਕਾਂਤ ਨਿੱਤ ਹੀ ਹੋਣ ਤਾਂ ਰਾਜਕੁਮਾਰੀ ਦੁਖੀ ਹੋਣਾ ਬੇਕਾਰ ਹੈ, ਅਤੇ ਜੇ ਪਦਾਰਥ ਅਨਿੱਤ ਹੋਣ ਤਾਂ ਰਾਜਕੁਮਾਰ ਦਾ ਖੁਸ਼ ਹੋਣਾ ਬੇਕਾਰ ਹੈ, ਇਸ ਲਈ ਪਦਾਰਥ ਕਿਸੇ ਪੱਖੋਂ ਨਿੱਤ ਵੀ ਹੈ ਅਤੇ ਕਿਸੇ ਪਖੋਂ ਅਨਿੱਤ । ਇਸ ਤਰ੍ਹਾਂ ਮੰਨਣ ਨਾਲ ਪਦਾਰਥ ਦਾ ਮੂਲ ਉਸੇ ਪ੍ਰਕਾਰ ਰਹਿੰਦਾ ਹੈ ਪਰ ਸੁਭਾਵ ਬਦਲ ਜਾਂਦਾ ਹੈ ।

'ਤੀਰਥੰਕਰ ਤੇ ਉਨ੍ਹਾਂ ਨੂੰ ਮੰਨਣ ਵਾਲੇ ਸਾਰੇ ਤਰਨਹਾਰ, ਮੁਕਤੀ ਪ੍ਰਾਪਤ ਕਰਣਗੇ ਜਾਂ ਸਮਾਂ ਪਾਕੇ ਮੁਕਤੀ ਪ੍ਰਾਪਤ ਕਰਨਗੇ। ਸਾਰੇ ਜੀਵਾਂ ਦੇ ਮੁਕਤ ਹੋਣ ਤੇ ਸੰਸਾਰ ਜੀਵਾਂ ਤੋਂ ਰਹਿਤ ਹੋ ਜਾਵੇਗਾ ਸਾਰੇ ਜੀਵ ਇਕ ਸਾਰ ਵਿਖਾਈ ਨਹੀਂ ਦਿੰਦੇ। ਸਾਰੇ ਜੀਵ ਕਰਮ-ਬੰਧ ਨਾਲ ਬੰਧੇ ਰਹਿਨਗੇ। ਸਾਰੇ ਜੀਵ ਸ਼ਾਸਵਤ (ਹਮੇਸ਼ਾ ਰਹਿਨਵੱਲੇ) ਇਕ ਰੂਪ ਰਹਿਨਗੇ। ਤੀਰਥੰਕਰ ਹਮੇਸ਼ਾ ਰਹਿਨਗੇ। ਅਜੇਹੇ ਏਕਾਂਤ ਵਚਨ ਨਹੀਂ ਬੋਲਨੇ ਚਾਹੀਦੇ। 4।

ਕਿਉਂਕਿ ਦੋਹਾ ਏਕਾਂਤ (ਇਕ ਪਾਸੜ) ਪੱਖਾਂ ਤੋਂ ਸ਼ਾਸਤਰ ਤੇ ਸੰਸਾਰ ਦਾ ਵਿਵਹਾਰ ਨਹੀਂ ਹੁੰਦਾ। ਇਸ ਲਈ ਇਨ੍ਹਾਂ ਦੋਹਾਂ ਪਖਾਂ ਨੂੰ ਗ੍ਰਹਿਣ ਕਰਨਾ ਦੁਰਾਚਾਰ ਸੇਵਨ ਕਰਨਾ ਹੈ। 5।

ਇਸ ਸੰਸਾਰ ਵਿਚ ਇੰਕਇੰਦਰੀਆਂ ਆਦਿ ਛੋਟੇ ਜੀਵ ਹਨ ਅਤੇ ਵਿਸ਼ਾਲ ਹਾਥੀ ਘੋੜੇ ਆਦਿ ਜੀਵ ਹਨ ਇਨ੍ਹਾਂ ਦੋਹਾਂ ਛੋਟੇ ਜਾ ਦੋਹਾ ਬੜੇ ਜੀਵਾਂ ਦੀ ਹਿੰਸਾ ਨਾਲ ਇਕੋ ਜਿਹਾ ਵੈਰ ਹੁੰਦਾ ਹੈ ਜਾਂ ਇਕੋ ਜਿਹਾ ਵੈਰ ਨਹੀਂ ਹੁੰਦਾ। । ਇਹ ਨਹੀਂ ਆਖਣਾ ਚਾਹਿਦਾ। 6।

ਕਿਉਂਕਿ ਇਨ੍ਹਾਂ ਦੋਹਾ ਏਕਾਂਤ ਵਚਨਾਂ ਨਾਲ ਸੰਸਾਰ ਦਾ ਵਿਵਹਾਰ ਨਹੀਂ ਚਲਦਾ। ਇਸ ਲਈ ਦੋਹੇ ਏਕਾਂਤ (ਇਕ ਪਾਸੜ) ਕਥਨ ਦੁਰਚਾਰ ਸੇਵਨ ਹਨ।' 7।

ਜੋ ਸਾਧੂ ਆਧਾਕਰਮ ਦੋਸ਼ ਯੁਕਤ (ਛੇ ਕਾਇਆ ਦੀ ਹਿੰਸਾ ਨਾਲ ਤਿਆਰ) ਭੋਜਨ ਪਾਣੀ ਸੇਵਨ ਕਰਦੇ ਹਨ। ਉਹ ਪਾਪ ਕਰਮ ਵਿਚ ਲਿਬੜਦੇ ਹਨ ਜਾਂ ਨਹੀਂ ਲਿਬੜਦੇ ਅਜਿਹਾ ਜਾਨਣਾ ਚਾਹੀਦਾ। 8।

ਕਿਉਂਕਿ ਇਨ੍ਹਾਂ ਦੋਹਾਂ ਏਕਾਂਤ ਵਚਨਾ ਨਾਲ ਵਿਵਹਾਰ ਨਹੀਂ ਚਲਦਾ ਇਸ ਲਈ ਏਕਾਂਤ ਵਚਨ ਦਾ ਸੇਵਨ ਦੁਰਾਚਾਰ ਸੇਵਨ ਹੈ। 9।

ਇਹ ਜੋ ਪ੍ਰਤੱਖ ਔਦਾਰਿਕ (ਹੱਡੀਮਾਸ) ਦਾ ਸ਼ਰੀਰ ਹੈ। ਅਹਾਰਕ ਸ਼ਰੀਰ ਹੈ ਕਾਰਮਨ ਸਰੀਰ ਹੈ। ਵੈਕਰਿਆਂ ਸ਼ਰੀਰ ਹੈ। ਇਹ ਸਾਰੇ ਸਰੀਰ ਇਕੱਠੇ ਹਨ ਜਾਂ ਭਿੰਨ ਭਿੰਨ ਹਨ ਦੋਹੇ ਤਰ੍ਹਾ ਦਾ ਏਕਾਂਤ ਵਚਨ ਨਹੀਂ ਆਖਨਾ ਚਾਹੀਦਾ। ਸਾਰੇ ਪਦਾਰਥਾਂ ਵਿਚ ਸਭ ਪਦਾਰਥਾਂ ਦੀ ਸ਼ਕਤੀ ਮਾਜੂਦ ਹੈ ਜਾਂ ਸਭ ਪਦਾਰਥਾਂ ਵਿਚ ਸਭ ਪਦਾਰਥਾਂ ਦੀ ਸ਼ਕਤੀ ਮਾਜੂਦ ਨਹੀਂ ਅਜੇਹਾ ਏਕਾਂਤ ਵਚਨ ਨਹੀਂ ਆਖਨਾ ਚਾਹੀਦਾ। 10।

---

10 ਜੈਨ ਦਾਰਸਨਿਕਾਂ ਨੇ ਸਰੀਰ ਦੇ 5 ਭੇਦ ਦਸੇ ਹਨ।

1. ਔਦਾਰਿਕ—ਜੋ ਸਰੀਰ ਪ੍ਰਤੱਖ ਵਿਖਾਈ ਦਿੰਦਾ ਹੈ ਮੋਟੇ ਮੋਟੇ ਪੁਦਗੱਲਾ ਨਾਲ ਬਣੀਆ ਹੈ ਉਹ ਔਦਾਰਿਕ ਸ਼ਰੀਰ ਹੈ ਇਹੋ ਸਰੀਰ ਖਤਮ ਹੋਣ ਵਾਲਾ ਹੈ ਇਹ ਮਨੁੱਖ ਪਸ਼ੂਆ ਦੇ ਹੁੰਦਾ ਹੈ।

(ਬਾਕੀ ਸਫਾ 235 ਤੇ)

ਕਿਉਂਕਿ ਇਨ੍ਹਾਂ ਦੋਹਾਂ ਏਕਾਂਤ ਵਚਨਾ ਨਾਲ ਵਿਵਹਾਰ ਨਹੀਂ ਚਲਦਾ। ਇਸ ਲਈ ਇਸ ਪ੍ਰਕਾਰ ਦੇ ਦੋਹੇ ਏਕਾਂਤ ਪੱਖ ਦਾ ਆਸਰਾ ਦੁਰਾਚਾਰ ਸੇਵਨ ਹੈ। 11।

ਲੋਕ ਹੈ ਜਾ ਅਲੋਕ ਨਹੀਂ ਅਜੇਹਾ ਗਿਆਨ ਨਹੀਂ ਰਖਨਾ ਚਾਹੀਦਾ। ਲੋਕ ਜਾਂ ਅਲੋਕ ਹੈ ਅਜੇਹਾ ਗਿਆਨ ਰਖਨਾ ਚਾਹੀਦਾ ਹੈ। 12।

ਜੀਵ ਅਤੇ ਅਜੀਵ ਪਦਾਰਥ ਨਹੀਂ ਅਜੇਹੀ ਬੁਧੀ ਨਹੀਂ ਚਾਹੀਦੀ। ਜੀਵ ਤੇ ਅਜੀਵ ਪਦਾਰਥ ਹਨ ਇਸ ਪ੍ਰਕਾਰ ਦੀ ਬੁਧੀ ਰਖਨੀ ਚਾਹੀਦੀ ਹੈ। 13।

ਧਰਮ-ਅਧਰਮ ਨਹੀਂ ਹੈ। ਇਸ ਪ੍ਰਕਾਰ ਦੀ ਬੁਧੀ ਨਹੀਂ ਰਖਨੀ ਚਾਹੀਦੀ ਧਰਮ ਵੀ ਹੈ ਅਧਰਮ ਵੀ ਹੈ ਇਹ ਬੁਧੀ ਰਖਨੀ ਚਾਹੀਦੀ ਹੈ। 14।

ਬੰਧ ਜਾਂ ਮੋਕਸ਼ ਨਹੀਂ ਇਹ ਨਹੀਂ ਮੰਨਣਾ ਚਾਹੀਦਾ। ਬੰਧ ਤੇ ਮੋਕਸ਼ ਹੈ ਇਹ

---

2. ਵੈਕਰਿਆ—ਵੈਕਰਿਆ ਸ਼ਰੀਰ ਦੇਵਤਿਆ ਤੇ ਨਾਰਕੀਆ ਪਾਸ ਹੁੰਦਾ ਹੈ ਕਦੇ ਕਦੇ ਮਹਾਨ ਤਪਸਵੀ ਵੀ ਸਾਧਨਾ ਨਾਲ ਵੈਕਰਿਆ ਸ਼ਰੀਰ ਪ੍ਰਾਪਤ ਕਰ ਸਕਦੇ ਹਨ।
3. ਅਹਾਰਕ—ਇਹ 14 ਪੂਰਵਾਂ (ਗ੍ਰੰਥਾਂ) ਦੇ ਗਿਆਨੀ ਮੁਨੀਆਂ ਦੇ ਹੁੰਦਾ ਹੈ ਕਿਸੇ ਵਿਸ਼ੇ ਸੰਭਧੀ ਸੰਕਾ ਹੋਣ ਤੇ ਇਹ ਗਿਆਨੀ ਸੂਖਮ ਪੁਦਗਲਾਂ ਦਾ ਪੁਤਲਾ ਬਣਾ ਕੇ ਤੀਰਥੰਕਰ ਪਾਸ ਭੇਜਦੇ ਹਨ। ਇਹ ਪੁਤਲਾ ਉਤਰ ਸਮੇਤ ਇਕ ਸਮੇਂ ਤੋਂ ਘਟ ਸਮੇਂ ਵਿਚ ਸ਼ਰੀਰ ਵਿਚ ਪ੍ਰਵੇਸ ਕਰਦਾ ਹੈ। ਇਹ ਗਿਆਨ ਸਰੀਰ ਹੈ।
4. ਤੇ ਜਮਾ 5. ਕਾਰਮਨ—ਇਹ ਦੋਵੇਂ ਸਰੀਰ ਹਰ ਪ੍ਰਾਣੀ ਪਾਸ ਹੁੰਦੇ ਹਨ। ਸੂਖਮ ਹਨ ਵਿਨਾਸ ਨੂੰ ਪ੍ਰਾਪਤ ਨਹੀਂ ਕਰਦੇ। ਕਾਰਮਨ ਸਰੀਰ ਕਰਮਾ ਅਨੁ-ਸਾਰ ਇਕ ਗਤੀ ਤੋਂ ਦੂਸਰੀ ਗਤੀ ਵਿਚ ਲੈ ਆਤਮਾ ਨੂੰ ਲੈ ਜਾਂਦਾ ਹੈ। ਤੇਜਸ ਸਰੀਰ ਦਾ ਕੰਮ ਸਰੀਰ ਦੀ ਪਾਚਨ ਸਕਤੀ ਨੂੰ ਬਣਾਕੇ ਰਖਣਾ ਹੈ। ਸੋ ਇਨ੍ਹਾਂ ਸਰੀਰਾਂ ਨੂੰ ਇਕ ਆਖਣਾ ਮਿਥਿਆਤਵ ਜਾਂ ਏਕਤਾਂ ਬਚਨ ਹੈ।

13-18 ਇਥੇ ਜੈਨ ਧਰਮ ਦੇ 9 ਤੱਤਵ (ਜੀਵ, ਅਜੀਵ, ਪਾਪ, ਪੁੰਨ, ਆਸ਼ਰਵ, ਸ਼ੰਬਰ, ਬੰਧ, ਨਿਰਜ਼ਰਾ ਤੇ ਮੋਕਸ ਨੂੰ ਅੱਡ ਅੱਡ ਮਨਣ ਦੀ ਹਿਦਾਇਤ ਕੀਤੀ ਗਈ ਹੈ। ਇਨ੍ਹਾਂ ਵਿਚੋਂ ਕਿਸੇ ਇਕ ਤੱਤਵ ਨੂੰ ਇਕੱਠਾ ਜਾਂ ਅੱਡ ਬੋਲਣਾ ਏਕਾਂਤ ਬਚਨ ਹੈ ਜੋ ਪਾਪ ਦਾ ਕਾਰਣ ਹੈ।

ਬੁਧਦਰਸਨ ਵਾਲੇ ਅਕ੍ਰਿਆ ਨੂੰ ਮੰਨਦੇ ਹਨ। ਜੇ ਅਕ੍ਰਿਆ ਹੈ ਤਾਂ ਫੇਰ ਪੁਨਰ-ਜਨਮ ਕਿਵੇਂ ਸੰਭਵ ਹੈ ਕਰਮ ਫਲ ਦਾ ਕਿ ਅਥਥ ਹੈ ? ਮੋਕਸ ਦਾ ਕਿ ਲਾਭ ਹੈ ? ਕਿਉਂਕਿ ਇਨ੍ਹਾਂ ਦੀ ਪ੍ਰਾਪਤੀ ਲਈ ਕ੍ਰਿਆ ਜ਼ਰੂਰੀ ਹੈ। ਸੋ ਆਤਮਾ ਕਿਸੇ ਪੱਖੋਂ ਅਕ੍ਰਿਆ ਵਾਨ ਹੈ ਤਾਂ ਸਰੀਰ ਧਾਰੀ ਆਤਮਾ ਕ੍ਰਿਆਵਾਨ ਹੈ। ਅਕ੍ਰਿਆਵਾਨ ਵਿਚ ਨਿਅੱਤੀਵਾਦੀ ਈਸਵਰਵਾਦੀ ਤੇ ਏਵਵਾਦੀ ਵੀ ਸ਼ਾਮਲ ਕੀਤੇ ਜ਼ਾ ਸਕਦੇ ਹਨ। ਫੇਰ ਭਗਤੀ ਵੀ ਇਕ ਕ੍ਰਿਆ ਹੈ।

ਬੁਧੀ ਰਖਨੀ ਚਾਹੀਦੀ ਹੈ। ਪੁੰਨ ਤੇ ਪਾਪ ਨਹੀਂ ਹੈ ਅਜੇਹੀ ਬੁਧੀ ਨਹੀਂ ਰਖਨੀ ਚਾਹੀਦੀ। ਪੁੰਨ ਤੇ ਪਾਪ ਹੈ ਅਜੇਹੀ ਮਾਨਤਾ ਰਖਨੀ ਚਾਹੀਦੀ ਹੈ। 16।

ਆਸ਼ਰਵ ਤੇ ਸੰਵਰ ਨਹੀਂ ਹੈ ਅਜੇਹੀ ਬੁਧੀ ਨਹੀਂ ਰਖਨੀ ਚਾਹੀਦੀ। ਆਸ਼ਰਵ ਤੇ ਸੰਵਰ ਹੈ ਇਹ ਬੁੱਧੀ ਰਖਨੀ ਚਾਹੀਦੀ ਹੈ। 17।

ਵੇਦਨਾ ਤੇ ਨਿਰਜਰਾ ਨਹੀਂ, ਇਹ ਮਾਨਤਾ ਨਹੀਂ ਰਖਨਾ ਚਾਹੀਦਾ। ਵੇਦਨਾ ਤੇ ਨਿਰਜਰਾ ਹੈ ਇਹ ਬੁਧੀ ਰਖਨੀ ਚਾਹੀਦੀ ਹੈ। 18।

ਕ੍ਰਿਆ ਤੇ ਅਕ੍ਰਿਆ ਨਹੀਂ। ਅਜੇਹੀ ਬੁਧੀ ਨਹੀਂ ਰਖਨੀ ਚਾਹੀਦੀ। ਕ੍ਰਿਆਤੇ ਅਕ੍ਰਿਆ ਹੈ ਅਜੇਹੀ ਬੁੱਧੀ ਰਖਨੀ ਚਾਹੀਦੀ ਹੈ। 19।

ਕਰੋਧ ਤੇ ਮਾਨ ਨਹੀਂ, ਅਜੇਹੀ ਬੁਧੀ ਨਹੀਂ ਰਖਨੀ ਚਾਹੀਦੀ, ਕਰੋਧ ਤੇ ਮਾਨ ਹਨ ਇਹ ਬੁੱਧੀ ਰਖਣੀ ਚਾਹੀਦੀ ਹੈ। 20।

ਮਾਇਆ ਤੇ ਲੋਭ ਨਹੀਂ ਹਨ ਅਜੇਹੀ ਬੁਧੀ ਨਹੀਂ ਚਾਹੀਦੀ। ਮਾਈਆ ਤੇ ਲੋਭ ਹਨ ਅਜੇਹੀ ਬੁਧੀ ਰਖਨੀ ਚਾਹੀਦੀ ਹੈ। 21।

ਰਾਗ ਤੇ ਦਵੇਸ਼ ਨਹੀਂ ਹਨ ਅਜਿਹਾ ਵਿਚਾਰ ਨਹੀਂ ਕਰਨਾ ਚਾਹੀਦਾ। ਰਾਗ ਤੇ ਦਵੇਸ਼ ਹੈ ਅਜੇਹੀ ਬੁਧੀ ਰਖਨੀ ਚਾਹੀਦੀ ਹੈ। 22।

ਚਾਰ ਗਤਿ ਵਾਲਾ ਸੰਸਾਰ ਨਹੀਂ ਹੈ ਅਜੇਹੀ ਬੁੱਧੀ ਨਹੀਂ ਰਖਣੀ ਚਾਹੀਦੀ। ਚਾਰ ਗਤਿ ਵਾਲਾ ਸੰਸਾਰ ਹੈ ਅਜੇਹੀ ਬੁੱਧੀ ਰਖਣੀ ਚਾਹੀਦੀ ਹੈ। 23।

ਦੇਵ ਜਾਂ ਦੇਵੀ ਨਹੀਂ ਹਨ ਅਜੇਹੀ ਨਹੀਂ ਮੰਨਣਾ ਚਾਹੀਦਾ ਦੇਵ ਦੇਵੀ ਹਨ ਅਜੇਹੀ ਬੁੱਧੀ ਰਖਣੀ ਹੈ। 24।

ਸਿੱਧੀ ਜਾ ਅਸਿਧਿ ਨਹੀਂ, ਇਹ ਗਿਆਨ ਨਹੀਂ ਰਖਣਾ ਚਾਹੀਦਾ। ਸਿੱਧ ਤੇ

---

23-28 ਇਨ੍ਹਾਂ ਸੂਤਰਾਂ ਵਿਚ ਦੇਵ ਦੇਣੀ, ਸਿਧੀ, ਅਸਿੱਧੀ, ਸਿੱਧ, ਸਾਧੂ ਤੇ ਅਸਾਧੂ ਨੂੰ ਵੱਖ ਵੱਖ ਕਰਕੇ ਸਮਝਣਾ ਵਿਚ ਆਤਮਾ ਦਾ ਭਲਾ ਮੰਨਿਆ ਗਿਆ ਹੈ। ਕਈ ਲੋਕ ਆਖਦੇ ਹਨ।"

ਪਾਣੀ ਵਿਚ ਜੀਵ ਹੈ ਜਮੀਨ ਤੇ ਜੀਵ ਹੈ। ਅਕਾਸ਼ ਵਿਚ ਜੀਵ ਹੈ। ਸਾਰਾ ਸੰਸਾਰ ਜੀਵਾਂ ਨਾਲ ਭਰਿਆ ਪਿਆ ਹੈ ਫ਼ੇਰ ਕੋਈ ਕਿਵੇਂ ਅਹਿੰਸਕ ਹੋ ਸਕਦਾ ਹੈ? ਪਰ ਜੈਨ ਧਰਮ ਅਨੁਸਾਰ ਕੋਈ ਵੀ ਮਨੁੱਖ ਸਾਧੂ ਦੇ 5 ਮਹਾਵਰਤ, 5 ਸਮਿਤਿ 3 ਗੁਪਤੀ ਦਾ ਪਾਲਨ ਕਰਕੇ ਜਾਂ ਗ੍ਰਿਹਸਥ, ਧਰਮ ਦੇ 12 ਵਰਤਾ ਦਾ ਠੀਕ ਆਚਰਨ ਕਰਕੇ ਮੋਕਸ਼ ਪ੍ਰਾਪਤ ਕਰ ਸਕਦਾ ਹੈ। ਹਿੰਸਾ ਦਾ ਸੰਬਧ ਜੀਵ ਦੇ ਮਰਨ ਨਾਲ ਨਹੀਂ, ਸਗੋਂ ਮਾਰਨ ਦੀ ਭਾਵਨਾ ਨਾਲ ਹੈ ਜੋ ਪਾਪ ਕਰਮ ਬੰਧ ਦਾ ਕਾਰਣ ਬਣਦੀ ਹੈ ਜਿਸ ਦੇ ਸ਼ਿਟੇ ਵਲੋਂ ਜੀਵ ਆਤਮਾ ਸੰਸਾਰ ਚਕਰ ਵਿਚ ਭਟਕ ਦੀ ਰਹਿੰਦੀ ਹੈ।

ਅਸਿਧੀ ਹੈ ਇਹ ਬੁਧੀ ਰਖਣੀ ਚਾਹੀਦੀ ਹੈ। 25।

ਸਿਧੀ ਜੀਵ ਦਾ ਨਿੱਜ ਸਥਾਨ ਨਹੀਂ ਹੈ ਅਜੇਹੀ ਮਾਨਤਾ ਨਹੀਂ ਕਰਨੀ ਚਾਹੀਦੀ। ਸਿਧੀ ਜੀਵ ਦੇ ਨਿਜ ਸਥਾਨ ਹੈ ਇਹ ਬੁਧੀ ਕਰਨੀ ਚਾਹੀਦੀ ਹੈ। 26।

ਸਾਧੂ ਤੇ ਅਸਾਧੂ ਨਹੀਂ ਹੈ ਇਹ ਬੁੱਧੀ ਨਹੀਂ ਕਰਣੀ ਚਾਹੀਦੀ। ਸਾਧੂ ਤੇ ਅਸਾਧੂ ਹਨ ਇਹ ਬੁੱਧੀ ਰਖਣੀ ਚਾਹੀਦੀ ਹੈ। 27।

ਕਲਿਆਨ ਜਾਂ ਪਾਪ ਨਹੀਂ ਇਹ ਬੁੱਧੀ ਨਹੀਂ ਰਖਣੀ ਚਾਹੀਦੀ। ਕਲਿਆਨ ਤੇ ਪਾਪ ਹਨ ਇਹ ਬੁੱਧੀ ਰਖਣੀ ਚਾਹੀਦੀ ਹੈ। 28।

ਇਹ ਪੁਰਸ਼ ਏਕਾਂਤ ਕਲਿਆਨਕਾਰੀ ਹੈ ਇਹ ਪੁਰਸ਼ ਏਕਾਤ ਪਾਪੀ ਹੈ ਅਜੇਹਾ ਸੋਚਣ ਨਾਲ ਜਗਤ ਵਿਵਹਾਰ ਨਹੀਂ ਚਲਦਾ। ਫੇਰ ਵੀ ਜੋ ਸ਼੍ਰਮਣ [ਬੁੱਧ] ਅਗਿਆਨੀ ਹਨ। ਅਵਿਵੇਕੀ ਹੋਣਤੇ ਵੀ ਖੁਦ ਨੂੰ ਪਡੰਤ (ਗਿਆਨੀ) ਮੰਨਦੇ ਹਨ ਉਹ ਏਕਾਂਤ ਪਖ ਦੇ ਸਹਾਰੇ ਪੈਦਾ ਹੋਣ ਵਾਲੇ ਵੇਰ (ਕਰਮਬੰਧ) ਨੂੰ ਨਹੀਂ ਜਾਣਦੇ।

ਜਗਤ ਵਿਚ ਸਾਰੇ ਪਦਾਰਥ ਏਕਾਂਤ ਨਿਤ ਹਨ ਜਾਂ ਏਕਾਂਤ ਅਨਿਤ ਹਨ। ਅਜੇਹਾ ਨਹੀਂ ਆਖਣਾ ਚਾਹੀਦਾ। ਇਸ ਤਰ੍ਹਾਂ ਸਾਰਾ ਸੰਸਾਰ ਏਕਾਂਤ ਦੁਖ ਦਾ ਕਾਰਣ ਹੈ ਇਹ ਨਹੀਂ ਆਖਣਾ ਚਾਹੀਦਾ। ਇਹ ਪ੍ਰਾਣੀ ਮਾਰਨ ਯੋਗ ਹੈ ਜਾਂ ਨਾ ਮਾਰਨ ਯੋਗ ਹੈ ਇਹ ਵਚਨ ਵੀ ਸਾਧੂ ਪੁਰਸ਼ ਨੂੰ ਬੋਲਣ ਯੋਗ ਨਹੀਂ ਹਨ। 29।

ਸਾਧਵਾ ਅਚਾਰ ਅਨੁਸਾਰ, ਭਿੱਖਸ਼ਾ ਦੇ ਸਹਾਰੇ ਜਿਉਣ ਵਾਲੇ ਸੱਚੇ ਭਿਖਸ਼ੂ ਵਿਖਾਈ ਦਿੰਦੇ ਹਨ। ਇਹ ਸਾਧੂ ਲੋਕ ਕਪਟ ਰਾਹੀਂ ਜੀਵਨ ਨਿਰਵਾਹ ਕਰਦੇ ਹਨ ਅਜੇਹਾ ਦਰਿਸ਼ਟੀਕੋਨ ਨਹੀਂ ਰਖਣਾ ਚਾਹੀਦਾ ਹੈ। 30।

---

28-30 ਉਪਰੋਕਤ ਗਾਥਾਵਾਂ ਵਿਚ ਸ਼ਾਸਤਰਕਾਰ ਨੇ ਤਿੰਨੇ ਪ੍ਰਕਾਰ ਦੇ ਏਕਾਂਤ ਵਚਨ ਆਖਣ ਦੀ ਮਨਾਹੀ ਕੀਤੀ ਹੈ।

1) ਸੰਸਾਰ ਦੇ ਸਾਰੇ ਪਦਾਰਥ ਏਕਾਂਤ ਨਿੱਤ ਹਨ ਜਾਂ ਅਨਿੱਤ ਹਨ

2) ਸਾਰਾ ਸੰਸਾਰ ਏਕਾਤ ਦੁੱਖ ਰੂਪ ਹੈ।

3) ਇਹ ਜੀਵ ਮਾਰਨ ਯੋਗ ਹੈ ਜਾਂ ਬਚਾਉਣ ਯੋਗ ਹੈ।

ਪਹਿਲਾ ਕਥਨ ਸਾਂਖਯ ਵਾਦੀ ਦਾ ਹੈ ਜੋ ਸੰਸਾਰ ਨੂੰ ਨਿੱਤ ਮੰਨਦੇ ਹਨ ਜੋ ਆਖਦੇ ਹਨ ਕੋਈ ਪਦਾਰਥ ਨਹੀਂ ਬਦਲਦਾ। ਪਰ ਇਸ ਦੇ ਉਲਟ ਸਾਰੇ ਪਦਾਰਥ ਹਰ ਸਮੇਂ ਬਦਲਦੇ ਹਨ। ਬਚਾ ਜਵਾਨ ਹੁੰਦਾ ਹੈ ਜਵਾਨ ਬੁੱਢਾ।

ਬੁੱਧ ਧਰਮ ਵਾਲੇ ਸੰਸਾਰ ਨੂੰ ਅਨਿਤ ਆਖਦੇ ਹਨ ਉਨਾਂ ਦਾ ਕਥਨ ਹੈ ਕਿ ਆਤਮਾ ਸਮੇਤ ਹਰ ਪਦਾਰਥ ਨਸ਼ਟ ਹੋ ਜਾਂਦਾ ਹੈ ਅਤੇ ਫੇਰ ਪੈਦਾ ਹੁੰਦਾ ਹੈ। ਸੰਸਾਰ

(ਬਾਕੀ ਸਫ਼ਾ 238)

"ਦਾਨ" ਇਸ ਵਿਅੱਕਤੀ ਤੋਂ ਮਿਲੇਗਾ ਜਾ ਇਸ ਤੋਂ ਨਹੀਂ ਮਿਲੇਗਾ ਜਾ ਅੱਜ ਭਿਖੀਆ ਮਿਲੇਗੀ ਜਾ ਨਹੀਂ ਮਿਲੇਗੀ। ਬੁਧੀਮਾਨ ਸਾਧੂ ਅਜੇਹੀ ਗੱਲ ਨਾ ਕਰੇ। ਜਿਸ ਢੰਗ ਨਾਲ ਮੋਕਸ਼ ਦੇ ਰਾਹ ਵਿਚ ਵਾਧਾ ਹੋਵੇ ਅਜੇਹਾ ਵਚਨ ਬੋਲੇ। 31।

ਇਸ ਅਧਿਐਨ ਵਿਚ ਆਖੇ ਜਿਨੇਦੰਰ ਵਚਨ ਅਨੁਸਾਰ, ਖੁਦ ਨੂੰ ਸੰਜਮ ਵਿਚ ਸਥਾਪਿਤ ਕਰਦਾ ਹੋਇਆ ਸਾਧੂ ਮੋਕਸ਼ ਪ੍ਰਾਪਤੀ ਦੀ ਕੋਸ਼ਿਸ਼ ਕਰੇ ਅਜਿਹਾ ਮੈਂ ਆਖਦਾ ਹਾਂ। 32।

---

ਵਿਚ ਆਤਮਾ ਅਜਿਹਾ ਪਦਾਰਥ ਹੈ ਕਿ ਸਰੀਰ ਤੋਂ ਮੁਕਤ ਹੋਣ ਤੋਂ ਬਾਅਦ ਇਹ ਨਿਰਵਾਨ ਨੂੰ ਪ੍ਰਾਪਤ ਕਰ ਲੈਂਦਾ ਹੈ ਜੋ ਬੁਧ ਮਾਨਤਾ ਸਹੀ ਮਨ ਲਈ ਜਾਵੇ ਤਾਂ ਬੁਧ ਧਰਮ ਦਾ ਨਿਰਵਾਣ ਸੰਬੰਧੀ ਸਿਧਾਂਤ ਗਲਤ ਸਿਧ ਹੋ ਜਾਂਦਾ ਹੈ।

ਦੂਸਰਾ ਕਥਨ ਏਕਾਂਤ ਦੁਖ ਸੰਬੰਧੀ ਹੈ। ਸੰਸਾਰ ਨੂੰ ਏਕਾਂਤ ਦੁਖ ਭਰਿਆ ਆਖਣਾ ਠੀਕ ਨਹੀਂ। ਕਿਉਂਕਿ ਇਹੋ ਸੰਸਾਰ ਮੁਕਤੀ ਦਾ ਕਾਰਣ ਵੀ ਹੈ। ਗਿਆਨ, ਦਰਸ਼ਨ ਚਰਿੱਤਰ ਦੀ ਸਮਿਅਕ ਅਰਾਧਨਾ ਕਰਕੇ ਜੀਵ ਇਸੇ ਸੰਸਾਰ ਰਾਹੀਂ ਹੀ ਮੋਕਸ਼ ਜਾਂਦੇ ਹਨ। ਸੋ ਇਹ ਸੰਸਾਰ ਆਨੰਦ ਦਾ ਕਾਰਣ ਹੈ।

ਤੀਸਰਾ ਕਥਨ ਮਾਰਨ ਜ਼ਾਂ ਨਾਂ ਮਾਰਨ ਯੋਗ ਪ੍ਰਾਣੀਆ ਬਾਰੇ ਹੈ। ਸੰਸਾਰ ਵਿਚ ਹਿੰਸਕ, ਚੋਰ, ਹਤਿਆਰੇ, ਪਰਇਸਤਰੀ ਭੋਗੀ ਜੀਵਾਂ ਵਾਰੇ ਸਾਧੂ ਏਕਾਂਤ ਇਹ ਨਾ ਆਖੇ ਕਿ ਇਹ ਮਾਰਨ ਯੋਗ ਹਨ। ਟੀਕਾਕਾਰ ਸ਼ੀਲਾਕਾਂ ਅਚਾਰਿਆ ਦਾ ਆਖਣਾ ਹੈ

"ਜੀਵ ਹਿੰਸਾ ਕਰਨ ਵਿਚ ਤਿਆਰ ਰਹਿਣ ਵਾਲੇ ਸ਼ੇਰ, ਬਾਘ, ਬਿੱਲੀ ਆਦਿ ਪ੍ਰਾਣੀਆਂ ਨੂੰ ਵੇਖ ਕੇ ਸਾਧੂ ਮਾਧਿਅਸਥ ਭਾਵ ਦਾ ਸਹਾਰਾ ਲਵੇ।"

ਸਾਧੂ ਅਪਰਾਧੀ ਨੂੰ ਨਿਰ ਅਪਰਾਧੀ ਨਾ ਆਖੇ ਕਿਉਂਕਿ ਅਜਿਹਾ ਵਚਨ ਬੋਲਣ ਨਾਲ ਸਾਧੂ ਨੂੰ ਉਸ ਪ੍ਰਾਣੀ ਦੇ ਸਮਰਥਨ ਦਾ ਦੋਸ਼ ਲਾ ਸਕਦਾ ਹੈ।

# ਛੇਵਾ ਅਧਿਐਨ ਆਦਰਕੀਆ

ਇਸ ਅਧਿਐਨ ਵਿਚ ਈਰਾਨ ਦੇਸ਼ ਵਾਸੀ ਆਦਰਕੀਆ ਰਾਜਾ ਦੇ ਪੁਤਰ ਆਦਰਕ ਕੁਮਾਰ ਦਾ ਵਰਨਣ ਹੈ ਜੋ ਕਿ ਰਾਜਾ ਬਿੰਬਸਾਰ ਦੇ ਪੁੱਤਰ ਤੇ ਮੰਤਰੀ ਅਭੈ ਕੁਮਾਰ ਦਾ ਮਿੱਤਰ ਸੀ। ਪਿਛਲਾ ਜਨਮ ਯਾਦ ਆਉਣ ਕਾਰਣ ਉਹ ਸਾਧੂ ਬਣ ਗਿਆ ਪਰ ਅਜੇਹਾ ਉਸ ਦਾ ਕਾਮ ਭੋਗ ਬਾਕੀ ਸੀ। ਸੋ ਸਾਧੂ ਪੁਣਾ ਛੱਡ ਕੇ ਗ੍ਰਹਿਸਥੀ ਫੇਰ ਬਣਿਆ।12 ਸਾਲ ਘਰ ਰਿਹਾ। ਇਕ ਪੁੱਤਰ ਤੇ ਇਸਤਰੀ ਤਿਆਗ ਕੇ ਮੁੜ ਸਾਧੂ ਬਣਿਆ। ਉਸਨੂੰ ਰਸਤੇ ਵਿਚ ਗੋਸ਼ਾਲਕ ਸਮੇਤ ਹੋਰ ਧਰਮ ਵਿਚਾਰਕ ਮਿਲੇ। ਜਿਨ੍ਹਾਂ ਨਾਲ ਉਸ ਨੇ ਚਰਚਾ ਕੀਤੀ। ਆਦਰਕ ਕੁਮਾਰ ਨੇ ਉਨ੍ਹਾਂ ਨੂੰ ਇਸ ਚਰਚਾ ਵਿਚ ਪੂਰੀ ਤਰਾਂ ਹਰਾ ਦਿਤਾ। ਉਸ ਨਾਲ 500 ਉਸ ਦੇ ਅੰਗ ਰਖਿਅਕ ਵੀ ਸਾਧੂ ਬਣ ਗਏ। ਸਾਰੇ ਇਕਠੇ ਹੋ ਕੇ ਭਗਵਾਨ ਮਹਾਵੀਰ ਦੇ ਚਰਨਾ ਵਿਚ ਪੁਜੇ। ਉਨ੍ਹਾਂ ਦੇ ਸਮੋਸਰਨ ਵਿਚ ਰਹਿਕੇ ਇਨ੍ਹਾਂ ਖੁਦ ਦਾ ਕਲਿਆਨ ਕੀਤਾ। ਇਸ ਅਧਿਐਨ ਤੋਂ ਜਾਪਦਾ ਹੈ ਕਿ ਭਗਵਾਨ ਮਹਾਵੀਰ ਦੇ ਸਮੇਂ ਜੈਨ ਧਰਮ ਵਿਦੇਸ਼ਾ ਵਿਚ ਪਹੁੰਚ ਚੁੱਕਾ ਸੀ।

ਇਹ ਅਧਿਐਨ ਇਤਿਹਾਸਕ ਤੇ ਦਾਰਸ਼ਨਿਕ ਪਖੋਂ ਕਾਫੀ ਮਹਤਵ ਪੂਰਨ ਹੈ। ਇਸ ਵਿਚ ਭਗਵਾਨ ਮਹਾਵੀਰ ਦੇ ਸਮੇਂ ਦੇ ਪ੍ਰਸਿਧ ਵਿਚਾਰਕਾਂ ਦੇ ਸਿਧਾਤਾਂ ਦੀ ਪ੍ਰਮੁਖ ਗੱਲਾ ਦਾ ਪਤਾ ਲਗਦਾ ਹੈ। ਪਰ ਨਾਲ ਨਾਲ ਇਹ ਵੀ ਪਤਾ ਲਗਦਾ ਹੈ ਕਿ ਆਦਰਕ ਮੁਨੀ ਜੈਨ ਧਰਮ ਪ੍ਰਤੀ ਕਿਨਾ ਸ਼ਰਧਾਲੂ ਸੀ। ਉਹ ਖਾਲੀ ਜੈਨ ਧਰਮ ਦਾ ਹੀ ਨਹੀਂ ਹੋਰ ਧਰਮਾ ਦਾ ਵੀ ਮਹਾਨ ਜਾਣਕਾਰ ਸੀ। ਕੋਈ ਚਰਚਾ ਉਸ ਦੀ ਸ਼ਰਧਾ ਭਗਵਾਨ ਮਹਾਵੀਰ ਤੇ ਜੈਨ ਧਰਮ ਪ੍ਰਤੀ ਘਟ ਨਾ ਕਰ ਸਕੀ। ਉਸਦਾ ਸਮਿਅੱਕਤਵ ਕਿਨਾ ਦ੍ਰਿੜ ਸੀ ਕਿ ਉਸ ਨੂੰ ਗੋਸ਼ਾਲਕ ਵਰਗਾ ਨਿਅੱਤੀਵਾਦੀ ਜੈਨ ਸਿਧਾਂਤ ਤੋਂ ਗਿਰਾ ਨਾ ਸਕਿਆ।

# ਛੇਵਾ ਆਦਰੀਕ ਅਧਿਐਨ

ਨਿਅਤੀਵਾਦੀ ਸਿਧਾਂਤ ਦਾ ਅਚਾਰਿਆ ਮੰਖਲੀ ਪ੍ਰਤਰ ਗੋਸ਼ਾਲਕ, ਆਦਰਕ ਮੁਨੀ ਨੂੰ ਆਖਦਾ ਹੈ "ਹੇ ਆਦਰਕ ! ਮਹਾਵੀਰ ਸਵਾਮੀ ਨੇ ਜੋ ਪਹਿਲਾਂ ਆਚਰਨ ਕੀਤਾ ਸੀ ਉਸ ਨੂੰ ਮੇਰੇ ਕੋਲੋਂ ਸੁਣੋ। ਮਹਾਵੀਰ ਸਵਾਮੀ ਪਹਿਲਾ ਇਕੱਲੇ ਘੁੰਮਦੇ ਸਨ ਉਹ ਤਪਸਵੀ ਸਨ ਹੁਣ ਉਹ ਅਨੇਕਾਂ ਭਿਖਸ਼ੂਆਂ ਨੂੰ ਇਕਠਾ ਕਰਕੇ, ਨਾਲ ਰਖਕੇ, ਅੱਡ ਅੱਡ ਢੰਗ ਨਾਲ ਧਰਮ ਉਪਦੇਸ਼ ਦਿੰਦੇ ਹਨ। 1।

ਉਸ ਚੰਚਲ ਚਿਤ ਵਾਲੇ ਮਹਾਵੀਰ ਨੇ ਧੰਦਾ ਹੀ ਬਣਾ ਲਿਆ ਹੈ ਉਹ ਸਭਾ ਵਿਚ ਜਾ ਕੇ, ਅਨੇਕਾਂ ਭਿਖਸ਼ੂਆ ਦੇ ਵਿਚਕਾਰ ਬੈਠਕੇ, ਬਹੁਤ ਸਾਰੇ ਲੋਕਾਂ ਦੇ ਭਲੇ ਦਾ ਧਰਮ ਉਪਦੇਸ਼ ਕਰਦਾ ਹੈ। ਉਨ੍ਹਾਂ ਦਾ ਵਰਤਮਾਨ, ਉਨ੍ਹਾਂ ਦੇ ਪਹਿਲੇ ਵਿਚਾਰ ਨਾਲ ਮੇਲ ਨਹੀਂ ਖਾਂਦਾ। ਇਹ ਵਿਵਹਾਰ ਪਹਿਲੇ ਆਚਰਨ ਦੇ ਵਿਰੁਧ ਹੈ। 2

ਇਸ ਪ੍ਰਕਾਰ ਜਾਂ ਤਾਂ ਮਹਾਵੀਰ ਦਾ ਪਹਿਲਾ ਵਿਵਹਾਰ, ਇਕੱਲਾ ਘੁੰਮਣਾ ਏਕਾਂਤ ਵਾਸ ਹੀ ਚੰਗਾ ਹੋ ਸਕਦਾ ਹੈ ਜਾਂ ਇਸ ਸਮੇਂ ਅਨੇਕਾ ਲੋਕਾਂ ਵਿਚ ਬੈਠ ਕੇ ਧਰਮ ਉਪਦੇਸ਼ ਕਰਨ ਦਾ ਵਿਵਹਾਰ ਚੰਗਾ ਹੋ ਸਕਦਾ ਹੈ। ਪਰ ਆਪਸੀ ਦੋਹਾਂ ਗੱਲਾਂ ਇਕੋ ਸਮੇਂ ਮੇਲ ਨਹੀਂ ਰਖਦੀਆਂ। ਕਿਉਂਕਿ ਦੋਹਾਂ ਦਾ ਆਪਸ ਵਿਚ ਵਿਰੋਧ ਹੈ।

**ਆਦਰਕ ਮੁਨੀ ਦਾ ਉੱਤਰ :**

ਭਗਵਾਨ ਮਹਾਵੀਰ ਪਹਿਲਾ, ਅੱਜ ਤੇ ਭਵਿੱਖ ਵਿਚ ਹਮੇਸ਼ਾ ਹੀ ਏਕਾਂਤ ਅਨੁਭਵ ਕਰਦੇ ਹਨ। ਉਨ੍ਹਾਂ ਦੇ ਭੂਤ, ਵਰਤਮਾਨ ਤੇ ਭਵਿੱਖ ਵਿਚ ਮੇਲ ਹੈ ਕੋਈ ਆਪਸੀ ਵਿਰੋਧ ਨਹੀਂ। 3

12 ਪ੍ਰਕਾਰ ਦੀ ਤੱਪਸਿਆ ਦਾ ਪਾਲਣ ਕਰਦੇ ਹੋਏ, ਅਹਿੰਸਾ ਦਾ ਉਪਦੇਸ਼ਦਿੰਦੇ ਹੋਏ, ਉਹ ਮਹਾਵੀਰ ਕੇਵਲ ਗਿਆਨ ਰਾਹੀਂ, ਸਾਰੇ ਅਚਰ, ਚਰ (ਸਥਿਰ ਤੇ ਚਲਣ ਵਾਲੇ) ਲੋਕਾਂ ਨੂੰ ਜਾਨ ਕੇ ਤਰਸ ਤੇ ਸਥਾਵਰ ਜੀਵਾ ਦੇ ਕਲਿਆਣ ਲਈ, ਹਜ਼ਾਰਾ ਲੋਕਾ ਵਿਚ ਧਰਮ ਉਪਦੇਸ਼ ਦਿੰਦੇ ਹੋਏ ਵੀ ਏਕਾਂਤ ਸਾਧਨਾ ਕਰਦੇ ਹਨ। ਏਕਾਂਤ ਵਾਸ ਦਾ ਅਨੁਭਵ ਲੈਂਦੇ ਹਨ ਉਨ੍ਹਾਂ ਦੀ ਚਿੱਤ ਵਿਰਤੀ ਉਸੇ ਪ੍ਰਕਾਰ ਦੀ ਹੈ ਜਾਂ ਚਿੱਤ ਵਰਤੀ ਇਕ ਤਰ੍ਹਾਂ ਦੀ ਰਹਿੰਦੀ ਹੈ। 4।

ਸ਼ਰੁਤ (ਚਰਿੱਤਰ ਰੂਪੀ) ਧਰਮ ਦਾ ਉਪਦੇਸ਼ ਕਰਨ ਵਾਲੇ, ਸ਼੍ਰਮਣ ਭਗਵਾਨ ਮਹਾਵੀਰ ਨੂੰ ਕੋਈ ਵੀ ਦੋਸ਼ ਨਹੀਂ ਲਗਦਾ। ਉਹ ਭਗਵਾਨ ਖਿਮਾਵਾਨ, ਪਰਿਸ਼ੇ ਨੂੰ ਜਿੱਤਣ ਵਾਲੇ ਮਨ ਨੂੰ ਕਾਬੂ ਰਖਣ ਵਾਲੇ, ਇੰਦਰੀਆਂ ਦੇ ਜੇਤੂ ਹਨ। ਭਾਸ਼ਾ ਦੇ ਦੋਸ਼ਾ ਨੂੰ ਜਾਣ ਕੇ ਭਗਵਾਨ ਰਾਹੀਂ ਭਾਸ਼ਾ ਦਾ ਪ੍ਰਯੋਗ (ਉਪਦੇਸ਼) ਫਾਇਦੇਮੰਦ ਹੈ ਨੁਕਸਾਨ ਦੇਹ ਨਹੀਂ। 5।

ਘਾਤੀ ਕਰਮਾ ਨੂੰ ਦੂਰ ਕਰਕੇ ਸ਼੍ਰਮਣ ਭਗਵਾਨ ਮਹਾਵੀਰ ਅੱਜ ਕਲ ਸ਼੍ਰਮਣ ਲਈ ਪੰਜ ਮਹਾਵਰਤ, ਪੰਜ ਅਣੂਵਰਤ (ਗ੍ਰਹਿਸਥ ਲਈ) ਪੰਜ ਆਸ਼ਰਵ ਤੇ ਸਬੰਰ ਦਾ ਉਪਦੇਸ਼ ਦਿੰਦੇ ਹਨ। ਉਹ ਪੂਰਨ ਸਾਧੂ ਪੁਣ ਵਿਚ ਵਿਰਤਿ, ਪੁੰਨ, ਪਾਪ, ਬੰਧ, ਨਿਰਜਰਾ ਤੇ ਮੋਕਸ਼, ਦਾ ਉਪਦੇਸ਼ ਦਿੰਦੇ ਹਨ। ਅਜੇਹਾ ਮੈਂ ਆਖਦਾ ਹਾਂ। 6।

**ਗੋਸ਼ਾਲਕ :**

ਕੱਚਾ ਪਾਣੀ, ਬੀਜ ਕਾਇਆ ਆਧਾਕਰਮੀ ਭੋਜਨ, ਇਸਤਰੀਆਂ ਦਾ ਸੇਵਨ ਭਲੇ ਹੀ ਕੀਤਾ ਜਾਵੇ ਸਾਡੇ ਧਰਮ ਵਿਚ ਇਕਲੇ ਘੁੰਮਣ ਵਾਲੇ ਤਪਸਵੀ ਨੂੰ ਇਨ੍ਹਾਂ ਵਿਚੋਂ ਕੋਈ ਵੀ ਦੋਸ਼ ਨਹੀਂ ਲਗਦਾ। 7

**ਆਦਰਕ ਮੁਨੀ :**

ਸਚਿਤ ਪਾਣੀ, ਬੀਜ ਆਧਾਕਰਮੀ ਭੋਜਨ, ਇਸਤਰੀਆਂ ਦਾ ਸੇਵਨ ਕਰਨ ਵਾਲੇ ਗ੍ਰਹਿਸਥੀ ਹੋ ਸਕਦੇ ਹਨ ਸਾਧੂ (ਸ਼੍ਰਮਣ) ਨਹੀਂ। 8।

ਜੇ ਬੀਜ (ਹਰੀ ਬੀਜ ਵਾਲੀ ਬਨਾਸਪਤੀ) ਕੱਚਾ ਪਾਣੀ, ਇਸਤਰੀਆਂ ਦਾ ਭੋਗੀ ਸਾਧੂ (ਸ਼੍ਰਮਣ) ਹੈ ਤਾਂ ਗ੍ਰਹਿਸਥ ਕਿਉਂ ਸਾਧੂ ਸ਼੍ਰਮਣ ਨਹੀਂ ਮੰਨੇ ਜਾਣਗੇ ? ਉਹ ਵੀ ਤਾਂ ਇਨ੍ਹਾਂ ਚੀਜਾਂ ਦਾ ਇਸਤੇਮਾਲ ਕਰਦੇ ਹਨ ? (ਭਾਵ ਤਿਆਗੀ ਤੇ ਭੋਗੀ ਦਾ ਕੀ ਫਰਕ ਹੈ)। 9।

ਜੋ ਪੁਰਸ਼ ਸਾਧੂ ਹੋ ਕੇ ਬੀਜ ਕਾਇਆ; ਕਚੇ ਪਾਣੀ, ਤੇ ਆਧਾਕਰਮੀ ਭੋਜਨ ਦੀ ਵਰਤੋਂ ਕਰਦੇ ਹਨ। ਜਿਉਂਣ ਲਈ ਹੀ ਭਿਖਿਆ ਮੰਗਦੇ ਹਨ। ਉਹ ਪਰਿਵਾਰ ਨੂੰ ਛੱਡ ਕੇ ਵੀ ਆਪਣੇ ਸਰੀਰ ਦੀ ਪਾਲਣਾ ਕਰਦੇ ਹਨ। ਸਰੀਰ ਨੂੰ ਪਾਲਣ ਵਿਚ ਲੱਗੇ ਹਨ। ਉਹ ਕਰਮ ਨਾਸ਼ ਕਰਨ ਜਾਂ ਜਨਮ ਮਰਨ ਦਾ ਅੰਤ ਕਰਨ ਵਾਲੇ ਨਹੀਂ ਹਨ। 10।

**ਗੋਸ਼ਾਲਕ :**

ਹੇ ਆਦਰਕ ! ਤੁਸੀਂ ਇਸ ਵਚਨ ਰਾਹੀਂ ਸਾਰੇ 363 ਧਰਮ ਵਿਚਾਰਕਾ ਦੀ ਨਿੰਦਾ ਕਰ ਰਹੇ ਹੋ। ਸਾਰੇ ਵਿਚਾਰਕ ਭਿੰਨ ਭਿੰਨ ਢੰਗ ਰਾਹੀਂ ਆਪਣੇ ਆਪਣੇ ਵਿਚਾਰ ਪੇਸ਼ ਕਰਦੇ ਹਨ। 11।

**ਆਦਰਕ ਮੁਨੀ :**

ਉਹ ਸ਼੍ਰਮਣ ਤੇ ਬ੍ਰਾਹਮਣ ਇਕ ਦੂਸਰੇ ਦੀ ਨਿੰਦਾ ਕਰਦੇ ਹੋਏ ਆਪਣੇ ਆਪਣੇ ਦਰਸ਼ਨ ਦੀ ਪ੍ਰਸੰਸਾ ਕਰਦੇ ਹਨ। ਆਪਣੇ ਦਰਸ਼ਨ ਵਿਚ ਦਸੀ ਕ੍ਰਿਆ ਦੀ ਪੂਰਤੀ ਵਿਚ ਹੀ ਪੁੰਨ, ਧਰਮ ਤੇ ਮੋਕਸ਼ ਆਖਦੇ ਹਨ। ਇਸ ਲਈ ਅਸੀਂ ਉਨਾਂ ਦੇ ਏਕਾਂਤ ਦਰਿਸ਼ਟੀ ਕੋਣ ਦੀ ਨਿੰਦਾ ਕਰਦੇ ਕਿਸੇ ਖਾਸ ਵਿਚਾਰਕ ਦੀ ਨਹੀਂ ਕਰਦੇ।12 ਅਸੀਂ ਆਪਣੇ ਨਿਜ ਵਿਚਾਰ ਪ੍ਰਗਟ ਕਰਦੇ ਹਾਂ। ਇਹ ਮਾਰਗ (ਜੈਨ ਧਰਮ) ਸਰਵ ਉਤਮ ਹੈ। ਆਰੀਆ (ਸ਼ਰੇਸ਼ਟ) ਪੁਰਸ਼ ਰਾਹੀ ਨਿਰਦੋਸ਼ ਕਿਹਾ ਗਿਆ ਹੈ। 13। ਉਰਧਵ, ਅਧੋ, ਤਿਰਛੀ ਆਦਿ ਦਿਸ਼ਾਵਾ ਵਿਚ ਜੋ ਤਰੱਸ ਤੇ ਸਥਾਵਰ, ਪ੍ਰਾਣੀ ਹਨ ਉਨ੍ਹਾਂ ਪ੍ਰਾਣੀਆਂ ਦੀ ਹਿੰਸਾ ਤੋਂ ਘਿਰਨਾ ਕਰਨ ਵਾਲੇ ਪੁਰਸ਼ ਸੰਸਾਰ ਵਿਚ ਕਿਸੇ ਦੀ ਵੀ ਨਿੰਦਾ ਨਹੀਂ ਕਰਦੇ। (ਭਾਵ ਅਹਿੰਸਕ ਨਿੰਦਕ ਨਹੀਂ ਹੁੰਦਾ) 14।

**ਗੋਸ਼ਾਲਕ :**

"ਤੇਰੇ ਗੁਰੂ ਮਹਾਵੀਰ ਬਹੁਤ ਹੀ ਡਰਪੋਕ ਹਨ, ਇਸੇ ਲਈ ਤਾਂ ਉਹ ਲੋਕਾ ਦੇ ਇੱਕਠ ਵਿਚ ਨਹੀਂ ਠਹਿਰਦੇ। ਅਜੇਹੇ ਘਰ ਤੇ ਧਰਮਸ਼ਾਲਾ ਵਿਚ ਠਹਿਰਨ ਤੋਂ ਸੰਕੋਚ ਕਰਦੇ ਹਨ। ਉਹ (ਮਹਾਵੀਰ) ਸੋਚਦੇ ਹਨ ਕਿ ਇਨ੍ਹਾਂ ਜਗਾ ਤੇ ਬਹੁਤ ਸਾਰੇ ਮਨੁੱਖ ਥੋੜੀ ਜਾਂ ਜਿਆਦਾ ਵਕਤਾ ਜਾਂ ਮੋਨੀ (ਮੋਨਵਰਤੀ) ਨਿਵਾਸ ਕਰਦੇ ਹਨ। 15

ਸਿਖਿਆ, ਵਿਦਵਾਨ, ਸੂਤਰ ਤੇ ਅਰਥ ਦਾ ਜਾਣਕਾਰ ਅਜੇਹੀ ਥਾਂ ਨਿਵਾਸ ਕਰਦੇ ਹਨ। ਅਜੇਹਾ ਮਨੁੱਖ ਜੋ ਮੇਰੇ (ਮਹਾਵੀਰ) ਪਾਸੋਂ ਪ੍ਰਸ਼ਨ ਪੁਛ ਬੈਠਾ ਤਾਂ ਕੀ ਉੱਤਰ ਦੇਵਾਂਗਾ ? ਇਸੇ ਕਾਰਣ ਤੇਰੇ ਗੁਰੂ ਅਜਿਹੇ ਮਨੁੱਖਾਂ ਵਿਚ ਨਹੀਂ ਠਹਿਰਦੇ। 16

**ਆਦਰਕ ਮੁਨੀ :**

ਭਗਵਾਨ ਮਹਾਵੀਰ ਸਵਾਮੀ ਬਿਨਾਂ ਕਾਰਣ ਤੋਂ ਕੋਈ ਵੀ ਕੰਮ ਨਹੀਂ ਕਰਦੇ, ਉਹ ਬੱਚਿਆਂ ਦੀ ਤਰ੍ਹਾਂ ਬਿਨਾਂ ਵਿਚਾਰ ਨਾਲ ਕੋਈ ਕੰਮ ਨਹੀਂ ਕਰਦੇ। ਉਹ ਰਾਜ ਭੈ (ਰਾਜੇ ਦੇ ਡਰ ਵੱਸ) ਧਰਮ ਉਪਦੇਸ਼ ਨਹੀਂ ਕਰਦੇ। ਫੇਰ ਉਨ੍ਹਾਂ ਨੂੰ ਹੋਰ ਕਿਸੇ ਦਾ ਕਿ ਡਰ ਹੋ ਸਕਦਾ ਹੈ ? ਭਗਵਾਨ ਪ੍ਰਸ਼ਨਾ ਦਾ ਉਤਰ ਦਿੰਦੇ ਹਨ ਅਤੇ ਨਹੀਂ ਵੀ ਦਿੰਦੇ। ਉਹ ਸੰਸਾਰ ਵਿਚ ਆਰਿਆ ਲੋਕਾਂ ਲਈ ਤੇ ਆਪਣੇ ਤੀਰਥੰਕਰ ਨਾਮ ਕਰਮ ਦੇ ਖਾਤਮੇ ਲਈ ਧਰਮ ਉਪਦੇਸ਼ ਕਰਦੇ ਹਨ। 17

ਮਹਾਵੀਰ ਸੁਨਣ ਵਾਲੇ ਕੋਲ ਜਾ ਕੇ ਅਤੇ ਨਾ ਜਾ ਕੇ ਦੋਹਾ ਹਾਲਤਾਂ ਵਿਚ ਸਮਾਨ ਭਾਵਨਾ ਨਾਲ ਧਰਮ ਉਪਦੇਸ਼ ਕਰਦੇ ਹਨ। ਅਨਾਰਿਆ ਲੋਕ ਦਰਸ਼ਨ (ਵਿਸ਼ਵਾਸ) ਤੋਂ ਭਰਿਸ਼ਟ ਹਨ ਇਸੇ ਕਾਰਣ ਉਹ ਭਗਵਾਨ ਮਹਾਵੀਰ ਦੇ ਕੋਲ ਨਹੀਂ ਜਾਂਦੇ। 18

**ਗੋਸ਼ਾਲਕ :**

ਜਿਵੇਂ ਲੋਭੀ ਬਾਣੀਆ ਖਰੀਦ ਵੇਚ ਦੇ ਯੋਗ ਵਸਤੂ ਨੂੰ ਲੈ ਕੇ ਲਾਭ ਲਈ ਦੂਸਰੇ ਵਿਉਪਾਰੀ ਨਾਲ ਮੇਲ ਰਖਦਾ ਹੈ ਇਹ ਉਪਮਾ ਤੇਰੇ ਗੁਰੂ ਸ਼੍ਰਮਣ ਗਿਆਤਾ ਪੁਤਰ ਤੇ ਠੀਕ ਢੁਕਦੀ ਹੈ ਇਹੋ ਮੇਰੇ ਮਹਾਵੀਰ ਪ੍ਰਤੀ ਵਿਚਾਰ ਹਨ। 19

**ਆਦਰਕ ਮੁਨੀ :**

ਭਗਵਾਨ ਮਹਾਵੀਰ ਸਵਾਮੀ ਨਵੇਂ ਕਰਮ ਬੰਧਨ ਨਹੀਂ ਕਰਦੇ। ਸਗੋਂ ਪੁਰਾਣੇ ਕਰਮਾ ਦਾ ਖਾਤਮਾ ਕਰਦੇ ਹਨ। ਛੇ ਜੀਵਾ ਨਿਕਾਏ ਦੇ ਜਾਣਕਾਰ, ਰਖਿਅਕ, ਭਗਵਾਨ ਮਹਾਵੀਰ ਆਖਦੇ ਹਨ। ਪ੍ਰਾਣੀ ਕੁਮੱਤੀ (ਬੁਰੀ ਬੁੱਧੀ) ਛੱਡ ਕੇ ਹੀ ਮੋਕਸ਼ ਪ੍ਰਾਪਤ ਕਰਦਾ ਹੈ। ਇਸ ਲਈ (ਤਿਆਗ) ਕਰਨ ਵਿਚ ਹੀ ਮੋਕਸ਼ ਆਖਿਆ ਗਿਆ ਹੈ। ਉਸ ਮੋਕਸ਼ ਦੇ ਲਾਭ ਦੀ ਇੱਛਾ ਕਰਨ ਵਾਲੇ ਸ਼੍ਰਮਣ ਭਗਵਾਨ ਮਹਾਵੀਰ ਹਨ ਅਜੇਹਾ ਮੈਂ ਆਖਦਾ ਹਾਂ। 20।

ਹੇ ਗੋਸ਼ਾਲਕ) ਬਾਣੀਆਂ ਤਾਂ ਸਾਰੇ ਪ੍ਰਾਣੀਆਂ ਦੀ ਹਿੰਸਾ ਦੀ ਧੰਦਾ ਕਰਦੇ ਹਨ ਉਹ ਰਿਸ਼ਤੇਦਾਰ, ਦੇ ਸ਼ੰਭਘ ਵਿਚ ਫਸੇ ਹੋਏ, ਸਿਰਫ ਲਾਭ ਲਈ ਦੂਸਰੇ ਨਾਲ ਰਿਸ਼ਤਾ ਰਖਦੇ ਹਨ। 21

ਬਾਨੀਏ ਧੰਨ ਦੇ ਇਛੁੱਕ ਅਤੇ ਕਾਮਭੋਗ ਵਿਚ ਰੁਝੇ ਰਹਿੰਦੇ ਹਨ। ਉਹ ਭੋਜਨ ਦੇ ਲਈ ਇਧਰ ਉਧਰ ਜਾਂਦੇ ਹਨ। ਅਸੀਂ ਤਾਂ ਅਜੇਹੇ ਕਾਮ ਭੋਗਾ ਵਿਚ ਫਸੇ, ਰਾਗ ਵਿਚ ਫਸੇ ਬਾਨੀਆ ਨੂੰ ਅਨਾਰਿਆ ਆਖਦੇ ਹਾਂ ਮਹਾਵੀਰ ਬਾਨੀਏ ਨਹੀਂ ਹਨ ਉਹ ਤੇ ਰਾਗ ਦਵੇਸ਼ ਤੋਂ ਮੁਕਤ, ਪਰਿਵਾਰ ਆਦਿ ਪਰਿਗ੍ਰਹਿ ਤੋਂ ਮੁਕਤ ਹਨ। 22

ਬਾਨੀਏ ਆਰੰਭ ਤੇ ਪਰਿਗ੍ਰਹਿ ਵਿਚ ਫਸੇ ਰਹਿੰਦੇ ਹਨ ਉਹ ਅਪਣੀ ਆਤਮਾ ਨੂੰ ਦੰਡ (ਪਾਪ ਕਰਮਬੰਧ) ਦਿੰਦੇ ਹਨ ਉਨ੍ਹਾਂ ਦਾ ਲਾਭ, ਜਿਸਨੂੰ ਤੁਸੀਂ ਲੋਭ ਆਖਦੇ ਹੋ ਉਹ ਲੋਭ ਨਹੀਂ ਹੈ! ਇਹ ਤਾ ਚਾਰ ਗਤੀਆਂ ਵਿਚ ਭਟਕਾਉਣ ਅਤੇ ਅਨੰਤ ਸੰਸਾਰ ਦਾ ਕਾਰਣ ਹੈ। ਇਹ ਲਾਭ ਤਾਂ ਦੁੱਖ ਲਈ ਹੁੰਦਾ ਹੈ। ਇਹ ਲਾਭ ਸੱਚਾ ਸੁਖ ਨਹੀਂ। 23

ਵਿਦਵਾਨ ਲੋਕ ਧੰਨ ਲਾਭ ਆਦਿ ਨੂੰ ਏਕਾਂਤ ਲਾਭ ਨਹੀਂ ਮੰਨਦੇ। ਨਾ ਹੀ ਜ਼ਿਆਦਾ ਫਾਇਦੇ ਮੰਦ ਮੰਨਦੇ ਹਨ। ਜੋ ਲਾਭ ਏਕਾਂਤ ਜਾਂ ਜਿਆਦਾ ਸੁਖ ਰੂਪ, ਗੁਣਾਂ ਤੋਂ ਰਹਿਤ ਹੈ ਉਸ ਲਾਭ ਵਿਚ ਕੋਈ ਗੁਣ ਨਹੀਂ। ਪਰ ਭਗਵਾਨ ਮਹਾਵੀਰ ਨੇ ਜਿਸ ਲਾਭ ਨੂੰ ਪ੍ਰਾਪਤ ਕੀਤਾ ਹੈ ਉਹ ਸਾਦਿ (ਸ਼ੁਰੂ ਨਾਲ) ਤੇ ਅਨੰਤ ਹੈ ਜੀਵਾਂ ਦੇ ਰਖਿਅਕ, ਸਰਵ-ਗਿਆਨੀ ਭਗਵਾਨ ਮਹਾਵੀਰ ਉਸੇ ਕੇਵਲ ਗਿਆਨ ਰੂਪੀ ਲਾਭ ਦਾ ਦੂਸਰੇ ਨੂੰ ਉਪਦੇਸ਼ ਦਿੰਦੇ ਹਨ। 24

"ਭਗਵਾਨ ਮਹਾਵੀਰ ਸਵਾਮੀ ਸਾਰੇ ਜੀਵਾਂ ਦੀ ਹਿੰਸਾ ਤੋਂ ਹਮੇਸ਼ਾ ਰਹਿਤ ਹਨ। ਸਾਰੇ ਪ੍ਰਾਣੀਆਂ ਤੇ ਅਨੁਕੰਪਾ (ਦਿਆ) ਕਰਦੇ ਹਨ। ਉਹ ਧਰਮ ਵਿਚ ਸਥਿਤ ਰਹਿੰਦੇ ਹਨ। ਕਰਮ ਨਿਰਜਰਾ ਦਾ ਕਾਰਣ ਹਨ ਅਜੇਹੇ ਵੀਤਰਾਂਗ ਸਰਵੱਗ ਨੂੰ ਤੇਰੇ ਜੇਹੇ ਆਤਮਾ ਨੂੰ ਦੰਡ (ਪਾਪ) ਦੇਣ ਵਾਲਾ ਆਦਮੀ ਬਾਣੀਆ ਆਖਦੇ ਹੋ। ਇਹ ਗੱਲ ਤੇਰੀ ਅਗਿਆ-ਨਤਾ ਦੀ ਨਿਸ਼ਾਨੀ ਹੈ ਅਜੇਹੀ ਗੱਲ ਤਾਂ ਤੇਰੇ ਜੇਹੇ ਅਣਜਾਣ ਆਦਮੀ ਦੇ ਮੂੰਹੋਂ ਹੀ ਨਿਕਲਦੀ ਹੈ ਗਿਆਨੀ ਤਾਂ ਵਿਚਾਰ ਨਾਲ ਬੋਲਦਾ ਹੈ। 25।

## ਬੁੱਧ ਭਿਖ਼ਸ਼ੂ

[ਗੋਸ਼ਾਲਕ ਤੋਂ ਬਾਅਦ ਆਦਰਕ ਮੁਨੀ ਨੂੰ ਬੁੱਧ ਭਿਖ਼ਸ਼ੂ ਮਿਲੇ। ਉਹ ਆਦਰਕ ਨੂੰ ਆਖਨ ਲਗੇ, ਕੋਈ ਮਨੁੱਖ ਖਲੀ ਨੂੰ ਮਨੁੱਖ ਸਮਝਕੇ ਸੂਲੀ ਤੇ ਚੜਾ ਕੇ ਪਕਾਏ ਜਾਂ ਤੂੰਬੇ ਨੂੰ ਬਾਲਕ ਸਮਝ ਕੇ ਮਾਰੇ। ਸਾਡੇ ਮੱਤ ਵਿਚ ਦੋਹੇ ਪ੍ਰਾਣੀ ਬੰਧ ਕਰਨ ਵਾਲੇ ਪਾਪੀ ਹਨ।26

---

26 ਤੋਂ 40 ਬੁੱਧ ਧਰਮ ਦੀਆਂ ਤਿੰਨ ਮਾਨਤਾਵਾਂ ਦਾ ਖੰਡਨ ਆਦਰਕ ਮੁਨੀ ਨੇ ਕੀਤਾ ਹੈ:

1) ਕਿਸੇ ਮਾਸ ਨੂੰ ਖਲੀ ਪਿੰਡ ਮੰਨ ਕੇ ਪਕਾ ਕੇ ਪੁਰਸ਼ ਨੂੰ ਪਰੋਸਨ ਵਿਚ ਕੋਈ ਦੋਸ਼ ਨਹੀਂ ਲਗਦਾ।"
2) ਦੋ ਹਜ਼ਾਰ ਬੁੱਧ ਭਿਖਸ਼ੂਆਂ ਨੂੰ ਭੋਜਨ ਕਰਾਉਣ ਵਾਲਾ ਮਹਾਨ ਪੁੰਨ ਕਰਦਾ ਹੈ
3) ਮਾਸ ਅਹਾਰ ਜੋ ਖਾਸ ਵਿਧੀ ਨਾਲ ਤਿਆਰ ਕੀਤਾ ਹੋਵੇ ਤਾਂ ਭਿਖਸ਼ੂਆਂ ਨੂੰ ਕੋਈ ਦੋਸ਼ ਨਹੀਂ ਲਗਦਾ।

ਕੋਈ ਮਲੇਛ ਪੁਰਸ਼ ਨੂੰ ਖਲ ਸਮਝਕੇ ਮਾਰ ਕੇ ਪਕਾਏ ਤਾਂ ਸਾਡੇ ਮੱਤ ਅਨੁਸਾਰ ਉਹ ਪ੍ਰਾਣੀਘਾਤ ਹਿੰਸਾ ਦਾ ਭਾਗੀ ਨਹੀਂ ਹੁੰਦਾ। 27

ਕੋਈ ਪੁਰਸ਼ ਮਨੁੱਖ ਜਾਂ ਬਾਲਕ ਨੂੰ ਖਲ ਦਾ ਟੋਟਾ ਮੰਨਕੇ ਅੱਗ ਤੇ ਰੱਖਕੇ ਪਕਾਏ ਤਾਂ ਉਹ ਪਵਿਤਰ ਹੈ ਬੁੱਧਾ ਦੇ ਪਾਰਨੇ (ਖਾਣ) ਦੇ ਯੋਗ ਹੈ। 28

ਜੋ ਪੁਰਸ਼ ਦੋ ਹਜ਼ਾਰ ਭਿਖਸ਼ੂਆ ਨੂੰ ਹਰ ਰੋਜ਼ ਭੋਜਨ ਕਰਾਉਂਦਾ ਹੈ ਉਹ ਮਹਾ ਪੁੰਨ ਰਾਹੀ ਮਹਾਪ੍ਰਕਰਮੀ ਆਰੋਪਯ ਦੇਵਤਾ ਬਨਦਾ ਹੈ। 29।

## ਆਦਰਕ ਮੁਨੀ

ਇਹ ਸ਼ਾਕਯ [ਬੁੱਧ] ਧਰਮ ਸੰਜਮੀ ਪੁਰਸ਼ ਲਈ ਅਯੋਗ ਹੈ। ਪ੍ਰਾਣੀਆਂ ਦਾ ਘਾਤ ਕਰਨ ਨਾਲ ਪਾਪ ਨਹੀਂ ਹੁੰਦਾ, ਜੋ ਅਜੇਹਾ ਆਖਦੇ ਹਨ, ਸੁਨਦੇ ਹਨ, ਦੋਹੇ ਆਰਿਆ ਨਹੀਂ ਹਨ ਅਤੇ ਬੁਰੇ ਹਨ। 30।

ਉੱਚੀ, ਨੀਵੀਂ ਤੇ ਤਿਰਛੀ ਦਿਸ਼ਾਵਾਂ ਦੇ ਤਰੱਸ ਤੇ ਸਥਾਵਰ ਪ੍ਰਾਣੀਆਂ ਦੇ ਸਦ-ਭਾਵ ਦੇ ਚਿਨ ਨੂੰ ਜਾਨ ਕੇ, ਜੀਵ ਹਿੰਸਾ ਦੀ ਸ਼ੰਕਾ ਤੇ ਪ੍ਰਤਿ ਜਾਗਰਤ ਮਨੁੱਖ, ਹਿੰਸਾ ਤੋਂ ਘਿਰਨਾ ਕਰਦਾ ਹੋਇਆ, ਵਿਚਾਰ ਕੇ ਬੋਲੇ, ਵਿਚਾਰਕੇ ਕੰਮ ਕਰੇ, ਤਾਂ ਦੋਸ਼ ਕਿਵੇਂ ਲੱਗ ਸਕਦਾ ਹੈ ? 31।

ਮੂਰਖ ਵੀ ਖਲੱ ਨੂੰ ਪੁਰਸ਼ ਨਹੀਂ ਮੰਨਦੇ। ਜੋ ਮਨੁੱਖ ਅਜੇਹੀ ਬੁੱਧੀ ਰਖਦੇ ਹਨ, ਉਹ ਅਨਾਰਿਆ ਹਨ ਖੱਲ ਵਿਚ ਜਿਉਂਦੇ ਮਨੱਖ ਦੀ ਕਲਪਨਾ ਬੇਕਾਰ ਹੈ ਇਸ ਤਰ੍ਹਾਂ ਤੁਹਾਡੀ ਗੱਲ ਅਸੱਤ [ਝੂਠੀ], ਹੋ ਜਾਂਦੀ ਹੈ। 32।

ਜਿਸ ਵਚਨ ਦੇ ਪ੍ਰਯੋਗ ਨਾਲ ਜੀਵ ਹਿਸਾ ਦਾ ਪਾਪ ਲਗਦਾ ਹੋਵੇ, ਅਜੇਹੇ ਵਚਨ ਗੁਣਾਂ ਦਾ ਕਾਰਣ ਨਾ ਹੋ ਕੇ ਪਾਪਾ ਦਾ ਕਾਰਣ ਤੇ ਕਰਮਬੰਧ ਦਾ ਕਾਰਣ ਹਨ। ਇਸ ਲਈ ਦੀਖਿੱਆ ਦਾ ਧਾਰਮਿਕ ਮੁਨੀ, ਅਜੇਹੀ ਬੋਲੀ ਨਾ ਬੋਲੇ, ਜੋ ਸਾਰਾ ਰਹਿਤ ਹੋਵੇ। 33

ਹੇ ਬੁਧ ਧਰਮ ਨੂੰ ਮੰਨਣ ਵਾਲਿਓ ! ਤੁਸੀਂ ਹੀ ਸਾਰੇ ਸੰਸਾਰ ਦੇ ਪਦਾਰਥਾ ਨੂੰ ਜਾਣਦੇ ਹੋ। ਤੁਸੀਂ ਕਰਮ ਫਲ ਜਾਣਦੇ ਹੋ ? ਤੁਹਾਡਾ ਹੀ ਜਸ ਪੂਰਵ ਸਮੁੰਦਰ ਤੋਂ ਲੈ ਕੇ ਪਛਮ ਸਮੁੰਦਰ ਤੱਕ ਫੈਲਿਆ ਹੈ ? ਕਿ ਤੁਸੀਂ ਹਥ ਤੇ ਰਖੀ ਚੀਜ਼ ਦੀ ਤਰ੍ਹਾਂ ਹਰ ਤਰਾਂ ਦਾ ਗਿਆਨ (ਭਾਗ ਸਰਵੱਗਤਾ) ਹਾਸਲ ਕਰ ਲਿਆ ਹੈ ?34।

ਜੈਨ ਧਰਮ ਨੂੰ ਮੰਨਣ ਵਾਲੇ ਪੁਰਸ਼, ਜੀਵਾ ਦੇ ਕਰਮ ਫਲ ਸਵਰੂਪ ਪੀੜਾ ਨੂੰ ਭਲੀ ਭਾਂਤ ਸਮਝ ਕੇ, ਸ਼ੁਧ ਭੋਜਨ ਸਵੀਕਾਰ ਕਰਦੇ ਹਨ। ਕਪਟ ਨਾਲ ਰੋਜ਼ੀ ਕਮਾਉਣ ਵਾਸਤੇ, ਮਾਇਆ (ਧੋਖੇ) ਵਾਲੀ ਗੱਲ ਨਹੀਂ ਆਖਦੇ। ਇਸ ਜੈਨ ਧਰਮ ਵਿਚ ਸੰਜਮੀ ਪੁਰਸ਼ਾ ਦਾ ਇਹੋ ਧਰਮ ਹੈ। 35।

ਜੋ ਪੁਰਸ਼ ਦੋ ਹਜਾਰ ਭਿਖੂਸ਼ਾ ਨੂੰ ਹਰ ਰੋਜ ਭੋਜਨ ਕਰਾਉਂਦਾ ਹੈ ਉਹ ਅਸੰਜਮੀ ਖੂਨੀ ਨਾਲ ਰੰਗੇ ਹੱਥ ਵਾਲਾ ਪਾਪੀ, ਅਤੇ ਸੰਸਾਰ ਵਿਚ ਨਿੰਦਕ ਹੈ। 36।

ਤੁਹਾਡੇ ਮੱਤ ਵਿਚ ਮੋਟੀ ਤਾਜੀ ਭੇਡ ਨੂੰ ਮਾਰਕੇ, ਭਿਖਸ਼ੂਆ ਦੇ ਭੋਜਨ ਲਈ,

ਨਮਕ ਤੇਲ ਵਿਚ ਪਕਾ ਕੇ, ਪਿਪੱਲ ਆਦਿ ਮਸਾਲੇ ਲਗਕੇ ਤਿਆਰ ਕਰਦਾ ਹੈ। ਉਹ ਮਾਸ; ਬੁੱਧ ਭਿਖਸ਼ੂ ਦੇ ਯੋਗ ਸਮਝਿਆ ਜਾਂਦਾ ਹੈ ਤੁਹਾਡੇ ਭੋਜਨ ਦਾ ਇਹੋ ਢੰਗ ਹੈ। 37।

ਅਨਾਰਿਆ ਦਾ ਕੰਮ ਕਰਨ ਵਾਲੇ ਅਨਾਰਿਆ, ਅਗਿਆਨੀ, ਰਸ ਲਾਲਚੀ ਬੁੱਧ ਭਿਖਸ਼ੂ ਇਹ ਆਖਦੇ ਹਨ ਬਹੁਤ ਮਾਸ ਖਾਂਦੇ ਹੋਏ ਵੀ, "ਅਸੀਂ ਪਾਪ ਕਰਮ ਦਾ ਬੰਧ ਨਹੀਂ ਕਰਦੇ" (ਕਿਉਂਕਿ ਇਹ ਮਾਸ ਅਸੀਂ ਅਪਣੇ ਹੱਥ ਨਾਲ ਜੀਵ ਮਾਰ ਕੇ ਨਹੀਂ ਤਿਆਰ ਕੀਤਾ) ਆਖਦੇ ਹਨ। 38।

ਜੋ ਲੋਕ ਉਪਰੋਕਤ ਵਿਧੀ ਨਾਲ ਮਾਸ ਦਾ ਸੇਵਨ ਕਰਦੇ ਹਨ। ਉਹ ਅਨਜਾਨ ਪਾਪ ਦਾ ਸੇਵਨ ਕਰਦੇ ਹਨ। ਉਹ ਹੀ ਪੁਰਸ਼ ਵਿਦਵਾਨ ਹਨ, ਜੋ ਮਾਸ ਖਾਣ ਦੀ ਇੱਛਾ ਨਹੀਂ ਰਖਦੇ। ਮਾਸ ਖਾਣ ਵਿਚ ਦੋਸ਼ ਨਾ ਮਨਣਾ ਹੀ ਪਾਪ ਹੈ। 39।

ਸਾਰੇ ਪ੍ਰਾਣੀਆਂ ਤੇ ਦਿਆ ਕਰਨ ਦੇ ਲਈ, ਸਾਰੇ ਦੋਸ਼ਾ ਤੋਂ ਦੂਰ ਰਹਿਣ ਵਾਲੇ, ਉਸ ਪਾਪ ਦੀ ਸੰਕਾ ਰਖਣ ਵਾਲੇ ਭਗਵਾਨ ਮਹਾਵੀਰ ਦੇ ਚੇਲੇ ਰਿਸ਼ੀ, ਹੁਣ ਵੀ ਆਪਣੇ ਲਈ ਤਿਆਰ (ਉਦਿਸ਼ਟ ਭਕਤ) ਭੋਜਨ ਦਾ ਤਿਆਗ ਕਰਦੇ ਹਨ। 40।

ਪ੍ਰਾਣੀਆਂ ਦੀ ਹਿੰਸਾ ਦੀ ਸੰਕਾ ਹੋਣ ਤੇ ਸੰਸਾਰ ਤੋਂ ਵਿਰੱਕਤ ਸਾਧੂ ਪੁਰਸ਼, ਹਿੰਸਕ ਤੇ ਦੋਸ਼ ਪੂਰਨ ਭੋਜਨ ਅੰਗੀਕਾਰ ਨਹੀਂ ਕਰਦੇ। ਇਹ ਜੈਨ ਸ਼ਾਸਨ (ਧਰਮ) ਤੇ ਸੰਜਮੀ ਪੁਰਸ਼ਾ ਦਾ ਧਰਮ ਹੈ। 41।

ਇਸ ਨਿਰਗ੍ਰੰਥ ਧਰਮ ਵਿਚ ਸਥਿਤ ਪੁਰਸ਼, ਸਮਾਧੀ ਨੂੰ ਪ੍ਰਾਪਤ ਕਰਕੇ ਅਤੇ ਭਲੀ ਪ੍ਰਕਾਰ ਜਾਨਕੇ, ਮਾਇਆ ਰਹਿਤ ਹੋਕੇ, ਸੰਜਮ ਦਾ ਪਾਲਨ ਕਰੇ। ਇਸ ਧਰਮ ਦੇ ਪਾਲਨ ਨਾਲ ਪਦਾਰਥ ਦੇ ਗਿਆਨ ਨੂੰ ਪ੍ਰਾਪਤ, ਤ੍ਰਿਕਾਲ ਗਿਆਨੀ, ਸ਼ੀਲਪੁਰਸ਼ ਪ੍ਰਸ਼ੰਸਾ ਪ੍ਰਾਪਤ ਕਰਦੇ ਹਨ।42

## ਬ੍ਰਾਹਮਣ ਤੇ ਆਦਰਕਮੁਨੀ

(ਬ੍ਰਾਹਮਣ ਲੋਕ ਆਦਰਕ ਮੁਨੀ ਨੂੰ ਆਖਦੇ) "ਜੋ ਪੁਰਸ਼ ਦੋ ਹਜ਼ਾਰ (ਬ੍ਰਹਮ-ਚਾਰੀਆਂ) ਵਿਦਿਆਰਥੀ ਬ੍ਰਾਹਮਣਾਂ ਨੂੰ ਪ੍ਰਤਿ ਦਿਨ ਭੋਜਨ ਕਰਾਉਂਦਾ ਹੈ ਉਹ ਪੁੰਨ ਕਮਾ-ਉਂਦਾ ਤੇ ਦੇਵਤਾ ਬਣਦਾ ਹੈ" ਅਜਿਹਾ ਵੇਦ ਕਥਨ ਹੈ। 43

## ਆਦਰਕ ਮੁਨੀ

ਖੱਤਰੀ ਆਦਿ ਕੁਲਾ ਵਿਚ ਭੋਜਨ ਲਈ ਘੁਮਨ ਵਾਲੇ ਦੋ ਹਜਾਰ ਬ੍ਰਾਹਮਣਾ ਨੂੰ ਰੋਜ ਭੋਜਨ ਕਰਾਉਂਦਾ ਹੈ, ਉਹ ਮਨੁੱਖ ਮਾਸ ਇੱਛੁਕ ਪੰਛੀਆ ਨਾਲ ਭਰੇ ਨਰਕ ਵਿਚ

---

43-45 ਇਥੇ ਖਾਲੀ ਭੋਜਨ ਨਾਲ ਸਵਰਗ ਪ੍ਰਾਪਤੀ ਦੇ ਸਿਧਾਂਤ ਦਾ ਕਥਨ ਹੈ। ਦਾਨ, ਦਾਨੀ ਦੋਹੇ ਸੁਪਾਤਰ ਹੋਣੇ ਚਾਹੀਦੇ ਹਨ। ਜੋ ਬ੍ਰਾਹਮਣ ਯੱਗ ਵਿਚ ਹੋਣ ਵਾਲੀ ਪਸ਼ੂ ਹਿੰਸਾ ਵਿਚ ਧਰਮ ਮੰਨਦੇ ਹਨ। ਅਜਿਹੇ ਦਾਨ ਦੇਣ ਵਾਲੇ ਤੇ ਲੇਣ ਵਾਲੇ ਨਰਕ ਦੇ ਅਧਿਕਾਰੀ ਹਨ। ਆਦਰਕ ਮੁਨੀ ਦਾ ਸਪਸ਼ਟ ਕਥਨ ਹੈ "ਧਰਮ ਜੀਵ-ਦਿਆ ਵਿਚ ਹੈ ਹਿੰਸਾ ਵਿਚ ਨਹੀਂ।

ਜਾਂਦਾ ਹੈ ਜਿਥੇ ਉਹ ਭਿਆਨਕ ਤਾਪ ਭੋਗਦਾ ਰਹਿੰਦਾ ਹੈ। 44

ਦਿਆ ਪ੍ਰਧਾਨ ਧਰਮ ਦੀ ਨਿੰਦਾ ਅਤੇ ਹਿੰਸਾ ਪ੍ਰਧਾਨ ਧਰਮ ਦੀ ਪ੍ਰਸੰਸਾ ਕਰਨ ਵਾਲਾ ਰਾਜਾ ਜੇ ਇਕ ਵੀ ਸ਼ੀਲ ਰਹਿਤ ਬ੍ਰਾਹਮਣ ਨੂੰ ਭੋਜਨ ਕਰਾਉਂਦਾ ਹੈ ਤਾਂ ਉਹ ਹਨੇਰੀ ਨਰਕ ਵਿਚ ਪੈਦਾ ਹੁੰਦਾ ਹੈ। ਅਜੇਹੇ ਆਦਮੀ (ਦਾਨੀ) ਦੇਵਲੋਕ ਵਿਚ ਪੈਦਾ ਨਹੀਂ ਹੁੰਦੇ। 45

## ਏਕ ਦੰਡੀ (ਸਾਂਖਯ ਦਰਸ਼ਨ)

ਹੇ ਆਦਰਕ ਮੁਨੀ ! ਆਪਣਾ ਦੋਹਾ ਧਰਮ ਮਿਲਦਾ ਜੁਲਦਾ ਹੈ ਆਪਾਂ ਦੋਹੇ ਭੂਤ, ਵਰਤਮਾਨ ਤੇ ਭਵਿਖ ਤਿੰਨੇ ਕਾਲਾਂ ਵਿਚ ਧਰਮਵਿਚ ਸਥਿਤ ਰਹਿੰਦੇ ਹਾਂ। ਦੋਹਾਂ ਮੱਤਾਂ ਵਿਚ ਆਚਾਰ (ਚਾਰਿੱਤਰ) ਸ਼ੀਲ ਮਨੁੱਖ ਨੂੰ ਹੀ, ਗਿਆਨੀ ਕਿਹਾ ਗਿਆ ਹੈ। ਸੰਸਾਰ ਸੰਭਧੀ ਦੋਹਾ ਦਰਸ਼ਨਾ ਵਿਚ ਕੋਈ ਖਾਸ ਫਰਕ ਨਹੀਂ। 46

ਇਹ ਪੁਰਸ਼ (ਆਤਮਾ) ਅਵਿੱਕਤ (ਨਾ ਕਥਨ ਯੋਗ) ਰੂਪ ਹੈ ਇੰਦਰੀਆਂ ਤੇ ਮਨ ਰਾਹੀਂ ਵੇਖੀ ਨਹੀਂ ਜਾ ਸਕਦੀ, ਫੇਰ ਵੀ ਸਰਵਲੋਕ ਵਿਆਪੀ, ਨਿੱਤ ਹੈ। ਨੁਕਸਾਨ ਤੇ ਵਿਕਾਸ ਤੋਂ ਮੁਕਤ ਹੈ। ਇਹ ਆਤਮ (ਪੁਰਸ਼) ਸਭ ਭੂਤਾਂ ਵਿਚ ਸੰਪੂਰਨ ਰੂਪ ਨਾਲ ਰਹਿੰਦਾ ਹੈ ਜਿਸ ਤਰ੍ਹਾਂ ਚੰਦਰਮਾ ਸਾਰੇ ਤਾਰਿਆ ਨਾਲ ਸਭਧਿਤ ਰਹਿੰਦਾ ਹੈ। 47

## ਆਦਰਕ ਮੁਨੀ

ਹੇ ਇਕਦਡੀਓ, ਆਪਦੇ ਸਿਧਾਂਤ ਅਨੁਸਾਰ ਸੁਖੀ ਤੇ ਦੁਖੀ ਆਦਿ ਦੀ ਵਿਵਸਥਾ ਠੀਕ ਨਹੀਂ ਬਣਦੀ। ਜੀਵ (ਆਤਮ) ਆਪਣੇ ਕਰਮ ਤੋਂ ਪ੍ਰੇਰਿਤ ਹੋ ਕੇ ਜਨਮ ਮਰਨ ਵਿਚ ਘੁੰਮਦਾ ਹੈ, ਇਹ ਵੀ ਸਿਧ ਨਹੀਂ ਹੁੰਦਾ। ਬ੍ਰਾਹਮਣ, ਖਤਰੀ ਤੇ ਸੂਦਰ ਵੈਸ਼ ਦਾ, ਭੇਦ ਵੀ ਪ੍ਰਗਟ ਨਹੀਂ ਹੁੰਦਾ। ਕੀੜੇ ਪੰਛੀ, ਰਿੰਗਨ ਵਾਲੇ ਜਾਨਵਰਾ ਦੀ ਭਿੰਨਤਾ ਸਿੱਧ ਨਹੀਂ ਹੁੰਦੀ। ਇਸ ਤਰ੍ਹਾ ਸਾਰੇ ਮਨੁੱਖ ਤੇ ਸਾਰੇ ਦੇਵਲੋਕ ਦੇ ਦੇਵ ਆਦਿ ਗਤੀ ਦੇ ਭੇਦ ਵੀ ਸਿਧ ਨਹੀਂ ਹੁੰਦੇ। 48

ਇਸ ਲੋਕ ਨੂੰ ਕੇਵਲ ਗਿਆਨ (ਬ੍ਰਹਮ ਗਿਆਨ) ਤੋਂ ਬਿਨ੍ਹਾਂ ਜਾਨ ਕੇ ਜੋ ਲੋਕ ਧਰਮ ਉਪਦੇਸ਼ ਕਰਦੇ ਕਰਦੇ ਹਨ ਖੁਦ ਬਰਵਾਦ ਜੀਵ ਅਪਣੇ ਆਪ ਤੇ ਦੂਸਰੇ ਨੂੰ ਵੀ ਘੋਰ ਅਪਾਰ ਸੰਸਾਰ ਵਿਚ ਨਸ਼ਟ ਕਰਦੇ ਹਨ। 49

ਪਰ ਜੋ ਸਮਾਧੀਪੂਰਨ ਵਾਲੇ ਪੁਰਸ਼, ਕੇਵਲ ਗਿਆਨ ਰਾਹੀਂ ਇਸ ਲੋਕ ਨੂੰ ਜਾਣਦੇ ਹਨ ਉਹ ਸੱਚੇ ਧਰਮ ਦੇ ਉਪਦੇਸ਼ਕ ਹਨ ਉਹ ਆਪ ਪਾਪ ਤੋਂ ਪਾਰ ਹੋ ਗਏ ਹਨ ਅਤੇ ਹੋਰਾ ਪਾਰ ਕਰਨ ਵਿਚ ਸਮਰਥ ਹਨ। 50

ਇਸ ਸੰਸਾਰ ਵਿਚ ਜੋ ਲੋਕ ਨਿੰਦਾ ਯੋਗ ਆਚਰਣ ਕਰਦੇ ਹਨ ਅਤੇ ਜੋ ਉਤਮ ਆਚਰਨ ਕਰਦੇ ਹਨ ਉਨ੍ਹਾਂ ਦੋਹਾ ਦੀ ਕ੍ਰਿਆ ਨੂੰ ਕੇਵਲ ਗਿਆਨ ਰਹਿਤ ਪੁਰਸ਼ ਇਸ ਤਰ੍ਹਾਂ ਦਸਦੇ ਹਨ। ਹੇ ਆਯੁਸ਼ਮਾਨ ! ਉਹ ਸ਼ੁਭ ਆਚਰਨ ਕਰਨ ਵਾਲੇ ਨੂੰ ਅਸ਼ੁਭ ਆਚਰਨ ਵਾਲਾ ਅਤੇ ਅਸ਼ੁਭ ਆਚਰਨ ਵਾਲੇ ਨੂੰ ਸ਼ੁਭ ਆਚਰਨ ਵਾਲਾ ਦਸ ਕੇ ਉਲਟ ਗੱਲਾ ਦਾ ਪ੍ਰਚਾਰ ਕਰਦੇ ਹਨ। 51

## ਹਸਤੀ ਤਪਸ

ਅਸੀਂ ਲੋਕ ਸਾਰੇ ਜੀਵਾ ਦੇ ਦਿਆ ਕਰਦੇ ਹੋਏ ਸਾਲ ਵਿਚ ਇਕ ਬਾਣ ਰਾਹੀ, ਇਕ ਹਾਥੀ ਮਾਰਕੇ ਸਾਲ ਭਰ ਖਾਂਦੇ ਹਨ ਅਤੇ ਉਸ ਦੇ ਮਾਸ ਤੇ ਗੁਜਾਰਾ ਕਰਦੇ ਹਾਂ । 52

## ਆਦਰਕ ਮੁਨੀ

ਸਾਲ ਵਿਚ ਇਕਪ੍ਰਾਣੀ ਮਾਰਨ ਵਾਲੇ ਆਦਮੀ ਵੀ ਦੋਸ ਰਹਿਤ ਨਹੀਂ ਹੈ। ਕਿਉਂਕਿ ਜੀਵਾ ਦੇ ਘਾਤ ਦੀ ਆਦਤ ਤੋਂ ਨਾ ਮੁਕਤ, ਮਨੁੱਖ ਗ੍ਰਹਿਸਥ ਹੀ ਅਖਵਾਉਣਗੇ, ਸਾਧੂ ਨਹੀਂ । 53

ਜੋ ਪੁਰਸ਼ ਸ੍ਰਮਣਾ ਦੇ ਵਰਤਾ ਵਿਚ ਸਥਿਤ ਹੋਕੇ ਸਾਲ ਭਰ ਇਕ ਇਕ ਪ੍ਰਾਣੀ ਹੀ ਮਾਰਦਾ ਹੈ ਅਜੇਹੇ ਪੁਰਸ਼ ਨੂੰ ਕੇਵਲ ਗਿਆਨ ਪ੍ਰਾਪਤ ਨਹੀਂ ਹੁੰਦਾ । 54

ਤੱਤਵ ਦਰਸ਼ੀ ਭਗਵਾਨ ਦੀ ਆਗਿਆ ਨਾਲ ਇਸ ਸ਼ਾਂਤੀ ਪੂਰਨ ਧਰਮ ਨੂੰ ਗ੍ਰਹਿਣ ਕਰਕੇ ਇਸ ਧਰਮ ਵਿਚ ਚੰਗੀ ਤਰ੍ਹਾਂ ਸਥਿਤ ਹੋ ਕੇ ਤਿੰਨ ਕਰਨ (ਕਰਨਾ-ਕਰਾਉਣਾ ਕਰਦੇ ਨੂੰ ਚੰਗਾ ਸਮਝਨਾ) ਤੋਂ ਲੈ ਕੇ ਮਿਥਿਆਤਵ ਦੀ ਨਿੰਦਾ ਕਰਦਾ ਹੋਇਆ ਸਾਧਕ ਅਪਣੀ ਤੇ ਦੂਸਰੇ ਦੀ ਰਖਿਆ ਕਰਦਾ ਹੈ। ਇਸ ਮਹਾਦੁਸ਼ਵਾਰ ਸੰਸਾਰ ਰੂਪੀ ਸਮੁੰਦਰ ਨੂੰ ਪਾਰ ਕਰਨ ਲਈ ਵਿਵੇਕੀ ਸਾਧਕ ਸਮਿਅਕ ਦਰਸ਼ਨ, ਗਿਆਨ ਚਾਰਿਤਰ ਧਰਮ ਦੀ ਅਭਿ-ਲਾਸ਼ਾ ਕਰਕੇ ਗ੍ਰਹਿਣ ਕਰੇ । ਅਜੇਹਾ ਮੈਂ ਆਖਦਾ ਹਾਂ ।



# ਸੱਤਵਾਂ ਅਧਿਐਨ ਨਾਲੰਦੀਆ

ਇਸ ਅਧਿਐਨ ਦੀ ਰਚਨਾ ਬਿਹਾਰ ਦੇ ਜਿਲ੍ਹਾ ਨਾਲੰਦਾ ਵਿਚ ਹੋਈ ਸੀ। ਪਹਿਲਾ ਦੇ ਅਧਿਐਨਾ ਵਿਚ ਸਾਧੂ ਜੀਵਨ ਸੰਬੰਧਿਤ ਨਿਯਮ ਮਰਿਆਦਾਵਾਂ ਹਨ। ਪਰ ਇਸ ਅਧਿਐਨ ਵਿਚ ਗ੍ਰਹਿਸਥ ਧਰਮ ਦੀ ਬੜੀ ਬਾਰੀਕੀ ਨਾਲ ਚਰਚਾ ਕੀਤੀ ਗਈ ਹੈ।

ਨਾਲੰਦਾ ਦਾ ਇਕ ਹੋਰ ਅਰਥ ਨਿਰਯੁਕਤੀਕਾਰ ਨੇ ਕੀਤਾ ਹੈ ਜਿਥੇ ਦਾਨ ਦੀ ਮਨਾਹੀ ਨਹੀਂ, ਉਹ ਨਾਲੰਦਾ ਹੈ। ਭਾਵ ਨਾਲੰਦਾ ਸ਼ਹਿਰ ਵਿਚ ਹਰ ਮੱਤ ਦੇ ਸਾਧੂ ਲਈ ਦਾਨ ਸਹਿਜ ਪ੍ਰਾਪਤ ਹੁੰਦਾ ਸੀ। ਇਸ ਅਧਿਐਨ ਵਿਚ ਨਾਲੰਦਾ ਨੂੰ ਰਾਜਗ੍ਰਹਿ ਨਗਰੀ ਦਾ ਮੁਹੱਲਾ ਦਸਿਆ ਗਿਆ ਹੈ ਜਿਸ ਤੋਂ ਰਾਜ ਗ੍ਰਹਿ ਦੀ ਭੁਗੋਲਿਕ ਹੱਦ ਦਾ ਪਤਾ ਲਗਦਾ ਹੈ ਇਹ ਗਲ ਪੁਰਾਵਤਵ ਪਖੋਂ ਮਹੱਤਵਪੂਰਨ ਹੈ।

ਇਸ ਨਗਰ ਵਿਚ ਲੇਪ ਨਾਂ ਦਾ ਅਮੀਰ ਸ਼੍ਰਮਣੋਉਪਾਸਕ (ਜੈਨ ਉਪਾਸਕ) ਰਹਿੰਦਾ ਸੀ। ਜੋ ਅਮੀਰੀ ਦੇ ਨਾਲ ਨਾਲ ਤਤੱਵਾਂ ਦਾ ਗੂੜਾ ਜਾਣਕਾਰ ਸੀ। ਉਸ ਨੂੰ ਨਿਰਗ੍ਰੰਥ (ਜੈਨ) ਧਰਮ ਵਿਚ ਅਥਾਹ ਵਿਸ਼ਵਾਸ ਸੀ। ਉਸ ਨੇ ਨਾਲੰਦਾ ਵਿਖੇ ਇਕ ਸ਼ੇਸ਼ ਦ੍ਰਵਿਆ ਨਾਂ ਦੀ ਉਦਕਸ਼ਾਲਾ (ਪਿਆਉ) ਦਾ ਨਿਰਮਾਨ ਕਰਾਇਆ। ਇਸ ਪਿਆਓ ਦੇ ਕੋਲ ਹਸਤੀ ਆਮ ਨਾਂ ਦਾ ਬਗੀਚਾ ਸੀ। ਜੋ ਬਹੁਤ ਸੁੰਦਰ ਸੀ।

ਇਸ ਬਾਗ ਵਿਚ ਭਗਵਾਨ ਮਹਾਵੀਰ ਦੇ ਚੇਲੇ ਇੰਦਰ ਭੂਤੀ ਠਹਿਰੇ ਹੋਏ ਸਨ। ਉਸ ਸਮੇਂ ਭਗਵਾਨ ਪਾਰਸ਼ਵ ਨਾਥ ਦੀ ਪ੍ਰੰਪਰਾ ਦੇ ਨਿਰਗ੍ਰੰਥ [ਜੈਨ] ਸਾਧੂ ਪੇਡਾਲ ਪੁਤਰ ਉਦਕ ਉਸ ਬਗੀਚੇ ਵਿਚ ਪਹੁੰਚੇ। ਦੋਹਾਂ ਵਿਚਕਾਰ ਹੋਈ ਧਰਮ ਚਰਚਾ ਦਾ ਗਿਆਨ ਭਰਪੂਰ ਵਰਨਣ ਇਸ ਅਧਿਐਨ ਵਿਚ ਹੈ।

ਇਸ ਚਰਚਾ ਵਿਚ ਮੁੱਖ ਦੋ ਵਿਸ਼ੇ ਪੇਡਾਲ ਪੁਤਰ ਮੁਨੀ ਨੇ ਭਗਵਾਨ ਗੌਤਮ ਇੰਦਰਭੂਤੀ ਦੇ ਸਾਹਮਣੇ ਉਠਾਏ ਹਨ। ਇਕ ਤਾਂ ਤਰੱਸ [ਹਿਲਨ ਚਲਣ ਵਾਲੇ] ਜੀਵਾ ਦੀ ਹਿੰਸਾ ਦੇ ਪਛਖਾਨ ਨਿਅਮ ਵਾਰੇ ਹੈ। ਦੂਸਰਾ ਨੁਕਤਾ ਇਹ ਹੈ ਕਿ ਜੇ ਤਰੱਸ ਸਥਾਵਰ ਬਣ ਜਾਏ, ਤਾ ਤਰੱਸ ਜੀਵਾਂ ਦੀ ਹਿੰਸਾ ਦਾ ਤਿਆਗ ਬੇਅਰਥ ਹੈ।

ਗੌਤਮ ਸਵਾਮੀ ਨੇ ਸਪਸ਼ਟ ਕੀਤਾ ਹੈ ਕਿ ਇਹ ਤਿੰਨ ਕਾਲ ਵਿਚ ਨਾ ਕਦੇ ਹੋਇਆ ਹੈ ਨਾ ਹੋਵੇਗਾ ਨਾ ਹੋ ਰਿਹਾ ਹੈ ਕਿ ਸਾਰੇ ਤਰੱਸ ਸਥਾਵਰ ਬਣ ਜਾਣ ਜਾਂ ਸਾਰੇ ਸਥਾਵਰ, ਤਰੱਸ ਬਣ ਜਾਨ। ਉਪਾਸਕ ਦਾ ਤਿਆਗ ਉਦੋਂ ਤੱਕ ਹੈ ਜਦ ਤਕ ਉਹ ਜੀਵ

ਉਸ ਤਰੱਸ ਸਥਿਤੀ ਵਿਚ ਹੈ, ਕਿਉਂਕਿ ਉਪਾਸਕ ਕੁਝ ਅੰਸ਼ ਅਹਿੰਸਾ ਦਾ ਪਾਲਨ ਕਰਨ ਵਿਚ ਹੀ ਸਮਰੱਥ ਹੈ। ਸੋ ਜਿਸ ਉਪਾਸਕ ਨੇ ਜਿੰਨੀ ਅਹਿੰਸਾ ਦਾ ਤਿਆਗ ਕੀਤਾ ਹੈ ਉਸੇ ਅੰਸ਼ ਤਕ ਉਸ ਦਾ ਪਛਖਾਨ (ਨਿਅਮ) ਠੀਕ ਪਛਖਾਨ ਹੈ।

ਸ਼੍ਰਾਵਕ ਅਹਿੰਸਾ, ਸੱਚ, ਚੋਰੀ ਦਾ ਤਿਆਗ, ਬ੍ਰਹਮਚਰਜ, ਅਪਰਿਗ੍ਰਹਿ ਆਦਿ ਪੰਜ ਅਨੂਵਰਤਾ, 4 ਸਿਖਿਆ ਵਰਤਾ, 3 ਦਿਸ਼ਾਵਰਤਾ ਰਾਹੀਂ ਅਪਣੀ ਸੰਜਮ ਸਾਧਨਾ ਸ਼ੁਰੂ ਕਰਦਾ ਹੋਇਆ, ਘਰ ਵਿਚ ਰਹਿਕੇ ਵੀ ਦੇਵ, ਗੁਰੂ ਤੇ ਧਰਮ ਦਾ ਸਵਰੂਪ ਜਾਨ ਸਕਦਾ ਹੈ।

ਸਮਿਅਕ ਗਿਆਨ ਤੇ ਸਮਿਅਕ ਦਰਸ਼ਨ ਸਮਿਅਕ ਚਾਰਿਤੱਰ ਦਾ ਪਾਲਨ ਕਰਕੇ ਸਵਰਗ ਜਾਂ ਮੋਕਸ਼ ਪ੍ਰਾਪਤ ਕਰ ਸਕਦਾ ਹੈ।

ਸ਼੍ਰਾਵਕ ਦੀਆ ਪ੍ਰਤਿਮਾਵਾਂ ਦਾ ਪਾਲਨ ਕਰਦਾ ਹੋਇਆ, ਸਾਧੂ ਦੀ ਤਰ੍ਹਾਂ ਗ੍ਰਹਿਸਥ ਵੀ ਘਰੇਲੂ ਜ਼ਿੰਮੇਵਾਰੀ ਪੂਰੀ ਕਰਕੇ ਮੋਕਸ਼ ਪ੍ਰਾਪਤ ਕਰ ਸਕਦਾ ਹੈ। ਇਸਦੇ ਉਦਾਹਰਣ ਭਰਤ ਚਕਰਵਰਤੀ, ਮਾਤਾ ਮਰੂਦੇਵੀ ਹਨ। ਜਿਨ੍ਹਾਂ ਘਰ ਵਿਚ ਕੇਵਲ ਗਿਆਨ ਪ੍ਰਾਪਤ ਕੀਤਾ।

ਇਸ ਅਧਿਐਨ ਤੋਂ ਭਗਵਾਨ ਪਾਰਸ਼ਨਾਥ ਦੀ ਪ੍ਰੰਪਰਾ ਦੇ ਚੇਲਿਆ ਦੇ ਵਿਸ਼ਵਾਸ ਦਾ ਪਤਾ ਚਲਦਾ ਹੈ। ਗੌਤਮ ਸਵਾਮੀ ਦੇ ਸਹੀ ਉਤਰ ਪਾਕੇ ਪੇਂਡਾਲ ਪੁਤਰ ਮੁਨੀ ਭਗਵਾਨ ਪਾਰਸ਼ਨਾਥ ਦੇ ਚਤੁਰਯਾਮ ਨੂੰ ਛੱਡਕੇ, ਭਗਵਾਨ ਮਹਾਵੀਰ ਦੇ ਸੰਘ ਵਿਚ ਸ਼ਾਮਲ ਹੋ ਗਏ।

ਇਸ ਅਧਿਐਨ ਤੋਂ ਪਤਾ ਲਗਦਾ ਹੈ ਕਿ ਭਗਵਾਨ ਮਹਾਵੀਰ ਦੇ ਕੇਵਲ ਗਿਆਨ ਤੋਂ ਬਾਅਦ ਵੀ ਬਹੁਤ ਸਾਰੇ ਪਾਰਸ਼ਵਨਾਥ ਅਨੁਯਾਈ ਅਪਣੀ ਸੁਤੰਤਰ ਸੱਤਾ ਰਖਦੇ ਸਨ। ਪੰਜਵੇਂ ਅੰਗ ਭਗਵਤੀ ਵਿਚ ਇਸ ਤਰ੍ਹਾਂ ਦੀਆਂ ਕਈ ਚਰਚਾਵਾਂ ਦਾ ਇਤਿਹਾਸਕ ਵਰਨਣ ਹੈ। ਸ੍ਰੀ ਉਤਰਾਧਿਐਨ ਸੂਤਰ ਵਿਚ ਕੇਸ਼ੀ-ਗੌਤਮ ਵਾਰਤਾ ਇਸ ਗੱਲ ਦਾ ਸਪਸ਼ਟ ਉਦਾਹਰਣ ਹੈ।

# ਸਤਵਾ ਨਾਲੰਦੀਆ : ਅਧਿਅਨ

ਉਸ ਕਾਲ, ਉਸ ਸਮੇਂ ਰਾਜਗ੍ਰਹਿ ਨਾ ਦੀ ਨਗਰੀ ਸੀ ਜੋ ਰਿਧੀਆ ਨਾਲ ਭਰਪੂਰ ਸੀ (ਇਸ ਦਾ ਵਰਨਣ ਔਪਾਪਾਤਿਕ ਸੂਤਰ ਵਿਚ ਨਗਰ ਵਰਨਣ ਦੀ ਤਰ੍ਹਾਂ ਜਾਨਣਾ ਚਾਹੀਦਾ ਹੈ) ਹਰ ਪ੍ਰਕਾਰ ਦੇ ਅੰਦਰਲੇ ਬਾਹਰਲੇ ਭੈ ਤੋਂ ਮੁਕਤ ਸੀ। ਉਸ ਰਾਜਗ੍ਰਹਿ ਦੇ ਬਾਹਰ ਈਸ਼ਾਨ ਕੋਣ (ਉਤਰ ਪੂਰਵ) ਵੱਲ ਨਾਲੰਦਾ ਨਾਂ ਦਾ ਪਾੜਾ ਜਾ ਬਾਹਰੀ ਬਸਤੀ ਸੀ। ਉਥੇ ਸੈਂਕੜੇ ਭਵਨ ਸਨ, ਜੋ ਮਹਿਲ ਵੇਖਨ ਯੋਗ ਸਨ। ਇਹ ਨਗਰੀ ਬਹੁਤ ਹੀ ਸੁੰਦਰ ਸੀ। 68

ਉਸ ਰਾਜਗ੍ਰਹਿ ਦੇ ਨਾਲੰਦਾ ਨਾਮ ਦੇ ਬਾਹਰੀ ਪ੍ਰਦੇਸ਼ ਵਿਚ ਲੇਪ ਨਾਂ ਦਾ ਗਾਥਾਪਤਿ ਰਹਿੰਦਾ ਸੀ। ਉਹ ਬੜਾ ਧੰਨਵਾਨ, ਤੇਜਵਾਨ, ਪ੍ਰਸਿਧ ਸੀ। ਉਸ ਕੋਲ ਬੜੇ ਬੜੇ ਭਵਨ, ਪਲੰਗ, ਆਸਨ, ਪਾਲਕੀ ਰਥ ਆਦਿ ਸਵਾਰੀਆਂ, ਘੋੜੇ ਹਾਥੀ ਆਦਿ ਸਵਾਰੀਆਂ ਸਨ। ਕਾਫੀ ਮਾਤਰਾ ਵਿਚ ਸੰਪਤੀ ਤੇ ਸੋਨਾ ਚਾਂਦੀ ਵੀ ਸੀ। ਉਹ ਧਨ ਕਮਾਉਣ ਦੇ ਢੰਗਾ ਤੋਂ ਵਾਕਫ ਸੀ ਉਹ ਪੈਸਾ ਕਮਾਉਣ ਵਿਚ ਮਾਹਿਰ ਤੇ ਤਜਰਵੇ ਕਾਰ ਸੀ। ਉਹ ਬਹੁਤ ਸਾਰਾ ਭੋਜਨ ਪਾਣੀ, ਲੋੜਵੰਦਾਂ ਵਿਚ ਵੰਡਦਾ ਸੀ। ਉਸ ਪਾਸ ਬਹੁਤ ਸਾਰੇ ਦਾਸ, ਦਾਸੀ, ਗਾਵਾਂ, ਮੱਝਾਂ ਤੇ ਭੇਡਾਂ ਸਨ। ਉਹ ਕਿਸੇ ਤੋਂ ਦਬਦਾ ਨਹੀਂ ਸੀ। ਉਹ ਬੇਧੜਕ ਆਦਮੀ ਸੀ। ਉਹ ਲੇਪ ਨਾਂ ਦਾ ਗਾਥਾਪਿਤ ਸ਼੍ਰਮਣੋਪਾਸਕ (ਜੀਵ ਅਜੀਵ ਦਾ ਜਾਨਦਾਰ ਜੈਨ ਸ਼੍ਰਾਵਕ) ਵੀ ਸੀ। ਇਸ ਬਾਰੇ ਉਪਾਸਕ ਦਸਾਂਗ ਵਿਚ ਵਰਨਿਤ ਆਨੰਦ ਸ਼੍ਰਾਵਕ ਦੀਆਂ ਵਿਸ਼ੇਸ਼ਤਾਵਾਂ ਜਾਣ ਲੈਣੀਆਂ ਚਾਹੀਦੀਆਂ ਹਨ।

ਉਹ ਲੇਪ ਨਿਰਗ੍ਰੰਥ ਪ੍ਰਵਚਨ ਵਿਚ ਸੰਕਾ ਰਹਿਤ ਸੀ, ਧਰਮ ਦੇ ਫਲ ਦੀ ਇੱਛਾ ਤੋਂ ਰਹਿਤ ਸੀ ਧਰਮ ਫਲ ਦੇ ਸ਼ੱਕ ਤੋਂ ਮੁਕਤ ਸੀ। ਉਹ ਪੁਰਸ਼ ਗੁਣੀ ਮਨੁੱਖ ਦੀ ਨਿੰਦਾ ਤੋਂ ਦੂਰ ਸੀ।

ਉਹ ਧਰਮ ਦੇ ਵਾਸਤਵਿਕ ਤੱਤਵ ਸਵਰੂਪ ਨੂੰ ਪਾ ਚੁਕਾ ਸੀ। ਉਸਨੇ ਮੋਕਸ਼ ਮਾਰਗ ਸਵੀਕਾਰ ਕਰ ਲਿਆ ਸੀ। ਵਿਦਵਾਨ ਤੋਂ ਪੁਛ ਕੇ ਪਦਾਰਥਾ ਦਾ ਗਿਆਨ ਹਾਸਲ ਕਰ ਲਿਆ ਸੀ। ਪ੍ਰਸ਼ਨਾਂ ਦੇ ਉਤਰਾਂ ਰਾਹੀ ਤੱਤਵਾ ਤੇ ਨਿਸ਼ਚਾ ਕਰ ਲਿਆ ਸੀ। ਉਸ ਨੂੰ ਆਪਣੇ ਚਿਤ ਵਿਚ ਸਮਾ ਲਿਆ ਸੀ। ਉਸ ਦਾ ਹਿਰਦਾ ਸਮਿਕੱਤਵ ਰੂਪੀ ਖੁਸ਼ਬੂ ਨਾਲ ਮਹਿਕ ਰਿਹਾ ਸੀ। ਨਿਰਗ੍ਰੰਥ ਪ੍ਰਵਚਨ ਪ੍ਰਤਿ ਉਸ ਦਾ ਅਨੁਰਾਗ ਹੱਡੀਆਂ ਤੇ ਨਸਾ ਵਿਚ ਸਮਾ ਚੁੱਕਾ ਸੀ।

ਨਿਰਗ੍ਰੰਥ (ਜੈਨ) ਪ੍ਰਵਚਨ ਬਾਰੇ ਜਦ ਵੀ ਉਸਨੂੰ ਕੋਈ ਪ੍ਰਸ਼ਨ ਕਰਦਾ ਸੀ ਤਾਂ ਉਹ ਆਖਦਾ ਸੀ "ਹੇ ਆਯੁਸ਼ਮਾਨ ! ਇਹ ਨਿਰਗ੍ਰੰਥ ਪ੍ਰਵਚਨ ਹੀ ਮੇਰੀ ਸੰਪਤੀ ਹੈ ਇਹੋ ਸੱਚ ਹੈ

ਪਰਮਾਰਥ ਹੈ ਇਸ ਤੋਂ ਇਲਾਵਾ ਸਾਰੇ ਦਰਸ਼ਨ (ਵਿਸ਼ਵਾਸ਼) ਜਾਂ ਧਰਮ ਕੂੜ ਹਨ, ਝੂਠੇ ਹਨ।"

ਲੇਪ ਦਾ ਨਿਰਮਲ ਜਸ ਚਾਰੇ ਪਾਸੇ ਫੈਲਿਆ ਹੋਇਆ ਸੀ। ਉਸ ਦੇ ਘਰ ਦੇ ਦਰਵਾਜੇ ਲੋੜ ਬੰਦਾ ਲਈ ਹਮੇਸਾ ਖੁਲੇ ਰਹਿੰਦੇ ਸਨ। ਰਾਜਿਆ ਦੇ ਮਹਿਲ ਉਸ ਲਈ ਸਨ ਉਹ ਚਾਰਿਤਰ ਪੱਖੋਂ ਹਰ ਆਦਮੀ ਲਈ ਵਿਸ਼ਵਾਸ ਪਾਤਰ ਸੀ।

ਉਹ ਚਤੁਰਦਸੀ (14) ਅਸ਼ਟਮੀ (8) ਅਮਾਵਸਯ (11) ਤੇ ਪੂਰਣਮਾਸ਼ੀ (15) ਤਾਰਿਖਾ ਨੂੰ ਹਰ ਮਹੀਨੇ ਪੋਸਧ ਉਪਵਾਸ ਕਰਦਾ ਸੀ। ਉਹ ਸ਼੍ਰਮਣਾ ਨਿਰਗ੍ਰੰਥਾ ਨੂੰ ਭਿੱਖਿਆ ਦੇ 42 ਦੋਸ਼ ਵਾਲੇ ਦੇ ਸੁਧ ਅਸ਼ਨ, ਪਾਨ, ਖਾਦਯ, ਸਵਾਦਯ ਚਾਰੇ ਪ੍ਰਕਾਰ ਦਾ ਭੋਜਨ ਦਿੰਦਾ ਸੀ ਅਨੇਕਾ ਸਿਖਿਆਵਰਤ 3 ਗੁਣਵਰਤ ਤੇ ਹਿੰਸਾ ਆਦਿ ਦੇ ਤਿਆਗ ਰੂਪ 5 ਅਣੂਵਰਤ, ਤਿਆਗ, ਨਿਅਮ, ਪਛਖਾਨ, ਪੋਸ਼ਧ ਰਾਹੀਂ ਆਪਣੀ ਆਤਮਾ ਨੂੰ ਪਵਿਤਰ ਕਰਦਾ ਹੋਈਆਂ ਧਾਰਮਿਕ ਜੀਵਨ ਗੁਜਾਰ ਰਿਹਾ ਸੀ। 69

ਉਸ ਯੁੱਗ ਵਿਚ ਨਾਲੰਦਾ ਦੇ ਬਾਹਰ ਉਤਰ ਪੂਰਵ, ਦਿਸ਼ਾ ਵਿਚ ਲੇਪ ਗ੍ਰਹਿਪਤਿ (ਗ੍ਰਹਿਸਥ) ਨੇ ਆਪਣੇ ਘਰ ਦੀ ਸਾਮਗਰੀ ਤੋਂ ਬਚੇ ਸਮਾਨ ਨਾਲ ਇਕ ਪਿਆਓ ਸ਼ੇਸ ਦਰਵਿਆ ਦਾ ਨਿਰਮਾਣ ਕੀਤਾ ਸੀ, ਜੋ ਅਨੇਕ ਪ੍ਰਕਾਰ ਦੇ ਖੰਬਿਆ ਤੇ ਟਿਕੀ ਹੋਈ ਸੀ ਇਹ ਸੁੰਦਰ ਤੇ ਰਮਣੀਕ ਸੀ, ਲੇਪ ਨੇ ਉਸ ਪਿਆਓ ਦਾ ਨਾਮ ਸ਼ੇਸ ਦਰਵਿਆ ਰਖਿਆ। ਉਸੇ ਪਿਆਓ ਦੇ ਈਸ਼ਾਨ ਕੋਣ ਵੱਲ ਹਸਤੀਯਾਮ ਨਾਂ ਦਾ ਵਿਸ਼ਾਲ ਜੰਗਲ ਸੀ, ਜੰਗਲ ਕਾਲੇ (ਪੁਰਾਣ) ਦਰਖਤਾਂ ਵਾਲਾ ਸੀ ਇਥੇ ਹਰ ਤਰ੍ਹਾਂ ਦੇ ਦਰਖਤ ਸਨ। ਇਹ ਹਰ ਮੌਸਮ ਵਿਚ ਸਦਾ ਬਹਾਰ ਰਹਿੰਦਾ ਸੀ ਬਾਕੀ ਦਾ ਵਰਨਣ ਔਪਪਾਤਿਕ ਸੂਤਰ ਦੀ ਤਰ੍ਹਾਂ ਹੈ। 70

ਉਸ ਬਨ ਖੰਡ ਦੇ ਪ੍ਰਵੇਸ਼ ਦਰਵਾਜੇ ਵਿਚ ਭਗਵਾਨ ਇੰਦਰ ਭੂਤੀ ਗੌਤਮ ਧਰਮ ਪ੍ਰਚਾਰ ਲਈ ਘੁਮ ਰਹੇ ਸਨ। ਭਗਵਾਨ ਗੌਤਮ ਹੇਠਲੇ ਬਗੀਚੇ ਵਿਚ ਬਿਰਾਜਮਾਨ ਸਨ। ਇਸ ਸਮੇਂ ਉਦੱਕ ਪੇਡਾਲ ਪੁਤਰ ਜੋ ਭਗਵਾਨ ਪਾਰਸ਼ਵ ਨਾਥ ਦੀ ਪ੍ਰੰਪਰਾ ਦਾ ਉਪਾਸਕ ਸੀ, ਮੇਦਾਰਿਆ ਗੋਤਰ ਵਾਲਾ ਨਿਰਗ੍ਰੰਥ ਸੀ। ਭਗਵਾਨ ਗੌਤਮ ਕੋਲ ਆਇਆ।

ਉਸ ਨੇ ਭਗਵਾਨ ਗੌਤਮ ਨੂੰ ਆ ਕੇ ਇਸ ਪ੍ਰਕਾਰ ਕਿਹਾ "ਹੇ ਆਯੁਸ਼ਮਾਨ। ਅਸੀਂ ਆਪ ਤੋਂ ਕਈ ਪ੍ਰਦੇਸ਼ (ਪ੍ਰਸ਼ਨ) ਪੁਛਨੇ ਹਨ। ਹੇ ਆਯੁਸ਼ਮਾਨ! ਜੇਹਾ ਆਪਣੇ ਭਗਵਾਨ ਮਹਾਵੀਰ ਤੋਂ ਸੁਣਿਆ ਹੈ। ਜੈਸਾ ਵਿਸ਼ਵਾਸ ਕੀਤਾ ਹੈ। ਉਸ ਤਰ੍ਹਾਂ ਤਰਕ ਸਹਿਤ ਦਸਨਾ। ਭਗਵਾਨ ਗੌਤਮ ਨੇ ਉਦਕ ਪੇਡਾਲ ਪੁਤਰ ਨੂੰ ਕਿਹਾ ਹੇ ਆਯੁਸ਼ਮਾਨ! ਮੈਂ ਆਪ ਦਾ ਪ੍ਰਸ਼ਨ ਸੁਣ ਕੇ, ਸਮਝ ਕੇ, ਜੇ ਉੱਤਰ ਜਾਣਦਾ ਹੋਵਾਗਾ, ਤਾਂ ਹੀ ਉੱਤਰ ਦੇਵਾਂਗਾ।" 71।

ਵਾਦੀ ਉਦੱਕ ਪੇਡਾਲ ਪੁਤਰ ਨੇ ਗੌਤਮ ਇੰਦਰ ਭੂਤੀ ਨੂੰ ਇਸ ਪ੍ਰਕਾਰ ਕਿਹਾ।"

"ਹੇ ਆਯੁਸ਼ਮਾਨ ਗੌਤਮ! ਕੁਮਾਰ ਪੁਤਰ ਨਾਂ ਦੇ ਸ਼੍ਰਮਣ ਨਿਰਗ੍ਰੰਥ ਹਨ, ਜੋ ਆਪ (ਭਗਵਾਨ ਮਹਾਵੀਰ ਦੇ ਪੰਜ ਮਹਾਵਰਤਾ) ਦਾ ਉਪਦੇਸ਼ ਦਿੰਦੇ ਹਨ। ਜੇ ਕੋਈ ਸ਼੍ਰਮਣੋ

ਪਾਸਕ ਉਨ੍ਹਾਂ ਪਾਸ ਪਛਖਾਨ (ਨਿਯਮ) ਲਈ ਜਾਂਦਾ ਹੈ ਤਾਂ ਉਹ ਇਸ ਪ੍ਰਕਾਰ ਤਿਆਗ ਕਰਾਉਂਦੇ ਹਨ।

"ਰਾਜਾ ਆਦਿ ਦੀ ਜਬਰਦਸਤੀ ਤੋਂ ਛੁਟ ਹਰ ਤਰ੍ਹਾਂ ਦੇ ਗਾਥਾਪਿਤ, ਚੋਰ, ਵਿਮੋਕਸ਼ਣ ਨਿਆਏ ਤੋਂ ਤਰੱਸ ਪ੍ਰਾਣੀ ਤਕ ਸਾਰੇ, ਜੀਵਾ ਦੀ ਹਿੰਸਾ ਦਾ ਤਿਆਗ ਹੈ। ਪਰ ਜੋ ਲੋਕ ਪਛਖਾਨ ਸਵੀਕਾਰ ਕਰਦੇ ਹਨ ਉਨ੍ਹਾਂ ਦਾ ਪਛਖਾਨ ਦੁਸ਼ (ਗਲਤ) ਪਛਖਾਨ ਹੈ। ਇਸ ਢੰਗ ਨਾਲ ਜੋ ਪਛਖਾਨ (ਪਾਪ ਕਰਮ ਦੇ ਤਿਆਗ) ਕਰਾਉਂਦੇ ਹਨ ਉਹ ਵੀ ਪਛਖਾਨ ਗਲਤ ਕਰਵਾਉਂਦੇ ਹਨ ਕਿਉਂਕਿ ਇਸ ਤਰ੍ਹਾਂ ਦਾ ਪਛਖਾਨ ਕਰਾਉਣ ਵਾਲਾ ਸਾਧੂ ਆਪਣੀ ਪਹਿਲਾ ਕੀਤੀ ਪ੍ਰਤਿਗਿਆ ਦਾ ਉਲੰਘਨ ਕਰਦਾ ਹੈ। ਪ੍ਰਤਿਗਿਆ ਭੰਗ ਕਿਵੇਂ ਹੁੰਦੀ ? (ਇਸ ਦਾ ਉਤਰ ਹੈ) "ਸਾਰੇ ਪ੍ਰਾਣੀ ਪਰਿਵਤਨਸ਼ੀਲ ਹਨ ਇਸ ਸਮੇਂ ਜੇ ਕੋਈ ਸਥਾਵਰ ਹੈ ਤਾ ਕਦੇ ਉਹ ਤਰੱਸ ਪ੍ਰਾਣੀ ਦੇ ਰੂਪ ਵਿਚ ਜਨਮ ਲਵੇਗਾ। ਇਸ ਸਮੇਂ ਜੋ ਤਰੱਸ ਹੈ ਉਹ ਕਰਮ ਉਦੇ ਨਾਲ ਸਥਾਵਰ ਜੂਨ ਵਿਚ ਆ ਜਾਂਦੇ ਹਨ। ਅਨੇਕ ਜੀਵ ਸਥਾਵਰ ਕਾਇਆ ਤੋਂ ਨਿਕਲ ਤਰੱਸ ਕਾਇਆ ਵਿਚ ਜਨਮਦੇ ਹਨ। ਤਰੱਸ ਕਾਈਆਂ ਤੋਂ ਨਿਕਲ ਕੇ ਸਥਾਵਰ ਦੇ ਰੂਪ ਵਿਚ ਜਨਮਦੇ ਹਨ। ਉਹ ਤਰੱਸ ਪ੍ਰਾਣੀ ਜਦ ਸਥਾਵਰ ਦੇ ਰੂਪ ਵਿੱਚ ਜਨਮਦੇ ਹਨ ਤਾਂ ਉਨ੍ਹਾਂ ਦਾ ਤਰੱਸ ਕਾਇਆ ਜੀਵਾ ਨੂੰ ਦੰਡ ਨਾ ਦੇਣ ਦੀ ਪ੍ਰਤਿਗਿਆ ਧਾਰਨ ਕੀਤੇ ਪੁਰਸ਼ਾ ਰਾਹੀਂ ਘਾਤ ਕਰਨ ਯੋਗ ਹੋ ਜਾਂਦੇ ਹਨ। 72

(ਇਥੇ ਭਾਵ ਇਹ ਹੈ ਤਰੱਸ ਜੀਵ ਦੀ ਹਿੰਸਾ ਨਾ ਕਰਨ ਦੀ ਕਿਸੇ ਉਪਾਸਕ ਨੇ ਪ੍ਰਤਿਗਿਆ ਲਈ ਹੈ। ਉਹ ਤਰੱਸ ਜੀਵ ਮਰ ਕੇ ਜੇ ਸਥਾਵਰ ਪਰਿਆਏ (ਅਵਸਥਾ) ਵਿਚ ਉਤਪੰਨ ਹੁੰਦਾ ਹੈ ਤਾਂ ਉਹ ਸ਼੍ਰਮਣੋਪਾਸਕ ਉਸ ਜੀਵ ਦੀ ਹਿੰਸਾ ਕਰ ਸਕਦਾ ਹੈ। ਇਸ ਲਈ ਅਜੇਹਾ ਤਿਆਗ ਗਲਤ ਤਿਆਗ ਹੈ) ਮਨ ਲਵੋ ਕਿ ਮਨੁੱਖ ਨੇ ਇਹ ਪ੍ਰਤਿਗਿਆ ਕੀਤੀ "ਮੈਂ ਨਾਗਰਿਕ ਪੁਰਸ਼ ਦੀ ਹਤਿਆ ਨਹੀਂ ਕਰਾਗਾ।"

ਅਜੇਹੀ ਪ੍ਰਤਿਗਿਆ ਕਰਨ ਵਾਲਾ ਪੁਰਸ਼ ਜੇ ਸ਼ਹਿਰ ਤੋਂ ਬਾਹਰ ਗਏ ਨਾਗਰਿਕ ਦੀ ਹੱਤਿਆ ਕਰਦਾ ਹੈ ਤਾਂ ਆਪਣੀ ਪ੍ਰਤੀਗਿਆ ਦਾ ਉਲੰਘਣ ਕਰਦਾ ਹੈ। ਇਸ ਪ੍ਰਕਾਰ ਤਰੱਸ ਜੀਵ ਦੀ ਹਿੰਸਾ ਦਾ ਤਿਆਗੀ ਪੁਰਸ਼ ਜੇ ਤਰੱਸ ਪਰਿਆਏ ਛੱਡ ਕੇ ਉਤਪਨ ਹੋਏ ਜੀਵ ਦੀ ਹਿੰਸਾ ਕਰਦਾ ਹੈ ਤਾਂ ਉਹ ਵੀ ਆਪਣੀ ਪ੍ਰਤਿਗਿਆ ਦਾ ਉਲੰਘਣ ਕਰਦਾ ਹੈ। ਅਜੇਹਾ ਪਛਖਾਨ ਦੁਸ਼ਟ ਪਛਖਾਨ ਹੀ ਮੰਨਿਆ ਜਾਵੇਗਾ)

ਪੇਡਾਲ ਪੁਤਰ ਉਦੱਕ ਆਪਣਾਂ ਮਤ ਪ੍ਰਗਟ ਕਰਦਾ ਹੈ। ਇਸ ਪ੍ਰਕਾਰ ਦਾ ਪਛਖਾਨ ਕਰਨ ਵਾਲੇ ਦਾ ਪਛਖਾਨ ਸੁਪਛਖਾਨ ਹੈ। ਇਸ ਪ੍ਰਕਾਰ ਦਾ ਪਛਖਾਨ ਕਰਾਉਣ ਵਾਲੇ ਦਾ ਪਛੱਖਾਨ ਸਮਿਅਕ ਅਖਵਾਉਂਦਾ ਹੈ। ਇਸ ਪ੍ਰਕਾਰ ਪਛੱਖਾਨ ਕਰਾਉਣ ਵਾਲੇ ਆਪਣੀ ਪ੍ਰਤਿਗਿਆ ਨੂੰ ਭੰਗ ਕਰਦੇ ਹਨ। ਪਛਖਾਨ ਦੀ ਵਿਧੀ ਇਹ ਹੈ ਰਾਜਾ ਆਦਿ ਦੇ ਹੁਕਮ ਤੋਂ ਛੁਟ ਗਾਥਾਪਤਿ ਚੋਰ ਵਿਮੋਕਸ਼ੇ ਨਿਆਏ ਤੋਂ ਲੈ ਕੇ ਵਰਤਮਾਨ ਕਾਲ ਤੱਕ ਪਰਿਆਏ ਨੂੰ ਪ੍ਰਾਪਤ ਪ੍ਰਾਣੀ ਨੂੰ ਦੰਡ ਦੇਣ ਦਾ ਤਿਆਗ ਹੈ (ਭਾਵ ਤਰੱਸ ਜੀਵ ਏਦ ਤਕ ਤਰੱਸ ਅਵਸਥਾ ਵਿਚ ਰਹਿਣ, ਤੱਦ ਤੱਕ ਹਿੰਸਾ ਦਾ ਪਛਖਾਨ ਹੈ) ਇਸ ਭਾਵ ਨੂੰ ਪ੍ਰਗਟ ਕਰਨ ਦੇ ਲਈ

ਤਰੱਸ ਸ਼ਦਾ ਦੇ ਅੱਗੇ ਭੂਤ ਲਗਾ ਦੇਣ ਨਾਲ ਪਛਖਾਨ ਕਰਨ ਵਾਲੇ ਦਾ ਪਛਖਾਨ ਨਸ਼ਟ ਨਹੀਂ ਹੁੰਦਾ। ਜੋ ਸਾਧੂ ਕਰੋਧ ਨਾਲ ਜਾ ਲੋਭ ਕਾਰਣ ਭੂਤ ਸ਼ਬਦ ਨੂੰ ਛੱਡ ਕੇ ਪਛਖਾਨ ਕਰਾਉਂਦੇ ਹਨ ਉਹ ਪ੍ਰਤਿਗਿਆ ਨੂੰ ਭੰਗ ਕਰਦੇ ਹਨ। (ਭਾਵ ਉਨ੍ਹਾਂ ਸਾਧੂਆਂ ਤੇ ਝੂਠ ਦਾ ਦੋਸ਼ ਲਗਦਾ ਹੈ ਅਤੇ ਪਛਖਾਨ ਨੂੰ ਭੰਗ ਕਰਨ ਦਾ ਦੋਸ਼ ਲਗਦਾ ਹੈ।) ਅਤੇ ਪਛਖਾਨ ਕਰਨ ਵਾਲੇ ਦਾ ਵਰਤ ਭੰਗ ਹੁੰਦਾ ਹੈ। ਹੇ ਆਯੁਸ਼ਮਾਨ ਗੋਤਮ ! ਕਿ ਸਾਡਾ ਇਹ ਉਪਦੇਸ਼ ਨਿਆ ਸੰਗਤ ਨਹੀਂ ਹੈ। ਕਿ ਸਾਡਾ ਕਥਨ ਤੁਹਾਨੂੰ ਨਹੀਂ ਜਚਦਾ।73

ਭਗਵਾਨ ਗੋਤਮ ਨੇ ਉਦੱਕ ਪੇਡਾਲ ਉਦਕ ਪੁੱਤਰ ਨੂੰ ਤਰਕ ਸਹਿਤ ਇਸ ਪ੍ਰਕਾਰ ਆਖਿਆ ਹੇ ਆਯੁਸ਼ਮਾਨ ਉਦਕ ! ਤੇਰਾ ਆਖਨਾ ਸਾਨੂੰ ਠੀਕ ਨਹੀਂ ਲਗਦਾ ਕਿ ਜੋ ਸ਼੍ਰਮਣ, ਬ੍ਰਾਹਮਣ ਤੁਹਾਡੇ ਆਖੇ ਅਨੁਸਾਰ ਉਪਦੇਸ਼ ਦਿੰਦੇ ਹਨ, ਉਹ ਸ਼੍ਰਮਣ ਤੇ ਨਿਰਗ੍ਰੰਥ ਸੱਚ ਨਹੀਂ ਬੋਲਦੇ। ਸਗੋਂ ਉਹ ਅਨੁਤਾਪਨੀ (ਤਾਪ ਉਤਪਨ) ਕਰਨ ਵਾਲੀ ਭਾਸ਼ਾ ਬੋਲਦੇ ਹਨ। ਉਹ ਲੋਕ ਸ਼੍ਰਮਣਾ ਤੇ ਸ਼੍ਰਮਣਾ ਉਪਾਸ਼ਕਾ ਤੇ ਗਲਤ ਦੋਸ਼ ਸੜਦੇ ਹਨ ਤੇ ਝੂਠਾ ਕਲੰਕ ਲਗਾਉਂਦੇ ਹਨ। ਜੋ ਲੋਕ ਜੀਵਾ, ਪ੍ਰਾਣੀਆ, ਭੂਤਾ, ਸੱਤਵਾ, ਸੰਬੰਧੀ ਸੰਜਮ ਧਾਰਨ ਕਰਦੇ ਹਨ ਉਨ੍ਹਾਂ ਤੇ ਵੀ ਲਗਾਉਂਦੇ ਹਨ। ਇਸ ਦਾ ਕੀ ਕਾਰਣ ਹੈ ? ਉਹ ਵੀ ਮੈਂ ਦਸਦਾ ਹਾਂ ਸਾਰੇ ਪ੍ਰਾਣੀ ਪਰਿਵਰਤਨ ਸੀਲ ਹਨ। ਤਰੱਸ ਪ੍ਰਾਣੀ ਸਥਾਵਰ ਅਵਸਥਾ ਨੂੰ ਪ੍ਰਾਪਤ ਕਰਦੇ ਹਨ ਅਤੇ ਸਥਾਵਰ, ਤਰੱਸ ਅਵਸਥਾ ਨੂੰ ਪ੍ਰਾਪਤ ਕਰਦੇ ਹਨ। ਉਹ ਤਰੱਸ ਕਾਈਆ ਸਰੀਰ ਛੱਡ ਕੇ ਸਥਾਵਰ ਕਾਈਆਂ ਵਿਚ ਉਤਪਨ ਹੁੰਦੇ ਹਨ ਅਤੇ ਸਥਾਵਰ ਕਾਈਆ ਤੋਂ ਛੁਟ ਕੇ ਤਰੱਸ ਕਾਇਆ ਵਿਚ ਉਤਪੰਨ ਹੁੰਦੇ ਹਨ। ਪਰ ਉਹ ਤਰੱਸ ਹਿੰਸਾ ਦੇ ਤਿਆਗੀਆ ਦਵਾਰਾ ਹਨਣ ਮਾਰਨ ਕਰਨ ਯੋਗ ਨਹੀਂ ਰਹਿੰਦੇ।74

ਤਰੱਕ ਨਾਲ ਉਦੱਕ ਪੇਡਾਲ ਨੇ ਭਗਵਾਨ ਗੋਤਮ ਨੂੰ ਇਸ ਪ੍ਰਕਾਰ ਆਖਿਆ "ਹੇ ਆਯੁਸ਼ਮਾਨ ਗੋਤਮ ! ਉਹ ਪ੍ਰਾਣੀ ਕੋਣ ਹਨ ਜਿਨ੍ਹਾਂ ਨੂੰ ਆਪ ਤਰੱਸ ਆਖਦੇ ਹੋ ? ਆਪ ਤਰੱਸ ਨੂੰ ਹੀ ਤਰੱਸ ਆਖਦੇ ਹੋ ਜਾਂ ਹੋਰ ਪ੍ਰਕਾਰ ਨੂੰ ਆਖਦੇ ਹੋ ?"

ਤਰੱਕ ਨਾਲ ਭਗਵਾਨ ਗੋਤਮ ਨੇ ਉਦੱਕ ਪੇਡਾਲ ਪੁਤਰ ਨੂੰ ਕਿਹਾ "ਹੇ ਆਯੁਸ਼ਮਾਨ ਉਦੱਕ ! ਜਿਸ ਨੂੰ ਤੁਸੀਂ ਤਰੱਸ, ਭੂਤ ਪ੍ਰਾਣੀ ਆਖਦੇ ਹੋ, ਉਸ ਨੂੰ ਅਸੀਂ ਤਰੱਸ ਪ੍ਰਾਣੀ ਆਖਦੇ ਹਾਂ ਅਤੇ ਜਿੰਨਾਂ ਨੂੰ ਅਸੀਂ ਤਰੱਸ ਪ੍ਰਾਣੀ ਆਖਦੇ ਹਨ ਤੁਸੀ ਉਸੇ ਨੂੰ ਤਰੱਸ ਭੂਤ ਆਖਦੇ ਹੋ। ਤਰੱਸ ਤੇ ਤਰੱਸ ਭੂਤ ਇਹੋ ਦੋਹੇ ਸ਼ਬਦ ਇਕੋ ਹੀ ਅਰਥ ਵਾਲੇ ਹਨ। ਫਿਰ ਕੀ ਕਾਰਣ ਹੈ, ਕਿ ਤੁਸੀਂ ਤਰੱਸ ਭੂਤ ਤਰੱਸ ਆਖਣਾ ਕਿਉਂ ਸ਼ੁਧ ਸਮਝਦੇ ਹੋ ? ਅਤੇ ਤਰੱਸ ਪ੍ਰਾਣੀ ਸ਼ਬਦ ਨੂੰ ਅਸ਼ੁਧ ਕਿਉਂ ਸਮਝਦੇ ਹੋ ? ਦੋਹੇ ਇਕੋ ਅਰਥ ਵਾਲੇ ਸ਼ਬਦ ਹੋਣ ਤੇ ਵੀ ਇਕ ਸ਼ਬਦ ਦੀ ਨਿੰਦਾ ਤੇ ਦੂਸਰੇ ਅਰਥ ਦੀ ਪ੍ਰਸ਼ੰਸਾਂ ਕਰਦੇ ਹੋ ਉਦਕ ਪੇਡਾਲ ਪੁਤਰ ਨੂੰ ਭਗਵਾਨ "ਹੇ ਉਦਕ ! ਆਪ ਦਾ ਇਹ ਭੇਦ ਕਰਨਾ ਨਿਆਏਸੰਗਤ ਨਹੀਂ।

ਸ੍ਰੀ ਗੌਤਮ ਸਵਾਮੀ ਫੇਰ ਆਖਦੇ ਹਨ ਜਗਤ ਵਿਚ ਕੋਈ ਕੋਈ ਅਜੇਹੇ ਆਦਮੀ ਵੀ ਹੁੰਦੇ ਹਨ ਸਾਧੂ ਨੂੰ ਇਸ ਪ੍ਰਕਾਰ ਆਖਦੇ ਹਨ ਅਸੀਂ ਗ੍ਰਹਿਸਥ ਤਿਆਗ ਕੇ, ਸਿਰ ਮੁਨਾ ਕੇ ਸਾਧੂ ਵਿਰਤੀ ਧਾਰਨ ਕਰ ਕੇ,ਸਾਧੂ ਧਰਮ ਦਾ ਪਾਲਣ ਕਰਨ ਵਿਚ ਅਸਮਰਥ ਹਾਂ(ਭਾਵ ਉਹ

ਤਰੱਸ ਤੇ ਸਥਾਵਰ ਜੀਵਾ ਦੀ ਹਿੰਸਾ ਦਾ ਤਿਆਗ ਨਹੀਂ ਕਰ ਸਕਦੇ) ਅਸੀਂ ਸਿਲਸਿਲੇ ਵਾਰ ਸਾਧੂ ਧਰਮ ਗ੍ਰਹਿਣ ਕਰਾਂਗੇ ਪਹਿਲਾ ਸੁਖਮ ਪ੍ਰਾਣਤਿਪਾਤ (ਮੋਟੀ ਹਿੰਸਾ) ਤੇ ਫੇਰ ਸੁਖਮ ਪ੍ਰਾਣੀਤਿਪਤ (ਸੁਖਮ ਹਿੰਸਾ) ਦਾ ਤਿਆਗ ਕਰਾਂਗੇ। ਉਹ ਆਪਣੇ ਮਨ ਵਿਚ ਸ਼੍ਰਾਵਕ (ਗ੍ਰਹਿਸਥ) ਧਰਮ ਦਾ ਪਾਲਨ ਕਰਨ ਦਾ ਨਿਸ਼ਚਾ ਦੇ ਵਿਚਾਰ ਕਰਦੇ ਹਨ। ਉਹ ਰਾਜੇ ਆਦਿ ਦੇ ਹੁਕਮ ਦੀ ਛੋਟ ਰਖ ਕੇ, ਗ੍ਰਹਿ ਪਤਿ ਚੋਰ ਗ੍ਰਹਿਣ ਵਿਮੋਕਸ਼ਣ ਨਿਆਏ ਤੋਂ ਲੈ ਕੇ ਤਰੱਸ ਜੀਵਾ ਦੀ ਹਿੰਸਾ ਦਾ ਤਿਆਗ ਕਰਦੇ ਹਨ ਅਤੇ ਸਾਧੂ ਇਹ ਜਾਣ ਕਿ ਇਹ ਮਨੁੱਖ ਸਾਰੇ ਸਾਵਦਯ (ਪਾਪਕਾਰੀ ਕਰਮਾਂ) ਨੂੰ ਨਹੀਂ ਛੱਡਦਾ, ਤਾਂ ਜਿਨ੍ਹਾਂ ਛੱਡੇ ਉਨ੍ਹਾਂ ਹੀ ਚੰਗਾ ਹੈ ਉਸ ਨੂੰ ਤਰੱਸ ਪ੍ਰਾਣੀਆਂ ਦੀ ਹਿੰਸਾ ਨਾ ਕਰਨ ਦੀ ਪ੍ਰਤੀਗਿਆ ਕਰਾਉਂਦੇ ਹਨ। ਇਨ੍ਹਾਂ ਤਿਆਗ ਵੀ ਉਸ ਲਈ ਚੰਗਾ ਹੀ ਹੁੰਦਾ ਹੈ। 75।

ਤਰੱਸ ਨਾਮ ਕਰਮ ਦੇ ਉਦੇ (ਪ੍ਰਗਟ) ਹੋਣ ਕਾਰਣ ਜੀਵ ਤਰੱਸ ਅਖਵਾਉਂਦਾ ਹੈ। ਅਤੇ ਉਹ ਤਰੱਸ ਨਾਮ ਕਰਮ ਦਾ ਫਲ ਭੋਗਣ ਕਾਰਣ ਹੀ ਤਰੱਸ ਨਾਮ ਕਰਮ ਨੂੰ ਧਾਰਨ ਕਰਦੇ ਹਨ। ਅਤੇ ਉਨ੍ਹਾਂ ਦੀ ਤਰੱਸ ਕਾਈਆ ਦੀ ਉਮਰ ਦਾ ਕਰਮ ਖਤਮ ਹੋਣ ਤੇ ਸਥਿਤੀ ਦਾ ਕਾਰਣ ਤਰੱਸ ਨਾਮ ਕਰਮ ਢਿਲਾ ਪੈ ਜਾਂਦਾ ਹੈ, ਫੇਰ ਉਨ੍ਹਾਂ ਦੀ ਉਮਰ ਦਾ ਖਾਤਮਾ ਹੋ ਜਾਂਦਾ ਹੈ। ਤਰੱਸ ਆਯੂ ਢਿਲੀ ਪੈ ਜਾਣ ਤੇ ਉਹ ਜੀਵ ਸਥਾਵਰ ਪਰਿਆਏ ਵਿਚ ਆਉਂਦੇ ਹਨ। ਸਥਾਵਰ ਨਾਮ ਕਰਮ ਦੇ ਪ੍ਰਗਟ ਦੇ ਫਲ ਦਾ ਅਨੁਭਵ ਹੋਣ ਤੇ ਜੀਵ ਸਥਾਵਰ ਅਖਵਾਉਂਦਾ ਹੈ ਅਤੇ ਇਸ ਕਾਰਣ ਹੀ ਉਹ ਸਥਾਵਰ ਨਾਮ ਕਰਮ ਨੂੰ ਧਾਰਨ ਕਰਦੇ ਹਨ। ਜਦ ਉਨ੍ਹਾਂ ਦੀ ਸਥਾਵਰ ਦੀ ਉਮਰ ਢਿਲੀ ਪੈ ਜਾਂਦੀ ਹੈ ਅਤੇ ਸਥਾਵਰ ਕਾਈਆ ਵਿਚ ਉਨ੍ਹਾਂ ਦਾ ਸਮਾਂ ਪੂਰਾ ਹੋ ਜਾਂਦਾ ਹੈ। ਤਦ ਉਹ ਉਸ ਉਮਰ ਨੂੰ ਛੱਡ ਦਿੰਦੇ ਹਨ ਅਤੇ ਉਸ ਉਮਰ ਨੂੰ ਛੱਡ ਕੇ ਫੇਰ ਤਰੱਸ ਭਾਵ ਨੂੰ ਪ੍ਰਾਪਤ ਹੁੰਦੇ ਹਨ। ਉਹ ਜੀਵ ਪ੍ਰਾਣੀ ਵੀ ਅਖਵਾਉਂਦੇ ਹਨ, ਤਰੱਸ ਵੀ ਅਖਵਾਉਂਦੇ ਹਨ ਅਤੇ ਮਹਾਨ ਕਾਲ ਤੇ ਸਥੀਤੀ ਵਾਲੇ ਹੁੰਦੇ ਹਨ। 76।

ਉਦੱਕ ਪੇਡਾਲ ਪੁੱਤਰ (ਅਵਸਥਾ) ਨੇ ਤਰਕ ਨਾਲ ਭਗਵਾਨ ਗੌਤਮ ਨੂੰ ਕਿਹਾ "ਹੇ ਆਯੁਸ਼ਮਾਨ ਗੋਤਮ ਅਜੇਹੀ ਕੋਈ ਪਰਿਆਏ ਨਹੀਂ ਹੈ, ਜਿਸ ਦੀ ਹਿੰਸਾ ਨਾ ਕਰਕੇ ਉਪਾਸਕ ਆਪਣੇ ਇਕ ਵੀ ਪ੍ਰਾਣੀ ਨੂੰ ਮਾਰਨ ਦੇ ਤਿਆਗ ਤੋਂ ਸਫਲਤਾ ਨਾਲ ਬੱਚ ਸਕੇ, ਇਸ ਦਾ ਕੀ ਕਾਰਣ ਹੈ ? ਪ੍ਰਾਣੀ ਪਰਿਵਰਤਨ ਸ਼ੀਲ ਹੈ ਕਦੇ ਸਥਾਵਰ ਤਰੱਸ ਹੋ ਜਾਂਦਾ ਹੈ, ਕਦੇ ਤਰੱਸ ਸਥਾਵਰ ਰੂਪ ਵਿਚ ਪੈਦਾ ਹੁੰਦਾ ਹੈ। ਕਦੇ ਅਜੇਹਾ ਵੀ ਸਮਾ ਆਉਂਦਾ ਹੈ ਕਿ ਜਦ ਸਾਰੇ ਸਥਾਵਰ ਕਾਈਆ ਦਾ ਤਿਆਗ ਕਰਕੇ ਤਰੱਸ ਉਤਪੰਨ ਹੋ ਜਾਂਦੇ ਹਨ ਅਤੇ ਤਰੱਸ ਕਾਈਆਂ ਦਾ ਤਿਆਗ ਕਰ ਸਥਾਵਰ ਉਤਪੰਨ ਹੋ ਜਾਂਦੇ ਹਨ। ਜਦ ਸਾਰੇ ਪ੍ਰਾਣੀ ਸਥਾਵਰ ਕਾਈਆਂ ਹੋ ਜਾਂਦੇ ਹਨ ਤਾਂ ਉਹ ਸ਼੍ਰਾਵਕ ਲਈ ਹਿੰਸਾ ਕਰਨ ਯੋਗ ਹੋ ਜਾਂਦੇ ਹਨ।

ਭਗਵਾਨ ਗੋਤਮ ਸਵਾਮੀ ਨੇ ਤਰਕ ਨਾਲ ਪੇਡਾਲ ਪੁਤਰ ਨੂੰ ਇਸ਼ ਪ੍ਰਕਾਰ ਆਖਿਆ ਹੈ, ਹੇ ਆਯੁਸ਼ਮਾਨ ਉਦਕ ! ਸਾਡੇ ਮਤ ਵਿਚ ਇਹ ਪ੍ਰਸ਼ਨ ਨਹੀਂ ਉਠਦਾ, ਪਰ ਆਪ ਦੇ

ਆਖਣ ਅਨੁਸਾਰ ਉਠ ਸਕਦਾ ਹੈ ਪਰ ਆਪ ਦੇ ਸਿਧਾਂਤ ਅਨੁਸਾਰ ਵੀ ਇਹ ਪਰਿਆਏ ਜ਼ਰੂਰੀ ਹੈ। ਜਿਸ ਵਿਚ ਸ਼੍ਰਮਣੋ ਪਾਸਕ ਸਭ ਪ੍ਰਾਣੀਆਂ, ਭੂਤ, ਜੀਵ, ਸਤੱਵਾ ਦੇ ਘਾਤ ਦਾ ਤਿਆਗ ਕਰ ਸਕਦਾ ਹੈ। ਇਸ ਦਾ ਕਾਰਣ ਕੀ ਹੈ ? ਪ੍ਰਾਣੀ ਗਣ ਪਰਿਵਰਤਨਸ਼ੀਲ ਹਨ ਇਸ ਲਈ ਸਥਾਵਰ ਪ੍ਰਾਣੀ ਵੀ ਤਰੱਸ ਰੂਪ ਵਿਚ ਉਤਪੰਨ ਹੋ ਜਾਂਦੇ ਹਨ ਅਤੇ ਕਦੇ ਤਰੱਸ ਪ੍ਰਾਣੀ ਵੀ ਸਥਾਵਰ ਰੂਪ ਵਿਚ ਉਤਪੰਨ ਹੋ ਜਾਦੇ ਹਨ। ਉਹ ਸਭ ਤਰੱਸ ਕਾਈਆਂ ਨੂੰ ਛੱਡ ਕੇ ਸਥਾਵਰ ਕਾਈਆ ਵਿਚ ਉਤਪੰਨ ਹੋ ਜਾਂਦੇ ਹਨ। ਅਤੇ ਕਦੇ ਸਥਾਵਰ ਨੂੰ ਛੱਡ ਕੇ ਤਰੱਸ ਕਾਈਆ ਵਿਚ ਉਤਪੰਨ ਹੋ ਜਾਂਦੇ ਹਨ। ਉਹ ਜਦ ਤਰੱਸ ਕਾਈਆ ਵਿਚ ਉਤਪੰਨ ਹੁੰਦੇ ਹਨ ਤਾਂ ਉਹ ਸਭ ਜਗਾ ਸ਼੍ਰਾਵਕ ਦੇ ਘਾਤ ਯੋਗ ਨਹੀਂ ਹੁੰਦਾ ਉਹ ਪ੍ਰਾਣੀ ਵੀ ਅਖਵਾਉਂਦੇ ਹਨ ਤਰੱਸ ਵੀ ਅਖਵਾਉਂਦੇ ਹਨ ਉਹ ਵਿਸ਼ਾਲ ਸ਼ਰੀਰ ਵਾਲੇ ਅਤੇ ਲੰਬੀ ਸਥਿਤੀ (ਉਮਰ) ਵਾਲੇ ਹੁੰਦੇ ਹਨ ਉਹ ਪ੍ਰਾਣੀ ਬਹੁਤ ਹਨ ਜਿਨ੍ਹਾਂ ਤੇ ਸ਼੍ਰਮਣ ਉਪਾਸਕ ਦਾ ਪਛਖਾਨ ਸਫਲ ਹੁੰਦਾ। ਅਤੇ ਉਸ ਸਮੇਂ ਉਹ ਪ੍ਰਾਣੀ ਹੁੰਦੇ ਨਹੀਂ। ਜਿੰਨ੍ਹਾਂ ਲਈ ਸ਼੍ਰਮਣਾ ਪਾਸਕ ਦਾ ਪਛ-ਖਾਣ ਨਹੀਂ ਹੁੰਦਾ। ਇਸ ਪ੍ਰਕਾਰ ਉਹ ਸ਼੍ਰਾਵਕ ਮਹਾਨ ਤਰੱਸ ਕਾਇਆ ਦੇ ਘਾਤ ਤੋਂ ਸ਼ਾਂਤ ਤੇ ਵਿਰਤ (ਮੁਕੱਤ) ਹੁੰਦੇ ਹਨ। ਅਜਿਹੀ ਦਸ਼ਾ ਵਿਚ ਆਪ ਜਾਂ ਹੋਰ ਲੋਕ ਜੋ ਇਹ ਆਖਦੇ ਹਨ ਕਿ ਅਜੇਹੀ ਇਕ ਵੀ ਪਰਿਆਏ ਨਹੀਂ ਹੈ। ਜਿਸ ਦੇ ਲਈ ਸ਼੍ਰਮਣਾ ਪਾਸਕਾ ਦਾ ਸੱਚਾ ਪਛਖਾਨ ਹੋ ਸਕੇ। ਤੁਹਾਡਾ ਇਹ ਭੇਦ ਨਿਆ ਸੰਗਤ ਨਹੀਂ। 77।

ਭਗਵਾਨ ਗੌਤਮ ਆਖਦੇ ਹਨ ਕਿ ਨਿਰਗ੍ਰਥਾ ਤੋਂ ਇਹ ਗੱਲ ਅਕਸਰ ਪੁਛੀ ਜਾਦੀ ਹੈ. ਹੇ ਆਯਸ਼ਮਾਨ ਨਿਰਗ੍ਰੰਥੋ ! ਇਸ ਸੰਸਾਰ ਵਿਚ ਕਈ ਕਈ ਮਨੁੱਖ ਅਜੇਹੇ ਹੁੰਦੇ ਹਨ ਜਿੰਨ੍ਹਾਂ ਦੀ ਪ੍ਰਤਿਗਿਆ ਹੁੰਦੀ ਹੈ।" ਇਹ ਘਰ ਵਾਰ ਦੇ ਤਿਆਗੀ ਜੋ ਸਾਧੂ ਹਨ ਮੈ ਉਨ੍ਹਾਂ ਦੀ ਜਿੰਦਗੀ ਭਰ ਹਤਿੱਆ ਨਹੀਂ ਕਰਾਂਗਾ। ਪਰ ਜੋ ਗ੍ਰਹਿਸਥੀ ਹਨ ਉਨਾਂ ਦੀ ਹੱਤਿਆ ਦਾ ਮੈਂ ਤਿਆਗ ਨਹੀਂ ਕਰਦਾ। ਹੁਣ ਮੈਂ ਪੁਛਦਾ ਹਾਂ ਕਿ ਉਨਾਂ ਵਿਚੋਂ ਕੋਈ ਸਾਧੂ ਚਾਰ, ਪੰਜ, ਛੇ ਜਾਂ ਦਸ ਸਾਲ, ਘੱਟ ਜਾਂ ਵਧ ਸਮਾਂ ਸਾਧੂ ਰਹਿ ਕੇ ਦੇਸ਼ ਵਿਦੇਸ਼ ਵਿਚ ਧਰਮ ਪ੍ਰਚਾਰ ਕਰਕੇ ਗ੍ਰਹਿਸਥ ਨਹੀਂ ਬਣ ਸਕਦਾ ?

ਨਿਰਗ੍ਰੰਥ : "ਹਾਂ ! ਕਈ ਕਈ ਸਾਧੂ, ਸਾਧੂਪੁਣਾ ਤਿਆਗ ਕੇ ਗ੍ਰਹਿਸਥੀ ਬਣ ਜਾਂਦੇ ਹਨ।"

ਗੌਤਮ ਭਗਵਾਨ : ਤਾਂ ਕਿ ਸ਼੍ਰਮਣਾ (ਸਾਧੂਆਂ) ਦੀ ਹੱਤਿਆ ਨਾ ਕਰਨ ਵਾਲੇ ਉਸ ਤਿਆਗੀ ਪੁਰਸ਼ ਦਾ, ਗ੍ਰਹਿਸਥ ਦੀ ਹਤਿਆ ਸੰਬੰਧੀ ਨਿਯਮ ਭੰਗ ਨਹੀਂ ਹੁੰਦਾ।"

ਨਿਰਗ੍ਰੰਥ : "ਨਹੀਂ ! ਅਜੇਹੀ ਗੱਲ ਨਹੀਂ। ਭਾਵ ਸਾਧੂ ਪੁਣਾ ਤਿਆਗ ਕੇ ਗ੍ਰਹਿਸਥ ਪੁਰਸ਼ ਸਾਧੂ ਨੂੰ ਮਾਰਨ ਦੀ ਪ੍ਰਤਿਗਿਆ ਭੰਗ ਨਹੀਂ ਹੁੰਦੀ।"

ਗੌਤਮ : "ਤਾ ਇਸੇ ਤਰਾ ਸ਼੍ਰਾਵਕ ਨੇ ਤਰੱਸ ਜੀਵਾ ਨੂੰ ਦੰਡ (ਹਿੰਸਾ) ਦਾ ਤਿਆਗ ਕੀਤਾ ਹੈ ਸਥਾਵਰ ਜੀਵਾਂ ਦੇ ਦੰਡ ਦਾ ਤਿਆਗ ਨਹੀਂ ਕੀਤਾ। ਇਸ ਲਈ ਸਥਾਵਰ

ਕਾਈਆ ਦੀ ਹਿੰਸਾ ਕਰਨ ਨਾਲ ਉਸ ਦਾ ਪਛਖਾਨ ਭੰਗ ਨਹੀਂ ਹੁੰਦਾ । ਹੇ ਨਿਰਗ੍ਰੰਥੋ ! ਇਸ ਸ਼ਕ ਨੂੰ ਇਸ ਪ੍ਰਕਾਰ ਸਮਝੋ ।"

ਭਗਵਾਨ ਗੌਤਮ ਫੇਰ ਆਪਣੇ ਮੱਤ ਦੀ ਪੁਸ਼ਟੀ ਕਰਦੇ ਹੋਏ ਆਖਦੇ ਹਨ "ਮੈਂ ਨਿਰ-ਗ੍ਰੰਥਾਂ ਤੋਂ ਪੁੱਛਦਾ ਹਾਂ "ਹੇ ਆਯੁਸ਼ਮਾਨ ਨਿਰਗ੍ਰੰਥੋ ! ਇਸ ਸੰਸਾਰ ਵਿਚ ਚੰਗੇ ਕੁਲ ਵਿਚ ਪੈਦਾ ਕੋਈ ਗ੍ਰਹਿਸਥ ਜਾਂ ਗ੍ਰਹਿਸਥ ਪੁਤਰ ਧਰਮ ਸੁਨਣ ਲਈ ਸਾਧੂ ਕੋਲ ਆ ਸਕਦਾ ਹੈ ?"

ਨਿਰਗ੍ਰੰਥ : "ਹਾਂ । ਆ ਸਕਦਾ ਹੈ ।"

ਗੌਤਮ : ਕਿ ਉਸਨੂੰ ਧਰਮ ਉਪਦੇਸ਼ ਕਰਨਾ ਚਾਹੀਦਾ ਹੈ ?"

ਨਿਰਗ੍ਰੰਥ : ਹਾਂ ! ਕਰਨਾ ਚਾਹੀਦਾ ਹੈ ?

ਗੌਤਮ : ਜੇ ਉਸ ਪ੍ਰਕਾਰ ਦੇ ਧਰਮ ਨੂੰ ਸੁਣ ਕੇ ਸਮਝ ਕੇ ਉਹ ਇਹ ਆਖਦਾ ਹੈ ਕਿ ਨਿਰਗ੍ਰਥ ਪ੍ਰਵਚਨ ਸਤ, ਸਰਵ ਉੱਤਮ ਕੇਵਲ ਗਿਆਨ ਦਾ ਕਾਰਣ, ਸਪੂੰਰਨ ਸੱਚਾ ਨਿਆ-ਉਕਤ, ਦਿਲ ਦੇ ਕੰਡੇ ਮਿਟਾਉਣ ਵਾਲਾ, ਸਿਧੀ ਦਾ ਰਾਹ, ਮੁਕਤੀ-ਨਿਰਵਾਨ-ਮੋਕਸ਼, ਮਿਖਿਆਤਵ ਤੇ ਸ਼ੰਕਾ ਰਹਿਤ ਹੈ ਸਾਰੇ ਦੁੱਖਾਂ ਦੇ ਵਿਨਾਸ਼ ਦਾ ਕਾਰਣ ਹੈ । ਇਸ ਲਈ ਇਸ ਧਰਮ ਦੀ ਆਗਿਆ ਅਨੁਸਾਰ ਅਸੀਂ ਇਸ ਰਾਹੀਂ ਦਸੀ ਯਤਨਾ(ਸਾਵਧਾਨੀ) ਨਾਲ ਚਲਾਂਗੇ ਠਹਿਰਾਂਗੇ, ਬੈਠਾਂਗੇ, ਕਰਵਟ ਲਵਾਂਗੇ ਉਠਾਂਗੇ । ਸਾਰੀ ਪ੍ਰਾਣੀ ਭੂਤ, ਸਤਵ ਦੀ ਰਖਿਆ ਲਈ ਸੰਜਮ ਧਾਰਨ ਕਰਾਂਗੇ ਕਿ ਉਹ ਇਸ ਪ੍ਰਕਾਰ ਆਖ ਸਕਦੇ ਹਨ ?

ਨਿਰਗ੍ਰੰਥ : ਹਾਂ ਆਖ ਸਕਦੇ ਹਨ ।

ਗੌਤਮ : ਧਰਮ ਉਪਦੇਸ਼ ਸੁਣ ਕੇ ਜੇ ਅਜਿਹੇ ਗ੍ਰਹਿਸਥ ਦੇ ਮਨ ਵਿਚ ਸੰਸਾਰ ਪ੍ਰਤੀ ਵੈਰਾਗ ਉਤਪੰਨ ਹੋ ਜਾਵੇ, ਤਾਂ ਕਿ ਅਜਿਹੇ ਵਿਚਾਰ ਵਾਲੇ ਮਨੁੱਖ ਨੂੰ ਸਿਰ ਮੁਨਾ ਕੇ ਸਾਧੂ ਬਣਾਉਣਾ ਠੀਕ ਹੈ ਕਿ ਉਸ ਨੂੰ ਸਾਧੂ ਦੀਖੀਆ ਦੇਣਾ ਜਾਇਜ ਹੈ ?"

ਨਿਰਗ੍ਰੰਥ : ਹਾਂ ਜਾਇਜ ਹੈ ।

ਗੌਤਮ : ਅਜੇਹਾ ਪੁਰਸ਼ ਸਿਖਿਆ ਦੇਣ ਦੇ ਯੋਗ ਹੈ ?

ਨਿਰਗ੍ਰੰਥ : ਹਾਂ ! ਅਜਿਹਾ ਮਨੁੱਖ ਸਿਖਿਆ ਦੇ ਯੋਗ ਹੈ ।

ਗੌਤਮ : ਅਜਿਹਾ ਵਿਚਾਰਕ ਸਾਧੂ ਪੁਣੇ ਵਿਚ ਸਥਾਪਿਤ ਕਰਨ ਯੋਗ ਹੈ ?

ਨਿਰਗ੍ਰੰਥ : ਹਾਂ ! ਅਜਿਹਾ ਮਨੁੱਖ ਯੋਗ ਹੈ ।

ਗੌਤਮ : ਕੀ ਦੀਖਿਆ ਲੈ ਕੇ ਉਹ ਮਨੁਖ ਪ੍ਰਾਣੀਆਂ ਨੂੰ ਦੰਡ ਦੇਣ ਛੱਡ ਦਿਤਾ ਹੈ ?

ਨਿਰਗ੍ਰੰਥ : ਹਾਂ, ਛੱਡ ਦਿਤਾ ਹੈ ।

ਗੌਤਮ : ਹੁਣ ਦੀਖੀਆ ਵਿਚ 4, 5, 6 ਜਾਂ 10 ਸਾਲ ਥੋੜੇ ਦੇਸ਼ਾ ਵਿਚ ਘੁੰਮ ਕੇ ਉਹ ਮੁੜ ਗ੍ਰਹਿਸਥੀ ਬਣ ਸਕਦਾ ਹੈ ?

ਨਿਰਗ੍ਰੰਥ : ਹਾਂ ਬਣ ਸਕਦਾ ਹੈ ।

ਗੌਤਮ : ਕੀ ਉਹ ਪਹਿਲਾਂ ਬਣੇ ਸਾਧੂ ਗ੍ਰਹਿਸਥੀ ਬਨ ਕੇ ਸਾਰੇ ਪ੍ਰਾਣੀਆਂ ਦੀ ਹਿੰਸਾਂ

ਦਾ ਤਿਆਗ ਕਰ ਦਿੰਦੇ ਹਨ ?

ਨਿਰਗ੍ਰੰਥ : ਨਹੀਂ, ਉਹ ਸਾਰੇ ਦੀ ਹਿੰਸਾ ਦਾ ਤਿਆਗ ਨਹੀਂ ਕਰ ਸਕਦਾਂ। ਉਹ ਗ੍ਰਹਿਸਥੀ ਬਣ ਕੇ ਫੇਰ ਪਾਪ ਸ਼ੁਰੂ ਕਰ ਦਿੰਦਾ ਹੈ। ਜੀਵ ਉਹੀ ਹੈ ਜੋ ਦੀਖੀਆ ਤੋਂ ਪਹਿਲਾਂ ਘਰ ਵਿਚ ਰਹਿ ਕੇ ਸਾਰੇ ਪ੍ਰਾਣੀਆਂ ਦੀ ਹਿੰਸਾ ਦਾ ਪਖਖਾਨ ਨਹੀਂ ਕਰਦਾ। ਇਹ ਜੀਵ ਉਹ ਹੀ ਹੈ ਜਿਸ ਨੂੰ ਸਾਧੂ ਬਣ ਕੇ ਸਾਰੇ ਭੂਤ, ਸਤਵਾ ਤੇ ਜੀਵ ਦੀ ਹਿੰਸਾ ਦਾ ਤਿਆਗ ਕੀਤਾ ਸੀ। ਇਹ ਜੀਵ ਉਹ ਹੀ ਹੈ ਜੋ ਸੰਜਮ ਪਾਲ ਕੇ ਫੇਰ ਗ੍ਰਹਿਸਥ ਵਿਚ ਆ ਗਿਆ ਹੈ ਅਤੇ ਉਸ ਨੇ ਸਾਰੇ ਜੀਵਾਂ ਦੀ ਹਿੰਸਾ ਦਾ ਤਿਆਗ ਨਹੀਂ ਕੀਤਾ। ਜੋ ਪਹਿਲਾਂ ਅਸੰਜਮੀ ਸੀ ਬਾਅਦ ਵਿਚ ਸੰਜਮੀ ਹੋ ਗਿਆ ਫੇਰ ਅਸੰਜਮੀ ਹੋ ਗਿਆ। ਅਸੰਜਮੀ ਜੀਵ ਸਾਰੇ ਜੀਵਾਂ ਸਤਵ ਨੂੰ ਦੰਡ ਦੇਣ ਦਾ ਤਿਆਗ ਨਹੀਂ ਹੁੰਦਾ। ਇਸ ਲਈ ਉਹ ਪੁਰਸ਼ ਇਸ ਸਮੇਂ ਸਾਰੇ ਪ੍ਰਾਣੀ ਤੇ ਸਤਵ ਨੂੰ ਦੰਡ ਦੇਣ ਦਾ ਤਿਆਗੀ ਨਹੀਂ। ਇਸ ਨੂੰ ਇਸ ਪ੍ਰਕਾਰ ਸਮਝਣਾ ਚਾਹੀਦਾ ਹੈ।

ਗੌਤਮ : ਮੈਂ ਨਿਰਗ੍ਰੰਥਾਂ ਤੋਂ ਪੁਛਦਾ ਹਾਂ ! ਹੇ ਆਯੂਸ਼ਮਾਨ ਨਿਰਗ੍ਰੰਥੋ ! ਇਸ ਲੋਕ ਵਿਚ ਪਰਿਵਾਰਾਜਕ ਜਾਂ ਪ੍ਰੀਵਰਾਜਕਾਵਾਂ ਕਿਸੇ ਤੀਰਥ ਤੇ ਰਹਿ ਕੇ ਧਰਮ ਸੁਨਣ ਆ ਸਕਦੀ ਹੈ ?

ਨਿਰਗ੍ਰੰਥ : ਹਾਂ ਆ ਸਕਦੀ ਹੈ।

ਗੌਤਮ : ਅਜਿਹਾ ਆਦਮੀ ਨੂੰ ਧਰਮ ਸੁਨਾਉਨਾ ਚਾਹੀਦਾ ਹੈ ?

ਨਿਰਗ੍ਰੰਥ : ਹਾਂ ਸੁਨਾਣਾ ਚਾਹੀਦਾ ਹੈ। (ਫੇਰ ਸਾਧੂ ਬਨਣ ਤੋਂ ਮੁੜ ਗ੍ਰਹਿਸਥੀ ਬਨਣ ਦਾ ਵਿਰਤਾਂਤ ਪਹਿਲੀ ਤਰਾਂ ਹੈ।)

ਗੌਤਮ : ਅਜਿਹਾ ਮੁਨੀ ਕੁਝ ਸਮਾਂ ਸੰਜਮ ਪਾਲਨ ਕਰਕੇ ਮੁੜ ਗ੍ਰਹਿਸਥ ਧਰਮ ਵਿਚ ਆ ਸਕਦਾ ਹੈ।

ਨਿਰਗ੍ਰੰਥ : ਹਾਂ, ਉਹ ਆ ਸਕਦਾ ਹੈ ਤੇ ਗ੍ਰਹਿਸਥੀ ਬਣ ਜਾਂਦਾ ਹੈ।

ਗੌਤਮ . ਅਜੇਹੇ ਮੁਨੀ ਤੋਂ ਗ੍ਰਹਿਸਥੀ ਬਣੇ ਆਦਮੀ ਨਾਲ, ਸਾਧੂ ਨੂੰ ਇਕੋ ਜਗਾ ਬੈਠ ਕੇ ਭੋਜਨ ਕਰਨਾ ਚਾਇਜ ਹੈ ?

ਨਿਰਗ੍ਰਥ : ਨਹੀਂ, ਇਹ ਗੱਲ ਗਲਤ ਹੈ।

ਗੌਤਮ : ਇਹ ਉਹ ਹੀ ਜੀਵ ਹੈ ਜਿਸ ਨੂੰ ਸਾਧੂ ਦੀਖਿਆ ਧਾਰਨ ਕਰਨ ਤੋਂ ਪਹਿਲਾ ਭੋਜਨ ਦੇਣਾ ਜਾਇਜ ਨਹੀਂ ਸੀ ਫੇਰ ਉਸੇ ਜੀਵ ਨੂੰ ਦਿਖਿਅੱਤ ਹੋਣ ਤੇ ਭੋਜਨ ਪਾਣੀ ਦੇਣਾ ਜਾਇਜ ਹੋ ਗਿਆ : ਹੁਣ ਜੀਵ ਉਹ ਹੀ ਹੈ। ਦੀਖੀਆ ਤਿਆਗ ਦੇਣ ਤੋਂ ਵਾਅਦ ਹੁਣ ਉਸ ਨੂੰ ਭੋਜਨ ਪਾਣੀ ਦੇਣਾ ਯੋਗ ਨਹੀਂ।

ਉਹ ਪਹਿਲਾ ਸਾਧੂ ਨਹੀਂ ਸੀ, ਬਾਅਦ ਵਿਚ ਸਾਧੂ ਹੋ ਗਿਆ ਅਤੇ ਮੁੜ ਫੇਰ ਸਾਧੂ ਨਾ ਰਿਹਾ। ਸਾਧੂਪੁਣੇ ਨੂੰ ਤਿਆਗਨ ਵਾਲੇ ਨਾਲ ਸ੍ਰਮਣ ਨਿਰਗ੍ਰੰਥਾਂ ਨੂੰ ਭੋਜਨ ਪਾਣੀ ਖਾਣਾ ਗਲਤ ਹੈ। ਹੇ ਨਿਰਗ੍ਰੰਥੋ ! ਅਜਿਹਾ ਹੀ ਸਮਝੋ। ਤੁਹਾਨੂੰ ਅਜਿਹਾ ਹੀ ਸਮਝਣਾ ਚਾਹੀਦਾ ਹੈ

ਭਾਵ ਅਰਥ : ਜਿਵੇਂ ਗ੍ਰਹਿਸਥ ਤੋਂ ਸਾਧੂ ਬਣਿਆ ਜੀਵ, ਮੁੜ ਗ੍ਰਹਿਸਥੀ ਬਣ ਜਾਣ ਤੇ ਸਾਧੂ ਨਾਲ ਭੋਜਨ ਪਾਣੀ ਇਕਠੇ ਬੈਠ ਕੇ ਖਾਣ ਦਾ ਹੱਕਦਾਰ ਨਹੀਂ, ਉਸੇ ਪ੍ਰਕਾਰ ਜਿਸ ਨੇ ਤਰੱਸ ਜੀਵ ਦਾ ਤਿਆਗ ਕੀਤਾ ਹੈ ਜੇ ਉਹ ਤਰੱਸ ਜੀਵ ਮਰ ਕੇ ਸਥਾਵਰ ਬਣ ਜਾਂਦੇ ਹਨ। ਅਜੇਹੇ ਪ੍ਰਾਣੀਆ ਦੀ ਹਿੰਸਾ ਨਾਲ ਉਪਾਸਕ ਦਾ ਤਰੱਸ ਸੰਬੰਧੀ ਕੀਤਾ ਪਛਖਾਨ ਭੰਗ ਨਹੀਂ ਹੁੰਦਾ। 78

ਜੋ ਸਾਧੂ ਕੋਲ ਆਖ ਕੇ ਪਹਿਲਾਂ ਆਖਦੇ ਹਨ। ਅਸੀਂ ਘਰ ਬਾਰ ਛੱਡ ਕੇ ਸਾਧੂ ਨਹੀਂ ਬਣ ਸਕਦੇ। ਸਾਧਵੀ 14, 8, 15 ਨੂੰ ਪੂਰਸ਼ ਪੋਸ਼ਧ ਵਰਤ ਦਾ ਚੰਗੀ ਤਰ੍ਹਾਂ ਪਾਲਨ ਕਰਾਂਗੇ। ਅਸੀਂ ਮੋਟੀ ਹਿੰਸਾ, ਝੂਠ, ਚੋਰੀ, ਵਿਭਚਾਰ, ਪਰਿਗ੍ਰਹਿ ਦਾ ਤਿਆਗ ਕਰਦੇ ਹਨ। ਅਸੀਂ ਆਪਣੀਆਂ ਇਛਾਵਾਂ ਦਾ ਪਰਿਮਾਣ (ਸੀਮਤ) ਕਰਾਂਗੇ। ਸਾਡੇ ਲਈ ਕੁਝ ਵੀ ਨਾ ਕਰੋ, ਨਾ ਕਰਾਵੋ। ਅਸੀਂ ਅਜਿਹਾ ਪਛਖਾਨ (ਨਿਅਮ) ਲੈਂਦੇ ਹਾਂ, ਉਹ ਸ਼੍ਰਮਣੋਪਾਸਕ ਬਿਨਾਂ ਖਾਧੇ, ਬਿਨਾਂ ਪੀਤੇ, ਬਿਨਾਂ ਇਸ਼ਨਾਨ ਕੀਤੇ ਆਸਨ ਤੋਂ ਉਤਰ ਕੇ ਠੀਕ ਤਰ੍ਹਾਂ ਨਾਲ ਪੋਸ਼ਧ ਪਾਲਨ ਕਰਕੇ ਮੌਤ ਨੂੰ ਪ੍ਰਾਪਤ ਹੋ ਜਾਣ ਤਾਂ ਉਨ੍ਹਾਂ ਦੀ ਮੌਤ ਦੇ ਵਿਸ਼ੇ ਵਿਚ ਆਖਣਾ ਔਖਾ ਹੈ ? ਇਹੋ ਆਖਿਆ ਜਾਵੇ ਕਿ ਉਹ ਚੰਗੇ ਢੰਗ ਨਾਲ ਮਰ ਕੇ, ਚੰਗੀ ਗਤੀ ਵਿਚ ਗਏ ਹਨ। ਉਹ ਪ੍ਰਾਣੀ ਪਹਿਲਾ ਕਾਲ ਕਰਕੇ, ਪਰਲੋਕ ਨੂੰ ਜਾਂਦੇ ਹਨ। ਉਹ ਪ੍ਰਾਣੀ ਵੀ ਅਖਵਾਉਂਦੇ ਹਨ ਤੇ ਤਰੱਸ ਵੀ ਅਖਵਾਉਂਦੇ ਹਨ। ਉਹ ਜੀਵ ਮਹਾ ਕਾਇਆ ਵਾਲੇ, ਲੰਬੀ ਸਥਿਤੀ, ਲੰਬੀ ਉਮਰ ਤੇ ਬਹੁ ਸੰਖਿਆ ਵਾਲੇ ਹੁੰਦੇ ਹਨ। ਇਸ ਲਈ ਉਨ੍ਹਾਂ ਜੀਵਾ ਦੇ ਪਖੋਂ ਸ਼੍ਰਾਵਕ ਦਾ ਪਛਖਾਨ, ਸਹੀ ਪਛਖਾਨ ਹੀ ਹੈ। ਇਸ ਸਥਿਤੀ ਵਿਚ ਅਜਿਹੀ ਇਕ ਵੀ ਪਰਿਆਏ (ਅਵਸਥਾ) ਨਹੀਂ ਜਿਸ ਵਿਚ ਸ਼੍ਰਾਵਕ ਪਛਖਾਨ ਕਰ ਸਕੇ, ਸੋ ਤੁਹਾਡੀ ਮਾਨਤਾ ਸ਼੍ਰਾਵਕ ਦੇ ਪਛਖਾਨ ਸਬੰਧੀ ਗਲਤ ਹੈ। ਭਗਵਾਨ ਗੌਤਮ ਉਦਕ ਨੂੰ ਆਖਣ ਲਗੇ, ਸੰਸਾਰ ਵਿਚ ਕਈ ਪ੍ਰਾਣੀ, ਸ਼੍ਰਾਵਕ ਦੀ ਤਰ੍ਹਾਂ ਬਰਾਵਰ ਉਮਰ ਵਾਲੇ ਹੁੰਦੇ ਹਨ। ਜਿਨ੍ਹਾਂ ਦਾ ਸ਼੍ਰਾਵਕ ਵਰਤ ਗ੍ਰਹਿਣ ਕਰਕੈ ਘਾਤ ਨਹੀਂ ਕਰਦਾ। ਉਹ ਪ੍ਰਾਣੀ ਖੁਦ ਹੀ ਮਰ ਕੇ ਪਰਲੋਕ ਜਾਂਦੇ ਹਨ ਉਹ ਪ੍ਰਾਣੀ ਵੀ ਅਖਵਾਉਂਦੇ ਹਨ ਤੇ ਤਰੱਸ ਵੀ ਹਨ। ਉਹ ਮਹਾ ਕਾਇਆ ਵਾਲੇ, ਬਰਾਬਰ ਦੀ ਉਮਰ ਵਾਲੇ ਹਨ। ਬਹੁ ਸੰਖਿਆ ਵਾਲੇ ਹੂੰਦੇ ਹਨ। ਉਨ੍ਹਾਂ ਸੰਬੰਧੀ ਸ਼੍ਰਾਵਕ ਦਾ ਪਛਖਾਨ, ਸਹੀ ਪਛਖਾਨ ਹੁੰਦਾ ਹੈ। ਇਹ ਆਖਣਾ ਗਲਤ ਹੈ ਕਿ ਸ਼੍ਰਾਵਕ ਦਾ ਪਛਖਾਨ ਸਹੀ ਨਹੀਂ।

ਫੇਰ ਭਗਵਾਨ ਗੌਤਮ ਸਵਾਮੀ ਪੇਡਾਲ ਪੁਤਰ ਨਿਰਗ੍ਰਥ ਨੂੰ ਕਿਹਾ "ਕਈ ਕਈ ਸ਼੍ਰਮਣੋਪਾਸਕ ਸਾਧੂ ਕੋਲ ਆਉਂਦੇ ਹਨ ਅਤੇ ਤਹਿਲਾਂ ਦਸੇ ਦੀ ਤਰਾਂ ਆਖਦੇ ਹਨ "ਅਸੀਂ ਪੋਸ਼ਧ ਵਰਤ ਤਾਂ ਗ੍ਰਹਿਣ ਨਹੀਂ ਕਰ ਸਕਦੇ ਪਰ ਅੰਤ ਸਮੇਂ ਮੌਤ ਵੇਲੇ ਸਮਾਂਧੀ ਸੰਲੇਖਨਾ ਵਰਤ ਦੀ ਅਰਾਧਨਾ ਕਰਾਂਗੇ ਉਸ ਸਮੇਂ ਅਸੀਂ ਕਰਨ ਤਿੰਨ ਯੋਗ ਨਾਲ ਪ੍ਰਾਣਾਤਿਪਾਤ ਤੋਂ ਲੈ ਕੇ ਪਰਿਗ੍ਰਹਿ ਤਕ ਦਾ ਤਿਆਗ ਕਰਾਂਗੇ। ਮੇਰ ਲਈ ਕੁਝ ਨਾ ਕਰੋ, ਨਾ ਕਰਾਵੇ, ਇਸ

ਦ ਪੱਛਖਾਨ ਕਰਾਂਗੇ । ਇਸ ਪ੍ਰਕਾਰ ਪ੍ਰਤਿਗਿਆ ਕਰਕੇ ਉਹ ਸ਼੍ਰਾਵਕ ਆਪਣੇ ਆਸਨ ਤੋਂ ਉਤਰ ਕੇ ਮੌਤ ਨੂੰ ਪ੍ਰਾਪਤ ਹੁੰਦੇ ਹਨ ਤਾਂ ਉਨਾਂ ਦੀ ਮੌਤ ਬਾਰੇ ਕੀ ਆਖਗੇ ? ਇਹੋ ਕਹਾਂਗੇ ਕਿ ਉਹ ਚੰਗੀ ਮੌਤ ਨੂੰ ਪ੍ਰਾਪਤ ਹੋਏ ਹਨ । ਬਾਕੀ ਦਾ ਪਾਠ ਪਹਿਲਾਂ ਦੀ ਤਰਾਂ ਹੈ)

ਫੇਰ ਭਗਵਾਨ ਗੌਤਮ ਨੇ ਉਦਕ ਪੇਡਾਲ ਪੁਤਰ ਆਦਿ ਨਿਰਗ੍ਰੰਥਾਂ ਨੂੰ ਕਿਹਾ "ਇਸ ਸੰਸਾਰ ਵਿਚ ਕਈ ਅਜੇਹੇ ਮਨੁੱਖ ਹੁੰਦੇ ਹਨ ਜੋ ਮਹਾਨ ਇੱਛਾ, ਮਹਾਨ ਆਰੰਭ, ਮਹਾਨ ਪਰਿਗ੍ਰਹਿ, ਮਹਾਨ ਅਧਾਰਮਿਕ, ਇਥੋਂ ਤਕ ਕਿ ਬੜੀ ਕਠਿਨਾਈ ਨਾਲ ਖੁਸ਼ ਹੁੰਦੇ ਹਨ । ਉਹ ਸਭ ਇਨਾਂ ਪਾਪਾਂ ਵਿਚ ਲਗੇ ਰਹਿੰਦੇ ਹਨ । ਸ਼੍ਰਾਵਕ ਇਨ੍ਹਾਂ ਪ੍ਰਾਣੀਆਂ ਦੀ ਹਿੰਸਾ ਦਾ ਵਰਤ ਗ੍ਰਹਿਣ ਕਰਕੇ ਮੌਤ ਤਕ ਪਾਲਦਾ ਹੈ । ਪਰ ਉਪਰ ਆਖੇ ਪਾਪੀ ਮਨੁੱਖ ਉਮਰ ਪੂਰੀ ਕਰਕੇ ਪਾਪ ਕਾਰਣ ਦੁਰਗਤੀ ਪਾਉਂਦੇ ਹਨ । ਸ਼੍ਰਾਵਕ ਵਾ ਤਿਆਗ ਮਰਨ ਤਕ ਚਲਦਾ ਹੈ । (ਬਾਕੀ ਦਾ ਪਾਠ ਪਹਿਲਾ ਦੀ ਤਰਾਂ ਹੈ ।

ਭਗਵਾਨ ਗੌਤਮ ਉਦਕ ਨੂੰ ਬੋਲੇ "ਜਗਤ ਵਿਚ ਕਈ ਤਰਾਂ ਦੇ ਮਨੁੱਖ ਹੁੰਦੇ ਹਨ ਜੋ ਆਰੰਬ ਰਹਿਤ, ਪਰਿਗ੍ਰਹਿ, ਹਿਤ, ਧਾਰਮਿਕ, ਧਰਮ ਦੀ ਆਗਿਆ ਦਸਣ ਵਾਲੇ, ਹਿੰਸਾ ਤੋਂ ਪਰਿਗ੍ਰਹਿ ਤਕ ਸਾਰੇ ਪਾਪਾ ਦੇ ਤਿਆਗੀ ਹੁੰਦੇ ਹਨ । ਸ਼੍ਰਾਵਕ ਉਨ੍ਹਾਂ ਪ੍ਰਾਣੀਆਂ ਦਾ ਵਰਤ ਗ੍ਰਹਿਣ ਕਰਨ ਤੋਂ ਲੈ ਕੇ ਸਾਰੀ ਜ਼ਿੰਦਗੀ ਲਈ ਹਿੰਸਾ ਦਾ ਤਿਆਗ ਕਰਦਾ ਹੈ । ਉਹ ਧਾਰਮਿਕ ਮਨੁੱਖ ਉਮਰ ਪੂਰੀ ਕਰਦੇ ਹਨ । ਪੁੰਨ ਸਦਕਾ ਸਦਗਤਿ (ਦੇਵ ਗਤਿ ਸਵਰਗ ਜਾਂ ਮਨੁੱਖ) ਨੂੰ ਜਾਂਦੇ ਹਨ । ਉਸ ਸਮੇਂ ਵੀ ਉਹ ਪ੍ਰਾਣੀ ਵੀ ਅਖਵਾਉਂਦੇ ਹਨ ਤਰੱਸ ਵੀ ਅਖਵਾਉਂਦੇ ਹਨ, ਲੰਬਾ ਸਮਾਂ ਸਵਰਗ ਵਿਚ (ਚਿਰ ਸਥਿਰ) ਗੁਜ਼ਾਰਦੇ ਹਨ । ਸ਼੍ਰਮਣੋ ਪਾਸਕ (ਗ੍ਰਹਿਸਥ) ਉਨਾਂ ਨੂੰ ਦੰਡ ਨਹੀਂ ਦਿੰਦਾ । ਇਸ ਲਈ ਤਰੱਸ ਪ੍ਰਾਣੀਆਂ ਦੀ ਅਨਹੋਂਦ ਕਾਰਣ ਸ਼੍ਰਾਵਕ ਦਾ ਪਛਖਾਨ ਗਲਤ ਪਛਖਾਨ ਨਹੀਂ ।

ਗੌਤਮ ਭਗਵਾਨ ਉਦਕ ਨੂੰ ਆਖਦੇ ਹਨ "ਸੰਸਾਰ ਵਿਚ ਕੋਈ ਕੋਈ ਥੋੜੀ ਇੱਛਾ ਵਾਲੇ, ਥੋੜੀ ਹਿੰਸਾ ਵਾਲੇ, ਥੋੜੇ ਪਰਿਗ੍ਰਹਿ ਵਾਲੇ ਧਾਰਮਿਕ, ਧਾਰਮਿਕ ਹੁਕਮ ਦੇਣ ਵਾਲੇ, ਕਿਸੇ ਹਿੰਸਾ ਦੇ ਤਿਆਗ ਤੇ ਰਹਿਤ (ਉਸ ਤਰ੍ਹਾਂ ਪਰਿਗ੍ਰਹਿ ਤਕ ਸਮਝਣਾ ਚਾਹੀਦਾ ਹੈ) ਜੀਵ ਹੁੰਦੇ ਹਨ । ਜੋ ਕਿਸੇ ਅੰਸ਼ ਤੋਂ ਛੇ ਪਾਪਾਂ ਦੇ ਤਿਆਗੀ ਤੇ ਕਿਸੇ ਅੰਸ ਤੋਂ ਤਿਆਗ ਰਹਿਤ ਹੁੰਦੇ ਹਨ । ਅਜਿਹੇ ਤਿਆਗੀ ਪੁਰਸ਼ ਸਮਾਂ ਪਾ ਕੇ ਮਰ ਜਾਂਦੇ ਹਨ ਅਤੇ ਪੁੰਨ ਸਦਕਾ ਸਦਗਤਿ ਵਿਚ ਜਾਂਦੇ ਹਨ । ਅਜਿਹੇ ਜੀਵ ਪ੍ਰਾਣੀ ਵੀ ਹਨ, ਤਰੱਸ ਵੀ ਹਨ, ਉਹ ਜੀਵ ਸਵਰਗ ਵਿਚ ਲੰਬਾ ਸਮਾਂ ਨਿਵਾਸ ਕਰਦੇ ਹਨ । ਸ਼੍ਰਾਵਕ ਉਨਾਂ ਜੀਵਾਂ ਦੀ ਹਿੰਸਾ ਦਾ ਤਿਆਗੀ ਨਹੀਂ ਹੁੰਦਾ । ਇਸ ਲਈ ਤਰੱਸ ਜੀਵ ਦੀ ਅਣਹੋਂਦ ਦਸ ਕੇ, ਉਪਾਸਕ ਦੇ ਪਛਖਾਨ ਨੂੰ ਗਲਤ ਪਛਖਾਨ ਜਾਇਜ ਨਹੀਂ । ਭਗਵਾਨ ਗੌਤਮ, ਉਦਕ, ਪ੍ਰਤਿ ਬੋਲੇ, "ਸੰਸਾਰ ਵਿਚ ਕਈ ਕਈ ਮਨੁਖ ਤਾਂ ਅਜਿਹੇ ਹੁੰਦੇ ਹਨ ਜੋ ਜੰਗਲਾਂ ਵਿਚ ਰਹਿੰਦੇ ਹਨ । ਕੁਟਿਆ ਬਣਾ ਕੇ ਗੁਜ਼ਾਰਾ ਕਰਦੇ ਹਨ । ਪਿੰਡ ਵਿਚ ਜਾ ਕੇ ਭੋਜਨ ਕਰਦੇ ਹਨ ਕਈ ਗੁਪਤ

ਵਿਸ਼ਿਆ ਦੇ ਮਾਹਿਰ ਹੁੰਦੇ ਹਨ। ਸ੍ਰਮਣੋ ਉਪਾਸ਼ਕ ਉਨ੍ਹਾਂ ਨੂੰ ਵਰਤ ਗ੍ਰਹਿਤ ਕਰਕੇ ਮੌਤ ਦੰਡ ਦੇਣ ਦਾ ਤਿਆਗ ਕਰਦਾ ਹੈ। ਅਜਿਹੇ ਬਨਵਾਸੀ ਤਾਪਸ ਅਸਜੰਮੀ ਹਨ। ਹਿੰਸਾ ਦੇ ਤਿਆਗੀ ਨਹੀਂ ਹਨ ਕਿਉਂਕਿ ਉਹ ਆਖਦੇ ਹਨ ਕ੍ਰਿਤਾਂਗ ਪ੍ਰਾਣੀ ਭੂਤ, ਜੀਦ ਅਤੇ ਸੱਤਵ ਦੀ ਹਿੰਸਾ ਤੋਂ ਮੁਕਤ ਨਹੀਂ ਹੈ ਅਜਿਹੀ ਮਿਸਰ (ਮਿਲੀ ਜੁਲੀ) ਭਾਸ਼ਾ ਇਸਤੇਮਾਲ ਕਰਦੇ ਹਨ। ਸਾਨੂੰ (ਤਾਪਸਾਂ) ਮਾਰਨਾ ਪਾਪ ਹੈ ਹੋਰ ਕਿਸੇ ਨੂੰ ਵੀ ਮਾਰੋ ਕੋਈ ਫਰਕ ਨਹੀਂ ਪੈਂਦਾ। ਉਹ ਤਾਪਸ ਮਰਕੇ, ਬਾਲ (ਅਗਿਆਨ) ਤਪ ਕਾਰਣ ਅਸੁਰ ਆਦਿ ਦੇਵਤਾ ਬਣਦੇ ਹਨ। ਫੇਰ ਅਸੁਰ ਜੂਨ ਪੂਰੀ ਕਰਕੇ ਬਕਰੇ ਦੀ (ਅਸੁਰ) ਤਰਾਂ ਗੁੰਗੇ ਤੇ ਤਾਮਸ਼ਿਕ ਰੂਪ ਵਿਚ ਉਤਪੰਨ ਹੁੰਦੇ ਹਨ, ਉਹ ਪ੍ਰਾਣੀ ਵੀ ਅਖਵਾਉਂਦੇ ਹਨ, ਤਰੱਸ ਵੀ ਅਖਵਾਉਂਦੇ ਹਨ। ਇਸ ਲਈ ਇਨ੍ਹਾਂ ਜੀਵਾਂ ਨੂੰ ਨਾ ਮਾਰਨ ਦਾ ਪਛਖਾਨ ਪ੍ਰਭਾਵਤ ਨਹੀਂ ਹੁੰਦਾ।

ਭਗਵਾਨ ਗੌਤਮ ਉਦਕ ਪ੍ਰਤਿ ਆਖਦੇ ਹਨ "ਇਸ ਲੋਕ ਵਿਚ ਅਨੇਕਾ ਬਰਾਬਰ ਉਮਰ ਵਾਲੇ ਪ੍ਰਾਣੀ ਹੁੰਦੇ ਹਨ ਉਨ੍ਹਾਂ ਦੀ ਉਮਰ ਵਰਤਧਾਰੀ ਸ੍ਰਾਵਕ ਤੋਂ ਜ਼ਿਆਦਾ ਹੁੰਦੀ ਹੈ। ਉਹ ਦੇਵ, ਨਾਰਕ, ਤਰਿਅੰਚ, ਮਨੁੱਖ ਰੂਪ ਵਿਚ ਪਰਲੋਕ ਵਿਚ ਪੈਦਾ ਹੁੰਦੇ ਹਨ, ਉਨਾਂ ਸੰਬੰਧੀ ਸ਼੍ਰਾਵਕ ਦਾ ਪਛਖਾਨ ਸਫਲ ਹੁੰਦਾ ਹੈ।

ਗੌਤਮ ਭਗਵਾਨ ਉਦਕ ਨੂੰ ਆਖਨ ਲਗੇ ਸੰਸਾਰ ਵਿਚ ਅਨੇਕਾਂ ਪ੍ਰਾਣੀ ਥੋੜੀ ਉਮਰ ਵਾਲੇ ਹੁੰਦੇ ਹਨ। ਉਹ ਜਦ ਤੱਕ ਜਿਉਂਦੇ ਰਹਿੰਦੇ ਹਨ ਤਦ ਤਕ ਪਛਖਾਨ ਕਰਨ ਵਾਲਾ ਸ੍ਰਾਵਕ ਉਨ੍ਹਾਂ ਦੀ ਹਿੰਸਾ ਨਹੀਂ ਕਰਦਾ। ਕਿਉਂਕਿ ਉਹ ਵਰਤ ਧਾਰਨ ਕਰਨ ਤੋਂ ਲੈਕੇ ਜਿੰਦਗੀ ਭਰ ਲਈ ਤਰੱਸ ਜੀਵਾ ਦੀ ਹਿੰਸਾ ਦਾ ਤਿਆਗੀ ਹੁੰਦਾ ਹੈ। ਉਹ ਜੀਵ ਮਰ ਕੇ ਸ਼੍ਰਾਵਕ ਤੋਂ ਪਹਿਲਾ ਪਰਲੋਕ ਵਿਚ ਚਲੇ ਜਾਂਦੇ ਹਨ ਉਹ ਪ੍ਰਾਣੀ ਵੀ ਅਖਵਾਉਂਦੇ ਹਨ ਤੇ ਤਰੱਸ ਵੀ ਹਨ। ਉਹ ਵਿਸ਼ਾਲ ਕਾਈਆਂ ਵਾਲੇ ਹੁੰਦੇ ਹਨ ਘੱਟ ਉਮਰ ਵਾਲੇ ਹੁੰਦੇ ਹਨ। ਇਸ ਸੰਬਧੀ ਸ੍ਰਮਣੋਪਾਸਕ ਦਾ ਪਛਖਾਨ ਸਹੀ ਪਛਖਾਨ ਹੈ।

ਭਗਵਾਨ ਗੌਤਮ ਆਖਦੇ ਹਨ ਕਿ ਸੰਸਾਰ ਵਿਚ ਕਈ ਸ਼੍ਰਮਣੋਉਪਾਸਕ ਹੁੰਦੇ ਹਨ ਉਹ ਸ਼ਾਧੂ ਕੋਲ ਆ ਕੇ ਇਸ ਤਰ੍ਹਾਂ ਆਖਦੇ ਹਨ ਅਸੀਂ ਸਿਰ ਮੁਨਾ ਕੇ ਸਾਧੂ ਬਨਣ ਵਿਚ ਅਸਮਰਥ ਹਾਂ ਸੋ ਅਸੀਂ ਚਤੁਰਦਸੀ [14] ਅਸ਼ਟਮੀ, ਅਮਾਵਸ, ਤੇ ਪੁਰਨਮਾਸੀ ਨੂੰ ਸੰਪੂਰਨ ਪੋਸ਼ਧ ਵਰਤ ਕਰਨ ਦੀ ਵੀ ਸ਼ਕਤੀ ਨਹੀਂ ਰਖਦੇ। ਮੌਤ ਸਮੇਂ ਸੰਸਾਰ [ਸਮਾਧੀ ਮਰਨ] ਦੀ ਤਾਕਤ ਵੀ ਸਾਡੇ ਵਿਚ ਨਹੀਂ ਹੈ। ਫੇਰ ਵੀ ਅਸੀਂ ਸਮਾਇਕ ਤੇ ਦੇਸ਼ਅਵਕਾਸਿਕ ਵਰਤਾਂ ਨੂੰ ਸਵਿਕਾਰ ਕਰਦੇ ਹਾਂ। ਹਰ ਰੋਜ ਸਵੇਰ ਪੂਰਬ, ਪਛਮ, ਉਤਰ ਤੇ ਦਖਨ ਸੰਬਧੀ ਸਫਰ ਦੀ ਹੱਦ ਮੁਕਰਰ ਕਰਕੇ ਬਾਕੀ ਦੇ ਜੀਵਾ ਦੀ ਹਿੰਸਾ ਦਾ ਤਿਆਗ ਕਰਦੇ ਹਾਂ। ਇਸ ਤਰ੍ਹਾਂ ਅਸੀਂ ਸਾਰੇ ਪ੍ਰਾਣੀਆਂ ਭੂਤਾ, ਜੀਵਾਂ ਤੇ ਮਹੱਵਾ ਦਾ ਭਲਾ ਕਰਨ ਵਾਲੇ ਬਣਾਗੇ। ਇਸ ਤਰ੍ਹਾਂ ਵਰਤ ਗ੍ਰਹਿਣ ਕਰਨ, ਹੱਦ ਤੋਂ ਬਾਹਰ ਰਹੇ ਜੀਵਾ ਦੀ ਹਿੰਸਾ ਦਾ ਤਿਆਗ ਕਰਦੇ ਹੋਏ ਪ੍ਰਾਣੀ, ਜਿੰਨਾਂ ਦੀ ਹਿੰਸਾ ਦਾ ਤਿਆਗ ਸ੍ਰਾਵਕ ਨੇ ਜੀਵਨ ਭਰ ਲਈ ਕਰ

ਦਿੱਤਾ ਹੈ ਉਮਰ ਦਾ ਅੰਤ ਹੋਰ ਤੇ ਸ੍ਰਾਵਕ ਰਾਂਹੀ ਰਖੀ ਹੋਈ ਹੱਦ ਤੋਂ ਬਾਹਰ ਤਰੱਸ ਰੂਪ ਵਿਚ ਪੈਦਾ ਹੁੰਦੇ ਹਨ, ਤਾਂ ਉਨ੍ਹਾਂ ਜੀਵਾਂ ਪ੍ਰਤਿ ਸ੍ਰਾਵਕ ਦਾ ਪਛਖਾਨ ਸਫਲ ਪਛਖਾਨ ਹੁੰਦਾ ਹੈ। ਉਹ ਪ੍ਰਾਣੀ ਵੀ ਹਨ ਤਰੱਸ ਵੀ ਹਨ। ਅਜੇਹੀ ਸਥੀਤੀ ਵਿਚ ਸ਼੍ਰਾਮਣੋਪਾਸਕਾ ਦਾ ਪਛਖਾਨ ਸਹੀ ਹੈ ਇਸ ਨੂੰ ਗਲਤ ਆਖਨਾ ਨਿਆਸੰਗਤ ਨਹੀਂ। 79 ਨਿਸ਼ਚਿਤ ਹੱਦ ਦੀ ਭੂਮੀ ਵਿਚ ਰਹਿੰਦੇ ਜੋ ਤਰੱਸ ਪ੍ਰਾਣੀ ਹਨ ਸ੍ਰਾਵਕ ਵਰਤ ਗ੍ਰਹਿਣ ਤੇ ਜੀਵਨ ਭਰ ਲਈ ਉਨ੍ਹਾਂ ਦੀ ਹਿੰਸਾ ਦਾ ਤਿਆਗ ਕਰ ਦਿਤਾ ਹੈ। ਉਮਰ ਪੂਰੀ ਕਰਕੇ ਉਹ ਪ੍ਰਾਣੀ ਉਸੇ ਨਜਦੀਕ ਭੂਮੀ ਵਿਚ ਸਥਾਵਰ ਰੂਪ ਵਿਚ ਪੈਦਾ ਹੁੰਦੇ ਹਨ। ਸ੍ਰਾਵਕ ਨੇ ਬੇਅਰਥ ਸਥਾਵਰ ਜੀਵਾ ਦੀ ਹਿੰਸਾ ਦਾ ਤਿਆਗ ਕੀਤਾ ਹੈ। ਜ਼ਰੂਰੀ ਸਥਾਵਰ ਜੀਵ ਹਿੰਸਾ ਦਾ ਤਿਆਗ ਨਹੀਂ ਕੀਤਾ। ਉਹ ਪ੍ਰਾਣੀ ਵੀ ਅਖਵਾਉਂਦੇ ਹਨ ਤਰੱਸ ਵੀ ਅਖਵਾਉਂਦੇ ਹਨ। ਲੰਬਾ ਸਮਾਂ ਉਸ ਜੂਨ ਵਿਚ ਸਥਿਤ ਰਹਿੰਦੇ ਹਨ। ਸ੍ਰਾਵਕ ਦਾ ਪਛਖਾਨ ਸਫਲ ਪਛਖਾਨ ਹੈ। ਉਸਨੂੰ ਗਲਤ ਆਖਣਾ ਨਿਆ ਸੰਗਤ ਨਹੀਂ। ਨਿਕਟ ਰਹਿ ਰਹੇ ਜੋ ਤਰੱਸ ਪ੍ਰਾਣੀ ਹਨ। ਸ੍ਰਾਵਕ ਨੇ ਵਰਤ ਗ੍ਰਹਿਣ ਤੋਂ ਲੈ ਕੇ ਜੀਵਨ ਭਰ ਲਈ ਉਨਾਂ ਦੀ ਹਿੰਸਾ ਦਾ ਤਿਆਗ ਕਰ ਦਿਤਾ ਹੈ। ਅਜਿਹੇ ਜੀਵ ਆਪਣੀ ਉਮਰ ਭੋਗ ਕੇ ਤਰੱਸ ਤੇ ਸਥਾਵਰ ਰੂਪ ਵਿਚ ਜਨਮ ਲੈਂਦੇ ਹਨ, ਜਿੰਨਾ ਦੀ ਹਿੰਸਾ ਸੰਬਧੀ ਉਪਾਸਕ ਦਾ ਤਿਆਗ ਹੈ। ਉਨ੍ਹਾਂ ਜੀਵਾਂ ਪਖੋਂ ਸ੍ਰਾਵਕ ਦਾ ਪਛਖਾਨ ਸਹੀ ਹੈ। ਉਹ ਪ੍ਰਾਣੀ ਵੀ ਅਖਵਾਉਂਦੇ ਹਨ ਤਰੱਸ ਵੀ ਅਖਵਾਉਂਦੇ ਹਨ। ਸ੍ਰਾਵਕ ਉਨ੍ਹਾਂ ਦੀ ਹਿੰਸਾ ਨਹੀਂ ਕਰਦਾ। ਇਸ ਲਈ ਸ੍ਰਾਵਕ ਦਾ ਪਛਖਾਨ ਨਿਆ ਸੰਗਤ ਹੈ ਗਲਤ ਨਹੀਂ। ਨਿਸ਼ਚਿਤ ਹੱਦ ਅੰਦਰ ਜੋ ਸਥਾਵਰ ਪ੍ਰਾਣੀ ਹਨ ਜਿਨ੍ਹਾਂ ਦੀ ਹਿੰਸਾ ਦਾ ਸ੍ਰਮਣੋ ਉਪਾਸਕ ਨੇ ਅਰਥ ਦੰਡ ਦੇਣ ਦਾ ਤਿਆਗ ਨਹੀਂ ਕੀਤਾ ਪਰ ਅਨਰਥ ਦੰਡ ਦੇਣ ਦਾ ਤਿਆਗ ਕੀਤਾ ਹੈ। ਉਹ ਜੀਵ ਆਪਣੀ ਉਮਰ ਤਿਆਗ ਕੇ ਤਰੱਸ ਰੂਪ ਪੈਦਾ ਹੁੰਦੇ ਹਨ। ਸ੍ਰਾਵਕ ਨੇ ਜਿੰਦਗੀ ਭਰ ਲਈ ਉਨਾਂ ਦੀ ਹਿੰਸਾ ਦਾ ਤਿਆਗ ਕੀਤਾ ਹੈ। ਉਨਾਂ ਜੀਵਾਂ ਪਖੋਂ ਸ੍ਰਾਵਕ ਦਾ ਪਛਖਾਨ, ਸਹੀ ਪਛਖਾਨ ਹੈ। ਉਹ ਪ੍ਰਾਣੀ ਵੀ ਅਖਵਾਉਂਦੇ ਹਨ ਤਰੱਸ ਵੀ ਅਖਵਾਉਂਦੇ ਹਨ। ਇਸ ਲਈ ਇਹ ਆਖਣਾ ਗਲਤ ਹੈ ਕਿ ਤਰੱਸ ਜੀਵਾਂ ਦੀ ਅਨਹੋਂਦ ਕਾਰਣ ਸ੍ਰਾਵਕ ਦਾ ਪਛਖਾਨ ਗਲਤ ਹੈ। ਨਿਕਟ ਹੱਦ ਅੰਦਰ ਜੋ ਸਥਾਵਰ ਪ੍ਰਾਣੀ ਹਨ ਜਿਨਾਂ ਦੀ ਸ੍ਰਮਣੋ ਉਪਾਸਕ ਨੇ ਜ਼ਰੂਰਤ ਕਾਰਣ ਹਿੰਸਾ ਦਾ ਤਿਆਗ ਨਹੀਂ ਕੀਤਾ। ਪਰ ਬਿਨਾਂ ਜ਼ਰੂਰਤ ਹੀ ਹਿੰਸਾ ਦਾ ਤਿਆਗ ਕੀਤਾ ਹੈ। ਉਸ ਨਿਸ਼ਚਿਤ ਹੋਂਦ ਦੇ ਜੋ ਸਥਾਵਰ ਜੀਵ ਹਨ ਜਿੰਨਾਂ ਨੂੰ ਸ਼੍ਰਮਣੋਪਾਸਕ ਨੇ ਜ਼ਰੂਰਤ ਪੈਣ ਤੇ ਹਿੰਸਾ ਦਾ ਤਿਆਗ ਨਹੀਂ ਕੀਤਾ, ਬਿਨਾ ਕਾਰਣ ਹਿੰਸਾ ਦਾ ਤਿਆਗ ਕੀਤਾ ਹੈ। ਉਨ੍ਹਾਂ ਵਿਚ ਤਰੱਸ ਰੂਪ ਵਿਚ ਪੈਦਾ ਹੁੰਦੇ ਹਨ। ਉਨ੍ਹਾਂ ਨੂੰ ਸ਼੍ਰਮਣੋਪਾਸਕ ਜਰੂਰਤ ਪੈਣ ਤੇ ਦੰਡ ਦਿੰਦਾ ਹੈ। ਬਿਨਾ ਜ਼ਰੂਰਤ ਤੇ ਦੰਡ ਨਹੀਂ ਦਿੰਦਾ। ਇਸ ਲਈ ਉਪਾਸਕ ਦਾ ਪਛਖਾਨ ਸਹੀ ਹੈ। ਸ਼ਕ ਦਾ ਵਿਸ਼ਾ ਨਹੀਂ ਹੈ।

ਉਥੇ ਨੇੜੇ ਰਹਿਣ ਵਾਲੇ ਜੋ ਤਰੱਸ ਪ੍ਰਾਨੀ ਹਨ ਅਤੇ ਜਿਨਾਂ ਨੂੰ ਦੰਡ ਦੇਣਾ ਸ੍ਰਮਣੋ ਪਾਮਕ ਨੇ ਵਰਤ ਗ੍ਰਹਿਣ ਕਰਨ ਦੇ ਸਮੇਂ ਤੋਂ ਲੈ ਕੇ ਜਿੰਦਗੀ ਭਰ ਲਈ ਛੱਡ ਦਿਤਾ ਹੈ ਉਹ ਜਦ ਤਰੱਸ ਸਰੀਰ ਨੂੰ ਛੱਡ ਦਿੰਦੇ ਹਨ ਅਤੇ ਨਿਕਟ ਹੀ ਸਥਾਵਰ ਪ੍ਰਾਣੀਆਂ ਵਿਚ ਉਤਪੰਨ ਹੁੰਦੇ ਹਨ। ਜਿਨਾਂ ਨੂੰ ਸ੍ਰਾਵਕ ਨੇ ਅਨਰਥ ਦੰਡ ਦੇਣਾ (ਬੇਕਾਰ ਨੁਕਸਾਨ ਪਹੁੰਚਾਨਾ) ਮਨਾ ਕਰ ਰਖਿਆ ਹੈ ਪਰ ਲੋੜ ਪੈਣ ਤੇ ਨਹੀਂ ਕੀਤਾ। ਉਨ੍ਹਾਂ ਨੂੰ ਸ੍ਰਾਵਕ ਅਰਥ ਦੰਡ ਹੀ ਦਿੰਦਾ ਹੈ ਅਨਰਥ ਦੰਡ ਨਹੀਂ (ਅਗੇ ਪਾਠ ਪਹਿਲਾਂ 80 ਦੀ ਤਰਾਂ ਹੈ) ਉਥੇ ਨੇੜੇ ਪ੍ਰਦੇਸ਼ ਰਹਿਣ ਵਾਲੇ ਜੋ ਤਰੱਸ ਪ੍ਰਾਣੀ ਹਨ ਉਨ੍ਹਾਂ ਨੂੰ ਸ੍ਰਾਵਕ ਨੇ ਵਰਤ ਗ੍ਰਹਿਣ ਸਮੇਂ ਜਿੰਦਗੀ ਭਰ ਲਈ ਦੰਡ ਦੇਣਾ ਤਿਆਗ ਦਿਤਾ ਹੈ। ਉਹ ਪ੍ਰਾਣੀ ਸਥਾਵਰ ਰੂਪ ਵਿਚ ਨੇੜੇ ਦੇ ਪ੍ਰਦੇਸ਼ ਵਿਚ ਉਤਪੰਨ ਹੁੰਦੇ ਹਨ (ਬਾਕੀ ਦਾ ਪਾਠ ਪਹਿਲਾਂ ਦੀ ਤਰਾਂ ਹੈ।)

ਜੋ ਕਰੀਬ ਦੇ ਪ੍ਰਦੇਸ਼ ਦੇ ਤਰੱਸ ਸਥਾਵਰ ਪ੍ਰਾਣੀ ਹਨ ਜਿਨ੍ਹਾਂ ਨੂੰ ਸ੍ਰਾਵਕ ਨੇ ਲੋੜ ਅਨੁਸਾਰ ਦੰਡ ਦੇਣ ਦਾ ਤਿਆਗ ਨਹੀਂ ਕੀਤਾ, ਬਿਨਾਂ ਲੋੜ ਦੇ ਕੀਤਾ ਹੈ। ਉਹ ਪ੍ਰਾਣੀ ਮਰ ਕੇ ਨਜ਼ਦੀਕ ਤਰੱਸ ਰੂਪ ਵਿਚ ਨਿਸਚਿਤ ਪੈਦਾ ਹੁੰਦੇ ਹਨ। ਜਿਨ੍ਹਾਂ ਦਾ ਸ੍ਰਾਵਕ ਨੂੰ ਵਰਤ ਗ੍ਰਹਿਣ ਤੋਂ ਮਰਨ ਤਕ ਤਿਆਗ ਕੀਤਾ ਹੈ। (ਅਗੇ ਪਾਠ ਉਸੇ ਤਰਾਂ ਹੈ)।

ਨਿਸ਼ਚਿਤ ਹੱਦ ਵਿਚ ਜੋ ਸਥਾਵਰ ਜੀਵ ਹਨ ਜਿਨ੍ਹਾ ਦੀ ਹਿੰਸਾ ਦਾ ਤਿਆਗ ਸ਼੍ਰਮਣੋਪਾਸਕ ਨੇ ਕਾਰਣ ਵਸ ਕਰਨਾ ਨਹੀਂ ਛੱਡਿਆ ਉਹ ਉਮਰ ਤਿਆਗ ਦੇ ਹਨ। ਉਮਰ ਤਿਆਗ ਕੇ ਹੱਦ ਤੋਂ ਬਾਹਰ ਜੋ ਤਰੱਸ ਸਥਾਵਰ ਰੂਪ ਵਿਚ ਪੈਦਾ ਹੁੰਦੇ ਹਨ। ਜਿਸ ਦਾ ਸ਼੍ਰਾਵਕ ਨੇ ਤਿਆਗ ਕੀਤਾ ਉਹ ਉਸੇ ਜੂਨ ਵਿਚ ਪੈਦਾ ਹੁੰਦੇ ਹਨ। ਪਰ ਨਿਸ਼ਚਿਤ ਹੱਦ ਰਹਿਨ ਕਾਰਣ ਸ਼੍ਰਾਵਕ ਦਾ ਤਿਆਗ, ਸਹੀ ਪਛਖਾਨ ਹੈ ਗਲਤ ਪਛਖਾਨ ਨਹੀਂ।

ਸ਼੍ਰਾਵਕ ਰਾਹੀਂ ਗ੍ਰਹਿਣ ਕੀਤੀ ਦੇਸ਼ ਪਰਿਮਾਨ ਹੱਦ ਤੋਂ ਬਾਹਰ ਜੋ ਤਰੱਸ ਤੇ ਸਥਾਵਰ ਜੀਵ ਹਨ। ਜਿਨ੍ਹਾਂ ਦਾ ਸ਼੍ਰਾਵਕ ਨੇ ਗ੍ਰਹਿਣ ਬਰਤ ਤੋਂ ਮਰਨ ਤਕ ਦੰਡ ਦੇਣ ਦਾ ਤਿਆਗ ਕੀਤਾ ਹੈ। ਉਹ ਜੀਵ ਮਰਨ ਉਪਾਸਕ ਰਾਹੀਂ ਨਿਸ਼ਚਿਤ ਹੱਦ ਅੰਦਰ ਤਰੱਸ ਰੂਪ ਵਿਚ ਉਤਪੰਨ ਹੁੰਦੇ ਹਨ। (ਜਿਨ੍ਹਾਂ ਨੂੰ ਸ਼੍ਰਾਵਕ ਨੇ ਵਰਤ ਗ੍ਰਹਿਣ ਕਰਕੇ ਮੌਤ ਤੱਕ ਦੰਡ ਦੇਣ ਛਡੀਆ ਹੈ) ਉਨ੍ਹਾਂ ਜੀਵਾ ਸੰਬੰਧੀ ਸ਼੍ਰਾਵਕ ਦਾ ਪਛਖਾਨ ਸਹੀ ਪਛਖਾਨ ਹੈ। ਉਹ ਜੀਵ ਪ੍ਰਾਣੀ ਵੀ ਅਖਵਾਉਂਦੇ ਹਨ ਤਰੱਸ ਵੀ ਅਖਵਾਉਂਦੇ ਹਨ। ਇਸ ਲਈ ਸ਼੍ਰਾਵਕ ਦਾ ਪਛ-ਖਾਨ ਨੂੰ ਗਲਤ ਆਖਣਾ ਨਿਆ ਸੰਗਤ ਨਹੀਂ।

ਸ਼੍ਰਾਵਕ ਰਾਹੀਂ ਨਿਸ਼ਚਿਤ ਦੇਸ਼ ਪਰਿਮਾਨ (ਹੱਦ) ਵਿਚ ਭਿੰਨ ਦੇਸ਼ ਦੇ ਜੋ ਤਰੱਸ ਤੇ ਸਥਾਵਰ ਪ੍ਰਾਣੀ ਹਨ। ਜਿਨ੍ਹਾਂ ਪ੍ਰਾਣੀਆਂ ਦਾ ਵਰਤ ਗ੍ਰਹਿਣ ਕਰਣ ਤੋਂ ਮੌਤ ਤੱਕ ਉਪਾਸਕ ਨੇ ਦੰਡ ਦੇਣ ਦੀ ਪ੍ਰਤਿਗਿਆ ਲਈ ਹੈ। ਅਜੇਹੇ ਪ੍ਰਾਣੀ ਉਮਰ ਪੂਰੀ ਕਰਕੇ, ਸ਼੍ਰਾਵਕ ਰਾਹੀਂ ਨਿਸ਼ਚਿਤ ਹੱਦ ਤੋਂ ਬਾਹਰ ਸਥਾਵਰ ਰੂਪ ਵਿਚ ਉਤਪਨ ਹੁੰਦੇ ਹਨ, ਜਿੰਨਾਂ ਦਾ ਉਪਾਸਕ ਨੇ ਕਾਰਨ ਪੈਣ ਤੇ ਤਿਆਗ ਨਹੀਂ ਕੀਤਾ ਹੈ ਸਿਰਫ ਬੇਅਰਥ ਦੰਡ ਦੇਣ ਦਾ ਤਿਆਗ ਕੀਤਾ

ਹੈ। ਉਹ ਜੀਵ ਪ੍ਰਾਣੀ ਵੀ ਅਖਵਾਉਂਦੇ ਹਨ। ਤਰੱਸ ਵੀ ਅਖਵਾਉਂਦੇ ਹਨ। ਉਨ੍ਹਾਂ ਜੀਵਾ ਪੱਖੋਂ ਸ਼੍ਰਾਵਕ ਦਾ ਪਛਖਾਨ ਸਹੀ ਹੁੰਦਾ ਹੈ। ਇਸ ਪਛਖਾਨ ਨੂੰ ਗਲਤ ਆਖਨਾ ਨਿਆ ਸੰਗਤ ਨਹੀਂ।

ਜੋ ਤਰੱਸ ਤੇ ਸਥਾਵਰ ਪ੍ਰਾਣੀ ਸ਼੍ਰਾਵਕ ਰਾਹੀਂ ਮਿੱਥੀ ਹੱਦ ਤੋਂ ਬਾਹਰ ਹਨ ਜਿਨ੍ਹਾਂ ਦਾ ਸ਼੍ਰਾਵਕ ਨੇ ਵਰਤ ਗ੍ਰਹਿਣ ਤੋਂ ਲੈ ਕੇ ਮਰਨ ਤਕ ਦੰਡ ਦੇਣ ਦਾ ਤਿਆਗ ਕੀਤਾ ਹੈ। ਉਹ ਪ੍ਰਾਣੀ ਉਸ ਉਮਰ ਨੂੰ ਛੱਡ ਕੇ ਨਿਸ਼ਚਿਤ ਹੱਦ ਤੋਂ ਬਾਹਰ ਪੈਦਾ ਹੁੰਦੇ ਹਨ। ਉਹ ਤਰੱਸ ਤੇ ਸਥਾਵਰ ਦੋਹਾ ਰੂਪ ਵਿਚ ਜਨਮ ਲੈ ਸਕਦੇ ਹਨ। ਜਿਸ ਦਾ ਸ਼੍ਰਾਵਕ ਨੇ ਵਰਤ ਗ੍ਰਹਿਣ ਕਰਨ ਤੋਂ ਲੈ ਕੇ ਮੌਤ ਤਕ ਦੰਡ ਦੇਣ ਦਾ ਤਿਆਗ ਕੀਤਾ ਹੈ। ਉਨ੍ਹਾਂ ਜੀਵਾ ਦੇ ਸੰਬੰਧ ਵਿਚ ਸ਼੍ਰਾਵਕ ਦਾ ਪਛਖਾਨ ਸਹੀ ਪਛਖਾਂਨ ਹੈ। ਉਹ ਪ੍ਰਾਣੀ ਵੀ ਅਖਵਾਉਂਦੇ ਹਨ ਤਰੱਸ ਵੀ ਅਖਵਾਂਦੇ ਹਨ। ਭਗਵਾਨ ਗੌਤਮ ਆਖਦੇ ਹਨ, ਭੂਤ, ਭਵਿੱਖ ਤੇ ਵਰਤਮਾਨ ਤਿੰਨ ਕਾਲ ਵਿਚ ਕਦੇ ਅਜਿਹਾ ਨਹੀਂ ਹੁੰਦਾ ਕਿ ਸਾਰੇ ਤਰੱਸ ਪ੍ਰਾਣੀ ਮਰ ਕੇ ਸੰਥਾਵਰ ਹੋ ਜਾਣ। ਤਰੱਸ ਅਤੇ ਸਥਾਵਰ ਪ੍ਰਾਣੀ ਹਮੇਸ਼ਾਂ ਰਹਿਣ ਕਾਰਨ ਇਹ ਆਖਣਾ ਗਲਤ ਹੈ ਕਿ ਕੋਈ ਵੀ ਅਜੇਹੀ ਪਰਿਆਏ (ਅਵਸਥਾ) ਨਹੀਂ, ਜਿਥੇ ਸ਼੍ਰਾਵਕ ਦਾ ਪਛਖਾਨ ਹੋ ਸਕੇ। 80।

ਭਗਵਾਨ ਗੌਤਮ ਨੇ ਉਦਕ ਨੂੰ ਕਿਹਾ "ਹੇ ਆਯੂਸ਼ਮਾਨ ਉਦਕ ! ਜੋ ਪੁਰਸ਼ ਸ਼੍ਰਮਣਾ ਜਾਂ ਬ੍ਰਾਹਮਣਾ ਦੀ ਨਿੰਦਾ ਕਰਦਾ ਹੈ। ਉਹ ਉਨ੍ਹਾਂ ਪ੍ਰਤਿ ਦੋਸਤੀ ਰੱਖਦਾ ਹੋਇਆ ਵੀ ਗਿਆਨ, ਦਰਸ਼ਨ, ਚਾਰਿਤਰ ਪਾ ਕੇ ਵੀ, ਪਾਪ ਕਰਮ ਨਸ਼ਟ ਕਰਨ ਦੀ ਸਮਰਥਾ ਰਖਦਾ ਹੋਇਆ ਵੀ, ਪਰਲੋਕ ਦਾ ਖਾਤਮਾ ਕਰਦਾ ਹੈ। ਇਸ ਤੋਂ ਉਲਟ ਜੋ ਪੁਰਸ਼ ਸ਼੍ਰਮਣ, ਬ੍ਰਾਹ-ਮਣ ਦੀ ਨਿੰਦਾ ਕਰਦਾ, ਉਨ੍ਹਾਂ ਨਾਲ ਦੋਸਤੀ ਰਖਦਾ ਹੈ ਜੋ ਗਿਆਨ, ਦਰਸ਼ਨ ਚਾਰਿਤਰ ਤੇ ਤਪ ਰਾਹੀਂ ਪਾਪ ਕਰਮ ਨਾਸ਼ ਕਰਨ ਵਿਚ ਸਮਰਥ ਹੈ ਉਸ ਦਾ ਨਿਸ਼ਚੇ ਹੀ ਪਰਲੋਕ ਸੁਧਰਦਾ ਹੈ।

ਭਗਵਾਨ ਗੌਤਮ ਦੇ ਇਸ ਕਥਨ ਨੂੰ ਪੇਡਾਲ ਪੁਤਰ ਨੇ ਉਦੱਕ ਨੇ ਅਸਵੀਕਾਰ ਕਰਦੇ ਹੋਏ, ਵਾਪਸ ਉਥੇ ਹੀ ਪਰਤਨ ਦਾ ਫੈਸਲਾ ਕੀਤਾ ਜਿਥੋਂ ਉਹ ਆਏ ਸਨ।

ਜਾਂਦੇ ਹੋਏ ਉਦਕ ਨੂੰ ਰੋਕ ਕੇ ਭਗਵਾਨ ਗੌਤਮ ਨੇ ਕਿਹਾ "ਹੇ ਆਯੁਸ਼ਮਾਨ ਉਦਕ ! ਜੋ ਪੁਰਸ਼ ਸ਼੍ਰਮਣ ਜਾਂ ਬ੍ਰਾਹਮਣ ਦੇ ਕਰੀਬ ਆ ਕੇ ਇਹ ਵੀ ਆਗਿਆ, ਧਰਮ ਸੰਬੰਧੀ ਵਚਨ ਸੁਣ ਕੇ ਹਿਰਦੇ ਵਿਚ ਧਾਰਨ ਕਰ ਕੇ, ਸੂਖਮ ਬੁਧੀ ਨਾਲ ਵਿਚਾਰ ਕਰੇ। ਮੈਨੂੰ ਕਲਿਆਕਾਰੀ ਵਸਤੂ ਪ੍ਰਾਪਤ ਹੋਈ ਹੈ। ਅਜੇਹਾ ਸੋਚ ਕੇ ਉਹ, ਉਸ ਮਹਾਪੁਰਸ਼ ਦਾ ਆਦਰ ਕਰੇ, ਉਪਕਾਰ ਸੋਚੇ ਬੰਦਨ ਨਮਸਕਾਰ ਕਰੇ, ਸਤਿਕਾਰ ਕਰੇ, ਸਨਮਾਨ ਕਰੇ, ਉਸ ਪੁਰਸ਼ ਦੀ ਆਪਣੇ ਲਈ ਕਲਿਆਨਕਾਰੀ, ਮੰਗਲਕਾਰੀ ਦੇਵ ਸਵਰੂਪ ਤੇ ਚੈਤਯ (ਗਿਆਨ) ਸਵਰੂਪ ਸਮਝ ਕੇ ਉਪਾਸਨਾ ਕਰੇ। ਜਿਸ ਨੇ ਇਕ ਦਪੱਵੀ ਧਰਮ ਦਾ ਸਮਝਾ ਕੇ ਉਪਕਾਰ ਕੀਤਾ ਹੈ। ਉਨ੍ਹਾਂ ਪ੍ਰਤਿ ਆਦਰ ਭਾਵ ਪ੍ਰਗਟ ਕਰਨਾ ਸਤ ਪੁਰਸਾ ਦਾ ਕਰਤੱਵ ਹੈ ਗੌਤਮ ਭਗਵਾਨ ਦੀ ਗੱਲ

ਸੁਣ ਕੇ ਪੇਡਾਲ ਪੁੱਤਰ ਉਦਰ ਨੇ ਕਿਹਾ "ਭਗਵਾਨ !" ਪਹਿਲਾ ਇਹ ਗੱਲਾ ਮੈਂ ਨਹੀਂ ਜਾਨੀਆਂ, ਨਹੀਂ ਸੁਣੀਆ, ਨਹੀਂ ਸਮਝੀਆਂ ਦਿਲ ਵਿਚ ਨਹੀਂ ਵਿਚਾਰਿਆ। ਮੈਂ ਇਹ ਵਾਕ ਵੇਖੇ, ਸੁਨੇ, ਸੋਚੇ ਨਹੀਂ, ਸਿਮਰਨ ਨਹੀਂ ਕੀਤੇ ਹਨ। ਗੁਰੂ ਤੋਂ ਇਨ੍ਹਾਂ ਦਾ ਉਪਦੇਸ ਸੁਣਿਆ ਨਹੀਂ। ਇਹ ਮੇਰੇ ਲਈ ਬਹੁਤ ਹੀ ਨਾ ਪ੍ਰਗਟ ਯੋਗ ਗੱਲਾ ਹਨ। ਮੇਰੀ ਕੋਈ ਇਨ੍ਹਾਂ ਵਾਕਾਂ ਤੇ ਪਹਿਲਾ ਨਿਸਚਾਂ ਵੀ ਨਹੀਂ, ਇਨ੍ਹਾਂ ਕਾਰਣਾ ਕਰਕੇ ਮੈਂ ਸ਼ੁਰਧਾ ਪ੍ਰਤੀਤ, ਰੁੱਚੀ ਨਹੀਂ ਕਰਦਾ। ਭਗਵਾਨ ! ਇਨ੍ਹਾਂ ਪਦਾ ਨੂੰ ਮੈਂ ਹੁਣ ਹੀ ਸੁਣਿਆ ਸਮਝਿਆਂ ਤੇ ਜਾਣਿਆ ਤੇ ਨਿਸਚਾ ਕੀਤਾ ਹੈ। ਪਰ ਹੁਣ ਮੈਂ ਇਨ੍ਹਾਂ ਗੱਲਾ ਤੇ ਸਰਧਾ ਪ੍ਰਤੀਤ ਤੇ ਰੁੱਚੀ ਚਰਦਾ ਹਾਂ। ਤੁਸੀਂ ਜੋ ਫਰਮਾਇਆ ਹੈ ਉਹ ਹੀ ਸੱਚ ਹੈ।

ਫੇਰ ਭਗਵਾਨ ਗੋਤਮ ਨੇ ਉਦਕ ਨੂੰ ਇਸ ਪ੍ਰਕਾਰ ਆਖਿਆ "ਹੇ ਆਯੁਸ਼ਮਾਨ ਉਦਕ ! ਮੈਂ ਭਗਵਾਨ (ਮਹਾਵੀਰ) ਦਵਾਰਾ ਦਸਿਆ ਧਰਮ ਆਖਦਾ ਹਾਂ ਉਸ ਉਪਰ ਤੁਸੀਂ ਸ਼ਰਧਾ ਪ੍ਰਤੀਤ, ਰੁਚੀ ਕਰੋ ਅਤੇ ਸਮਝੋ ਠੀਕ ਸੱਚਾ ਧਰਮ ਇਹੋ ਹੈ ਜੋ ਮੈਂ ਤੁਹਾਨੂੰ ਦੱਸਿਆ ਹੈ।

ਫੇਰ ਉਦਕ ਪੇਡਾਲ ਪੁਤਰ ਦੇ ਭਗਵਾਨ ਗੋਤਮ ਨੂੰ ਇਸ ਤਰ੍ਹਾਂ ਕਿਹਾ "ਭਗਵਾਨ ! ਮੈਂ ਚਤੁਰਯਾਮ (ਚਾਰ ਪ੍ਰਤਿਗਿਆਵਾ ਵਾਲੇ) ਧਰਮ ਨੂੰ ਤਿਆਗ ਕੇ ਪੰਜ ਮਹਾਵਰਤਾਂ ਵਾਲੇ ਤੇ ਪ੍ਰਤਿਕ੍ਰਮਨ ਵਾਲੇ ਧਰਮ ਨੂੰ ਗ੍ਰਹਿਣ ਕਰਕੇ ਧਰਮ ਪ੍ਰਚਾਰ ਕਰਨਾ ਚਾਹੁੰਦਾ ਹਾਂ।

ਫੇਰ ਭਗਵਾਨ ਗੋਤਮ ਪੇਡਾਲ ਪੁਤਰ ਉਦਕ ਨੂੰ ਨਾਲ ਲੈ ਕੇ ਜਿਥੋਂ ਸ਼੍ਰਮਣ ਭਗਵਾਨ ਮਹਾਵੀਰ ਵਿਰਾਜਮਾਨ ਸਨ ਉਥੇ ਆਏ। ਭਗਵਾਨ ਦੇ ਕੋਲ ਆ ਕੇ ਪੇਡਾਲ ਪੁੱਤਰ ਨੇ ਸ਼੍ਰਮਣ ਭਗਵਾਨ ਮਹਾਂਵੀਰ ਦੀ ਤਿੰਨ ਵਾਰ ਸੱਜੇ ਪਾਸੇ ਤੋਂ ਪ੍ਰਤਿਖਿਨਾ ਕੀਤੀ। ਪ੍ਰਤਿਖਿਨਾ ਤੋਂ ਬਾਅਦ ਬੰਦਨ ਨਮਸਕਾਰ ਕੀਤਾ। ਬੰਦਨ ਨਮਸਕਾਰ ਕਰਕੇ ਕਿਹਾ "ਭਗਵਾਨ ! ਮੈਂ ਆਪ ਕੋਲ ਚਤੁਰਯਾਮ ਤਿਆਗ ਕੇ ਪੰਜ ਮਹਾਵਰਤ ਵਾਲੇ ਪ੍ਰਤਿਕ੍ਰਮਨ ਵਾਲੇ ਧਰਮ ਨੂੰ ਅੰਗੀਕਾਰ ਕਰਕੇ ਵਿਚਰਨ ਦੀ ਇੱਛਾ ਕਰਦਾ ਹਾਂ।"

ਭਗਵਾਨ ਮਹਾਵੀਰ ਨੇ ਉੱਤਰ ਦਿੱਤਾ "ਹੇ ਦੇਵਾਨੂੰ ਪ੍ਰਿਯਾ। ਜਿਵੇਂ ਆਪ ਦੀ ਆਤਮਾ ਨੂੰ ਸੁੱਖ ਹੈ ਉਸੇ ਤਰ੍ਹਾਂ ਕਰੋ। ਪਰ ਸ਼ੁਭ ਕਰਮ ਵਿਚ ਆਲਸ ਨਾ ਕਰੋ।"

ਫੇਰ ਪੇਡਾਲ ਪੁਤਰ ਨੇ ਚਤੁਰਯਾਮ ਛੱਡ ਕੇ ਮਹਾਵੀਰ ਦੇ ਪਤਿਕ੍ਰਮਨ ਵਾਲੇ ਪੰਜ ਮਹਾ ਵਰਤ ਧਾਰੀ ਧਰਮ ਨੂੰ ਗ੍ਰਹਿਣ ਕਰਕੇ, ਧਰਮ ਪ੍ਰਚਾਰ ਕਰਨ ਲਗੇ।

ਸ਼੍ਰੀ ਸੁਧਰਮਾ ਸਵਾਮੀ ਜੰਬੂ ਸਵਾਮੀ ਨੂੰ ਆਖਦੇ ਹਨ ਜਿਵੇਂ ਮੈਂ ਭਗਵਾਨ ਮਹਾਵੀਰ ਤੋਂ ਸੁਣਿਆ ਸੀ ਉਸੇ ਪ੍ਰਕਾਰ ਇਸ ਅਧਿਐਨ ਦਾ ਅਰਥ ਦੱਸਿਆ। 81।